
ਢਾਡੀ ਸੋਹਣ ਸਿੰਘ ਸੀਤਲ



ਸੰਪਾਦਕ

ਸਿਮਰਜੀਤ ਸਿੰਘ

(ਜਨਮ ਸ਼ਤਾਬਦੀ ਨੂੰ ਸਮਰਪਿਤ)

DHADHI SOHAN SINGH SEETAL

EDITED BY

SIMERJEET SINGH

EDITOR, GURMAT PARKASH/GURMAT GYAN

PUBLISHED BY :

SECRETARY, DHARAM PARCHAR COMMITTEE

(SHIROMANI GURDWARA PARBANDHAK COMMITTEE) SRI AMRITSAR.

PRINTER : GOLDEN OFFSET PRESS, GURDWARA RAMSAR SAHIB, SRI AMRITSAR.

ਪਹਿਲੀ ਵਾਰ ਦਸੰਬਰ ੨੦੧੦ ੩੦੦੦

ਪ੍ਰਕਾਸ਼ਕ :

ਸਕੱਤਰ, ਧਰਮ ਪ੍ਰਚਾਰ ਕਮੇਟੀ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-੧੪੩੦੦੬

ਛਾਪਕ :

ਗੋਲਡਨ ਆਫਸੈੱਟ ਪ੍ਰੈਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

ਤਤਕਰਾ

ਦੋ-ਸ਼ਬਦ

ਸਤਿਗੁਰੂ ਪਾਤਸ਼ਾਹ ਦੀ ਅਪਾਰ ਕਿਰਪਾ ਬਖਸ਼ਿਸ਼ ਦਾ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਲੰਬੇ ਅਰਸੇ ਤੋਂ ਸਿੱਖ ਸੰਗਤਾਂ ਦੀ ਹਰਮਨ ਪਿਆਰੀ ਪੱਤ੍ਰਿਕਾ 'ਗੁਰਮਤਿ ਪ੍ਰਕਾਸ਼' ਨੂੰ ਪ੍ਰਕਾਸ਼ਿਤ ਕਰ ਰਹੀ ਹੈ। ਸਿੱਖ ਸੰਗਤਾਂ ਅਤੇ ਪੰਜਾਬੀ ਪਾਠਕਾਂ ਵੱਲੋਂ ਦੇਸ਼-ਵਿਦੇਸ਼ਾਂ ਤੋਂ ਇਸ ਪੱਤ੍ਰਿਕਾ ਨੂੰ ਬੜਾ ਭਰਪੂਰ ਹੁੰਗਾਰਾ ਮਿਲਦਾ ਆ ਰਿਹਾ ਹੈ। 'ਗੁਰਮਤਿ ਪ੍ਰਕਾਸ਼' ਗੁਰਮਤਿ ਵਿਚਾਰਧਾਰਾ, ਸਰਬਸਾਂਝੀ ਗੁਰਬਾਣੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਨਵੇਂ ਨਿਵੇਕਲੇ ਮਾਨਵਤਾਵਾਦੀ ਧਰਮ ਸਿੱਖ ਧਰਮ ਦੀ ਮਹਿਕ ਸੰਸਾਰ ਵਿਚ ਫੈਲਾਉਣ ਹਿਤ ਜਤਨਸ਼ੀਲ ਹੈ। ਸਮੇਂ-ਸਮੇਂ ਪ੍ਰਕਾਸ਼ਿਤ ਕੀਤੇ ਜਾਂਦੇ ਇਸ ਦੇ ਵਿਸ਼ੇਸ਼ ਅੰਕਾਂ ਨੂੰ ਖਾਸ ਚਾਅ ਤੇ ਉਮਾਹ ਨਾਲ ਪੜ੍ਹਿਆ, ਸੁਣਿਆ ਤੇ ਸੰਭਾਲਿਆ ਜਾਂਦਾ ਹੈ।

੨੦੦੮ ਦਾ ਵਰ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾਗੱਦੀ ਸ਼ਤਾਬਦੀ ਨਾਲ ਸੰਬੰਧਿਤ ਵਰ੍ਹਾ ਹੋਣ ਕਰਕੇ ਇਸ ਸਾਲ ਫਰਵਰੀ ੨੦੦੮ ਤੋਂ ਅਰੰਭ ਕਰਕੇ ਨਵੰਬਰ ੨੦੦੮ ਤਕ ਦਸ ਵਿਸ਼ੇਸ਼ ਅੰਕ ਨਿਰੰਤਰ ਪ੍ਰਕਾਸ਼ਿਤ ਕੀਤੇ ਗਏ। ਜੂਨ ਅਤੇ ਨਵੰਬਰ ੮੪ ਦੇ ਘੱਲੂਘਾਰਿਆਂ ਦੀ ਦੁਖਦਾਇਕ ਯਾਦ 'ਚ ਜੂਨ ੨੦੦੯ ਦਾ ਵਿਸ਼ੇਸ਼ ਅੰਕ ਅਤੇ ਨਾਮਵਰ ਪੰਥਕ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਹੋਰਾਂ ਦੀ ੨੦੦੯ 'ਚ ਜਨਮ ਸ਼ਤਾਬਦੀ ਦੇ ਵਰ੍ਹੇ ਅਗਸਤ ੨੦੦੯ ਦਾ ਗਿਆਨੀ ਸੋਹਣ ਸਿੰਘ ਸੀਤਲ ਵਿਸ਼ੇਸ਼ ਅੰਕ ਸੰਗਤਾਂ ਦੀ ਝੋਲੀ ਪਾਏ ਗਏ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ 'ਚ ਖਾਲਸਾ ਪੰਥ ਦੇ ੩੦੦ ਸਾਲਾ ਸਰਹਿੰਦ ਫ਼ਤਿਹ ਦਿਵਸ ਨੂੰ ਸਮਰਪਿਤ 'ਗੁਰਮਤਿ ਪ੍ਰਕਾਸ਼' ਦੇ ਦੋ ਵਿਸ਼ੇਸ਼ ਅੰਕ ਮਈ ੨੦੧੦ ਅਤੇ ਜੂਨ ੨੦੧੦ ਪ੍ਰਕਾਸ਼ਿਤ ਕੀਤੇ ਗਏ।

ਇਨ੍ਹਾਂ ਸਾਰੇ ਅੰਕਾਂ ਨੂੰ ਸਿੱਖ ਸੰਗਤਾਂ ਅਤੇ ਪਾਠਕਾਂ ਵੱਲੋਂ ਬਹੁਤ ਹੀ ਭਰਪੂਰ ਹੁੰਗਾਰਾ ਮਿਲਿਆ ਜਿਸ ਵਾਸਤੇ ਸੰਸਥਾ ਆਪ ਸਭ ਦਾ ਹਾਰਦਿਕ ਧੰਨਵਾਦ ਕਰਦੀ ਹੈ। ਸੂਝਵਾਨ ਪਾਠਕਾਂ ਅਤੇ ਵਿਦਵਾਨਾਂ ਵੱਲੋਂ ਇਨ੍ਹਾਂ ਸਾਰੇ ਵਿਸ਼ੇਸ਼ ਅੰਕਾਂ ਦੇ ਚੋਣਵੇਂ ਲੇਖਾਂ ਨੂੰ ਪੁਸਤਕ ਦੇ ਰੂਪ 'ਚ ਵੀ ਪ੍ਰਕਾਸ਼ਤ ਕਰਨ ਲਈ ਪੱਤਰਾਂ ਅਤੇ ਫੋਨਾਂ ਰਾਹੀਂ ਵਾਰ-ਵਾਰ ਲਿਖਿਆ ਤੇ ਕਿਹਾ ਜਾ ਰਿਹਾ ਸੀ। ਧਰਮ ਪ੍ਰਚਾਰ ਕਮੇਟੀ ਨੇ ਇਸ ਅਨੁਕੂਲ ਮੰਗ ਨੂੰ ਵਿਚਾਰ ਕੇ ਸੰਬੰਧਿਤ ਪੁਸਤਕਾਂ ਨੂੰ ਪ੍ਰਕਾਸ਼ਿਤ ਕਰਨ ਦਾ ਫੈਸਲਾ ਕੀਤਾ। ਸਿੱਟੇ ਵਜੋਂ ਇਹ ਹਥਲੀ ਪੁਸਤਕ ਸੰਗਤਾਂ ਨੂੰ ਭੇਟ ਕਰਕੇ ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਵਜੋਂ ਮੈਨੂੰ ਅਥਾਹ ਪ੍ਰਸੰਨਤਾ ਮਹਿਸੂਸ ਹੋ ਰਹੀ ਹੈ। ਆਸ ਕਰਦਾ ਹਾਂ ਕਿ ਸੰਗਤਾਂ ਇਸ ਪੁਸਤਕ ਤੋਂ ਭਰਪੂਰ ਲਾਹਾ ਲੈਣਗੀਆਂ।

ਸਿੱਖ-ਪੰਥ ਦਾ ਦਾਸ,

ਅਵਤਾਰ ਸਿੰਘ

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਪ੍ਰਸਤਾਵਨਾ

ਗਿਆਨੀ ਸੋਹਣ ਸਿੰਘ ਜੀ ਸੀਤਲ ਹੋਰਾਂ ਦੀ ਜਨਮ-ਸ਼ਤਾਬਦੀ ਦੇ ਸ਼ੁਭ ਅਵਸਰ ਉੱਪਰ ਉਨ੍ਹਾਂ ਦੀ ਅਜ਼ੀਮ ਤੇ ਉੱਚੀ-ਸੁੱਚੀ ਲਾਸਾਨੀ ਪ੍ਰਤਿਭਾ, ਉਨ੍ਹਾਂ ਦੀ ਸ਼ਖ਼ਸੀਅਤ ਤੇ ਉਨ੍ਹਾਂ ਦੇ ਜੀਵਨ ਨੂੰ ਕੇਂਦ੍ਰਿਤ ਕਰਦਾ 'ਗੁਰਮਤਿ ਪ੍ਰਕਾਸ਼' ਦਾ 'ਗਿਆਨੀ ਸੋਹਣ ਸਿੰਘ ਸੀਤਲ ਵਿਸ਼ੇਸ਼ ਅੰਕ' ਕੱਢਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਫੈਸਲਾ ਇਕ ਉਚਿਤ ਤੇ ਲੋੜੀਂਦਾ ਫੈਸਲਾ ਸੀ। ਜਦੋਂ ਇਹ ਫੈਸਲਾ ਹੋਇਆ ਤਾਂ ਇਸ ਦੀ ਉਚਿਤਤਾ ਅਤੇ ਜ਼ਰੂਰਤ ਨੂੰ ਡੂੰਘੀ ਸ਼ਿੱਦਤ ਨਾਲ ਅਨੁਭਵ ਕਰਦਿਆਂ ਮਨ ਨੂੰ ਇਕ ਫ਼ਿਕਰ ਵੀ ਲੱਗਾ ਕਿ ਕੀ ਦੋ ਕੁ ਮਹੀਨਿਆਂ ਦੇ ਸੀਮਿਤ ਸਮੇਂ ਵਿਚ ਲੇਖਿਕਾਵਾਂ ਤੇ ਲੇਖਕ ਸਾਡੀ ਬੇਨਤੀ ਨੂੰ ਵਿਹਾਰਕ ਰੂਪ ਦੇਣਗੇ ਵੀ? ਫਿਰ ਫਿਕਰ ਨੂੰ ਦੂਰ ਕਰਨ ਦਾ ਹੱਲ ਸਿਰਤੋੜ ਜਤਨ ਅਰੰਭਣ ਦੇ ਰੂਪ ਵਿਚ ਹੀ ਮਹਿਸੂਸ ਹੋਇਆ। ਜਦੋਂ ਇਸ ਦਿਸ਼ਾ ਵਿਚ ਜਤਨ ਤੇਜ਼ ਕੀਤਾ ਤਾਂ ਸਾਡੀ ਸੰਪਾਦਨਾ ਟੀਮ ਦਾ ਫ਼ਿਕਰ ਖੁਸ਼ੀ ਤੇ ਸੰਤੁਸ਼ਟੀ ਵਿਚ ਬਦਲ ਗਿਆ। ਕੁਝ ਉਤਸ਼ਾਹੀ ਲੇਖਿਕਾਵਾਂ/ਲੇਖਕਾਂ ਨੇ ਸਾਡੇ ਵੱਲੋਂ ਸੰਪਰਕ ਕੀਤੇ ਜਾਣ 'ਤੇ ਇਸ ਨੂੰ ਆਪਣਾ ਸੁਭਾਗ ਮਹਿਸੂਸ ਕਰਦਿਆਂ ਹਥਲੇ ਛੋਹੇ ਮਹੱਤਵ ਵਾਲੇ ਕਾਰਜਾਂ ਨੂੰ ਇਸ ਕਾਰਜ ਦੀ ਪੂਰਤੀ ਵਾਸਤੇ ਅੱਗੇ ਪਾਉਂਦਿਆਂ ਕਮਰਕੱਸਾ ਕਰ ਲਿਆ। ਫੋਨ-ਕਾਲਾਂ ਦੁਆਰਾ ਲੇਖਕ ਸਾਹਿਬਾਨ ਨੇ ਮੋੜਵੇਂ ਰੂਪ ਵਿਚ ਨਾ ਕੇਵਲ ਦਿੱਤੇ ਵਿਸ਼ੇ ਉੱਪਰ ਲੇਖ ਲਿਖ ਕੇ ਸਮੇਂ ਸਿਰ ਪੁੱਜਦਾ ਕਰਨ ਦੀ ਤਸੱਲੀ ਦਿੱਤੀ ਸਗੋਂ ਸਿੱਖਾਂ ਦੀ ਚੁਣੀ ਪ੍ਰਤੀਨਿਧ ਸੰਸਥਾ ਦੁਆਰਾ ਲਏ ਗਏ ਢੁੱਕਵੇਂ ਤੇ ਮਹੱਤਵਪੂਰਨ ਫੈਸਲੇ ਦੀ ਰੱਜਵੀਂ ਤਾਰੀਫ ਅਤੇ ਪ੍ਰੋੜਤਾ ਵੀ ਕੀਤੀ। ਇਉਂ ਢਾਈ-ਤਿੰਨ ਮਹੀਨਿਆਂ ਦੀ ਨਿਰੰਤਰ ਕਾਰਜਸ਼ੀਲਤਾ ਦਾ ਸਦਕਾ, ਲੇਖਿਕਾਵਾਂ ਤੇ ਲੇਖਕ ਸਾਹਿਬਾਨ ਦੀ ਤਰਫੋਂ ਮਿਲੇ ਭਰਪੂਰ ਹੁੰਗਾਰੇ ਦਾ ਸਦਕਾ ਅਗਸਤ ੨੦੦੯ ਦਾ 'ਗੁਰਮਤਿ ਪ੍ਰਕਾਸ਼' ਦਾ ਅੰਕ 'ਗਿਆਨੀ ਸੋਹਣ ਸਿੰਘ ਸੀਤਲ ਵਿਸ਼ੇਸ਼ ਅੰਕ' ਪ੍ਰਕਾਸ਼ਿਤ ਕਰਨਾ ਸੰਭਵ ਹੋਇਆ। ਕਈ ਵਾਰ ਸੀਮਿਤ ਸਮੇਂ ਵਿਚ ਵੀ ਮਾਣ-ਮੱਤੀਆਂ ਪ੍ਰਾਪਤੀਆਂ ਪੱਲੇ ਪੈ ਜਾਂਦੀਆਂ ਹਨ। ਉਨ੍ਹਾਂ ਵਾਸਤੇ ਘਾਲਨਾ ਜ਼ਰੂਰ ਕੀਤੀ ਗਈ ਹੁੰਦੀ ਹੈ। ਲੇਕਿਨ ਪਰਮਾਤਮਾ ਦੀ ਕਿਰਪਾ-ਬਖਸ਼ਿਸ਼ ਦਾ ਸਭ ਤੋਂ ਵੱਡਾ ਹੱਥ ਹੁੰਦਾ ਹੈ। ਵਿਚਾਰ ਅਧੀਨ ਵਿਸ਼ੇਸ਼ ਅੰਕ ਵਿਚ ਸਾਡੀ ਸੰਪਾਦਨਾ ਟੀਮ ਨੇ ਵੀ ਕਦਮ-ਕਦਮ 'ਤੇ ਇਹ ਕਿਰਪਾ-ਬਖ਼ਸ਼ਿਸ਼ ਵਰਤਦੀ ਮਹਿਸੂਸ ਕੀਤੀ।

'ਗੁਰਮਤਿ ਪ੍ਰਕਾਸ਼' ਪੱਤ੍ਰਿਕਾ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੁਆਰਾ ੧੯੫੭ ਤੋਂ ਸਿੱਖ ਸੰਗਤਾਂ ਅਤੇ ਪੰਜਾਬੀ ਪਾਠਕਾਂ ਦੇ ਲਾਭ ਲੈਣ ਹਿਤ ਨਿਰੰਤਰ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ ਇਸ ਮਾਸਿਕ ਪਤ੍ਰਿਕਾ ਨੂੰ ਪਾਠਕਾਂ ਦਾ ਪਿਆਰ ਭਰਿਆ ਭਰਪੂਰ ਹੁੰਗਾਰਾ ਤਾਂ ਮਿਲਦਾ ਹੀ ਹੈ ਜੋ ਸੰਪਾਦਨਾ ਟੀਮ ਦਾ ਹਰ ਸਮੇਂ ਉਤਸ਼ਾਹ ਵਧਾਉਂਦਾ ਹੈ। ਗਿਆਨੀ ਸੋਹਣ ਸਿੰਘ ਸੀਤਲ ਵਿਸ਼ੇਸ਼ ਅੰਕ ਨੂੰ ਸਿੱਖ ਸੰਗਤਾਂ ਅਤੇ ਪਾਠਕਾਂ ਵੱਲੋਂ ਵੀ ਬਹੁਤ ਹੀ ਭਰਪੂਰ ਹੁੰਗਾਰਾ ਮਿਲਿਆ ਜੋ ਆਸ ਨਾਲੋਂ ਵੀ ਕਿਤੇ ਵੱਧ ਸੀ। ਇਸ ਹੁੰਗਾਰੇ ਦੇ ਰੂ-ਬ-ਰੂ ਹੀ ਸੰਸਥਾ ਨੇ ਇਸ ਵਿਸ਼ੇਸ਼ ਅੰਕ ਨੂੰ ਅਥਵਾ ਇਸ ਦੇ ਸੀਤਲ ਜੀ ਨਾਲ

ਸੰਬੰਧਿਤ ਪ੍ਰਕਾਸ਼ਿਤ ਖੋਜ ਭਰਪੂਰ ਲੇਖਾਂ ਨੂੰ ਪੁਸਤਕ ਦੇ ਰੂਪ ਵਿਚ ਸੰਭਾਲਣ ਦਾ ਫੈਸਲਾ ਲਿਆ। ਭਾਵੇਂ 'ਗੁਰਮਤਿ ਪ੍ਰਕਾਸ਼' ਦੇ 'ਗਿਆਨੀ ਸੋਹਣ ਸਿੰਘ ਸੀਤਲ ਵਿਸ਼ੇਸ਼ ਅੰਕ' ਇਕ ਕੀਮਤੀ ਪੁਸਤਕ ਵਾਂਗ ਸੰਭਾਲ ਕੇ ਰੱਖਣ ਦੀ ਸੋਚ ਤੇ ਭਾਵਨਾ ਸਿੱਖ ਸੰਗਤਾਂ ਤੇ ਉਤਸੁਕ ਪਾਠਕਾਂ ਵਿਚ ਵਿਦਮਾਨ ਹੈ ਫਿਰ ਵੀ ਇਕ ਪੁਸਤਕ ਦੀ ਆਪਣੀ ਵੱਖਰੀ ਅਹਿਮੀਅਤ ਹੁੰਦੀ ਹੈ। ਇਕ ਚੰਗੀ ਪੁਸਤਕ ਸਦੀਆਂ ਤਕ ਜੀਵਿਤ ਰਹਿੰਦੀ ਹੈ ਅਤੇ ਪਾਠਕਾਂ ਨੂੰ ਹਰ ਯੁੱਗ ਵਿਚ ਕੁਝ ਚੰਗਾ ਕਰ ਗੁਜ਼ਰਨ ਲਈ ਪ੍ਰੇਰਿਤ ਕਰਦੀ ਰਹਿੰਦੀ ਹੈ।

ਗਿਆਨੀ ਸੋਹਣ ਸਿੰਘ ਜੀ ਸੀਤਲ ਦਾ ਸਮੁੱਚਾ ਜੀਵਨ ਤੇ ਉਨ੍ਹਾਂ ਦਾ ਬਹੁਪੱਖੀ ਤੇ ਬਹੁਪਾਸਾਰੀ ਵਿਅਕਤਿਤਵ ਇੱਕੀਵੀਂ ਸਦੀ ਦੇ ਸਿੱਖ ਵਿਅਕਤਿਤਵਾਂ ਵਿਚ ਆਪਣੀ ਉਦਾਹਰਨ ਆਪ ਹੀ ਹੈ ਜਿਸ ਸੰਬੰਧੀ ਇਸ ਪੁਸਤਕ ਦੇ ਵੱਖ-ਵੱਖ ਲੇਖਕਾਂ ਦੁਆਰਾ ਲਿਖੇ ਲੇਖ ਭਰਪੂਰ ਚਾਨਣਾ ਪਾਉਣ ਦਾ ਜਤਨ ਕਰਦੇ ਹਨ। ਇਹ ਸਾਰੇ ਹੀ ਲੇਖ ਆਪਣੀ-ਆਪਣੀ ਪ੍ਰਸੰਗਿਕਤਾ ਤੇ ਮਹੱਤਤਾ ਤਾਂ ਰੱਖਦੇ ਹੀ ਹਨ ਇਸ ਦੇ ਨਾਲ-ਨਾਲ ਇਹ ਵੀਹਵੀਂ ਸਦੀ ਦੇ ਸਭ ਤੋਂ ਵੱਧ ਨਾਮਵਰ ਤੇ ਪ੍ਰਵਾਨਿਤ ਢਾਡੀ ਗਿਆਨੀ ਸੋਹਣ ਸਿੰਘ ਜੀ ਸੀਤਲ ਸੰਬੰਧੀ ਇਕ ਭਾਵਪੂਰਤ ਬਲਕਿ ਇਸ ਤੋਂ ਵੱਧ ਕੇ ਇਕ ਭਾਵ-ਭਿੱਜੀ ਸ਼ਰਧਾਂਜਲੀ ਵੀ ਹਨ। ਅਦੁੱਤੀ ਸਿੱਖ ਸ਼ਖ਼ਸੀਅਤ ਸੰਬੰਧੀ ਲਿਖਣ ਲੱਗਿਆਂ ਹਰੇਕ ਕਲਮਕਾਰ ਸੱਚੀ-ਸੁੱਚੀ ਭਾਵਨਾ ਦੇ ਪ੍ਰਵਾਹ ਵਿਚ ਖੁਦ ਵਹਿੰਦਾ ਮਹਿਸੂਸ ਹੁੰਦਾ ਹੈ ਅਤੇ ਇਹ ਪੁਸਤਕ ਆਪਣੇ ਪਾਠਕਾਂ ਨੂੰ ਇਕ ਉੱਤਮ ਸਾਹਿਤਕ ਰਸ ਪ੍ਰਦਾਨ ਕਰਨ ਦੀ ਹਰ ਸੰਭਾਵਨਾ ਰੱਖਦੀ ਹੈ। ਵੱਡੀਆਂ ਸ਼ਖ਼ਸੀਅਤਾਂ ਨੂੰ ਜਾਣਨ ਸਮਝਣ ਦੀ ਉਤਸੁਕਤਾ ਸੁਭਾਵਿਕ ਹੈ। ਗਿਆਨੀ ਸੀਤਲ ਜੀ ਨੇ ਆਪਣੀ ਸ਼ਖ਼ਸੀਅਤ ਤੇ ਜੀਵਨ ਸੰਬੰਧੀ ਸਵੈ-ਜੀਵਨੀ ਵਿਧਾ ਦੇ ਰੂਪ ਵਿਚ ਭਾਵੇਂ ਕਾਫੀ ਕੁਝ ਲਿਖਿਆ ਤੇ ਪ੍ਰਕਾਸ਼ਿਤ ਕਰਵਾਇਆ ਹੈ। ਪਰ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਜੀਵਨ ਸੰਬੰਧੀ ਪੰਜਾਬੀ ਪਾਠਕਾਂ ਵਿਚ ਹੋਰ ਜਾਣਨ ਦੀ ਬਹੁਤ ਉਤਸੁਕਤਾ ਹੈ। ਉਂਵ ਇਸ ਹਥਲੀ ਪੁਸਤਕ ਦੇ ਕਈ ਲੇਖਾਂ ਵਿਚ ਵੱਖ-ਵੱਖ ਲੇਖਕਾਂ ਨੇ ਗਿਆਨੀ ਜੀ ਦੀਆਂ ਸਵੈ-ਜੀਵਨੀਆਂ ਤੋਂ ਕਾਫੀ ਕੁਝ ਲਿਆ ਹੈ। ਇਹ ਵਾਜਿਬ ਮਾਣ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਇਨ੍ਹਾਂ ਵਿਚ ਕੁਝ ਲੇਖ ਬਿਲਕੁਲ ਨਵੀਂ ਜਾਣਕਾਰੀ ਸਾਂਝੀ ਕਰਦੇ ਹਨ।

ਗਿਆਨੀ ਜੀ ਦੇ ਜੀਵਨ ਦੇ ਵਿਭਿੰਨ ਪੜਾਵਾਂ ਅਤੇ ਉਨ੍ਹਾਂ ਦੇ ਉੱਚੇ-ਸੁੱਚੇ ਕਿਰਦਾਰ ਸੰਬੰਧੀ, ਉਨ੍ਹਾਂ ਦੀ ਵਿਲੱਖਣ ਢਾਡੀ ਕਲਾ, ਉਨ੍ਹਾਂ ਦੀ ਬੀਰ-ਰਸੀ ਵਾਰਕਾਰ ਦੇ ਰੂਪ ਵਿਚ ਅਦੁੱਤੀ ਦੇਣ ਸੰਬੰਧੀ ਲੇਖਾਂ ਦੇ ਨਾਲ-ਨਾਲ ਉਨ੍ਹਾਂ ਦੀ ਵੱਡੀ ਸਾਹਿਤਕ ਦੇਣ ਸੰਬੰਧੀ ਭਰਪੂਰ ਚਾਨਣਾ ਪਾਉਣ ਵਾਲੇ ਲੇਖ ਵੀ ਸ਼ਾਮਲ ਹਨ ਜੋ ਸਿੱਖ ਸੰਗਤਾਂ ਅਤੇ ਸਾਧਾਰਨ ਪਾਠਕਾਂ ਵਾਸਤੇ ਇਕ ਵਿਸਮਾਦੀ ਜਾਣਕਾਰੀ ਪ੍ਰਦਾਨ ਕਰਨ ਵਾਲੀਆਂ ਕਿਰਤਾਂ ਦੇ ਰੂਪ ਵਿਚ ਸਾਹਮਣੇ ਆਉਣਗੇ ਕਿਉਂਕਿ ਗਿਆਨੀ ਜੀ ਦੇ ਇਸ ਪੱਖ ਨੂੰ ਖਾਸ ਕਾਰਨਾਂ ਕਰਕੇ ਅਜੇ ਅਕਾਦਮਿਕ ਹਲਕਿਆਂ ਤੋਂ ਬਾਹਰ ਬਹੁਤ ਘੱਟ ਜਾਣਿਆ ਜਾ ਸਕਿਆ ਹੈ। ਨਿਸ਼ਚੇ ਹੀ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਨਵੀਂ ਜਾਣਕਾਰੀ ਗਿਆਨੀ ਜੀ ਦੁਆਰਾ ਰਚਿਤ ਮਹਾਨ ਗਲਪ ਕਿਰਤਾਂ ਅਥਵਾ ਨਾਵਲਾਂ ਨੂੰ ਪੜ੍ਹਨ ਵਾਸਤੇ ਵੀ ਸਿੱਖ ਸੰਗਤਾਂ ਤੇ ਪੰਜਾਬੀ ਪਾਠਕਾਂ ਵਿਚ ਇਕ ਚੇਤਨਤਾ ਤੇ ਤਾਂਘ ਜਗਾਏਗੀ। 'ਗਿਆਨੀ ਸੋਹਣ ਸਿੰਘ ਸੀਤਲ ਨਾਲ ਇਕ ਯਾਦਗਾਰੀ ਮਿਲਣੀ' ਡਾ. ਸਰਬਜੋਤ ਕੌਰ ਹੋਰਾਂ ਦੁਆਰਾ ਆਪਣੇ ਕਾਲਜ ਦੀਆਂ ਵਿਦਿਆਰਥਣਾਂ ਨਾਲ ਗਿਆਨੀ ਜੀ ਨੂੰ

ਕਾਲਜ ਬੁਲਾ ਕੇ ਉਨ੍ਹਾਂ ਦਾ ਰੂ-ਬ-ਰੂ ਕਰਾਉਣ ਦਾ ਇਕ ਬਾਕਮਾਲ ਬਿਰਤਾਂਤ ਹੈ। ਇਹ ਬਿਰਤਾਂਤ ਇਸ ਦਾ ਲਖਾਇਕ ਹੈ ਕਿ ਵਿਦਿਆਰਥੀ ਵਰਗ ਗਿਆਨੀ ਜੀ ਦੀਆਂ ਲਿਖਤਾਂ ਤੋਂ ਕਿਸ ਕਦਰ ਪ੍ਰਭਾਵਿਤ ਹੈ ਅਤੇ ਨਾਲ ਹੀ ਇਹ ਬਿਰਤਾਂਤ ਇਸ ਦਾ ਸੂਚਕ ਵੀ ਹੈ ਕਿ ਗਿਆਨੀ ਜੀ ਕਿੰਨੇ ਸਪਸ਼ਟਵਾਦੀ ਸਨ!

ਇਸ ਪੁਸਤਕ ਵਿਚ ਪਿਛਲੇ ਸਮੇਂ ਵਿਚ ਸਾਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ ਗੁਰਸਿੱਖ ਤੇ ਗੁਰਮਤਿ ਲੇਖਕ ਡਾ. ਜਤਿੰਦਰਪਾਲ ਸਿੰਘ ਜੌਲੀ ਦੀ ਕਲਮ ਤੋਂ ਲਿਖਿਆ ਲੇਖ ਵੀ ਸ਼ਾਮਲ ਹੈ, ਜੋ ਉਨ੍ਹਾਂ ਨੇ ਸਾਡੀ ਗੁਜ਼ਾਰਿਸ਼ 'ਤੇ ਆਪਣੇ ਅਣਗਿਣਤ ਹਥਲੇ ਛੋਹੇ ਕਾਰਜ ਪਿੱਛੇ ਪਾ ਕੇ ਲਿਖਿਆ ਅਤੇ ਇਹ ਲੇਖ ਸਾਨੂੰ ਖ਼ੁਦ ਆ ਕੇ ਦਿੱਤਾ। ਇਹ ਇਕ ਸੱਚੇ ਹਿਰਦੇ ਦਾ ਪ੍ਰਵਾਹ ਸੀ ਜੋ ਇਕ ਨਿਰਮਲ ਭਾਵਾਵੇਸ਼ ਵਿਚ ਰਚਿਆ ਗਿਆ ਸੀ ਕਿਉਂਕਿ ਡਾਕਟਰ ਸਾਹਿਬ ਦਾ ਗਿਆਨੀ ਜੀ ਨਾਲ ਸੱਚਾ-ਸੁੱਚਾ ਦਿਲੀ ਪਿਆਰ ਸੀ। ਇਹ ਲੇਖ ਉਨ੍ਹਾਂ ਕੋਲੋਂ ਕਿਹੋ ਜਿਹਾ ਲਿਖਿਆ ਗਿਆ ਸੀ, ਇਹ ਦੱਸਣ ਵਾਸਤੇ ਉਨ੍ਹਾਂ ਇਸ ਦਾ ਅੱਖਰ-ਅੱਖਰ ਉਨ੍ਹਾਂ ਨੇ ਸਾਨੂੰ ਖ਼ੁਦ ਸੁਣਾਇਆ ਤੇ ਧੰਨਵਾਦੀ ਬਣਾਇਆ।

ਗਿਆਨੀ ਸੋਹਣ ਸਿੰਘ ਸੀਤਲ ਵਿਸ਼ੇਸ਼ ਅੰਕ 'ਚ ਪ੍ਰਕਾਸ਼ਿਤ ਲੇਖਾਂ ਦੇ ਇਲਾਵਾ ਕੁਝ ਹੋਰ ਲੇਖ ਇਸ ਵਿਸ਼ੇਸ਼ ਅੰਕ ਤੋਂ ਮਗਰੋਂ ਵੱਖ-ਵੱਖ ਲੇਖਕਾਂ ਦੁਆਰਾ ਉਤਸ਼ਾਹਿਤ ਹੋ ਕੇ ਜਾਂ ਅਛੋਹ ਰਹੇ ਪੱਖਾਂ ਸੰਬੰਧੀ ਭੇਜੇ ਗਏ ਜਿਨ੍ਹਾਂ ਨੂੰ ਇਸ ਪੁਸਤਕ ਦਾ ਸ਼ਿੰਗਾਰ ਬਣਨ ਦਾ ਮਾਣ ਹਾਸਲ ਹੋਇਆ ਹੈ। ਇਸ ਦੇ ਨਾਲ-ਨਾਲ ਗਿਆਨੀ ਜੀ ਦੀ ਆਪਣੀ ਕਲਮ ਦੇ ਕੁਝ ਉੱਘੜਵੇਂ ਨਮੂਨੇ ਵੀ ਉਨ੍ਹਾਂ ਦੇ ਕੁਝ ਚੋਣਵੇਂ ਲੇਖਾਂ ਦੁਆਰਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਨ ਵਿਚ ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ. ਵਰਿਆਮ ਸਿੰਘ ਡਾਇਰੈਕਟਰ ਧਾਰਮਿਕ ਸਿੱਖਿਆ ਅਤੇ ਖੋਜ, ਸ. ਹਰਜੀਤ ਸਿੰਘ ਐਡੀ: ਸਕੱਤਰ ਧਰਮ ਪ੍ਰਚਾਰ ਕਮੇਟੀ ਵੱਲੋਂ ਉਤਸ਼ਾਹ ਅਤੇ ਯੋਗ ਅਗਵਾਈ ਮਿਲਦੀ ਰਹੀ ਹੈ। ਚੋਣਵੇਂ ਲੇਖਾਂ ਨੂੰ ਪੁਸਤਕ ਰੂਪ ਦੇਣ ਅਤੇ ਨਿਖ਼ਾਰਨ ਲਈ ਸ. ਸੁਰਿੰਦਰ ਸਿੰਘ ਨਿਮਾਣਾ ਸਹਿ ਸੰਪਾਦਕ, ਸ. ਜਗਜੀਤ ਸਿੰਘ, ਸ. ਜਸਵਿੰਦਰ ਸਿੰਘ ਅਤੇ ਸ.ਜਸਪਾਲ ਸਿੰਘ ਪਰੂਫ਼ ਰੀਡਰ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਪੁਸਤਕ ਤਿਆਰ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਧੰਨਵਾਦੀ ਹਾਂ ਬੀਬਾ ਮਨਮੋਹਨ ਕੌਰ ਦਾ ਜਿਨ੍ਹਾਂ ਨੇ ਬੜੇ ਹੀ ਸੁਚੱਜੇ ਢੰਗ ਨਾਲ ਇਨ੍ਹਾਂ ਲੇਖਾਂ ਦੇ ਇਕ-ਇਕ ਅੱਖਰ ਨੂੰ ਜੋੜ ਕੇ ਖ਼ੂਬਸੂਰਤ ਰੂਪ ਦਿੱਤਾ ਹੈ। ਸਾਰੇ ਵਿਦਵਾਨ ਸੱਜਣਾਂ ਅਤੇ ਲੇਖਕਾਂ ਵੱਲੋਂ ਮਿਲੇ ਸਹਿਯੋਗ ਦਾ ਦਿਲੋਂ ਧੰਨਵਾਦ ਕਰਦੇ ਹਾਂ। ਕੁੱਲ ਮਿਲਾ ਕੇ ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਅਸੀਮ ਹੈ ਜੋ ਸ਼ਬਦਾਂ ਵਿਚ ਪ੍ਰਗਟ ਕਰਨੀ ਨਾ ਮੁਮਕਿਨ ਹੈ।

ਹਿਤੂ

ਸਿਮਰਜੀਤ ਸਿੰਘ

(ਸਿਮਰਜੀਤ ਸਿੰਘ)

ਸੰਪਾਦਕ ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ

ਮਿਤੀ : ਦਸੰਬਰ ੬, ੨੦੧੦

ਗਿਆਨੀ ਸੋਹਣ ਸਿੰਘ ਸੀਤਲ : ਜੀਵਨ ਅਤੇ ਰਚਨਾ

-ਪ੍ਰੋ. ਕਿਰਪਾਲ ਸਿੰਘ ਬਡੂੰਗਰ

ਪੰਜਾਬ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗਿਆਨੀ ਸੋਹਣ ਸਿੰਘ ਸੀਤਲ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣ ਦੇ ਯੋਗ ਹੈ। ਬਹੁਤੇ ਲੋਕ ਉਨ੍ਹਾਂ ਨੂੰ ਇਕ ਢਾਡੀ ਦੇ ਤੌਰ 'ਤੇ ਜਾਣਦੇ ਹਨ। ਬਹੁਤ ਘੱਟ ਲੋਕ ਉਨ੍ਹਾਂ ਦੀ ਸਾਹਿਤਕ ਦੇਣ ਤੋਂ ਵਾਕਿਫ਼ ਹਨ। ਉਹ ਪੰਜਾਬੀ ਸਭਿਆਚਾਰ ਦੀ ਪੰਜਾਬੀ ਕਿਰਦਾਰ ਦੀ ਮੂੰਹ- ਬੋਲਦੀ ਤਸਵੀਰ ਸਨ। ਉਹ ਕਥਨੀ ਕਰਨੀ ਦੇ ਪੂਰੇ-ਸੂਰੇ ਇਨਸਾਨ ਸਨ। ਉਹ ਇਕ ਪੂਰਨ ਗੁਰਸਿੱਖ ਸਨ। ਉਹ ਪੰਥਕ ਜਜ਼ਬੇ ਨਾਲ ਸਰਸ਼ਾਰ ਸਨ, ਇਕ ਮਹਾਨ ਕ੍ਰਾਂਤੀਕਾਰੀ ਲੇਖਕ ਅਤੇ ਸ਼ਾਇਰ, ਢਾਡੀ, ਉੱਚ ਕੋਟੀ ਦਾ ਸਾਹਿਤਕਾਰ ਤੇ ਇਤਿਹਾਸਕਾਰ ਸਨ। ਉਨ੍ਹਾਂ ਦੀ ਲੇਖਣੀ ਅਤੇ ਗਾਇਕੀ ਵਿਚ ਪਾਠਕਾਂ ਅਤੇ ਸਰੋਤਿਆਂ ਨੂੰ ਝੰਜੋੜਨ ਦੀ ਸ਼ਕਤੀ ਸੀ। ਉਨ੍ਹਾਂ ਨੇ ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਨੂੰ ਆਪਣੇ ਜੀਵਨ ਦਾ ਅੰਗ ਵੀ ਬਣਾਇਆ ਹੈ, ਵਾਰਾਂ ਲਿਖੀਆਂ ਹਨ, ਲੋਕਾਂ ਨੂੰ ਗਾ ਕੇ ਵਿਆਖਿਆ ਕਰ ਕੇ ਸੁਣਾਇਆ ਹੀ ਨਹੀਂ ਸਗੋਂ ਸਮਝਾਇਆ ਵੀ ਹੈ ਅਤੇ ਪ੍ਰੇਰਿਆ ਵੀ ਹੈ। ਉਨ੍ਹਾਂ ਨੇ ਲੋਕ-ਮਨਾਂ ਵਿਚ ਸਿੱਖ ਇਤਿਹਾਸ ਦੇ ਬੂਟੇ ਲਾਏ ਹਨ। ਲੱਖਾਂ ਲੋਕਾਂ ਨੂੰ ਸਿੱਖੀ ਦੀ ਜਾਗ ਲਾਈ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਗਿਆਨੀ ਸੋਹਣ ਸਿੰਘ ਸੀਤਲ ਹੋਰੀਂ ਇਕ ਸੰਸਥਾ ਸਨ, ਸਿੱਖੀ ਪਿਆਰ ਦਾ ਇਕ ਵੱਡਾ ਭੰਡਾਰ ਸਨ, ਸੋਮਾ ਸਨ। ਉਨ੍ਹਾਂ ਦੇ ਅੰਗ-ਅੰਗ ਵਿੱਚੋਂ, ਉਨ੍ਹਾਂ ਦੀ ਰਹਿਣੀ-ਬਹਿਣੀ ਵਿੱਚੋਂ, ਉਨ੍ਹਾਂ ਦੀ ਕਹਿਣੀ ਵਿੱਚੋਂ ਸਿੱਖੀ ਪਿਆਰ, ਜੋਸ਼ ਅਤੇ ਜਜ਼ਬਾ ਆਪ ਮੁਹਾਰੇ ਪ੍ਰਗਟ ਹੁੰਦਾ ਸੀ। ਉਨ੍ਹਾਂ ਦੀਆਂ ਲਿਖੀਆਂ ਵਾਰਾਂ, ਦੀਵਾਨਾਂ ਵਿਚ ਗੂੰਜਦੇ ਉਨ੍ਹਾਂ ਦੇ ਬੋਲ, ਉਨ੍ਹਾਂ ਦੇ ਅਠਾਰਾਂ ਨਾਵਲ ਅਜੇ ਤਕ ਲੋਕ-ਸਿਮ੍ਰਤੀ ਦਾ ਅੰਗ ਹਨ ਅਤੇ ਪੰਜਾਬੀ ਦਾ ਅਨਮੋਲ ਖਜ਼ਾਨਾ ਹਨ। ਗਿਆਨੀ ਸੋਹਣ ਸਿੰਘ ਜੀ ਜਲ ਵਾਂਗ ਸੀਤਲ ਸਨ, ਪਰ ਉਨ੍ਹਾਂ ਵਿਚ ਪੰਥਕ ਪਿਆਰ ਅਤੇ ਜਜ਼ਬਾ ਪਾਣੀ ਦੇ ੧੦੦ ਡਿਗਰੀ ਉੱਤੇ ਉਬਾਲੇ ਖਾਣ ਵਾਂਗ ਹੀ ਸੀ। ਉਹ ਪੰਥ ਦਾ ਨਿਰਮੋਲ ਹੀਰਾ ਸੀ।

ਪੰਜਾਬ ਦੇ ਇਸ ਮਹਾਨ ਸਪੂਤ ਦਾ ਜਨਮ ੭ ਅਗਸਤ ੧੯੦੯ ਨੂੰ ਪਿੰਡ ਕਾਦੀਵਿੰਡ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਚ ਸ. ਖੁਸ਼ਹਾਲ ਸਿੰਘ ਦੇ ਘਰ ਹੋਇਆ। ਮਾਤਾ ਦਾ ਨਾਂ ਸਰਦਾਰਨੀ ਦਿਆਲ ਕੌਰ ਸੀ। ਬਚਪਨ ਤੋਂ ਹੀ ਉਨ੍ਹਾਂ ਦੀ ਰੁਚੀ ਪੜ੍ਹਨ-ਲਿਖਣ ਵੱਲ ਸੀ। ਉਨ੍ਹਾਂ ਨੇ ਪਿੰਡ ਦੇ ਗ੍ਰੰਥੀ ਪਾਸੋਂ ਪੰਜਾਬੀ ਪੜ੍ਹਨੀ ਅਤੇ ਅੱਖਰਾਂ ਦੀ ਪਹਿਚਾਣ ਕਰਨੀ ਸਿੱਖ ਲਈ ਸੀ। ਸੰਨ ੧੯੨੩ ਈ. ਵਿਚ ਜਦੋਂ ਉਹ ਲਾਗਲੇ ਪਿੰਡ ਸਕੂਲ ਪੁੱਜਿਆ, ਉਦੋਂ ਵਿਦਿਆਰਥੀ ਸੋਹਣ ਸਿੰਘ ਦੀ ਉਮਰ ੧੪ ਸਾਲ ਦੀ ਹੋ ਚੁੱਕੀ ਸੀ। ਪਰ ਉਸ ਨੂੰ ਪੜ੍ਹਨ ਦੀ ਲਗਨ ਇੰਨੀ ਜ਼ਿਆਦਾ ਸੀ ਕਿ ਉਸ ਨੂੰ ਦੂਜੀ ਜਮਾਤ ਵਿਚ ਦਾਖਲਾ ਦੇ ਦਿੱਤਾ ਗਿਆ। ਫਿਰ ਕੁਝ ਮਹੀਨੇ ਬਾਅਦ ਮਹੀਨਾ ਸਤੰਬਰ ੧੯੨੩ ਈ. ਵਿਚ ਚੌਥੀ ਜਮਾਤ ਵਿਚ ਉਸ ਨੂੰ ਚੜ੍ਹਾ ਦਿੱਤਾ ਗਿਆ। ੧੯੨੪ ਈ. ਦੀਆਂ ਨਵੀਆਂ ਕਲਾਸਾਂ ਸ਼ੁਰੂ ਹੋਣ ਵੇਲੇ ਉਸ ਨੂੰ ਪੰਜਵੀਂ ਜਮਾਤ ਵਿਚ ਦਾਖ਼ਲਾ ਮਿਲ ਗਿਆ। ੧੯੩੦ ਈ. ਵਿਚ ਉਨ੍ਹਾਂ ਨੇ ਸਾਇੰਸ ਅਤੇ ਪੰਜਾਬੀ ਦੇ ਵਿਸ਼ਿਆਂ ਨਾਲ ਦਸਵੀਂ ਪਾਸ ਕਰ ਲਈ। ਉਸ ਪਰੀਖਿਆ ਵਿਚ ਉਸਦੀ ਫਸਟ ਡਵੀਜ਼ਨ ਆਈ ਸੀ।

ਉਸ ਵੇਲੇ ਮੈਟ੍ਰਿਕ ਫਸਟ ਕਲਾਸ ਦੀ ਬਹੁਤ ਕਦਰ ਹੁੰਦੀ ਸੀ। ਪਰ ਉਨ੍ਹਾਂ ਨੇ ਨੌਕਰੀ ਕਰਨ ਨਾਲੋਂ ਘਰ ਦੀ ਖੇਤੀ-ਬਾੜੀ ਦਾ ਕੰਮ ਸਾਂਭ ਲਿਆ।

ਗਿਆਨੀ ਸੋਹਣ ਸਿੰਘ ਸੀਤਲ ਦਾ ਅਨੰਦ ਕਾਰਜ ਬੀਬੀ ਕਰਤਾਰ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਤਿੰਨ ਪੁੱਤਰ ਸ. ਰਵਿੰਦਰ ਸਿੰਘ (ਪੰਨੂੰ), ਸ. ਸੁਰਜੀਤ ਸਿੰਘ (ਪੰਨੂੰ), ਸ. ਰਘਬੀਰ ਸਿੰਘ ਸੀਤਲ ਅਤੇ ਇਕ ਪੁੱਤਰੀ ਬੀਬੀ ਮਹਿੰਦਰ ਕੌਰ ਨੇ ਜਨਮ ਲਿਆ। ਇਨ੍ਹਾਂ ਦੇ ਤਿੰਨੇ ਸਪੁੱਤਰ ਆਪਣੇ ਪਰਵਾਰਾਂ ਸਮੇਤ ਅਤੇ ਸਪੁੱਤਰੀ ਆਪਣੇ ਪਤੀ ਸ. ਸ਼ਮਸ਼ੇਰ ਸਿੰਘ (ਸੰਧੂ) ਨਾਲ ਅੱਜਕਲ੍ਹ ਵਿਦੇਸ਼ ਵਿਚ ਕੈਲਗਰੀ (ਕੈਨੇਡਾ) ਵਿਖੇ ਰਹਿ ਰਹੇ ਹਨ। ੧੯੩੧ ਈ. ਵਿਚ ਉਨ੍ਹਾਂ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਇਸ ਲਈ ਘਰੇਲੂ ਜ਼ਿੰਮੇਵਾਰੀਆਂ ਸਿਰ ਪੈ ਜਾਣ ਕਾਰਨ ਉਨ੍ਹਾਂ ਦੀ ਅੱਗੇ ਪੜ੍ਹਨ ਦੀ ਇੱਛਾ ਮਨ ਵਿਚ ਹੀ ਦਬ ਕੇ ਰਹਿ ਗਈ। ਹੁਣ ਉਸ ਦੀ ਉਮਰ ੨੨ ਸਾਲ ਹੋ ਚੁੱਕੀ ਸੀ। ਪਰੰਤੂ ਇਸ ਦੇ ਬਾਵਜੂਦ ਪੜ੍ਹਨ ਦੀ ਭਾਵਨਾ ਉਸ ਦੇ ਮਨ ਵਿਚ ਅਜੇ ਵੀ ਧੁਖ ਰਹੀ ਸੀ। ਉਨ੍ਹਾਂ ਨੇ ੧੯੩੩ ਈ. ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕਰ ਲਈ।

ਬਾਰਾਂ-ਤੇਰ੍ਹਾਂ ਸਾਲ ਦੀ ਉਮਰ ਵਿਚ ਉਨ੍ਹਾਂ ਨੇ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ੧੯੨੪ ਈ. ਵਿਚ ਉਨ੍ਹਾਂ ਦੀ ਕਵਿਤਾ ਪਹਿਲੀ ਵਾਰ 'ਅਕਾਲੀ' ਅਖਬਾਰ ਵਿਚ ਛਪੀ। ੧੯੨੭ ਈ. ਵਿਚ ਉਨ੍ਹਾਂ ਦੀ ਕਵਿਤਾ 'ਕੁਦਰਤ ਰਾਣੀ' ਕਲਕੱਤੇ ਤੋਂ ਛਪਣ ਵਾਲੇ ਪਰਚੇ 'ਕਵੀ' ਵਿਚ ਛਪੀ। 'ਸੱਜਰੇ ਹੰਝੂ' ਉਨ੍ਹਾਂ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਕੁਦਰਤ ਰਾਣੀ ਕਵਿਤਾ ਉਸ ਸੰਗ੍ਰਹਿ ਵਿਚ ਸ਼ਾਮਲ ਹੈ। ੧੯੩੨ ਈ. ਵਿਚ ਉਨ੍ਹਾਂ ਨੇ ਕੁਝ ਕਹਾਣੀਆਂ ਵੀ ਲਿਖੀਆਂ। ਉਨ੍ਹਾਂ ਦੀਆਂ ਕੁਝ ਕਹਾਣੀਆਂ ਮਾਸਿਕ ਪੱਤਰਾਂ ਵਿਚ ਵੀ ਛਪੀਆਂ। ਉਨ੍ਹਾਂ ਦੀਆਂ ਕਹਾਣੀਆਂ 'ਕਦਰਾਂ ਬਦਲ ਗਈਆਂ', ਅਜੇ ਦੀਵਾ ਬਲ ਰਿਹਾ ਸੀ' ਅਤੇ 'ਜੇਬ ਕੱਟੀ ਗਈ' ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਸੀ। ਇਹ ਲਿਖਤਾਂ 'ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ' ਵਾਂਗ ਇਸ ਨੌਜੁਆਨ ਲਿਖਾਰੀ ਦੇ ਵਿਚਾਰਾਂ ਅਤੇ ਉੱਜਲ ਭਵਿੱਖ ਵਾਲੇ ਸਾਹਿਤਕਾਰ ਅਤੇ ਗਾਇਕ ਦੀ ਜ਼ਾਮਨੀ ਭਰਦੀਆਂ ਸਨ।

ਨੌਜਵਾਨ ਸੋਹਣ ਸਿੰਘ ਦੇ ਅੰਦਰ ਜ਼ਿੰਦਗੀ ਵਿਚ ਕੁਝ ਬਣਨ ਦਾ ਜੋਸ਼ ਉਛਾਲੇ ਮਾਰ ਰਿਹਾ ਸੀ। ਉਹ ਆਪਣੇ ਆਪ ਨੂੰ ਖੇਤੀਬਾੜੀ ਤੱਕ ਹੀ ਸੀਮਤ ਨਹੀਂ ਰੱਖਣਾ ਚਾਹੁੰਦਾ ਸੀ। ਕਵਿਤਾ ਕਹਾਣੀ ਨਾਲ ਵੀ ਉਸਦੀ ਇਸ ਭਾਵਨਾ ਦੀ ਪੂਰਤੀ ਨਹੀਂ ਹੋ ਰਹੀ ਸੀ। ਉਹ ਇਕ ਮਹਾਨ ਉੱਦਮੀ, ਕਿਰਤੀ, ਵਿਚਾਰਵਾਨ ਅਤੇ ਗੁਰੂ ਵਿਚ ਪੂਰੀ ਨਿਸ਼ਠਾ ਅਤੇ ਵਿਸ਼ਵਾਸ ਰੱਖਣ ਵਾਲਾ ਸੀ।

ਉਨ੍ਹਾਂ ਦਾ ਜੀਵਨ 'ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥" ਉੱਤੇ ਪੂਰਾ ਉਤਰਦਾ ਸੀ। ੧੯੩੫ ਈ. ਵਿਚ ਉਨ੍ਹਾਂ ਦੇ ਜੀਵਨ ਵਿਚ ਇਕ ਨਵਾਂ ਮੋੜ ਆਇਆ। ਉਨ੍ਹਾਂ ਨੇ ਆਪਣੇ ਹਾਣੀਆਂ ਨੂੰ ਨਾਲ ਮਿਲਾ ਕੇ ਇਕ ਢਾਡੀ ਜਥਾ ਬਣਾਇਆ। ਇਸ ਜਥੇ ਦੇ ਆਗੂ ਉਹ ਆਪ ਸਨ ਕਿਉਂਕਿ ਉਹ ਦੂਜੇ ਸਾਥੀਆਂ ਨਾਲੋਂ ਵਧੇਰੇ ਪੜ੍ਹੇ-ਲਿਖੇ ਅਤੇ ਸਿੱਖ ਇਤਿਹਾਸ ਤੋਂ ਵੀ ਵਾਕਫ ਸਨ। ਉਨ੍ਹਾਂ ਨੂੰ ਹਿੰਦੀ, ਪੰਜਾਬੀ, ਉਰਦੂ, ਅੰਗਰੇਜ਼ੀ ਕਈ ਭਾਸ਼ਾਵਾਂ ਦੀ ਜਾਣਕਾਰੀ ਸੀ। ਉਹ ਵਿਆਖਿਆ ਵੀ ਚੰਗੀ ਕਰ ਸਕਦੇ ਸਨ। ਇਸ ਤੋਂ ਇਲਾਵਾ ਉਹ ਇਕ ਚੰਗੇ ਕਵੀ ਵੀ ਸਨ। ਇਸ ਲਈ ਉਹ ਗਾਉਣ ਲਈ ਵਾਰਾਂ

ਵੀ ਲਿਖ ਸਕਦੇ ਸਨ। ਢਾਡੀ ਬਣਨ ਨਾਲ ਉਨ੍ਹਾਂ ਦੇ ਜੀਵਨ ਵਿਚ ਇਕ ਮਹਾਨ ਪਲਟਾ ਆਇਆ। ਉਹ ਆਮ ਲੋਕਾਂ ਵਿੱਚੋਂ ਨਿਕਲ ਕੇ ਸਟੇਜ ਦੇ ਬਾਦਸ਼ਾਹ ਬਣ ਗਏ ਸਨ। ਉਨ੍ਹਾਂ ਦੀਆਂ ਲਿਖੀਆਂ ਵਾਰਾਂ ਵਿਚ ਬੜਾ ਜੋਸ਼ ਸੀ। ਉਨ੍ਹਾਂ ਦਾ ਗਾਉਣ ਢੰਗ ਅਤੇ ਉਚਾਰਨ ਬੜਾ ਪ੍ਰਭਾਵਸ਼ਾਲੀ ਸੀ। ਥੋੜ੍ਹੇ ਸਮੇਂ ਵਿਚ ਹੀ ਉਨ੍ਹਾਂ ਨੂੰ ਢਾਡੀ ਦੇ ਤੌਰ 'ਤੇ ਪ੍ਰਸਿੱਧੀ ਪ੍ਰਾਪਤ ਹੋ ਗਈ।

ਸਾਰੇ ਪੰਜਾਬ ਵਿੱਚੋਂ ਉਨ੍ਹਾਂ ਨੂੰ ਰੋਜ਼ ਸੱਦੇ ਮਿਲਣ ਲੱਗੇ। ਉਹ ਥਾਂ-ਥਾਂ ਜਾ ਕੇ ਵਾਰਾਂ ਸੁਣਾਉਂਦੇ ਅਤੇ ਗੁਰਮਤਿ ਦਾ ਪ੍ਰਚਾਰ ਕਰਦੇ। ਇਸ ਸਬੰਧ ਵਿਚ ਉਹ ਪੰਜਾਬ ਤੋਂ ਬਾਹਰ ਵੀ ਦੇਸ਼ ਦੇ ਕੋਨੇ-ਕੋਨੇ ਵਿਚ ਗਏ। ਕਈ ਸ਼ਹਿਰਾਂ ਵਿਚ ਜਾ ਕੇ ਉਨ੍ਹਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਜਿਵੇਂ ਕਿ ਕਰਾਚੀ, ਕੋਇਟਾ, ਪਿਸ਼ਾਵਰ, ਕਸ਼ਮੀਰ, ਕਲਕੱਤਾ, ਮਦਰਾਸ, ਬੰਬਈ ਆਦਿ। ਹੁਣ ਉਹ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਸ਼੍ਰੋਮਣੀ ਢਾਡੀ ਬਣ ਗਏ ਸਨ। ਉਨ੍ਹਾਂ ਨੂੰ ਦੇਸ਼ ਦੇ ਨਾਲ-ਨਾਲ ਵਿਦੇਸ਼ ਤੋਂ ਵੀ ਸੱਦੇ ਆਉਣ ਲਗੇ। ੧੯੬੦ ਈ. ਵਿਚ ਉਹ ਬ੍ਰਹਮਾ, ਥਾਈਲੈਂਡ, ਸਿੰਘਾਪੁਰ ਅਤੇ ਮਲੇਸ਼ੀਆ ਵਿਚ ਘੁੰਮੇ-ਫਿਰੇ। ੧੯੭੭ ਈ. ਵਿਚ ਉਨ੍ਹਾਂ ਨੇ ਫੇਰ ਇੰਗਲੈਂਡ ਅਤੇ ਕੈਨੇਡਾ ਦਾ ਦੌਰਾ ਕੀਤਾ। ਇੰਗਲੈਂਡ ਵਿਚ ਉਨ੍ਹਾਂ ਨੇ ਵੁਲਵਰਹੈਂਪਟਕ, ਸਾਊਥੈਂਪਟਨੰ, ਵਾਲਸਲ, ਬਰਮਿੰਘਮ, ਡਡਲੀ, ਬਰੈਡ ਫੋਰਡ, ਕੁਵੈਂਟਰੀ, ਟੈਲਫੋਰਡ, ਲਮਿੰਗਾਨ, ਬਾਰਕਿੰਗ, ਸਮੈਦਿਕ ਅਤੇ ਸਾਊਥਹਾਲ ਦੀਆਂ ਥਾਵਾਂ 'ਤੇ ਦੀਵਾਨ ਕੀਤੇ। ੧੯੯੦ ਈ. ਵਿਚ ਉਨ੍ਹਾਂ ਨੇ ਫਿਰ ਇੰਗਲੈਂਡ ਦੀ ਫੇਰੀ ਪਾਈ। ੧੯੯੧ ਈ. ਵਿਚ ਉਨ੍ਹਾਂ ਨੇ ਤੀਜੀ ਵਾਰ ਇੰਗਲੈਂਡ ਅਤੇ ਕੈਨੇਡਾ ਦਾ ਚੱਕਰ ਲਾਇਆ। ਵਿਦੇਸ਼ਾਂ ਵਿਚ ਉਨ੍ਹਾਂ ਦੀ ਕਾਫੀ ਜਾਣ-ਪਹਿਚਾਣ ਹੋ ਗਈ ਸੀ।

ਗਿਆਨੀ ਸੋਹਣ ਸਿੰਘ ਸੀਤਲ ਦਾ ਨਾਂ ਇਕ ਇਤਿਹਾਸਕ ਵਾਰਕਾਰ ਦੇ ਤੌਰ 'ਤੇ ਵੀ ਬਹੁਤ ਮਹੱਤਵ ਰੱਖਦਾ ਹੈ। ਉਨ੍ਹਾਂ ਨੇ ਸਿੱਖ ਇਤਿਹਾਸ ਸੰਬੰਧੀ ੮੦ ਦੇ ਲੱਗਭਗ ਵਾਰਾਂ ਲਿਖੀਆਂ ਹਨ। ਇਨ੍ਹਾਂ ਵਾਰਾਂ ਵਿਚ ਸਿੱਖ ਇਤਿਹਾਸ ਦੀਆਂ ਮਹਾਨ ਸ਼ਖ਼ਸੀਅਤਾਂ ਅਤੇ ਪ੍ਰਸਿੱਧ ਘਟਨਾਵਾਂ ਦਾ ਵਰਣਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਨਵਾਬ ਦੌਲਤ ਖਾਨ ਤੋਂ ਲੈ ਕੇ ਦੁਖੀਏ ਮਾਂ-ਪੁੱਤ (ਮਹਾਰਾਣੀ ਜਿੰਦਾ ਅਤੇ ਮਹਾਰਾਜਾ ਦਲੀਪ ਸਿੰਘ) ਆਦਿ ਦੇ ਇਤਿਹਾਸ ਨੂੰ ਉਨ੍ਹਾਂ ਨੇ ਭਾਵਪੂਰਤ ਢੰਗ ਨਾਲ ਕਲਮਬੰਦ ਕੀਤਾ ਹੈ। ਉਨ੍ਹਾਂ ਦੀਆਂ ਪ੍ਰਸਿੱਧ ਵਾਰਾਂ ਹਨ:

੧. ਸਾਕਾ ਚਮਕੌਰ, ੨. ਸਾਕਾ ਗੱਡੀ ਪੰਜਾ ਸਾਹਿਬ, ੩. ਸ਼ਹੀਦੀ ਸ. ਹਰੀ ਸਿੰਘ ਨਲੂਆ, ੪. ਸ਼ਹੀਦੀ ਅਕਾਲੀ ਫੂਲਾ ਸਿੰਘ, ੫. ਭਾਈ ਬਚਿੱਤਰ ਸਿੰਘ ਦਾ ਹਾਥੀ ਨਾਲ ਜੰਗ ਆਦਿ।

ਇਕ ਨਾਵਲਕਾਰ ਦੇ ਪੱਖ ਤੋਂ ਵੀ ਗਿਆਨੀ ਸੋਹਣ ਸਿੰਘ ਸੀਤਲ ਦੀ ਦੇਣ ਮਹਾਨ ਹੈ। ਉਨ੍ਹਾਂ ਨੇ ਦੋ ਦਰਜਨ ਦੇ ਕਰੀਬ ਨਾਵਲ ਲਿਖੇ ਹਨ। ਤੂਤਾਂ ਵਾਲਾ ਖੂਹ ਅਤੇ ਜੁੱਗ ਬਦਲ ਗਿਆ। ਇਹ ਦੋਵੇਂ ਨਾਵਲ ਮਹਾਨ ਕ੍ਰਾਂਤੀਕਾਰੀ ਵਿਚਾਰਧਾਰਾ ਉੱਤੇ ਆਧਾਰਿਤ ਹਨ। ਇਹ ਸਰਮਾਏਦਾਰੀ ਅਤੇ ਜਗੀਰਦਾਰੀ ਨਿਜ਼ਾਮ ਦੀਆਂ ਜੜ੍ਹਾਂ ਉੱਤੇ ਕਰਾਰੀ ਸੱਟ ਹਨ। ਇਹ ਅਜ਼ਾਦੀ ਅਤੇ ਗੁਲਾਮੀ ਦੀਆਂ ਕਦਰਾਂ-ਕੀਮਤਾਂ ਦੇ ਫਰਕ ਦਾ ਅਹਿਸਾਸ ਕਰਵਾਉਂਦੇ ਹਨ। ਇਹ ਸਰਮਾਏਦਾਰਾਂ ਵੱਲੋਂ ਗਰੀਬ ਕਿਰਤੀਆਂ ਦੇ ਕੀਤੇ ਜਾਂਦੇ ਸੋਸ਼ਣ ਦਾ ਪਰਦਾਫਾਸ਼ ਹੀ ਨਹੀਂ ਕਰਦੇ ਸਗੋਂ ਮਨੁੱਖ ਨੂੰ ਇਸ ਅਤਿ ਘਿਨਾਉਣੇ ਸਿਸਟਮ ਵਿਰੁੱਧ ਉਠ ਖਲੋਣ ਲਈ ਪ੍ਰੇਰਦੇ ਹਨ। ਉਨ੍ਹਾਂ ਦੇ ਦੋ ਨਾਵਲ ਬਹੁਤ ਪ੍ਰਸਿੱਧ ਹੋਏ। ਪਰ ਦੁੱਖ ਦੀ ਗੱਲ ਹੈ ਕਿ ਪੰਜਾਬੀ ਦੇ ਕੁਝ ਸਾਹਿਤਕਾਰ ਅਤੇ ਆਲੋਚਕ ਉਨ੍ਹਾਂ ਨੂੰ ਨਾਵਲਕਾਰ ਮੰਨਣ ਤੋਂ ਸੰਕੋਚ ਕਰਦੇ ਹਨ। ੧੯੬੮-੬੯ ਈ. ਵਿਚ ਪ੍ਰੋ. ਕਿਰਪਾਲ ਸਿੰਘ

ਕਸੇਲ ਨੂੰ ਭਾਸ਼ਾ ਵਿਭਾਗ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਸੋਧਣ ਦਾ ਕੰਮ ਦਿੱਤਾ ਗਿਆ। ਪ੍ਰੋ. ਕਿਰਪਾਲ ਸਿੰਘ ਹੋਰਾਂ ਨੇ ਨਵੇਂ ਇਤਿਹਾਸ ਵਿਚ ਨਾਵਲਕਾਰ ਦੇ ਤੌਰ 'ਤੇ ਗਿਆਨੀ ਸੋਹਣ ਸਿੰਘ ਸੀਤਲ ਬਾਰੇ ਵੀ ਕੁਝ ਸਤਰਾਂ ਲਿਖ ਦਿੱਤੀਆਂ। ਉਨ੍ਹਾਂ ਦੇ ਵਿਭਾਗ ਦੇ ਇੰਚਾਰਜ ਨੇ ਗਿਆਨੀ ਸੋਹਣ ਸਿੰਘ ਸੀਤਲ ਬਾਰੇ ਲਿਖੀਆਂ ਸਤਰਾਂ ਕੱਟ ਦਿੱਤੀਆਂ ਕਿਉਂਕਿ ਉਨ੍ਹਾਂ ਦੀਆਂ ਨਜ਼ਰਾਂ ਵਿਚ ਉਹ ਇਕ ਢਾਡੀ ਹੀ ਸੀ।

ਸਾਹਿਤ ਅਕਾਦਮੀ ਦਾ ਪੁਰਸਕਾਰ ਭਾਰਤ ਦਾ ਸਭ ਤੋਂ ਉੱਚਾ ਸਾਹਿਤਕ ਐਵਾਰਡ ਹੈ। ਇਸ ਦੀ ਇੱਛਾ ਹਰ ਸਾਹਿਤਕਾਰ ਦੇ ਮਨ ਵਿਚ ਹੁੰਦੀ ਹੈ ਅਤੇ ਇਸ ਦੇ ਮਿਲਣ 'ਤੇ ਹਰ ਕੋਈ ਮਾਣ ਮਹਿਸੂਸ ਕਰਦਾ ਹੈ। ਹੋ ਸਕਦਾ ਹੈ ਕਿ ਗਿਆਨੀ ਸੋਹਣ ਸਿੰਘ ਸੀਤਲ ਦੇ ਮਨ ਵਿਚ ਵੀ ਇਸ ਐਵਾਰਡ ਦੀ ਇੱਛਾ ਹੋਵੇ। ਪਰ ਉਨ੍ਹਾਂ ਨੂੰ ਇਸ ਦੇ ਮਿਲਣ ਦੀ ਆਸ ਨਹੀਂ ਸੀ। ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ੧੯੭੪ ਈ. ਵਿਚ ਉਨ੍ਹਾਂ ਦੇ ਨਾਵਲ 'ਜੁੱਗ ਬਦਲ ਗਿਆ' 'ਤੇ ਉਨ੍ਹਾਂ ਨੂੰ ਸਾਹਿਤ ਅਕੈਡਮੀ ਦਾ ਐਵਾਰਡ ਦੇਣ ਦਾ ਫੈਸਲਾ ਕੀਤਾ ਗਿਆ ਅਤੇ ਇਹ ਐਵਾਰਡ ਪ੍ਰਾਪਤ ਕਰਨ ਵਾਲੇ ਇਸ ਸਾਹਿਤਕਾਰ ਨੂੰ ਵਿਭਾਗ ਵੱਲੋਂ ਵੀ ਸਨਮਾਨ ਦਿੱਤੇ ਜਾਣ ਦਾ ਫੈਸਲਾ ਹੋ ਗਿਆ। ਪਰ ਵਿਭਾਗੀ ਅਤੇ ਮਨੁੱਖੀ ਈਰਖਾ ਕਾਰਨ ਗਿਆਨੀ ਸੋਹਣ ਸਿੰਘ ਸੀਤਲ ਦੇ ਸੰਬੰਧ ਵਿਚ ਇਹ ਅਸੂਲ ਲਾਂਭੇ ਕਰ ਦਿੱਤਾ ਗਿਆ। ਇਕ ਨਾਵਲਕਾਰ ਦੀ ਥਾਂ ਉਨ੍ਹਾਂ ਨੂੰ ਢਾਡੀ ਦੇ ਤੌਰ 'ਤੇ ਸਾਲ ੧੯੯੨-੯੩ ਈ. ਵਿਚ ਸਨਮਾਨਿਆ ਗਿਆ। ਪਰ ਫਿਰ ਕਈ ਸਾਲਾਂ ਦੇ ਬੀਤ ਜਾਣ ਬਾਅਦ ਭਾਸ਼ਾ ਵਿਭਾਗ ਨੇ ਆਪਣੀ ਭੁਲ ਦੀ ਸੋਧ ਕੀਤੀ ਤਾਂ ੧੯੯੪-੯੫ ਈ. ਵਿਚ ਉਨ੍ਹਾਂ ਨੂੰ ਸਾਹਿਤ ਸ਼੍ਰੋਮਣੀ ਦਾ ਸਨਮਾਨ ਦਿੱਤਾ।

ਲਗਭਗ ੯੮ ਸਾਲ ਸਿੱਖ ਪੰਥ ਅਤੇ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਸੇਵਾ ਕਰਦਾ ਮਾਨ-ਸਨਮਾਨ ਪ੍ਰਾਪਤ ਕਰਦਾ ਹੋਇਆ ਮਹਾਨ ਅਤੇ ਕ੍ਰਾਂਤੀਕਾਰੀ ਵਿਅਕਤੀ ਮਿਤੀ ੨੩ ਸਤੰਬਰ, ੧੯੯੮ ਈ. ਨੂੰ ਇਸ ਫਾਨੀ ਜਹਾਨ ਤੋਂ ਕੂਚ ਕਰ ਗਿਆ। ਉਨ੍ਹਾਂ ਦੀਆਂ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:

ਵਾਰਾਂ :-

੧. ਦਮਸੇਸ਼ ਆਗਮਨ, ੨. ਸ਼ਹੀਦ ਗੰਜ ਸਿੰਘਣੀਆਂ (ਲਾਹੌਰ), ੩. ਸ਼ਹੀਦੀ ਗੁਰੂ ਅਰਜਨ ਦੇਵ ਜੀ, ੪. ਬੰਦੀ ਛੋੜ, ਗੁਰੂ ਹਰਿਗੋਬਿੰਦ ਸਾਹਿਬ ਜੀ, ੫. ਸਾਕਾ ਸਰਹਿੰਦ-ਸ਼ਹੀਦੀ ਛੋਟੇ ਸਾਹਿਬਜ਼ਾਦੇ, ੬. ਗੁਰੂ ਨਾਨਕ ਜੀ ਤੇ ਨਮਾਜ਼ ਦੌਲਤ ਖਾਨ, ੭. ਵਲੀ ਕੰਧਾਰੀ, ੮. ਸਾਕਾ ਗੱਡੀ ਪੰਜਾ ਸਾਹਿਬ, ੯. ਸਿੰਘਾਂ ਨੇ ਅਬਦਾਲੀ ਤੋਂ ਢੱਕਾਂ ਛੁਡਵਾਈਆਂ, ੧੦. ਪਿਆਰੇ ਦਾ ਪਿਆਰਾ, ੧੧. ਸ਼ਹੀਦੀ ਗੁਰੂ ਤੇਗ ਬਹਾਦਰ ਜੀ, ੧੨. ਬਾਲਾ ਪ੍ਰੀਤਮ (ਗੁਰੂ ਗੋਬਿੰਦ ਸਿੰਘ ਜੀ), ੧੩. ਸ਼ਹੀਦੀ ਮਹਾਂ ਸਿੰਘ, ਮੁਕਤਸਰ, ੧੪. ਬੰਦਾ ਸਿੰਘ ਦੀ ਸਰਹਿੰਦ ਉੱਤੇ ਫ਼ਤਿਹ, ੧੫. ਜੰਗ ਸੈਦ ਖ਼ਾਨ, ੧੬. ਸ਼ਹੀਦੀ ਭਾਈ ਤਾਰੂ ਸਿੰਘ ਜੀ, ੧੭. ਸੇਠ ਨਾਹਰੂ ਮੱਲ, ੧੮. ਸ਼ਹੀਦੀ ਸੁਬੇਗ ਸਿੰਘ ਸ਼ਾਹਬਾਜ ਸਿੰਘ, ੧੯. ਗੁਰੂ ਨਾਨਕ ਦੇਵ ਜੀ, ਰੁਹੇਲ ਖੰਡ ਯਾਤਰਾ, ੨੦. ਸ਼ਹੀਦੀ ਸ. ਹਰੀ ਸਿੰਘ ਨਲੂਆ, ੨੧. ਸ਼ਹੀਦੀ ਬਾਬਾ ਦੀਪ ਸਿੰਘ, ੨੨. ਜੰਗ ਭੰਗਾਣੀ, ੨੩. ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ, ੨੪. ਵਾਰ ਬੀਬੀ ਸਾਹਿਬ ਕੌਰ, ੨੫. ਸ਼ਹੀਦੀ ਅਕਾਲੀ ਫੂਲਾ ਸਿੰਘ, ੨੬. ਜੰਗ ਚਮਕੌਰ, ੨੭. ਜੰਗ ਮੁਲਤਾਨ, ਮੁਜ਼ੱਫਰ ਖਾਨ ਦੀ ਮੌਤ, ੨੮. ਕਸੂਰ ਫ਼ਤਹਿ, ਕੁਤਬਦੀਨ ਨੂੰ ਜਾਗੀਰ, ੨੯. ਚੋਣ ਪੰਜ ਪਿਆਰੇ, ੩੦. ਸ਼ਹੀਦੀ ਭਾਈ ਤਾਰੂ ਸਿੰਘ, ੩੧. ਜੰਗ

ਹਰਿਗੋਬਿੰਦਪੁਰਾ, ੩੨. ਡੱਲੇ ਦਾ ਸਿਦਕ, ਬੰਦੂਕ ਪਰਖਣੀ, ੩੩. ਮੱਸੇ ਰੰਘੜ ਦੀ ਮੌਤ,੩੪. ਚੌਧਰੀ ਨੱਥੇ ਦੀ ਬਹਾਦਰੀ, ੩੫. ਵੱਡਾ ਘੱਲੂਘਾਰਾ, ੩੬. ਜੰਗ ਪਿਪਲੀ ਸਾਹਿਬ (ਘੱਲੂਘਾਰੇ ਪਿੱਛੋਂ), ੩੭. ਸ਼ਹੀਦੀ ਭਾਈ ਬੋਤਾ ਸਿੰਘ, ੩੮. ਛੋਟਾ ਘੱਲੂਘਾਰਾ, ੩੯. ਕਸੂਰ ਮਾਰ ਕੇ ਪੰਡਤਾਣੀ ਛੁਡਾਈ, ੪੦. ਜ਼ੈਨ ਖ਼ਾਨ ਸਰਹਿੰਦ ਦੀ ਮੌਤ, ੪੧. ਅਹਿਮਦ ਸ਼ਾਹ ਦਾ ਅਠਵਾਂ ਹਮਲਾ, ੪੨. ਜੰਗ ਸੰਗਰਾਣਾ ਸਾਹਿਬ (ਪਾ: ੬), ੪੩. ਬਿਧੀ ਚੰਦ ਘੋੜੇ ਲਿਆਂਦੇ, ੪੪. ਸ਼ਹੀਦੀ ਭਾਈ ਮਨੀ ਸਿੰਘ, ੪੫. ਸ਼ਹੀਦੀ ਭਾਈ ਗੁਰਬਖਸ਼ ਸਿੰਘ, ੪੬. ਸ਼ਾਹ ਜ਼ਮਾਨ ਦਾ ਆਖ਼ਰੀ ਹਮਲਾ, ੪੭. ਕਸ਼ਮੀਰ ਫ਼ਤਿਹ, ੪੮. ਉੱਚ ਦਾ ਪੀਰ (ਦਸਮੇਸ਼ ਗੁਰੂ), ੪੯. ਜੰਗ ਲਲਾ ਬੇਗ (ਪਾ:੬), ੫੦. ਬਾਬਰ ਦੀ ਚੱਕੀ-ਗੁਰੂ ਨਾਨਕ ਦੇਵ ਜੀ, ੫੧. ਜੰਗ ਪੈਂਦੇ ਖਾਨ (ਪਾ:੬), ੫੨. ਜਲਾਲਾਬਾਦ ਮਾਰ ਕੇ ਪੰਡਤਾਣੀ ਛੁਡਾਈ, ੫੩. ਹਮਜ਼ਾ ਗੌਸ ਤੇ ਗੁਰੂ ਨਾਨਕ ਜੀ, ੫੪. ਨਦੌਣ ਯੁੱਧ, ੫੫. ਰੁਸਤਮ ਖਾਂ ਦੀ ਅਨੰਦਪੁਰ 'ਤੇ ਚੜ੍ਹਾਈ, ੫੬. ਹੁਸੈਨੀ ਤੇ ਕਿਰਪਾਲ ਦੀ ਮੌਤ, ੫੭. ਬਚਿੱਤਰ ਸਿੰਘ ਦਾ ਹਾਥੀ ਨਾਲ ਜੰਗ, ੫੮. ਸਤਿਗੁਰ ਨਾਨਕ ਪ੍ਰਗਟਿਆ, ੫੯. ਹਰਿਗੋਬਿੰਦ ਸਾਹਿਬ ਪ੍ਰਗਟੇ, ੬੦. ਪ੍ਰਸੰਗ ਭਾਈ ਜੋਗਾਂ ਸਿੰਘ, ੬੧. ਚਵਿੰਡੇ ਦੀਆਂ ਸਿੰਘਣੀਆਂ ਦੀ ਬਹਾਦਰੀ, ੬੨. ਸ਼ਹੀਦੀ ਹਕੀਕਤ ਰਾਏ, ੬੩. ਜੰਗ ਰਾਮ ਰਉਣੀ, ਮੀਰ ਮੰਨੂ ਨਾਲ, ੬੪. ਨਾਦਰ ਦਾ ਹਿੰਦ 'ਤੇ ਹਮਲਾ, ੬੫. ਮਾਤਾ ਸੁਲੱਖਣੀ (ਪਾ:੬), ੬੬. ਸੱਜਣ ਠੱਗ ਤੇ ਗੁਰੂ ਨਾਨਕ ਦੇਵ ਜੀ, ੬੭. ਪਿੰਗਲਾ ਤੇ ਬੀਬੀ ਰਜਨੀ, ੬੮. ਖਡੂਰ ਦਾ ਤਪਾ, ਸ਼ਿਵਨਾਥ, ੬੯. ਬਾਬਾ ਆਦਮ ਤੇ ਭਾਈ ਭਗਤੂ, ੭੦. ਅਘੜ ਸਿੰਘ ਹੱਥੋਂ ਮੋਮਨ ਖਾਂ ਦੀ ਮੌਤ, ੭੧. ਸੱਤਾ ਬਲਵੰਡ ਤੇ ਲੱਧਾ ਉਪਕਾਰੀ, ੭੨. ਭਾਈ ਗੁਰਦਾਸ ਦੇ ਸਿਦਕ ਦੀ ਪਰਖ, ੭੩. ਮੱਖਣ ਸ਼ਾਹ, ਗੁਰੂ ਲਾਧੋ ਰੇ, ੭੪. ਵਿਆਹ ਕੰਵਰ ਨੌਨਿਹਾਲ ਸਿੰਘ, ੭੫. ਜੰਗ ਹਿੰਦ ਤੇ ਚੀਨ, ੭੬. ਹੈਦਰਾਬਾਦ ਦੀ ਜਿੱਤ, ੭੭. ਜੰਗ ਹਜ਼ਰੋ, ੭੮. ਸ਼ਹੀਦੀ ਸ. ਕੇਵਲ ਸਿੰਘ, ੭੯. ਸ਼ਹੀਦੀ ਸ. ਊਧਮ ਸਿੰਘ।

ਨਾਵਲ :

੧. ਈਚੋਗਿਲ ਨਹਿਰ ਤਕ, ੨. ਸੁੰਞਾ ਆਹਲਣਾ, ੩. ਮੁੱਲ ਦਾ ਮਾਸ, ੪. ਪਤਵੰਤੇ ਕਾਤਲ, ੫. ਵਿਜੋਗਣ, ੬. ਦੀਵੇ ਦੀ ਲੋਅ, ੭. ਬਦਲਾ, ੮. ਅੰਨ੍ਹੀ ਸੁੰਦਰਤਾ, ੯. ਜੰਗ ਜਾਂ ਅਮਨ, ੧੦. ਤੂਤਾਂ ਵਾਲਾ ਖੂਹ, ੧੧. ਜੁੱਗ ਬਦਲ ਗਿਆ, ੧੨. ਕਾਲੇ ਪਰਛਾਵੇਂ, ੧੩. ਪ੍ਰੀਤ ਤੇ ਪੈਸਾ, ੧੪. ਧਰਤੀ ਦੇ ਦੇਵਤੇ, ੧੫. ਪ੍ਰੀਤ ਕਿ ਰੂਪ, ੧੬. ਧਰਤੀ ਦੀ ਬੇਟੀ, ੧੭. ਮਹਾਰਾਣੀ ਜਿੰਦਾਂ, ੧੮. ਮਹਾਰਾਜਾ ਦਲੀਪ ਸਿੰਘ, ੧੯. ਹਿਮਾਲਿਆ ਦੇ ਰਾਖੇ, ੨੦. ਸੁਰਗ ਸਵੇਰਾ, ੨੧. ਸਭੇ ਸਾਂਝੀਵਾਲ ਸਦਾਇਨਿ, ੨੨. ਜਵਾਲਾਮੁਖੀ।

ਸ. ਸੋਹਣ ਸਿੰਘ ਸੀਤਲ ਵੱਲੋਂ ਲਿਖੇ ਉਕਤ ਨਾਵਲਾਂ 'ਚੋਂ 'ਜੁੱਗ ਬਦਲ ਗਿਆ', 'ਤੂਤਾਂ ਵਾਲਾ ਖੂਹ' ਅਤੇ 'ਜੰਗ ਜਾਂ ਅਮਨ' ਕ੍ਰਾਂਤੀਕਾਰੀ ਨਾਵਲਾਂ ਦਾ ਆਪਣਾ ਹੀ ਮਹੱਤਵ ਹੈ। ਇਸੇ ਤਰ੍ਹਾਂ ਉਨ੍ਹਾਂ ਦੀਆਂ ਇਤਿਹਾਸਕ ਲਿਖਤਾਂ ੧. ਸਿੱਖ ਰਾਜ ਕਿਵੇਂ ਬਣਿਆ, ੨. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ੩. ਸਿੱਖ ਰਾਜ ਤੇ ਸ਼ੇਰੇ ਪੰਜਾਬ, ੪. ਸਿੱਖ ਰਾਜ ਕਿਵੇਂ ਗਿਆ, ੫. ਦੁਖੀਏ ਮਾਂ-ਪੁੱਤ, ੬. ਮਹਾਰਾਣੀ ਜਿੰਦਾਂ, ੭. ਦਲੀਪ ਸਿੰਘ ਸਿੱਖਾਂ ਦੇ ਕੌਮੀ ਦੁਖਾਂਤ ਅਤੇ ਸੁਖਾਂਤ ਦੀ ਦਾਸਤਾਨ ਹੈ। ਇਹ ਲਿਖਤਾਂ ਕਲਾਸਿਕ ਹੋ ਨਿੱਬੜੀਆਂ ਹਨ। ਇਹ ਲਿਖਤਾਂ ਹਮੇਸ਼ਾਂ-ਹਮੇਸ਼ਾਂ ਲਈ ਸਿੱਖ ਕੌਮ ਲਈ ਸਿੱਖਿਆਦਾਇਕ ਰਹਿਣਗੀਆਂ, ਇਹ ਲਿਖਤਾਂ ਸਿੱਖੀ ਜਜ਼ਬੇ ਦੀ ਕਹਾਣੀ

ਹਨ, ਇਹ ਲਿਖਤਾਂ ਰਾਜ-ਦਰਬਾਰਾਂ ਵਿਚ ਹੁੰਦੀਆਂ ਸਾਜ਼ਸ਼ਾਂ ਅਤੇ ਛੜਯੰਤਰਾਂ ਦੀ ਕਹਾਣੀ ਹਨ। ਇਹ ਲਿਖਤਾਂ ਅੰਗਰੇਜ਼ਾਂ ਦੀ ਦਰਿੰਦਗੀ ਦੀ ਕਹਾਣੀ ਹਨ। ਇਸ ਤੋਂ ਬਰੀਕੀ, ਸੰਜੀਦਗੀ, ਸੰਵੇਦਨਸ਼ੀਲਤਾ ਅਤੇ ਬੇਬਾਕੀ ਨਾਲ ਲਿਖਣਾ ਅਤਿ ਕਠਿਨ ਹੈ, ਪਰੰਤੂ ਇਹ ਕਾਰਜ ਸੀਤਲ ਜੀ ਨੇ ਪੂਰੀ ਸੁਹਿਰਦਤਾ ਅਤੇ ਸਫਲਤਾ ਨਾਲ ਕੀਤਾ ਹੈ। ਇਨ੍ਹਾਂ ਲਿਖਤਾਂ ਨੇ ਨਿਰਸੰਦੇਹ ਗਿਆਨੀ ਸੋਹਣ ਸਿੰਘ ਸੀਤਲ ਹੋਰਾਂ ਨੂੰ ਅਮਰ ਬਣਾ ਦਿੱਤਾ ਹੈ। ਗਿਆਨੀ ਸੋਹਣ ਸਿੰਘ ਸੀਤਲ ਵਰਗੀ ਬਹੁਪੱਖੀ ਸ਼ਖ਼ਸੀਅਤ ਵਾਲੇ ਮਨੁੱਖ ਉਂਗਲਾਂ ਉੱਤੇ ਗਿਣੇ ਜਾਣ ਵਾਲੇ ਹੀ ਹਨ। ਉਹ ਸਿੱਖ ਕੌਮ ਦੀ ਸ਼ਾਬਾਸ਼ ਦੇ ਪਾਤਰ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗਿਆਨੀ ਸੋਹਣ ਸਿੰਘ ਸੀਤਲ ਦੀ ਮਿੱਠੀ ਪਿਆਰੀ ਯਾਦ ਨੂੰ ਸਮਰਪਿਤ ਹੁੰਦਿਆਂ ਢਾਡੀਆਂ ਦੇ ਜਨਮ ਦਾਤੇ-ਸਰਪ੍ਰਸਤ-ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜਨਮ ਅਸਥਾਨ 'ਗੁਰੂ ਕੀ ਵਡਾਲੀ' ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 'ਗਿਆਨੀ ਸੋਹਣ ਸਿੰਘ ਸੀਤਲ' ਯਾਦਗਾਰੀ ਢਾਡੀ ਅਤੇ ਕਵੀਸ਼ਰੀ ਕਾਲਜ ਦੀ ਉਸਾਰੀ ਕਰਾਉਣ ਵਾਸਤੇ ਵਚਨਬੱਧ ਹੈ ਤਾਂ ਜੋ ਨੌਜੁਆਨ ਢਾਡੀਆਂ ਨੂੰ ਆਧੁਨਿਕ ਯੁੱਗ ਦੇ ਹਾਣੀ ਬਣਾਇਆ ਜਾ ਸਕੇ।

ਇਹ ਸੰਤੁਸ਼ਟੀ ਅਤੇ ਖੁਸ਼ੀ ਦੀ ਗੱਲ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਗਿਆਨੀ ਸੋਹਣ ਸਿੰਘ ਸੀਤਲ ਦੇ ੧੦੦ਵੇਂ ਜਨਮ ਦਿਨ ਨੂੰ ਸਮਰਪਿਤ ਪੰਥਕ ਮਾਸਿਕ 'ਗੁਰਮਤਿ ਪ੍ਰਕਾਸ਼' ਦਾ ਮਹੀਨਾ ਅਗਸਤ, ੨੦੦੯ ਦਾ ਅੰਕ ਛਾਪਿਆ ਗਿਆ ਹੈ। ਨਿਸਚੇ ਹੀ ਇਸ ਉਦਮ ਦੁਆਰਾ ਪਾਠਕਾਂ ਨੂੰ ਜਿੱਥੇ ਗਿਆਨੀ ਸੋਹਣ ਸਿੰਘ ਸੀਤਲ ਦੇ ਜੀਵਨ ਬਾਰੇ ਜਾਣਕਾਰੀ ਮਿਲੇਗੀ, ਉੱਥੇ ਸਿੱਖ ਇਤਿਹਾਸ ਦੇ ਦੁਖਾਂਤਕ ਅਤੇ ਸੁਖਾਂਤਕ ਦੌਰ ਬਾਰੇ ਵੀ ਜਾਣਕਾਰੀ ਪ੍ਰਾਪਤ ਹੋਵੇਗੀ। ਇਹ ਉੱਦਮ ਸ਼ਲਾਘਾਯੋਗ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ, ਸ. ਅਵਤਾਰ ਸਿੰਘ ਜੀ ਅਤੇ 'ਗੁਰਮਤਿ ਪ੍ਰਕਾਸ਼' ਦੇ ਸੰਪਾਦਕ ਸ. ਸਿਮਰਜੀਤ ਸਿੰਘ ਅਤੇ ਸਮੂੰਹ ਅਦਾਰਾ ਇਸ ਉੱਦਮ ਲਈ ਸ਼ਲਾਘਾ ਦੇ ਪਾਤਰ ਹਨ।

■

ਢਾਡੀਆਂ ਦਾ ਸਰਦਾਰ ਢਾਡੀ ਸੋਹਣ ਸਿੰਘ ਜੀ ਸੀਤਲ

-ਗਿਆਨੀ ਬਲਵੰਤ ਸਿੰਘ ਕੋਠਾ ਗੁਰੂ

ਮਾਨਯੋਗ ਗਿਆਨੀ ਸੋਹਣ ਸਿੰਘ ਜੀ ਸੀਤਲ ੨੦ਵੀਂ ਸਦੀ ਦੇ ਮਹਾਨ ਢਾਡੀ ਹੋਏ ਹਨ। ਸੀਤਲ ਜੀ ਪ੍ਰਤਿਭਾ ਬੁੱਧੀ ਦੇ ਸੁਆਮੀ, ਉੱਚ ਉਡਾਰੀਆਂ ਲਾਉਣ ਵਾਲੇ, ਯਥਾਰਥ ਨੂੰ ਬਿਆਨ ਕਰਨ ਵਾਲੇ ਵਿਦਵਾਨ ਢਾਡੀ ਸਨ। ਉਹ ਸਰਬ ਗੁਣਾਂ ਵਿਚ ਭਰਪੂਰ ਸਨ। ਸਿੱਖੀ ਵਿਚ ਜੋ ਢਾਡੀ ਦਾ ਸਥਾਨ ਹੈ, ਉਸ ਦੀ ਮਾਣ ਮਰਯਾਦਾ ਨੂੰ ਸੀਤਲ ਜੀ ਨੇ ਪੂਰੀ ਤਰ੍ਹਾਂ ਕਾਇਮ ਰੱਖਿਆ। ਸਿੰਘ ਸਭਾ ਲਹਿਰ ਸਮੇਂ ਭਾਈ ਕਿਸ਼ਨ ਸਿੰਘ ਜੀ 'ਕੜਤੋੜ' ਪ੍ਰਸਿੱਧ ਢਾਡੀ ਹੋਏ ਹਨ, ਜਿਨ੍ਹਾਂ ਨੇ ਭਰਮ ਦੇ ਗੜ੍ਹ ਤੋੜ ਕੇ ਮਨਾਂ ਵਿੱਚੋਂ ਅਗਿਆਨ ਦਾ ਹਨੇਰਾ ਕੱਢਿਆ ਸੀ, ਪਰ ਸੀਤਲ ਜੀ ਦੀ ਕਰਣੀ-ਕਮਾਈ ਸੇਵਾ ਮਹਾਨ ਅਤੇ ਉੱਚੀ ਹੈ। ਇਸ ਕਰਕੇ ਪੰਥ ਵਿਚ 'ਸੀਤਲ ਜੀ' ਦਾ ਅੱਜ ਵੀ ਸਰਬੋਤਮ ਸਥਾਨ ਹੈ।

ਸਿੱਖ ਪੰਥ ਵਿਚ ਰਾਗ ਕਾਵਿ ਅਤੇ ਢਾਡੀਆਂ ਨੂੰ ਉੱਚ ਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਬਾਬ ਦੁਆਰਾ ਕੀਰਤਨ ਕਰ ਕੇ, ਸਾਰੇ ਸੰਸਾਰ ਵਿਚ 'ਸਤਿਨਾਮੁ' ਦਾ ਚੱਕਰ ਫੇਰਿਆ। ਨਾਲ ਹੀ ਕੀਰਤਨ ਨੂੰ ਸਿੱਖੀ ਜੀਵਨ ਦਾ ਅਧਾਰ ਬਣਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਾਵਿ ਦੁਆਰਾ ਸਿੱਖ ਸੂਰਮਿਆਂ ਵਿਚ ਉਤਸ਼ਾਹ ਪੈਦਾ ਕੀਤਾ। 'ਸ਼ਸਤ੍ਰ' ਦੀ 'ਸ਼ਾਸਤ੍ਰ' (ਬਾਣੀ) ਦੁਆਰਾ ਉਪਮਾ ਕਰ ਕੇ ਸ਼ਕਤੀ ਅਤੇ ਭਗਤੀ ਨੂੰ ਇੱਕ ਬਣਾ ਦਿੱਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਢਾਡੀ ਦੀਆਂ ਬੀਰ ਰਸੀ ਵਾਰਾਂ ਨਾਲ ਸਿੱਖ-ਸ਼ਕਤੀ ਦਾ ਸੰਗਠਨ ਕੀਤਾ। ਰੋਜ਼ਾਨਾ ਦੀਵਾਨ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਚ ਢਾਡੀ ਵਾਰਾਂ ਗਾ ਕੇ ਉਤਸ਼ਾਹ ਭਰਦੇ ਸਨ।

ਢਾਡੀ ਪੰਜਾਬ ਦੀ ਪ੍ਰਾਚੀਨ ਕਲਾ ਹੈ। ਛੇ ਸੌ ਬਰਸ ਤੋਂ ਪੰਜਾਬ ਦੇ ਢਾਡੀਆਂ ਦੇ ਵੇਰਵੇ ਲਿਖਤੀ ਰੂਪ ਵਿਚ ਮਿਲਦੇ ਹਨ। ਭਾਵੇਂ ਢਾਡੀਆਂ ਦੇ ਨਾਉਂ-ਥਾਉਂ ਪੂਰੀ ਤਰ੍ਹਾਂ ਸਾਨੂੰ ਪ੍ਰਾਪਤ ਨਹੀਂ ਹਨ ਪਰ ਢਾਡੀਆਂ ਦੀ ੧੬ਵੀਂ ਸਦੀ ਵਿਚ ਹੋਂਦ ਇਤਿਹਾਸ ਪ੍ਰਸਿੱਧ ਹੈ। ਇਸ ਤੋਂ ਢਾਡੀਆਂ ਦੀ ਲੋਕਪ੍ਰਿਯਤਾ ਦਾ ਸੰਕੇਤ ਲਿਆ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਵੀ ਢਾਡੀ ਕਹਾਉਣ ਵਿਚ ਮਾਣ ਸਮਝਦੇ ਹਨ।

ਢਾਡੀ ਭੱਟ ਅਤੇ ਚਾਰਨ ਹੁੰਦੇ ਸਨ, ਜੋ ਬੀਰ ਰਸੀ ਵਾਰਾਂ ਦੀ ਰਚਨਾ ਕਰ ਕੇ ਗਾਉਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਇਹ ਲੋਕ-ਕਾਵਿ ਪ੍ਰਸਿੱਧੀ ਦੇ ਸਿਖਰ ਉੱਤੇ ਪਹੁੰਚਿਆ ਹੋਇਆ ਸੀ। ਵਾਰ ਕੇਵਲ ਯੁੱਧ ਦਾ ਕਾਵਿ ਹੈ ਜੋ ਪਉੜੀਆਂ ਵਿਚ ਲਿਖਿਆ/ ਬੋਲਿਆ ਜਾਂਦਾ ਹੈ। ਪਉੜੀ (ਛੰਦ) ਤੋਂ ਬਿਨਾਂ ਕਿਤਨਾ ਬੀਰ ਰਸੀ ਕਾਵਿ ਹੋਵੇ, ਉਸ ਨੂੰ ਵਾਰ ਨਹੀਂ ਆਖਿਆ ਜਾ ਸਕਦਾ। ਪ੍ਰਾਚੀਨ ਕਾਲ ਵਿਚ ਵਾਰ ਨੂੰ ਪਉੜੀਆਂ ਵੀ ਕਿਹਾ ਜਾਂਦਾ ਸੀ। ਪਉੜੀ ਅਤੇ ਵਾਰ ਇਕ ਦੂਸਰੇ ਦੇ ਪ੍ਰਯਾਯ ਹਨ, ਅਨਿੱਖੜਵੇਂ ਅੰਗ ਹਨ। ਵਾਸਤਵ ਵਿਚ ਪਉੜੀ ਵਾਰ ਦਾ ਛੰਦ ਹੈ। ਪਉੜੀ ਤੋਂ ਬਿਨਾਂ ਵਾਰ ਲਿਖੀ ਨਹੀਂ ਜਾ ਸਕਦੀ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਮਹਾਨ ਕੋਸ਼' ਵਿਚ ਵਾਰ ਦਾ ਅਰਥ ਪਉੜੀ ਕੀਤਾ ਹੈ। ਵਾਰ ਰਚਣ ਵਾਸਤੇ ਪਉੜੀ ਪ੍ਰਮਾਣੀਕ ਛੰਦ ਹੈ।

ਇਹ ਲੋਕ ਕਾਵਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਇਤਨਾ ਹਰਮਨ ਪਿਆਰਾ ਸੀ ਕਿ ਜਨ ਸਾਧਾਰਨ ਨੂੰ ਨਾਮ-ਬਾਣੀ ਦੇ ਨਾਲ ਜੋੜਨ ਵਾਸਤੇ ਇਸ ਕਾਵਿ ਰੂਪ ਦੀ ਤਿੰਨ ਤਰ੍ਹਾਂ ਵਰਤੋਂ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕਤਾ ਦੇ ਸ਼ਾਂਤ ਵਾਤਾਵਰਨ ਨਾਲ ਜੋੜ ਦਿੱਤਾ।

(੧) ਜਿਸ ਨਾਲ ਸਰੀਰਕ ਸੰਘਰਸ਼ ਦੀ ਬਜਾਏ ਆਤਮਿਕ ਸੰਘਰਸ਼ ਨਾਲ ਜਗਿਆਸੂ ਆਤਮਿਕ ਪਦ ਦੀ ਪ੍ਰਾਪਤੀ ਲਈ ਅੱਗੇ ਵਧਣ ਲੱਗੇ। ਦੈਵੀ ਅਤੇ ਅਸੁਰੀ ਮਨਮੁਖਾਂ ਅਤੇ ਗੁਰਮੁਖਾਂ ਦੇ ਸੰਘਰਸ਼ ਵਿੱਚੋਂ ਮਨਮੁਖਾਂ ਨੂੰ ਹਰਾ ਕੇ ਗੁਰਮੁਖ ਵਿਜਈ ਹੋ ਕੇ ਨਿਕਲਣ ਲੱਗੇ। ਅਸੁਰੀ ਸੰਪਦਾ, ਕਾਮ, ਕ੍ਰੋਧ, ਈਰਖਾ, ਦ੍ਵੈਸ਼, ਹਉਮੈ, ਅਹੰਕਾਰ ਆਦਿ ਮੰਦ ਪੈ ਗਏ ਅਤੇ ਦੈਵੀ ਸੰਪਦਾ ਧਰਮ, ਦਇਆ, ਖਿਮਾ, ਸਹਿਨਸ਼ੀਲਤਾ, ਪਰਉਪਕਾਰ, ਵਿਵੇਕ, ਗਿਆਨ ਆਦਿਕ ਜੇਤੂ ਬਣ ਕੇ ਨਿਕਲਣ ਲੱਗੇ।

(੨) ਇਹ ਲੋਕ-ਵਾਰਾਂ ਇਤਨੀਆਂ ਪ੍ਰਸਿੱਧ ਹੋ ਚੁੱਕੀਆਂ ਸਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦੂਸਰੇ ਗੁਰੂ ਸਾਹਿਬਾਨ ਨੇ ਇਸ ਲੋਕ-ਕਾਵਿ ਦੀ ਸ਼ੈਲੀ ਵਿਚ ਕੇਵਲ ਵਾਰਾਂ ਹੀ ਅੰਕਿਤ ਨਹੀਂ ਕੀਤੀਆਂ ਸਗੋਂ ਕਈ ਪੁਰਾਤਨ ਵਾਰਾਂ ਦੀਆਂ ਧੁਨੀਆਂ ਨਿਸ਼ਚਿਤ ਕਰ ਕੇ ਉਨ੍ਹਾਂ ਦੇ ਆਧਾਰ (ਧਾਰਨਾ) 'ਤੇ ਗਾਉਣ ਦੀ ਵੀ ਆਗਿਆ ਕੀਤੀ ਹੈ। ਬਾਈ ਵਾਰਾਂ ਵਿੱਚੋਂ ੯ ਵਾਰਾਂ ਤੇ ਧੁਨੀਆਂ ਚਾੜ੍ਹੀਆਂ ਹਨ। ੯ ਧੁਨੀਆਂ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੂਰਵਕਾਲ ਦੀਆਂ ਚਾਰ ਵਾਰਾਂ ਟੁੰਡੇ ਅਸ ਰਾਜੇ ਕੀ ਵਾਰ, ਸਿਕੰਦਰ ਬਿਰਾਹਿਮ ਕੀ ਵਾਰ, ਮੂਸੇ ਕੀ ਵਾਰ ਅਤੇ ਲਲਾਂ ਬਹਲੀਮਾਂ ਕੀ ਵਾਰ 'ਤੇ ਧੁਨੀਆਂ ਨਿਸ਼ਚਿਤ ਕਰ ਕੇ ਗਾਉਣ ਦੀ ਆਗਿਆ ਕੀਤੀ ਹੈ।

(੩) ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਗੁਰਬਾਣੀ ਵਿਚ ਵਾਰ-ਵਾਰ 'ਵਾਹਿਗੁਰੂ ਦੇ ਦਰ ਦਾ ਢਾਡੀ' ਆਖਿਆ ਹੈ:

- *ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥* (ਪੰਨਾ ੪੬੮)
- *ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥*
  ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥
  ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ॥
  ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ॥
  ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ॥ (ਪੰਨਾ ੯੧)
- *ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ॥*
  ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥
  ਢਾਢੀ ਦਰੁ ਘਰੁ ਪਾਇਸੀ ਸਚੁ ਰਖੈ ਉਰ ਧਾਰਿ॥
  ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰਿ॥
  ਢਾਢੀ ਕੀ ਸੇਵਾ ਚਾਕਰੀ ਹਰਿ ਜਪਿ ਹਰਿ ਨਿਸਤਾਰਿ॥ (ਪੰਨਾ ੫੧੬)
- *ਢਾਢੀ ਗੁਣ ਗਾਵੈ ਨਿਤ ਜਨਮੁ ਸਵਾਰਿਆ॥* (ਪੰਨਾ ੭੯੦)

ਢਾਡੀਆਂ ਨੂੰ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਬਹੁਤ ਉੱਚਾ ਸਥਾਨ ਦਿੱਤਾ ਹੈ। ਜੇ ਨਾਵਾਂ ਦੀ ਸੂਚੀ ਵੱਲ ਜਾਈਏ ਤਾਂ ਢਾਡੀਆਂ ਦੀ ਸੂਚੀ ਬਹੁਤ ਲੰਮੀ ਹੈ ਜਿਨ੍ਹਾਂ ਵਿੱਚੋਂ ਵੀਹਵੀਂ ਸਦੀ ਵਿਚ ਸਰਬਪੱਖੀ ਵਿਦਵਾਨ ਗਿਆਨੀ ਸੋਹਣ ਸਿੰਘ ਜੀ ਸੀਤਲ ਦਾ ਪ੍ਰਮੁੱਖ ਸਥਾਨ ਹੈ। ਸੀਤਲ

ਢਾਡੀਆਂ ਦਾ ਸਰਦਾਰ ਸੀ। ਅਕਾਸ਼ ਦਾ ਅਚਲ ਧਰੁਵ ਸੀ। ਇਸ ਦੀ ਉੱਚਤਾ ਨੂੰ ਹੋਰ ਕੋਈ ਨਹੀਂ ਪਹੁੰਚ ਸਕਿਆ।

ਗਿਆਨੀ ਸੋਹਣ ਸਿੰਘ ਜੀ ਸੀਤਲ ਦਾ ਜਨਮ ੭ ਅਗਸਤ ਸੰਨ ੧੯੦੯ ਈ. ਨੂੰ ਪਿਤਾ ਸ. ਖੁਸ਼ਹਾਲ ਸਿੰਘ, ਮਾਤਾ ਦਿਆਲ ਕੌਰ ਪਿੰਡ ਕਾਦੀਵਿੰਡ ਜ਼ਿਲ੍ਹਾ ਲਾਹੌਰ (ਹੁਣ ਪਾਕਿਸਤਾਨ) ਵਿਚ ਹੋਇਆ। ਪੰਜਾਬ ਯੂਨੀਵਰਸਿਟੀ (ਲਾਹੌਰ) ਤੋਂ ਮੈਟ੍ਰਿਕ ਅਤੇ ਗਿਆਨੀ ਪਾਸ ਕੀਤੀ। ਇਹ ਸਿੰਘ ਸਭਾ ਲਹਿਰ ਅਤੇ ਅਕਾਲੀ ਲਹਿਰ ਦਾ ਸਮਾਂ ਸੀ। ਇਸ ਸਮੇਂ ਸਿੱਖੀ ਦਾ ਪ੍ਰਚਾਰ ਜ਼ੋਰ ਨਾਲ ਹੋ ਰਿਹਾ ਸੀ। ਪਿੰਡ-ਪਿੰਡ ਦੀਵਾਨ ਸਜਦੇ ਸਨ। ਕਥਾਕਾਰ, ਲੈਕਚਰਾਰ, ਰਾਗੀ ਅਤੇ ਢਾਡੀ ਆਪਣੀ-ਆਪਣੀ ਕਲਾ (ਸ਼ੈਲੀ) ਵਿਦਵਤਾ ਨਾਲ ਗੁਰਬਾਣੀ, ਗੁਰ-ਇਤਿਹਾਸ ਬਾਰੇ ਵਿਖਿਆਨ ਦਿੰਦੇ ਸਨ। ਗਿਆਨੀ ਸੋਹਣ ਸਿੰਘ ਸੀਤਲ ਬਚਪਨ ਤੋਂ ਹੀ ਚੇਤੰਨ, ਵਿਵੇਕ ਬੁੱਧੀ ਵਾਲਾ ਯੁਵਕ ਸੀ। ਢਾਡੀਆਂ ਦੀ ਜੋਸ਼ੀਲੀ, ਔਜ ਪੂਰਨ ਸ਼ੈਲੀ ਵਿਚ ਗਾਈਆਂ ਸ਼ਹੀਦਾਂ ਦੀਆਂ ਵਾਰਾਂ ਆਪ ਜੀ ਦੇ ਮਨ 'ਤੇ ਅਕਹਿ ਪ੍ਰਭਾਵ ਪਾਉਂਦੀਆਂ ਸਨ। ਆਪ ਜੀ ਜਿੱਥੇ ਵੀ ਜਾਂਦੇ ਢਾਡੀਆਂ ਦੀਆਂ ਵਾਰਾਂ ਨੂੰ ਵਿਸ਼ੇਸ਼ ਰੁਚੀ ਨਾਲ ਸ੍ਰਵਣ ਕਰਦੇ ਸਨ। ਵਾਰਾਂ ਸੁਣਦੇ-ਸੁਣਦੇ ਵਾਰਾਂ ਲਿਖਣ ਲੱਗ ਪਏ। ਪਰ ਵਾਰਾਂ ਨੂੰ ਗਾਉਣ ਦਾ ਗੁਰ/ਗਿਆਨ ਪਿੰਡ ਲਲਆਣੀ ਦੇ ਭਰਾਈ ਚਰਾਗ ਦੀਨ ਨੂੰ ਉਸਤਾਦ ਧਾਰ ਕੇ ਪ੍ਰਾਪਤ ਕੀਤਾ। ਸੀਤਲ ਜੀ ਨੇ ਵਾਰਾਂ ਗਾਉਣ ਅਤੇ ਲਿਖਣ ਦਾ ਸੰਕਲਪ/ਅਰੰਭ ਅਜਿਹੇ ਸ਼ੁਭ ਸਮੇਂ ਕੀਤਾ, ਬਸ! ਸਤਿਗੁਰਾਂ ਨੇ 'ਗਿਆਨ ਅੰਜਨ' ਬਖ਼ਸ਼ ਦਿੱਤਾ ਅਤੇ ਸੀਤਲ ਜੀ ਅਕਾਸ਼ ਦੀਆਂ ਬੁਲੰਦੀਆਂ ਪੋਂਹਦੇ ਹੋਏ ਵਿਸ਼ਵ-ਪ੍ਰਸਿੱਧੀ ਦੇ ਸੁਆਮੀ ਬਣ ਗਏ। ਆਪ ਜੀਵਨ ਭਰ ਕੇਵਲ ਗੁਰੂ ਕੇ ਢਾਡੀ ਬਣ ਕੇ ਗੁਰੂ-ਘਰ ਨੂੰ ਸਮਰਪਿਤ ਰਹੇ। ਪੰਥ ਵਿਚ ਆਪ ਜੀ ਦਾ ਬਹੁਤ ਉੱਚਾ ਸਥਾਨ ਹੈ।

ਆਪ ਜੀ ਦੇ ਉੱਚੇ ਆਚਰਨ, ਸਿੱਖੀ ਜੀਵਨ, ਵਿਦਵਤਾ, ਘਾਲਣਾ-ਕਮਾਈ ਨਾਲ ਸੰਗਤਾਂ ਖਿੱਚੀਆਂ ਚਲੀਆਂ ਆਉਂਦੀਆਂ ਸਨ। ਲੇਖਕ ਨੂੰ ਕਈ ਵਾਰ ਸੀਤਲ ਜੀ ਨੂੰ ਸੁਣਨ ਦਾ ਸਮਾਂ ਮਿਲਿਆ ਹੈ। ਜੋ ਵਿਅਕਤੀ ਆਪ ਜੀ ਦਾ ਲੈਕਚਰ ਇਕ ਵਾਰ ਸੁਣ ਲੈਂਦਾ ਸੀ, ਉਹ ਆਪ ਜੀ ਦਾ ਸ਼ਰਧਾਲੂ ਬਣ ਜਾਂਦਾ ਸੀ। ਆਪ ਜੀ ਦਾ ਲੈਕਚਰ ਬਾ-ਦਲੀਲ ਹੁੰਦਾ ਸੀ, ਲੈਕਚਰ ਵਿਚ ਹਰ ਘਟਨਾ ਨੂੰ ਵੇਰਵੇ ਸਹਿਤ ਵਰਣਨ ਕਰਦੇ ਸਨ। ਬੋਲੇ ਸ਼ਬਦਾਂ ਦੁਆਰਾ ਦ੍ਰਿਸ਼-ਚਿੱਤਰ ਸ੍ਰੋਤਿਆਂ ਦੀਆਂ ਅੱਖਾਂ ਅੱਗੇ ਖੜ੍ਹਾ ਕਰ ਦਿੰਦੇ ਸਨ। ਲੋਕੋਕਤੀਆਂ, ਮੁਹਾਵਰੇ, ਕਹਾਵਤਾਂ ਦੀ ਜੜ੍ਹਤ ਸਮੇਂ ਅਨੁਸਾਰ ਕਰਦੇ ਸਨ। ਆਪਣੇ ਕਥਨ ਦੀ ਪ੍ਰੋੜਤਾ ਵਾਸਤੇ ਮਿਥਿਹਾਸ ਦੀ ਪੁੱਠ ਚਾੜ੍ਹਦੇ ਸਨ ਪਰ ਇਤਿਹਾਸ ਅਤੇ ਮਿਥਿਹਾਸ ਨੂੰ ਰਲਣ ਨਹੀਂ ਦਿੰਦੇ ਸਨ। ਇਸ ਤਰ੍ਹਾਂ ਲੈਕਚਰ ਵਿਚ ਜਾਨ ਪਾ ਕੇ ਹੋਰ ਵੀ ਰੋਚਕ ਬਣਾ ਦਿੰਦੇ ਸਨ। ਸ੍ਰੋਤਿਆਂ ਦੀ ਭਾਵਨਾ ਨੂੰ ਸਮਝਣ ਵਾਲੇ, ਸ੍ਰੋਤਿਆਂ ਦੇ ਮਨਾਂ ਨੂੰ ਪੜ੍ਹਨ ਵਾਲੇ, ਸਮੇਂ ਅਨੁਸਾਰ ਪ੍ਰਸੰਗ ਨੂੰ ਵਰਣਨ ਕਰਨ ਦੀ ਸਮਰੱਥਾ ਰੱਖਦੇ ਸਨ। ਸ੍ਰੋਤਿਆਂ ਦੀ ਬਿਰਤੀ ਅਨੁਸਾਰ ਪ੍ਰਸੰਗ ਨੂੰ ਸੰਖੇਪਤਾ ਦੇਣੀ ਅਤੇ ਵਿਸਤਾਰ ਵਿਚ ਲੈ ਜਾਣ ਦੀ ਯੋਗਤਾ ਰੱਖਦੇ ਸਨ। ਸਟੇਜ ਦੇ ਉੱਤੇ ਸਾਹਮਣੇ ਬੈਠੇ ਸ੍ਰੋਤਿਆਂ ਦੇ ਮਨ ਨੂੰ ਪੜ੍ਹ ਲੈਂਦੇ ਸਨ ਕਿ ਸ੍ਰੋਤੇ ਕਿਸ ਤਰ੍ਹਾਂ ਦਾ ਇਤਿਹਾਸ ਸੁਣਨਾ ਚਾਹੁੰਦੇ ਹਨ। ਵਿਸ਼ਾਲ ਗਿਆਨ ਦੇ ਸੁਆਮੀ ਹੋਣ ਕਰਕੇ ਪ੍ਰਕਰਣ ਨੂੰ ਰੋਚਿਕਤਾ ਅਧੀਨ ਪ੍ਰਮਾਣਾਂ/ਦ੍ਰਿਸ਼ਟਾਂਤਾਂ ਦੁਆਰਾ ਸ਼ਬਦ-ਸੰਸਾਰ (ਸ਼ਬਦ-ਜਾਲ) ਵਿਚ ਬੰਨ੍ਹ ਕੇ ਸ੍ਰੋਤੇ ਨੂੰ ਸੰਮੋਹਿਤ ਕਰ ਕੇ, ਆਪਣੇ ਨਾਲ ਬਹੁਤ ਦੂਰ ਲੈ ਜਾਂਦੇ ਸਨ ਅਤੇ ਆਪਣੇ ਸਿਧਾਂਤ ਨੂੰ ਸਿੱਧ ਕਰ ਕੇ, ਉੱਚ ਉਡਾਰੀਆਂ ਲਾ ਕੇ, ਜਦ ਆਪਣੇ ਲਕਸ਼ ਉੱਪਰ ਮੁੜ ਵਾਪਸ

ਆਉਂਦੇ ਸਨ ਤਾਂ ਸੁੱਤੇ ਦੀਆਂ ਸੁਪਨੇ ਦੀ ਤਰ੍ਹਾਂ ਅੱਖਾਂ ਖੁੱਲ੍ਹ ਜਾਂਦੀਆਂ ਸਨ ਕਿ ਸੀਤਲ ਜੀ ਜਿੱਥੇ ਆ ਕੇ ਹੁਣ ਬੋਲਣ ਲੱਗੇ ਹਨ, ਵਾਸਤਵ ਵਿਚ ਛੋਹਿਆ ਮੁੱਖ ਪ੍ਰਕਰਣ ਤਾਂ ਇਹ ਹੈ।

ਗਿਆਨੀ ਸੋਹਣ ਸਿੰਘ ਸੀਤਲ ਨੂੰ ਪੰਜਾਬ ਦੇ ਸਰਬਪੱਖੀ ਵਿਦਵਾਨ ਢਾਡੀ ਮੰਨਿਆ ਜਾਂਦਾ ਹੈ। ਜਿਨ੍ਹਾਂ ਨੇ ਸਿੱਖ ਇਤਿਹਾਸ ਦਾ ਬਰੀਕੀ ਨਾਲ ਅਧਿਐਨ ਕੀਤਾ ਸੀ। ਸੀਤਲ ਜੀ ਦਾ ਇਤਿਹਾਸਕ ਗਿਆਨ ਪੰਜਾਬੀ ਤਕ ਹੀ ਸੀਮਿਤ ਨਹੀਂ ਸੀ, ਉਹ ਅੰਗਰੇਜ਼ੀ ਅਤੇ ਫ਼ਾਰਸੀ ਦੇ ਵੀ ਪੂਰਨ ਗਿਆਤਾ ਸਨ। ਆਪ ਜੀ ਜਿਵੇਂ ਸਰਵਉੱਚ ਢਾਡੀ ਸਨ, ਲੇਖਕ ਵੀ ਬਹੁਤ ਉੱਚ-ਕੋਟੀ ਸਨ। ਜਿਤਨਾ ਕੁਝ ਵੀ ਆਪ ਜੀ ਨੇ ਲਿਖਿਆ ਹੈ, ਯਥਾਰਥ ਲਿਖਿਆ ਹੈ। ਸੱਚ ਦਾ ਪੱਲਾ ਨਹੀਂ ਛੱਡਿਆ। ਆਪ ਜੀ ਦੀਆਂ ਰਚਨਾਵਾਂ ਦੱਸਦੀਆਂ ਹਨ ਕਿ ਆਪ ਜੀ ਨੇ ਸਿੱਖ ਰਾਜ ਨਾਲ ਸਬੰਧਿਤ ਅੰਗਰੇਜ਼ ਲੇਖਕਾਂ ਦੀਆਂ ਲਿਖਤਾਂ ਦਾ ਅਧਿਐਨ ਕਿਤਨੀ ਗੰਭੀਰਤਾ ਨਾਲ ਕੀਤਾ ਸੀ! 'ਸਿੱਖ ਰਾਜ ਕਿਵੇਂ ਗਿਆ?' ਅਤੇ 'ਦੁਖੀਏ ਮਾਂ ਪੁੱਤ' ਤੱਥਾਂ ਦੇ ਅਧਾਰ 'ਤੇ ਲਿਖੇ ਅਜਿਹੇ ਕਰੁਣਾ ਰਸ ਭਰੇ ਗ੍ਰੰਥ ਹਨ, ਜਿਨ੍ਹਾਂ ਨੂੰ ਪੜ੍ਹ ਕੇ ਹਰ ਇਕ ਵਿਅਕਤੀ ਦੀ ਅੱਖ ਨਮ ਹੋ ਜਾਂਦੀ ਹੈ। ਸੀਤਲ ਜੀ ਅਨੇਕ ਗੁਣਾਂ ਨਾਲ ਵਿਭੂਸ਼ਤ ਸਨ। ਪ੍ਰਸਿੱਧ ਢਾਡੀ, ਕਵੀ, ਖੋਜੀ ਇਤਿਹਾਸਕਾਰ, ਨਾਵਲਕਾਰ, ਕਹਾਣੀਕਾਰ, ਨਾਟਕਕਾਰ, ਗੀਤਕਾਰ; ਗੱਲ ਕੀ ਆਪ ਜੀ ਸਰਬਪੱਖੀ ਕਲਾਕਾਰ ਸਨ। ਆਪ ਜੀ ਦੀਆਂ ਰਚਨਾਵਾਂ ਇਸ ਤਰ੍ਹਾਂ ਹਨ:

ਇਤਿਹਾਸਕ : ਮਨੁੱਖਤਾ ਦੇ ਗੁਰੂ (ਦਸ ਪਾਤਸ਼ਾਹੀਆਂ), ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਬੰਦਾ ਸਿੰਘ, ਸਿੱਖ ਰਾਜ ਕਿਵੇਂ ਬਣਿਆ, ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ਸਿੱਖ ਰਾਜ ਤੇ ਸ਼ੇਰੇ ਪੰਜਾਬ, ਸਿੱਖ ਰਾਜ ਕਿਵੇਂ ਗਿਆ, ਦੁਖੀਏ ਮਾਂ-ਪੁੱਤ, ਪੰਜਾਬ ਦਾ ਉਜਾੜਾ।

ਨਾਵਲ : ਈਚੋਗਿਲ ਨਹਿਰ ਤਕ, ਸੁੰਞਾ ਆਹਲਣਾ, ਮੁੱਲ ਦਾ ਮਾਸ, ਪਤਵੰਤੇ ਕਾਤਲ, ਵਿਜੋਗਣ, ਦੀਵੇ ਦੀ ਲੋਅ, ਬਦਲਾ, ਅੰਨ੍ਹੀ ਸੁੰਦਰਤਾ, ਜੰਗ ਜਾਂ ਅਮਨ, ਤੂਤਾਂ ਵਾਲਾ ਖੂਹ, ਜੁੱਗ ਬਦਲ ਗਿਆ, ਕਾਲੇ ਪਰਛਾਵੇਂ, ਪ੍ਰੀਤ ਤੇ ਪੈਸਾ, ਧਰਤੀ ਦੇ ਦੇਵਤੇ, ਪ੍ਰੀਤ ਕਿ ਰੂਪ, ਧਰਤੀ ਦੀ ਬੇਟੀ, ਮਹਾਰਾਣੀ ਜਿੰਦਾਂ, ਮਹਾਰਾਜਾ ਦਲੀਪ ਸਿੰਘ, ਹਿਮਾਲਿਆ ਦੇ ਰਾਖੇ, ਸੁਰਗ ਸਵੇਰਾ, ਸਭੇ ਸਾਝੀਵਾਲ ਸਦਾਇਨਿ, ਜਵਾਲਾਮੁਖੀ।

ਕਹਾਣੀ ਸੰਗ੍ਰਹਿ : ਕਦਰਾਂ ਬਦਲ ਗਈਆਂ, ਅੰਤਰਜਾਮੀ।

ਨਾਟਕ : ਸੰਤ ਲਾਧੋ ਰੇ।

ਗੀਤ : ਕੇਸਰੀ ਦੁਪੱਟਾ, ਜਦ ਮੈਂ ਗੀਤ ਲਿਖਦਾ ਹਾਂ

ਢਾਡੀ ਵਾਰਾਂ : ਸੀਤਲ ਕਿਰਣਾਂ, ਸੀਤਲ ਸੁਨੇਹੇ, ਸੀਤਲ ਹੰਝੂ, ਸੀਤਲ ਹੁਲਾਰੇ, ਸੀਤਲ ਤਰੰਗਾਂ, ਸੀਤਲ ਪ੍ਰਸੰਗ, ਸੀਤਲ ਪ੍ਰਕਾਸ਼, ਸੀਤਲ ਤਰਾਨੇ, ਸੀਤਲ ਵਾਰਾਂ, ਸੀਤਲ ਤਾਘਾਂ, ਸੀਤਲ ਵਲਵਲੇ, ਸੀਤਲ ਚੰਗਿਆੜੇ, ਸੀਤਲ ਚਮਕਾਂ, ਸੀਤਲ ਰਮਜ਼ਾਂ, ਸੀਤਲ ਉਮੰਗਾਂ, ਸੀਤਲ ਅੰਗਿਆਰੇ, ਸੀਤਲ ਮੁਨਾਰੇ, ਸੀਤਲ ਸੁਗਾਤਾਂ।

ਕਵਿਤਾ : ਵਹਿੰਦੇ ਹੰਝੂ, ਸੱਜਰੇ ਹੰਝੂ, ਦਿਲ ਦਰਿਆ

ਮਾਨ-ਸਨਮਾਨ : 'ਜੁੱਗ ਬਦਲ ਗਿਆ' ਆਪ ਜੀ ਦੇ ਨਾਵਲ ਨੂੰ ੧੯੭੪ ਵਿਚ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ। ਭਾਸ਼ਾ ਵਿਭਾਗ ਪੰਜਾਬ ਵੱਲੋਂ ਪਹਿਲਾ 'ਸ਼੍ਰੋਮਣੀ ਢਾਡੀ ਪੁਰਸਕਾਰ', ਫਿਰ ੧੯੯੩ ਵਿਚ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਦੇ

ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਆਪ ਜੀ ਨੂੰ 'ਭਾਈ ਗੁਰਦਾਸ ਪੁਰਸਕਾਰ' ਨਾਲ ਵੀ ਸਨਮਾਨਿਆ ਗਿਆ। ਇਸ ਤਰ੍ਹਾਂ ਸਫਲ ਸੇਵਾ ਕਰਕੇ ੨੩ ਸਤੰਬਰ ੧੯੯੮ ਨੂੰ ਸਚਖੰਡ ਸਿਧਾਰ ਗਏ।

ਸੀਤਲ ਜੀ ਅੰਗਰੇਜ਼ੀ, ਫਾਰਸੀ, ਉਰਦੂ, ਹਿੰਦੀ, ਬ੍ਰਿਜ ਭਾਸ਼ਾ ਅਤੇ ਪੰਜਾਬੀ ਦੇ ਮਹਾਨ ਵਿਦਵਾਨ ਸਨ। ਆਪ ਜੀ ਇਤਿਹਾਸ ਦੇ ਖੋਜੀ, ਨੀਤੀ ਨਿਪੁੰਨ ਸਨ ਤੇ ਆਪ ਦਾ ਵਿਵਹਾਰ ਕੁਸ਼ਲ ਸੀ। ਗਿਆਨੀ ਜੀ ਮਧੁਰ ਭਾਸ਼ੀ ਪਰ ਨਾਲ ਹੀ ਲੋੜ ਤੇ ਸਮੇਂ ਅਨੁਰੂਪ ਭਰਵੀਂ ਗਰਜਵੀਂ ਆਵਾਜ਼ ਵਾਲੇ ਸਨ। ਆਪ ਜੀ ਦਾ ਵਿਅਕਤਿਤਵ ਮਹਾਨ ਸੀ। ਆਪ ਪੂਰਨ ਗੁਰਸਿੱਖ ਸਨ ਤੇ ਸਿੱਖੀ ਪ੍ਰਚਾਰ ਦੀ ਅਕਹਿ ਲਗਨ ਰੱਖਦੇ ਸਨ। ਦਰਸ਼ਨੀਯ ਸਰੀਰ, ਲੰਮਾ ਕੱਦ, ਚੌੜਾ ਮਸਤਕ, ਭਰਵਾਂ ਲੰਮਾ ਦਾਹੜਾ ਸੀ। ਨੀਲਾ ਦਸਤਾਰਾ, ਨੀਲਾ ਗਾਤਰਾ, ਸ਼ਵੇਤ ਵਸਤਰ ਪਹਿਨਦੇ ਸਨ। ਉੱਚੇ ਆਚਰਨ ਵਾਲੇ, ਗੁਰਬਾਣੀ ਦੇ ਨਿਤਨੇਮੀ ਸਨ। ਤਕਰੀਰ ਅਤੇ ਤਹਿਰੀਰ ਦੇ ਧਨੀ ਸਨ। ਹਾਜ਼ਰ ਜਵਾਬ ਸਨ ਅਤੇ ਸ਼ੰਕਾ ਨੂੰ ਤੁਰੰਤ ਮਿਟਾਉਣ ਵਾਲੇ ਸਨ। ਰੌਸ਼ਨ ਦਿਮਾਗ, ਰੌਸ਼ਨ ਜ਼ਮੀਰ, ਪ੍ਰਤਿਭਾ, ਬੁੱਧੀ ਦੇ ਸੁਆਮੀ ਸਨ।

ਆਪ ਜੀ ਦਾ ਆਦਰਸ਼ ਸਿੱਖੀ ਪ੍ਰਚਾਰ ਲਈ ਨਵੇਂ ਢਾਡੀਆਂ ਵਾਸਤੇ ਪ੍ਰੇਰਨਾ ਦਾ ਸ੍ਰੋਤ ਬਣ ਸਕਦਾ ਹੈ। ਨਵੇਂ ਢਾਡੀ ਆਪ ਜੀ ਦੀ ਘਾਲਣਾ ਮਰਯਾਦਾ ਤੋਂ ਸੇਧ ਲੈ ਕੇ ਪੰਥ ਦੀ ਸੇਵਾ ਅਤੇ ਆਪਣੇ ਸਤਿਕਾਰ ਵਿਚ ਵਾਧਾ ਕਰ ਸਕਦੇ ਹਨ।

ਸਫਲ ਸਿੱਖ ਪ੍ਰਚਾਰਕ : ਗਿਆਨੀ ਸੋਹਣ ਸਿੰਘ ਸੀਤਲ

-ਸ. ਰੂਪ ਸਿੰਘ

ਵਿਸ਼ਵ-ਪ੍ਰਸਿੱਧ ਢਾਡੀ, ਨਾਵਲਕਾਰ, ਕਹਾਣੀਕਾਰ, ਵਾਰਤਕਕਾਰ, ਨਾਟਕਕਾਰ, ਗੀਤਕਾਰ ਤੇ ਕਵੀ ਗਿਆਨੀ ਸੋਹਣ ਸਿੰਘ ਸੀਤਲ ਸਫਲ ਸਿੱਖ ਪ੍ਰਚਾਰਕ ਸਨ। ਗੁਰਬਾਣੀ ਸਿੱਖ ਵਿਚਾਰਧਾਰਾ ਤੇ ਇਤਿਹਾਸ ਨੂੰ ਪੜ੍ਹਨਾ-ਸਮਝਣਾ ਤੇ ਪ੍ਰਚਾਰਨਾ ਉਨ੍ਹਾਂ ਦਾ ਜੀਵਨ ਭਰ ਆਦਰਸ਼ ਰਿਹਾ। ਕਿਸਾਨ ਪਰਵਾਰ 'ਚ ਜੰਮੇ-ਪਲੇ ਸੀਤਲ ਜੀ ਨੇ ਸਕੂਲੀ ਪੜ੍ਹਾਈ ਦਸਵੀਂ ਤੀਕ ਪ੍ਰਾਪਤ ਕਰ, ਗਿਆਨੀ ਦਾ ਇਮਤਿਹਾਨ ਨਿੱਜੀ ਪੱਧਰ 'ਤੇ ਪਾਸ ਕੀਤਾ। ਗਿਆਨ-ਪ੍ਰਾਪਤੀ ਦੀ ਅਮੁੱਕ ਜਿਗਿਆਸਾ ਸੀ, ਸੀਤਲ ਜੀ ਦੇ ਵਿਚ! ਸਿੱਖੀ ਸਿਦਕ ਭਰੋਸੇ, ਸਿਰੜ, ਲਗਨ ਤੇ ਮਿਹਨਤ ਸਦਕਾ ਸੀਤਲ ਜੀ ਜੀਵਨ ਭਰ ਪੜ੍ਹਦੇ ਲਿਖਦੇ ਤੇ ਸਿੱਖ ਧਰਮ ਦੇ ਪ੍ਰਚਾਰ-ਪਸਾਰ ਹਿਤ ਜੁਟੇ ਰਹੇ। ਸਫਲ ਸਿੱਖ ਪ੍ਰਚਾਰਕ ਵਾਲੇ ਸਾਰੇ ਗੁਣ ਸੀਤਲ ਜੀ ਨੂੰ ਅਕਾਲ ਪੁਰਖ ਨੇ ਬਖਸ਼ਿਸ਼ ਕੀਤੇ ਸਨ। ਵਿਦਵਾਨ ਲੇਖਕ ਤੇ ਸਫਲ ਬੁਲਾਰੇ ਦੇ ਬਰਾਬਰ ਗੁਣ ਕੁਦਰਤ ਕਿਸੇ-ਕਿਸੇ ਨੂੰ ਹੀ ਬਖਸ਼ਿਸ਼ ਕਰਦੀ ਹੈ, ਨਹੀ ਤਾਂ ਆਮ ਕਰਕੇ ਲੇਖਕ ਸਫਲ ਬੁਲਾਰੇ ਨਹੀਂ ਹੁੰਦੇ ਅਤੇ ਸਫਲ ਬੁਲਾਰੇ ਪ੍ਰਵਾਨਤ ਲੇਖਕ ਨਹੀਂ ਹੁੰਦੇ। ਸੀਤਲ ਜੀ ਇਸ ਪੱਖ ਤੋਂ ਭਾਗਸ਼ਾਲੀ ਸਨ ਕਿ ਉਨ੍ਹਾਂ ਕੋਲ ਦੋਵੇਂ ਗੁਣ ਭਰਪੂਰ ਸਨ। ਸਫਲ ਬੁਲਾਰੇ ਵਾਸਤੇ ਨਿੱਜੀ ਸ਼ਖ਼ਸੀਅਤ, ਬੋਲਣ ਦਾ ਵਿਸ਼ਾ, ਵਿਸ਼ੇ 'ਤੇ ਬੋਲਣ ਦੀ ਥਾਂ ਤੇ ਸਰੋਤਿਆਂ ਦੀ ਪੱਧਰ ਅਤੇ ਗਿਣਤੀ ਪ੍ਰਭਾਵਿਤ ਕਰਦੀ ਹੈ। ਨਿੱਜੀ ਸ਼ਖ਼ਸੀਅਤ 'ਚ ਬੁਲਾਰੇ ਦਾ ਕੱਦ, ਸਿਹਤ, ਅਵਾਜ਼, ਪਹਿਰਾਵਾ, ਖਾਣ-ਪੀਣ, ਸਵੈ-ਵਿਸ਼ਵਾਸ, ਆਪਣੇ ਬੋਲਾਂ 'ਤੇ ਭਰੋਸਾ ਅਤੇ ਅਭਿਆਸ, ਭਾਸ਼ਾ-ਸ਼ੈਲੀ, ਸਰੋਤਿਆਂ ਦੇ ਪੱਧਰ ਨੂੰ ਦੇਖਣ-ਸਮਝਣ ਦੀ ਪ੍ਰਤਿਭਾ, ਯਾਦਦਾਸ਼ਤ, ਸਮੇਂ ਦੀ ਪਾਬੰਦੀ, ਹਰਕਤਾਂ ਆਦਿ ਗੁਣ ਸ਼ਾਮਲ ਹਨ। ਇਸ ਤੋਂ ਇਲਾਵਾ ਜੀਵਨ-ਜਾਂਚ 'ਚ ਸੱਚ ਦੇ ਸਦ-ਉਪਯੋਗ ਆਦਿ ਗੁਣ ਵੀ ਬੁਲਾਰੇ ਦੀ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਦੇ ਹਨ। ਨਿੱਜੀ ਰੂਪ 'ਚ ਗਿਆਨੀ ਸੋਹਣ ਸਿੰਘ ਜੀ ਸੀਤਲ ਨੂੰ ਮੈਂ ਨੇੜਿਉਂ ਦੇਖਿਆ, ਸੁਣਿਆ ਤੇ ਪੜ੍ਹਿਆ ਹੈ। ਉਨ੍ਹਾਂ ਨੇ ਉਪਰੋਕਤ ਗੁਣਾਂ ਅਨੁਸਾਰ ਆਪਣੇ ਜੀਵਨ ਨੂੰ ਢਾਲਿਆ ਹੋਇਆ ਸੀ। ਗੁਰੂ-ਕਿਰਪਾ ਸਦਕਾ ਉਨ੍ਹਾਂ ਦਾ ਕੱਦ ਲੰਮੇਰਾ, ਸਾਫ ਰੰਗ, ਸਫੈਦ ਬਸਤਰ, ਨੀਲੀ ਦਸਤਾਰ, ਸਫੈਦ ਨਿਰਮਲ ਦਾਹੜਾ, ਰਹਿਣ-ਸਹਿਣ-ਬੋਲ-ਚਾਲ ਅਤੇ ਖਾਣ-ਪੀਣ ਉਨ੍ਹਾਂ ਦੀ ਨਿਵੇਕਲੀ ਸ਼ਖ਼ਸੀਅਤ ਨੂੰ ਨਿਖੇੜਦਾ ਸੀ। ਉਨ੍ਹਾਂ ਦੇ ਬੋਲਾਂ 'ਚ ਪੂਰਨ ਸਵੈ-ਵਿਸ਼ਵਾਸ ਸੀ। ਸੀਤਲ ਜੀ ਤਿੰਨ ਭੈਣਾਂ ਦੇ ਇਕਲੌਤੇ ਭਾਈ ਸਨ। ਇਨ੍ਹਾਂ ਦੇ ਮਾਤਾ-ਪਿਤਾ ਸ਼ਾਂਤ ਤੇ ਸੰਤੋਖੀ ਸੁਭਾਅ ਦੇ ਮਾਲਕ ਸਨ। ਸਿੱਖੀ ਇਨ੍ਹਾਂ ਦੇ ਪਰਵਾਰ ਵਿਚ ਰੋਮ-ਰੋਮ 'ਚ ਸਮੋਈ ਹੋਈ ਸੀ। ਪਹਿਲਾਂ-ਪਹਿਲ ਇਕ ਭੈੜਾ ਰਿਵਾਜ ਸੀ ਕਿ ਛੋਟੇ ਲੜਕੇ ਦੇ ਕੇਸਾਂ ਦੀ ਇਕ ਲਿਟ ਕੈਂਚੀ ਨਾਲ ਕੱਟ ਕੇ ਤਵੀਤ ਬਣਾ ਉਸ ਦੇ ਗਲੇ ਵਿਚ ਪਾ ਦਿੱਤਾ ਜਾਂਦਾ ਸੀ ਤਾਂ ਕਿ ਭੈੜੀ ਨਜ਼ਰ ਨਾ ਲੱਗੇ। ਸੀਤਲ ਜੀ ਦੀ ਮਾਤਾ ਨੂੰ ਵਡੇਰੀ ਉਮਰ ਦੀਆਂ ਮਾਤਾਵਾਂ ਨੇ ਸਲਾਹ ਦਿੱਤੀ ਕਿ ਇਸ ਦੇ ਕੇਸਾਂ ਦੀ ਇਕ ਲਿਟ ਕੱਟ ਦਿੱਤੀ ਜਾਵੇ, ਪਰ ਉਨ੍ਹਾਂ ਦੀ ਮਾਤਾ ਦਾ ਜਵਾਬ ਸੀ - ਨਹੀਂ ਬੇਬੇ! ਮੈਂ ਆਪਣੇ ਹੱਥੀਂ ਪੁੱਤਰ ਦੇ ਸੁੱਚੇ ਕੇਸ ਜੂਠੇ ਨਹੀ ਕਰਨੇ। ਇਸ ਦਾ ਗੁਰੂ ਮਹਾਰਾਜ ਰਾਖਾ। ਸੀਤਲ ਜੀ

'ਤੇ ਉਨ੍ਹਾਂ ਦੀ ਮਾਤਾ ਦੇ ਸਿੱਖੀ-ਸਿਦਕ ਭਰੋਸੇ ਦਾ ਅਸਰ ਸੀ ਕਿ ਉਨ੍ਹਾਂ ਆਖਰੀ ਸਾਹਾਂ ਤੀਕ ਕੇਸ ਸੁੱਚੇ ਰੱਖੇ ਤੇ ਕੇਸਾਂ ਨੂੰ ਸਭ ਤੋਂ ਪਵਿੱਤਰ ਮੰਨਿਆ, ਸਤਿਕਾਰਿਆ ਤੇ ਪ੍ਰਗਟਾਇਆ। ਸੀਤਲ ਜੀ ਦਾ ਨਿਸ਼ਚਾ ਸੀ ਕਿ ਕੇਸ ਸਰੀਰ ਦੇ ਸਭ ਤੋਂ ਪਵਿੱਤਰ ਅੰਗ ਹਨ ਤੇ ਇਨ੍ਹਾਂ ਦੀ ਬੇਅਦਬੀ ਕਰਨਾ ਸਿਰਜਨਹਾਰ ਦੀ ਨਿਰਾਦਰੀ ਕਰਨ ਦੇ ਬਰਾਬਰ ਹੈ।

ਸੀਤਲ ਜੀ ਵਿਸ਼ਵ ਧਰਮਾਂ ਦੇ ਜਾਣਕਾਰ, ਸਿੱਖ ਧਰਮ ਦੇ ਗਿਆਤਾ ਤੇ ਗੁਰਬਾਣੀ ਦੇ ਅਭਿਆਸੀ ਸਨ। ਗੁਰਬਾਣੀ-ਗੁਰਮਤਿ ਵਿਚਾਰਧਾਰਾ ਅਨੁਸਾਰ ਸਿੱਖ ਇਤਿਹਾਸ ਨੂੰ ਉਹ ਇਤਿਹਾਸ ਮੰਨਦੇ ਸਨ, ਬਾਕੀ ਕਥਾਂ-ਕਹਾਣੀਆਂ ਵਿਚਾਰਾਂ ਦੀ ਸਰਲਤਾ-ਸਪਸ਼ਟਤਾ ਤੇ ਪੇਸ਼ਕਾਰੀ 'ਚ ਉਹ ਨਿਪੁੰਨ ਸਨ। ਗੁਰਬਾਣੀ ਦੇ ਸ਼ੁੱਧ ਪ੍ਰਮਾਣ-ਇਤਿਹਾਸਕ ਸੱਚਾਈਆਂ ਨੂੰ ਉਹ ਐਸੇ ਤਰਤੀਬਵਾਰ ਰੌਚਕ ਢੰਗ ਨਾਲ ਸੁਣਾਉਂਦੇ ਸਨ ਕਿ ਸ੍ਰੋਤੇ ਮੰਤਰ-ਮੁਗਧ ਹੋ ਜਾਂਦੇ ਸਨ।

ਪ੍ਰਚਾਰਕ ਵਾਸਤੇ ਇਹ ਜ਼ਰੂਰੀ ਹੈ ਕਿ ਕਹਿਣੀ ਕਥਨੀ ਤੇ ਕਰਨੀ ਦਾ ਸੂਰਮਾ ਹੋਵੇ। ਜਿਸ ਵਿਚਾਰਧਾਰਾ ਦਾ ਉਹ ਪ੍ਰਚਾਰ ਕਰਦਾ ਹੈ ਉਸ ਨੂੰ ਉਸ ਵਿਚਾਰਧਾਰਾਂ ਨੂੰ ਰੋਮ-ਰੋਮ ਮੰਨਦੇ ਹੋਣਾ ਤੇ ਉਸ ਦਾ ਧਾਰਨੀ ਹੋਣਾ ਜ਼ਰੂਰੀ ਹੈ। ਗੁਰਬਾਣੀ ਦੇ ਸੀਤਲ ਜੀ ਨੇਮੀ ਵੀ ਸਨ ਤੇ ਪ੍ਰੇਮੀ ਵੀ। ਉਨ੍ਹਾਂ ਨੂੰ ਅਕਾਲ ਪੁਰਖ ਤੇ ਗੁਰਬਾਣੀ 'ਚ ਅਟੁੱਟ ਭਰੋਸਾ ਸੀ। ਸਵੈਮਾਣ ਤੇ ਨਿਮਰਤਾ ਪ੍ਰਚਾਰਕਾਂ ਦੇ ਗਹਿਣੇ ਹਨ। ਸੀਤਲ ਜੀ ਦੇ ਬੋਲ ਸਨ, ਗੁਰੂ ਕਿਰਪਾ ਕਰੇ ਮੈਂ ਕੌਮ ਦੇ ਪ੍ਰਚਾਰਕ ਵਜੋਂ ਹੀ ਸੰਸਾਰ ਤੋਂ ਅਲਵਿਦਾ ਹੋਵਾਂ! ਸੀਤਲ ਜੀ ਹਉਮੈ-ਹੰਕਾਰ ਤੋਂ ਸੁਚੇਤ ਤੇ ਸੁਤੰਤਰ ਸਨ-ਬਾਬਾ ਕਬੀਰ ਜੀ ਦੀ ਇਹ ਪੰਗਤੀ ਉਹ ਆਮ ਕਰਕੇ ਦੁਹਰਾਉਂਦੇ ਸਨ :

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥ (ਪੰਨਾ ੧੩੬੬)

ਉਨ੍ਹਾਂ ਦੇ ਕਹਿਣ ਦਾ ਭਾਵ ਕਿ ਸਾਨੂੰ ਜਤਨਸ਼ੀਲ ਰਹਿਣਾ ਚਾਹੀਦਾ ਹੈ, ਕਿ ਅਸੀਂ ਚੰਗੇ ਆਚਰਨ, ਚੰਗੀ ਰਹਿਣੀ ਬਹਿਣੀ ਦੇ ਧਾਰਨੀ ਹੋਈਏ ਤਾਂ ਕਿ ਅਸੀਂ ਜੀਵਨ ਰੂਪੀ ਚਾਦਰ ਨੂੰ ਸਾਫ-ਸੁਥਰੀ ਰੱਖ ਸਕੀਏ--ਨਹੀਂ ਤਾਂ ਪਤਾ ਨਹੀਂ ਕਿਸ ਸਮੇਂ ਦਿਮਾਗ ਖਰਾਬ ਹੋ ਜਾਵੇ ਤੇ ਜੀਵਨ ਦਾਗੀ ਹੋ ਜਾਵੇ!

ਪ੍ਰਚਾਰਕ ਵਾਸਤੇ ਰੋਜ਼ਾਨਾ ਪੜ੍ਹਨਾ ਜ਼ਰੂਰੀ ਹੈ। ਜੇਕਰ ਉਹ ਇਸ ਗੁਣ ਦਾ ਧਾਰਨੀ ਨਹੀਂ ਤਾਂ ਉਹ ਰੋਜ਼ਾਨਾ ਕੁਝ ਗਵਾ ਰਿਹਾ ਹੈ। ਸੀਤਲ ਜੀ ਆਖਰੀ ਸਮੇਂ ਤੀਕ ਪੜ੍ਹਦੇ ਤੇ ਲਿਖਦੇ ਰਹੇ। ਇਹੀ ਕਾਰਨ ਹੈ ਕਿ ਉਹ ਆਪਣੀ ਨਜ਼ਰ ਬਾਰੇ ਬਹੁਤ ਸੁਚੇਤ ਸਨ। ਪ੍ਰਚਾਰਕ ਤਾਂ ਸਫਲ ਹੋ ਸਕਦਾ ਹੈ, ਜੇਕਰ ਉਹ ਸਰੋਤਿਆਂ ਦੇ ਚਿਹਰਿਆਂ ਨੂੰ ਪੜ੍ਹ ਸਕੇ। ਸੀਤਲ ਜੀ ਨੂੰ ਇਕ ਵਾਰ ਮੈਂ ਪੁੱਛਿਆ ਕਿ ਤੁਸੀਂ ਇੰਨਾ ਕੁਝ ਕਿਵੇਂ ਯਾਦ ਰੱਖਦੇ ਹੋ? ਤਾਂ ਉਨ੍ਹਾਂ ਕਿਹਾ ਕਿ ਮੈਂ ਆਪਣੇ ਸਰੋਤਿਆਂ ਦੇ ਚਿਹਰਿਆਂ ਤੋਂ ਪੜ੍ਹਦਾ ਹਾਂ ਕਿ ਉਹ ਕੀ ਸੁਣਨਾ ਲੋਚਦੇ ਹਨ। ਉਨ੍ਹਾਂ ਦਾ ਕਥਨ ਹੈ, ਕਿ ਇਕ ਕਿਤਾਬ ਲਿਖਣ ਵਾਸਤੇ ਘੱਟੋ-ਘੱਟ ਸੌ ਕਿਤਾਬ ਪੜ੍ਹਨੀ ਪੈਂਦੀ ਹੈ। ਅੰਦਾਜ਼ਾ ਲਗਾਉ ਕਿ ਉਨ੍ਹਾਂ ਕਿਤਨਾ ਪੜ੍ਹਿਆ ਹੋਵੇਗਾ ਕਿ ਸੌ ਤੋਂ ਵਧੇਰੇ ਉਨ੍ਹਾਂ ਪੁਸਤਕਾਂ ਲਿਖੀਆਂ ਹਨ।

ਸੀਤਲ ਜੀ ਪੰਜਾਬੀ, ਉਰਦੂ, ਅੰਗਰੇਜ਼ੀ, ਹਿੰਦੀ ਤੇ ਸੰਸਕ੍ਰਿਤ ਭਾਸ਼ਾ ਦੇ ਗਿਆਤਾ ਸਨ। ਉਨ੍ਹਾਂ ਨੇ ਖੂਬ ਪੜ੍ਹਿਆ ਅਤੇ ਪ੍ਰਚਾਰਿਆ ਹੈ। ਉਹ ਇਸ ਵਿਸ਼ਵਾਸ ਦੇ ਧਾਰਨੀ ਸਨ ਕਿ

ਆਪਣੇ ਧਰਮ ਦੀ ਵਿਲੱਖਣਤਾ ਸਥਾਪਤ ਕਰਨ ਵਾਸਤੇ ਦੂਸਰੇ ਧਰਮਾਂ ਦੀ ਜਾਣਕਾਰੀ ਜ਼ਰੂਰੀ ਹੈ। ਦੂਸਰੇ ਧਰਮਾਂ ਦਾ ਗਿਆਨ ਪ੍ਰਚਾਰਕਾਂ ਵਾਸਤੇ ਬੇਹੱਦ ਜ਼ਰੂਰੀ ਹੈ। ਸੀਤਲ ਜੀ ਇਸ ਖੇਤਰ 'ਚ ਨਿਪੁੰਨ ਸਨ। ਉਨ੍ਹਾਂ ਨੇ ਚਾਰੇ ਵੇਦ, ਸਿਮ੍ਰਤੀਆਂ, ਗੀਤਾ, ਮਹਾਂਭਾਰਤ, ਬਾਈਬਲ, ਪਵਿੱਤਰ ਕੁਰਾਨ ਆਦਿ ਤੋਂ ਇਲਾਵਾ ਹੋਰ ਧਾਰਮਿਕ-ਦਾਰਸ਼ਨਿਕ ਲੇਖਾਂ ਦੀਆਂ ਕਿਰਤਾਂ ਨੂੰ ਖ਼ੂਬ ਪੜ੍ਹਿਆ-ਵਾਚਿਆ, ਵਿਚਾਰਿਆ ਤੇ ਉਨ੍ਹਾਂ ਦੇ ਸੰਦਰਭ ਵਿਚ ਗੁਰਮਤਿ ਗਿਆਨ ਦਾ ਪ੍ਰਚਾਰ-ਪ੍ਰਸਾਰ ਕੀਤਾ। ਜੂਠ ਅਤੇ ਝੂਠ ਤੋਂ ਉਨ੍ਹਾਂ ਹਮੇਸ਼ਾਂ ਪਰਹੇਜ਼ ਕੀਤਾ ਤੇ ਇਸ ਤੋਂ ਬਚਣ ਦਾ ਪ੍ਰਚਾਰ ਕੀਤਾ।

ਵਹਿਮਾਂ-ਭਰਮਾਂ-ਪਾਖੰਡਾਂ-ਦਿਖਾਵੇ ਤੋਂ ਕੋਹਾਂ ਦੂਰ ਸੀਤਲ ਜੀ ਰੋਮ-ਰੋਮ ਤੋਂ ਗੁਰੂ ਗ੍ਰੰਥ ਤੇ ਗੁਰੂ-ਪੰਥ ਨੂੰ ਸਮਰਪਿਤ ਸਨ। 'ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ' ਦੇ ਧਾਰਨੀ ਤੇ ਪ੍ਰਚਾਰਕ ਸਨ। ਵਿਅਕਤੀ-ਵਾਦ ਅਖੌਤੀ ਸਾਧਵਾਦ ਦੇ ਉਹ ਕੱਟੜ ਵਿਰੋਧੀ ਸਨ। ਗੁਰਮਤਿ ਵਿਚਾਰਧਾਰਾ ਦੇ ਜਾਣਕਾਰ ਤੇ ਪ੍ਰਚਾਰਕ ਸਨ। ਉਨ੍ਹਾਂ ਜੀਵਨ ਭਰ ਮਨਮਤ ਦਾ ਵਿਰੋਧ ਕੀਤਾ ਤੇ ਗੁਰਮਤਿ ਦਾ ਪ੍ਰਚਾਰ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਦੀ ਘਟਨਾ ਉਨ੍ਹਾਂ ਦੀ ਜੁਬਾਨੀ:

"ਸਿੰਧ ਵਿਚ ਅਸੀਂ ਕੀਰਤਨ ਕਰਨ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਸੱਜੇ ਹੱਥ ਇਕ ਉੱਚਾ ਪਲੰਘ ਡੱਠਾ ਹੋਇਆ ਸੀ। ਉਸ 'ਤੇ ਬੜੀ ਸੁੰਦਰ ਵਿਛਾਈ ਤੇ ਦੋਹੀਂ ਪਾਸੀਂ ਦੋ ਗੱਦੀਆਂ ਲੱਗੀਆਂ ਹੋਈਆਂ ਸਨ। ਮੈਂ ਸਮਝਿਆ ਸ਼ਾਇਦ ਰਾਤ ਨੂੰ ਮਹਾਰਾਜ ਇਸ ਪਲੰਘ 'ਤੇ ਸੁਖਆਸਣ ਕੀਤੇ ਜਾਂਦੇ ਹੋਣ। ਰਾਗੀ ਸਿੰਘ ਕੀਰਤਨ ਕਰ ਰਹੇ ਸਨ ਤਾਂ ਪ੍ਰਬੰਧਕਾਂ ਵਿਚ ਘਿਰੇ ਹੋਏ ਇਕ ਮਹਾਤਮਾ ਆਏ। ਉਨ੍ਹਾਂ ਨੇ ਭਗਵੇਂ ਰੰਗ ਦੀ ਗਿਲਤੀ ਮਾਰੀ ਹੋਈ ਸੀ। ਉਸਨੇ ਮਹਾਰਾਜ ਅੱਗੇ ਖਲੋਤਿਆਂ ਹੀ ਥੋੜ੍ਹਾ ਜਿਹਾ ਸਿਰ ਝੁਕਾ ਦਿੱਤਾ ਤੇ ਉਸ ਪਲੰਘ 'ਤੇ ਚੌਕੜੀ ਮਾਰ ਕੇ ਬੈਠ ਗਿਆ। ਇਹ ਵੇਖਦੇ ਸਾਰ ਮੇਰੇ ਅੰਦਰ ਭਾਂਬੜ ਬਲ਼ ਉੱਠੇ। ਮੈਂ ਉਸੇ ਸਮੇਂ ਦੀਵਾਨ 'ਚੋਂ ਬਾਹਰ ਆ ਗਿਆ, ਮੇਰੇ ਸਾਥੀ ਵੀ ਪਿੱਛੇ ਆ ਗਏ। ਮੇਰੇ ਚਿਹਰੇ 'ਤੇ ਵੱਟ ਪਏ ਵੇਖ ਕੇ ਪ੍ਰਬੰਧਕ ਵੀ ਬਾਹਰ ਆ ਗਏ। ਗੁੱਸੇ 'ਤੇ ਕਾਬੂ ਪਾਉਣਾ ਉਸ ਸਮੇਂ ਮੇਰੇ ਲਈ ਔਖਾ ਸੀ। ਪ੍ਰਬੰਧਕਾਂ ਪੁੱਛਿਆ ਤਾਂ ਮੈਂ ਸਾਫ਼ ਕਹਿ ਦਿੱਤਾ, ਕਿ ਸਾਡੇ ਬੈਠਿਆਂ ਉਸ ਸੱਜਣ ਦੀ ਇਹ ਜ਼ੁਅਰਤ ਕਿਵੇਂ ਪਈ ਕਿ ਮਹਾਰਾਜ ਦੇ ਬਰਾਬਰ ਗੱਦੀ ਲਾ ਕੇ ਬੈਠ ਜਾਵੇ? ਮੇਰੀ ਅਵਾਜ਼ ਕਾਫੀ ਉੱਚੀ ਹੋ ਗਈ। ਇਕ ਸ਼ਰਧਾਲੂ ਨੇ ਜ਼ਰਾ ਤਲਖ਼ ਸ਼ਬਦਾਂ 'ਚ ਕਿਹਾ, ਉਹ ਸਾਡੇ ਗੁਰੂ ਹਨ। ਜਿਥੇ ਸਾਡੀ ਮਰਜ਼ੀ ਏ, ਬਿਠਾ ਸਕਦੇ ਹਾਂ। ਮੇਰਾ ਗੁੱਸਾ ਹੋਰ ਬੇਕਾਬੂ ਹੋ ਗਿਆ, ਮੈਂ ਹੋਰ ਉੱਚੇ ਸੁਰ 'ਚ ਕਿਹਾ ਤਾਂ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਿੱਖ ਹਾਂ, ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬਹੇ, ਅਸੀਂ ਉਠਾਉਣਾ ਜਾਣਦੇ ਹਾਂ, ਉਸ ਨੂੰ ਹੁਣੇ ਉਠਾ ਦਿਓ ਨਹੀ ਤਾਂ ਅਸੀ ਆਪ ਅੰਦਰ ਜਾ ਕੇ ਉਠਾ ਦਿਆਂਗੇ, ਝਗੜਾ ਵਧਦਾ ਵੇਖ ਪ੍ਰਬੰਧਕਾਂ ਨੇ ਉਸ ਆਦਮੀ ਨੂੰ ਮਹਾਰਾਜ ਦੀ ਤਾਬਿਆ 'ਤੇ ਬਿਠਾ ਦਿਤਾ।" ਇਸ ਤੋਂ ਸਪਸ਼ਟ ਹੈ ਕਿ ਕਿਸੇ ਵੀ ਸਿੱਖ ਨੂੰ ਗੁਰਬਾਣੀ ਸਤਿਕਾਰ, ਸਿੱਖ-ਸਿਧਾਂਤਾਂ ਤੇ ਸਿੱਖ ਰਹਿਤ ਮਰਯਾਦਾ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ।

ਉਹ ਉਹੀ ਲਿਖਦੇ ਤੇ ਬੋਲਦੇ ਸਨ, ਜਿਨ੍ਹਾਂ ਤੱਥਾਂ ਦੀ ਪਰਖ-ਪੜਚੋਲ ਉਹ ਕਰ ਚੁੱਕੇ ਸਨ। ਕਿਸ ਸਮੇਂ ਬੁਲਾਰੇ ਦੀ ਹਰਕਤ ਕੀ ਹੋਣੀ ਚਾਹੀਦੀ ਹੈ, ਇਸ਼ਾਰਾ ਕਿਵੇਂ ਕਰਨਾ ਹੈ ਇਸ

ਵਿਚ ਸੀਤਲ ਜੀ ਨਿਪੁੰਨ ਸਨ। ਉਨ੍ਹਾਂ ਦੇ ਇਹ ਬੋਲ ਅੱਜ ਵੀ ਮੇਰੇ ਕੰਨਾਂ ਵਿਚ ਗੂੰਜਦੇ ਹਨ ਤੇ ਇਸ਼ਾਰਾ ਸਾਹਮਣੇ ਹੈ:

ਸਰਦਾਰ ਸ਼ਾਮ ਸਿੰਘ ਜੀ ਅਟਾਰੀ ਵਾਲੇ ਨੇ ਦੇਖ ਲਿਆ ਕਿ ਅਸੀਂ ਅੰਗਰੇਜ਼ ਫੌਜ ਨੂੰ ਜਿੱਤ ਨਹੀਂ ਸਕਦੇ। ਸਰਦਾਰ ਸ਼ਾਮ ਸਿੰਘ ਨੇ ਆਪਣੇ ਚਿੱਟੇ ਸਫੈਦ ਦਾਹੜੇ 'ਤੇ ਹੱਥ ਫੇਰਿਆ (ਉਸ ਸਮੇਂ ਸੀਤਲ ਜੀ ਵੀ ਆਪਣੇ ਨਿਰਮਲ ਸਫੈਦ ਦਾਹੜੇ 'ਤੇ ਹੱਥ ਫੇਰਦੇ) ਕਿ ਸ਼ਾਮ ਸਿੰਘ! ਇਹ ਚਿੱਟਾ ਦਾਹੜਾ ਅੰਗਰੇਜ਼ਾਂ ਦੇ ਬੂਟ ਝਾੜਿਆ ਕਰੇਗਾ? ਮਰਦਾਂ ਦਾ ਕੰਮ ਮੈਦਾਨ-ਏ-ਜੰਗ ਵਿਚ ਸ਼ਹੀਦ ਹੋ ਜਾਣਾ – ਸ਼ਾਮ ਸਿੰਘ ਮੈਦਾਨ-ਏ-ਜੰਗ ਦੀ ਤਿਆਰੀ ਕਰਦਾ ਕਿਵੇਂ ਬਈ?

ਸਮੇਂ ਦੀ ਕਦਰ ਤੇ ਸਦ-ਉਪਯੋਗ ਹਰੇਕ ਵਾਸਤੇ ਜ਼ਰੂਰੀ ਹੈ, ਪਰ ਸਫਲ ਬੁਲਾਰੇ-ਪ੍ਰਚਾਰਕ ਵਾਸਤੇ ਸਮੇਂ ਦੀ ਪਾਬੰਦੀ-ਸਫਲਤਾ ਦਾ ਭੇਦ ਹੈ। ਬੁਲਾਰੇ ਦਾ ਆਪਣਾ ਹੀ ਸਮਾਂ ਕੀਮਤੀ ਨਹੀਂ ਹੁੰਦਾ ਸਗੋਂ ਸਰੋਤਿਆਂ ਦੇ ਸਮੇਂ ਦੀ ਕੀਮਤ ਨੂੰ ਜਾਣਨਾ ਵੀ ਉਸ ਲਈ ਜ਼ਰੂਰੀ ਹੈ। ਸੀਤਲ ਜੀ ਪ੍ਰਸੰਗ ਸੁਣਾਉਣ ਸਮੇਂ ਲੋੜ ਅਨੁਸਾਰ ਵਿਸਥਾਰ ਵੀ ਕਰਦੇ ਸਨ ਪਰ ਸਮੇਂ ਦੀ ਪਾਬੰਦੀ ਨੂੰ ਸਨਮੁਖ ਰੱਖਦਿਆਂ ਪ੍ਰਸੰਗ ਨੂੰ ਸਮੇਟਣ ਤੇ ਸੰਪੂਰਨ ਕਰਨ ਵਿਚ ਦੇਰ ਨਹੀਂ ਸਨ ਲਗਾਉਂਦੇ। ਮੈਨੂੰ ਯਾਦ ਹੈ ਕਿ ਇਕ ਵਾਰ ਸਾਡੇ ਪਿੰਡ ਖਾਨੋਵਾਲ ਹੋਲੇ-ਮੁਹੱਲੇ ਦੇ ਦੀਵਾਨ 'ਚ ਸੀਤਲ ਜੀ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਸੁਣਾ ਰਹੇ ਸਨ ਕਿ ਪਿੱਛੇ ਉਨ੍ਹਾਂ ਦੇ ਸਾਥੀ ਆਪਸੀ ਗੱਲਬਾਤ ਕਰਨ ਲੱਗ ਪਏ। ਸੀਤਲ ਜੀ ਦੇ ਬੋਲ ਸਨ, ਮੇਰੇ ਸਾਥੀ ਸਮਝਦੇ ਹਨ ਕਿ ਮੈਨੂੰ ਲੰਬੇ ਲੈਕਚਰ ਕਰਨ ਦੀ ਆਦਤ ਹੈ, ਪਰ ਜੇਕਰ ਮੈਂ ਲੰਬਾ ਲੈਕਚਰ ਕਰ ਸਕਦਾ ਹਾਂ, ਤਾਂ ਮੈਨੂੰ ਸੰਖੇਪ ਕਰਨਾ ਵੀ ਆਉਂਦਾ ਹੈ। ਵੱਡਾ ਵੀਰ ਜਾਂ ਸ਼ਹੀਦੀ ਪਾ ਗਿਆ, ਛੋਟਾ ਆਗਿਆ ਮੰਗਦਾ ਕਿਵੇਂ ਬਈ?...... ਸਾਥੀ ਇਕਦਮ ਸੁਣਦੇ ਸਾਰ ਉਲਝ ਗਏ। ਜੇਕਰ ਸਮਾਂ ਤਿੰਨ ਘੰਟੇ ਹੈ ਤਾਂ ਇਸ ਸਮੇਂ 'ਚ ਸਿੱਖ ਰਾਜ ਕਿਵੇਂ ਬਣਿਆ ਜਾਂ ਕਿਵੇਂ ਗਿਆ? ਸੁਣਾ ਸਕਦੇ ਹਨ। ਜੇਕਰ ਇਸ ਹੀ ਪ੍ਰਸੰਗ ਨੂੰ ਇਕ ਘੰਟੇ 'ਚ ਕਹਿਣਾ ਹੁੰਦਾ ਤਾਂ ਵੀ ਸੀਤਲ ਜੀ ਬਾਖੂਬੀ ਕਹਿ ਜਾਂਦੇ। ਅਰਦਾਸ ਸਮੇਂ ਕੇਵਲ ਉਹ ਇਹ ਸ਼ਬਦ ਹੀ ਬੋਲਦੇ, ਸਤਿਗੁਰੂ ਨਾਮ-ਦਾਨ ਤੇ ਚਰਨਾਂ ਦੀ ਪ੍ਰੀਤੀ ਬਖਸ਼ਿਸ਼ ਕਰਨ।

ਸ਼ੇਖ ਸਾਅਦੀ ਦਾ ਕਥਨ ਹੈ, ਜਦ ਤਕ ਮਨੁੱਖ ਮੂੰਹੋਂ ਨਹੀ ਬੋਲਦਾ ਉਸ ਦੀ ਖੂਬੀ ਤੇ ਬੁਰਾਈ ਲੁਕੀ ਰਹੇਗੀ! ਅਸਲ 'ਚ ਵਿਅਕਤੀ ਦਾ ਵਿਅਕਤਿਤਵ ਉਸ ਦੇ ਬੋਲਾਂ ਤੋਂ ਪ੍ਰਗਟ ਹੁੰਦਾ ਹੈ! ਪ੍ਰਚਾਰਕ ਵਾਸਤੇ ਬੋਲਾਂ ਦਾ ਬਹੁਤ ਮਹੱਤਵ ਹੈ। ਕੌਮ ਦਾ ਪ੍ਰਚਾਰਕ ਕੀ ਬੋਲਦਾ ਹੈ, ਹਰ ਸਮੇਂ ਅਰਥ ਰੱਖਦਾ ਹੈ। ਪ੍ਰਚਾਰਕ ਹਰ ਸਮੇਂ ਹਰ ਥਾਂ ਪ੍ਰਚਾਰਕ ਹੈ। ਸੀਤਲ ਜੀ ਇਸ ਗੁਣ ਪ੍ਰਤੀ ਆਖਰੀ ਸਾਹਾਂ ਤੀਕ ਸੁਚੇਤ ਰਹੇ। ਮੈਂ ਸੀਤਲ ਜੀ ਨੂੰ ਕਦੇ ਮੰਦੇ ਬੋਲ-ਘਟੀਆ ਵਾਰਤਾਲਾਪ ਕਰਦਿਆਂ ਨਹੀਂ ਸੁਣਿਆ। ਇਹੀ ਕਾਰਨ ਸੀ ਕਿ ਅਸੀਂ ਉਨ੍ਹਾਂ ਦੇ ਮੁਖਾਰਬਿੰਦ ਤੋਂ ਲੈਕਚਰ ਸੁਣਨ ਵਾਸਤੇ ੭੦ ਕਿਲੋਮੀਟਰ ਤੀਕ ਸਫਰ ਵੀ ਕਰ ਲੈਂਦੇ ਸੀ। ਮੇਰੇ ਪਿਤਾ ਜੀ ਨਾਲ ਉਨ੍ਹਾਂ ਦੀ ਵਿਚਾਰਾਂ ਦੀ ਸਾਂਝ ਸੀ ਜਦ ਉਹ ਮੈਨੂੰ 'ਬਰਖੁਰਦਾਰ' ਕਹਿ ਕੇ ਬੁਲਾਂਦੇ ਤਾਂ ਮੇਰਾ ਮਨ ਗਦ-ਗਦ ਹੋ ਜਾਂਦਾ।

ਬੋਲ-ਚਾਲ ਦੇ ਨਾਲ-ਨਾਲ ਸੀਤਲ ਜੀ ਸਿੱਖ ਰਹਿਣੀ 'ਚ ਪਰਪੱਕ ਸਨ। ਸਮੇਂ ਸਿਰ ਜਾਗਣਾ, ਸਮੇਂ ਸਿਰ ਸੌਣਾ, ਸਮੇਂ ਸਿਰ ਨਿਤਨੇਮ ਕਰਨਾ, ਪੜ੍ਹਨਾ-ਖਾਣਾ ਤੇ ਬੋਲਣਾ ਉਨ੍ਹਾਂ ਦਾ

ਸੁਭਾਅ ਸੀ। ਲੱਗਭਗ ਦਸ ਸਾਲ ਸਾਡੇ ਪਿੰਡ ਦੀਵਾਨ ਕਰਨ ਆਉਂਦੇ ਰਹੇ ਪਰ ਉਨ੍ਹਾਂ ਕਦੇ ਕਿਸੇ ਚੀਜ਼ ਦਾ ਲਾਲਚ ਨਹੀਂ ਕੀਤਾ। ਇਕ ਵਾਰ ਮੇਰੇ ਵੱਡੇ ਭਾਈ ਸਾਹਿਬ ਨੇ ਕਿਹਾ, ਗਿਆਨੀ ਜੀ! ਖੀਰ ਥੋੜ੍ਹੀ ਹੋਰ ਲੈ ਲਉ। ਸੀਤਲ ਜੀ ਦੇ ਬੋਲ ਸਨ- ਮੈਂ ਕਿਤਨਾ ਖਾਣਾ ਹੈ, ਫੈਸਲਾ ਖੁਦ ਕਰਦਾ ਹਾਂ। ਸੀਤਲ ਜੀ ਖਾਣਾ ਜੀਊਣ ਵਾਸਤੇ ਖਾਂਦੇ ਸਨ ਨਾ ਕਿ ਖਾਣ ਵਾਸਤੇ ਜੀਉਂਦੇ ਸਨ। ਇਕ ਵਾਰ ਉਹ ਲੁਧਿਆਣੇ ਬਹੁਤ ਸਖਤ ਬੀਮਾਰ ਹੋ ਗਏ। ਤੰਦਰੁਸਤ ਹੋਏ ਤਾਂ ਡਾ. ਸਾਹਿਬ ਕਹਿਣ ਲੱਗੇ, ਸੀਤਲ ਜੀ, ਜੇਕਰ ਤੁਸੀਂ ਬੋਲਣਾ ਛੱਡ ਦਿਉ ਤਾਂ ਤੁਸੀਂ ਹੋਰ ਦਸ ਸਾਲ ਜੀਅ ਸਕਦੇ ਹੋ? ਸੀਤਲ ਜੀ ਦਾ ਜਵਾਬ ਸੀ ਕਿ ਮੈਂ ਬੋਲਣਾ ਨਹੀਂ ਛੱਡ ਸਕਦਾ, ਮੈਂ ਕੇਵਲ ਖਾਣ ਵਾਸਤੇ ਨਹੀਂ ਜੀਊਣਾ ਚਾਹੁੰਦਾ। ਉਮਰ ਭਰ ਸੀਤਲ ਜੀ ਗੁਰੂ ਨੂੰ ਸਮਰਪਿਤ ਹੋ ਕੇ ਬੋਲਦੇ ਰਹੇ। ਉਨ੍ਹਾਂ ਕਦੇ ਕਿਸੇ ਵਿਅਕਤੀ ਵਿਸ਼ੇਸ਼ ਦੀ ਖੁਸ਼ਾਮਦ ਨਹੀ ਕੀਤੀ। ਗੁਰੂ ਰਾਮਦਾਸ ਜੀ ਦੇ ਦਰ 'ਤੇ ਮੰਜੀ ਸਾਹਿਬ ਹਾਲ ਵਿਚ ਆਖਰੀ ਦਿਨਾਂ 'ਚ ਵੀ ਮੈਨੂੰ ਉਨ੍ਹਾਂ ਦੇ ਇਹੀ ਬੋਲ ਸੁਣਾਈ ਦਿੱਤੇ ਕਿ ਇਹ ਠੀਕ ਹੈ ਕਿ ਮੈਂ ਢਾਡੀ ਦੇ ਕਾਰੇ ਲੱਗਾ ਹਾਂ ਪਰ ਹਉ ਢਾਡੀ ਦਰ ਖਸਮ ਕਾ –ਮੈਂ ਕਿਸੇ ਬੰਦੇ ਦਾ ਢਾਡੀ ਨਹੀਂ, ਮੈਂ ਖਸਮ ਦਾ ਢਾਡੀ ਹਾਂ।

ਸਤ, ਸੰਤੋਖ, ਸਹਿਜ, ਸਬਰ ਆਦਿ ਸਦਗੁਣਾਂ ਦੇ ਧਾਰਨੀ ਸਨ ਸੀਤਲ ਜੀ। ਰਾਗੀ, ਢਾਡੀ, ਪ੍ਰਚਾਰਕ, ਕਵੀਸ਼ਰ, ਕਵੀ ਸ਼ਬਦਾਂ ਦੇ ਜਾਦੂਗਰ ਹੁੰਦੇ ਹਨ ਪਰ ਜੀਵਨ 'ਚ ਆਉਣ ਵਾਲੀਆਂ ਕਮਜ਼ੋਰੀਆਂ ਤੋਂ ਸੁਚੇਤ ਰਹਿਣਾ ਤੇ ਬਚਣਾ ਇਨ੍ਹਾਂ ਵਾਸਤੇ ਬਹੁਤ ਜ਼ਰੂਰੀ ਹੈ ਕਿਉਂਕਿ ਹਰੇਕ ਸ੍ਰੋਤੇ ਦੀਆਂ ਨਜ਼ਰਾਂ ਹਰ ਸਮੇਂ ਇਨ੍ਹਾਂ ਦੇ ਜੀਵਨ ਅਤੇ ਚਰਿੱਤਰ 'ਤੇ ਟਿਕੀਆਂ ਰਹਿੰਦੀਆਂ ਹਨ।

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ – ਦੇ ਆਦਰਸ਼ 'ਤੇ ਕਾਇਮ ਰਹਿਣਾ ਹਰ ਸਿੱਖ ਦਾ ਕਰਮ ਤੇ ਪ੍ਰਚਾਰਕ ਦਾ ਧਰਮ ਹੈ। ਸੀਤਲ ਜੀ ਇਸ ਆਦਰਸ਼ ਅਨੁਸਾਰ ਸਮੁੱਚਾ ਜੀਵਨ ਸਫਲਾ ਕਰ ਕੇ ਗਏ। ਬਹੁਤ ਸਾਰੀਆਂ ਘਟਨਾਵਾਂ ਦਾ ਵੇਰਵਾ ਉਨ੍ਹਾਂ ਜੀਵਨ 'ਚ ਦਿੱਤਾ ਪਰ ਕੇਵਲ ਇਕ ਉਦਾਹਰਣ ਹਾਜ਼ਰ ਹੈ। ਲੁਧਿਆਣਾ ਦੇ ਮੈਡੀਕਲ ਕਾਲਜ ਵਿਖੇ ਸੀਤਲ ਜੀ ਦਾ ਨਲਾਂ ਦਾ ਉਪਰੇਸ਼ਨ ਹੋਇਆ ਸੀ। ਹਰ ਚਾਰ ਘੰਟੇ ਬਾਅਦ ਪੱਟੀ ਬਦਲਣੀ ਪੈਂਦੀ ਸੀ। ਉਨ੍ਹਾਂ ਦੀ ਜ਼ੁਬਾਨੀ, "ਮੈਂ ਨਰਸਾਂ ਪਾਸੋਂ ਪੱਟੀ ਨਹੀਂ ਸਾਂ ਕਰਾਉਂਦਾ। ਇਹ ਸੇਵਾ ਇਕ ਜਵਾਨ ਲੜਕਾ ਕਰਦਾ ਸੀ। ਇਕ-ਦੋ ਵਾਰ ਮੁੱਖ ਨਰਸ ਨੇ ਕਿਹਾ, ਤੁਸੀਂ ਨਰਸਾਂ ਕੋਲੋਂ ਪੱਟੀ ਕਿਉਂ ਨਹੀਂ ਕਰਵਾਉਂਦੇ? ਐਵੇਂ ਭਰਮ ਕਰਦੇ ਹੋ, ਇਨ੍ਹਾਂ ਦਾ ਤਾਂ ਇਹ ਕਿੱਤਾ ਹੈ। ਆਗਿਆ ਦਿਓ ਤਾਂ ਮੈਂ ਹਰ ਘੰਟੇ ਬਾਅਦ ਪੱਟੀ ਬਦਲ ਦਿਆ ਕਰਾਂ?"

ਮੈਂ ਬੜੀ ਗੰਭੀਰ ਸੁਰ ਵਿਚ ਉੱਤਰ ਦਿੱਤਾ, "ਬੀਬਾ ਠੀਕ ਹੈ, ਇਨ੍ਹਾਂ ਬੱਚੀਆਂ ਦਾ ਨਿੱਤ ਦਾ ਕਿੱਤਾ ਹੈ। ਪਰ ਮੁਟਿਆਰ ਲੜਕੀਆਂ ਹਨ, ਇਨ੍ਹਾਂ ਦੇ ਚਿਹਰੇ ਵਿੱਚੋਂ ਮੈਨੂੰ ਆਪਣੀਆਂ ਬੱਚੀਆਂ ਦੀ ਨੁਹਾਰ ਨਜ਼ਰ ਆਉਂਦੀ ਹੈ। ਸੋ ਮੈਂ ਐਸਾ ਨਹੀਂ ਕਰ ਸਕਦਾ।"

ਹਰ ਸਿੱਖ ਨੂੰ ਹਰ ਕਿਸਮ ਦੇ ਨਸ਼ੇ ਤੋਂ ਬਚਣਾ ਚਾਹੀਦਾ ਹੈ। ਪਰ ਪ੍ਰਚਾਰਕ ਸਿੱਖ ਨੂੰ ਨਸ਼ਿਆਂ ਨੂੰ ਨਫ਼ਰਤ ਕਰਨੀ ਜ਼ਰੂਰੀ ਹੈ। ਸਿੱਖਾਂ ਵਾਸਤੇ ਅਮਲ ਕੇਵਲ ਪਰਸ਼ਾਦੇ ਦਾ ਜਾਇਜ਼ ਹੈ। ਗਿਆਨੀ ਕਰਤਾਰ ਸਿੰਘ ਜੀ ਦੇ ਕਥਨ ਅਨੁਸਾਰ, "ਇੱਕੋਂ ਰੋਟੀ ਦਾ ਅਮਲ ਸਿੰਘਾਂ ਵਾਸਤੇ ਗੁਰਾਂ ਫੁਰਮਾਇਆ ਹੈ।" ਸੀਤਲ ਜੀ ਤਨ-ਮਨ ਤੋਂ ਨਸ਼ਿਆਂ ਨੂੰ ਨਫ਼ਰਤ ਕਰਦੇ ਸਨ। ਇਕ ਵਾਰ ਸੀਤਲ ਜੀ ਵਿਦੇਸ਼ ਦੌਰੇ 'ਤੇ ਗਏ ਤਾਂ ਆਖਰੀ ਰਾਤ ਇਨ੍ਹਾਂ ਦੇ ਇਕ ਸਾਥੀ

ਨੇ ਚੋਰੀ ਸ਼ਰਾਬ ਪੀ ਲਈ। ਇਨ੍ਹਾਂ ਨੇ ਸਦਾ ਵਾਸਤੇ ਉਸ ਦਾ ਤਿਆਗ ਕਰ ਦਿੱਤਾ। ਉਨ੍ਹਾਂ ਦੇ ਬੋਲ ਸਨ ਕਿ ਜਿਸ ਬੁਰਾਈ ਤੋਂ ਮੈਨੂੰ ਵਾਹਿਗੁਰੂ ਨੇ ਬਚਾਇਆ ਹੈ, ਉਹ ਮੈਂ ਆਪਣੇ ਸਾਥੀਆਂ ਵਿਚ ਵੀ ਪਸੰਦ ਨਹੀਂ ਕਰਦਾ।

ਸੀਤਲ ਜੀ ਸਦਗੁਣਾਂ ਦੇ ਧਾਰਨੀ ਸਨ ਤੇ ਮਨੁੱਖੀ ਕਮਜ਼ੋਰੀਆਂ ਤੋਂ ਵਾਹਿਗੁਰੂ ਨੇ ਉਨ੍ਹਾਂ ਨੂੰ ਹਮੇਸ਼ਾਂ ਬਚਾਈ ਰੱਖਿਆ। ਉਨ੍ਹਾਂ ਦੀ ਅਰਦਾਸ ਸੀ, "ਸੱਚੇ ਪਾਤਸਾਹ! ਜੇਕਰ ਪ੍ਰਚਾਰਕ ਦੀ ਸੇਵਾ ਬਖਸ਼ਿਸ਼ ਕੀਤੀ ਹੈ ਤਾਂ ਉਨ੍ਹਾਂ ਕਮਜ਼ੋਰੀਆਂ ਤੋਂ ਬਚਾਈ ਰੱਖੀਂ ਜਿਨ੍ਹਾਂ ਨਾਲ ਤੇਰੇ ਨਾਮ ਨੂੰ ਉਲਾਮਾ ਮਿਲੇ।" ਸੀਤਲ ਜੀ ਦੀ ਜ਼ੁਬਾਨੀ ਇਕ ਘਟਨਾ ਅਨੁਸਾਰ, "ਇਕ ਘਰ ਵਾਲੇ ਸੱਜਣ ਨੇ ਅਰਦਾਸ ਤੋਂ ਬਾਅਦ ਦੋਨਾਂ ਅੱਗੇ ਪੰਜ-ਪੰਜ ਰੁਪਏ ਭੇਟਾ ਕੀਤੇ। ਮੈਂ ਹੱਸ ਕੇ ਕਿਹਾ, ਗੁਰੂ ਕੇ ਲਾਲ! ਇਹ ਦੰਦ ਘਸਾਈ ਪੰਡਤਾਂ 'ਚ ਰਿਵਾਜ ਸੀ। ਗੁਰੂ ਸਾਹਿਬਾਨ ਨੇ ਸਾਨੂੰ ਇਨ੍ਹਾਂ ਵਹਿਮਾਂ ਤੇ ਬਿਮਾਰੀਆਂ ਤੋਂ ਬਚਾਇਆ ਹੈ। ਇਹ ਕਹਿ ਮੈਂ ਪੈਸੇ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ ਪਰ ਕੋਲੋਂ ਰਾਗੀ ਸਿੰਘ ਬੋਲ ਉਠਿਆ, ਗਿਆਨੀ ਜੀ, ਤੁਸੀਂ ਨਾ ਲਵੋ, ਅਸੀਂ ਤਾਂ ਪੰਡਤ ਹੁੰਦੇ ਹਾਂ। ਸਾਨੂੰ ਦੰਦ ਘਸਾਈ ਪ੍ਰਵਾਨ ਹੈ ਤੇ ਉਹਨੇ ਪੈਸੇ ਫੜੇ ਤੇ ਜੇਬ 'ਚ ਪਾ ਲਏ।"

ਅੰਗਰੇਜ਼ ਰਾਜ-ਕਾਲ ਸਮੇਂ ਤੇ ਦੇਸ਼-ਵੰਡ ਸਮੇਂ ਸਿੱਖਾਂ ਨਾਲ ਹੋਈਆਂ ਬੇਇਨਸਾਫੀਆਂ ਦਾ ਸੀਤਲ ਜੀ 'ਤੇ ਬਹੁਤ ਅਸਰ ਹੋਇਆ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਲਿਖਤਾਂ ਤੇ ਬੋਲਾਂ ਵਿਚ ਇਹ ਦਰਦ ਹਮੇਸ਼ਾਂ ਝਲਕਦਾ ਰਿਹਾ। ਸੀਤਲ ਜੀ ਕਹਿਣੀ-ਕਥਨੀ ਤੇ ਕਰਨੀ ਦੇ ਸੂਰਮੇ ਸਨ। ਉਨ੍ਹਾਂ ਸੱਚ ਬੋਲਣ ਤੋਂ ਗੁਰੇਜ਼ ਨਹੀਂ ਕੀਤਾ ਭਾਵੇਂ ਇਸ ਦੀ ਉਨ੍ਹਾਂ ਨੂੰ ਕਈ ਵਾਰ ਭਾਰੀ ਕੀਮਤ ਵੀ ਚੁਕਾਉਣੀ ਪਈ।

ਪੰਜਾਬੀ ਸੂਬਾ ਮੋਰਚੇ ਦੇ ਬਾਅਦ ਅੰਮ੍ਰਿਤਸਰ 'ਚ ਅਕਾਲੀ ਕਾਨਫਰੰਸ ਹੋਈ ਜਿਸ ਵਿਚ ਸੀਤਲ ਜੀ ਨੂੰ ਉਚੇਚੇ ਤੌਰ 'ਤੇ ਬੁਲਾਇਆ ਗਿਆ। ਇਨ੍ਹਾਂ ਨੇ ਆਪਣੇ ਵਿਚਾਰ ਸਮਾਪਤ ਕਰਨ ਤੋਂ ਪਹਿਲਾਂ ਸ਼ਾਹ ਮੁਹੰਮਦ ਦੇ ਇਹ ਬੋਲ ਪੜ੍ਹੇ :

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਪਰ ਇਥੇ ਫੌਜਾਂ ਜਿੱਤ ਗਈਆਂ ਨੇ, ਕੌਮ ਨੇ ਮੋਰਚਾ (ਪੰਜਾਬੀ ਸੂਬੇ ਦਾ ਮੋਰਚਾ) ਜਿਸ ਵਿਚ ਸੀਤਲ ਜੀ ਵੀ ਗ੍ਰਿਫਤਾਰ ਰਹੇ ਜਿੱਤ ਲਿਆ ਪਰ ਸਾਡੇ ਲੀਡਰ ਹਾਰ ਗਏ ਨੇ, ਕੀ ਲੀਡਰ ਸਾਹਿਬਾਨ ਦੱਸਣਗੇ ਕਿ ਪੰਜਾਹ ਹਜ਼ਾਰ ਸਿੰਘ ਕੈਦ ਕਰਵਾ ਕੇ ਇਨ੍ਹਾਂ ਕੌਮ ਬਦਲੇ ਕੀ ਲਿਆ ਹੈ? ਬਸ ਫਿਰ ਕੀ ਸੀ, ਇਨ੍ਹਾਂ ਦੀ ਮੁਖਾਲਫਤ ਇੰਨੀ ਹੋਈ ਕਿ ਇਨ੍ਹਾਂ ਨੂੰ ਅਕਾਲੀ ਦਲ 'ਚੋਂ ਬਾਹਰ ਕੱਢ ਦਿੱਤਾ ਜਦੋਂ ਕਿ ਸੀਤਲ ਜੀ ਕਿਸੇ ਪਾਰਟੀ ਦੇ ਮੈਂਬਰ ਹੀ ਨਹੀਂ ਰਹੇ। ਇਸ ਘਟਨਾ ਤੋਂ ਬਾਅਦ ਸੀਤਲ ਜੀ ਨੇ ਫੈਸਲਾ ਕਰ ਲਿਆ ਕਿ ਬਸ ਮੈਂ ਅੱਜ ਤੋਂ ਸਿੱਖ ਇਤਿਹਾਸ ਤੇ ਆਪਣੇ ਧਰਮ ਦਾ ਹੀ ਪ੍ਰਚਾਰ ਕਰਨਾ ਹੈ, ਕਿਉਂਕਿ ਪਾਰਟੀ ਰਾਜਨੀਤੀ ਵਿਚ ਧਰਮ ਨਾਲੋਂ ਧੜੇ ਦਾ ਵਧੇਰੇ ਧਿਆਨ ਰੱਖਣਾ ਪੈਂਦਾ ਹੈ। ਸੀਤਲ ਜੀ ਦੇ ਸ਼ਬਦ ਹਨ- ਜਿਸ ਪ੍ਰਚਾਰਕ ਦੇ ਘਰ ਖਾਣ ਲਈ ਦਾਣੇ ਨਹੀਂ, ਉਹ ਅਜ਼ਾਦੀ ਨਾਲ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਨਹੀਂ ਕਰ ਸਕਦਾ ਤੇ ਜਿਸ ਨੂੰ ਨਿਰੰਕਾਰ ਨੇ ਕੁਝ ਗੁਣ ਬਖਸ਼ਿਸ਼ ਕੀਤੇ ਹਨ ਉਸਨੂੰ ਬੋਲਣਾ ਵੀ ਚਾਹੀਦਾ ਹੈ।

ਧਰਮ ਵਿਚ ਵਪਾਰ ਨਹੀ ਚਲਦਾ। ਪ੍ਰਚਾਰਕ ਨੂੰ ਸੌਦੇਬਾਜ਼ੀ ਨਹੀਂ ਕਰਨੀ ਚਾਹੀਦੀ। ਹਾਂ, ਪ੍ਰਬੰਧਕਾਂ ਨਾਲ ਪਹਿਲਾਂ ਸਪਸ਼ਟ ਗੱਲ ਕਰ ਲਵੋ ਫਿਰ ਬਾਅਦ ਵਿਚ ਨਹੀਂ। ਸੀਤਲ ਜੀ

ਬਾਰੇ ਉਦਾਹਰਣ ਪੇਸ਼ ਹੈ। ਇਕ ਵਾਰ ਸਾਡੇ ਪਿੰਡ ਖਾਨੋਵਾਲ ਹੋਲੇ-ਮਹੱਲੇ ਦੇ ਦੀਵਾਨ ਕਰਨ ਆਏ। ਮੇਰੇ ਬਜ਼ੁਰਗ ਪਿਤਾ ਸ. ਦਰਸ਼ਨ ਸਿੰਘ ਨਾਲ ਇਨ੍ਹਾਂ ਦੇ ਬਹੁਤ ਚੰਗੇ ਸੰਬੰਧ ਸਨ। ਮੈਂ ਉਸ ਸਮੇਂ ਅਰਦਾਸੇ ਲਿਖਦਾ ਹੁੰਦਾ ਸੀ। ਸਾਡੇ ਪਿੰਡ ਸੀਤਲ ਜੀ ਚਾਰ ਦੀਵਾਨਾਂ ਵਾਸਤੇ ਆਏ। ਪਹਿਲੇ ਦਿਨ ਦੇ ੪੦੦ ਰੁਪਏ ਤੇ ਬਾਕੀ ਤਿੰਨ ਦਿਨਾਂ ਦੇ ੩੦੦-੩੦੦ ਰੁਪਏ। ਸੰਗਤਾਂ ਨਾਲ ਇਨ੍ਹਾਂ ਦਾ ਬਹੁਤ ਪਿਆਰ ਸੀ। ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਸੁਣਨ ਵਾਲੇ ਇਨ੍ਹਾਂ ਦੇ ਸ੍ਰੋਤੇ ਮੀਂਹ ਤੇ ਧੁੱਪ ਵਿਚ ਵੀ ਇਨ੍ਹਾਂ ਨੂੰ ਸੁਣ ਸਕਦੇ ਸਨ। ਸਾਡੇ ਪਿੰਡ ਦਾ ਸਕੂਲ ਉਸ ਸਮੇਂ ਮਿਡਲ ਬਣਿਆ ਸੀ। ਸੰਗਤਾਂ ਦੀ ਭਾਰੀ ਆਮਦ ਨੂੰ ਦੇਖ ਕੇ ਪ੍ਰਬੰਧਕਾਂ ਸੀਤਲ ਜੀ ਨੂੰ ਬੇਨਤੀ ਕੀਤੀ ਕਿ ਇਕ ਦੀਵਾਨ ਹੋਰ ਕਰ ਜਾਣ, ਪਰ ਸੀਤਲ ਜੀ ਨਹੀਂ ਮੰਨੇ। ਉਨ੍ਹਾਂ ਕਿਹਾ ਕਿ ਮੇਰਾ ਦਿਨ ਖਾਲੀ ਹੈ ਪਰ ਜੋ ਦਿਨ ਤੁਹਾਡੇ ਨਾਲ ਮਿੱਥੇ ਉਸੇ ਸਮੇਂ ਅਨੁਸਾਰ ਹੀ ਦੀਵਾਨ ਕਰਨਾ ਹੈ। ਪ੍ਰਬੰਧਕਾਂ ਨੇ ਇਨ੍ਹਾਂ ਨੂੰ ਵਧੇਰੇ ਪੈਸੇ ਦੇਣ ਦੀ ਵੀ ਗੱਲ ਕੀਤੀ। ਪਰ ਇਹ ਨਾ ਮੰਨੇ। ਅਖ਼ੀਰ ਮੇਰੇ ਪਿਤਾ ਜੀ ਨੇ ਸਟੇਜ ਤੋਂ ਕਹਿ ਦਿੱਤਾ ਕਿ ਅਸੀਂ ਸੰਗਤ ਵੱਲੋਂ ਸੀਤਲ ਜੀ ਨੂੰ ਬੇਨਤੀ ਕਰਦੇ ਹਾਂ ਕਿ ਇਕ ਦੀਵਾਨ ਹੋਰ ਕਰਨ, ਜਿਹੜੀ ਉਸ ਦੀਵਾਨ ਦੀ ਮਾਇਆ ਇਕੱਠੀ ਹੋਵੇਗੀ ਅਸੀਂ ਸਕੂਲ 'ਤੇ ਲਾਉਣੀ ਚਾਹੁੰਦੇ ਹਾਂ ਤਾਂ ਕਿ ਸਾਡੀ ਪਨੀਰੀ ਗਿਆਨ ਦੀ ਪ੍ਰਾਪਤੀ ਕਰ ਸਕੇ। ਸੀਤਲ ਜੀ ਦਾ ਜੁਆਬ ਸੀ, "ਹੁਣ ਮੇਰੇ ਵੱਡੇ ਭਾਈ ਨੇ ਮੈਨੂੰ ਪ੍ਰੀਖਿਆ ਵਿਚ ਪਾ ਦਿੱਤਾ ਹੈ ਗੁਰੂ ਕਿਰਪਾ ਕਰੇ, ਮੈਂ ਦੀਵਾਨ ਕਰਾਂਗਾ। ਸੀਤਲ ਜੀ ਨੇ ਦੀਵਾਨ ਕੀਤਾ, ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪ੍ਰਸੰਗ ਇੰਨੇ ਵੈਰਾਗਮਈ ਢੰਗ ਨਾਲ ਸੁਣਾਇਆ ਕਿ ਵਧੇਰੇ ਸੰਗਤਾਂ ਦੇ ਨੇਤਰ ਸੇਜਲ ਸਨ- ਮੇਰੀ ਪੈਸੇ ਲਿਖਣ ਦੀ ਡਿਊਟੀ ਸੀ, ੨੯੭੫/- ਰੁਪਏ ਉਸ ਦੀਵਾਨ ਸਮੇਂ ਹੋਏ, ਪਰ ਸੀਤਲ ਜੀ ਨੇ ਇੱਕ ਵੀ ਰੁਪਇਆ ਵਧੇਰੇ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ।

ਇਕ ਵਾਰ ਸੀਤਲ ਜੀ ਬੀੜ ਸਾਹਿਬ ਦੀਵਾਨ ਕਰਨ ਵਾਸਤੇ ਆਏ। ਫਿਰੋਜ਼ਪੁਰ ਦੇ ਇਕ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਕੁਝ ਦੀਵਾਨ ਕਰਨ ਦੀ ਬੇਨਤੀ ਕੀਤੀ। ਸੀਤਲ ਜੀ ਨੇ ਕਿਹਾ ਕਿ ਮੈਂ ਇਨ੍ਹਾਂ ਦਿਨਾਂ 'ਚ ਇਕ ਹੋਰ ਸਟੇਜ 'ਤੇ ਪ੍ਰਬੰਧਕਾਂ ਨੂੰ ਹਾਂ ਕਰ ਚੁੱਕਾ ਹਾਂ। ਪ੍ਰਬੰਧਕਾਂ 'ਚੋਂ ਇਕ ਸੱਜਣ ਨੇ ਕਿਹਾ, "ਸੀਤਲ ਜੀ! ਉਨ੍ਹਾਂ ਨਾਲ ਕਿਤਨੇ ਪੈਸੇ ਕੀਤੇ ਹਨ?" ਸੀਤਲ ਜੀ ਦਾ ਜੁਆਬ ਸੀ, "੩੧੦੦ ਰੁਪਏ।" ਉਹ ਸੱਜਣ ਕਹਿਣ ਲੱਗਾ, "ਅਸੀਂ ਇਸ ਤੋਂ ੫੦੦ ਰੁਪਏ ਵੱਧ ਦੇ ਦਿਆਂਗੇ?" ਸੀਤਲ ਜੀ ਨੇ ਸੁਭਾਵਿਕ ਕਹਿ ਦਿਤਾ, "ਫਿਰ ਅਸੀਂ ਤੁਹਾਡੇ ਪਾਸ ਆ ਜਾਵਾਂਗੇ!" ਇਸ ਵਾਰਤਾਲਾਪ ਨੂੰ ਸੁਣ ਰਹੇ ਪ੍ਰਸਿੱਧ ਢਾਡੀ ਗਿਆਨੀ ਬਲਦੇਵ ਸਿੰਘ ਐਮ.ਏ. ਤੇ ਹੋਰ ਸੱਜਣ ਹੈਰਾਨ ਸਨ, ਜੋ ਕਿ ਬਾਪੂ ਸੀਤਲ ਜੀ ਨੂੰ ਆਪਣਾ ਆਦਰਸ਼ ਮੰਨਦੇ ਸਨ ਅੱਜ ਉਹ ਵੀ ਧਰਮ ਦੇ ਪ੍ਰਚਾਰ ਵਿਚ ਵਪਾਰ ਕਰ ਗਏ! ਵਾਰਤਾਲਾਪ ਨੂੰ ਸਮਾਪਤ ਕਰਦਿਆਂ ਪ੍ਰਬੰਧਕਾਂ 'ਚੋ ਇਕ ਸੱਜਣ ਜਾਣ ਲੱਗਿਆਂ, ਸੀਤਲ ਜੀ ਨੂੰ ਕਹਿ ਰਿਹਾ ਸੀ, "ਤੁਸੀਂ ਮਿਥੀ ਤਰੀਕ 'ਤੇ ਸਮੇਂ 'ਤੇ ਜ਼ਰੂਰ ਪਹੁੰਚ ਜਾਣਾ!" ਸੀਤਲ ਜੀ ਦਾ ਜੁਆਬ ਸੀ, "ਬਰਖ਼ੁਰਦਾਰੋ, ਇਹ ਮੈਂ ਵਾਅਦਾ ਨਹੀਂ ਕਰਦਾ!" ਪ੍ਰਬੰਧਕ ਕਹਿਣ ਲੱਗੇ, "ਕਿਉਂ? ਹੁਣੇ ਸਾਡੀ ਤੁਹਾਡੇ ਨਾਲ ਗੱਲ ਮੁੱਕੀ ਹੈ!" ਸੀਤਲ ਜੀ ਕਹਿਣ ਲੱਗੇ, "ਅਜੇ ਕਾਫੀ ਦਿਨ ਬਾਕੀ ਹਨ, ਜੇਕਰ ਕੋਈ ਹੋਰ ਤੁਹਾਡੇ ਨਾਲੋਂ ਵੱਧ ਪੈਸੇ ਦੇਵੇਗਾ, ਮੈਂ ਉਨ੍ਹਾਂ ਦੇ ਜਾਵਾਂਗਾ! ਤੁਹਾਡੇ ਕਿਉਂ?" ਪ੍ਰਬੰਧਕ ਬਹੁਤ ਸ਼ਰਮਿੰਦੇ ਹੋਏ ਤੇ ਆਪਣੀ ਗ਼ਲਤੀ ਦਾ ਅਹਿਸਾਸ ਕਰਦੇ ਹੋਏ

ਮੁਆਫੀ ਮੰਗਣ ਲੱਗੇ! ਸੁਣਨ ਵਾਲੇ ਸੀਤਲ ਜੀ ਦੇ ਇਸ ਵਿਅੰਗਮਈ ਅੰਦਾਜ਼ ਤੋਂ ਬਹੁਤ ਪ੍ਰਭਾਵਿਤ ਹੋਏ।

੧੯੬੦ ਈ. ਤੋਂ ਬਾਅਦ ਸੀਤਲ ਜੀ ਇਸ ਗੱਲ ਤੋਂ ਪਰੇਸ਼ਾਨ ਤੇ ਦੁਖੀ ਰਹੇ ਕਿ ਉਨ੍ਹਾਂ ਦਾ ਛੋਟਾ ਸਪੁੱਤਰ ਰਘਬੀਰ ਸਿੰਘ ਸਰਜਨ ਬਣ ਕੇ ਵਲਾਇਤ ਪੜ੍ਹਾਈ ਵਾਸਤੇ ਚਲਾ ਗਿਆ। ਸੀਤਲ ਜੀ ਲਿਖਦੇ ਹਨ- ਇਕ ਗੱਲ ਦਾ ਦੁੱਖ ਮੇਰੀ ਆਤਮਾ ਵਿਚ ਸਦਾ ਕੰਡੇ ਵਾਂਗ ਰੜਕਦਾ ਰਹਿੰਦਾ ਹੈ। ਮੈਂ ਜਦ ਰਘਬੀਰ ਸਿੰਘ ਨੂੰ ਵਲਾਇਤ ਤੋਰਿਆ ਸੀ, ਉਹ ਅੰਮ੍ਰਿਤਧਾਰੀ ਤੇ ਗੁਰਬਾਣੀ ਦਾ ਨਿਤਨੇਮੀ ਸੀ ਪਰ ਵਲਾਇਤ ਜਾ ਕੇ ਸਿੱਖ ਰਹਿਤ ਮਰਯਾਦਾ ਤੋਂ ਦੂਰ ਹੋ ਗਿਆ।

ਇਕੱਲਤਾ ਤੇ ਵਿਹਲ ਵੀ ਮਨੁੱਖ ਵਾਸਤੇ ਸਜ਼ਾ ਹੈ। ਲਗਨ ਤੋਂ ਬਿਨਾਂ ਕੋਈ ਕਾਰਜ ਨਹੀਂ ਹੋ ਸਕਦਾ। ਸਿਰੜ, ਸਿਦਕ ਤੇ ਲਗਨ ਮਨੁੱਖ ਨੂੰ ਸਫ਼ਲਤਾ ਦੀਆਂ ਸਰ ਬੁਲੰਦੀਆਂ 'ਤੇ ਪਹੁੰਚਾ ਸਕਦੀ ਹੈ। ਗਿਆਨੀ ਸੋਹਣ ਸਿੰਘ ਜੀ ਸੀਤਲ ਨੇ ਸਿਰੜ ਤੇ ਲਗਨ ਸਦਕਾ ਪ੍ਰਚਾਰ ਖੇਤਰ ਵਿਚ ਹਰ ਸਫਲਤਾ ਪ੍ਰਾਪਤ ਕੀਤੀ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦੀ ਜੀਵਨ-ਜਾਂਚ ਤੋਂ ਪ੍ਰੇਰਨਾ, ਉਤਸ਼ਾਹ ਪ੍ਰਾਪਤ ਕਰ, ਇਸ ਨੂੰ ਜੀਵਨ 'ਚ ਢਾਲਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

ਸੀਤਲ ਜੀ ਨੂੰ ਬਹੁਤ ਸਾਰੇ ਮਾਣ-ਸਤਿਕਾਰ ਪ੍ਰਾਪਤ ਹੋਏ ਜਿਨ੍ਹਾਂ ਵਿਚ ਸਾਹਿਤ ਅਕਾਡਮੀ ਐਵਾਰਡ, ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਸ਼੍ਰੋਮਣੀ ਢਾਡੀ ਐਵਾਰਡ ਤੇ ਪੰਜਾਬ ਸਰਕਾਰ ਵੱਲੋਂ ਸਨਮਾਨ ਪ੍ਰਾਪਤ ਹੋਇਆ ਪਰ ਕੌਮ ਦਾ ਪ੍ਰਚਾਰਕ ਹੋਣ ਦੇ ਨਾਤੇ ਜੋ ਉਨ੍ਹਾਂ ਨੂੰ ਸਨਮਾਨ-ਸਤਿਕਾਰ ਇਕ ਫ਼ੌਜੀ ਗੁਰਸਿੱਖ ਜਵਾਨ ਨੇ ਉਨ੍ਹਾਂ ਦੀ ਬਿਮਾਰੀ ਸਮੇਂ ਭੇਟ ਕੀਤਾ, ਸੀਤਲ ਜੀ ਵਾਸਤੇ ਉਹ ਵਿਲੱਖਣ ਤੇ ਵਿਸ਼ੇਸ਼ ਸੀ। ਸਿੱਖ ਰਾਜ ਤੇ ਸ਼ੇਰੇ-ਪੰਜਾਬ ਇਨ੍ਹਾਂ ਦੀ ਪੁਸਤਕ ਦੇ ਹਵਾਲੇ ਨਾਲ ਉਸ ਨੇ ਇਨ੍ਹਾਂ ਨੂੰ ਪੱਤਰ ਲਿਖਿਆ : ਮੇਰੀ ਵੀ ਗੁਰੂ ਮਹਾਰਾਜ ਅੱਗੇ ਅਰਦਾਸ ਹੈ ਕਿ ਤੁਹਾਡੀ ਬਿਮਾਰੀ ਮੈਨੂੰ ਲਗ ਜਾਵੇ ਤੇ ਆਪ ਅਰੋਗ ਹੋ ਜਾਓ ਤਾਂ ਕਿ ਲੰਮੇ ਸਮੇਂ ਤੀਕ ਪੰਥ ਤੇ ਕੌਮ ਦੀ ਸੇਵਾ ਜਾਰੀ ਰੱਖ ਸਕੋ!

ਸੀਤਲ ਜੀ ਦੀ ਗੁਣਵੰਤੀ ਸ਼ਖ਼ਸੀਅਤ

-ਗਿ. ਸੁਰਿੰਦਰ ਸਿੰਘ ਨਿਮਾਣਾ

ਗਿਆਨੀ ਸੋਹਣ ਸਿੰਘ ਜੀ ਸੀਤਲ ਦੇ ਜੀਵਨ ਅਤੇ ਵਿਅਕਤਿਤਵ ਦੇ ਕਈ ਗੌਲਣਯੋਗ ਪੱਖ ਪਾਸਾਰ ਹਨ। ਗਿਆਨੀ ਜੀ ਪੰਥ ਦੇ ਸ਼੍ਰੋਮਣੀ ਢਾਡੀ ਰਸਮੀ ਸਨਮਾਨ ਅਤੇ ਮੁਹਾਵਰੇ ਦੇ ਰੂਪ ਵਿਚ ਹੀ ਨਹੀਂ ਸਨ ਸਗੋਂ ਪੰਥ ਨੇ ਉਨ੍ਹਾਂ ਨੂੰ ਬਹੁਤ ਰੱਜਵਾਂ ਪਿਆਰ ਅਤੇ ਮਾਣ-ਸਤਿਕਾਰ ਦਿਲ ਵਜੋਂ ਤੇ ਰੂਹ ਦੀਆਂ ਡੂੰਘਾਣਾਂ ਤੋਂ ਦਿੱਤਾ। ਇਸ ਨੂੰ ਕੋਈ ਸਬੱਬੀ ਗੱਲ ਨਹੀਂ ਆਖਿਆ ਜਾ ਸਕਦਾ; ਢਾਡੀ ਦੇ ਤੌਰ 'ਤੇ ਸੀਤਲ ਹੁਰਾਂ ਦੀ ਲੋਕਪ੍ਰਿਯਤਾ ਪਿੱਛੇ ਉਨਾਂ ਦੀ ਬਹੁਤ ਸਖ਼ਤ ਘਾਲਣਾ-ਕਮਾਈ ਤੇ ਸੱਚੀ-ਸੁੱਚੀ ਲਗਨ ਕ੍ਰਿਆਸ਼ੀਲ ਦਿੱਸਦੀ ਹੈ। ਗੁਰੂ ਨਾਨਕ ਨਾਮ-ਲੇਵਾ ਸਿੱਖੀ ਦਾ ਗਿਣਨਾਤਮਕ ਅਤੇ ਗੁਣਨਾਤਮਕ ਦੋਹਾਂ ਪੱਖਾਂ ਤੋਂ ਵੱਧ ਤੋਂ ਵੱਧ ਪਾਸਾਰ ਗਿਆਨੀ ਜੀ ਦੀ ਸੱਚੀ ਤੇ ਤੀਬਰ ਲੋਚਾ ਉਮਰ ਭਰ ਰਹੀ। ਢਾਡੀ ਦੇ ਤੌਰ 'ਤੇ ਆਪਣੇ ਜੀਵਨ ਅਥਵਾ ਰੋਜ਼ੀ-ਵਸੀਲੇ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਸੀਤਲ ਹੁਰਾਂ ਆਪਣੇ ਗਿਆਨ, ਅਨੁਭਵ ਤੇ ਅਧਿਐਨ ਨੂੰ ਵਸੀਹ ਤੇ ਵਿਆਪਕ ਕੀਤਾ।

ਕਵਿਤਾ ਦੀ ਕਣੀ ਉਨ੍ਹਾਂ ਵਿਚ ਵਿਦਮਾਨ ਸੀ। ਗਿਆਨ, ਅਨੁਭਵ ਤੇ ਅਧਿਐਨ ਦੀਆਂ ਨਿੱਗਰ ਟੇਕਾਂ ਉੱਪਰ ਜਦੋਂ ਸੀਤਲ-ਹਿਰਦੇ ਵਿੱਚੋਂ ਕਾਵਿ ਦਾ ਸੋਮਾ ਵਹਿ ਤੁਰਿਆ ਤਾਂ ਇਸ ਨੇ ਲੋਕ-ਦਿਲਾਂ ਨੂੰ ਸਰਸ਼ਾਰ ਕਰ ਦਿੱਤਾ। ਪੜ੍ਹੇ-ਗੁੜ੍ਹੇ ਤੇ ਸੁਘੜ ਵਿਚਾਰਾਂ ਵਾਲੇ ਸੀਤਲ ਹੁਰਾਂ ਨੂੰ ਸੰਗਤ ਵੱਲੋਂ ਪਹਿਲ-ਪਲੇਰੇ ਰੂ-ਬ-ਰੂ ਹੋਣ ਦੇ ਤਜਰਬੇ ਸਮੇਂ ਬਹੁਤ ਭਰਵਾਂ ਹਾਂ-ਪੱਖੀ ਹੁੰਗਾਰਾ ਮਿਲਿਆ ਤਾਂ ਸੁਭਾਵਿਕ ਸੀ ਕਿ ਉਨ੍ਹਾਂ ਦਾ ਦਿਲ ਵਧ ਜਾਂਦਾ। ਢਾਡੀ ਦੇ ਤੌਰ 'ਤੇ ਨਿਯਮਤ ਤੇ ਵਿਧੀਵਤ ਰੂਪ ਵਿਚ ਜਥਾ ਬਣਾਉਣ ਤੋਂ ਪਹਿਲਾਂ ਉਹ ਧਾਰਮਿਕ ਦੀਵਾਨਾਂ ਵਿਚ ਆਪਣੀਆਂ ਰਚੀਆਂ ਕਵਿਤਾਵਾਂ ਪੜ੍ਹਨ ਅਤੇ ਲੈਕਚਰ ਦੇਣ ਲੱਗ ਪਏ ਹੋਏ ਸਨ।

੧੯੩੫ ਈ. ਵਿਚ ਜਦੋਂ ਗਿਆਨੀ ਜੀ ਉਮਰ ਦੇ ਪੱਚੀਵੇਂ ਵਰ੍ਹੇ ਵਿਚ ਵਿਚਰ ਰਹੇ ਸਨ ਤੇ ਆਪਣੇ ਖੇਤਾਂ ਵਿਚ ਰੁੱਖਾਂ ਦੀ ਛਾਵੇਂ ਬੈਠੇ ਕੁਝ ਲਿਖ ਰਹੇ ਸਨ ਤਾਂ ਉਨ੍ਹਾਂ ਕੋਲ ਉਨ੍ਹਾਂ ਦੇ ਪਿੰਡ ਦੇ ਚਾਰ-ਪੰਜ ਹਮਉਮਰ ਹਾਣੀ ਲਾਗੇ-ਬੰਨੇ ਹੋਈ ਕਿਸੇ ਰਾਸਧਾਰੀਆਂ ਦੀ ਰਾਸ (ਨਾਟਕ ਪੇਸ਼ਕਾਰੀ) ਤੋਂ ਪ੍ਰਭਾਵਿਤ ਹੋ ਕੇ ਨਾਟਕ-ਪੇਸ਼ਕਾਰੀ ਪਾਰਟੀ ਬਣਾਉਣ ਦੀ ਖਾਹਿਸ਼ ਲੈ ਕੇ ਆਏ। ਉਹ ਗਿਆਨੀ ਜੀ ਨੂੰ ਉਸ ਸੰਭਾਵੀ ਪਾਰਟੀ ਦਾ ਮੋਹਰੀ ਬਣਾਉਣ ਦੀ ਇੱਛਾ ਤੇ ਪੇਸ਼ਕਸ਼ ਸਹਿਤ ਆਏ ਤਾਂ ਸਪਸ਼ਟਵਾਦੀ ਗਿਆਨੀ ਜੀ ਨੇ ਸਨਿਮਰ ਲਹਿਜ਼ੇ ਵਿਚ ਉਨ੍ਹਾਂ ਨੂੰ ਆਪਣੀ ਰਾਏ ਇਨ੍ਹਾਂ ਸ਼ਬਦਾਂ ਵਿਚ ਦੱਸ ਦਿੱਤੀ, "ਤੁਹਾਡਾ ਕਿਹਾ ਸਿਰ-ਮੱਥੇ, ਪਰ ਮੈਂ ਇਹ ਨਾਟਕ ਚੇਟਕ ਨਹੀਂ ਕਰ ਸਕਦਾ। ਬੁਰਾ ਨਾ ਮਨਾਇਓ, ਮੇਰਾ ਮਨ ਨਹੀਂ ਮੰਨਦਾ।"

ਗਿਆਨੀ ਜੀ ਦੀ ਗੱਲ ਦਾ ਆਉਣ ਵਾਲੇ ਉਨ੍ਹਾਂ ਦੇ ਹਾਣੀਆਂ ਉੱਪਰ ਅਸਰ ਹੋਇਆ ਤੇ ਉਹ ਰਾਗੀ ਜਾਂ ਢਾਡੀ ਵਿੱਚੋਂ ਇਕ ਦਿਸ਼ਾ ਵਿਚ ਸਿਖਲਾਈ ਪ੍ਰਾਪਤ ਕਰਨ ਲਈ ਵਿਚਾਰ-ਵਟਾਂਦਰੇ ਵਿਚ ਪਏ ਤਾਂ ਗੁਣਾ 'ਢਾਡੀਪੁਣੇ' ਉੱਪਰ ਪਿਆ। ਕਾਦੀਵਿੰਡ (ਸੀਤਲ ਜੀ ਦਾ ਜੱਦੀ ਪਿੰਡ) ਤੋਂ ਸੱਤ-ਅੱਠ ਮੀਲ ਦੂਰ ਸਥਿਤ ਨਗਰ 'ਲਲਿਆਣੀ' ਦੇ ਬਜ਼ੁਰਗ ਮੁਸਲਮਾਨ ਬਾਬਾ ਚਰਾਗ਼ਦੀਨ ਨੂੰ ਪਿੰਡ ਦੇ ਗ੍ਰੰਥੀ ਹੁਰਾਂ ਦੇ ਸਹਿਯੋਗ ਨਾਲ ਨਿਯਮਤ ਸਿਖਲਾਈ ਖਾਤਰ

ਪਿੰਡ ਲਿਆਂਦਾ ਗਿਆ। ਆਪਣੇ ਕਸਬ ਦੇ ਮਾਹਰ ਇਸ ਉਸਤਾਦ ਪਾਸੋਂ ਸੀਤਲ ਜੀ ਤੇ ਉਨ੍ਹਾਂ ਦੇ ਜੋਟੀਦਾਰਾਂ ਨੇ ਵਿਧੀਵਤ ਸਿਖਲਾਈ ਉਤਸੁਕ-ਲਗਨ ਤੇ ਤੀਬਰ-ਤਾਂਘ ਸਹਿਤ ਹਾਸਲ ਕੀਤੀ।

ਭਰਵੀਂ ਸੰਗਤ ਦੇ ਰੂ-ਬ-ਰੂ ਹੋਣ ਤੋਂ ਪਹਿਲਾਂ ਸੀਤਲ ਹੁਰਾਂ ਨੇ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਤਖ਼ਤਪੋਸ਼ ਉੱਪਰ ਖੜ੍ਹ ਕੇ ਵਾਰਾਂ ਗਾਉਣ ਤੇ ਢੱਡ-ਸਾਰੰਗੀ ਵਜਾਉਣ ਵਿਚ ਆਪਣਾ ਹੱਥ ਖੋਲ੍ਹ ਲਿਆ ਸੀ। ਇੱਛਾ ਮੁਤਾਬਿਕ ਦਰਮਿਆਨਾ ਹੁੰਗਾਰਾ ਪਿੰਡ ਦੀ ਸੰਗਤ ਤੋਂ ਮਿਲ ਜਾਣ ਤੋਂ ਪ੍ਰੇਰਿਤ ਹੁੰਦਿਆਂ ਸੀਤਲ ਹੁਰਾਂ ਦੀ ਕਲਮ ਆਪਣੀਆਂ ਅਗਾਊਂ ਸੰਭਵ-ਸੰਭਾਵਿਤ ਵਡੇਰੀਆਂ ਪੇਸ਼ਕਾਰੀਆਂ ਲਈ ਪ੍ਰਭਾਵਕਾਰੀ ਤੇ ਦਿਲ-ਟੁੰਬਵੀਆਂ ਵਾਰਾਂ ਦੀ ਰਚਨਾ ਕਰਨ ਹਿਤ ਕ੍ਰਿਆਸ਼ੀਲ ਹੋਈ। ਉਦੋਂ ਤੋਂ ਇਸ ਖੇਤਰ ਵਿਚ ਉਨ੍ਹਾਂ ਨੇ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। ਉਹ ਅੱਗੇ ਹੀ ਅੱਗੇ ਵਧਦੇ ਰਹੇ। ਉਨ੍ਹਾਂ ਦੀ ਕਲਮ ਵਿਚ ਹੋਰ ਬਲ, ਹੋਰ ਜ਼ੋਰ ਤੇ ਹੋਰ ਪ੍ਰਭਾਵ ਸੰਚਾਰਤ ਹੁੰਦਾ ਚਲਿਆ ਗਿਆ। ਇਕ ਸਮਾਂ ਅਜਿਹਾ ਵੀ ਆਇਆ ਜਦੋਂ ਢਾਡੀਪੁਣੇ ਨਾਲ-ਨਾਲ ਵਾਰਕਾਰ ਦੇ ਤੌਰ 'ਤੇ ਹਰ ਪਾਸੇ 'ਸੀਤਲ-ਸੀਤਲ' ਹੋਣ ਲੱਗੀ। ਸਿਖਾਂਦਰੂ ਹੀ ਨਹੀਂ, ਪੂਰਵ-ਪ੍ਰਵਾਨਿਤ ਢਾਡੀ ਜਥੇ ਵੀ ਸੀਤਲ ਦੀਆਂ ਵਾਰਾਂ ਗਾਉਣ ਲੱਗੇ।

ਜੱਦੀ ਪਿੰਡ ਤੋਂ ਬਾਹਰ ਪਹਿਲੀ ਵੱਡੇ ਪੱਧਰ ਦੀ ਪੇਸ਼ਕਾਰੀ ਦਾ ਬਿਰਤਾਂਤ ਸੀਤਲ ਜੀ ਦੀ ਆਪਣੀ ਕਲਮ ਤੋਂ ਅੰਕਿਤ ਕੀਤਾ ਹੋਇਆ ਪੜ੍ਹਨ ਤੇ ਗੌਰ ਕਰਨ ਯੋਗ ਹੈ:

੧੯੩੬ ਈ. ਦਾ ਸਤਾਈ ਵਿਸਾਖ ਦਾ ਦਿਨ... ਸਾਡੇ ਪਿੰਡ ਤੋਂ ਦਸ-ਬਾਰਾਂ ਮੀਲ ਦੂਰ ਪਿੰਡ 'ਰੱਤੋਕੇ' ਵਿਚ 'ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀਏ' ਦਾ ਗੁਰਦੁਆਰਾ ਹੈ। ਸਤਾਈ ਵਿਸਾਖ ਨੂੰ ਹਰ ਸਾਲ ਓਥੇ ਮੇਲਾ ਲੱਗਿਆ ਕਰਦਾ ਸੀ। ਉਸ ਮੇਲੇ ਵਾਸਤੇ ਅਸਾਂ ਉਚੇਚੀ ਵਾਰ ਲਿਖੀ।

'ਸਿੱਖ ਰਾਜ ਕਿਵੇਂ ਗਿਆ' ਦਾ ਪਹਿਲਾ ਭਾਗ ਮੈਂ ਲਿਖਿਆ, ਤੇ ਅਸਾਂ ਸਾਰਿਆਂ ਯਾਦ ਕੀਤਾ। ਸਾਡੇ ਪਿੰਡੋਂ ਦਸ-ਬਾਰਾਂ ਸਿੰਘ ਸਾਨੂੰ ਸੁਣਨ ਵਾਸਤੇ ਤਿਆਰ ਹੋ ਗਏ।

ਸਾਰੇ ਰਾਹ ਉਹ ਜਿਵੇਂ ਸਾਡੀ ਅਣਖ ਨੂੰ ਟੁੰਬਦੇ ਗਏ, "ਹੂੰ! ਘਰੇ ਤਾਂ ਰੋਜ਼ ਢੱਡਾਂ ਕੁੱਟਦੇ ਈ ਰਹਿੰਦੇ ਓ ਨਾ! ਉਥੇ ਪੁਰਾਣੇ ਪਹਿਲਵਾਨਾਂ ਸਾਮ੍ਹਣੇ ਵੇਖੀ ਜਾਏਗੀ।" ਖੁਸ਼ੀਆਂ ਦੇ ਪੰਧ ਨੇੜੇ। ਹੱਸਦੇ ਖੇਡਦੇ ਅਸੀਂ ਮੇਲੇ ਵਿਚ ਪੁੱਜੇ। ਸੰਗਤਾਂ ਦੀ ਹਾਜ਼ਰੀ ਵੀਹ ਹਜ਼ਾਰ ਤੋਂ ਕੁਛ ਵੱਧ ਹੀ ਹੋਵੇਗੀ।

ਸਾਥੋਂ ਪਹਿਲਾਂ ਦੋ ਚੋਟੀ ਦਿਆਂ ਜਥਿਆਂ ਨੇ ਕੀਰਤਨ ਕੀਤਾ। ਫਿਰ ਸਾਡੀ ਵਾਰੀ ਆ ਗਈ। ਮੈਂ ਸਕੱਤਰ ਸਾਹਿਬ ਨੂੰ ਪੁੱਛਿਆ, "ਜੀ ਅਸਾਂ ਟਾਈਮ ਕਿੰਨਾ ਲੈਣਾ ਏਂ?" ਉਹਨੇ ਮੇਰੇ ਵੱਲ ਵੇਖ ਕੇ ਆਪਣੇ ਸੁਭਾਅ ਅਨੁਸਾਰ ਕਿਹਾ, "ਸ਼ੁਰੂ ਕਰ ਓਇ ਮੁੰਡਿਆ! ਸੌਦਾ ਵਿਕਦਾ ਵੇਖ ਕੇ ਸੋਚਾਂਗਾ।"

ਗੁਰੂ ਦੀ ਓਟ ਰੱਖ ਕੇ ਅਸਾਂ ਬੜੇ ਸ੍ਵੈ-ਭਰੋਸੇ ਨਾਲ ਸ਼ੁਰੂ ਕੀਤਾ।

ਮੰਗਲਾਚਰਨ ਤੋਂ ਬਾਅਦ ਮੈਂ ਸ਼ੇਰੇ-ਪੰਜਾਬ ਦੀ ਬੰਸਾਵਲੀ ਸ਼ੁਰੂ ਕੀਤੀ।... ਫਿਰ ਸ਼ੇਰੇ-ਪੰਜਾਬ ਦਾ ਸੁਰਗਵਾਸ ਹੋਣਾ, ਉਸ ਤੋਂ ਪਿੱਛੋਂ ਆਪਣਿਆਂ ਹੱਥੋਂ ਆਪਣਿਆਂ ਦਾ ਕਤਲ, ਡੋਗਰਿਆਂ ਦੀ ਗ਼ਦਾਰੀ ਤੇ ਅੰਤ ਬੀਰ ਸਿੰਘ ਜੀ ਦੀ ਸ਼ਹੀਦੀ 'ਤੇ ਲਿਆ ਕੇ ਖ਼ਤਮ ਕੀਤਾ। ਨਾ ਸਾਨੂੰ ਕਿਸੇ ਨੇ ਹਟਾਇਆ, ਤੇ ਨਾ ਅਸਾਂ ਹਿੰਮਤ ਹਾਰੀ। ਸਾਢੇ ਤਿੰਨ ਘੰਟੇ ਪਿੱਛੋਂ ਅਸਾਂ

ਆਪ ਫਤਹਿ ਬੁਲਾਈ।

ਸਰੋਤਿਆਂ ਵਾਸਤੇ ਇਹ ਦਿਲ-ਕੰਬਾਊ ਕਹਾਣੀ ਬਿਲਕੁਲ ਨਵੀਂ ਸੀ। ਮੈਂ ਵੇਖ ਰਿਹਾ ਸਾਂ, ਕਿ ਕੋਈ ਵੀ ਅੱਖ ਸੁੱਕੀ ਨਹੀਂ ਸੀ, ਸਭ ਰੋ ਰਹੇ ਸਨ।

ਸਟੇਜ ਉੱਤੇ ਸੱਜੇ ਹੱਥ ਡੇਰੇ ਦੇ ਮਹੰਤ ਬਾਬਾ ਹਰਨਾਮ ਸਿੰਘ ਜੀ ਬੈਠੇ ਸਨ। ਉਹ ਵੀ ਰੋ ਰਹੇ ਸਨ। ਉਨ੍ਹਾਂ ਇਸ਼ਾਰਾ ਕਰ ਕੇ ਮੈਨੂੰ ਆਪਣੇ ਕੋਲ ਬੁਲਾ ਲਿਆ... ਨਾਂ ਪਤਾ ਪੁੱਛਣ ਪਿੱਛੋਂ ਉਨ੍ਹਾਂ ਹੁਕਮ ਕੀਤਾ, "ਤੂੰ ਅੱਜ ਨਹੀਂ ਜਾਣਾ। ਮੈਂ ਭਲਕੇ ਤੈਥੋਂ ਇਹ ਵਾਰ ਸੁਣਨੀ ਏਂ।"

ਢਾਡੀ ਜਥੇ ਨੂੰ ਦਿਨੋ-ਦਿਨ ਹੋਰ ਮਾਨਤਾ, ਕੀਰਤੀ ਤੇ ਪ੍ਰਵਾਨਗੀ ਮਿਲਦੀ ਰਹੀ। ਇਹ ਗਿਆਨੀ ਜੀ ਦੀ ਸ਼ਖ਼ਸੀਅਤ ਵਿਚ ਨਿਮਰਤਾ ਤੇ ਹਲੀਮੀ ਦੇ ਗੁਣਾਂ ਦਾ ਸਹਿਜ ਸਮਾਵੇਸ਼ ਤੇ ਸੰਚਾਰ ਸੀ, ਜਿਸ ਨੇ ਉਨ੍ਹਾਂ ਦੇ ਹੋਰ ਅਗਲੇਰੀਆਂ ਮੰਜ਼ਲਾਂ ਤੇ ਪ੍ਰਾਪਤੀਆਂ ਦੇ ਬੂਹੇ ਢੁਪਣ ਨਾ ਦਿੱਤੇ। ਢਾਡੀ ਜਥੇ ਦੇ ਮਾਣਯੋਗ ਜੋਟੀਦਾਰ ਵਜੋਂ ਵਿਚਰਦਿਆਂ ਉਨ੍ਹਾਂ ਨੂੰ ਪੂਰਬੀ ਅਤੇ ਪੱਛਮੀ ਅਣਵੰਡੇ ਪੰਜਾਬ ਵਿਚ ਬਹੁਤ ਮਾਣ-ਸਤਿਕਾਰ ਮਿਲਿਆ। ਫਿਰ ਉਨ੍ਹਾਂ ਦੀ ਕੀਰਤੀ ਸਾਰੇ ਵਿਸ਼ਵ ਵਿਚ ਹੀ ਪਸਰ ਗਈ ਤੇ ਉਹ ਆਪਣੇ ਜਥੇ ਸਹਿਤ ਵਿਦੇਸ਼ਾਂ ਵਿਚ ਵੀ ਭਰਪੂਰ ਪ੍ਰਵਾਨ ਚੜ੍ਹੇ ਪਰ ਉਨ੍ਹਾਂ ਗੁਰੂ ਅਤੇ ਗੁਰੂ-ਜਸ ਉੱਪਰ ਆਪਣਾ ਭਰੋਸਾ ਤੇ ਟੇਕ ਨਿਸ਼ਚਾ ਸਹਿਤ ਕਾਇਮ ਰੱਖੀ ਜਿਸ ਨੇ ਉਨ੍ਹਾਂ ਨੂੰ ਕਿਤੇ ਵੀ ਡੋਲਣ ਤੇ ਥਿੜਕਣ ਨਾ ਦਿੱਤਾ। ਉਨ੍ਹਾਂ ਨੇ ਗੁਰੂ-ਆਸਰੇ ਸਦਕਾ, ਇਕ ਆਦਰਸ਼ਕ ਆਚਰਣਕ ਤੇ ਉੱਚੇ-ਸੁੱਚੇ ਸਦਾਚਾਰੀ ਜੀਵਨ ਦੀ ਉਦਾਹਰਣ ਆਪਣੇ ਵਰਗ (ਗੁਰੂ-ਜਸ ਗਾਇਣ ਕਰਨ ਵਾਲੇ ਰਾਗੀ, ਢਾਡੀ, ਕਵੀਸ਼ਰ ਤੇ ਪ੍ਰਚਾਰਕ) ਲਈ ਰੱਖੀ ਜੋ ਆਪਣੇ ਆਪ ਵਿਚ ਅਦੁੱਤੀ ਤੇ ਲਾਸਾਨੀ ਹੈ। ਇਸ ਸੰਬੰਧੀ ਨਿਮਰਤਾ-ਭਾਵ ਨੂੰ ਬਰਕਰਾਰ ਰੱਖਦਿਆਂ ਉਨ੍ਹਾਂ ਵੱਲੋਂ ਕੁਝ ਤਜਰਬੇ ਤੇ ਅਨੁਭਵ, ਲਿਖਤ ਰਾਹੀਂ ਸਾਂਝੇ ਕੀਤੇ ਗਏ ਸਨ। ਗੁਰੂ-ਮਿਹਰ ਦੇ ਨਾਲ-ਨਾਲ ਆਚਰਣ ਦੀ ਚਾਦਰ ਸਾਫ-ਸੁਥਰੀ ਰੱਖਣ ਲਈ ਗਿਆਨੀ ਜੀ ਅਨੁਸਾਰ ਉਨ੍ਹਾਂ ਲਈ ਦੋ ਬੀਬੀਆਂ ਵਿਸ਼ੇਸ਼ ਪ੍ਰੇਰਨਾ-ਸ੍ਰੋਤ ਬਣੀਆਂ। ਅੰਮ੍ਰਿਤਧਾਰੀ ਸਿੰਘਾਂ ਦੇ ਪਰਵਾਰ ਦੀਆਂ ਇਨ੍ਹਾਂ ਦੋਹਾਂ ਬੀਬੀਆਂ ਨੇ ਸੀਤਲ ਹੁਰਾਂ ਦੇ ਢਾਡੀ ਜਥੇ ਦੀ ਇੰਨੀ ਸ਼ਰਧਾ ਨਾਲ ਸੇਵਾ ਕੀਤੀ ਜਿਵੇਂ ਉਹ 'ਦੇਵਤੇ' ਹੋਣ ਜਿਸ ਤੋਂ ਪ੍ਰਭਾਵਿਤ ਹੁੰਦਿਆਂ ਸੀਤਲ ਜੀ ਦੇ ਦਿਲ ਵਿਚ ਆਈ—

ਵੇਖ ਭਈ! ਚਾਹੀਦਾ ਤਾਂ ਇਹ ਹੈ ਕਿ ਜੋ ਕੁਛ ਇਹ 'ਦੇਵੀਆਂ' ਤੈਨੂੰ ਸਮਝਦੀਆਂ ਹਨ, ਇਸ ਨਾਲੋਂ ਉੱਚਾ ਜੀਵਨ ਗੁਜ਼ਾਰੇਂ। ਨਹੀਂ ਤਾਂ ਜਿੰਨਾ ਉੱਚਾ ਤੂੰ ਇਸ ਵੇਲੇ ਇਹਨਾਂ ਦੀ ਨਜ਼ਰ ਵਿਚ ਹੈਂ, ਉਨਾਂ ਉੱਚਾ ਤਾਂ ਜ਼ਰੂਰ ਰਹਿਣਾ ਚਾਹੀਦਾ ਹੈ।

ਇਕ ਵਾਰ ਤਾਂ ਇਕ ਮੁਟਿਆਰ ਰਾਤ ਦੇ ਸਮੇਂ ਸੀਤਲ ਜੀ ਨੂੰ ਤਿਲਕਾਉਣ ਵਾਸਤੇ ਹੱਦੋਂ ਹੀ ਟੱਪ ਗਈ, ਜਿਨ੍ਹੇ ਕਈ ਵਾਰ ਕੰਨੀਂ ਛੁਡਾਉਣ 'ਤੇ ਉਨ੍ਹਾਂ ਦਾ ਪਿੱਛਾ ਜਾਰੀ ਰੱਖਿਆ। ਪਰ ਗੁਰੂ ਉੱਪਰ ਨਿਸਚੇ ਤੇ ਭਰੋਸੇ 'ਤੇ ਗੁਰੂ-ਮਿਹਰ ਦੁਆਰਾ ਸਦਾ ਜ਼ਿੰਦਗੀ ਦੀ ਸਹੀ ਪ੍ਰਾਪਤ ਹੋਈ ਸੋਧ ਨੇ ਉਨ੍ਹਾਂ ਨੂੰ ਹੱਥ ਦੇ ਕੇ ਰੱਖਿਆ। ਇਹ ਘਟਨਾ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਵਾਪਰੀ ਸੀ। ਮਲਾਇਆ ਵਿਚ ਇਕ ਵਾਰ ਕਿਸੇ ਯੁਵਤੀ ਨੇ ਗਿਆਨੀ ਜੀ ਦੀ ਆਪਣੀ ਆਚਰਣਕ ਸ਼ੁੱਧਤਾ ਰੱਖਣ ਤੋਂ ਖਿਝ ਕੇ ਜਦੋਂ ਇਹ ਕਿਹਾ ਕਿ:

'ਜਾਪਦਾ ਏ, ਤੁਸੀਂ ਪਿਛਲੇ ਜਨਮ ਵਿਚ ਇਸਤਰੀ ਸੀ।'

ਤਾਂ ਗਿਆਨੀ ਜੀ ਦਾ ਸ਼ਾਂਤ ਤੇ ਉਤੇਜਨਾ ਰਹਿਤ ਲਹਿਜ਼ੇ ਵਿਚ ਜਵਾਬ ਸੀ ਕਿ:

'ਤੁਸੀਂ ਹੁਣ ਵੀ ਮੈਨੂੰ ਆਪਣੀ ਭੈਣ ਹੀ ਸਮਝ ਲਵੋ ਤਾਂ ਮੈਨੂੰ ਕੋਈ ਗ਼ਿਲਾ ਨਹੀਂ।'

ਐਸੀਆਂ ਜੀਵਨ-ਘਟਨਾਵਾਂ ਸਾਡੇ ਅਜੋਕੇ ਰਾਗੀਆਂ-ਢਾਡੀਆਂ-ਪ੍ਰਚਾਰਕਾਂ ਲਈ ਦਿਸ਼ਾ-ਸੂਚਕ ਤੇ ਚਾਨਣ-ਮੁਨਾਰੇ ਦਾ ਕੰਮ ਕਰ ਸਕਦੀਆਂ ਹਨ।

ਦੁਨੀਆਂ ਵਿਚ ਵਿਚਰਦਿਆਂ ਗਿਆਨੀ ਜੀ ਨੇ ਖਾਣ-ਪੀਣ ਤੇ ਧਨ-ਪਦਾਰਥਾਂ ਦੀ ਖਿੱਚ ਤੋਂ ਵੀ ਆਪਣੇ ਆਪ ਨੂੰ ਗੁਰੂ ਭਰੋਸੇ ਬਹੁਤ ਹੱਦ ਤਕ ਬਚਾ ਕੇ ਰੱਖਿਆ ਤੇ ਇਸ ਸਬੰਧ ਵਿਚ ਕਈ ਵਾਰ ਉਨ੍ਹਾਂ ਨੂੰ ਆਪਣੇ ਜੋਟੀਦਾਰਾਂ ਦੇ ਮਨ-ਮੁਟਾਵ ਤੇ ਨਰਾਜ਼ਗੀਆਂ ਤਕ ਵੀ ਜਰਨੀਆਂ ਪਈਆਂ, ਜਿਸ ਦਾ ਵਿਵਰਣ ਗਿਆਨੀ ਜੀ ਦੁਆਰਾ 'ਮੇਰੀਆਂ ਅਭੁੱਲ ਯਾਦਾਂ' ਵਿਚ 'ਰਾਗੀਆਂ ਦੀਆਂ ਕਮਜ਼ੋਰੀਆਂ' ਸਿਰਲੇਖ ਹੇਠ ਦਿੱਤਾ ਗਿਆ ਹੈ। ਗਿਆਨੀ ਜੀ ਦੀ ਸ਼ਖ਼ਸੀਅਤ ਦੀ ਇਹ ਵਡਿਆਈ ਹੈ ਕਿ ਉਨ੍ਹਾਂ ਨੇ ਇਸ ਤਰ੍ਹਾਂ ਕਰਦਿਆਂ ਆਪਣੇ ਉਨ੍ਹਾਂ ਜੋਟੀਦਾਰਾਂ ਦੇ ਨਾਂ ਨਹੀਂ ਦਿੱਤੇ ਕਿਉਂ ਜੋ ਉਨ੍ਹਾਂ ਦਾ ਮਨੋਰਥ ਤਾਂ ਆਪਣੇ ਵਰਗ ਨੂੰ ਸੇਧ ਦੇਣਾ ਤੇ ਉਚੇਰਾ ਚੁੱਕਣਾ ਹੈ। ਉਹ ਆਪਣੇ ਵਰਗ ਨੂੰ ਮੁਖਾਤਿਬ ਹੁੰਦੇ ਕਹਿੰਦੇ/ਲਿਖਦੇ ਹਨ:

ਯਾਦ ਰੱਖੋ ਥੋੜ੍ਹੀਆਂ ਲੋੜਾਂ ਵਿਚ ਹੀ ਸੁਖ ਹੈ। ਜਿਉਂ ਜਿਉਂ ਕੋਈ ਲੋੜਾਂ ਤੇ ਖਾਹਸ਼ਾਂ ਵਧਾਉਂਦਾ ਜਾਵੇਗਾ ਤਿਉਂ ਤਿਉਂ 'ਦੁੱਖ' ਤੇ 'ਕਲੇਸ਼' ਵਧਦਾ ਜਾਏਗਾ।

ਗਿਆਨੀ ਸੋਹਣ ਸਿੰਘ ਸੀਤਲ ਨੇ 'ਹਉ ਢਾਢੀ ਹਰਿ ਪ੍ਰਭ ਖਸਮ ਕਾ' ਦਾ ਸੰਕਲਪ ਹਰ ਹਾਲ ਵਿਚ ਨਿਭਾ ਕੇ ਦਰਸਾਉਂਦਿਆਂ ਆਪਣੇ ਵਰਗ ਲਈ ਇਕ ਆਦਰਸ਼, ਇਕ ਵਿਸਮਾਦੀ ਉਦਾਹਰਣ ਪੇਸ਼ ਕੀਤੀ। ਇਕ ਵਾਰ ਜਦੋਂ ਕਿਸੇ ਜੰਵ ਨਾਲ ਗਿਆਂ ਕੀਰਤਨ ਸਮਾਪਤੀ ਉੱਪਰ ਕਿਸੇ ਸੱਜਣ ਨੇ ਸੁਭਾਵਕ ਹੀ ਸੀਤਲ ਹੁਰਾਂ ਨੂੰ 'ਹੀਰ ਦੀ ਕਲੀ' ਸੁਣਾਉਣ ਅਥਵਾ ਗਾਉਣ ਲਈ ਫਰਮਾਇਸ਼ ਕਰ ਦਿੱਤੀ ਤਾਂ ਉਨ੍ਹਾਂ ਦੀ ਆਤਮਾ ਨੂੰ ਬੜਾ ਵੱਡਾ ਝਟਕਾ ਲੱਗਾ, ਐਪਰ ਮਾਨਸਿਕ ਸੰਤੁਲਨ ਸਾਵਾਂ-ਪੱਧਰ ਰੱਖਦਿਆਂ, ਉਨ੍ਹਾਂ ਨੇ ਉਸ ਮੂਹਰੇ ਆਪਣਾ ਤਤਕਾਲਿਕ ਤਾਜ਼ਾ ਪ੍ਰਣ ਇਉਂ ਪ੍ਰਗਟਾਇਆ:

"ਮੇਰੇ ਦੋਸਤ! ਮੈਂ ਤੇਰਾ ਧੰਨਵਾਦੀ ਹਾਂ। ਤੂੰ ਮੈਨੂੰ ਇਕ ਸੇਧ ਦਿੱਤੀ ਹੈ। ਮੈਂ ਗੁਰੂ ਘਰ ਦਾ ਢਾਡੀ ਹਾਂ, ਗਵੱਈਆ ਨਹੀਂ। ਸੋ ਅੱਜ ਤੋਂ ਪਿੱਛੋਂ ਮੈਂ ਜੰਵ ਸਾਮ੍ਹਣੇ ਕਦੇ ਕੀਰਤਨ ਨਹੀਂ ਕਰਾਂਗਾ।"

ਤੇ ਸੀਤਲ-ਆਤਮਾ ਸ਼ੁਕਰਾਨੇ ਵਿਚ ਆਖਦੀ ਹੈ:

'ਗੁਰੂ ਮਹਾਰਾਜ ਇਹ ਪ੍ਰਣ ਨਿਭਾਈ ਜਾ ਰਹੇ ਹਨ।'

ਤੇ ੨੪ ਅਪ੍ਰੈਲ, ੧੯੭੭ ਨੂੰ ਇੰਗਲੈਂਡ ਫੇਰੀ ਦੌਰਾਨ ਵੂਲਵਰਹੈਂਪਟਨ ਦੇ ਅਖੌਤੀ ਹਾਈ ਜੈਂਟਰੀ ਦੇ ਹਾਲ ਵਿਚ ਮੇਜ਼ਾਂ ਉੱਪਰ ਸ਼ਰਾਬ ਦੀਆਂ ਬੋਤਲਾਂ ਲੱਗੀਆਂ ਵੇਖ ਕੇ ਆਪਣੀ ਸੁਭਾਵਿਕ ਹਲੀਮੀ ਵਾਲਾ ਗੁਣ ਬਰਕਰਾਰ ਰੱਖਦਿਆਂ ਯੂਰਪੀ ਪੌਂਡਾਂ ਨੂੰ, ਸੱਚੇ ਗੁਰੂ-ਪਿਆਰ ਵਿਚ ਭਿੰਨੇ ਆਪਣੇ ਇਨ੍ਹਾਂ ਬੋਲਾਂ ਨਾਲ ਠੁਕਰਾ ਛੱਡਿਆ:

"ਅਫਸੋਸ, ਮੈਂ ਐਸਾ ਨਹੀਂ ਕਰ ਸਕਾਂਗਾ। ਮੈਂ ਗੁਰੂ-ਘਰ ਦਾ ਢਾਡੀ ਹਾਂ। ਮੈਂ ਸਿਰਫ਼ ਉਥੇ ਹੀ ਕੀਰਤਨ ਕਰਾਂਗਾ, ਜਿੱਥੇ ਗੁਰੂ ਮਹਾਰਾਜ ਦਾ ਪ੍ਰਕਾਸ਼ ਹੋਵੇ।"

ਬੇਲਾਗਪੁਣਾ, ਸਪਸ਼ਟਤਾਵਾਦੀ ਹੋਣਾ, ਸਤਿਵਾਦੀ ਹੋਣਾ, ਨਿਡਰਤਾ ਤੇ ਨਿਸ਼ੰਗਤਾ ਦੇ ਗੁਣ ਵੀ ਗਿਆਨੀ ਜੀ ਦੇ ਵਿਅਕਤਿਤਵ ਦਾ ਅਨਿੱਖੜ ਅੰਗ ਬਣੇ ਰਹੇ। ਉਨ੍ਹਾਂ ਦੀ ਭਰਪੂਰ ਪ੍ਰਵਾਨਗੀ ਤੇ ਹਰਮਨਪਿਆਰਤਾ ਕਰਕੇ ਉਨ੍ਹਾਂ ਦੀ ਆਪਣੇ ਸਮੇਂ ਦੇ ਰਾਜਸੀ ਆਗੂਆਂ ਨਾਲ ਕਾਫੀ ਨੇੜਤਾ ਰਹੀ ਪਰ ਇਸ ਤੋਂ ਨਿੱਜੀ ਅਤੇ ਵਿਅਕਤੀਗਤ ਲਾਭ ਲੈਣ ਤੋਂ ਉਨ੍ਹਾਂ ਨੇ ਸਦਾ ਹੀ ਪ੍ਰਹੇਜ਼ ਰੱਖਿਆ। ਇਹੀ ਕਾਰਨ ਸੀ ਕਿ ਉਹ ਵੱਡੇ ਤੋਂ ਵੱਡੇ ਆਗੂ ਦੀ ਵੀ ਪੰਥ-ਵਿਰੋਧੀ ਨੀਤੀ

ਵੇਖ ਕੇ ਉਸ ਦਾ ਵਿਰੋਧ ਕਰਨੋਂ ਨਹੀਂ ਸਨ ਰਹਿੰਦੇ ਤੇ ਮੰਚ ਉੱਪਰ ਸੰਗਤ ਸਾਹਮਣੇ ਸੱਚੀ ਗੱਲ ਨਿਧੜਕਪੁਣੇ ਨਾਲ ਕਹਿ ਦਿਆ ਕਰਦੇ ਸਨ। ਉਨ੍ਹਾਂ ਦੇ ਸੁਭਾਅ ਦਾ ਇਹ ਪੱਖ ਕਈ ਵਾਰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ, ਦੁਸ਼ਵਾਰੀਆਂ ਤੇ ਤੰਗੀਆਂ ਦਾ ਵੀ ਕਾਰਨ ਬਣਿਆ। ਉਨ੍ਹਾਂ ਦੇ ਪ੍ਰੋਗਰਾਮਾਂ ਦੇ ਖੋਹਣ ਦੀਆਂ ਵਿਉਂਤਬੰਦੀਆਂ ਵੀ ਬਣਦੀਆਂ ਰਹੀਆਂ ਪਰ ਉਨ੍ਹਾਂ ਦੀਆਂ ਵਿਲੱਖਣਤਾਵਾਂ ਕਰਕੇ ਸਿੱਖ ਸੰਗਤ ਉਨ੍ਹਾਂ ਨੂੰ ਮਾਣ-ਸਤਿਕਾਰ ਦਿੰਦੀ ਹੀ ਰਹੀ। ਉਹ ਹਮੇਸ਼ਾਂ ਪੰਥ ਦੇ ਰਹੇ ਅਤੇ ਪੰਥ ਵੀ ਉਨ੍ਹਾਂ ਲਈ ਅਥਾਹ ਮੋਹ-ਪਿਆਰ ਦਾ ਹੁੰਗਾਰਾ ਭਰਦਾ ਰਿਹਾ।

ਗਿਆਨੀ ਜੀ ਆਪਣੀ ਨੀਵੀਂ ਪੀੜ੍ਹੀ ਨੂੰ ਪੂਰਨ ਸਿੱਖੀ ਸਰੂਪ ਵਿਚ ਵੇਖਣ ਲਈ ਤੀਬਰ ਖਾਹਿਸ਼ ਰੱਖਦੇ ਰਹੇ। ਉਨ੍ਹਾਂ ਦੀ ਇਸ ਖਾਹਿਸ਼ ਨੂੰ, ਸਿੱਖੀ ਸੋਚ 'ਤੇ ਪਹਿਰੇਦਾਰੀ ਨੂੰ, ਉਦੋਂ ਕਾਫੀ ਜਬਰਦਸਤ ਧੱਕਾ ਲੱਗਾ ਜਦੋਂ ਉਨ੍ਹਾਂ ਦੁਆਰਾ ਘਰੋਂ ਅੰਮ੍ਰਿਤਧਾਰੀ ਸਰੂਪ ਵਿਚ ਤੋਰਿਆ ਉਨ੍ਹਾਂ ਦਾ ਪੁੱਤਰ ਡਾਕਟਰ ਰਘਬੀਰ ਸਿੰਘ ਇੰਗਲੈਂਡ ਵਿਚ ਹੋਰ ਉਚੇਰੀ ਵਿੱਦਿਆ ਪ੍ਰਾਪਤ ਕਰਨ ਗਿਆ ਪਾਵਨ, ਪ੍ਰਭੂ-ਬਖਸ਼ਿਸ਼,ਗੁਰੂ-ਨਿਸ਼ਾਨੀ ਕੇਸ ਕਤਲ ਕਰਵਾ ਆਇਆ। ਉਨ੍ਹਾਂ ਦੀ ਮਾਨਸਿਕ ਅਵਸਥਾ ਬਦਨਸੀਬ ਜਿੰਦਾਂ ਦੀ ਉਸ ਮਾਨਸਿਕ ਅਵਸਥਾ ਸਮਾਨ ਹੀ ਸੀ ਜਦੋਂ ਉਸ ਦਾ ਦਲੀਪ ਉਸ ਨੂੰ ਵਰ੍ਹਿਆਂ ਪਿੱਛੋਂ ਕਲਕੱਤੇ ਮਿਲਿਆ ਸੀ ਅਤੇ ਅੰਨ੍ਹੀਂ ਮਾਂ ਦੀ ਰੂਹ ਤੜਪ ਉੱਠੀ ਸੀ ਜਦੋਂ ਉਹਦਾ ਹੱਥ ਪੁੱਤਰ ਦੇ ਸਿਰ ਉੱਪਰ ਫਿਰਿਆ ਸੀ ਤੇ ਗੁਰੂ ਦੀ ਨਿਸ਼ਾਨੀ ਕੇਸ ਇਸ ਸਿਰ ਤੋਂ ਅਲੋਪ ਸਨ। ਗਿਆਨੀ ਜੀ ਨੇ 'ਦੁਖੀਏ ਮਾਂ ਪੁੱਤ' ਵਿਚ ਇਸ ਘਟਨਾ ਦਾ ਹਿਰਦੇ-ਵੇਧਕ ਬਿਰਤਾਂਤ ਲਿਖਿਆ ਹੈ ਜੋ 'ਮਾਂ ਪੁੱਤ ਦਾ ਮਿਲਾਪ' ਦੇ ਸਿਰਲੇਖ ਹੇਠ ਅੰਕਿਤ ਹੈ ਤੇ ਪੜ੍ਹਨ-ਸੁਣਨ ਦੇ ਕਾਬਲ ਹੈ।

ਗਿਆਨੀ ਜੀ ਗੁਰੂ-ਜੱਸ ਗਾਇਣ ਕਰਨ ਦੇ ਉੱਚੇ ਮਨੋਰਥ ਹਿਤ ਵਿਦੇਸ਼ੀਂ ਖੂਬ ਘੁੰਮੇ-ਫਿਰੇ ਪਰ ਗੁਰੂ-ਵਰੋਸਾਈ ਪੰਜਾਬ ਦੀ ਧਰਤੀ ਨਾਲੋਂ ਨਾਤਾ ਤੋੜਨਾ ਉਨ੍ਹਾਂ ਕਦਾਚਿਤ ਪ੍ਰਵਾਨ ਨਾ ਕੀਤਾ ਭਾਵੇਂ ਉਨ੍ਹਾਂ ਦੀ ਕੈਨੇਡਾ ਪੱਕੇ ਤੌਰ 'ਤੇ ਵਾਸ ਪ੍ਰਾਪਤ ਕਰ ਚੁੱਕੀ ਸੰਤਾਨ ਨੇ ਉਨ੍ਹਾਂ 'ਤੇ ਇਸ ਪੱਖੋਂ ਬਹੁਤ ਜ਼ੋਰ ਪਾਇਆ ਤੇ ਉਥੋਂ ਦੇ ਸੁਖਾਂ, ਸਹੂਲਤਾਂ ਤੇ ਸਰਕਾਰੀ ਪੈਨਸ਼ਨ ਆਦਿ ਦੇ ਕਈ ਲਾਹੇ ਇਸ ਸਬੰਧ ਵਿਚ ਦੱਸੇ। ਗਿਆਨੀ ਜੀ ਆਪਣੀ ਵਤਨ ਦੀ ਮਿੱਟੀ ਦੇ ਮੋਹ ਦੀ ਖਿੱਚੇ ਚਲੇ ਆਏ।

ਲੰਮੇਰੀ ਜ਼ਿੰਦਗੀ ਵਿਚ ਗਿਆਨੀ ਜੀ ਨੂੰ ਇਕ ਵਾਰ ਘੋਰ ਅਵੱਲੀ ਸਿਰ ਪੀੜ ਦੀ ਸ਼ਿਕਾਇਤ ਹੋ ਗਈ ਜਿਸ ਦੇ ਉਪਚਾਰ ਵਜੋਂ ਸੰਭਾਵੀ ਉਪਰੇਸ਼ਨ ਵਾਸਤੇ ਉਨ੍ਹਾਂ ਨੇ ਕੇਸ-ਦਾਹੜੀ ਦੇ ਰੋਮਾਂ ਨੂੰ ਮਜਬੂਰੀ ਵਜੋਂ ਕਤਲ ਕਰਵਾਉਣਾ ਕਿਸੇ ਸੂਰਤ ਵਿਚ ਵੀ ਪ੍ਰਵਾਨ ਨਾ ਕੀਤਾ ਤੇ ਗੁਰੂ-ਕਿਰਪਾ ਸਦਕਾ ਉਹ ਓੜਕ ਨੂੰ ਇਸ ਅਤਿ ਕਠਿਨ ਪ੍ਰੀਖਿਆ ਵਿੱਚੋਂ ਵੀ ਸਫਲ ਹੋ ਕੇ ਨਿਕਲ ਆਏ। ਗੁਰੂ ਉੱਪਰ ਅਡਿੱਗ ਨਿਸਚੇ ਤੇ ਅਟੱਲ ਭਰੋਸੇ ਨੇ ਉਨ੍ਹਾਂ ਨੂੰ ਨਾ ਭਰਵੀਂ ਜਵਾਨੀ ਵਿਚ ਹੀ ਕਦੇ ਡੋਲਣ ਦਿੱਤਾ ਤੇ ਨਾ ਬਜ਼ੁਰਗ ਅਵਸਥਾ ਦੀਆਂ ਬੇਵਸੀਆਂ ਦੇ ਮੂਹਰੇ ਹੀ—

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥ *(ਪੰਨਾ ੧੩੭੮)*

ਨੇੜਿਓਂ ਡਿੱਠੇ ਢਾਡੀ ਸੋਹਣ ਸਿੰਘ ਜੀ ਸੀਤਲ

-ਮਾਸਟਰ ਜਸਵੰਤ ਸਿੰਘ ਘਰਿੰਡਾ

ਮੈਂ ੧੯੫੨ ਈ. ਵਿਚ ਪੰਜਵੀਂ ਜਮਾਤ ਵਿਚ ਪੜ੍ਹਦਾ ਸੀ। ਮੇਰੇ ਨਾਲ ਦੇ ਮੁੰਡੇ ਹਰ ਗੁਰਪੁਰਬ 'ਤੇ ਧਾਰਮਿਕ ਕਵਿਤਾਵਾਂ ਪੜ੍ਹਦੇ ਹੁੰਦੇ ਸਨ। ਚੰਗੀ ਕਵਿਤਾ ਪੜ੍ਹਨ ਵਾਲੇ ਨੂੰ ਗੁਰਦੁਆਰਾ ਕਮੇਟੀ ਵੱਲੋਂ ਇਨਾਮ ਦਿੱਤਾ ਜਾਂਦਾ ਸੀ।

ਮੈਂ ਆਪਣੇ ਪਿੰਡ ਦੇ ਮੁੰਡੇ ਚੰਨਣ ਸਿੰਘ ਪਾਸ ਇਕ ਕਿਤਾਬ ਵੇਖੀ ਜਿਸ ਦਾ ਟਾਈਟਲ 'ਸੀਤਲ ਕਿਰਣਾਂ' ਸੀ ਤੇ ਲੇਖਕ ਦਾ ਨਾਂ ਸੀ ਸ. ਸੋਹਣ ਸਿੰਘ 'ਸੀਤਲ'। ਮੈਂ ਉਸ ਕੋਲੋਂ ਕਿਤਾਬ ਲੈ ਕੇ ਉਸ ਵਿਚਲੇ ਸਾਰੇ ਪ੍ਰਸੰਗ ਪੜ੍ਹੇ। ਇਨ੍ਹਾਂ ਵਿੱਚੋਂ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਵਾਲਾ ਪ੍ਰਸੰਗ ਮੈਨੂੰ ਬਹੁਤ ਚੰਗਾ ਲੱਗਾ।

ਉਸ ਵੇਲੇ ਸਾਡੇ ਪਿੰਡ ਦੇ ਬਜ਼ੁਰਗ ਸੱਥਾਂ ਵਿਚ ਬੈਠ ਕੇ ਸੀਤਲ ਜੀ ਦੀਆਂ ਗੱਲਾਂ ਬੜੀ ਸ਼ਰਧਾ ਨਾਲ ਕਰਿਆ ਕਰਦੇ ਸਨ। ਸੀਤਲ ਜੀ ਦੀਆਂ ਸੁਣਾਈਆਂ ਹੋਈਆਂ ਸਿੱਖ ਸੂਰਬੀਰਾਂ ਦੀਆਂ ਵਾਰਾਂ ਅਤੇ ਸਿੱਖ-ਇਤਿਹਾਸ ਆਮ ਅਨਪੜ੍ਹ ਪੇਂਡੂਆਂ ਨੂੰ ਜ਼ਬਾਨੀ ਯਾਦ ਸਨ। ਮੇਰੇ ਪਿਤਾ ਜੀ ਵੀ ਸੀਤਲ ਜੀ ਨੂੰ ਸੁਣਨ ਤਰਨਤਾਰਨ ਦੀ ਹਰ ਮੱਸਿਆ 'ਤੇ ਜਾਂਦੇ ਹੁੰਦੇ ਸਨ। ਇਕ ਵਾਰ ਮੈਂ ਵੀ ਉਨ੍ਹਾਂ ਨਾਲ ਮੱਸਿਆ ਵੇਖਣ ਗਿਆ। ਸੈਂਟਰ ਮਾਝਾ ਦਾ ਦੀਵਾਨ ਪ੍ਰਦੱਖਣਾ ਦੀ ਉੱਤਰ ਵਾਲੀ ਬਾਹੀ ਲੱਗਦਾ ਹੁੰਦਾ ਸੀ ਜਿਸ ਦਾ ਸਟੇਜ ਸੈਕਟਰੀ ਪਿੰਡ ਸੁਰਸਿੰਘ ਦਾ ਰਹਿਣ ਵਾਲਾ ਸ. ਮਹਿਲ ਸਿੰਘ ਹੁੰਦਾ ਸੀ ਜੋ ਨਨਕਾਣਾ ਸਾਹਿਬ ਦੇ ਸਿੱਖਾਂ ਤੋਂ ਵਿਛੋੜੇ ਦੀ ਕਹਾਣੀ ਬੜੇ ਦਰਦਨਾਕ ਸ਼ਬਦਾਂ ਵਿਚ ਬਿਆਨ ਕਰਦਾ ਹੁੰਦਾ ਸੀ। ਪਹਿਲੀ ਵਾਰ ਮੈਂ ਸੀਤਲ ਜੀ ਨੂੰ ਉਥੇ ਸੁਣਿਆ। 'ਸਿੱਖ ਰਾਜ ਕਿਵੇਂ ਗਿਆ' ਦਾ ਲਹੂ-ਭਿੱਜਿਆ ਇਤਿਹਾਸ ਉਨ੍ਹਾਂ ਢਾਡੀ-ਜਥੇ ਸਮੇਤ ਵਿਆਖਿਆਕਾਰ ਦੇ ਤੌਰ 'ਤੇ ਸੁਣਾਇਆ। ਮੈਂ ਵੇਖਿਆ, ਕਈ ਲੋਕ ਰੋ ਰਹੇ ਸਨ।

ਪਹਿਲਾਂ ਮੈਂ ਪੁਲੀਸ ਵਿਚ ਭਰਤੀ ਹੋ ਗਿਆ। ਪੁਲੀਸ ਦੀ ਨੌਕਰੀ ਛੱਡ ਕੇ ਮੈਂ ੧੯੬੨ ਈ. ਵਿਚ ਸਰਹਾਲੀ ਵਿਖੇ ਜੇ.ਬੀ.ਟੀ. ਵਿਚ ਦਾਖ਼ਲ ਹੋ ਗਿਆ। ਇਥੇ ਮੇਰਾ ਮੇਲ ਸੁਪ੍ਰਸਿੱਧ ਕਹਾਣੀਕਾਰ ਸ. ਵਰਿਆਮ ਸਿੰਘ (ਲਾਇਲਪੁਰ ਖਾਲਸਾ ਕਾਲਜ, ਜਲੰਧਰ) ਨਾਲ ਹੋਇਆ। ਉਹ ਵੀ ਸੀਤਲ ਜੀ ਨੂੰ ਸੁਣਨ ਦੇ ਬੜੇ ਸ਼ੌਕੀ ਸਨ। ਸੀਤਲ ਜੀ ਦੀਆਂ ਕਈ ਵਾਰਾਂ ਉਨ੍ਹਾਂ ਨੂੰ ਜ਼ਬਾਨੀ ਯਾਦ ਸਨ ਜਿਵੇਂ 'ਛੱਜਾ ਡਿੱਗਿਆ', 'ਕਿਸਮਤ ਪੰਜਾਬ ਦੀ'। ਜੇ.ਬੀ.ਟੀ. ਕਰਨ ਤੋਂ ਬਾਅਦ ਅਸੀਂ ਦੋਹਾਂ ਨੇ ਗੁਰਦੁਆਰਾ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦੀਵਾਨ ਵਿਚ ਸੀਤਲ ਜੀ ਨੂੰ ਜ਼ਰੂਰ ਸੁਣਨ ਜਾਣਾ।

ਪੰਜਾਬੀ ਸੂਬੇ ਦਾ ਮੋਰਚਾ ਸੰਤ ਫਤਿਹ ਸਿੰਘ ਹੋਰਾਂ ਦੀ ਅਗਵਾਈ ਵਿਚ ਚੱਲ ਰਿਹਾ ਸੀ। ਗਿਆਨੀ ਹਰਚਰਨ ਸਿੰਘ 'ਹੁਡਿਆਰਾ' ਨੇ ਪ੍ਰਣ ਕੀਤਾ ਹੋਇਆ ਸੀ ਕਿ ਜਿੰਨਾ ਚਿਰ ਪੰਜਾਬੀ ਸੂਬਾ ਨਹੀਂ ਬਣ ਜਾਂਦਾ, ਮੈਂ ਪੂਰੇ ਬਸਤਰ ਨਹੀਂ ਪਹਿਨਾਂਗਾ। ਉਹ ਕਛਹਿਰੇ ਅਤੇ ਕੰਬਲ ਵਿਚ ਹੀ ਰਹਿੰਦੇ ਸਨ। ਮੰਜੀ ਸਾਹਿਬ ਦੀ ਸਟੇਜ 'ਤੇ ਸੀਤਲ ਜੀ ਵੀ ਬੈਠੇ ਸਨ। ਹੁਡਿਆਰਾ ਜੀ ਨੇ ਸੀਤਲ ਜੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਤੁਸੀਂ ਵੀ ਪੰਜਾਬੀ ਸੂਬੇ ਲਈ ਕੋਈ ਕੁਰਬਾਨੀ ਕਰੋ। ਉਨ੍ਹਾਂ ਤੋਂ ਬਾਅਦ ਸੀਤਲ ਜੀ ਆਪਣੇ ਜਥੇ ਸਮੇਤ ਵਾਰਾਂ ਸੁਣਾਉਣ ਲਈ ਉੱਠੇ ਤੇ ਉਨ੍ਹਾਂ ਨੇ

ਹੁਡਿਆਰਾ ਜੀ ਨੂੰ ਕਿਹਾ ਕਿ ਤੁਸੀਂ ਪੰਜਾਬੀ ਸੂਬੇ ਲਈ ਕੁਰਬਾਨੀ ਕਰੋ। ਤੁਸੀਂ ਮਰਨ ਦਾ ਪ੍ਰਣ ਕਰੋ ਤੇ ਫਿਰ ਮਰੋ ਵੀ। ਪਿੱਛੋਂ ਮੈਂ ਤੁਹਾਡੀਆਂ ਵਾਰਾਂ ਗਾਇਆ ਕਰਾਂਗਾ। ਮੇਰਾ ਕੰਮ ਸ਼ਹੀਦਾਂ ਦੀਆਂ ਵਾਰਾਂ ਗਾਉਣਾ ਹੈ। ਇਹ ਸੁਣ ਕੇ ਇਕ ਨਿਹੰਗ ਸਿੰਘ ਨੇ 'ਬੋਲੇ ਸੋ ਨਿਹਾਲ' ਦੀ ਲੰਮੀ ਹੇਕ ਲਾ ਕੇ ਜੈਕਾਰਾ ਛੱਡਿਆ। ਸਾਰੀ ਸੰਗਤ ਉਸ ਵੱਲ ਵੇਖਣ ਲੱਗ ਪਈ ਤਾਂ ਸੀਤਲ ਜੀ ਨੇ ਕਿਹਾ, "ਮੇਰੇ ਵੱਲ ਧਿਆਨ ਦਿਓ, ਜਿਸ ਮਗਰ ਕੋਈ ਜਾਵੇ ਨਾ, ਉਹ ਮੁੜ ਹੀ ਆਉਂਦਾ ਹੈ।"

ਬਾਬਾ ਖੜਕ ਸਿੰਘ ਜੀ ਗੁਰਦੁਆਰਾ ਬੀੜ ਸਾਹਿਬ ਵਾਲੇ ਬੜੇ ਪਰਉਪਕਾਰੀ ਸਨ। ਉਨ੍ਹਾਂ ਹਰ ਸਾਲ ੨੨ ਅੱਸੂ ਨੂੰ ਸਾਲਾਨਾ ਜੋੜ-ਮੇਲੇ 'ਤੇ ਸੀਤਲ ਜੀ ਨੂੰ ਸੱਦਣਾ ਸ਼ੁਰੂ ਕਰ ਦਿੱਤਾ। ਮੈਂ ਉਨ੍ਹਾਂ ਨੂੰ ਸੁਣਨ ਲਈ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜਾਣ ਲੱਗ ਪਿਆ। ਪਹਿਲਾਂ ਮੈਨੂੰ ਢੱਡ-ਸਾਰੰਗੀ ਨਾਲ ਉਨ੍ਹਾਂ ਦੁਆਰਾ ਗਾਇਨ ਕੀਤੀਆਂ ਵਾਰਾਂ ਸੁਣ ਕੇ ਬੜਾ ਅਨੰਦ ਆਉਂਦਾ ਸੀ ਪਰ ਬਾਅਦ ਵਿਚ ਭਾਸ਼ਣ ਸੁਣ ਕੇ ਅਨੰਦ ਆਉਣ ਲੱਗ ਪਿਆ। ਇਕ ਵਾਰ ਉਨ੍ਹਾਂ ਸਟੇਜ ਤੋਂ ਕਿਹਾ, "ਜੇ ਦੁਨੀਆਂ 'ਤੇ ਆਏ ਹੋ ਤਾਂ ਕੁਝ ਕਰ ਕੇ ਜਾਓ, ਨਹੀਂ ਤਾਂ ਅੰਨ ਗੰਦਾ ਕਰਨ ਦਾ ਕੋਈ ਫ਼ਾਇਦਾ ਨਹੀਂ।" ਇਹ ਗੱਲ ਮੈਂ ਆਪਣੇ ਲੜਕੇ ਆਤਮਜੀਤ ਸਿੰਘ ਨੂੰ ਦੱਸੀ ਜੋ ਉਸ ਵੇਲੇ ਪੰਜਵੀਂ ਜਮਾਤ ਵਿਚ ਪੜ੍ਹਦਾ ਸੀ। ਉਹ ਇਸ ਗੱਲ ਤੋਂ ਪ੍ਰਭਾਵਿਤ ਹੋ ਕੇ ਮਿਹਨਤ ਕਰਨ ਲੱਗ ਪਿਆ। ਪੰਜਵੀਂ ਤੋਂ ਲੈ ਕੇ ਦਸਵੀਂ ਤਕ ਪਹਿਲੇ ਨੰਬਰ 'ਤੇ ਆਉਂਦਾ ਰਿਹਾ। ਅੱਜਕਲ੍ਹ ਉਹ ਅਮਰੀਕਾ ਵਿਚ ਇਕ ਜਪਾਨੀ ਕੰਪਨੀ ਵਿਚ ਕੰਪਿਊਟਰ ਇੰਜੀਨੀਅਰ ਹੈ। ਕਈ ਵਾਰ ਇੱਕ-ਇੱਕ ਸ਼ਬਦ, ਇੱਕ-ਇੱਕ ਵਾਕ ਜ਼ਿੰਦਗੀ ਦਾ ਰੁਖ਼ ਬਦਲ ਦਿਆ ਕਰਦਾ ਹੈ।

ਇਕ ਵਾਰ ਮੈਂ ਬਾਬਾ ਬੁੱਢਾ ਜੀ ਦੇ ਮੇਲੇ 'ਤੇ ਉਨ੍ਹਾਂ ਤੋਂ ਦੋ ਕਿਤਾਬਾਂ ਖਰੀਦੀਆਂ, 'ਸਿੱਖ ਰਾਜ ਕਿਵੇਂ ਬਣਿਆ' ਤੇ 'ਸਿੱਖ ਰਾਜ ਕਿਵੇਂ ਗਿਆ?' ਮੈਂ ਦੋਹਾਂ ਕਿਤਾਬਾਂ ਦੇ ਪੈਸੇ ਦੇ ਦਿੱਤੇ ਤੇ ਕਿਹਾ ਕਿ ਤੁਸੀਂ ਆਪਣੇ ਆਟੋਗਰਾਫ਼ ਦੇ ਦਿਓ। ਉਨਾਂ ਦੋਹਾਂ ਕਿਤਾਬਾਂ 'ਤੇ ਲਿਖ ਦਿੱਤਾ 'ਪਿਆਰ ਸਤਿਕਾਰ ਸਹਿਤ ਮਾਸਟਰ ਜਸਵੰਤ ਸਿੰਘ ਜੀ ਨੂੰ।' ਨਾਲ ਹੀ ਕਿਹਾ, "ਮਾਸਟਰ ਜੀ! ਪੈਸੇ ਤਾਂ ਮੈਂ ਤੁਹਾਡੇ ਤੋਂ ਲੈ ਲਏ ਨੇ। ਪਿਆਰ ਕਾਹਦਾ ਰਹਿ ਗਿਆ?"

ਉਨ੍ਹਾਂ ਨੇ ਇੰਗਲੈਂਡ ਦੀ ਗੱਲ ਸੁਣਾਈ ਕਿ ਮੈਂ ਇਕ ਗੋਰੇ ਦੀ ਦੁਕਾਨ ਤੋਂ ਬਦਾਮ ਰੋਗਨ ਖ਼ਰੀਦਿਆ ਤੇ ਪੈਸੇ ਦੇ ਦਿੱਤੇ। ਜਦ ਮੈਂ ਦੁਕਾਨ ਤੋਂ ਉਤਰਿਆ ਤਾਂ ਗੋਰੇ ਨੇ ਕਿਹਾ, "ਮਿਸਟਰ ਸਿੰਘ! ਇਹ ਤੁਸਾਂ ਖਾਣ ਵਾਸਤੇ ਲਿਆ ਹੈ ਜਾਂ ਮਲਣ ਵਾਸਤੇ?" ਮੈਂ ਕਿਹਾ, "ਖਾਣ ਵਾਸਤੇ (ਪਰ ਉਹ ਮਲਣ ਵਾਸਤੇ ਸੀ)।" ਉਸ ਨੇ ਉਸੇ ਵੇਲੇ ਬਦਾਮ ਰੋਗਨ ਵਾਪਸ ਲੈ ਕੇ ਪੈਸੇ ਮੋੜ ਦਿੱਤੇ। ਜੇ ਮੈਂ ਬਦਾਮ ਰੋਗਨ ਭਾਰਤ ਵਿੱਚੋਂ ਖ਼ਰੀਦਿਆ ਹੁੰਦਾ ਤਾਂ ਕਿਸੇ ਨੇ ਪੈਸੇ ਵਾਪਸ ਨਹੀਂ ਕਰਨੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਗੋਰਿਆਂ ਦੇ ਅਸੀਂ ਔਗੁਣ ਤਾਂ ਸਾਰੇ ਅਪਣਾ ਲਏ ਪਰ ਗੁਣ ਕੋਈ ਨਹੀਂ ਅਪਣਾਇਆ।

ਮੈਂ ਇਕ ਵਾਰ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦਿਆਂ ਕਿਹਾ, "ਪਿਤਾ ਜੀ! ਤੁਹਾਡੀ ਲੰਮੀ ਉਮਰ ਹੋਏ ਤਾਂ ਕਿ ਅਸੀਂ ਤੁਹਾਡੀਆਂ ਵਾਰਾਂ ਸੁਣਦੇ ਰਹੀਏ ਤੇ ਤੁਹਾਡੇ ਜੀਵਨ ਤੋਂ ਹੋਰ ਪ੍ਰੇਰਨਾ ਲੈ ਸਕੀਏ।" ਉਨ੍ਹਾਂ ਨੇ ਕਿਹਾ, "ਜਾਣ ਦੀ ਮੈਨੂੰ ਕਾਹਲੀ ਨਹੀਂ ਤੇ ਜੇ ਆ ਗਈ ਤਾਂ ਮੈਂ ਇਨਕਾਰ ਨਹੀਂ ਕਰ ਸਕਣਾ।"

ਉਨ੍ਹਾਂ ਨੇ ਇਕ ਸਕੂਲ ਦੀ ਗੱਲ ਸੁਣਾਈ, ਜਿਸ ਵਿਚ ਉਨ੍ਹਾਂ ਭਾਸ਼ਣ ਦੇਣਾ ਸੀ। ਉਨ੍ਹਾਂ, ਕਿਹਾ, "ਮੈਂ ਭੈਣਜੀਆਂ ਨੂੰ ਜਾਂਦਿਆਂ ਪੁੱਛਿਆ, 'ਤੁਹਾਨੂੰ ਸਵਾਟਰ ਉਣਨ ਦੀ ਜਾਚ ਆ?'

ਸਾਰੀਆਂ ਖਿੜ-ਖਿੜਾ ਕੇ ਹੱਸ ਪਈਆਂ।

ਮੇਰੇ ਪਿਤਾ ਜੀ ਨੇ ਮਨ ਵਿਚ ਧਾਰਿਆ ਕਿ ਜੇ ਵਾਹਿਗੁਰੂ ਨੇ ਮੇਰੇ ਘਰ ਪੋਤਰੇ ਦੀ ਦਾਤ ਬਖ਼ਸ਼ੀ ਤਾਂ ਮੈਂ ਅਖੰਡ ਪਾਠ ਕਰਾਵਾਂਗਾ ਅਤੇ ਸੀਤਲ ਜੀ ਜਾਂ ਭਾਈ ਪਿਆਰਾ ਸਿੰਘ 'ਪੰਛੀ' ਦੇ ਢਾਡੀ ਜਥੇ ਨੂੰ ਭੋਗ 'ਤੇ ਸੱਦਾਂਗਾ। ਉਨ੍ਹਾਂ ਦੇ ਜਿਊਂਦਿਆਂ ਉਨ੍ਹਾਂ ਦੀ ਆਸ ਪੂਰੀ ਨਾ ਹੋਈ। ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਉਨ੍ਹਾਂ ਦੇ ਘਰ ਪੋਤਰੇ ਹੋਏ। ਅਸੀਂ ਪਿਤਾ ਜੀ ਦੀ ਉਸ ਗੱਲ ਨੂੰ ਯਾਦ ਕਰ ਕੇ ਸ੍ਰੀ ਅਖੰਡ ਪਾਠ ਕਰਾਇਆ। ਮੈਂ ਸ੍ਰੀ ਅਖੰਡ ਪਾਠ ਦੇ ਭੋਗ 'ਤੇ ਦਰਸ਼ਨ ਦੇਣ ਲਈ ਕਹਿਣ ਵਾਸਤੇ 'ਸੀਤਲ ਭਵਨ' ਲੁਧਿਆਣੇ ਗਿਆ। ਜਦ ਉਨ੍ਹਾਂ ਨੂੰ ਕਹਿ ਕੇ ਵਾਪਸ ਤੁਰਨ ਲੱਗਾ ਤਾਂ ਉਹ ਆਪਣੀ ਕੋਠੀ ਦੇ ਬਾਹਰਲੇ ਗੇਟ ਤਕ ਮੈਨੂੰ ਛੱਡਣ ਆਏ। ਇੰਨੀ ਨਿਰਮਾਣਤਾ ਸੀ ਇਸ ਈਮਾਨਦਾਰ, ਸੱਚੇ-ਸੁੱਚੇ, ਕਹਿਣੀ ਅਤੇ ਕਰਨੀ ਦੇ ਸੂਰੇ, ਵਿਦਵਾਨ ਅਤੇ ਵਧੀਆ ਇਨਸਾਨ ਵਿਚ!

ਕਿਸੇ ਦੀਵਾਨ 'ਤੇ ਬਹੁਤ ਸਾਰੇ ਢਾਡੀ ਇਕੱਠੇ ਹੋਏ। ਸੀਤਲ ਜੀ ਵੀ ਗਏ ਹੋਏ ਸਨ। ਇਕ ਢਾਡੀ ਹੁੰਦਾ ਸੀ ਹਜ਼ਾਰਾ ਸਿੰਘ 'ਤੂਫਾਨ ਮੇਲ'। ਉਸ ਦੀ ਸਕੂਲੀ ਵਿੱਦਿਆ ਕੋਈ ਨਹੀਂ ਸੀ। ਪਰ ਦੋ-ਚਾਰ ਪ੍ਰਸੰਗ ਸਿੱਖ ਇਤਿਹਾਸ ਦੇ ਉਸ ਨੂੰ ਯਾਦ ਸਨ। ਉਹ ਲੋਕਾਂ ਨੂੰ ਹਸਾਉਣੀਆਂ ਗੱਲਾਂ ਸੁਣਾ ਕੇ ਸੰਗਤ ਕੋਲੋਂ ਵਾਹਵਾ ਪੈਸੇ ਬਣਾ ਲੈਂਦਾ ਸੀ। ਉਸ ਦੀਵਾਨ ਵਿਚ 'ਤੂਫਾਨ ਮੇਲ' ਨੂੰ ਜ਼ਿਆਦਾ ਪੈਸੇ ਹੋਏ ਤੇ ਸੀਤਲ ਜੀ ਨੂੰ ਘੱਟ। ਰਿਹਾਇਸ਼ ਵਾਲੀ ਜਗ੍ਹਾ 'ਤੇ ਵਾਪਸ ਆ ਕੇ ਤੂਫਾਨ ਮੇਲ ਨੇ ਸੀਤਲ ਜੀ ਨੂੰ ਹਾਸੇ ਨਾਲ ਕਿਹਾ ਕਿ ਤੁਸੀਂ ਵੱਡੇ ਢਾਡੀ ਬਣੇ ਫਿਰਦੇ ਜੇ! ਮੈਨੂੰ ੬੫ ਰੁਪਏ ਹੋਏ ਨੇ ਤੇ ਤੁਹਾਨੂੰ ੧੩ ਰੁਪਏ।" ਸੀਤਲ ਜੀ ਨੇ ਇਸ ਦੇ ਜਵਾਬ ਵਿਚ ਕਿਹਾ, "ਦੀਵਾਨ ਵਿਚ ੧੩ ਸਿਆਣੇ ਤੇ ੬੫ ਮੂਰਖ ਬੈਠੇ ਸਨ।" (ਸੀਤਲ ਜੀ ਦਾ ਮਨੋਭਾਵ ਦੀਵਾਨ 'ਚ ਹਾਜ਼ਰ ਸ੍ਰੋਤਿਆਂ ਦੀ ਲਹਾਈ ਨਹੀਂ ਸੀ ਸਗੋਂ ਅਹੰਕਾਰ-ਭਾਵ 'ਚ ਵਿਚਰ ਰਹੇ ਗੁਰੂ-ਘਰ ਦੇ ਪ੍ਰਚਾਰਕ ਨੂੰ ਅਹੰਕਾਰ-ਭਾਵ 'ਚੋਂ ਬਾਹਰ ਕੱਢਣ ਦਾ ਜਤਨ ਕਰਨਾ ਸੀ।) ਇਸ ਗੱਲ 'ਤੇ ਬਹੁਤ ਹਾਸਾ ਪਿਆ।

੨੩ ਸਤੰਬਰ, ੧੯੯੮ ਨੂੰ ਸੀਤਲ ਜੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਪ੍ਰਸੰਸਕਾਂ ਨੂੰ ਬੜਾ ਦੁੱਖ ਹੋਇਆ। ੨ ਅਕਤੂਬਰ, ੧੯੯੮ ਨੂੰ ਉਨ੍ਹਾਂ ਦੀ ਅੰਤਮ ਅਰਦਾਸ ਸੀ। ਸਿੱਖ-ਪੰਥ ਨੂੰ ਉਨ੍ਹਾਂ ਦੀ ਬੜੀ ਦੇਣ ਹੈ।

ਸੀਤਲ ਜੀ ਆਪਣੀ ਢਾਡੀ-ਕਲਾ ਅਤੇ ਆਪਣੀਆਂ ਮਹਾਨ ਲਿਖਤਾਂ ਰਾਹੀਂ ਆਪਣੇ ਪ੍ਰਸੰਸਕਾਂ ਦੇ ਦਿਲਾਂ ਵਿਚ ਸਦਾ ਜ਼ਿੰਦਾ ਰਹਿਣਗੇ। ਉਹ ਢਾਡੀ-ਕਲਾ ਦੇ ਪਿਤਾਮਾ ਸਨ। ਜੇ ਅਸੀਂ ਆਪਣੇ ਸਮਾਜ ਨੂੰ, ਆਪਣੀ ਆਉਣ ਵਾਲੀ ਨਸਲ ਨੂੰ ਨਸ਼ਿਆਂ ਤੇ ਅਸ਼ਲੀਲਤਾ ਤੋਂ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਢਾਡੀ-ਕਲਾ ਨੂੰ ਸੁਰਜੀਤ ਕਰਨਾ ਪਏਗਾ, ਸਿੱਖ ਇਤਿਹਾਸ ਤੇ ਪੰਜਾਬ ਦੇ ਅਸਲ ਕਲਚਰ ਦੀ ਗੱਲ ਕਰਨੀ ਹੋਵੇਗੀ। ਸੀਤਲ ਜੀ ਆਪਣੀ ਮਹਾਨ ਕਰਨੀ ਰਾਹੀਂ ਜ਼ਿੰਦਾ ਹਨ ਜਿਵੇਂ ਉਨ੍ਹਾਂ ਆਪ ਲਿਖਿਆ ਹੈ:

'ਸੀਤਲ' ਸਦਾ ਜਹਾਨ 'ਤੇ ਜੀਂਵਦਾ ਏ,
ਜੀਹਦਾ ਮਰ ਗਿਆਂ ਦੇ ਪਿੱਛੋਂ ਜੱਸ ਹੋਵੇ।

ਮਹਾਨ ਢਾਡੀ ਗਿਆਨੀ ਸੋਹਣ ਸਿੰਘ ਸੀਤਲ

-ਡਾ. ਗੁਰਮੁਖ ਸਿੰਘ

ਗਿਆਨੀ ਸੋਹਣ ਸਿੰਘ ਸੀਤਲ (੭/੮/੧੯੦੯—੨੩/੯/੧੯੯੮) ਵੀਹਵੀਂ ਸਦੀ ਦੇ ਪ੍ਰਮੁੱਖ ਢਾਡੀਆਂ ਵਿੱਚੋਂ ਸਿਰਕੱਢ ਸਨ ਜਿਨ੍ਹਾਂ ਨੇ ਲੱਗਭਗ ਛੇ ਦਹਾਕੇ ਸਿੱਖ ਸੰਗਤਾਂ ਨੂੰ ਆਪਣੀ ਢਾਡੀ ਕਲਾ ਨਾਲ ਨਿਹਾਲ ਕੀਤਾ ਅਤੇ ਗੁਰ-ਇਤਿਹਾਸ ਤੋਂ ਲੈ ਕੇ ਸਿੱਖ ਇਤਿਹਾਸ ਤੇ ਸਮਕਾਲੀ ਘਟਨਾਵਾਂ ਬਾਰੇ ਕਾਵਿ-ਰਚਨਾ ਕਰ ਕੇ ਆਪਣੇ ਅਥਾਹ ਗਿਆਨ ਦਾ ਪਰਿਚਯ ਦਿੱਤਾ। ਸਿੱਖ ਧਰਮ ਦੀ ਵਿਆਖਿਆ ਨੂੰ ਨਵੇਂ ਰੰਗ ਵਿਚ ਪ੍ਰਸਤੁਤ ਕੀਤਾ। ਆਪ ਨੇ ਰਚਨਾ ਕਰਨ ਤੋਂ ਪਹਿਲਾਂ ਵਿਸ਼ੇ ਨਾਲ ਸੰਬੰਧਿਤ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ ਅਤੇ ਥਾਂ-ਥਾਂ ਗ੍ਰੰਥਾਂ ਦੇ ਹਵਾਲੇ ਦਿੱਤੇ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਆਪ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ, ਫਾਰਸੀ, ਹਿੰਦੀ ਆਦਿ ਦੇ ਵੀ ਵਿਦਵਾਨ ਸਨ। ਦੂਜੀ ਮਹੱਤਵਪੂਰਨ ਗੱਲ ਹੈ ਕਿ ਆਪ ਨਿਰੇ ਢਾਡੀ ਹੀ ਨਹੀਂ ਸਨ, ਸ਼ਰਧਾਲੂ ਸਿੱਖ ਸਨ। ਆਪ ਦਾ ਸਿੱਖੀ ਲਈ, ਗੁਰੂ ਸਾਹਿਬਾਨ ਲਈ ਅਤੇ ਸ਼ਹੀਦਾਂ-ਮੁਰੀਦਾਂ ਆਦਿ ਲਈ ਠਾਠਾਂ ਮਾਰਦਾ ਦਿਲੀ ਪਿਆਰ ਆਪ ਦੀਆਂ ਰਚਨਾਵਾਂ ਵਿਚ ਵੇਖਿਆ ਜਾ ਸਕਦਾ ਹੈ।

ਗਿਆਨੀ ਜੀ ਨੇ ਆਪਣੀ ਜੀਵਨੀ 'ਵੇਖੀ ਮਾਣੀ ਦੁਨੀਆਂ' ਵਿਚ ਜ਼ਿਕਰ ਕੀਤਾ ਹੈ ਕਿ ਪਿਤਾ ਜੀ ਦੀ ਮੌਤ ਉਪਰੰਤ ਸ਼ਰੀਕ ਆਪ ਦੀ ਫਸਲ ਉਜਾੜ ਦਿੰਦੇ ਸਨ ਤੇ ਹੋਰ ਨੁਕਸਾਨ ਕਰਨੋਂ ਗੁਰੇਜ਼ ਨਹੀਂ ਸਨ ਕਰਦੇ। ਇਕ ਵਾਰ ੧੯੩੯ ਈ. ਵਿਚ ਬਾਬਾ ਬੀਰ ਸਿੰਘ ਦੇ ਅਸਥਾਨ ਰੱਤੋਕੇ ਵਿਖੇ ਸਜੇ ਵੱਡੇ ਦੀਵਾਨ ਵਿਚ ਆਪ ਨੇ 'ਸਿੱਖ ਰਾਜ ਕਿਵੇਂ ਗਿਆ' ਵਿਸ਼ੇ 'ਤੇ ਢਾਡੀ ਵਾਰਾਂ ਤੇ ਵਿਆਖਿਆ ਪੇਸ਼ ਕੀਤੀ ਤਾਂ ਹਜ਼ਾਰਾਂ ਸਿੱਖ ਸੰਗਤਾਂ ਦੇ ਅੱਥਰੂ ਵਹਿ ਤੁਰੇ। ਆਪ ਦੇ ਸ਼ਰੀਕ ਵੀ ਸੁਣ ਰਹੇ ਸਨ। ਉਹ ਦੀਵਾਨ ਮਗਰੋਂ ਆਪ ਨੂੰ ਮਿਲੇ ਤੇ ਕਹਿਣ ਲੱਗੇ, ਭਾਈ ਅਸੀਂ ਦੁਸ਼ਮਣੀਆਂ ਕੱਢਣ ਲਈ ਤੇਰੀ ਫਸਲ ਉਜਾੜਦੇ ਸਾਂ। ਹੁਣ ਸਭ ਝਗੜੇ-ਝਾਂਜੇ ਛੱਡ ਦਿੱਤੇ ਹਨ। ਅਸੀਂ ਰਾਖੀ ਕਰਿਆ ਕਰਾਂਗੇ। ਇਸ ਤੋਂ ਆਪ ਦੀ ਢਾਡੀ ਕਲਾ ਦੀ ਸਮਰੱਥਾ ਦਾ ਗਿਆਨ ਹੋ ਜਾਂਦਾ ਹੈ। ਉਸ ਉਪਰੰਤ ਆਪ ਨੇ ਨਿਸਚਿੰਤ ਹੋ ਕੇ ਸਾਰੀ ਉਮਰ ਗੁਰ-ਸੇਵਾ ਨੂੰ ਸਮਰਪਿਤ ਕਰ ਦਿੱਤੀ।

ਢਾਡੀ ਪਰੰਪਰਾ ਬਹੁਤ ਪ੍ਰਾਚੀਨ ਹੈ। ਇਹ ਕਲਾਕਾਰ ਰੁਮਾਂਟਿਕ ਕਿੱਸੇ ਜਾਂ ਬਾਦਸ਼ਾਹਾਂ/ਆਸ਼ਰਯ ਦਾਤਿਆਂ ਦੇ ਗੁਣਾਂ ਦਾ ਗਾਇਨ ਕਰਦੇ ਸਨ ਜਾਂ ਬੀਰ ਗਥਾਵਾਂ ਗਾਉਂਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਬੀਰ ਰਸੀ ਵਾਰਾਂ ਦਾ ਗਾਇਨ ਕੀਤਾ ਜਾਣ ਲੱਗਾ। ਉਨੀਵੀਂ ਸਦੀ ਵਿਚ ਬਹੁਤੇ ਢਾਡੀ ਕਿੱਸਿਆਂ ਦਾ ਗਾਇਨ ਕਰਨ ਲੱਗੇ। ਪਰ ਸਿੰਘ ਸਭਾ ਲਹਿਰ ਤੋਂ ਪ੍ਰਭਾਵਿਤ ਹੋ ਕੇ ਹੋਰ ਢਾਡੀਆਂ ਨੇ ਸੁਨਹਿਰੀ ਸਿੱਖ ਇਤਿਹਾਸ ਨੂੰ ਗਾਉਣਾ ਸ਼ੁਰੂ ਕੀਤਾ। ਦੀਵਾਨਾਂ ਵਿਚ ਸਿੱਖਾਂ ਦੀਆਂ ਕੁਰਬਾਨੀਆਂ, ਸ਼ਹੀਦੀਆਂ ਤੇ ਗੁਰੂ ਜੀ ਨੂੰ ਸਮਰਪਿਤ ਹੋ ਕੇ ਸਹਾਰੇ ਅਕਹਿ ਤੇ ਅਸਹਿ ਕਸ਼ਟਾਂ ਨੂੰ ਬੜੇ ਕਲਾਮਈ ਤੇ ਜਜ਼ਬਾਤੀ ਰੰਗ ਵਿਚ ਪੇਸ਼ ਕੀਤਾ ਜਾਣ ਲੱਗਾ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਸਿੱਖੀ ਤੋਂ ਦੂਰ ਹੋ ਗਏ ਤੇ ਹੋ ਰਹੇ ਸਿੱਖਾਂ ਨੂੰ ਮੁੜ ਸੁਨਹਿਰੀ ਅਤੀਤ ਨੇ ਸਿੰਘ ਸਜਣ ਲਈ ਮਜਬੂਰ ਕੀਤਾ। ਇਸ ਲਹਿਰ ਦੀ ਕਾਮਯਾਬੀ ਵਿਚ ਢਾਡੀ ਸਿੰਘਾਂ ਦਾ ਬੜਾ ਅਹਿਮ

ਯੋਗਦਾਨ ਰਿਹਾ ਹੈ। ਰਾਜਨੀਤਿਕ ਖੇਤਰ ਵਿਚ ਮੱਲਾਂ ਮਾਰਨ ਵਾਲੀ ਅਕਾਲੀ ਲਹਿਰ ਨੂੰ ਹੁਲਾਰਾ ਦੇਣ ਲਈ ਢਾਡੀਆਂ ਨੇ ਗੁਲਾਮੀ ਦੀਆਂ ਜ਼ੰਜੀਰਾਂ ਕੱਟ ਕੇ ਅਜ਼ਾਦ ਹੋਣ ਲਈ ਪ੍ਰੇਰਨਾ ਦਿੱਤੀ। ਭਾਈ ਸੋਹਣ ਸਿੰਘ ਘੁੱਕੇਵਾਲੀਆ, ਸਰਦਾਰ ਕਿਸ਼ਨ ਸਿੰਘ ਕੜਤੋੜ, ਸੋਹਣ ਸਿੰਘ ਭੀਲਾ, ਨਿਰਵੈਰ ਸਿੰਘ, ਢਾਡੀ ਮੱਸਾ ਸਿੰਘ, ਪਾਲ ਸਿੰਘ ਪੰਛੀ, ਦਇਆ ਸਿੰਘ ਦਿਲਬਰ ਆਦਿ ਪ੍ਰਸਿੱਧ ਢਾਡੀ ਹਨ ਜਿਨ੍ਹਾਂ ਦੀ ਦੇਣ ਮਹਾਨ ਹੈ।

ਗਿਆਨੀ ਸੋਹਣ·ਸਿੰਘ ਸੀਤਲ ਸਿਰਮੌਰ ਢਾਡੀ ਸਨ ਕਿਉਂਕਿ ਆਪ ਜਿੱਥੇ ਉੱਤਮ ਵਿਆਖਿਆਕਾਰ ਤੇ ਸਟੇਜ ਦੇ ਧਨੀ ਸਨ ਉਥੇ ਆਪ ਪ੍ਰਸੰਗ/ਵਾਰਾਂ ਦੇ ਰਚੇਤਾ ਵੀ ਸਨ। ਆਪ ਦੇ ਪ੍ਰਸੰਗ ਤੇ ਵਾਰਾਂ ਜਿੱਥੇ ਇਤਿਹਾਸਕ ਪੱਖੋਂ ਸਹੀ ਹਨ ਉਥੇ ਆਪ ਨੇ ਮੌਖਿਕ ਪਰੰਪਰਾ ਤੋਂ ਵੀ ਲਾਭ ਉਠਾਇਆ ਹੈ ਤੇ ਸਿੱਖਾਂ ਦੇ ਮਨਾਂ ਵਿਚ ਘਰ ਕਰ ਚੁੱਕੀਆਂ ਸਾਖੀਆਂ ਨੂੰ ਵੀ ਆਪਣੇ ਵਿਸ਼ੇਸ਼ ਰੰਗ ਵਿਚ ਪੇਸ਼ ਕਰਨ ਦੀ ਕਮਾਲ ਕਰ ਵਿਖਾਈ ਹੈ। ਆਪ ਨੇ ਜਨਮ ਸਾਖੀਆਂ, ਗੁਰਬਿਲਾਸ, ਸੂਰਜ ਪ੍ਰਕਾਸ਼, ਬੰਸਾਵਲੀਨਾਮਾ, ਮਹਿਮਾ ਪ੍ਰਕਾਸ਼ ਆਦਿ ਸ੍ਰੋਤ-ਗ੍ਰੰਥਾਂ ਨੂੰ ਅਧਾਰ ਬਣਾਇਆ ਹੈ। ਨਾਲ ਹੀ ਦੂਜੇ ਦਰਜੇ ਦੇ ਗ੍ਰੰਥਾਂ ਤੋਂ ਵੀ ਮਦਦ ਲਈ ਹੈ। ਅੰਗਰੇਜ਼ ਤੇ ਮੁਸਲਮਾਨ ਇਤਿਹਾਸਕਾਰਾਂ ਦੇ ਗ੍ਰੰਥਾਂ ਨੂੰ ਪੂਰੀ ਸਾਵਧਾਨੀ ਨਾਲ ਵਰਤਦਿਆਂ ਉਨ੍ਹਾਂ ਵਿਚਲੀ ਪੱਖਪਾਤੀ ਬਿਰਤੀ ਨੂੰ ਵੀ ਉਜਾਗਰ ਕੀਤਾ ਹੈ। ਇਹ ਗਿਆਨੀ ਜੀ ਦੀ ਵਿਵੇਕ ਨਾਲ ਵਰੋਸਾਈ ਨਜ਼ਰ ਦਾ ਕਮਾਲ ਹੈ।

ਗਿਆਨੀ ਜੀ ਇਤਿਹਾਸਕ ਵਿਖਿਆਨ ਦੇਣ ਵਿਚ ਮਾਹਿਰ ਸਨ। ਆਪ ਜਦੋਂ ਕਿਸੇ ਘਟਨਾ ਦਾ ਵਿਵਰਣ ਦਿੰਦੇ ਤਾਂ ਸਮਾਂ, ਸਥਾਨ, ਮਿਤੀ, ਤਿਥੀ ਆਦਿ ਸਭ ਦੱਸਦਿਆਂ ਉਸ ਘਟਨਾ ਨੂੰ ਸਾਕਾਰ ਕਰ ਵਿਖਾਉਂਦੇ ਸਨ। ਪਾਠਕ/ਸ੍ਰੋਤਾ ਇਉਂ ਮਹਿਸੂਸ ਕਰਦਾ ਸੀ ਜਿਵੇਂ ਸਭ ਕੁਝ ਉਸ ਦੇ ਸਾਹਮਣੇ ਵਾਪਰਿਆ ਹੋਵੇ। ਇਹ ਗੁਣ ਆਪ ਦੀਆਂ ਲਿਖਤਾਂ ਵਿਚ ਵੀ ਦੇਖਿਆ ਜਾ ਸਕਦਾ ਹੈ।

ਇਕ ਉਦਾਹਰਣ ਦੇਖੋ:

"ਕੌਣ ਹਨ ਉਹ ਸਿੱਖ?" ਨਾਦਰ ਨੇ ਗੱਜ ਕੇ ਕਿਹਾ।

"ਗੁਰੂ ਗੋਬਿੰਦ ਸਿੰਘ ਦਾ ਸਾਜਿਆ ਇਕ ਨਵਾਂ ਪੰਥ" ਖਾਨ ਬਹਾਦਰ ਨੇ ਛੋਟਾ ਜਿਹਾ ਉੱਤਰ ਦਿੱਤਾ।

"ਕਿੱਥੇ ਹਨ ਉਨ੍ਹਾਂ ਦੇ ਘਰ?" ਨਾਦਰ ਨੇ ਪੁੱਛਿਆ।

"ਘੋੜਿਆਂ ਦੀਆਂ ਕਾਠੀਆਂ ਉੱਤੇ", ਉੱਤਰ ਮਿਲਿਆ।

"ਕਿਹੜੇ ਹਨ ਉਨ੍ਹਾਂ ਕੋਲ ਕਿਲ੍ਹੇ, ਜਿਨ੍ਹਾਂ ਦੇ ਮਾਣ 'ਤੇ ਉਹ ਲੜਦੇ ਹਨ?"

"ਲੱਖੀ ਜੰਗਲ ਤੇ ਕਾਹਨੂੰਵਾਨ ਦਾ ਛੰਭ"

"ਤਾਂ ਉਹ ਖਾਂਦੇ ਕਿੱਥੋਂ ਨੇ?"

"ਦਰਖਤਾਂ ਦੇ ਪੱਤਰ ਤੋੜ ਕੇ"

ਇਹ ਸੁਣ ਕੇ ਨਾਦਰ ਸੋਚੀਂ ਪੈ ਗਿਆ।

('ਸੀਤਲ ਅੰਗਿਆਰੇ', ਸਫ਼ਾ ੨੮-੨੯)

ਅਜਿਹੀਆਂ ਬੇਅੰਤ ਉਦਾਹਰਣਾਂ ਉਨ੍ਹਾਂ ਦੀਆਂ ਲਿਖਤਾਂ 'ਚੋਂ ਸਹਿਜੇ ਹੀ ਮਿਲ ਸਕਦੀਆਂ ਹਨ।

ਗਿਆਨੀ ਸੋਹਣ ਸਿੰਘ ਸੀਤਲ ਦੇ ਵਿਸ਼ਿਆਂ ਦਾ ਘੇਰਾ ਬਹੁਤ ਵਿਸ਼ਾਲ ਹੈ ਕਿਉਂਕਿ

ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ. ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ ਤਕ ਨੂੰ ਆਪਣੀ ਲਿਖਤ ਦਾ ਵਿਸ਼ਾ ਬਣਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਵਿਚ ਅਹਿਮ ਘਟਨਾਵਾਂ ਨੂੰ ਆਪਣੇ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਦਸਮ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਲੈ ਕੇ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਗੁਰਬਖਸ਼ ਸਿੰਘ, ਬਾਬਾ ਦੀਪ ਸਿੰਘ ਆਦਿ ਜਿਹੇ ਮਹਾਨ ਜੋਧਿਆਂ ਦੀਆਂ ਸ਼ਹੀਦੀਆਂ ਨੂੰ ਵਿਸਤਾਰ ਸਹਿਤ ਆਪਣੇ ਪ੍ਰਸੰਗਾਂ ਵਿਚ ਪੇਸ਼ ਕੀਤਾ ਹੈ। ਸਿੱਖ ਰਾਜ ਦੀ ਸਥਾਪਤੀ ਤੋਂ ਸਿੱਖ ਰਾਜ ਦੇ ਸੂਰਜ ਨੂੰ ਅਸਤ ਹੁੰਦਿਆਂ ਮਨ ਵਿਚ ਦੇਖਦਿਆਂ ਇਸ ਦਾ ਵਰਣਨ ਬਹੁਤ ਹੀ ਰੂਹ ਨਾਲ ਕੀਤਾ ਹੈ। ਵੀਹਵੀਂ ਸਦੀ ਵਿਚ ਵਾਪਰੀਆਂ ਅਹਿਮ ਘਟਨਾਵਾਂ ਦਾ ਜ਼ਿਕਰ ਵੀ ਆਪ ਨੇ ਬਹੁਤ ਸ਼ਿੱਦਤ ਨਾਲ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਨਨਕਾਣਾ ਸਾਹਿਬ ਦੇ ਸਾਕੇ ਤੋਂ ਲੈ ਕੇ ਜੰਗ ਹਿੰਦ ਚੀਨ ਬਾਰੇ ਆਪ ਨੇ ਬਹੁਤ ਵਿਸਤਾਰ ਨਾਲ ਵਿਵਰਣ ਪ੍ਰਸਤੁਤ ਕਰਦਿਆਂ ਆਪਣੀ ਨਿਰਪੱਖ ਇਤਿਹਾਸਕ ਦ੍ਰਿਸ਼ਟੀ ਤੇ ਕਾਵਿ-ਕਲਾ ਦੀ ਕੌਸ਼ਲਤਾ ਦਾ ਪ੍ਰਦਰਸ਼ਨ ਕੀਤਾ ਹੈ।

ਗਿਆਨੀ ਸੋਹਣ ਸਿੰਘ ਸੀਤਲ ਦੀਆਂ ਰਚਨਾਵਾਂ ਵਿਚ ਬੀਰ ਤੇ ਕਰੁਣਾ ਰਸ ਦੀ ਪ੍ਰਧਾਨਤਾ ਹੈ ਜਦੋਂ ਕਿ ਪੂਰਵ-ਢਾਡੀ ਪਰੰਪਰਾ ਵਿਚ ਬੀਰ ਰਸ ਪ੍ਰਧਾਨ ਰਚਨਾਵਾਂ ਦਾ ਗਾਇਨ ਕੀਤਾ ਜਾਂਦਾ ਸੀ। ਜੰਗਾਂ-ਯੁੱਧਾਂ ਦਾ ਬਿਰਤਾਂਤ ਬੀਰ ਰਸੀ ਰੰਗ-ਰੂਪ ਵਾਲਾ ਹੁੰਦਾ ਹੈ ਤੇ ਸ਼ਹੀਦੀਆਂ ਵਾਲੇ ਪ੍ਰਸੰਗ ਵਿਚ ਕਰੁਣਾ ਰਸ ਪ੍ਰਮੁੱਖ ਹੈ ਤੇ ਉਹ ਸ਼ਹੀਦੀ ਭਾਵੇਂ ਸਤਿਗੁਰੂ ਅਰਜਨ ਦੇਵ ਜੀ ਦੀ ਹੈ ਭਾਵੇਂ ਬੀਰ ਹਕੀਕਤ ਰਾਏ ਦੀ। ਪਰ ਵਿਸ਼ੇਸ਼ਤਾ ਇਹ ਹੈ ਕਿ ਕਰੁਣਾ ਰਸ ਦੀ ਪ੍ਰਧਾਨਤਾ ਉਦਾਸੀ ਪੈਦਾ ਨਹੀਂ ਕਰਦੀ ਸਗੋਂ ਉਤਸ਼ਾਹ ਤੇ ਜ਼ਾਲਮ ਪ੍ਰਤੀ ਘਿਰਣਾ ਦੀ ਭਾਵਨਾ ਪੈਦਾ ਕਰਦੀ ਹੈ।

ਗਿਆਨੀ ਸੀਤਲ ਹੁਰਾਂ ਦੀਆਂ ਵਾਰਾਂ/ਪ੍ਰਸੰਗਾਂ ਵਿਚ ਲੋਕ-ਰੰਗ ਬਹੁਤ ਗੂੜ੍ਹਾ ਹੈ। ਕਿਉਂਕਿ ਆਪ ਨੇ ਰਾਗਾਂ, ਪੁਰਾਤਨ ਵਾਰਾਂ ਦੀਆਂ ਧੁਨਾਂ, ਪਉੜੀਆਂ, ਨਿਸ਼ਾਨੀ ਛੰਦ, ਸਾਕਾ ਪੂਰਨ, ਮਿਰਜ਼ਾ, ਰਸਾਲੂ, ਹੀਰ ਆਦਿ ਦੀਆਂ ਧੁਨਾਂ 'ਤੇ ਕਾਵਿ-ਰਚਨਾ ਕਰ ਕੇ ਲੋਕ-ਮਾਨਸ ਨੂੰ ਪ੍ਰਭਾਵਿਤ ਕੀਤਾ ਹੈ ਤੇ ਛੰਦ ਵੀ ਉਹ ਵਰਤੇ ਹਨ ਜੋ ਲੋਕ-ਮਨ ਦੇ ਬਹੁਤ ਨੇੜੇ ਹਨ ਜਿਵੇਂ ਸਵੱਈਆ, ਕਬਿੱਤ, ਡਿਓਢ, ਕੋਰੜਾ, ਟੱਪਾ, ਬੈਂਤ ਆਦਿ। ਆਪ ਨੇ 'ਗੱਡੀ' ਨਾਮਕ ਨਵਾਂ ਕਾਵਿ ਰੂਪ ਜਾਂ ਛੰਦ ਸਿਰਜਿਆ ਹੈ ਜੋ ਬਹੁਤ ਹੀ ਮਕਬੂਲ ਹੋਇਆ। ਇਸ ਦੀ ਇਕ ਉਦਾਹਰਣ ਦੇਖੋ:

ਗੱਡੀ ਭਰ ਕੇ ਸਪੈਸ਼ਲ ਤੋਰੀ
ਅੰਮ੍ਰਿਤਸਰ ਸ਼ਹਿਰ ਦੇ ਵਿੱਚੋਂ
ਜਿਦ੍ਹੇ ਵਿਚ ਸੀ ਪੈਨਸ਼ਨੀ ਕੈਦੀ
ਕੈਦ ਕੀਤੇ ਗੁਰੂ ਬਾਗ ਤੋਂ
ਪੰਜੇ ਸਾਹਿਬ ਦੀ ਸੰਗਤ ਨੇ ਸੁਣਿਆ
ਸੇਵਾ ਦਾ ਪ੍ਰੇਮ ਜਾਗਿਆ
ਚਾਹ ਦੁੱਧ ਤੇ ਪਦਾਰਥ ਮੇਵੇ
ਲੈ ਪੁੱਜੇ ਟੇਸ਼ਨ 'ਤੇ

ਜਥੇਦਾਰ ਨੇ ਜਾ ਅਰਜ਼ ਗੁਜਾਰੀ
ਕੋਲ ਜਾ ਕੇ ਬਾਬੂ ਸਾਹਿਬ ਦੇ
ਗੱਡੀ ਪੰਦਰਾਂ ਮਿੰਟ ਠਹਿਰ ਜਾਵੇ
ਖਾਲਸੇ ਨੇ ਚਾਹ ਛਕਣੀ।

ਇਉਂ ਸੀਤਲ ਜੀ ਇਹ ਛੰਦ ਚਲਦਿਆਂ ਸਿੱਖਾਂ ਦੀ ਸ਼ਹੀਦੀ ਦੀ ਗਾਥਾ ਨੂੰ ਬਹੁਤ ਸਫਲਤਾ ਨਾਲ ਪ੍ਰਸਤੁਤ ਕਰ ਜਾਂਦੇ ਹਨ।

ਗਿਆਨੀ ਸੋਹਣ ਸਿੰਘ ਸੀਤਲ ਵਿਦਵਾਨ ਪ੍ਰਚਾਰਕ ਸਨ ਜਿਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕਰਨ ਲਈ ਸੱਚਾਈ ਦੀ ਤਹਿ ਤਕ ਜਾਣ ਦਾ ਜਤਨ ਕੀਤਾ। ਆਪ ਨੇ ਉਪਲਬਧ ਇਤਿਹਾਸ ਤੇ ਕਾਵਿ-ਗ੍ਰੰਥਾਂ ਦਾ ਡੂੰਘਾ ਅਧਿਐਨ ਕਰ ਕੇ ਸਿੱਖ ਧਰਮ ਦੇ ਪ੍ਰਚਾਰ ਲਈ ਗੁਰੂ ਸਾਹਿਬਾਨ ਦੇ ਜੀਵਨ ਲਿਖੇ ਤੇ ਸਿੱਖ ਇਤਿਹਾਸ ਨੂੰ ਬਹੁਤ ਸ਼ਿੱਦਤ ਨਾਲ ਪੇਸ਼ ਕਰਨ ਦਾ ਜਤਨ ਕੀਤਾ। ਆਪ ਦੀਆਂ ਪੁਸਤਕਾਂ ਨੂੰ ਵਿਦਵਾਨਾਂ ਨੇ ਪ੍ਰਮਾਣਿਕ ਮੰਨਿਆ ਹੈ ਤੇ ਆਮ ਸਿੱਖ ਸੰਗਤਾਂ ਨੇ ਉਨ੍ਹਾਂ ਨੂੰ ਸ਼ਰਧਾ ਨਾਲ ਪੜ੍ਹਿਆ ਹੈ ਤੇ ਵਿਚਾਰਨ ਉਪਰੰਤ ਉਸ ਨੂੰ ਸਤਿ ਕਰਕੇ ਮੰਨਿਆ ਹੈ। ਗਿਆਨੀ ਜੀ ਦੀਆਂ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ ਜਿਵੇਂ ਮਨੁੱਖਤਾ ਦੇ ਗੁਰੂ : ਗੁਰੂ ਗੋਬਿੰਦ ਸਿੰਘ, ਮਨੁੱਖਤਾ ਦੇ ਗੁਰੂ : ਗੁਰੂ ਨਾਨਕ ਦੇਵ ਜੀ, ਮਨੁੱਖਤਾ ਦੇ ਗੁਰੂ : ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਸਾਹਿਬ; ਲਾਸਾਨੀ ਸ਼ਹੀਦ ਗੁਰੂ ਤੇਗ ਬਹਾਦਰ ਜੀ, ਸਿੱਖ ਰਾਜ ਕਿਵੇਂ ਗਿਆ, ਸਿੱਖ ਰਾਜ ਕਿਵੇਂ ਬਣਿਆ, ਦੁਖੀਏ ਮਾਂ ਪੁੱਤ, ਸਿੱਖ ਰਾਜ ਤੇ ਸ਼ੇਰੇ ਪੰਜਾਬ, ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ਆਦਿ ਆਪਣੇ ਖੇਤਰ ਵਿਚ ਮਹੱਤਵਪੂਰਨ ਲਿਖਤਾਂ ਮੰਨੀਆਂ ਗਈਆਂ ਹਨ ਤੇ ਭਵਿੱਖ ਵਿਚ ਇਨ੍ਹਾਂ ਦਾ ਮੁੱਲ ਕਾਇਮ ਰਹਿਣ ਦੀ ਪੂਰੀ ਸੰਭਾਵਨਾ ਹੈ ਕਿਉਂਕਿ ਆਪ ਨੇ ਸ਼ਰਧਾ ਤੇ ਵਿਗਿਆਨਕ ਸੋਚ ਨੂੰ ਕਾਇਮ ਰੱਖਦਿਆਂ ਇਨ੍ਹਾਂ ਦੀ ਰਚਨਾ ਕੀਤੀ ਹੈ। ਇਉਂ ਆਪ ਨੇ ਲੱਗਭਗ ਚਾਰ ਸਦੀਆਂ ਦੇ ਸਿੱਖ ਇਤਿਹਾਸ ਨੂੰ ਆਪਣੀ ਢਾਡੀ-ਕਲਾ ਤੇ ਇਤਿਹਾਸ ਲੇਖਣ ਦਾ ਵਿਸ਼ਾ ਬਣਾ ਕੇ ਕਮਾਲ ਦੀ ਰਚਨਾ ਕੀਤੀ ਹੈ।

ਗਿਆਨੀ ਸੋਹਣ ਸਿੰਘ ਸੀਤਲ ਦੀ ਵਡਿਆਈ ਇਸ ਗੱਲ ਵਿਚ ਵੀ ਹੈ ਕਿ ਆਪ ਉਨ੍ਹਾਂ ਉਂਗਲਾਂ 'ਤੇ ਗਿਣਨਯੋਗ ਢਾਡੀਆਂ ਵਿੱਚੋਂ ਹਨ, ਜਿਨ੍ਹਾਂ ਨੇ ਸੰਗਤਾਂ ਨੂੰ ਇਤਿਹਾਸ ਸੁਣਾਉਣ ਦੇ ਨਾਲ-ਨਾਲ ਉੱਚ ਪੱਧਰ ਦੀ ਰਚਨਾ ਵੀ ਕੀਤੀ ਹੈ। ਆਪ ਕੇਵਲ ਆਪਣਾ ਲਿਖਿਆ ਹੀ ਗਾਉਂਦੇ ਸਨ ਤੇ ਸੰਗਤਾਂ ਨੂੰ ਨਿਹਾਲ ਕਰਦੇ ਸਨ ਪਰ ਉਨ੍ਹਾਂ ਦੇ ਬਹੁਤ ਸਾਰੇ ਸਮਕਾਲੀ ਤੇ ਹੁਣ ਪ੍ਰਚਾਰ ਕਰ ਰਹੇ ਢਾਡੀ ਜਥੇ ਉਨ੍ਹਾਂ ਦੀਆਂ ਰਚਨਾਵਾਂ ਗਾ ਕੇ ਸਿੱਖੀ ਦਾ ਪ੍ਰਚਾਰ ਕਰ ਰਹੇ ਹਨ। ਆਪ ਨੇ ਉੱਦਮ ਕਰਕੇ ਆਪਣਾ ਰਚਿਤ ਸਾਹਿਤ ਆਪ ਹੀ ਪ੍ਰਕਾਸ਼ਿਤ ਕਰ ਕੇ ਜਿੱਥੇ ਸੰਭਾਲਣ ਦਾ ਉਪਰਾਲਾ ਕੀਤਾ, ਉਥੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰ-ਇਤਿਹਾਸ ਤੇ ਸਿੱਖ ਇਤਿਹਾਸ ਨਾਲ ਜੋੜਨ ਲਈ ਕਾਫੀ ਸਮੱਗਰੀ ਪ੍ਰਸਤੁਤ ਕਰ ਕੇ ਸਿੱਖਾਂ ਤੋਂ ਮਾਣ-ਸਤਿਕਾਰ ਤੇ ਗੁਰੂ ਤੋਂ ਬਖਸ਼ਿਸ਼ ਤੇ ਅਸੀਸ ਪ੍ਰਾਪਤ ਕੀਤੀ।

ਗਿਆਨੀ ਸੋਹਣ ਸਿੰਘ ਸੀਤਲ ਪੰਜਾਬੀ ਢਾਡੀ ਪਰੰਪਰਾ ਦੇ ਮਾਣਯੋਗ ਹੀਰੇ ਹਨ ਜਿਨ੍ਹਾਂ ਨੂੰ ਸੰਗਤਾਂ ਸਦੀਆਂ ਤਕ ਯਾਦ ਕਰਦੀਆਂ ਰਹਿਣਗੀਆਂ ਤੇ ਉਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਗੁਰੂ-ਘਰ ਨਾਲ ਜੁੜਨ ਲਈ ਜਤਨ ਕਰਨਗੀਆਂ।

'ਸੀਤਲ ਕਿਰਣਾਂ' ਅਤੇ ਮੇਰੀ ਖੋਜ ਰੁਚੀ

-ਡਾ. ਧਰਮ ਸਿੰਘ

ਕਲਾਕਾਰ, ਸਾਹਿਤਕਾਰ, ਖੋਜਕਾਰ ਜਾਂ ਆਲੋਚਕ ਜਮਾਂਦਰੂ ਹੁੰਦੇ ਹਨ ਜਾਂ ਸਿਖਲਾਈ ਅਤੇ ਮਿਹਨਤ ਨਾਲ ਵੀ ਕੋਈ ਕਲਾਕਾਰ ਬਣ ਸਕਦਾ ਹੈ? ਇਸ ਪ੍ਰਸ਼ਨ ਉੱਪਰ ਕਈਆਂ ਚਿਰਾਂ ਤੋਂ ਅਤੇ ਕਈਆਂ ਰੂਪਾਂ ਵਿਚ ਬਹਿਸ ਹੁੰਦੀ ਆਈ ਹੈ ਪਰ ਅੰਤਿਮ ਨਿਰਣਾ ਅੱਜ ਤਾਈਂ ਨਹੀਂ ਹੋ ਸਕਿਆ ਅਤੇ ਸ਼ਾਇਦ ਹੋ ਵੀ ਨਾ ਸਕੇ। ਇਸ ਦਾ ਇਕ ਕਾਰਨ ਇਹ ਹੈ ਕਿ ਵਿਹਾਰ ਵਿਚ ਦੋਹਾਂ ਹੀ ਸੂਰਤਾਂ ਵਿਚ ਪ੍ਰਤਿਭਾ ਦਾ ਹੋਣਾ ਲਾਜ਼ਮੀ ਹੈ। ਪ੍ਰਤਿਭਾ ਹੋਵੇ ਤਾਂ ਪ੍ਰਤੀਕੂਲ ਹਾਲਾਤ ਵਿਚ ਵੀ ਕਲਾਕਾਰ ਅੱਗੇ ਨਿਕਲ ਜਾਂਦਾ ਹੈ ਅਤੇ ਪ੍ਰਤਿਭਾ ਨਾ ਹੋਣ ਦੀ ਸੂਰਤ ਵਿਚ ਸਿਖਲਾਈ ਜਾਂ ਮਿਹਨਤ ਵੀ ਕਿਸੇ ਕੰਮ ਨਹੀਂ ਆਉਂਦੀ। ਪ੍ਰਤਿਭਾ ਅਤੇ ਸਿਖਲਾਈ ਰਲ ਜਾਣ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ।

ਕਿਸੇ ਵੀ ਵਿਅਕਤੀ ਉੱਪਰ ਉਸ ਦੇ ਘਰ-ਪਰਵਾਰ, ਅਧਿਆਪਕਾਂ, ਆਲੇ-ਦੁਆਲੇ, ਦੋਸਤਾਂ-ਮਿੱਤਰਾਂ ਅਤੇ ਪੁਸਤਕਾਂ ਦੇ ਪ੍ਰਭਾਵ ਬੜੇ ਸਹਿਜ ਅਤੇ ਵਿਆਪਕ ਹਨ। ਜੇ ਇਹ ਕਹਿ ਲਿਆ ਜਾਵੇ ਕਿ ਕਿਸੇ ਵੀ ਸ਼ਖ਼ਸੀਅਤ ਦਾ ਵਿਕਾਸ ਹੀ ਇਨ੍ਹਾਂ ਪ੍ਰਭਾਵਾਂ ਅਧੀਨ ਹੁੰਦਾ ਹੈ ਤਾਂ ਅਤਿਕਥਨੀ ਨਹੀਂ ਹੋਵੇਗੀ। ਪਿੱਛਲਝਾਤ ਪਾਉਂਦਿਆਂ ਮੈਨੂੰ ਇਹ ਲੱਗਣ ਲੱਗ ਪੈਂਦਾ ਹੈ ਕਿ ਅਧਿਐਨ, ਖੋਜ ਅਤੇ ਅਧਿਆਪਨ ਸ਼ਾਇਦ ਮੇਰਾ ਮੁਕੱਦਰ ਸੀ, ਵਿਸ਼ੇਸ਼ ਕਰਕੇ ਸਾਹਿਤਕ ਖੋਜ। ਮੈਨੂੰ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਮੇਰੀ ਖੋਜ ਰੁਚੀ ਨੂੰ ਜਾਗ੍ਰਿਤ ਕਰਨ ਵਿਚ ਜਿਨ੍ਹਾਂ ਪੁਸਤਕਾਂ ਦਾ ਮੇਰੇ ਉੱਪਰ, ਬਚਪਨ ਵਿਚ ਵਧੇਰੇ ਪ੍ਰਭਾਵ ਪਿਆ, ਉਨ੍ਹਾਂ ਵਿਚ ਗਿ. ਸੋਹਣ ਸਿੰਘ ਸੀਤਲ ਰਚਿਤ 'ਸੀਤਲ ਕਿਰਣਾਂ' ਇਕ ਹੈ। ਕਵਿਤਾ ਵਿਚ ਛੰਦ, ਲੈਅ, ਸੰਗੀਤ ਆਦਿ ਦੇ ਮਹੱਤਵ ਨੂੰ ਸਮਝਣ ਅਤੇ ਦ੍ਰਿੜ੍ਹ ਕਰਨ ਵਿਚ ਇਸੇ ਪੁਸਤਕ ਨੇ ਅਰੰਭਲੀ ਭੂਮਿਕਾ ਨਿਭਾਈ। ਮੇਰੇ ਵਿਚ ਖੋਜ ਰੁਚੀ ਤਾਂ ਸ਼ਾਇਦ ਪਹਿਲਾਂ ਤੋਂ ਹੀ ਸੀ ਪਰ ਉਪਰੋਕਤ ਪੁਸਤਕ ਨੇ ਮੈਨੂੰ ਸਾਹਿਤ (ਕਵਿਤਾ) ਦੇ ਨਾਲ-ਨਾਲ ਇਤਿਹਾਸ, ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਪੜ੍ਹਨ ਦੀ ਚੇਟਕ ਲਾਈ। ਪੰਜਾਬੀ ਸਾਹਿਤ ਤੋਂ ਬਾਅਦ ਜੇਕਰ ਕੋਈ ਹੋਰ ਮੇਰੀ ਦਿਲਚਸਪੀ ਦਾ ਵਿਸ਼ਾ ਹੈ ਤਾਂ ਉਹ ਮੱਧਕਾਲੀ ਪੰਜਾਬ ਦਾ ਇਤਿਹਾਸ ਹੈ। ਜੇਕਰ ਮੈਂ ਪੰਜਾਬੀ ਦਾ ਅਧਿਆਪਕ ਨਾ ਹੁੰਦਾ ਤਾਂ ਸ਼ਾਇਦ ਇਤਿਹਾਸ ਦਾ ਅਧਿਆਪਕ ਹੁੰਦਾ। ਦੋਹਾਂ ਹੀ ਸੂਰਤਾਂ ਵਿਚ ਖੋਜ ਦਾ ਕੰਮ ਤਾਂ ਹੋਣਾ ਹੀ ਸੀ।

ਆਪਣੇ ਬਚਪਨ ਦੀਆਂ ਬਾਕੀ ਯਾਦਾਂ ਨੂੰ ਲਿਖਣ ਦਾ ਕੰਮ ਕਿਸੇ ਹੋਰ ਮੌਕੇ ਉੱਪਰ ਛੱਡ ਕੇ ਅੱਜ ਮੈਂ ਆਪਣੇ ਬਾਲ-ਮਨ ਉੱਪਰ 'ਸੀਤਲ ਕਿਰਣਾਂ' ਦਾ ਜਿਵੇਂ ਅਤੇ ਜਿਸ ਰੂਪ ਵਿਚ ਪ੍ਰਭਾਵ ਪਿਆ, ਜਿਸ ਕਰਕੇ ਮੇਰੀ ਮੱਧਕਾਲੀ ਪੰਜਾਬੀ ਸਾਹਿਤ ਵਿਚ ਖੋਜ ਕਰਨ ਦੀ ਰੁਚੀ ਪੈਦਾ ਹੋਈ, ਇਸ ਬਾਰੇ ਕੁਝ ਗੱਲਾਂ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ।

ਅੱਜ ਤੋਂ ਚਾਲੀ ਕੁ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਮੈਂ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸਾਂ। ਮੈਨੂੰ ਪੜ੍ਹਨ ਲਈ ਨੇੜੇ ਦੇ ਹੀ ਇਕ ਪਿੰਡ ਵਿਚ ਜਾਣਾ ਪੈਂਦਾ ਸੀ। ਹਫ਼ਤੇ ਦੇ ਆਖ਼ਰੀ ਦਿਨ ਭਾਵ ਹਰ ਸਨਿੱਚਰਵਾਰ ਅੱਧੀ ਛੁੱਟੀ ਤੋਂ ਬਾਅਦ ਸਕੂਲ ਵਿਚ ਵਿਦਿਆਰਥੀਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਹੁੰਦਾ ਸੀ। ਮੈਨੂੰ ਇਹ ਪ੍ਰੋਗਰਾਮ ਵੇਖਣ ਦੀ ਇਸ ਕਰਕੇ ਜ਼ਿਆਦਾ ਉਤਸੁਕਤਾ ਹੁੰਦੀ

ਕਿਉਂਕਿ ਇਸ ਵਿਚ ਦੋ ਵਿਦਿਆਰਥੀ ਭਾਈ ਤਾਰੂ ਸਿੰਘ ਦੀ ਸ਼ਹੀਦੀ ਦਾ ਪ੍ਰਸੰਗ ਸੁਣਾਉਂਦੇ ਸਨ। ਇਸ ਪ੍ਰਸੰਗ ਵਿਚ ਲਾਹੌਰ ਦੇ ਸੂਬੇ ਜ਼ਕਰੀਆ ਖ਼ਾਨ ਅਤੇ ਭਾਈ ਤਾਰੂ ਸਿੰਘ ਵਿਚਕਾਰ ਵਾਰਤਾਲਾਪ ਸੀ। ਝੋਕ ਛੰਦ ਵਿਚ ਲਿਖੇ ਇਸ ਪ੍ਰਸੰਗ ਵਿਚ ਭਾਈ ਤਾਰੂ ਸਿੰਘ ਨੂੰ ਸੂਬਾ ਸਿੱਖੀ ਸਿਦਕ ਛੱਡ ਕੇ ਮੁਸਲਮਾਨ ਬਣ ਕੇ ਜਾਨ ਬਚਾਉਣ ਦੀ ਪ੍ਰੇਰਨਾ ਦਿੰਦਾ ਹੈ ਪਰ ਭਾਈ ਤਾਰੂ ਸਿੰਘ ਆਪਣੇ ਅਕੀਦੇ 'ਤੇ ਅਡੋਲ ਅਤੇ ਅਡਿੱਗ ਰਹਿ ਕੇ ਦ੍ਰਿੜ੍ਹਤਾ ਨਾਲ ਸੂਬੇ ਦੀਆਂ ਗੱਲਾਂ ਨੂੰ ਨਕਾਰਦਾ ਹੋਇਆ ਸ਼ਹਾਦਤ ਨੂੰ ਤਰਜੀਹ ਦਿੰਦਾ ਹੈ।

ਇਕ ਵਿਦਿਆਰਥੀ ਨੇ ਸੂਬਾ ਬਣ ਜਾਣਾ ਤੇ ਦੂਜੇ ਨੇ ਭਾਈ ਤਾਰੂ ਸਿੰਘ। ਦੋਵਾਂ ਰਲ ਕੇ ਖ਼ੂਬ ਰੰਗ ਬੰਨ੍ਹਣਾ। ਇੰਞ ਲੱਗਣਾ ਜਿਵੇਂ ਕਚਹਿਰੀ ਦਾ ਦ੍ਰਿਸ਼ ਸੱਚਮੁਚ ਸਾਕਾਰ ਹੋ ਗਿਆ ਹੋਵੇ। ਇਹ ਦੋਵੇਂ ਵਿਦਿਆਰਥੀ ਮੈਥੋਂ ਉਮਰ ਵਿਚ ਵੱਡੇ ਸਨ। ਜਿਸ ਵਿਦਿਆਰਥੀ ਨੇ ਭਾਈ ਤਾਰੂ ਸਿੰਘ ਦੇ ਜਵਾਬ ਬੋਲਣੇ, ਉਹ ਵਿਦਿਆਰਥੀ ਆਸ-ਪਾਸ ਏਨਾ ਮਕਬੂਲ ਹੋਇਆ ਕਿ ਲੋਕੀਂ ਉਸ ਦਾ ਅਸਲੀ ਨਾਂ ਹਰਭਜਨ ਸਿੰਘ ਛੱਡ ਕੇ ਉਸ ਨੂੰ ਤਾਰੂ ਸਿੰਘ ਹੀ ਬੁਲਾਉਣ ਲੱਗ ਪਏ। ਇਕ ਦਿਨ ਮੈਂ ਹਰਭਜਨ ਸਿੰਘ ਕੋਲੋਂ ਪੁੱਛ ਹੀ ਲਿਆ ਕਿ ਤੁਸੀਂ ਜਿਹੜਾ ਸ਼ਹੀਦੀ ਪ੍ਰਸੰਗ ਸੁਣਾਉਂਦੇ ਹੋ, ਉਹ ਕਿਹੜੀ ਕਿਤਾਬ ਵਿੱਚੋਂ ਹੈ। ਉਸ ਨੇ ਦੱਸਿਆ ਕਿ ਉਹ ਢਾਡੀ ਸੋਹਣ ਸਿੰਘ ਸੀਤਲ ਰਚਿਤ 'ਸੀਤਲ ਕਿਰਣਾਂ' ਵਿੱਚੋਂ ਹੈ। ਇਹੀ ਭਾਈ ਹਰਭਜਨ ਸਿੰਘ ਅੱਜਕਲ੍ਹ ਇਕ ਕਵੀਸ਼ਰੀ ਜਥੇ ਦਾ ਮੋਢੀ ਹੈ।

ਮੇਰਾ ਬਾਪ ਭਾਵੇਂ ਪੜ੍ਹਿਆ-ਲਿਖਿਆ ਨਹੀਂ ਸੀ ਪਰ ਧਾਰਮਿਕ ਰੁਚੀਆਂ ਦਾ ਮਾਲਕ ਸੀ ਅਤੇ ਉਸ ਨੂੰ ਦੀਵਾਨ ਜਾਂ ਢਾਡੀ ਦਰਬਾਰ ਸੁਣਨ ਦਾ ਬਹੁਤ ਸ਼ੌਕ ਸੀ। ਨੇੜੇ-ਤੇੜੇ ਕਿਧਰੇ ਵੀ ਜਦ ਅਜਿਹੇ ਦੀਵਾਨਾਂ ਦਾ ਪਤਾ ਲੱਗਣਾ, ਖ਼ਾਸ ਕਰਕੇ ਜੇ ਗਿ. ਸੋਹਣ ਸਿੰਘ ਸੀਤਲ ਨੇ ਆਉਣਾ ਹੁੰਦਾ, ਉਸ ਨੇ ਜ਼ਰੂਰ ਸੁਣਨ ਜਾਣਾ। ਇਕਲੌਤਾ ਪੁੱਤਰ ਹੋਣ ਕਰਕੇ ਮੇਰੇ ਨਾਲ ਮੋਹ ਵੀ ਕੁਝ ਜ਼ਿਆਦਾ ਹੀ ਸੀ। ਇਸ ਲਈ ਕਦੀ-ਕਦੀ ਮੈਨੂੰ ਵੀ ਆਪਣੇ ਨਾਲ ਲੈ ਜਾਣਾ। ਅਜਿਹੇ ਹੀ ਇਕ ਮੌਕੇ ਅਸੀਂ ਦੋਵੇਂ ਪਿਉ-ਪੁੱਤਰ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਆਏ। ਉਨ੍ਹੀਂ ਦਿਨੀਂ ਬਜ਼ਾਰ ਮਾਈ ਸੇਵਾਂ ਪੁਸਤਕਾਂ ਦਾ ਵੱਡਾ ਬਜ਼ਾਰ ਹੋਇਆ ਕਰਦਾ ਸੀ। ਭੀੜ ਜ਼ਿਆਦਾ ਹੋਣ ਕਰਕੇ ਅਸੀਂ ਬਜ਼ਾਰ ਮਾਈ ਸੇਵਾਂ ਵਿੱਚੋਂ ਪੈਦਲ ਹੀ ਜਾ ਰਹੇ ਸਾਂ। ਕਿਤਾਬਾਂ ਦੀਆਂ ਦੁਕਾਨਾਂ ਦੇ ਬੋਰਡ ਪੜ੍ਹ ਕੇ ਮੈਂ ਆਪਣੇ ਪਿਤਾ ਕੋਲ 'ਸੀਤਲ ਕਿਰਣਾਂ' ਦੀ ਫ਼ਰਮਾਇਸ਼ ਕਰ ਦਿੱਤੀ। ਸੀਤਲ ਦੇ ਪ੍ਰਸ਼ੰਸਕ ਤਾਂ ਉਹ ਅੱਗੇ ਹੀ ਸਨ, ਇਸ ਲਈ ਪੁਸਤਕ ਦੀ ਭਾਲ ਸ਼ੁਰੂ ਹੋ ਗਈ। ਇਕ-ਦੋ ਥਾਵਾਂ 'ਤੇ ਪਤਾ ਕੀਤਾ ਪਰ ਕਿਤਾਬ ਨਾ ਲੱਭੀ। ਮੇਰਾ ਹਠ ਵੇਖ ਕੇ ਸ਼ਾਇਦ ਉਨ੍ਹਾਂ ਨੂੰ ਲੱਗਾ ਕਿ ਜਮਾਤ ਵਿਚ ਲੱਗੀ ਹੋਣੀ ਹੈ, ਇਸ ਲਈ ਸਾਰਾ ਬਜ਼ਾਰ ਗਾਹ ਮਾਰਿਆ। ਕਿਤਾਬ ਫਿਰ ਨਾ ਲੱਭੀ। ਨਿਰਾਸ਼ ਤਾਂ ਮੈਂ ਜ਼ਰੂਰ ਹੋਇਆ ਪਰ 'ਸੀਤਲ ਕਿਰਣਾਂ' ਮਨ ਦੀ ਤਹਿ ਵਿਚ ਮਹਿਫ਼ੂਜ਼ ਹੋ ਚੁੱਕੀ ਸੀ।

ਫਿਰ ਬਾਅਦ ਵਿਚ ਇਹ ਕਿਤਾਬ ਲੈ ਕੇ ਰੱਖ ਲਈ ਜੋ ਅੱਜ ਵੀ ਮੇਰੀ ਜ਼ਾਤੀ ਲਾਇਬ੍ਰੇਰੀ ਵਿਚ ਮੌਜੂਦ ਹੈ। ਜਦ ਮੈਂ ਪੰਜਾਬੀ ਰਵਾਨਗੀ ਨਾਲ ਪੜ੍ਹਨ ਲੱਗਿਆ ਤਾਂ ਸਿਆਲੀਆਂ ਰਾਤਾਂ ਨੂੰ ਮੇਰੇ ਘਰਦਿਆਂ ਨੇ 'ਸੀਤਲ ਕਿਰਣਾਂ' ਵਿੱਚੋਂ ਕਿਸੇ ਪ੍ਰਸੰਗ ਦੀ ਫ਼ਰਮਾਇਸ਼ ਕਰ ਦੇਣੀ ਅਤੇ ਮੈਂ ਉਹ ਹੇਕ ਲਾ ਕੇ ਸੁਣਾਉਣਾ। ਉਪਰੋਕਤ ਭਾਈ ਤਾਰੂ ਸਿੰਘ ਦੇ ਸ਼ਹੀਦੀ ਪ੍ਰਸੰਗ ਤੋਂ ਬਿਨਾਂ ਇਸ ਪੁਸਤਕ ਵਿੱਚੋਂ ਜਿਹੜਾ ਇਕ ਹੋਰ ਪ੍ਰਸੰਗ ਮੈਨੂੰ ਜ਼ਿਆਦਾ ਪਸੰਦ ਸੀ, ਉਹ ਸੀ 'ਗੱਡੀ ਪੰਜਾ

ਸਾਹਿਬ'। ਇਸ ਗੱਡੀ ਵਿਚ ਅਕਾਲੀ ਮੋਰਚਿਆਂ ਸਮੇਂ ਫੜੇ ਗਏ ਵਰਕਰਾਂ ਨੂੰ ਅਟਕ ਜੇਲ੍ਹ ਭੇਜਦੇ ਸਮੇਂ ਪੰਜਾ ਸਾਹਿਬ ਵਿਖੇ ਗੱਡੀ ਰੋਕ ਕੇ ਲੰਗਰ ਛਕਾਉਣ ਦਾ ਜ਼ਿਕਰ ਸੀ।

ਜਦ 'ਸੀਤਲ ਕਿਰਣਾਂ' ਦੇ ਪ੍ਰਸੰਗ ਇਕ-ਇਕ ਕਰਕੇ ਮੁੱਕ ਗਏ ਅਤੇ ਇਕ ਤੋਂ ਵੱਧ ਵਾਰ ਸੁਣੇ ਗਏ ਤਾਂ ਮੇਰੇ ਮਾਪਿਆਂ ਦੀ ਜਗਿਆਸਾ ਹੋਰ ਕੁਝ ਪੜ੍ਹਨ-ਸੁਣਨ ਦੀ ਜਾਗੀ। ਮੇਰੇ ਪਿਤਾ ਜੀ ਦੱਸਦੇ ਹੁੰਦੇ ਸੀ ਕਿ ਜਦ ਉਹ ਛੋਟੀ ਉਮਰ ਦੇ ਸੀ ਤਾਂ ਮੇਰਾ ਤਾਇਆ ਧਨੀ ਰਾਮ ਚਾਤ੍ਰਿਕ ਦੇ ਕਿੱਸੇ ਘਰ ਵਿਚ ਪੜ੍ਹਿਆ ਕਰਦਾ ਸੀ ਜਿਸ ਨੂੰ ਉਹ ਬੜੇ ਸ਼ੌਕ ਨਾਲ ਸੁਣਦੇ। ਸੁਣਨ ਦੀ ਉਸ ਦੀ ਇਹ ਭੁੱਖ ਹੁਣ ਹੋਰ ਵੀ ਚਮਕ ਪਈ ਸੀ ਕਿਉਂਕਿ ਇਸ ਦੀ ਤ੍ਰਿਪਤੀ ਉਨ੍ਹਾਂ ਨੂੰ ਪੁੱਤਰ ਕੋਲੋਂ ਘਰ ਵਿਚ ਸੌਖਿਆਂ ਹੀ ਹੋਣ ਲੱਗ ਪਈ ਸੀ। ਸਾਡੇ ਘਰ ਵਿਚ ਪੱਥਰ ਦੇ ਛਾਪੇ ਦੀ ਇਕ ਜਨਮਸਾਖੀ ਸੰਭਾਲੀ ਪਈ ਸੀ। ਮਾਪਿਆਂ ਦੀ ਇੱਛਾ ਪੂਰਤੀ ਲਈ ਮੈਂ ਉਹ ਪੜ੍ਹਨੀ ਸ਼ੁਰੂ ਕਰ ਦਿੱਤੀ ਅਤੇ ਉਸ ਵਿੱਚੋਂ ਰੋਜ਼ ਰਾਤ ਨੂੰ ਕੁਝ ਸਾਖੀਆਂ ਪੜ੍ਹ ਕੇ ਸੁਣਾਉਣੀਆਂ। ਜਿਸ ਸਫ਼ੇ ਉੱਪਰੋਂ ਪੜ੍ਹਨਾ ਬੰਦ ਕਰ ਦੇਣਾ, ਉਥੇ ਕਾਗਜ਼ ਦਾ ਨਿਸ਼ਾਨੀ ਵਜੋਂ ਇਕ ਛੋਟਾ ਜਿਹਾ ਟੁਕੜਾ ਰੱਖ ਦੇਣਾ ਤਾਂ ਜੋ ਅਗਲੇ ਦਿਨ ਉਸ ਸਫ਼ੇ ਤੋਂ ਹੀ ਸ਼ੁਰੂ ਕੀਤਾ ਜਾ ਸਕੇ। ਉਨ੍ਹੀਂ ਦਿਨੀਂ ਮੇਲਿਆਂ-ਮੁਸਾਬਿਆਂ ਵਿਚ ਕਿੱਸੇ ਗਾ ਕੇ ਵੇਚਣ ਦਾ ਰਿਵਾਜ ਵੀ ਆਮ ਸੀ। ਗਾਇਣ ਨਾਲ ਸਧਾਰਨ ਭਾਂਤ ਦੀ ਤੁਕਬੰਦੀ ਵੀ ਬੜਾ ਰੰਗ ਬੰਨ੍ਹ ਦਿੰਦੀ। ਸਾਡੇ ਲਾਗੇ ਹੀ ਛੇਹਰਟਾ ਸਾਹਿਬ ਵਿਖੇ ਹਰ ਮਹੀਨੇ ਪੰਚਮੀ ਲੱਗਦੀ। ਖ਼ਾਸ ਕਰਕੇ ਬਸੰਤ ਪੰਚਮੀ ਤਾਂ ਅੱਜ ਵੀ ਓਨੀ ਹੀ ਮਸ਼ਹੂਰ ਹੈ। ਮੈਂ ਬਸੰਤ ਪੰਚਮੀ ਵੇਖਣ ਜਾਣਾ ਤਾਂ ਕਿੱਸੇ ਖਰੀਦ ਕੇ ਲੈ ਆਉਣੇ। ਦਰਦ-ਫਿਰਾਕ ਵਾਲੇ ਕਿੱਸਿਆਂ ਦਾ ਆਪਣਾ ਹੀ ਰੰਗ ਹੈ। ਕਾਦਰਯਾਰ ਦਾ 'ਪੂਰਨ ਭਗਤ' ਅਤੇ ਦੌਲਤ ਰਾਮ ਦਾ 'ਰੂਪ ਬਸੰਤ' ਮੇਰੇ ਮਨਭਾਉਂਦੇ ਕਿੱਸੇ ਸਨ, ਜਿਨ੍ਹਾਂ ਨੂੰ ਪੜ੍ਹ ਕੇ ਸੁਣਾਉਣਾ ਮੇਰਾ ਰੋਜ਼ ਦਾ ਸ਼ੁਗਲ ਸੀ।

'ਸੀਤਲ ਕਿਰਣਾਂ' ਅਤੇ 'ਜਨਮਸਾਖੀ' ਨੇ ਮੇਰੇ ਅੰਦਰ ਇਤਿਹਾਸ, ਖਾਸ ਕਰਕੇ ਸਿੱਖ ਇਤਿਹਾਸ ਪੜ੍ਹਨ ਦੀ ਚੇਟਕ ਲਾ ਦਿੱਤੀ। ਇਸ ਲਈ ਪਹਿਲਾਂ ਕਾਲਜ ਅਤੇ ਫਿਰ ਯੂਨੀਵਰਸਿਟੀ ਦੀ ਪੜ੍ਹਾਈ ਤੋਂ ਬਾਅਦ ਜਦ ਪੀ.ਐਚ.ਡੀ. ਕਰਨ ਲਈ ਵਜ਼ੀਫਾ ਮਿਲਿਆ ਤਾਂ ਮੇਰੀ ਇੱਛਾ ਇਹੋ ਸੀ ਕਿ ਕੋਈ ਅਜਿਹਾ ਖੋਜ ਵਿਸ਼ਾ ਚੁਣਿਆ ਜਾਵੇ ਜੋ ਸਾਹਿਤ ਅਤੇ ਇਤਿਹਾਸ ਦੋਹਾਂ ਨਾਲ ਜੁੜਦਾ ਹੋਵੇ। ਅਜਿਹਾ ਹੀ ਹੋਇਆ। ਕਵੀ ਸੌਂਧਾ ਜਿਸ ਉੱਪਰ ਮੇਰਾ ਪੀ.ਐਚ.ਡੀ. ਖੋਜ ਕਾਰਜ ਸੀ, ਉਸ ਨੇ 'ਗੁਰਪ੍ਰਣਾਲੀ' 'ਬਾਬਾ ਬੁੱਢਾ ਬੰਸਾਵਲੀ', 'ਅੰਮ੍ਰਿਤਸਰ ਮਹਿਮਾ' ਆਦਿ ਰਚਨਾਵਾਂ ਵੀ ਲਿਖੀਆਂ ਸਨ, ਜਿਨ੍ਹਾਂ ਵਿਚ ਇਤਿਹਾਸ ਦੀ ਸੁਰ ਭਾਰੂ ਸੀ। ਮੈਂ ਇਹ ਕੰਮ ਇਸ ਕਰਕੇ ਖੁਸ਼ਅਸਲੂਬੀ ਨਾਲ ਕਰ ਸਕਿਆ ਕਿਉਂਕਿ ਇਤਿਹਾਸ ਦੀ ਲਗਨ ਪਹਿਲਾਂ ਤੋਂ ਹੀ ਮੇਰੇ ਮਨ ਵਿਚ ਸੀ। ਇਸ ਖੋਜ-ਪ੍ਰਬੰਧ ਉੱਪਰ ਡਿਗਰੀ ਤਾਂ ਮਿਲੀ ਹੀ ਮਿਲੀ, ਇਸ ਨੂੰ ਮਗਰੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਮਾਹਰਾਨਾ ਰਾਇ ਲੈ ਕੇ ਆਪ ਛਾਪਿਆ।

ਖੋਜ ਦੇ ਵਿਹਾਰਕ ਖੇਤਰ ਵਿਚ ਕੰਮ ਕਰਦਿਆਂ ਅੱਜ ਮੇਰੀ ਪੱਕੀ ਰਾਇ ਹੈ ਕਿ ਮੱਧਕਾਲੀ ਸਾਹਿਤ ਦੀ ਖੋਜ, ਇਤਿਹਾਸ ਦੀ ਸਮਝ ਤੋਂ ਬਿਨਾਂ ਹੋ ਹੀ ਨਹੀਂ ਸਕਦੀ। ਕਾਰਨ ਇਸ ਦਾ ਇਹ ਹੈ ਕਿ ਮੱਧਕਾਲ ਵਿਚ ਕਵਿਤਾ ਤੇ ਇਤਿਹਾਸ ਆਪਸ ਵਿਚ ਇਸ ਤਰ੍ਹਾਂ ਸਮਾਏ ਹੋਏ ਹਨ ਕਿ ਦੋਹਾਂ ਨੂੰ ਨਿਖੇੜਨਾ ਅਸੰਭਵ ਹੈ। ਅੱਜ ਮੱਧਕਾਲੀ ਸਾਹਿਤ ਦੀ ਖੋਜ ਵਿਚ ਖੋਜਾਰਥੀਆਂ ਦੀ ਰੁਚੀ ਘਟ ਰਹੀ ਹੈ ਤਾਂ ਉਸ ਦਾ ਇਕ ਪ੍ਰਮੁੱਖ ਕਾਰਨ ਉਸ ਦੀ ਇਤਿਹਾਸ ਪ੍ਰਤੀ ਲਾ-ਇਲਮੀ ਹੈ।

ਮੇਰੀਆਂ ਪ੍ਰਕਾਸ਼ਿਤ ਪੁਸਤਕਾਂ 'ਸਾਹਿਤ ਅਵਲੋਕਨ' (੧੯੯੦), 'ਮੱਧਕਾਲੀ ਪੰਜਾਬੀ ਸਾਹਿਤ : ਤੱਥ ਅਤੇ ਸ੍ਰੋਤ' (੧੯੯੮), 'ਗੁਰੂ ਗ੍ਰੰਥ ਸਾਹਿਬ : ਸੰਪਾਦਨ ਦਾ ਪਿਛੋਕੜ' (੨੦੦੬) ਅਦਿ ਵਿਚ ਕਈ ਲੇਖ ਅਜਿਹੇ ਹਨ, ਜਿਨ੍ਹਾਂ ਵਿਚ ਇਤਿਹਾਸ ਦੀ ਸਮਝ ਦਾ ਵੀ ਅਸਲ ਦਖ਼ਲ ਹੈ। ਮੇਰੇ ਇਕ ਵਿਦਿਆਰਥੀ ਨੇ 'ਕੇਸਰ ਸਿੰਘ ਛਿੱਬਰ ਦੀ ਪੰਜਾਬੀ ਸਾਹਿਤ ਨੂੰ ਦੇਣ' ਵਿਸ਼ੇ ਉੱਪਰ ਪੀ.ਐੱਚ.ਡੀ. ਕੀਤੀ ਹੈ। ਜਦ ਅਸੀਂ ਉਹ ਕੰਮ ਕਰ ਰਹੇ ਸੀ ਤਾਂ ਸਾਨੂੰ ਪਤਾ ਲੱਗਾ ਕਿ ਕੇਸਰ ਸਿੰਘ ਛਿੱਬਰ ਦੇ ਪੋਤਰੇ ਮਿਹਰ ਸਿੰਘ ਛਿੱਬਰ (ਮਿਹਰ ਸਿੰਘ ਗੁਜਰਾਤੀ) ਨੇ 'ਪੰਜਾਬ ਦਾ ਰਉਸ਼ਨ ਕਿੱਸਾ' ਨਾਂ ਥੱਲੇ ਇਕ ਕਿੱਸਾ ਲਿਖਿਆ ਹੈ। ਸਾਡੇ ਮਨ ਵਿਚ ਇਸ ਕਿੱਸੇ ਨੂੰ ਵੇਖਣ ਦੀ ਇੱਛਾ ਜਾਗੀ ਪਰ ਮੁਸ਼ਕਿਲ ਇਹ ਸੀ ਕਿ ਇਹ ਇੰਡੀਆ ਆਫ਼ਿਸ ਲਾਇਬ੍ਰੇਰੀ, ਲੰਡਨ ਵਿਖੇ ਪਿਆ ਸੀ ਅਤੇ ਇਸ ਦੀ ਪ੍ਰਤੀਲਿਪੀ ਵੀ ਇਹੋ ਇੱਕੋ ਇੱਕ ਸੀ। ਖ਼ੈਰ ਅਸੀਂ ਜਤਨ ਕਰ ਕੇ ਉਹ ਕਿੱਸਾ, ਜੋ ਉਦੋਂ ਹੱਥ-ਲਿਖਤ ਰੂਪ ਵਿਚ ਹੀ ਸੀ, ਲੰਡਨ ਤੋਂ ਮੰਗਵਾਇਆ। ਪੜ੍ਹਨ ਤੋਂ ਪਤਾ ਲੱਗਾ ਕਿ ਇਸ ਕਿੱਸੇ ਦੀਆਂ ਦੂਜੀਆਂ ਵਿਸ਼ੇਸ਼ਤਾਵਾਂ ਤੋਂ ਬਿਨਾਂ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਇਹ ਦੂਜੇ ਐਂਗਲੋ ਸਿੱਖ ਯੁੱਧ ਬਾਰੇ ਕਾਫ਼ੀ ਰੌਸ਼ਨੀ ਪਾਉਂਦਾ ਹੈ। ਪਹਿਲੀ ਐਂਗਲੋ ਸਿੱਖ ਲੜਾਈ ਬਾਰੇ ਤਾਂ ਸ਼ਾਹ ਮੁਹੰਮਦ, ਮਟਕ ਆਦਿ ਕਵੀਆਂ ਦੇ ਬਿਰਤਾਂਤ ਮਿਲ ਜਾਂਦੇ ਹਨ ਪਰ ਦੂਜੇ ਬਾਰੇ ਅਜਿਹੇ ਕਿੱਸੇ ਦਾ ਮਿਲਣਾ ਯਕੀਨਨ ਨਵੀਂ ਤੇ ਮੁੱਲਵਾਨ ਗੱਲ ਸੀ। ਇਸ ਕਿੱਸੇ ਬਾਰੇ ਇਕ ਵਿਸਤ੍ਰਿਤ ਖੋਜ-ਪੱਤਰ ਮੇਰੀਆਂ ਉਪਰੋਕਤ ਪੁਸਤਕਾਂ ਵਿੱਚੋਂ ਕਿਸੇ ਇਕ ਵਿਚ ਸ਼ਾਮਲ ਹੈ।

ਅੱਜ ਜਦ ਮੈਂ ਪਿੱਛਲਝਾਤ ਪਾ ਕੇ ਵੇਖਦਾ ਹਾਂ ਤਾਂ ਅਹਿਸਾਸ ਹੁੰਦਾ ਹੈ ਕਿ ਮੈਨੂੰ ਸਾਹਿਤ ਅਤੇ ਇਤਿਹਾਸ ਦੀ ਖੋਜ ਵੱਲ ਤੋਰਨ ਵਿਚ 'ਸੀਤਲ ਕਿਰਣਾਂ' ਦਾ ਪ੍ਰਭਾਵ ਕਿਸੇ ਨਾ ਕਿਸੇ ਰੂਪ ਵਿਚ ਕਾਰਜਸ਼ੀਲ ਜ਼ਰੂਰ ਹੈ। ਉਂਞ ਵੀ ਮਨੋਵਿਗਿਆਨੀ ਕਹਿੰਦੇ ਹਨ ਕਿ ਬਚਪਨ ਵਿਚ ਪਏ ਪ੍ਰਭਾਵਾਂ ਤੋਂ ਮਨੁੱਖ ਸਾਰੀ ਉਮਰ ਮੁਕਤ ਨਹੀਂ ਹੋ ਸਕਦਾ। ਇਸ ਲਈ ਜੇ ਮੈਂ ਭਵਿੱਖ ਵਿਚ ਵੀ ਸਾਹਿਤ ਅਤੇ ਇਤਿਹਾਸ ਦੀ ਖੋਜ ਤੋਂ ਪਿੱਛਾ ਨਾ ਛੁਡਾ ਸਕਾਂ ਤਾਂ ਇਹ ਮੇਰੇ ਬਾਲ-ਮਨ ਉੱਪਰ ਉਕਰੇ 'ਸੀਤਲ ਕਿਰਣਾਂ' ਦੇ ਪ੍ਰਭਾਵ ਦਾ ਹੀ ਨਤੀਜਾ ਸਮਝਿਆ ਜਾਣਾ ਚਾਹੀਦਾ ਹੈ। ■

ਕਦੇ ਅਸੀਂ ਵੀ ਹੁੰਦੇ ਸਾਂ ਸ਼ਾਨ ਵਾਲੇ!

-ਗਿ. ਧਰਮ ਸਿੰਘ ਭੰਖਰਪੁਰ

ਸਾਹਿਤ ਮਨੁੱਖਤਾ ਦਾ ਹਾਣੀ ਏ। ਕਰਤਾ ਪੁਰਖ ਨੇ ਕੁਦਰਤ ਦੀ ਸਿਰਜਣਾ ਕੀਤੀ, ਨਾਲੋ-ਨਾਲ ਸਾਹਿਤ ਦੀ ਵੀ ਪ੍ਰਾਰੰਭਤਾ ਹੋ ਗਈ। ਜਿਵੇਂ ਗੁਰਬਾਣੀ ਦਾ ਫ਼ੁਰਮਾਨ ਹੈ:

ਆਪਿ ਲਿਖਣਹਾਰਾ ਹੋਆ॥ *(ਪੰਨਾ ੮੬੮)*

ਜਿਉਂ-ਜਿਉਂ ਮਨੁੱਖਤਾ ਦਾ ਵਿਕਾਸ ਹੋਇਆ, ਤਿਉਂ-ਤਿਉਂ ਸਾਹਿਤ ਦਾ ਨਿਕਾਸ ਹੋਇਆ। ਸਾਹਿਤ ਬੁਲੰਦੀਆਂ ਵੱਲ ਵਧਿਆ, ਰੱਬੀ ਬਖ਼ਸ਼ਿਸ਼ ਸਦਕਾ ਸ੍ਰੇਸ਼ਟ ਜਿਊੜਿਆਂ ਨੇ ਸ੍ਰੇਸ਼ਟ-ਸਾਹਿਤ ਦੀ ਸਿਰਜਣਾ ਕੀਤੀ। ਸ੍ਰੇਸ਼ਟ-ਸਾਹਿਤ ਨੇ ਸ੍ਰੇਸ਼ਟ ਇਨਸਾਨੀਅਤ ਦੀ ਘਾੜਤ ਘੜਨ ਵਿਚ ਮਹਾਨ ਯੋਗਦਾਨ ਪਾਇਆ।

ਸਰਵੋਤਮ ਸਾਹਿਤ ਦਾ ਹੀ ਅਸਰ ਸੀ ਕਿ ਲੋਕਾਂ ਦੀ ਸੋਚ ਬਦਲ ਗਈ, ਰਹਿਣ-ਸਹਿਣ ਬਦਲ ਗਿਆ, ਸ਼ਕਲ-ਸੂਰਤ ਬਦਲ ਗਈ, ਯਾਨੀ ਕਿ ਜੀਵਨ ਦਾ ਹਰ ਰੰਗ-ਢੰਗ ਹੀ ਬਦਲ ਗਿਆ। ਇਥੇ ਹੀ ਬਸ ਨਹੀਂ, ਕੌਮਾਂ ਅਤੇ ਦੇਸ਼ਾਂ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ। ਸੱਚੀ ਗੱਲ ਤਾਂ ਇਹ ਹੈ ਕਿ ਜੇਕਰ ਸਾਡੇ ਕੋਲ 'ਧੁਰ ਕੀ ਬਾਣੀ' ਦਾ ਜੀਵਨ ਵਿਚ ਇਨਕਲਾਬ ਲਿਆਉਣ ਵਾਲਾ ਸਰਵੋਤਮ ਗੁਰਬਾਣੀ ਸਾਹਿਤ ਨਾ ਹੁੰਦਾ ਤਾਂ ਆਪਣੇ ਦੇਸ਼ ਦਾ ਹੀ ਨਹੀਂ, ਸਗੋਂ ਸੰਸਾਰ ਦਾ ਹੀ ਹਿਸਾਬ-ਕਿਤਾਬ ਹੋਰ ਹੁੰਦਾ। ਅੱਜ ਗੁਰਬਾਣੀ ਸਾਹਿਤ ਤੋਂ ਸੰਸਾਰ ਪ੍ਰਭਾਵਿਤ ਹੈ। ਵਿਗਿਆਨ ਅਤੇ ਚਿਕਿਤਸਾ 'ਨਾਨਕ ਦੇ ਦਰ' 'ਤੇ ਪਾਣੀ ਭਰਦੇ ਹਨ।

ਇਹ ਵੀ ਤਾਂ ਉਚੇਰੇ ਸਾਹਿਤ ਦੀ ਵਡਿਆਈ ਹੈ ਕਿ ਕੋਈ ਇਤਿਹਾਸਕਾਰ ਇਹ ਆਖੇ ਕਿ ਇੰਨੇ ਲੋਕਾਂ ਨੂੰ ਔਰੰਗਜ਼ੇਬ ਦੀ ਜ਼ੁਲਮੀ ਤਲਵਾਰ ਨੇ ਮੁਸਲਮਾਨ ਨਹੀਂ ਬਣਾਇਆ, ਜਿੰਨਾ ਸ਼ੱਕਰਗੰਜ ਬਾਬਾ ਸ਼ੇਖ ਫਰੀਦ ਜੀ ਦੇ ਸ਼ਹਿਦ ਤੋਂ ਮਿੱਠੇ ਸਾਹਿਤ ਨੇ ਆਮ ਜਨਤਾ ਨੂੰ ਪ੍ਰਭਾਵਿਤ ਕੀਤਾ।

ਰਹੀ ਗੱਲ ਵਿਸ਼ਾ ਅਧੀਨ : ਸੀਤਲ ਸਾਹਿਤ ਦੀ ਅਜੋਕੇ ਸਿੱਖ ਵਿਦਿਆਰਥੀਆਂ ਲਈ ਪ੍ਰਸੰਗਿਕਤਾ ਦੀ। ਮੈਂ ਗਿਆਨੀ ਸੋਹਣ ਸਿੰਘ ਸੀਤਲ ਜੀ ਨੂੰ ਢਾਡੀ ਆਖਾਂ, ਇਤਿਹਾਸਕਾਰ, ਸਾਹਿਤਕਾਰ ਜਾਂ ਕੁਝ ਹੋਰ ਵੀ ਬੜਾ ਕੁਝ? ਸੀਤਲ ਜੀ ਦੀਆਂ ਰਚਨਾਵਾਂ ਪੜ੍ਹੋਗੇ ਤਾਂ ਆਪੇ ਹੀ ਪਤਾ ਲੱਗ ਜਾਵੇਗਾ ਕਿ ਉਹ ਕੀ ਸਨ? ਸਿੱਖਾਂ ਦੇ ਦਰਦ ਦੀ ਜਾਣਕਾਰੀ ਅਤੇ ਸਿੱਖਾਂ ਦੇ ਦਰਦ ਦੀ ਬਿਆਨਕਾਰੀ, ਕੋਈ 'ਗੁਰੂ-ਲਿਵ' ਵਿਚ ਜੁੜਿਆ ਗਿਆਨੀ ਸੋਹਣ ਸਿੰਘ ਸੀਤਲ ਹੀ ਕਰ ਸਕਦਾ ਹੈ, ਹੋਰ ਕੋਈ ਨਹੀਂ। ਰੁੱਖਾ ਅਤੇ ਬੇ-ਰਸ, ਇਤਿਹਾਸ ਜਾਂ ਸਾਹਿਤ ਕਿਸੇ ਦਾ ਕੁਝ ਵੀ ਨਹੀਂ ਸੰਵਾਰ ਸਕਦਾ। ਨਾ ਉਸ ਵਿਚ ਇਹ ਕੁਝ ਕਰਨ ਦੀ ਸਮਰੱਥਾ ਹੀ ਹੋ ਸਕਦੀ ਹੈ।

ਸੀਤਲ-ਸਾਹਿਤ ਦੀ ਅਜੋਕੇ ਸਿੱਖ ਵਿਦਿਆਰਥੀਆਂ ਲਈ ਪ੍ਰਸੰਗਿਕਤਾ ਵਿਸ਼ੇ 'ਤੇ ਇੰਨਾ ਹੀ ਕਹਿਣਾ ਚਾਹਾਂਗਾ ਕਿ ਜਿਵੇਂ ਇਕ ਸ਼ੇਰ ਦਾ ਬੱਚਾ, ਅੰਞਾਣਪੁਣੇ ਵਿਚ ਭੇਡਾਂ ਦੇ ਇੱਜੜ ਵਿਚ ਰਲ਼ ਕੇ ਭੇਡੂ ਸੁਭਾਅ ਦਾ ਹੀ ਮਾਲਕ ਬਣ ਗਿਆ ਸੀ, ਉਹੋ ਹੀ ਖਾਣ-ਪੀਣ, ਉਹੋ ਹੀ ਖੜ੍ਹਨ-ਖਲੋਣ, ਉਹੋ ਹੀ ਬੋਲ-ਚਾਲ ਤੇ ਉਵੇਂ ਹੀ ਜਿਵੇਂ ਭੇਡਾਂ ਨੂੰ ਮੁੰਨਿਆ ਜਾਂਦਾ ਸੀ,

ਉਵੇਂ ਹੀ ਸ਼ੇਰ ਦਾ ਬੱਚਾ। ਆਪਣੀ ਦਹਾੜ ਭੁੱਲ ਗਿਆ, ਭੇਡਾਂ ਵਾਂਗੂੰ 'ਮੈਂ-ਮੈਂ' ਹੀ ਕਰਨ ਲੱਗ ਪਿਆ। ਬੁਲੰਦ ਹੌਸਲਾ, ਡਰੂ ਸੁਭਾਅ ਵਿਚ ਤਬਦੀਲ ਹੋ ਗਿਆ। ਉਜਾੜ ਵਿਚ ਸਿੰਘ ਬੁੱਕਿਆ ਨਹੀਂ ਤੇ ਮ੍ਰਿਗਾਂਵਲਿ ਭੰਨੀ ਜਾਏ ਨਾ। ਸਭ ਕੁਝ ਉਲਟ-ਪੁਲਟ। ਜਿਹੋ ਜਿਹੀ ਸੰਗਤ, ਤਿਹੋ ਜਿਹੀ ਰੰਗਤ।

ਸਾਈਂ ਬੁੱਲ੍ਹੇ ਸ਼ਾਹ ਨੇ ਵੀ ਤਾਂ ਪੁੱਛਿਆ ਸੀ—

ਬੁੱਲ੍ਹਿਆ! ਕੀ ਜਾਣਾ ਮੈਂ ਕੌਣ?

ਕੋਈ ਦੱਸੇ ਤਾਂ ਸਹੀ।

ਪਤਾ ਲੱਗਿਆ, ਜਦੋਂ ਪੁਸਤਕ ਚੁੱਕ ਕੇ ਪੜ੍ਹੀ—

ਲਿਖਿਆ ਸੀ—

ਕੋਈ ਦੂਰ ਦੀ ਗੱਲ ਨਹੀਂ ਦੇਸ਼ ਅੰਦਰ,
ਕਦੇ ਅਸੀਂ ਵੀ ਹੁੰਦੇ ਸਾਂ ਸ਼ਾਨ ਵਾਲੇ!
ਅਸੀਂ ਪੰਜ ਦਰਿਆਵਾਂ ਦੇ ਬਾਦਸ਼ਾਹ ਸਾਂ
ਤਾਜ ਤਖ਼ਤ ਵਾਲੇ, ਅਣਖ ਆਣ ਵਾਲੇ।
ਸਾਡੇ ਸਿਰਾਂ 'ਤੇ ਕਲਗੀਆਂ ਸੁਹੰਦੀਆਂ ਸਨ,
ਸਾਨੂੰ ਨਿਉਂਦੇ ਸਨ, ਕਈ ਗੁਮਾਨ ਵਾਲੇ।
ਸਾਡੇ ਖਾਲਸਾਈ ਕੌਮੀ ਨਿਸ਼ਾਨ ਅੱਗੇ,
ਪਾਣੀ ਭਰਦੇ ਸਨ, ਕਈ ਨਿਸ਼ਾਨ ਵਾਲੇ।
ਸਾਡੀ ਚਮਕਦੀ ਤੇਗ ਦੀ ਧਾਰ ਅੱਗੇ,
ਭੇਟਾ ਧਰਦੇ ਸਨ, ਕਾਬਲ ਈਰਾਨ ਵਾਲੇ।
ਬਿਨਾਂ ਪੁੱਛਿਆਂ ਏਧਰ ਨਾ ਝਾਕਦੇ ਸਨ,
ਸਾਡੇ ਸਿਰਾਂ 'ਤੇ ਹੁਕਮ ਚਲਾਣ ਵਾਲੇ।
ਕੌਣ ਜਾਣਦਾ ਸੀ? ਰੁਲ਼ਦੇ ਫਿਰਨਗੇ ਇਹ,
ਆਪਣੇ ਤਾਜ ਵਿਚ 'ਹੀਰੇ' ਹੰਢਾਣ ਵਾਲੇ!
'ਸੀਤਲ' ਹਾਲ ਫ਼ਕੀਰਾਂ ਦੇ ਨਜ਼ਰ ਆਉਂਦੇ,
ਤਾਜ, ਤਖ਼ਤ, ਨਿਸ਼ਾਨ, ਕਿਰਪਾਨ ਵਾਲੇ।

ਇਹ ਨਿਰਾ ਸਾਹਿਤ ਹੀ ਨਹੀਂ, ਸਗੋਂ ਸਾਡਾ ਆਪਣਾ ਦੁਖਾਂਤਕ ਇਤਿਹਾਸ ਵੀ ਹੈ। ਜਿਥੇ ਅਜੋਕੇ ਸਿੱਖ-ਵਿਦਿਆਰਥੀਆਂ ਲਈ ਸੀਤਲ-ਸਾਹਿਤ ਪ੍ਰਸੰਗਿਕ ਹੈ, ਉਥੇ ਸੀਤਲ ਦਾ ਲਿਖਿਆ ਇਤਿਹਾਸ ਹੋਰ ਵੀ ਪ੍ਰਸੰਗਿਕ ਹੈ।

ਗਿਆਨੀ ਸੋਹਣ ਸਿੰਘ ਸੀਤਲ ਜੀ ਦਾ ਸਾਹਿਤ ਪੜ੍ਹਿਆ, ਢਾਡੀ ਵਾਰਾਂ ਪੜ੍ਹੀਆਂ, ਜੁੱਗ ਬਦਲ ਗਿਆ, ਸਿੱਖ ਰਾਜ ਕਿਵੇਂ ਬਣਿਆ?, ਸਿੱਖ ਰਾਜ ਕਿਵੇਂ ਗਿਆ? ਦੁਖੀਏ ਮਾਂ-ਪੁੱਤ, ਪੁਸਤਕਾਂ ਪੜ੍ਹੀਆਂ ਗਈਆਂ ਤੇ ਆਪਣੇ ਆਪ ਨੂੰ ਪੜ੍ਹ ਲਿਆ ਗਿਆ। ਬੁੱਲ੍ਹਾਂ 'ਤੇ ਸਿਸਕੀਆਂ ਅਤੇ ਅੱਖਾਂ ਵਿਚ ਹੰਝੂ ਸਨ। ਆਪਣੇ ਸੁਖਾਂਤਕ ਅਤੇ ਦੁਖਾਂਤਕ ਇਤਿਹਾਸ ਦੀ ਸੋਝੀ ਹੋਈ ਅਤੇ ਆਪਣੇ ਮੂਲ ਦੀ ਵੀ, ਜਿਵੇਂ ਸ਼ੇਰ ਦੇ ਬੱਚੇ ਨੂੰ, ਕਿਸੇ ਬੱਬਰ ਸ਼ੇਰ ਨੇ ਆ ਕੇ ਕੰਨ ਵਿਚ ਕਹਿ ਦਿੱਤਾ ਹੋਵੇ—

"ਓਏ! ਤੂੰ ਕਿੱਥੇ? ਤੂੰ ਤਾਂ ਸ਼ੇਰ ਹੈਂ!!
ਓਏ ਤੈਨੂੰ ਆਪਣੇ ਆਪ ਦੀ ਵੀ ਸੋਝੀ ਨਹੀਂ?
ਤੁਰ ਮੇਰੇ ਨਾਲ, ਰੱਖ ਕਦਮ ਵਿਚ ਕਦਮ, ਕਰ ਬੁਲੰਦ
ਹੌਂਸਲਾ, 'ਮੈਂ-ਮੈਂ' ਦੀ ਰੱਟ ਛੱਡ, ਮਾਰ ਦਹਾੜ।
ਵੇਖੀਂ ਫਿਰ, ਕਿਵੇਂ ਇਹ ਮ੍ਰਿਗਾਵਲਿ ਭੰਨੀ ਜਾਂਦੀ ਏ!"

ਅਜੋਕੇ ਸਿੱਖ ਵਿਦਿਆਰਥੀਆਂ ਲਈ ਗਿਆਨੀ ਸੋਹਣ ਸਿੰਘ ਸੀਤਲ ਦਾ ਰਚਿਆ ਸਾਹਿਤ ਅੱਜ ਪ੍ਰਾਸੰਗਿਕ ਹੈ ਪਰੰਤੂ ਦੁਖਾਂਤ ਇਹ ਹੈ ਕਿ ਸੀਤਲ ਜੀ ਤੋਂ, ਅਜੋਕਾ ਸਿੱਖ ਵਿਦਿਆਰਥੀ ਬਿਲਕੁਲ ਅਣਜਾਣ ਹੈ। ਸੀਤਲ-ਸਾਹਿਤ ਦੀ ਖਾਸੀਅਤ ਤੋਂ ਨਾਵਾਕਫ਼ੀ। ਸੀਤਲ-ਸਾਹਿਤ ਦੀ ਦੁਰਲੱਭਤਾ, ਅਜੋਕੇ ਸਿੱਖ ਵਿਦਿਆਰਥੀ ਦੀ ਪ੍ਰਸੰਗਿਕਤਾ ਵਿਚ ਰੋੜੇ ਦਾ ਕੰਮ ਕਰ ਰਹੇ ਹਨ। ਵਿਦਵਤਾ ਭਰਪੂਰ ਔਖੀ ਸ਼ਬਦਾਵਲੀ, ਨਾ ਘੋਟਦਿਆਂ ਸਿੱਧੇ ਲਫ਼ਜ਼ਾਂ ਵਿਚ, ਇਹ ਗੱਲ ਵੀ ਪ੍ਰਾਸੰਗਿਕ ਹੈ ਕਿ ਜਿਥੇ ਸੀਤਲ-ਸਾਹਿਤ ਅਜੋਕੇ ਸਿੱਖ ਵਿਦਿਆਰਥੀਆਂ ਲਈ ਪ੍ਰਸੰਗਿਕ ਹੈ, ਉਥੇ ਗਿਆਨੀ ਸੋਹਣ ਸਿੰਘ ਸੀਤਲ ਸਾਹਿਤ ਨੂੰ ਆਮ ਅਤੇ ਸਸਤੀ ਕੀਮਤ 'ਤੇ ਮੁਹੱਈਆ ਕਰਨਾ ਜ਼ਰੂਰੀ ਹੈ।

ਆਧੁਨਿਕ ਯੁੱਗ ਦੇ ਪੰਥ-ਪ੍ਰਵਾਨਿਤ ਨਾਮਵਰ ਢਾਡੀ ਇਤਿਹਾਸਕਾਰ ਅਤੇ ਸਾਹਿਤਕਾਰ ਗਿਆਨੀ ਸੋਹਣ ਸਿੰਘ ਸੀਤਲ ਦੇ ਸਾਹਿਤ ਨੂੰ ਭਾਰੀ ਗਿਣਤੀ ਵਿਚ ਛਾਪ ਕੇ ਅਜੋਕੇ ਸਿੱਖ ਵਿਦਿਆਰਥੀਆਂ ਤਕ ਪੁੱਜਦਾ ਕਰਨਾ ਅਤਿ ਜ਼ਰੂਰੀ ਹੈ।

ਨਾਮਵਰ ਸਾਹਿਤਕਾਰ ਤੇ ਸ਼੍ਰੋਮਣੀ ਢਾਡੀ ਗਿਆਨੀ ਸੋਹਣ ਸਿੰਘ ਸੀਤਲ

-ਇੰਜਿ. ਜੋਗਿੰਦਰ ਸਿੰਘ

ਆਧੁਨਿਕ ਯੁੱਗ ਦੇ ਪੰਥ-ਪ੍ਰਵਾਨਿਤ ਵਿਦਵਾਨ ਅਤੇ ਸਿੱਖ-ਸੰਸਾਰ ਵਿਚ ਵੱਡਾ ਨਾਮਣਾ ਖੱਟ ਚੁੱਕੇ ਗਿਆਨੀ ਸੋਹਣ ਸਿੰਘ ਜੀ ਸੀਤਲ ਹੁਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸੰਨ ੧੯੭੯ ਈ. 'ਚ 'ਸ਼੍ਰੋਮਣੀ ਢਾਡੀ' ਵਜੋਂ ਨਿਵਾਜਿਆ ਗਿਆ। 'ਸੀਤਲ ਜੀ' ਦੀਆਂ ਸਾਹਿਤਕ ਤੇ ਸਿੱਖ-ਇਤਿਹਾਸਿਕ ਪ੍ਰਸੰਗਾਂ ਨਾਲ ਜੁੜੀਆਂ ਸਮੁੱਚੀਆਂ ਰਚਨਾਵਾਂ ਵਿਚ ਸੁਧਾਰਕ ਤੇ ਪ੍ਰਗਤੀਸ਼ੀਲ ਅੰਸ਼ਾਂ ਦਾ ਨਿਰੰਤਰ ਅਤੇ ਵੇਗਵਾਨ ਯਥਾਰਥਵਾਦੀ-ਮਿਸ਼ਰਣ ਸਪਸ਼ਟ ਵੇਖਿਆ ਜਾ ਸਕਦਾ ਹੈ, ਪਰ ਢਾਡੀ ਕਾਵਿ-ਕਲਾ ਦੇ ਖੇਤਰ ਵਿਚ ਉਸ ਦੀ ਵਿਸ਼ੇਸ਼ ਤੇ ਨਿਵੇਕਲੀ ਮਹੱਤਵਪੂਰਨ ਸਥਾਪਨਾ ਹੋ ਚੁੱਕੀ ਹੈ, ਉਸ ਦੀ ਉੱਘੜਵੀਂ ਤੇ ਸੁਨਿਸ਼ਚਿਤ ਪਛਾਣ ਬਣ ਚੁੱਕੀ ਹੈ। ਇਸ ਵਰ੍ਹੇ ਉਨ੍ਹਾਂ ਦੀ ਜਨਮ ਸ਼ਤਾਬਦੀ ਮਨਾਉਂਦਿਆਂ ਅਸੀਂ ਉਨ੍ਹਾਂ ਦੇ ਗੁਰਸਿੱਖੀ-ਜੀਵਨ ਅਤੇ ਵਡਮੁੱਲੀਆਂ ਰਚਨਾਵਾਂ ਬਾਰੇ ਸੰਖੇਪ ਵਿਚਾਰ-ਸਾਂਝਾਂ ਦੀਆਂ ਖੁਸ਼ੀਆਂ ਮਾਣਾਂਗੇ।

ਗਿਆਨੀ ਸੋਹਣ ਸਿੰਘ ਸੀਤਲ ਨੇ ਸਾਹਿਤ ਦੀਆਂ ਲੱਗਭਗ ਸਾਰੀਆਂ ਕਲਾਵਾਂ ਵਿਚ ਸਫ਼ਲਤਾ-ਪੂਰਵਕ ਯੋਗਦਾਨ ਪਾਇਆ ਹੈ ਤੇ ਉਨ੍ਹਾਂ ਨੂੰ ਪਾਠਕਾਂ, ਸਰੋਤਿਆਂ ਅਤੇ ਸਰਕਾਰੇ-ਦਰਬਾਰੇ ਬਣਦਾ ਮਾਨ-ਸਨਮਾਨ ਵੀ ਖੁੱਲ੍ਹਾ-ਡੁੱਲ੍ਹਾ ਮਿਲਿਆ ਹੈ, ਪਰ ਸਿੱਖ ਸੰਗਤਾਂ ਵਿਚ ਉਹ ਸਿਰਮੌਰ ਤੇ ਹਰਮਨ-ਪਿਆਰੇ ਢਾਡੀ ਵਜੋਂ ਹੀ ਜਾਣੇ ਜਾਂਦੇ ਹਨ। ਇਸ ਕਰਕੇ ਅਸੀਂ ਉਨ੍ਹਾਂ ਬਾਰੇ ਕੁਝ ਕਹਿਣ ਤੋਂ ਪਹਿਲਾਂ ਬੀਰ-ਰਸੀ ਢਾਡੀ ਵਾਰਾਂ ਦੇ ਮੁਢਲੇ ਪਿਛੋਕੜ ਸੰਬੰਧੀ ਸੰਖੇਪ ਜਾਣਕਾਰੀ ਪੇਸ਼ ਕਰਨਾ ਚਾਹਾਂਗੇ, ਤਾਂ ਜੋ ਪਤਾ ਲੱਗੇ ਕਿ ਸਿੱਖ ਕੌਮੀ ਵਿਰਾਸਤ ਵਿਚ ਵਾਰਾਂ ਤੇ ਢਾਡੀਆਂ ਦਾ ਸਥਾਨ ਕਿੰਨਾ ਮਹੱਤਵਪੂਰਨ ਹੈ।

੧. ਬੀਰ-ਰਸੀ ਵਾਰਾਂ:-ਪੂਰਵ ਇਤਿਹਾਸਕ ਕਾਲ ਵਿਚ ਜਦੋਂ ਮਨੁੱਖੀ ਵਿਕਾਸ ਦੀ ਪ੍ਰਕਿਰਿਆ ਅਰੰਭ ਹੋਈ ਸੀ ਤਾਂ ਟਕਰਾਓ, ਲੜਨਾ-ਭਿੜਨਾ, ਮਾਰਨਾ ਜਾਂ ਮਰ ਜਾਣਾ ਇਕ ਸੁਭਾਵਕ ਪ੍ਰਕ੍ਰਿਤਿਕ ਵਰਤਾਰਾ ਸੀ। ਮਨੁੱਖਤਾ ਦੇ ਇਤਿਹਾਸ ਵਿਚ ਲੱਗਭਗ ਪੰਜ ਹਜ਼ਾਰ ਵਰ੍ਹਿਆਂ ਤੋਂ ਪਹਿਲੋਂ ਸ਼ੁਰੂ ਹੋਏ ਜੰਗਾਂ-ਯੁੱਧਾਂ ਨੂੰ ਜ਼ਰ, ਜ਼ੋਰੂ ਤੇ ਜ਼ਮੀਨ 'ਪਰ ਕਾਬਜ਼ ਹੋਣ ਦੀ ਦੌੜ ਹੀ ਆਖਿਆ ਜਾ ਸਕਦਾ ਹੈ। ਇਹ ਜੰਗ-ਜੂ ਬਹਾਦਰਾਂ ਦੀ ਵਡਿਆਈ ਦੀ ਸਥਾਪਤੀ ਦਾ ਦੌਰ ਸੀ। ਸੱਚ-ਹੱਕ ਨਿਆਂ ਦੀ ਖਾਤਿਰ ਲੜੀਆਂ ਗਈਆਂ ਜੰਗਾਂ ਨੂੰ ਧਰਮ-ਯੁੱਧ ਕਹਿਆ ਜਾਂਦਾ ਸੀ, ਜਿਵੇਂ ਕਿ ਰਮਾਇਣ-ਮਹਾਂਭਾਰਤ ਨਾਲ ਸਬੰਧਿਤ ਕਥਾ-ਕਹਾਣੀਆਂ—ਜੇਤੂਆਂ ਦੀ ਮਹਿਮਾ ਦੀਆਂ ਬੀਰ-ਰਸੀ ਕਾਵਿ ਰਚਨਾਵਾਂ, ਪਉੜੀਆਂ ਜਾਂ ਵਾਰਾਂ ਗਾਉਣ ਦੀ ਸ਼ੁਰੂਆਤ ਹੋਈ ਜੋ ਸਾਡੇ ਨੇੜਲੇ ਪਿਛੋਕੜ ਤਕ ਤੁਰੀ ਆਉਂਦੀ ਹੈ। ਢਾਡੀਆਂ ਵੱਲੋਂ ਸਾਰੰਗੀ ਦੀਆਂ, ਸੁਰ 'ਚ ਕੱਸੀਆਂ ਤਾਰਾਂ ਉਪਰ ਪੈਲਾਂ ਪਾਉਂਦਾ ਗਜ਼ ਤੇ ਢੱਡਾਂ 'ਪਰ ਪੈਂਦੀਆਂ ਥਾਪਾਂ ਦਾ ਜੋਸ਼ੀਲਾ ਸਰੂਰ ਰਾਜਸਥਾਨ ਤੇ ਪੰਜਾਬ ਦੇ ਮਰਜੀਵੜਿਆਂ ਨੂੰ ਸਦੀਆਂ ਤਕ, ਮੌਤ ਨੂੰ ਮਖੌਲਾਂ

ਕਰਨ ਵੱਲ ਉਤੇਜਿਤ ਕਰਦਾ ਰਿਹਾ ਹੈ।

ਪੰਜਾਬੀ ਸਾਹਿਤ ਵਿਚ ਜੰਗਨਾਮਾ ਅਥਵਾ ਵਾਰ ਇੱਕੋ ਹੀ ਅਰਥ ਰੱਖਦੇ ਹਨ। 'ਵਾਰ' ਅੱਖਰ ਦਾ ਮੁੱਢ ਸੰਸਕ੍ਰਿਤ ਦੀ 'ਵ੍ਰਿ' ਧਾਤੂ ਤੋਂ ਬਣਿਆ ਹੈ, ਵਾਰੀ ਜਾਂ ਵੈਰੀ, ਅਰਥਾਤ ਵਾਰ ਕਰਨ ਵਾਲਾ ਜਾਂ ਰੋਕਣ ਵਾਲਾ। ਜੰਗ-ਯੁੱਧ ਇਕੱਲੇ-ਦੁਕੱਲੇ ਦਾ ਕੰਮ ਨਹੀਂ, ਇਸ ਕਾਰਜ ਲਈ ਲੋਕਾਂ ਨੂੰ ਇਕੱਠਿਆਂ ਕੀਤਾ ਜਾਂਦਾ ਸੀ। ਇਨ੍ਹਾਂ ਨੂੰ ਵਹੀਰ, ਵਾਹਰੀ ਜਾਂ ਵਾਹਰੂ ਆਖਿਆ ਗਿਆ। ਪੁਰਾਤਨ ਸਮੇਂ ਵਿਚ ਜਦੋਂ ਕੋਈ ਬਲਵਾਨ ਤੇ ਸਮਰੱਥ ਬੰਦਾ ਆਪਣੀ ਨਿੱਜੀ, ਭੈਣ-ਭਰਾਵਾਂ, ਕੁਨਬੇ-ਕਬੀਲੇ, ਪਿੰਡ ਜਾਂ ਇਲਾਕੇ ਨਾਲ ਜੁੜੀ ਕਿਸੇ ਪਿਛਲੀ ਕਿੜ, ਕਰੜੀ-ਕਸੂਤੀ ਸਥਿਤੀ ਜਾਂ ਹੋ ਚੁੱਕੀ ਬੇ-ਇਜ਼ਤੀ ਨੂੰ ਉਲਟਾਉਣ, ਬਦਲਣ ਜਾਂ ਬਦਲਾ ਲੈਣ ਖਾਤਿਰ ਤਿਆਰ ਹੁੰਦਾ ਤਾਂ ਸੰਗੀਆਂ-ਸਾਥੀਆਂ, ਭਾਈਆਂ, ਨਾਤੀਆਂ, ਗੋਤੀਆਂ, ਪੱਖੀਆਂ ਤੇ ਹਿਮਾਇਤੀਆਂ ਦੀ ਵਾਹਰ ਬਣਾ ਕੇ ਰਣ-ਤੱਤੇ ਵਿਚ ਡਾਂਗਾਂ-ਸੋਟੇ, ਤੇਗ-ਤਲਵਾਰ, ਭਾਲੇ ਬਰਛੇ, ਗਦਾ, ਢਾਲ ਆਦਿ ਲੈ ਕੇ, ਪੈਦਲ ਜਾਂ ਘੋੜਿਆਂ ਨਾਲ ਨਿੱਤਰਦਾ, ਲਲਕਾਰੇ ਮਾਰਦਾ, ਵਿਰੋਧੀਆਂ ਨੂੰ ਸੱਟਾਂ-ਫੱਟਾਂ ਨਾਲ ਲਿਤਾੜਦਾ, ਛਾਲਾਂ ਮਾਰਦਾ ਬਹਾਦਰੀ ਨਾਲ ਅੱਗੇ ਵਧੀ ਜਾਂਦਾ, ਵੈਰੀ-ਵਹੀਰ ਨੂੰ ਚੀਰਦਾ ਜਾਂਦਾ, ਫਤਹਿ ਪਾਉਂਦਿਆਂ ਜੈਕਾਰਿਆਂ ਤੇ ਢੋਲ-ਢਮੱਕਿਆਂ ਨਾਲ ਘਰੇ ਮੁੜਦਾ ਸੀ ਜਾਂ 'ਮਰਣੁ ਮੁਣਸਾ ਸੂਰਿਆ ਹਕੁ ਹੈ' ਅਨੁਸਾਰ ਆਪਣੀ ਅਣਖ-ਆਬਰੂ ਤੇ ਆਨ-ਸ਼ਾਨ ਖਾਤਿਰ ਮਰ ਮਿਟਦਾ, ਸ਼ਹੀਦ ਹੋ ਜਾਂਦਾ ਸੀ। ਮਗਰੋਂ ਐਸੇ ਸੂਰਮੇ ਦੇ ਪੱਖੀ ਭੱਟ-ਬ੍ਰਾਹਮਣ, ਡੂੰਮ-ਮਰਾਸੀ, ਭਰਾਈ, ਝੀਵਰ, ਆਦਿ ਲੋਕ-ਕਵੀ ਹੋ ਚੁੱਕੇ ਜੰਗ-ਯੁੱਧ ਦੀ ਕਵਿਤਾ ਬਣਾ ਕੇ ਆਪਣੇ ਜਜਮਾਨਾਂ ਨੂੰ ਉਨ੍ਹਾਂ ਦੀਆਂ ਵੱਡੀਆਂ ਹਵੇਲੀਆਂ, ਰਿਹਾਇਸ਼ਗਾਹਾਂ ਜਾਂ ਕਿਲ੍ਹਿਆਂ ਦੇ ਦਰਵਾਜੇ (ਵਾਰ ਜਾਂ ਬਾਰ) ਅੱਗੇ ਖਲੋ ਕੇ ਸੁਣਾਉਂਦੇ ਸਨ। ਇਨ੍ਹਾਂ ਬੀਰ-ਰਸੀ ਕਵਿਤਾਵਾਂ ਵਿਚ ਕਿਉਂਕਿ ਵੈਰੀਆਂ, ਵਾਰੀਆਂ, ਵਾਹਰੀਆਂ ਜਾਂ ਵਾਹਰੂਆਂ ਵੱਲੋਂ 'ਵਾਰ ਕਰਨ' ਜਾਂ 'ਵਾਰ ਰੋਕਣ' ਨੂੰ ਮੁੜ-ਮੁੜ (ਵਾਰ-ਵਾਰ) ਦੁਹਰਾਉਣ, ਵਡਿਆਉਣ ਨੂੰ ਭਖਵੇਂ ਅੰਦਾਜ਼ ਵਿਚ ਉਭਾਰਿਆ ਜਾਂਦਾ ਸੀ—ਬਈ ਕਿਵੇਂ ਵਹੀਰ ਇਕੱਠੇ ਹੋਏ, ਆਗੂ ਵੱਲੋਂ ਮੂਹਰੇ ਹੋ ਕੇ ਸੁੱਤੀਆਂ-ਕਲਾਂ ਜਗਾਈਆਂ ਗਈਆਂ, ਜੂਝ ਮਰੇ ਪੁਰਖਿਆਂ ਦੇ ਪਿਛਲੇ ਕਾਰਨਾਮਿਆਂ ਦੀਆਂ ਯਾਦਾਂ ਤਾਜ਼ਾ ਕੀਤੀਆਂ ਗਈਆਂ, ਅਣਖਾਂ ਦੇ ਹਲੂਣੇ, ਤਕੜਾਈਆਂ ਦੇ ਤਰਕ, ਜਿੱਤਾਂ-ਹਾਰਾਂ ਦੇ ਫਰਕ, ਮਿੱਟੀ ਦਾ ਮੋਹ ਤੇ ਖੁੱਸੇ ਹੱਕਾਂ ਨੂੰ ਹਿੱਕ ਦੇ ਜ਼ੋਰਾਂ ਨਾਲ ਵਾਪਿਸ ਖੋਹ ਲੈਣਾ, ਪਿਉ-ਦਾਦਿਆਂ ਦੀਆਂ ਬਾਤਾਂ, ਗਾਲ੍ਹਾਂ ਤੇ ਮਰਜੀਵੜਿਆਂ ਦੀਆਂ ਸਹੁੰਆਂ ਪਾ ਕੇ ਲਲਕਾਰਿਆਂ ਤੇ ਜੈਕਾਰਿਆਂ ਦੇ ਅਲੰਕਾਰਾਂ ਨਾਲ ਬੰਨ੍ਹੇ-ਗੁੰਦੇ ਬ੍ਰਿਤਾਂਤ ਗਾਉਣੇ, ਬਾਹਾਂ ਉਲਾਰਦਿਆਂ, ਮਾਰੂ ਸੋਹਲਿਆਂ ਦੀ ਤਿੱਖੀ-ਚੁਭਵੀਂ ਕਲਾਤਮਿਕ-ਸ਼ੈਲੀ ਦੁਆਰਾ ਸ੍ਰੋਤਿਆਂ ਦੇ ਖੂਨ ਨੂੰ ਖਉਲਣ ਦੀ ਹੱਦ ਤਕ ਗਰਮਾਉਣ ਦੀਆਂ ਕਰਾਮਾਤਾਂ ਵਰਗੇ ਕਾਵਿ-ਛੰਦਾਂ ਦੇ ਕਾਰਨ ਐਸੀਆਂ ਰਚਨਾਵਾਂ ਦਾ ਨਾਂ ਹੀ ਵਾਰ ਪੈ ਗਿਆ, ਜੋ ਅਜੋਕੇ ਸਮੇਂ ਤਕ ਚੱਲਿਆ ਆਉਂਦਾ ਹੈ।

ਭਾਸ਼ਾ ਵਿਗਿਆਨ ਦੇ ਸੰਦਰਭ ਪੱਖੋਂ ਇੰਗਲਿਸ਼-ਲੈਂਗੁਏਜ਼ ਵਿਚ War ਅੱਖਰ ਨੂੰ ਜੰਗ ਦੇ ਅਰਥਾਂ ਵਿਚ ਹੀ ਅਤੇ ਸਕੋਟਿਸ਼ ਭਾਸ਼ਾ ਵਿਚ ਵੈਰੀ ਨੂੰ ਹਰਾਉਣਾ ਜਾਂ ਕਾਬੂ ਕਰਨ ਦੀ ਭਾਵਨਾ ਅਨੁਸਾਰ ਵਰਤੇ ਜਾਣ ਨੂੰ ਵੇਖਦਿਆਂ ਤਾਂ ਇਉਂ ਪ੍ਰਤੀਤ ਹੁੰਦੈ ਕਿ ਅਜਿਹੀ ਸ਼ਬਦਾਵਲੀ ਪੂਰੀ ਮਨੁੱਖੀ ਸੰਸਾਰ ਦੀ ਮੁੱਢਲੀ ਸਾਂਝੀ ਵਿਰਾਸਤ ਹੈ। ਵਾਰ ਉਹ ਕਾਵਿ-ਰੂਪ ਹੈ, ਜਿਸ ਦੁਆਰਾ ਪਉੜੀਆਂ ਵਿਚ ਕਿਸੇ ਯੁੱਧ ਕਥਾ ਜਾਂ ਜੰਗੀ ਵਾਰਤਾ ਦਾ ਵਰਣਨ ਕੀਤਾ ਗਿਆ ਹੋਵੇ।

ਪਉੜੀ, ਵਾਰ ਲਈ ਇਕ ਲਾਜ਼ਮੀ ਚਰਣ ਪ੍ਰਬੰਧ ਹੈ ਜਿਸ ਤੋਂ ਬਿਨਾਂ ਕੋਈ ਰਚਨਾ ਵਾਰ ਨਹੀਂ ਬਣਦੀ। ਪਉੜੀ, ਵਾਰ ਦਾ ਪਿੰਡਾ ਹੈ, ਤੇ ਯੁੱਧ ਕਥਾ ਇਸ ਦੀ ਰੂਹ ਹੈ, ਦੋਹਾਂ ਦੇ ਸੁਮੇਲ ਨਾਲ ਹੀ ਅਸਲ ਵਾਰ ਦੀ ਸਿਰਜਨਾ ਹੁੰਦੀ ਹੈ। ਵੰਨਗੀ ਮਾਤਰ, ਜਿਵੇਂ ਕਿ 'ਲਉ ਕੁਸ਼' ਦੀ ਵਾਰ ਵਿਚ:

ਢਾਡੀ ਦਾਸ ਵਖਾਣੀ, ਪਉੜੀ ਰਾਮ ਦੀ।੬੦।
ਕੀਰਤਿ ਦਾਸ ਸੁਣਾਈ ਪੜ੍ਹਿ ਪੜ੍ਹਿ ਪਉੜੀਆਂ।੨੦।
ਦਾਸ ਥੀਆ ਕੁਰਬਾਣੇ, ਪਉੜੀ ਆਖਿ ਆਖਿ।੭੮।

ਅਤੇ, ਚੰਡੀ ਦੀ ਵਾਰ ਵਿਚ:

- ਦੁਰਗਾ ਪਾਠ ਬਣਾਇਆ, ਸੱਭੇ ਪਉੜੀਆਂ।...
- ਸੱਟ ਪਈ ਜਮਧਾਣੀ, ਦਲਾਂ ਮੁਕਾਬਲਾ।
ਧੂਹਿ ਲਈ ਕਿਰਪਾਣੀ, ਦੁਰਗਾ ਮਿਆਨ ਤੇ।

ਸਾਡੇ ਸਮਾਜ ਵਿਚ ਵਾਰ-ਗਾਇਨ ਦਾ ਇੰਨਾ ਪ੍ਰਬਲ ਪ੍ਰਭਾਵ ਬਣ ਚੁੱਕਾ ਸੀ ਕਿ ਬਾਣੀਕਾਰਾਂ ਨੇ ਵੀ ਆਪਣੀ ਵਿਚਾਰਧਾਰਾ ਨੂੰ ਲੋਕ-ਮਨਾਂ ਵਿਚ ਸੰਚਾਰਿਤ ਕਰਨ ਦੇ ਉਦੇਸ਼ ਨਾਲ ਇਸ ਕਾਵਿ ਵੰਨਗੀ ਦਾ ਬਾ-ਖ਼ੂਬੀ ਪ੍ਰਯੋਗ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੨੨ ਵਾਰਾਂ ਦਾ ਅੰਕਿਤ ਕੀਤਾ ਜਾਣਾ ਅਤੇ ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥ ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥ ਤੇ ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ॥ ਵਰਗੇ ਕਥਨ, ਵਾਰ ਅਤੇ ਢਾਡੀ ਪ੍ਰੰਪਰਾ ਦੀ ਮਹਾਨਤਾ ਦਰਸਾਉਂਦੇ ਹਨ।

ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਵੱਲੋਂ ੧੯੯੯ ਈ. ਵਿਚ ਛਪੀ ਖਾਲਸਾ ਡਾਇਰੈਕਟਰੀ, ਢਾਡੀਆਂ ਦੇ ਨਾਉਂ ਇੰਞ ਦੱਸਦੀ ਹੈ: ਭਾਈ ਸ਼ੇਰੂ, ਭਾਈ ਲੱਭੂ, ਭਾਈ ਕਾਲੂ, ਭਾਈ ਅਤਰਾ, ਭਾਈ ਚਤਰਾ, ਭਾਈ ਸੰਤ ਸਿੰਘ, ਭਾਈ ਰੂੜਾ, ਭਾਈ ਮੀਰੂ, ਭਾਈ ਲਾਭ ਸਿੰਘ, ਭਾਈ ਹੁਕਮਾ, ਭਾਈ ਫੇਰੂ, ਭਾਈ ਲਸ਼ਰੀਆ, ਭਾਈ ਵਲੈਤੀ, ਭਾਈ ਸ਼ੇਰ ਸਿੰਘ, ਭਾਈ ਸੁੰਦਰ ਸਿੰਘ ਆਦਿ (ਪਿਆਰਾ ਸਿੰਘ ਪਦਮ ਰਚਿਤ 'ਪੰਜਾਬੀ ਵਾਰਾਂ' ਚੋਂ)। ਹੁਣ ਅਸੀਂ ਗਿਆਨੀ ਸੋਹਣ ਸਿੰਘ ਸੀਤਲ ਜੀ ਦੇ ਜੀਵਨ-ਪ੍ਰਸੰਗ ਤੇ ਪ੍ਰਾਪਤੀਆਂ ਦੀ ਗੱਲ ਕਰਾਂਗੇ।

੨. ਮੁੱਢਲਾ ਜੀਵਨ:- ਜਿਲ੍ਹਾ ਲਾਹੌਰ (ਅਜੋਕੇ ਪਕਿਸਤਾਨ) ਦੀ ਤਹਿਸੀਲ ਕਸੂਰ ਦੇ ਪਿੰਡ ਕਾਦੀਵਿੰਡ 'ਚ ਰਹਿੰਦੇ ਸ. ਖੁਸ਼ਹਾਲ ਸਿੰਘ ਜੀ ਦੇ ਘਰ ਮਾਤਾ ਦਿਆਲ ਕੌਰ ਦੀ ਕੁੱਖੋਂ ਅਗਸਤ ੭, ੧੯੦੯ ਈ. ਦਿਨ ਵੀਰਵਾਰ ਨੂੰ ਮਾਤਾ-ਪਿਤਾ ਦੀ ਛੇਵੀਂ ਔਲਾਦ, ਤਿੰਨ ਭੈਣਾਂ ਦੇ ਇੱਕੋ-ਇੱਕ ਲਾਡਲੇ ਵੀਰ ਦਾ ਜਨਮ ਹੋਇਆ। ਬਚਪਨ ਬੜੇ ਚਾਵਾਂ ਨਾਲ ਗੁਜ਼ਰਿਆ, ਸਰਫੇ ਦੀ ਔਲਾਦ ਹੋਣ ਕਰਕੇ ਭੈਣਾਂ ਕੁੱਛੜੋਂ ਨਹੀਂ ਸਨ ਲਾਹੁੰਦੀਆਂ। ਉਨ੍ਹਾਂ ਹਰ ਵੇਲੇ 'ਮੇਰਾ ਸੋਹਣਾ ਵੀਰ', 'ਮੇਰਾ ਸੋਹਣਾ ਵੀਰ' ਆਖਣਾ ਤੇ ਇਸ ਤਰ੍ਹਾਂ ਬਾਲਕ ਦਾ ਨਾਂ ਹੀ ਸੋਹਣ ਸਿੰਘ ਪੱਕ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਬਲੀਕੇਸ਼ਨ ਬਿਊਰੋ ਵੱਲੋਂ ਪ੍ਰਕਾਸ਼ਿਤ ਹੁੰਦੀ ਖੋਜ ਪਤ੍ਰਿਕਾ ਦੇ ਮਾਰਚ ੧੯੯੨ ਦੇ ਬੀਰ-ਕਾਵਿ ਵਿਸ਼ੇਸ਼ ਅੰਕ 'ਚ ਸੰਪਾਦਕੀ ਅਮਲੇ ਵੱਲੋਂ ਸਤਿਕਾਰਯੋਗ ਗਿਆਨੀ ਸੋਹਣ ਸਿੰਘ ਸੀਤਲ ਨਾਲ ਕੀਤੀ ਗੱਲਬਾਤ ਵਿੱਚੋਂ, ਉਨ੍ਹਾਂ ਦੇ ਪਰਵਾਰ ਵਿਚਲੀ ਸਿੱਖੀ-ਭਾਵਨਾ ਨਾਲ ਜੁੜੇ ਤੱਥ, ਸੀਤਲ ਜੀ ਦੀ ਆਪਣੀ ਜ਼ੁਬਾਨੀ ਇਉਂ

ਦਰਸਾਏ ਗਏ ਹਨ: ਸਿੱਖੀ ਅਤੇ ਉਸ ਨਾਲ ਜੁੜੀ ਹੋਈ ਪਵਿੱਤਰਤਾ ਦੀ ਨੀਂਹ ਸਭ ਤੋਂ ਪਹਿਲਾਂ ਮੇਰੀ ਮਾਂ ਨੇ ਹੀ ਮੇਰੇ ਮਨ ਵਿਚ ਰੱਖੀ। ਪਿੰਡ ਦੀਆਂ ਜਨਾਨੀਆਂ ਨੇ ਕਿਹਾ, 'ਕੁੜੇ ਤੇਰਾ ਪਿਛਲੇ ਪਾਹਰੇ ਦਾ ਪੁੱਤਰ ਏ, ਇਹਦੇ ਵਾਲਾਂ ਦੀ ਲਿੱਟ ਕੱਟ ਕੇ ਇਹਦੇ ਗਲ ਵਿਚ ਪਾ ਛੱਡ, ਕਿਸੇ ਦਾ ਟੂਣਾ ਨਹੀਂ ਚੱਲੂਗਾ।' ਪਰ ਮੇਰੇ ਮਾਤਾ ਜੀ ਨੇ ਕਿਹਾ, 'ਨਹੀਂ ਬੇਬੇ, ਮੈਂ ਆਪਣੇ ਪੁੱਤਰ ਦੇ ਸੁੱਚੇ ਕੇਸ ਜੂਠੇ ਨਹੀਂ ਕਰਨੇ, ਇਹਦਾ ਗੁਰੂ ਮਹਾਰਾਜ ਰਾਖਾ ਏ।' ਸੋ ਇਹ ਗੁਰੂ ਮਹਾਰਾਜ ਦੀ ਕਿਰਪਾ ਹੈ ਕਿ ਮੇਰੇ ਕੇਸ ਅੱਜ ਤੱਕ ਸੁੱਚੇ ਹਨ। ਮੈਂ ਸਰੀਰ ਦੇ ਸਭ ਅੰਗਾਂ ਨਾਲੋਂ ਕੇਸਾਂ ਨੂੰ ਵੱਧ ਪਵਿੱਤਰ ਸਮਝਦਾ ਹਾਂ।

ਅਜੋਕੇ ਫੈਸ਼ਨਪ੍ਰਸਤੀ ਦੇ ਸਮੇਂ ਸਾਡੀ ਨੌਜਵਾਨ ਪੀੜ੍ਹੀ ਵਿਚ ਕੇਸਾਂ ਪੱਖੋਂ ਚੱਲ ਰਹੀ ਪਤਿਤਪੁਣੇ ਦੀ ਹਨੇਰੀ ਨੂੰ ਠੱਲ੍ਹ ਪਾਉਣ ਵਾਸਤੇ ਸਾਡੀਆਂ ਸਤਿਕਾਰਯੋਗ ਮਾਵਾਂ-ਭੈਣਾਂ ਨੂੰ ਜੀਵਨ-ਜਾਚ ਦੇ ਇਸ ਆਚਰਣਕ ਪਹਿਲੂ ਤੋਂ ਸੇਧ ਲੈਂਦਿਆਂ, ਕੌਮ ਦੀ ਬੜੀ ਤੇਜ਼ੀ ਨਾਲ ਵਿਗੜ ਰਹੀ ਦਸ਼ਾ ਨੂੰ ਸੁਧਾਰਨ ਵੱਲ ਸੁਚੇਤਨਤਾ ਤੇ ਤਨਦੇਹੀ ਨਾਲ ਸਰਗਰਮ ਹੋ ਕੇ ਅਗਵਾਈ ਕਰਨੀ ਚਾਹੀਦੀ ਹੈ, ਜਿਵੇਂ ਕਿ ਮਾਤਾ ਭਾਗੋ ਦੇ ਮੇਹਣਿਆਂ, ਹਲੂਣਿਆਂ ਤੇ ਹੱਲਾਸ਼ੇਰੀ ਨੇ ਸਿੰਘਾਂ ਦੀ ਹੋ ਰਹੀ ਜੱਗ-ਹਸਾਈ ਨੂੰ ਗੌਰਵਸ਼ੀਲਤਾ ਵਿਚ ਬਦਲ ਦਿੱਤਾ ਸੀ।

੩. ਵਿਦਿਅਕ ਯੋਗਤਾ: ਨਿੱਕੇ ਹੁੰਦਿਆਂ ਤੋਂ ਹੀ ਧਾਰਮਿਕ ਮਾਹੌਲ ਵਿਚ ਸਥਾਨਕ ਗੁਰਦੁਆਰੇ ਦੇ ਗ੍ਰੰਥੀ ਪਾਸੋਂ ਪੰਜਾਬੀ ਪੜ੍ਹਨੀ ਸ਼ੁਰੂ ਕੀਤੀ ਤੇ ਹੋਣਹਾਰ ਬਾਲਕ ਨੇ ਬਾਰ੍ਹਾਂ ਵਰ੍ਹਿਆਂ ਨੂੰ ਅੱਪੜਦਿਆਂ ਉਰਦੂ ਪੜ੍ਹਨ-ਲਿਖਣ ਵਿਚ ਵੀ ਚੰਗੀ ਮੁਹਾਰਤ ਹਾਸਲ ਕਰ ਲਈ ਸੀ। ਉਨ੍ਹੀਂ ਦਿਨੀਂ ਸਕੂਲੀ-ਵਿੱਦਿਆ ਦੀਆਂ ਸਹੂਲਤਾਂ ਆਮ ਨਹੀਂ ਸਨ। ਪਹਿਲੀ ਵੇਰਾਂ ਜਦੋਂ ਨੇੜਲੇ ਪਿੰਡ ਵਰਨ 'ਚ ਸੰਨ ੧੯੨੩ ਈ. ਨੂੰ ਪ੍ਰਾਇਮਰੀ ਸਕੂਲ ਖੁੱਲ੍ਹਿਆ ਤਾਂ ਸੋਹਣ ਸਿੰਘ ਦੀ ਪਹਿਲੋਂ ਕੀਤੀ ਪੜ੍ਹਾਈ ਨੂੰ ਵੇਖਦਿਆਂ, ਉਸ ਨੂੰ ਸਿੱਧਾ ਹੀ ਦੂਸਰੀ ਜਮਾਤ ਵਿਚ ਦਾਖਲਾ ਮਿਲ ਗਿਆ। ਪ੍ਰਤਿਭਾਵਾਨ ਵਿਦਿਆਰਥੀ ਦੀ ਲਗਨ ਤੇ ਮਿਹਨਤ ਨੂੰ ਵਿਚਾਰਦਿਆਂ ਅਧਿਆਪਕਾਂ ਨੇ ਵੀ ਖੁਸ਼ੀ-ਖੁਸ਼ੀ ਵਿਸ਼ੇਸ਼-ਨਿਜੀ ਦਿਲਚਸਪੀ ਲੈ ਕੇ ਹੋਰ ਉਤਸ਼ਾਹਿਤ ਕੀਤਾ ਅਤੇ ਮਹਿਕਮੇ ਦੇ ਉੱਚ ਅਧਿਕਾਰੀਆਂ ਪਾਸ ਸਿਫ਼ਾਰਿਸ਼ ਭੇਜਦਿਆਂ ਖਾਸ ਮਨਜ਼ੂਰੀ ਤਹਿਤ ੧੯੨੪ ਈ. ਵਿਚ ਹੀ ਚੌਥੀ ਦਾ ਇਮਤਿਹਾਨ ਪਾਸ ਕਰਵਾ ਕੇ ਗੌਰਮਿੰਟ ਸਕੂਲ ਕਸੂਰ ਵਿਚ ਪੰਜਵੀਂ 'ਚ ਦਾਖਲਾ ਲੈਣਾ ਸੰਭਵ ਬਣਾਇਆ। ਵਿਦਿਆਰਥੀ ਸੋਹਣ ਸਿੰਘ ਨੇ ੧੯੩੦ ਈ. ਵਿਚ ਸਾਇੰਸ ਅਤੇ ਪੰਜਾਬੀ ਵਿਸ਼ਿਆਂ ਨਾਲ ਫ਼ਸਟ ਡਵੀਜ਼ਨ ਨਾਲ ਦਸਵੀਂ ਪਾਸ ਕਰ ਲਈ ਸੀ।

ਅਠਵੀਂ ਜਮਾਤੇ ਪੜ੍ਹਦਿਆਂ ਹੀ ਅਠ੍ਹਾਰਾਂ ਸਾਲ ਦੀ ਉਮਰ ਵਿਚ ਪਿੰਡ ਭੜਾਣਾ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਗੁਰਸਿੱਖ ਘਰਾਣੇ ਦੀ ਬੀਬੀ ਕਰਤਾਰ ਕੌਰ ਨਾਲ ਵਿਆਹ ਹੋਇਆ ਤੇ ਦਸਵੀਂ ਪਾਸ ਕਰਨ ਤੋਂ ਪਹਿਲਾਂ ਹੀ ਸੋਹਣ ਸਿੰਘ ਇਕ ਪੁੱਤਰ ਦਾ ਬਾਪ ਬਣ ਚੁੱਕਾ ਸੀ। ਪਿਤਾ ਜੀ ਦੀ ਢਿੱਲੀ ਸਿਹਤ ਕਾਰਨ ਮੌਤ ਹੋ ਜਾਣ ਕਰਕੇ, ਵਿਦਿਆਰਥੀ ਸੋਹਣ ਸਿੰਘ ਦਾ ਉਚੇਰੀ ਵਿਦਿਆ ਪ੍ਰਾਪਤ ਕਰਨ ਦਾ ਸੁਪਨਾ ਸਾਕਾਰ ਨਾ ਹੋ ਸਕਿਆ। ਘਰ-ਪਰਵਾਰ ਦੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਸ਼ਰੀਕੇਬਾਜ਼ੀਆਂ ਦੀਆਂ ਸ਼ਾਤਰ-ਚਾਲਾਂ ਦੀਆਂ ਦੁਸ਼ਵਾਰੀਆਂ ਨੂੰ ਵੀ ਨਜਿੱਠਣ ਦੇ ਮਸਲੇ ਮੂੰਹ ਅੱਡੀ ਖੜ੍ਹੇ ਗਏ। ਸੀਤਲ ਜੀ ਦੀ ਸਵੈ-ਜੀਵਨੀ: 'ਵੇਖੀ-ਮਾਣੀ ਦੁਨੀਆਂ' ਦੇ ਸਫ਼ਾ ੯੬ 'ਚ ਅੰਕਿਤ ਉਨ੍ਹਾਂ ਦੇ ਆਪਣੇ ਕਥਨਾਂ ਅਨੁਸਾਰ 'ਪਹਿਰ ਰਾਤ ਦੇ ਤੜਕੇ ਉੱਠ ਕੇ ਹਲ੍ਹ ਜੋੜਨਾ, ਦੁਪਿਹਰੇ ਪੱਠੇ ਵੱਢਣੇ, ਪਿਛਲੇ ਪਹਿਰ ਹੱਥ ਵਾਲੇ ਟੋਕੇ ਨਾਲ ਪੱਠੇ

ਕੁਤਰਨੇ ਤੇ ਫਿਰ ਪਹਿਰ ਰਾਤ ਗਈ ਮੰਜੇ 'ਤੇ ਪੈਣਾ ਨਸੀਬ ਹੋਣਾ'। ਤਨਦੇਹੀ ਨਾਲ ਖੇਤੀ ਕਰਦਿਆਂ ਵੀ ਪੜ੍ਹਨ ਦਾ ਸ਼ੌਕ ਮੱਠਾ ਨਹੀਂ ਪਿਆ। ਮੁਸ਼ੱਕਤ-ਘਾਲਣਾ ਨੂੰ ਸਫ਼ਲਤਾ ਮਿਲੀ ਅਤੇ ਇਸੇ ਸਮੇਂ ਦੌਰਾਨ ੧੯੩੩ ਈ. ਵਿਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦਾ ਇਮਤਿਹਾਨ ਵੀ ਪਾਸ ਕਰ ਲਿਆ।

੪. ਢਾਡੀ ਜਥਾ:- ਸਟੇਜ ਉੱਤੇ ਕਵਿਤਾ ਪੜ੍ਹਨ ਦਾ ਸ਼ੌਕ ਤਾਂ ਬਚਪਨ ਤੋਂ ਹੀ ਬਣ ਚੁੱਕਾ ਸੀ। ਸਾਥੀ ਹਾਣੀਆਂ ਨਾਲ ਰਲ ਕੇ ਨੇੜਲੇ ਪਿੰਡ ਲਲਿਆਣੀ ਦੇ ਬਜ਼ੁਰਗ ਸ਼ੇਖ ਬਾਬਾ ਚਰਾਗ ਦੀਨ ਪਾਸੋਂ ਛੇ ਮਹੀਨਿਆਂ ਦੇ ਸਮੇਂ ਵਿਚ ਹੀ ਕਰੜੇ ਰਿਆਜ਼ ਸਦਕਾ ਇਕ ਸਾਥੀ ਨੇ ਸਾਰੰਗੀ ਤੇ ਬਾਕੀਆਂ ਨੇ ਢੱਡ ਉੱਪਰ ਸੁਰ-ਤਾਲ ਵਿਚ ਗਾਉਣ ਦੇ ਢੰਗਾਂ ਵਿਚ ਚੰਗੀ ਮੁਹਾਰਤ ਹਾਸਿਲ ਕਰ ਲਈ ਤੇ ਇੰਞ ਸੰਨ ੧੯੩੪ ਈ. ਵਿਚ ਗਿ. ਸੋਹਣ ਸਿੰਘ ਸੀਤਲ ਨੇ ਸਿੱਖ ਕੌਮ ਦੇ ਪ੍ਰਚਾਰ ਨੂੰ ਸਮਰਪਿਤ ਢਾਡੀ ਜਥਾ ਤਿਆਰ ਕਰ ਲਿਆ ਜਿਸ ਨੇ ਆਪਣੀ ਪਹਿਲੀ ਪੇਸ਼ਕਾਰੀ ਰਾਹੀਂ ਹੀ ਸੰਗਤਾਂ-ਸਰੋਤਿਆਂ ਦਾ ਮਨ ਮੋਹ ਲਿਆ ਸੀ।

ਸਮਕਾਲੀ ਢਾਡੀਆਂ ਬਾਬਾ ਕਿਸ਼ਨ ਸਿੰਘ, ਸੋਹਣ ਸਿੰਘ ਘੁੱਕੇਵਾਲੀਏ, ਸੋਹਣ ਸਿੰਘ ਭੀਲਾ, ਨਿਰਵੈਰ ਸਿੰਘ ਦੁਆਬੀਆ ਆਦਿ ਜੋ ਸਾਧਾਰਨ ਗੁਰਮੁਖੀ ਹੀ ਪੜ੍ਹੇ ਹੋਏ ਸਨ ਤੇ ਜਿਨ੍ਹਾਂ ਨੂੰ ਸਕੂਲੀ ਵਿੱਦਿਆ ਪ੍ਰਾਪਤ ਕਰਨ ਦਾ ਮੌਕਾ ਹੀ ਨਹੀਂ ਸੀ ਮਿਲਿਆ, ਜਿਸ ਕਰਕੇ ਉਨ੍ਹਾਂ ਦੇ ਵਖਿਆਨਾਂ ਦਾ ਢੰਗ ਵੀ ਪੁਰਾਣਾ ਜਿਹਾ ਸੀ, ਦੇ ਮੁਕਾਬਲੇ 'ਤੇ ਸੀਤਲ ਵਧੇਰੇ ਪੜ੍ਹਿਆ-ਲਿਖਿਆ ਸੀ। ਸੀਤਲ ਹੋਰਾਂ ਨੇ ਗੁਰਮੁਖੀ, ਉਰਦੂ, ਹਿੰਦੀ, ਤੇ ਅੰਗਰੇਜ਼ੀ ਦਾ ਗਿਆਤਾ ਹੁੰਦਿਆਂ ਵਿਆਖਿਆ ਦਾ ਨਵੀਨਤਮ, ਰੌਚਕ ਤੇ ਨਿਰਾਲਾ ਢੰਗ ਅਪਣਾਇਆ। ਇਤਿਹਾਸ ਤੇ ਸਾਹਿਤ ਦੇ ਭਰਪੂਰ ਗਿਆਨ ਦੇ ਨਾਲ-ਨਾਲ ਨਿਵੇਕਲੇ ਅੰਦਾਜ਼-ਏ-ਬਿਆਂ ਸਦਕਾ, ਛੇਤੀ ਹੀ ਨੌਜਵਾਨ-ਮਿੱਤਰਾਂ ਦਾ ਇਹ ਢਾਡੀ ਜਥਾ ਪੰਥਕ ਸਟੇਜਾਂ 'ਪਰ ਹਰਮਨ ਪਿਆਰਾ ਬਣ ਗਿਆ। ਇਲਾਕੇ 'ਚ ਇੰਨੀ ਵਡਿਆਈ ਹੋਈ ਕਿ ਸ਼ਰੀਕੇਦਾਰ ਵੀ ਸੁਹਿਰਦਤਾ ਨਾਲ ਭਰੇ ਗਲਵਕੜੀਆਂ ਪਾਉਣ ਨੂੰ ਆਏ। ਸੀਤਲ ਜੀ ਨੇ ਆਪੂੰ ਵਾਰਾਂ ਤੇ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ ਅਤੇ ਤੱਤਕਾਲੀਨ ਸਮਾਜਿਕ, ਸਭਿਆਚਾਰਕ ਤੇ ਰਾਜਨੀਤਿਕ ਸਰੋਕਾਰਾਂ ਨੂੰ ਆਮ ਲੋਕਾਈ ਵਿਚ ਉਭਾਰਿਆ, ਪਰਚਾਰਿਆ ਤੇ ਜਨ-ਜਾਗਰਣ ਨੂੰ ਕ੍ਰਾਂਤੀਕਾਰੀ ਹੁਲਾਰੇ-ਹਲੂਣੇ ਦਿੱਤੇ। ਇਸ ਤਰ੍ਹਾਂ ਪੂਰੇ ਸਿੱਖ-ਜਗਤ ਤੇ ਸਾਹਿਤ-ਪ੍ਰੇਮੀਆਂ ਵਿਚ ਵੱਡਾ ਨਾਮਣਾ ਬਣਿਆ। ਸਾਹਿਤਕਾਰ, ਵਿਦਵਾਨ ਤੇ ਨਾਮਵਰ ਢਾਡੀ ਸੋਹਣ ਸਿੰਘ ਸੀਤਲ ਦੀ ਮੰਗ ਦੂਰ-ਦੁਰਾਡੇ ਦੇਸ਼ਾਂ-ਪ੍ਰਦੇਸ਼ਾਂ ਤੋਂ ਆਉਣ ਲੱਗੀ। ਭਾਰਤ ਦੇ ਚੱਪੇ-ਚੱਪੇ ਅਤੇ ਮਲਾਇਆ, ਥਾਈਲੈਂਡ ਆਦਿਕ ਜਿੱਥੇ-ਜਿੱਥੇ ਵੀ ਪੰਜਾਬੀਆਂ ਦੀ ਅਬਾਦੀ ਸੀ, ਮੁਲਕਾਂ ਦੀਆਂ ਯਾਤਰਾਵਾਂ ਦੌਰਾਨ ਉਨ੍ਹਾਂ ਦੇ ਗਾਉਣ-ਤਜ਼ਰਬਿਆਂ ਤੇ ਵਿਆਖਿਆ-ਮੁਹਾਰਤਾਂ ਵਿਚ ਬਹੁਰੰਗੀ ਵਿਸ਼ਾਲਤਾ ਤੇ ਪ੍ਰਭਾਵਸ਼ਾਲੀ ਪੁਖ਼ਤਗੀ ਨੇ ਢਾਡੀ-ਪਰੰਪਰਾ ਦੀਆਂ ਸਿਖਰਾਂ ਨੂੰ ਛੂਹਿਆ ਹੈ।

ਗਿਆਨੀ ਸੋਹਣ ਸਿੰਘ ਸੀਤਲ ਨੇ ਆਪਣੇ ਢਾਡੀ ਜਥੇ ਰਾਹੀਂ ਲੋਕ-ਗਾਇਕੀ ਦੇ ਖੇਤਰ ਵਿਚ ਲੰਬਾ ਅਰਸਾ ਗਾਇਆ ਅਤੇ ਪੰਜਾਬ ਦੇ ਲੋਕਾਂ ਨੂੰ ਵਡਮੁੱਲੀ ਲੋਕ-ਵਿਰਾਸਤ ਤੋਂ ਜਾਣੂ ਕਰਵਾਇਆ ਹੈ। ਜਦੋਂ ਅਕਾਸ਼ਵਾਣੀ ਕੇਂਦਰ ਤੋਂ ਆਪਣੇ ਜਥੇ ਨੂੰ ਨਾਲ ਲੈ ਕੇ ਪ੍ਰੋਗਰਾਮ ਪੇਸ਼ ਕਰਨੇ ਅਰੰਭ ਕੀਤੇ ਤਾਂ ਛੇਤੀ ਹੀ ਉਹ ਪੰਜਾਬ ਦੇ ਹੀ ਨਹੀਂ ਬਲਕਿ ਪੂਰੇ ਦੇਸ਼ ਦੇ ਸਿਰਮੌਰ ਲੋਕ-ਗਾਇਕ ਵਜੋਂ ਸ਼ੁਹਰਤ ਗ੍ਰਹਿਣ ਕਰ ਗਏ। ਸੀਤਲ ਜੀ ਦੇ ਗੁਮੰਤਰੀ ਸਾਥੀ ਆਮ ਤੌਰ

'ਤੇ ਮਾਲਵੇ ਦੀਆਂ ਲੋਕ-ਧੁਨਾਂ ਵਿੱਚੋਂ 'ਕਲੀ' ਦਾ ਵਧੇਰੇ ਖ਼ੂਬਸੂਰਤ ਪ੍ਰਯੋਗ ਕਰਦੇ ਸਨ। ਇਸ ਤੋਂ ਇਲਾਵਾ ਕੁਝ ਹੋਰ ਨਵੀਨ ਤਰਜ਼ਾਂ 'ਗੱਡੀ' ਜੋ ਲੋਕ-ਬੋਲੀਆਂ 'ਪਰ ਅਧਾਰਿਤ ਤਰਜ਼ ਹੈ ਅਤੇ 'ਜੰਗਲ' ਜੋ ਪੁਰਾਣੇ 'ਦੋਹੜੇ' ਅਤੇ 'ਮਾਝ' ਨਾਲ ਮਿਲਦਾ-ਜੁਲਦਾ ਹੈ, ਖ਼ੂਬ ਵਰਤੋਂ ਕੀਤੀ। ਪਹਿਲੇ ਜਥੇ ਦੇ ਸਾਥੀਆਂ ਦੇ ਨਾਉਂ ਸਨ: ਹਰਿਨਾਮ ਸਿੰਘ, ਗੁਰਚਰਨ ਸਿੰਘ, ਤੇ ਅਮਰੀਕ ਸਿੰਘ। ਜਦ ਕਦੀ ਵੀ ਲੋਕਾਂ ਨਾਲ ਜੁੜੀ ਹੋਈ ਢਾਡੀ ਗਾਇਕੀ ਦੀ ਗੱਲ ਚੱਲੇਗੀ ਤਾਂ ਸੀਤਲ ਹੋਰਾਂ ਦਾ ਨਾਮ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕੇਗਾ।

੫. ਬਹੁਪੱਖੀ ਸੰਜੀਦਾ ਅਧਿਐਨ: ਸੀਤਲ ਜੀ ਨੂੰ ਕਿਤਾਬਾਂ ਪੜ੍ਹਨ ਦਾ ਬੜਾ ਸ਼ੌਕ ਸੀ। ਉਨ੍ਹਾਂ ਨੇ ਕਾਦਰਯਾਰ ਦਾ ਪੂਰਨ-ਭਗਤ, ਪੂਰਨ, ਰੂਪ-ਬਸੰਤ ਤੇ ਹੋਰ ਕਈ ਕਿੱਸੇ, ਕਾਫ਼ੀਆਂ ਬੁੱਲੇ ਸ਼ਾਹ, ਕਾਫ਼ੀਆਂ ਈਸ਼ਰ ਦਾਸ ਆਦਿ ਬੜੀ ਛੋਟੀ ਉਮਰ ਵਿਚ ਹੀ ਪੜ੍ਹ ਲਈਆਂ ਸਨ। ਉਨ੍ਹਾਂ ਨੇ ਗੁਰਬਾਣੀ ਦਾ ਡੂੰਘਾ ਅਧਿਐਨ ਕੀਤਾ ਅਤੇ ਨਾਲ ਹੀ ਸਿੱਖ ਇਤਿਹਾਸ ਨੂੰ ਬੜੀ ਤਿੱਖੀ ਤੇ ਘੋਖਵੀਂ ਨਜ਼ਰ ਨਾਲ ਪੜਚੋਲਿਆ, ਬਹੁਤ ਸਾਰੇ ਇਤਿਹਾਸਿਕ ਗ੍ਰੰਥ ਪੜ੍ਹੇ। ਸੰਸਕ੍ਰਿਤ ਦੇ ਸੰਸਾਰ-ਪ੍ਰਸਿੱਧ ਨਾਟਕਕਾਰ ਕਾਲੀਦਾਸ ਦੇ ਨਾਟਕਾਂ-ਸ਼ਕੁੰਤਲਾ ਤੇ ਵਿਲੇਮਰਵਸ਼ੀ ਦਾ ਪੰਜਾਬੀ ਅਨੁਵਾਦ ਪੜ੍ਹਿਆ। ਪੰਜਾਬੀ ਲੇਖਕਾਂ ਭਾਈ ਮੋਹਨ ਸਿੰਘ ਵੈਦ, ਭਾਈ ਵੀਰ ਸਿੰਘ, ਸ. ਨਾਨਕ ਸਿੰਘ, ਸ. ਜਸਵੰਤ ਸਿੰਘ ਕੰਵਲ ਅਤੇ ਦੂਜੀਆਂ ਭਾਸ਼ਾਵਾਂ ਵਿਚੋਂ ਸਰਵਸ਼੍ਰੀ ਮੁਨਸ਼ੀ ਪ੍ਰੇਮ ਚੰਦ, ਗੁਰੂ ਦੱਤ, ਯਸ਼ਪਾਲ ਰਾਂਗੇ ਰਾਘਵ, ਯੱਗ ਦੱਤ, ਬੰਗਾਲੀ ਸਾਹਿਤਕਾਰਾਂ ਵਿੱਚੋਂ ਸਰਵਸ਼੍ਰੀ ਬੰਕਮ ਚੰਦਰ, ਰਬਿੰਦਰ ਨਾਥ ਟੈਗੋਰ, ਸ਼ਰਤ ਚੰਦਰ, ਵਿਮਲ ਮਿਤ੍ਰ ਤੇ ਤਾਰਾ ਸ਼ੰਕਰ ਆਦਿ ਦੀਆਂ ਰਚਨਾਵਾਂ ਪੜ੍ਹੀਆਂ। ਹੋਰ ਰੂਸੀ, ਫ਼ਰਾਂਸੀਸੀ, ਅੰਗ੍ਰੇਜ਼ੀ ਦੇ ਪ੍ਰਸਿੱਧੀ-ਪ੍ਰਾਪਤ ਰਚਨਾਵਾਂ ਪੜ੍ਹੀਆਂ ਅਤੇ ਇਸ ਤਰ੍ਹਾਂ ਗਿ. ਸੋਹਣ ਸਿੰਘ ਜੀ ਸੀਤਲ ਦੀ ਪੂਰਬੀ ਅਤੇ ਪੱਛਮੀ ਸੰਸਾਰ ਦੇ ਵਿਖਿਆਤ ਚਿੰਤਕਾਂ, ਵਿਦਵਾਨਾਂ ਤੇ ਸਾਹਿਤਕਾਰਾਂ ਵੱਲੋਂ ਸੰਜੋਏ ਗਿਆਨ-ਵਿਗਿਆਨ ਨਾਲ ਬਹੁਪੱਖੀ ਸਾਂਝ ਬਣੀ।

੬. ਸਾਹਿਤ ਸਿਰਜਣਾ:- ਗਿਆਨੀ ਸੋਹਣ ਸਿੰਘ ਸੀਤਲ ਨੇ ਇਕ ਸਫਲ ਲੇਖਕ ਵਜੋਂ ਪੰਜਾਬੀ ਸਾਹਿਤ ਸੱਭਿਆਚਾਰ ਵਿਚ ਨਵੀਆਂ ਲੀਹਾਂ ਪਾਉਂਦਿਆਂ ਵਡਮੁੱਲਾ-ਯੋਗਦਾਨ ਪਾਇਆ। ਉਨ੍ਹਾਂ ਦੀ ਵਾਰ ਰਚਨਾਵਲੀ ਵਿਚ 'ਸੀਤਲ-ਹੁਲਾਰੇ' ਦੀਆਂ ੨੦ ਛਾਪਾਂ, 'ਸੀਤਲ ਸੁਨੇਹੇ' ਤੇ 'ਸੀਤਲ ਤਰੰਗਾਂ' ਦੀਆਂ ੨੫-੨੫ ਛਾਪਾਂ, 'ਸੀਤਲ ਹੰਝੂ' ਦੀਆਂ ੨੯ ਛਾਪਾਂ, ਅਤੇ 'ਸੀਤਲ ਪ੍ਰਸੰਗ' ਦੀਆਂ ੩੬ ਛਾਪਾਂ ਜੋ ਗਿਣਤੀ ਪੱਖੋਂ ਡੇਢ ਲੱਖ ਤੋਂ ਵੀ ਵੱਧ ਵਿਕੀਆਂ, ਆਪਣੇ ਆਪ ਵਿਚ ਮਾਣਮੱਤਾ ਮੁਅਜਜ਼ਾ ਹੈ। ਇਸੇ ਤਰ੍ਹਾਂ 'ਸੀਤਲ ਕਿਰਣਾਂ', 'ਸੀਤਲ ਪ੍ਰਕਾਸ਼', 'ਸੀਤਲ ਤਰਾਨੇ', 'ਸੀਤਲ ਵਾਰਾਂ', 'ਸੀਤਲ ਤਾਘਾਂ', 'ਸੀਤਲ ਵਲਵਲੇ', 'ਸੀਤਲ ਚੰਗਿਆੜੇ', 'ਸੀਤਲ ਮੁਨਾਰੇ' ਤੇ 'ਸੀਤਲ ਅੰਗਿਆਰੇ' ਆਦਿਕ ਡੇਢ ਦਰਜਨ ਵਾਰਾਂ ਦੀਆਂ ਕਿਤਾਬਾਂ ਲਿਖ ਕੇ ਅਤੇ ਵੰਨ-ਸੁਵੰਨੀ ਗਾਇਨ-ਕਲਾ ਦੁਆਰਾ ਗਿਆਨੀ ਸੋਹਣ ਸਿੰਘ ਸੀਤਲ ਨੇ ਨਵੇਂ ਮਾਨ-ਦੰਡ ਸਿਰਜੇ ਅਤੇ ਵਾਰਾਂ ਦਾ ਬਾਦਸ਼ਾਹ ਅਖਵਾਉਣ ਦੇ ਹੱਕਦਾਰ ਬਣ ਗਏ।

ਕਵਿਤਾ ਦੇ ਖੇਤਰ ਵਿਚ ਵੀ ਉਨ੍ਹਾਂ ਨੇ 'ਵਹਿੰਦੇ ਹੰਝੂ' ਦੀਆਂ ੧੭ ਛਾਪਾਂ 'ਸੱਜਰੇ ਹੰਝੂ' ਦੀਆਂ ੧੧ ਛਾਪਾਂ ਤੇ 'ਦਿਲ ਦਰਿਆ' ਦੀਆਂ ੭ ਛਾਪਾਂ ਦੇ ਨਾਲ-ਨਾਲ ੨੪ ਮਿਆਰੀ ਕਹਾਣੀਆਂ ਦੀ ਰਚਨਾ ਕਰ ਕੇ ਪਾਠਕਾਂ ਵੱਲੋਂ ਵਾਹ-ਵਾਹ ਖੱਟੀ। ਇਤਿਹਾਸਿਕ ਸੰਦਰਭ ਵਿਚ

ਲਿਖਤਾਂ ਦਾ ਵਿਵਰਣ ਇੰਵ ਹੈ:

੧. ਗੁਰੂ ਨਾਨਕ ਦੇਵ ਜੀ। ੨. ਗੁਰੂ ਨਾਨਕ ਤੋਂ ਗੁਰੂ ਤੇਗ ਬਹਾਦਰ ਜੀ। ੩. ਮਨੁੱਖਤਾ ਦੇ ਗੁਰੂ ਗੋਬਿੰਦ ਸਿੰਘ ਜੀ ੪. ਲਾਸਾਨੀ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਜੀ, ੫. ਬਾਬਾ ਬੰਦਾ ਸਿੰਘ ਸ਼ਹੀਦ, ੬. ਸਿੱਖ ਰਾਜ ਕਿਵੇਂ ਬਣਿਆ, ੭. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ੮. ਸਿੱਖ ਰਾਜ ਤੇ ਸ਼ੇਰੇ ਪੰਜਾਬ, ੯. ਸਿੱਖ ਰਾਜ ਕਿਵੇਂ ਗਿਆ, ੧੦. ਦੁਖੀਏ ਮਾਂ-ਪੁੱਤ, ੧੧. ਗੁਰ ਇਤਿਹਾਸ ਦਸ ਪਾਤਿਸ਼ਾਹੀਆਂ, ੧੨. ਬਾਬਾ ਨਾਨਕ, ੧੩. ਧਰਮ ਦਾ ਰਾਖਾ ਗੁਰੂ ਤੇਗ ਬਹਾਦਰ, ੧੪. ਸਿੱਖ ਸ਼ਹੀਦ ਤੇ ਯੋਧੇ, ੧੫. ਗੁਰਬਾਣੀ ਵਿਚਾਰ, ੧੬. ਮੇਰੇ ਇਤਿਹਾਸਿਕ ਲੈਕਚਰ, ੧੭. ਗੁਰਬਾਣੀ ਦੇ ਪੁਰਾਣਿਕ ਪਾਤਰ ਅਤੇ ਭਗਤ।

ਸੀਤਲ ਜੀ ਨੇ ਉਪਰੋਕਤ ਖੋਜ ਭਰਪੂਰ ਸਾਹਿਤਕ ਕਿਰਤਾਂ ਦੁਆਰਾ ਪੰਜਾਬੀ ਲੋਕਾਚਾਰ, ਲੋਕ-ਹਿੱਤਾਂ ਦੇ ਸਰਬਸਾਂਝੇ ਸਰੋਕਾਰਾਂ ਨਾਲ ਜੁੜੇ ਸਿੱਖ ਵਿਰਸੇ ਦੀ ਪੇਸ਼ਕਾਰੀ ਕਰ ਕੇ ਪੰਜਾਬੀ ਸਾਹਿਤ, ਸਭਿਆਚਾਰ ਤੇ ਅਮੀਰ ਸੰਸਕ੍ਰਿਤਕ ਵਿਰਾਸਤ ਨੂੰ ਸੰਸਾਰ ਦੇ ਸਨਮੁਖ ਬੜੀ ਖੂਬਸੂਰਤੀ ਨਾਲ ਉਘਾੜਿਆ ਹੈ। ਉਨ੍ਹਾਂ ਨੇ ਲੱਗਭਗ ਡੇਢ ਦਰਜਨ ਸਮਾਜਿਕ ਤੇ ਇਤਿਹਾਸਿਕ ਨਾਵਲ, ਸਵੈ ਜੀਵਨੀ ਤੇ ਨਾਟਕ ਵੀ ਲਿਖੇ। ਗਿ. ਸੋਹਣ ਸਿੰਘ ਸੀਤਲ ਵੱਲੋਂ ਲਿਖਤ ਤੇ ਲਾਹੌਰ ਬੁੱਕ ਸ਼ਾਪ ਵੱਲੋਂ ਪ੍ਰਕਾਸ਼ਿਤ 'ਸਿੱਖ ਇਤਿਹਾਸ ਦੇ ਸੋਮੇ' ਦਿਆਂ ਪੰਜ ਭਾਗਾਂ ਵਿਚ ਜਿਹੜੇ ਆਲੋਚਨਾਤਮਿਕ ਪੱਖਾਂ ਦੀ ਪ੍ਰਸਤੁਤੀ ਕੀਤੀ ਗਈ ਹੈ, ਦਾ ਸਿੱਖੀ ਸਿਧਾਂਤਾਂ ਦੀ ਸਪਸ਼ਟਤਾ ਵਜੋਂ ਵਿਸ਼ੇਸ਼ ਮਹੱਤਵਪੂਰਨ ਯੋਗਦਾਨ ਹੈ।

੭. ਸੀਤਲ ਸਾਹਿਤ ਕਲਾ ਦੇ ਚੋਣਵੇਂ ਨਮੂਨੇ:- ਵੱਖ-ਵੱਖ ਪ੍ਰਸੰਗਾਂ ਵਿੱਚੋਂ ਵੰਨਗੀ ਮਾਤਰ ਕੁਝ ਟੂਕਾਂ ਪੇਸ਼ ਹਨ ਜੋ ਸਾਨੂੰ ਸੀਤਲ ਜੀ ਦੀਆਂ ਵਲਵਲਿਆਂ ਭਰਪੂਰ ਰਚਨਾਵਾਂ ਦਾ ਅਨੰਦ ਮਾਣਨ ਵਾਸਤੇ ਹਮੇਸ਼ਾਂ ਖਿੱਚ ਪਾਉਂਦੀਆਂ ਰਹਿਣਗੀਆਂ।

ਵਾਰ : ਮਾਰੂ ਵੱਜਿਆ
ਜੁਆਨ ਰਣ ਨਿਤਰੇ
ਗੁੱਸੇ ਵਿਚ ਆ
ਤਿਊੜੀਆਂ ਪਾਈਆਂ
ਨੈਣ ਭਖਦੇ ਨੇ ਵਾਂਗ ਅੰਗਿਆਰਾਂ
ਅੰਦਰ ਲੱਗੀਆਂ, ਬਾਹਰ ਬਲ ਆਈਆਂ
ਤੀਰ ਭੱਥਿਆਂ 'ਚ ਨਾਗਾਂ ਵਾਂਗ ਤੜਫਦੇ
ਜਦੋਂ ਧਨਖਾਂ 'ਤੇ ਤੰਦੀਆਂ ਚੜ੍ਹਾਈਆਂ
ਸਾਂਗਾਂ ਹੱਥਾਂ 'ਚ ਮਸ਼ਾਲਾਂ ਵਾਂਗ ਬਲਦੀਆਂ
ਤੇਗਾਂ ਗਾਤਰੀਂ ਲੈਣ ਅੰਗੜਾਈਆਂ।

ਪਉੜੀ : ਫਿਰ ਗਾਜ਼ੀ ਚੰਦ ਚੰਦੇਲ, ਮੱਤਾ ਹੰਕਾਰ ਦਾ।
ਉਹਨੂੰ ਛੱਤਰੀਪਣ ਦਾ ਮਾਣ, ਉਹ ਮੌਤ ਵੰਗਾਰਦਾ।
ਉਹ ਹੋ ਹੋ ਪੱਬਾਂ ਭਾਰ, ਤੇ ਤੇਗ ਉਲਾਰਦਾ।
ਉਸ ਚੁਣ-ਚੁਣ ਮਾਰੇ ਯੋਧੇ, ਕਹਿਰ ਗੁਜ਼ਾਰਦਾ।
ਫਿਰ ਸੰਗੋ ਸ਼ਾਹ ਵੱਲ ਵਧਿਆ, ਨਾਰ੍ਹੇ ਮਾਰਦਾ।

ਕਹਿ: ਸਿੱਖਾ! ਸੱਦਾ ਆਊ-ਈ, ਧੁਰ ਦਰਬਾਰ ਦਾ।
ਗੱਡੀ : ਗੱਡੀ ਭਰ ਕੇ ਸਪੈਸ਼ਲ ਤੋਰੀ, ਅੰਬਰਸਰ ਸ਼ਹਿਰ ਦੇ ਵਿਚੋਂ।
ਜਿਹਦੇ ਵਿਚ ਸੀ ਪੈਨਸ਼ਨੀ ਕੈਦੀ, ਕੈਦ ਕੀਤੇ ਗੁਰੂ ਬਾਗ 'ਚੋਂ।
ਪੰਜੇ ਸਾਹਿਬ ਦੀ ਸੰਗਤ ਨੇ ਸੁਣਿਆ, ਸੇਵਾ ਦਾ ਪ੍ਰੇਮ ਜਾਗਿਆ।
ਚਾਹ ਦੁੱਧ ਤੇ ਪਦਾਰਥ ਮੇਵੇ, ਲੈ ਪੁੱਜੇ ਟੇਸ਼ਨ 'ਤੇ...
ਕਬਿੱਤ : ਗੋਬਿੰਦ ਮ੍ਰਿਦੰਗ, ਗੁਰੂ ਹਿੰਦ, ਬਖਸ਼ਿੰਦ ਦਾਤੇ,
ਦੁਖੀਆਂ ਦੇ ਤਾਰਨੇ ਨੂੰ ਸਾਜਿਆ ਹੈ ਖਾਲਸਾ।
ਦੇਣ ਹੇਤ ਆਸਰਾ ਨਿਆਸਰੇ ਨਿਓਟਿਆਂ ਨੂੰ,
ਡਿੱਗਿਆਂ ਉਭਾਰਨੇ ਨੂੰ ਸਾਜਿਆ ਹੈ ਖਾਲਸਾ।
ਰੋਂਦਿਆਂ ਹਸਾਣ ਹਿੱਤ, ਬੰਦ ਛੁਡਵਾਣ ਹਿੱਤ,
ਦੁਖੜੇ ਨਿਵਾਰਨੇ ਨੂੰ ਸਾਜਿਆ ਹੈ ਖਾਲਸਾ।
ਜ਼ਾਲਮਾਂ ਦੀ ਜੜ੍ਹ ਪੁੱਟ, ਆਕੀਆਂ ਨਿਵਾਣ ਹਿੱਤ,
ਪਾਪੀਆਂ ਦੇ ਮਾਰਨੇ ਨੂੰ ਸਾਜਿਆ ਹੈ ਖਾਲਸਾ।
ਸਾਕਾ : ਜਾ ਪਿਆ ਝਟ ਰਣਜੀਤ ਸਿੰਘ, ਵੈਰੀ 'ਤੇ ਚੜ੍ਹ ਕੇ।
ਉਹ ਕਹਿੰਦੈ ਸੰਮਨ ਬੁਰਜ ਦੇ, ਪਰਛਾਵੇਂ ਖੜ੍ਹ ਕੇ।
ਓ! ਅਹਿਮਦ ਸ਼ਾਹ ਦੇ ਪੋਤਰੇ! ਆ ਖੰਡਾ ਫੜ ਕੇ।
ਤੈਨੂੰ ਚੜ੍ਹਤ ਸਿੰਘ ਦਾ ਪੋਤਰਾ, ਲਲਕਾਰੇ ਅੜ ਕੇ।
ਤੂੰ ਗੀਦੀ ਬਣ ਕੇ ਬਹਿ ਰਿਹੋਂ, ਕਿਉਂ ਅੰਦਰ ਵੜ ਕੇ?
ਆ ਹੱਥ ਵਿਖਾ ਮੈਦਾਨ ਵਿਚ, ਮਰਦਾਂ ਜਿਉਂ ਲੜ ਕੇ।

੮. ਇਨਾਮ ਸਨਮਾਨ :- ੧. ਸੀਤਲ ਜੀ ਨੇ ਬਚਪਨ 'ਚ ਹੀ ਟੱਪੇ ਜੋੜਨ ਤੇ ਕਵਿਤਾ-ਕਵੀਸ਼ਰੀ ਲਿਖਣੀ ਤੇ ਗਾਉਣੀ ਘਰੇ ਹੀ ਸ਼ੁਰੂ ਕਰ ਦਿੱਤੀ ਸੀ। ਸਕੂਲੀ ਸਿੱਖਿਆ ਤੇ ਉਸਤਾਦਾਂ ਦੀ ਸੁਹਿਰਦਤਾ ਦੁਆਰਾ ਰਚਨਾਤਮਿਕ ਪ੍ਰਤਿਭਾ ਵਿਚ ਹੋਰ ਵਾਧਾ ਹੋਇਆ, ਨਤੀਜਤਨ ਵਿਦਿਆਰਥੀ ਸੋਹਣ ਸਿੰਘ ਨੇ ਅਠਵੀਂ 'ਚ ਪੜ੍ਹਦਿਆਂ ਪੰਜਾਬ ਯੂਨੀਵਰਸਿਟੀ ਲਾਹੌਰ ਵੱਲੋਂ ਕਰਵਾਏ ਗਏ ਲੇਖ-ਮੁਕਾਬਲੇ ਵਿਚ 'ਤੰਦਰੁਸਤੀ' ਵਿਸ਼ੇ 'ਪਰ ਲੇਖ ਲਿਖ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਹ ਉਨ੍ਹਾਂ ਦੀ ਕਾਬਲੀਅਤ ਦਾ ਪਹਿਲਾ ਸਨਮਾਨ ਸੀ।

੨. ਸੰਨ ੧੯੬੨ ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਕਾਲੇ ਪਰਛਾਵੇਂ' ਨਾਵਲ ਨੂੰ ਪੁਰਸਕ੍ਰਿਤ ਕੀਤਾ ਗਿਆ।

੩. ਭਾਰਤ ਸਰਕਾਰ ਦੀ ਐਜੂਕੇਸ਼ਨ ਮਨਿਸਟਰੀ ਵਾਸਤੇ 'ਬਾਲਗ ਸਾਹਿਤ' ਲਈ ਲਿਖਵਾਏ ਗਏ, ਤਿੰਨ ਨਿੱਕੇ ਨਾਵਲਾਂ 'ਸੁਰਗ-ਸਵੇਰਾ', ਹਿਮਾਲਿਆ ਦੇ ਰਾਖੇ' ਅਤੇ 'ਸਭੇ ਸਾਝੀਵਾਲ ਸਦਾਇਨਿ' ਨੂੰ ਵਾਰੋ-ਵਾਰੀ ੧੯੬੨, ੬੪, ਅਤੇ ੧੯੬੬ਵੇਂ ਵਰ੍ਹੇ, ਮੁਕਾਬਲਿਆਂ ਵਿਚ ਅਠਵੇਂ, ਦਸਵੇਂ ਤੇ ਬਾਰ੍ਹਵੇਂ ਸਥਾਨ 'ਪਰ ਇਨਾਮ ਦਿੱਤੇ ਗਏ ਸਨ।

੪. ਉਹਨਾਂ ਨੂੰ ਸੰਨ ੧੯੭੪ ਵਿਚ 'ਜੁੱਗ ਬਦਲ ਗਿਆ' ਨਾਵਲ ਵਾਸਤੇ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਅਵਾਰਡ ਮਿਲਿਆ।

੫. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸੰਨ ੧੯੭੯ ਵਿਚ

ਗਿ. ਸੋਹਣ ਸਿੰਘ ਸੀਤਲ ਨੂੰ 'ਸ਼੍ਰੋਮਣੀ ਢਾਡੀ' ਵਜੋਂ ਪੁਰਸਕਾਰਿਤ ਕੀਤਾ ਗਿਆ।

੬. ਭਾਸ਼ਾ ਵਿਭਾਗ ਪੰਜਾਬ ਵੱਲੋਂ ਸੰਨ ੧੯੯੩ ਵਿਚ 'ਸ਼੍ਰੋਮਣੀ ਢਾਡੀ' ਵਜੋਂ' ਸਨਮਾਨ ਮਿਲਿਆ।

੭. ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ੧੯੮੭ ਦਾ 'ਕਰਤਾਰ ਸਿੰਘ ਧਾਲੀਵਾਲ' ਪੁਰਸਕਾਰ ਮਿਲਿਆਂ।

੮. ੧੯੯੩ ਵਿਚ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਦਾ ਸਨਮਾਨ ਮਿਲਿਆ।

੯. ੧੯੯੪ 'ਚ ਪੰਜਾਬੀ ਸੱਥ ਲਾਂਬੜਾਂ ਵੱਲੋਂ 'ਭਾਈ ਗੁਰਦਾਸ ਪੁਰਸਕਾਰ' ਪ੍ਰਦਾਨ ਕੀਤਾ ਗਿਆ।

੧੦. ਹੋਰ ਅਨੇਕਾਂ ਸਾਹਿਤਕ, ਸਭਿਆਚਾਰਿਕ ਤੇ ਧਾਰਮਿਕ ਸੰਸਥਾਵਾਂ ਵੱਲੋਂ ਗਿ. ਸੋਹਣ ਸਿੰਘ ਸੀਤਲ ਜੀ ਦੀ ਸ਼ਖ਼ਸ਼ੀਅਤ ਨੂੰ ਅੰਤਾਂ ਦਾ ਸਤਿਕਾਰ ਅਤੇ ਮਾਨਾਂ-ਸਨਮਾਨਾਂ ਨਾਲ ਸਲਾਹਿਆ ਤੇ ਵਡਿਆਇਆ ਗਿਆ ਹੈ।

੯. ਦਰਪੇਸ਼ ਚੁਨੌਤੀਆਂ: ਸਿੱਖ ਧਰਮ ਦੀ, ਜਾਗਰੂਕ ਪੰਥਪ੍ਰਸਤ ਪਾਠਕਾਂ ਵੱਲੋਂ ਪੂਰੇ ਸੰਸਾਰ ਦੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈ ਸਕਣ ਦੀ ਭਵਿੱਖ ਮੁਖੀ ਵਿਲੱਖਣ ਸਮਰੱਥਾ ਸੰਬੰਧੀ ਦੁਨੀਆਂ ਦੇ ਵੱਖ-ਵੱਖ ਸ੍ਰੇਸ਼ਟ ਚਿੰਤਕਾਂ, ਫਿਲਾਸਫ਼ਰਾਂ, ਵਿਦਵਾਨਾਂ ਤੇ ਪ੍ਰਤਿਸ਼ਠਿਤ ਹਸਤੀਆਂ ਦੀਆਂ ਟਿੱਪਣੀਆਂ ਪ੍ਰਿੰਟ ਮੀਡੀਆ ਵਿਚ ਵੇਖੀਆਂ ਜਾ ਸਕਦੀਆਂ ਹਨ। ਅਸੀਂ ਇਥੇ ਕੇਵਲ ਬਰਟਰੈਂਡ ਰਸਲ ਦੀ ਟਿੱਪਣੀ ਦਾ ਹੀ ਜ਼ਿਕਰ ਕਰਨਾ ਚਾਹਾਂਗੇ:- Bertrand Russell (Philosopher, Mathematician 1872-1970)

If some lucky men survive the onslaught of the third world war of atomic and hydrogen bombs, then the Sikh religion will be the only means of guiding them. When asked, isn't this religion capable of guiding mankind before the third world war? He said, 'Yes it has the capability, but the Sikhs haven't brought out in the broad daylight the splendid doctrines of this religion, which has come into existence for the benefit of the entire mankind. This is their greatest sin and the Sikhs cannot be freed of it.' ਸਮਾਂ ਰਹਿੰਦਿਆਂ ਯੋਗ ਉਦਮ ਤੇ ਉਪਰਾਲੇ ਅਰੰਭੇ ਜਾਣੇ ਸਮੇਂ ਦੀ ਪੁਕਾਰ ਹੈ:

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥ (੭੯੪)

ਸਕੂਲ-ਕਾਲਜ ਪੜ੍ਹਦਿਆਂ ਇਨ੍ਹਾਂ ਸਤਰਾਂ ਦੇ ਲੇਖਕ ਤੇ ਸਹਿਪਾਠੀਆਂ ਉਪਰ ਵੀ ਸੀਤਲ ਜੀ ਦੀਆਂ ਵਾਰਾਂ ਤੇ ਵਖਿਆਨ ਸੁਣਨ ਦਾ ਚਾਉ ਜਿਹਾ ਚੜ੍ਹਿਆ ਰਹਿੰਦਾ ਸੀ, ਨੇੜੇ-ਤੇੜੇ ਦੇ ਕਿਸੇ ਸਮਾਗਮ ਵਿਚ ਵੀ ਸੀਤਲ ਜੀ ਦੇ ਢਾਡੀ ਜਥੇ ਦੇ ਆਉਣ ਦੀ ਖਬਰ ਮਿਲਦਿਆਂ ਅਸੀਂ ਜ਼ਰੂਰ ਸਮੇਂ ਤੋਂ ਪਹਿਲਾਂ ਪਹੁੰਚਦੇ ਸਾਂ। 'ਸੀਤਲ' ਤੱਤਕਾਲੀਨ ਕੌਮੀ ਸਿੱਖ-ਮਸਲਿਆਂ ਅਤੇ ਦਰਪੇਸ਼ ਚੁਨੌਤੀਆਂ ਤੋਂ ਭਲੀ ਪ੍ਰਕਾਰ ਸੁਚੇਤ ਸੀ ਕਿਉਂਕਿ ਉਹ ਸ਼ੁਰੂ ਤੋਂ ਅਕਾਲੀ ਲਹਿਰ ਨਾਲ ਜੁੜ ਕੇ ਪੰਥਕ ਵਿਚਾਰਧਾਰਾ ਦੇ ਸਰੋਕਾਰਾਂ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਸੀ। ਸਿਰਮੌਰ

ਢਾਡੀ ਦੀ, ਜਵਾਨੀ ਦੇ ਸਮੇਂ ਤੋਂ ਹੀ ਜਾਣੀਆਂ-ਪਛਾਣੀਆਂ ਸਿੱਖ-ਸਖਸ਼ੀਅਤਾਂ ਜਿਵੇਂ ਕਿ ਗਿ. ਕਰਤਾਰ ਸਿੰਘ, ਸ. ਪ੍ਰਤਾਪ ਸਿੰਘ ਕੈਰੋਂ, ਗਿ. ਜੈਲ ਸਿੰਘ ਅਦਿ ਨਾਲ ਨਿੱਜੀ ਦੋਸਤੀ ਰਹੀ ਪਰ ਉਸਨੇ ਕਦੇ ਵੀ ਬੇ-ਅਸੂਲਾ ਸਮਝੌਤਾ ਨਹੀਂ ਕੀਤਾ। ਸੀਤਲ ਯਕੀਨਨ ਸਿਰੜ, ਧੁਨ ਦਾ ਪੱਕਾ, ਮਿਠ-ਬੋਲੜਾ, ਸਭ ਦਾ ਭਲਾ ਚਾਹੁੰਣ ਵਾਲਾ, ਗੁਰਬਾਣੀ ਦਾ ਰਸੀਆ ਤੇ ਉੱਚੇ-ਸੁੱਚੇ ਆਚਰਨ ਵਾਲਾ ਵਿਅਕਤੀ ਸੀ। 'ਸੀਤਲ ਚੰਗਿਆੜੇ' ਪੁਸਤਕ ਦੇ ਤਤਕਰੇ ਵਾਲੇ ਪੰਨੇ ਦੇ ਪਿਛਲੇ ਪਾਸੇ ਅੰਕਿਤ ਲਿਖਤ ਮੈਨੂੰ ਕਦੀ ਨਹੀਂ ਭੁੱਲ ਸਕਦੀ—

ਅਮਨ ਦੇ ਸਮੇਂ ਵਿਚ
ਕੱਚ ਦੀਆਂ ਵੰਗਾਂ ਘੜੀਆਂ ਜਾਂਦੀਆਂ ਹਨ,
ਪਰ ਲੜਾਈ ਵਿਚ,
ਕੌਮਾਂ ਦੀਆਂ ਕਿਸਮਤਾਂ ਬਣਦੀਆਂ ਹਨ

ਸੋ, ਪਹਿਲ ਨਾ ਕਰੋ, ਤੇ ਲੜਾਈ ਵਾਸਤੇ ਸਦਾ ਤਿਆਰ-ਬਰ-ਤਿਆਰ ਰਹੋ।

'ਸੀਤਲ'

੧੦. ਸਿੱਖੀ ਸਿਦਕ : ਗੁਰਮਤਿ ਅਸੂਲਾਂ ਪ੍ਰਤੀ ਦ੍ਰਿੜ੍ਹਤਾ ਅਤੇ ਸਿੱਖੀ ਸਿਦਕ ਦੇ ਅਮਲੀ ਜੀਵਨ ਪੱਖੋਂ ਸੀਤਲ ਜੀ ਦੀ ਪ੍ਰਤੀਬੱਧਤਾ ਸੰਬੰਧੀ ਅਸੀਂ 'ਖੋਜ ਪੱਤ੍ਰਿਕਾ' ਮਾਰਚ ੧੯੯੨ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਦੇ ਸਫ਼ਾ ੩੬੯ 'ਪਰ ਦਰਜ ਇਕ ਮਿਲਣੀ ਦੇ ਹਵਾਲੇ ਤੋਂ ਅੰਦਾਜ਼ਾ ਲਗਾ ਸਕਦੇ ਹਾਂ, ਸੀਤਲ ਜੀ ਦੀ ਆਪਣੀ ਜ਼ੁਬਾਨੀ—ਮੈਂ ਇੰਗਲੈਂਡ ਗਿਆ ਹੋਇਆ ਸਾਂ। ਇਕ ਸੱਜਣ ਜਿਨ੍ਹਾਂ ਦਾ ਮੈਂ ਨਾਂ ਨਹੀਂ ਲੈਣਾ ਉਹ ਸਾਨੂੰ (ਜਥੇ ਨੂੰ) ਕਾਰਾਂ ਵਿਚ ਬਿਠਾ ਕੇ ਕਈ ਸੌ ਮੀਲ ਦੂਰ ਆਪਣੇ ਘਰ ਲੈ ਗਿਆ। ਉੱਥੇ ਜਾ ਕੇ ਪਤਾ ਲੱਗਾ ਕਿ ਉਸ ਦੇ ਘਰ ਕੋਈ ਪਾਰਟੀ ਸੀ ਜਿਸ ਵਿਚ ਉਹ ਸਾਨੂੰ ਸੁਣਨਾ ਚਾਹੁੰਦੇ ਸਨ। ਮੈਂ ਕਿਹਾ ਮੈਨੂੰ ਉਹ ਜਗ੍ਹਾ ਦਿਖਾਉ ਜਿੱਥੇ ਅਸੀਂ ਕੀਰਤਨ ਕਰਨਾ ਹੈ। ਮੈਂ ਦੇਖਿਆ, ਬਹੁਤ ਖ਼ੂਬਸੂਰਤ ਪੰਡਾਲ ਵਿਚ ਸ਼ਰਾਬ ਦਾ ਕਾਊਂਟਰ ਬਣਾਇਆ ਹੋਇਆ ਸੀ, ਪਤਾ ਲੱਗਾ ਪਾਰਟੀ ਵਿਚ ਸ਼ਰਾਬ ਵੀ ਵਰਤਾਈ ਜਾਣੀ ਹੈ। ਮੈਂ ਸਿਰ ਫੇਰ ਦਿੱਤਾ ਅਤੇ ਕਿਹਾ ਕਿ ਮੈਂ ਬਿਲਕੁਲ ਨਹੀਂ ਗਾਵਾਂਗਾ। ਹਾਂ, ਇਕ ਸ਼ਰਤ ਤੇ ਜੇਕਰ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦੇਵੋ। ਉਨ੍ਹਾਂ ਸੱਜਣਾਂ ਨੇ ਕਿਹਾ, ਜ਼ਿਦ ਨਾ ਕਰੋ, ਕਿਉਂਕਿ ਹਰ ਕੋਈ ਖੁਸ਼ ਹੋ ਕੇ ਪੌਂਡ ਦੇਵੇਗਾ। ਪਰ ਮੇਰੀ ਆਤਮਾ ਨਾ ਮੰਨੀ ਤੇ ਸਾਫ਼ ਇਨਕਾਰ ਕਰ ਦਿੱਤਾ ਕਿ ਜਿੱਥੇ ਕੋਈ ਸ਼ਰਾਬ ਪੀ ਕੇ ਬੈਠਾ ਹੋਵੇ ਉੱਥੇ ਮੈਂ ਗੁਰੂ ਸਾਹਿਬ ਦੇ ਪ੍ਰਸੰਗ ਦਾ ਇਕ ਸ਼ਬਦ ਵੀ ਨਹੀਂ ਬੋਲਾਂਗਾ। ਇਸ ਨੂੰ ਭਾਵੇਂ ਮੇਰਾ ਘੁਮੰਡ ਸਮਝੋ ਜਾਂ ਮੂਰਖਤਾ, ਮੈਂ ਗੁਰ ਮਰਿਯਾਦਾ ਦੇ ਟਾਕਰੇ ਤੇ ਕਦੇ ਕੋਈ ਸਮਝੌਤਾ ਜਾਂ ਲਾਲਚ ਨਹੀਂ ਕੀਤਾ। ਉਪਰੋਕਤ ਬਿਆਨ ਦੇ ਮੱਦੇ-ਨਜ਼ਰ ਅੱਜ ਸਾਨੂੰ ਸੇਧ ਲੈਣ ਦੀ ਲੋੜ ਹੈ।

ਸਿੱਖ ਕੌਮ ਦਾ ਸ਼੍ਰੋਮਣੀ ਢਾਡੀ, ਨਾਮ-ਰੰਗ ਰੱਤੜਾ ਗੁਰਸਿੱਖ ਪਿਆਰਾ, ਉਹ ਸਭਨਾਂ ਦਾ ਪਿਆਰਾ ਗਿ. ਸੋਹਣ ਸਿੰਘ ਸੀਤਲ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ ਇਸ ਫ਼ਾਨੀ ਸੰਸਾਰ ਤੋਂ ਮਿਤੀ ੨੩/੯/੧੯੯੮ ਨੂੰ ਚਲਾਣਾ ਕਰ ਗਿਆ, ਪਰ ਉਹ ਆਪਣੀਆਂ ਲਿਖਤਾਂ ਦੇ ਰੂਪ 'ਚ ਅੱਜ ਵੀ ਸਾਡੀ ਮਾਨਸਿਕਤਾ ਵਿਚ ਪੰਥਪ੍ਰਸਤੀ ਤੇ ਗੁਰਸਿੱਖੀ ਕਿਰਦਾਰ ਨੂੰ ਹਲੂਣੇ ਦੇ ਰਹੇ ਹਨ। ਗਿਆਨੀ ਸੋਹਣ ਸਿੰਘ ਜੀ ਸੀਤਲ ਹੁਰਾਂ ਦੀ ਜਨਮ-ਸ਼ਤਾਬਦੀ ਦੇ ਮੌਕੇ, ਜੇ ਅਸੀਂ ਸਾਵਧਾਨ ਹੋ ਕੇ ਗੁਰਬਾਣੀ ਸਿਧਾਂਤਾਂ ਤੇ ਉਦੇਸ਼ਾਂ ਦੀ ਸਹੀ-ਸਹੀ ਵਿਆਖਿਆ

ਦੇ ਨਾਲੋ-ਨਾਲ ਆਪਣੇ ਨਿੱਜੀ ਕਿਰਦਾਰ, ਰਹਿਣੀ-ਬਹਿਣੀ ਤੇ ਅਮਲੀ ਜੀਵਨ ਦੇ ਵਰਤਾਰੇ ਵਿਚ ਗੁਰਮੁਖੀ-ਪਕਿਆਈ ਦਾ ਪ੍ਰਤੱਖ ਤੇ ਪਰੋਖ ਪ੍ਰਦਰਸ਼ਨ ਸੰਸਾਰ ਦੇ ਸਨਮੁਖ ਪੇਸ਼ ਕਰ ਸਕੀਏ ਤਾਂ ਗੁਰੂ ਨਾਨਕ ਸਾਹਿਬ ਜੀ ਵੱਲੋਂ ਚਲਾਏ ਨਿਰਮਲ ਪੰਥ-ਖਾਲਸਾ ਵਾਸਤੇ ਭਵਿੱਖ ਵਿਚ ਵਿਸ਼ਵ ਦਾ ਸਰਵ-ਸਵੀਕਾਰਿਤ ਮਾਨਵ-ਧਰਮ ਬਣ ਜਾਣ ਦੀਆਂ ਸੰਭਾਵਨਾਵਾਂ ਉਜਾਗਰ ਹੋਣ ਦਾ ਸਮਾਂ ਦੂਰ ਨਹੀਂ ਹੋਵੇਗਾ, ਸਤਿਗੁਰੂ ਬਖਸ਼ਿਸ਼ ਕਰਨ !

■

ਗਿਆਨੀ ਸੋਹਣ ਸਿੰਘ ਸੀਤਲ ਨਾਲ ਇਕ ਯਾਦਗਾਰੀ ਮਿਲਣੀ

-ਡਾ. ਸਰਬਜੋਤ ਕੌਰ

ਸ਼ਾਮ ਦਾ ਘੁਸਮੁਸਾ ਜਿਹਾ ਸੀ। ਮੈਂ ਤੇ ਮੇਰੇ ਪਤੀ (ਡਾ: ਪਰਮਜੀਤ ਸਿੰਘ) ਮਾਡਲ ਗਰਾਮ ਵਿਚ ਸਥਿਤ ਸੀਤਲ ਨਿਵਾਸ ਸਾਹਮਣੇ ਖੜ੍ਹੇ ਸੀ। ਅਕਸਰ ਇਸ ਕੋਠੀ ਅੱਗੋਂ ਲੰਘੀਦਾ ਸੀ ਤੇ ਹਰ ਵਾਰ ਇਥੋਂ ਲੰਘਦਿਆਂ ਇਕ ਝਾਤੀ ਕੋਠੀ ਦੇ ਗੇਟ ਵੱਲ ਜ਼ਰੂਰ ਮਾਰੀਦੀ ਸੀ। ਅੱਖ ਹਮੇਸ਼ਾਂ ਇਸ ਕੋਠੀ ਅੰਦਰ ਵੱਸਦੀ ਗੁਰਮੁਖ ਰੂਹ ਨੂੰ ਭਾਲਦੀ ਸੀ। ਪਰ ਕਦੇ ਵੀ ਦਰਸ਼ਨ ਨਹੀਂ ਸਨ ਹੋਏ। ਅੱਜ ਅਸੀਂ ਕੋਠੀ ਦੇ ਗੇਟ ਅੱਗੇ ਖੜ੍ਹੇ ਸੀ। ਘੰਟੀ ਵਜਾਈ। ਇਕ ਹਿੰਦੂ ਲੜਕਾ ਅੰਦਰੋਂ ਨਿਕਲਿਆ। ਸੀਤਲ ਸਾਹਿਬ ਦਾ ਨਾਂ ਲੈਣ 'ਤੇ ਉਹ ਸਾਨੂੰ ਅੰਦਰ ਲੈ ਗਿਆ। ਕਮਰਾ ਨਾ ਵੱਡਾ ਸੀ, ਨਾ ਛੋਟਾ। ਤਿੰਨ-ਚਾਰ ਮੰਜੀਆਂ ਡੱਠੀਆਂ ਹੋਈਆਂ ਸਨ ਤੇ ਸਾਹਮਣੇ ਇਕ ਮੰਜੀ 'ਤੇ ਸੀਤਲ ਸਾਹਿਬ ਬੈਠੇ ਸਨ-ਖੁੱਲ੍ਹਾ ਦਾੜ੍ਹਾ, ਗਾਤਰੇ ਵਾਲੀ ਕ੍ਰਿਪਾਨ ਪਾਈ ਇਕ ਅਡੋਲ ਸ਼ਖ਼ਸੀਅਤ। ਸਾਡੀ ਫ਼ਤਹ ਦੇ ਜੁਆਬ ਵਿਚ ਉਨ੍ਹਾਂ 'ਜੀ ਆਇਆਂ ਨੂੰ' ਕਹਿੰਦਿਆਂ ਮੰਜੀ 'ਤੇ ਬੈਠਣ ਦਾ ਇਸ਼ਾਰਾ ਕੀਤਾ। ਤੇ ਹੁਣ ਅਸੀਂ ਸਾਹਿਤ ਅਕੈਡਮੀ ਐਵਾਰਡ ਜੇਤੂ ਨਾਵਲਕਾਰ ਅਤੇ ਸ਼੍ਰੋਮਣੀ ਢਾਡੀ ਦੇ ਸਾਹਮਣੇ ਬੈਠੇ ਸਾਂ। ਇਸ ਤੋਂ ਪਹਿਲਾਂ ਕਿ ਅਸੀਂ ਕੁਝ ਕਹਿੰਦੇ ਸੀਤਲ ਸਾਹਿਬ ਦਾ ਪ੍ਰਸ਼ਨ ਸੀ, 'ਭਾਈ ਸਾਹਿਬ, ਆਪ ਦੀ ਤਾਰੀਫ਼?' ਮੇਰੇ ਪਤੀ ਨੇ ਆਪਣੇ ਬਾਰੇ ਦੱਸਦਿਆਂ ਕਿਹਾ ਕਿ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਹਨ ਅਤੇ ਮੇਰੇ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਹ ਇਥੇ ਕੁੜੀਆਂ ਦੇ ਗੌਰਮਿੰਟ ਕਾਲਜ ਵਿਚ ਪੜ੍ਹਾਉਂਦੇ ਹਨ ਤੇ ਇਨ੍ਹਾਂ ਤੁਹਾਨੂੰ ਮਿਲਣਾ ਸੀ। ਸੀਤਲ ਸਾਹਿਬ ਮੇਰੇ ਵੱਲ ਹੋ ਕੇ ਪੁੱਛਣ ਲੱਗੇ, 'ਦੱਸੋ ਬੀਬਾ, ਕਿਵੇਂ ਆਏ?' ਮੈਂ ਬੜੇ ਸੰਖੇਪ ਵਿਚ ਆਉਣ ਦਾ ਕਾਰਨ ਦੱਸਦਿਆਂ ਕਿਹਾ, 'ਤੁਹਾਡਾ ਨਾਵਲ 'ਜੁੱਗ ਬਦਲ ਗਿਆ' ਬੀ.ਏ. ਦੇ ਸਿਲੇਬਸ ਵਿਚ ਲੱਗਿਆ ਹੋਇਆ ਹੈ। ਅਸਾਂ ਉਹ ਪੜ੍ਹਿਆ ਹੈ। ਸਾਡੀਆਂ ਵਿਦਿਆਰਥਣਾਂ ਨੇ ਤੁਹਾਡੇ ਨਾਲ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਹੈ। ਬਸ, ਇਹੀ ਬੇਨਤੀ ਕਰਨ ਆਈ ਹਾਂ ਕਿ ਸਾਨੂੰ ਸਮਾਂ ਦਿਉ। ਮੇਰੀ ਗੱਲ ਅਜੇ ਮੁੱਕੀ ਹੀ ਸੀ ਕਿ ਸੀਤਲ ਸਾਹਿਬ ਬੋਲੇ, 'ਤੁਸਾਂ ਨਾਵਲ ਪੜ੍ਹਿਐ?'

ਮੈਂ - ਹਾਂ ਜੀ।

ਸੀਤਲ ਸਾਹਿਬ - ਅੱਛਾ, ਫੇਰ ਕੀ ਸਮਝ ਆਇਐ?'

ਪ੍ਰਸ਼ਨ ਸੁਣ ਕੇ ਮੈਂ ਇਕਦਮ ਝੇਂਪ ਗਈ। ਇਹੀ ਪ੍ਰਸ਼ਨ ਤਾਂ ਮੈਂ ਨਾਵਲ ਪੜ੍ਹਾਉਣ ਤੋਂ ਬਾਅਦ ਕਲਾਸ ਨੂੰ ਕੀਤਾ ਸੀ ਤੇ ਹੁਣ ਮੈਂ ਆਪ ਉਸੇ ਪ੍ਰਸ਼ਨ ਦੇ ਰੂਬਰੂ ਖੜ੍ਹੀ ਸੀ। ਇਸ ਤੋਂ ਪਹਿਲਾਂ ਕਿ ਮੈਂ ਕੋਈ ਜੁਆਬ ਦੇਂਦੀ ਸੀਤਲ ਸਾਹਿਬ ਨੇ ਦੂਜਾ ਪ੍ਰਸ਼ਨ ਕਰ ਦਿੱਤਾ: ਕਿਹੜਾ ਪਾਤਰ ਪਸੰਦ ਆਇਆ? ਹੁਣ ਮੈਨੂੰ ਸੋਚਣਾ ਨਾ ਪਿਆ। ਮੈਂ ਝੱਟ ਬੋਲ ਉੱਠੀ - ਜੀ, ਬਸੰਤ ਕੌਰ। ਦਰਅਸਲ ਇਸ ਪ੍ਰਸ਼ਨ ਦਾ ਉੱਤਰ ਦੇਣਾ ਮੇਰੇ ਲਈ ਔਖਾ ਨਹੀਂ ਸੀ। ਪਰ ਮੇਰੇ ਮੂੰਹੋਂ ਅਜੇ 'ਬਸੰਤ ਕੌਰ' ਨਿਕਲਿਆ ਹੀ ਸੀ ਕਿ ਸੀਤਲ ਸਾਹਿਬ ਬੋਲ ਉੱਠੇ 'ਇਕ ਪਿੰਡ ਅਸੀਂ

ਪ੍ਰੋਗਰਾਮ ਕਰਨ ਗਏ ਸੀ ਓਥੇ ਮੈਨੂੰ ਬਸੰਤ ਕੌਰ ਮਿਲੀ ਸੀ।' (ਇਸ ਦਾ ਜ਼ਿਕਰ ਉਨ੍ਹਾਂ ਆਪਣੀ ਸਵੈ- ਜੀਵਨੀ ਵਿਚ ਵੀ ਕੀਤਾ ਹੈ।) ਸੁਣਦਿਆਂ ਹੀ ਮੈਂ ਸਿਰ ਤੋਂ ਪੈਰਾਂ ਤਕ ਕੰਬ ਗਈ। ਅੱਜ ਤਕ ਮੈਂ ਬਸੰਤ ਕੌਰ ਨੂੰ ਮਨੋਕਲਪਿਤ ਹੀ ਸਮਝਦੀ ਸਾਂ। ਅਸਲੀਅਤ ਵਿਚ ਬਸੰਤ ਕੌਰ ਦਾ ਪਾਤਰ ਤਾਂ ਮੈਂ ਕਿਆਸਿਆ ਵੀ ਨਹੀਂ ਸੀ। ਸੱਚ ਤਾਂ ਇਹ ਹੈ ਕਿ ਅਜਿਹਾ ਬਣਨਾ ਹੈ ਵੀ ਅਤਿ ਕਠਿਨ। ਖ਼ੈਰ, ਕੁਝ ਦੇਰ ਗੱਲਾਂਬਾਤਾਂ ਤੋਂ ਬਾਅਦ ਸਮਾਂ ਲੈ ਕੇ ਅਸਾਂ ਉਨ੍ਹਾਂ ਤੋਂ ਛੁੱਟੀ ਮੰਗੀ।

ਨਿਰਧਾਰਿਤ ਦਿਨ ਮੈਂ ਤੇ ਮੇਰੀ ਇਕ ਅਧਿਆਪਕ ਸਾਥਣ (ਮਿਸਿਜ਼ ਪਰਮਜੀਤ ਕੌਰ) ਸੀਤਲ ਜੀ ਨੂੰ ਲੈਣ ਉਨ੍ਹਾਂ ਦੀ ਕੋਠੀ ਗਏ। ਬਾਹਰ ਪੋਰਚ ਵਿਚ ਬੈਠੇ ਉਹ ਸਾਡਾ ਇੰਤਜ਼ਾਰ ਕਰ ਰਹੇ ਸਨ। ਗੱਡੀ ਦੀ ਅਗਲੀ ਸੀਟ 'ਤੇ ਉਨ੍ਹਾਂ ਨੂੰ ਬਿਠਾਇਆ ਤੇ ਅਸੀਂ ਕਾਲਜ ਪਹੁੰਚ ਗਏ। ਅੱਗੋਂ ਵਿਦਿਆਰਥਣਾਂ ਬੜੀ ਬੇਸਬਰੀ ਨਾਲ ਉਨ੍ਹਾਂ ਦਾ ਇੰਤਜ਼ਾਰ ਕਰ ਰਹੀਆਂ ਸਨ। ਹਾਲ ਭਰਿਆ ਹੋਇਆ ਸੀ। ਸਟੇਜ ਸਕੱਤਰ ਵੱਲੋਂ ਰਸਮੀ 'ਜੀ ਆਇਆਂ ਨੂੰ' ਕਹਿਣ ਉਪਰੰਤ ਸੀਤਲ ਜੀ ਨੂੰ ਸਟੇਜ ਤੇ ਬੁਲਾਇਆ ਗਿਆ। ਬਜ਼ੁਰਗ ਲੇਖ਼ਕ ਦੇ ਸਟੇਜ ਤੇ ਚੜ੍ਹਨ ਨਾਲ ਹਾਲ ਤਾੜੀਆਂ ਨਾਲ ਗੂੰਜ ਉਠਿਆ। ਉਸ ਦਿਨ ਮੈਨੂੰ ਮਹਿਸੂਸ ਹੋਇਆ ਕਿ ਚਾਹੇ ਕਿਤਨੀ ਵੀ ਗਿਰਾਵਟ ਕਿਉਂ ਨਾ ਆ ਜਾਏ ਜੀਵਨ ਦਾ ਅਸਰ ਹੁੰਦਾ ਹੀ ਹੈ। ਤਾੜੀਆਂ ਦੀ ਗੂੰਜ ਵਿਚ ਹੀ ਉਨ੍ਹਾਂ ਫ਼ਤਹ ਬੁਲਾਈ ਤੇ ਆਪਣੀ ਗੱਲ ਸ਼ੁਰੂ ਕੀਤੀ। ਨਾਵਲ ਬਾਰੇ ਕੁਝ ਕੁ ਗੱਲਾਂ ਕਰਨ ਤੋਂ ਬਾਅਦ ਉਹਨਾਂ ਬਸੰਤ ਕੌਰ ਵਾਲਾ ਸਾਰਾ ਕਿੱਸਾ ਦੁਹਰਾਇਆ। ਹਾਲ ਵਿਚ ਬਿਲਕੁਲ ਸ਼ਾਂਤੀ ਵਰਤੀ ਹੋਈ ਸੀ। ਸੀਤਲ ਸਾਹਿਬ ਬੋਲਦੇ ਗਏ ਤੇ ਸ੍ਰੋਤੇ ਬਿਨਾਂ ਅੱਖ ਝਪਕਾਏ ਸੁਣਦੇ ਰਹੇ। ਅੱਧੇ-ਪੌਣੇ ਘੰਟੇ ਬਾਅਦ ਸੀਤਲ ਸਾਹਿਬ ਕਹਿਣ ਲੱਗੇ, 'ਮੈਂ ਤਾਂ ਬੋਲੀ ਜਾਵਾਂਗਾ ਪਰ ਇੰਞ ਗੱਲ ਨਹੀਂ ਬਣਨੀ। ਤੁਸੀਂ ਕੁਝ ਪੁੱਛੋ।' ਅਸੀਂ ਕੁਝ ਲੜਕੀਆਂ ਨੂੰ ਕਹਿ ਰੱਖਿਆ ਸੀ ਕਿ ਤੁਸੀਂ ਸੀਤਲ ਸਾਹਿਬ ਦੀਆਂ ਰਚਨਾਵਾਂ ਪੜ੍ਹ ਕੇ ਉਨ੍ਹਾਂ ਵਿੱਚੋਂ ਉਭਰਦੇ ਪ੍ਰਸ਼ਨ ਢੂੰਡ ਕੇ ਲਿਆਉਣ। ਪਰ ਇਸ ਤੋਂ ਪਹਿਲਾਂ ਕਿ ਉਨ੍ਹਾਂ ਲੜਕੀਆਂ ਵਿੱਚੋਂ ਕੋਈ ਲੜਕੀ ਪ੍ਰਸ਼ਨ ਪੁੱਛਦੀ ਇਕ ਬੜੀ ਸ਼ਰਮਾਕਲ ਜਿਹੀ ਲੜਕੀ ਉੱਠੀ। ਅੱਖਾਂ ਨਮ, ਭਾਵੁਕ ਹੋਈ ਕਹਿਣ ਲੱਗੀ, 'ਸਰ, ਤੁਸੀਂ ਮੈਨੂੰ ਆਪਣੇ ਦਾਦਾ ਜੀ ਵਰਗੇ ਲੱਗਦੇ ਹੋ। ਮੈਂ ਆਪਣੇ ਦਾਦਾ ਜੀ ਨੂੰ ਦਾਰ ਜੀ ਕਹਿ ਕੇ ਬੁਲਾਉਂਦੀ ਹਾਂ, ਤੁਹਾਨੂੰ ਵੀ ਦਾਰ ਜੀ ਕਹਿ ਲਵਾਂ ?' ਸੀਤਲ ਜੀ ਦਾ ਜੁਆਬ ਸੀ, 'ਪੁੱਤਰ, ਮੈਂ ਤੇਰੇ ਦਾਦਾ ਜੀ ਵਰਗਾ ਨਹੀਂ, ਹਾਂ ਹੀ ਦਾਦਾ। ਜਿਵੇਂ ਮਰਜ਼ੀ ਬੁਲਾ। ਧੀਆਂ ਦਾ ਤਾਂ ਪਿਆਰ ਹੀ ਅਨੋਖਾ ਹੁੰਦਾ ਹੈ!'

ਏਨੀ ਗੱਲ ਸੁਣਦਿਆਂ ਸਾਰਾ ਮਾਹੌਲ ਬਦਲ ਗਿਆ। ਫਾਸਲੇ ਮਿਟ ਗਏ। ਹੁਣ ਸੀਤਲ ਸਾਹਿਬ ਇਕ ਮਹਾਨ ਸਾਹਿਤਕਾਰ ਨਹੀਂ ਸਨ। ਕਿਸੇ ਦੇ ਨਾਨਾ ਜੀ ਤੇ ਕਿਸੇ ਦੇ ਦਾਦਾ ਜੀ ਸਨ। ਪ੍ਰਸ਼ਨ 'ਤੇ ਪ੍ਰਸ਼ਨ ਉਠਣੇ ਸ਼ੁਰੂ ਹੋ ਗਏ ਪਰ ਨਾਵਲ ਨਾਲ ਸਬੰਧਿਤ ਘੱਟ ਤੇ ਦੂਸਰੇ ਜ਼ਿਆਦਾ। ਇਸ ਮਿਲਣੀ ਨੂੰ ਲੰਮਾ ਸਮਾਂ ਹੋ ਗਿਆ ਹੈ। ਬਹੁਤ ਸਾਰੀਆਂ ਗੱਲਾਂ ਵਿੱਸਰ ਗਈਆਂ ਹਨ ਪਰ ਇਕ ਪ੍ਰਸ਼ਨ ਦਾ ਸੰਬੰਧ ਉਸ ਗੀਤ ਨਾਲ ਸੀ ਜਿਸ ਦਾ ਜ਼ਿਕਰ ਉਨ੍ਹਾਂ ਆਪਣੇ ਭਾਸ਼ਣ ਵਿਚ ਕੀਤਾ ਸੀ। ਸਾਡੇ ਵਿੱਚੋਂ ਬਹੁਤਿਆਂ ਨੇ ਮਲਕੀ ਕੀਮਾ ਦੇ ਬਾਰੇ ਸੀਤਲ ਜੀ ਦਾ ਰਚਿਆ ਉਹ ਗੀਤ ਸੁਣਿਆ ਹੋਇਆ ਸੀ ਪਰ ਕਦੇ ਇਹ ਸੋਚਿਆ ਵੀ ਨਹੀਂ ਸੀ ਕਿ ਸਿੱਖ ਸਿਧਾਂਤਾਂ, ਗੁਰ ਇਤਿਹਾਸ, ਸਿੱਖ ਇਤਿਹਾਸ ਦੇ ਸੋਮਿਆਂ ਦੀ ਗੱਲ ਕਰਨ ਵਾਲਾ ਲੇਖਕ ਹਲਕੇ

ਫੁਲਕੇ ਪ੍ਰੇਮ ਗੀਤ ਵੀ ਲਿਖ ਸਕਦਾ ਹੈ।

ਪ੍ਰਸ਼ਨ: ਸਰ,ਇਕ ਪਾਸੇ ਤੁਸੀਂ ਸਿੱਖ ਇਤਿਹਾਸ, ਗੁਰ ਇਤਿਹਾਸ, ਨਾਲ ਸਬੰਧਿਤ ਵਾਰਾਂ ਜਾਂ ਗੀਤ ਲਿਖਦੇ ਹੋ ਤੇ ਦੂਜੇ ਪਾਸੇ ਕੀਮਾ ਮਲਕੀ, ਹੀਰ ਰਾਂਝਾ, ਕੇਸਰੀ ਦੁਪੱਟਾ ਆਦਿ ਗੀਤ। ਇਹ ਕਿਵੇਂ?

ਪ੍ਰਸ਼ਨ ਸੁਣਦਿਆਂ ਹੀ ਝੁਰੜੀਆਂ ਵਾਲਾ ਚਿਹਰਾ ਖਿਲ ਉਠਿਆ। ਉਨ੍ਹਾਂ ਇਕ ਗੀਤ ਵਿਚ ਜੁਆਬ ਦਿੱਤਾ ਜੋ ਉਸ ਸਮੇਂ ਤਾਂ ਯਾਦ ਨਾ ਰਿਹਾ ਪਰ ਫੇਰ ਉਨ੍ਹਾਂ ਦੀ ਸਵੈ ਜੀਵਨੀ ਪੜ੍ਹਦਿਆਂ ਉਹ ਲਾਈਨਾਂ ਮਿਲ ਗਈਆਂ:

ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ
ਜੋ ਸੁੱਤੀਆਂ ਥੱਕ ਗਈਆਂ ਰੀਝਾਂ, ਉਨ੍ਹਾਂ ਨੂੰ ਜਗਾ ਲੈਂਦਾਂ

....

ਮੈਂ ਸ਼ਾਇਰ ਹਾਂ ਤੇ ਚਾਹਾਂ ਜਿਹੋ ਜਿਹੀ ਦੁਨੀਆਂ ਬਣਾ ਲੈਂਦਾਂ

ਇਕ ਹੋਰ ਛੋਟਾ ਜਿਹਾ ਪਰ ਮਹੱਤਵਪੂਰਨ ਪ੍ਰਸ਼ਨ ਉਠਿਆ: ਤੁਸੀਂ ਲਿਖਣਾ ਕਦੋਂ ਸ਼ੁਰੂ ਕੀਤਾ?

ਸੀਤਲ ਸਾਹਿਬ : ਲਿਖਣ ਦੀ ਲਿਲ੍ਹ ਤਾਂ ਬਚਪਨ ਤੋਂ ਹੀ ਸੀ। ਸਕੂਲ ਵਿਚ ਕਵਿਤਾ ਸੁਣਾਇਆ ਕਰਦਾ ਸਾਂ। ਪਰ ਅਸਲ ਵਿਚ ਢਾਡੀ ਬਣਨ ਤੋਂ ਬਾਅਦ ਹੀ ਲਿਖਣਾ ਸ਼ੁਰੂ ਕੀਤਾ। ਇਸ ਦੇ ਪਿੱਛੇ ਵੀ ਇਕ ਘਟਨਾ ਹੈ। ਸ਼ੁਰੂ ਵਿਚ ਅਸੀਂ ਦੂਜੇ ਲੇਖਕਾਂ ਦੇ ਪ੍ਰਸੰਗ ਯਾਦ ਕਰ ਕੇ ਸੰਗਤਾਂ ਨੂੰ ਸੁਣਾਇਆ ਕਰਦੇ ਸੀ। ਇਕ ਵਾਰ ਅਸੀਂ ਇਕ ਪਿੰਡ ਵਿਚ ਦੀਵਾਨ ਲਾਉਣ ਲਈ ਗਏ ਤਾਂ ਸੰਗਤ ਵਿਚ ਬੈਠੇ ਕੁਝ ਸੱਜਣ ਉਹ ਪ੍ਰਸੰਗ ਖੋਲ੍ਹ ਕੇ ਬਹਿ ਗਏ ਜੋ ਅਸੀਂ ਗਾਉਣਾ ਸ਼ੁਰੂ ਕੀਤਾ ਸੀ। ਅਜਿਹਾ ਉਨ੍ਹਾਂ ਪ੍ਰਸੰਗ ਸਮਝਣ ਲਈ ਨਹੀਂ ਸਗੋਂ ਸਾਡੀਆਂ ਗਲਤੀਆਂ ਪਕੜਨ ਲਈ ਕੀਤਾ ਸੀ। ਉਸ ਦਿਨ ਤੋਂ ਮੈਂ ਫੈਸਲਾ ਕਰ ਲਿਆ ਕਿ ਪ੍ਰਸੰਗ ਵੀ ਆਪ ਹੀ ਲਿਖਣੇ ਹਨ। ਇੰਵ ਮੇਰੀ ਲੇਖਣੀ ਦਾ ਕੰਮ ਅਰੰਭ ਹੋਇਆ।

ਇਕ ਹੋਰ ਵਿਦਿਆਰਥਣ ਉਠੀ:

ਪ੍ਰਸ਼ਨ: ਜਿਵੇਂ ਹੁਣੇ ਤੁਸੀਂ ਦੱਸਿਆ ਕਿ ਤੁਸੀਂ ਫ਼ਾਰਸੀ, ਉਰਦੂ, ਅੰਗਰੇਜ਼ੀ, ਸੰਸਕ੍ਰਿਤ, ਹਿੰਦੀ ਆਦਿ ਬਹੁਤ ਸਾਰੀਆਂ ਭਾਸ਼ਾਵਾਂ ਦਾ ਗਿਆਨ ਹਾਸਲ ਕੀਤਾ ਪਰ 'ਜੁੱਗ ਬਦਲ ਗਿਆ' ਪੜ੍ਹ ਕੇ ਤਾਂ ਇੰਵ ਨਹੀਂ ਲੱਗਦਾ। ਬੋਲੀ ਠੇਠ ਪੰਜਾਬੀ ਹੈ।

ਸੀਤਲ ਸਾਹਿਬ : ਗੱਲ ਇੰਵ ਏ ਬੇਟਾ ਕਿ ਪਹਿਲੇ ਪਹਿਲ ਮੈਂ ਆਪਣੇ ਭਾਸ਼ਣਾਂ ਵਿਚ ਔਖੇ-ਔਖੇ ਸ਼ਬਦ ਵਰਤਿਆ ਕਰਨੇ। ਉਰਦੂ, ਫ਼ਾਰਸੀ, ਅੰਗਰੇਜ਼ੀ ਦੇ ਸ਼ਿਅਰ ਖੂਬ ਸੁਣਾਇਆ ਕਰਨੇ। ਉਸ ਸਮੇਂ ਮੈਨੂੰ ਭੁਲੇਖਾ ਸੀ ਕਿ ਅਜਿਹਾ ਕਰਨ ਨਾਲ ਸ਼ਾਇਦ ਮੈਂ ਬਹੁਤ ਵੱਡਾ ਵਿਦਵਾਨ ਸਮਝਿਆ ਜਾਵਾਂਗਾ। ਪਰ ਇਕ ਪਿੰਡ ਵਿਚ ਇਕ ਅਜਿਹੀ ਘਟਨਾ ਵਾਪਰੀ ਜਿਸ ਨੇ ਮੇਰੇ ਵਿਚਾਰ ਬਦਲ ਦਿੱਤੇ। ਹੋਇਆ ਇੰਵ ਕਿ ਪ੍ਰੋਗਰਾਮ ਦੇਣ ਤੋਂ ਬਾਅਦ ਅਸੀਂ ਇਕ ਕਮਰੇ ਵਿਚ ਆਰਾਮ ਕਰ ਰਹੇ ਸੀ ਕਿ ਇਕ ਬਜ਼ੁਰਗ ਆ ਕੇ ਬੜੇ ਪਿਆਰ ਨਾਲ ਕਹਿਣ ਲੱਗੇ ਕਿ ਤੁਸੀਂ ਬੜੇ ਵੱਡੇ ਵਿਦਵਾਨ ਹੋ। ਤੁਹਾਡੇ ਮੂੰਹੋਂ ਫ਼ਾਰਸੀ ਦੇ ਸ਼ੇਅਰ ਸੁਣਨੇ ਬਹੁਤ ਚੰਗੇ ਲੱਗੇ ਹਨ। ਮੈਂ ਵੀ ਫ਼ਾਰਸੀ ਪੜ੍ਹਿਆ ਹੋਇਆ ਹਾਂ। ਪਰ ਮੈਨੂੰ ਇੰਵ ਲੱਗਦੈ ਕਿ ਤੁਹਾਡੀ ਗੱਲ ਬਹੁਤਿਆਂ ਨੂੰ ਸਮਝ ਨਹੀਂ ਆਈ। ਇਸ ਲਈ ਬੋਲੀ ਉਹ ਵਰਤੋ ਜੋ ਸਭ ਨੂੰ ਸਮਝ ਆ

ਜਾਏ। ਉਸ ਦਿਨ ਤੋਂ ਬਾਅਦ ਮੈਂ ਖ਼ਾਸ ਜਤਨ ਕਰ ਕੇ ਸੌਖੀ ਬੋਲੀ ਵਰਤਣੀ ਸ਼ੁਰੂ ਕਰ ਦਿੱਤੀ। ਕਈ ਵਾਰ ਜ਼ਿੰਦਗੀ ਵਿਚ ਛੋਟੀਆਂ ਘਟਨਾਵਾਂ ਵੀ ਵੱਡੀਆਂ ਤਬਦੀਲੀਆਂ ਲੈ ਆਉਂਦੀਆਂ ਹਨ। ਮੇਰੇ ਨਾਲ ਵੀ ਇੰਵ ਹੀ ਹੋਇਆ।

ਕੁਝ ਹੋਰ ਪ੍ਰਸ਼ਨਾਂ ਤੋਂ ਬਾਅਦ (ਜੋ ਇਸ ਵੇਲੇ ਮੇਰੇ ਚੇਤੇ ਵਿਚ ਨਹੀਂ) ਇਹ ਸਾਹਿਤਕ ਮਿਲਣੀ ਸਮਾਪਤ ਹੋਈ। ਫ਼ੇਰ ਚੱਲਿਆ ਫੋਟੋਆਂ ਦਾ ਸੈਸ਼ਨ। ਹਰ ਲੜਕੀ ਅੰਦਰ ਸੀਤਲ ਸਾਹਿਬ ਨਾਲ ਫੋਟੋ ਕਰਾਉਣ ਦਾ.ਚਾਅ ਸੀ ਤੇ ਸੀਤਲ ਸਾਹਿਬ ਵੀ ਖ਼ੁਸ਼ੀ ਵਿਚ ਨਹੀਂ ਸਨ ਮਿਉਂਦੇ। ਖਾਣੇ ਤੋਂ ਬਾਅਦ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਨਿੱਜ ਅਸਥਾਨ 'ਤੇ ਛੱਡ ਆਏ।

ਮਿਲਣੀ ਦਾ ਪ੍ਰਭਾਵ : ਇਸ ਪ੍ਰਭਾਵਸ਼ਾਲੀ ਅਤੇ ਸਿੱਧ-ਪੱਧਰੀ ਸਖਸ਼ੀਅਤ ਦਾ ਪ੍ਰਭਾਵ ਵਿਦਿਆਰਥਣਾਂ ਉਤੇ ਤਾਂ ਪਿਆ ਹੀ (ਕਈ ਦਿਨ ਉਨ੍ਹਾਂ ਦੀਆਂ ਗੱਲਾਂ ਹੁੰਦੀਆਂ ਰਹੀਆਂ) ਨਿੱਜੀ ਤੌਰ 'ਤੇ ਮੇਰੇ ਅੰਦਰ ਵੀ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਨ ਦੀ ਲਾਲਸਾ ਪੈਦਾ ਹੋ ਗਈ। ਵੇਖੀ ਮਾਣੀ ਦੁਨੀਆਂ, ਸੀਤਲ ਵਾਰਾਂ, ਸੀਤਲ ਹੰਝੂ, ਦੁਖੀਏ ਮਾਂ ਪੁੱਤ, ਮੁੱਲ ਦਾ ਮਾਸ ਆਦਿ ਕੁਝ ਰਚਨਾਵਾਂ ਪੜ੍ਹੀਆਂ। ਬਹੁਤਾ ਕੁਝ ਨਾ ਕਹਿੰਦੇ ਹੋਏ ਦੋ-ਤਿੰਨ ਗੱਲਾਂ ਆਪ ਦੀ ਲੇਖਣੀ ਬਾਰੇ ਜ਼ਰੂਰ ਸਾਂਝੀਆਂ ਕਰਨਾ ਚਾਹਾਂਗੀ:

ਸਿਰਫ਼ ਦਸ ਜਮਾਤਾਂ ਪੜ੍ਹੇ ਹੋਣ ਦੇ ਬਾਵਜੂਦ ਵੀ ਸੀਤਲ ਸਾਹਿਬ ਦੀ ਸੋਚ ਤਰਕ ਨੂੰ ਨਹੀਂ ਛੱਡਦੀ, ਇਥੋਂ ਤਕ ਕਿ ਸ੍ਵੈ-ਜੀਵਨੀ ਵਿਚ ਵੀ ਜਿੱਥੇ ਕਿਧਰੇ ਲੋੜ ਹੋਵੇ ਤਰਕ ਦੇ ਆਧਾਰ 'ਤੇ ਆਪਣਾ ਨੁਕਤਾ ਸਪਸ਼ਟ ਕਰਦੇ ਹਨ। ਉਦਾਹਰਣ ਵਜੋਂ ਮੇਰੀ ਸਾਹਿਤਿਕ ਸ੍ਵੈ-ਜੀਵਨੀ ਦੇ ਸਫ਼ਾ ੩੯ 'ਤੇ ਲਿਖਦੇ ਹਨ :

'ਸਿੱਖ ਢਾਡੀ' ਦਾ ਇਕ ਉਚੇਚਾ ਫ਼ਰਜ਼ ਵੀ ਹੈ। (ਮੇਰੇ ਵਿਚਾਰ ਅਨੁਸਾਰ ਹਰ ਢਾਡੀ 'ਸਿੱਖ ਢਾਡੀ' ਨਹੀਂ ਹੁੰਦਾ ਭਾਵੇਂ ਉਹ ਸਿੱਖ ਹੀ ਕਿਉਂ ਨਾ ਹੋਵੇ।) ਤੇ ਉਸ ਫ਼ਰਜ਼ ਬਾਰੇ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ:

ਢਾਡੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ॥
ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥ *(ਪੰਨਾ ੫੧੬)*

ਇਸ ਪ੍ਰਮਾਣ ਦਾ ਸਬੰਧ ਢਾਡੀ ਦੇ ਆਚਰਣ ਤੇ ਧਾਰਮਿਕ ਭਾਵਨਾ ਨਾਲ ਹੈ।

"ਬਾਹਰ ਦੀਆਂ ਵਾਰਾਂ (ਹੀਰ, ਮਿਰਜ਼ਾ, ਦੁੱਲਾ, ਪੂਰਨ ਆਦਿ) ਗਾਉਣ ਵਾਲੇ ਵਾਸਤੇ ਕਿਸੇ ਇਖ਼ਲਾਕੀ ਬੰਦਸ਼ ਦੀ ਲੋੜ ਨਹੀਂ ਹੁੰਦੀ। ਉਹ ਸ਼ਰਾਬ ਪੀਵੇ, ਰੋਮਾਂਟਿਕ ਇਸ਼ਾਰੇ ਕਰੇ, ਜਾਂ ਵਾਸ਼ਨਾ ਭੜਕਾਊ ਸ਼ਬਦ ਵਰਤੇ, ਉਸ ਨੂੰ ਸਭ ਕੁਝ ਮਾਫ਼ ਹੈ। ਮਗਰ ਸਿੱਖ ਢਾਡੀ ਧਾਰਮਿਕ ਪ੍ਰਚਾਰਕ ਮੰਨਿਆ ਜਾਂਦਾ ਹੈ। ਉਹ ਜਿੰਨਾ ਰਹਿਤ ਮਰਯਾਦਾ ਵਿਚ ਪੱਕਾ ਹੋਏਗਾ, ਓਨਾ ਹੀ ਉਸ ਦਾ ਸਤਿਕਾਰ ਹੋਵੇਗਾ। ਫਿਰ ਧਾਰਮਿਕ ਵਾਰ ਲਿਖਣ ਵਾਲੇ ਵਾਸਤੇ ਇਹ ਵੀ ਜ਼ਰੂਰੀ ਹੈ, ਕਿ ਉਹ ਆਪਣੇ ਧਰਮ (ਭਾਵ ਗੁਰਬਾਣੀ) ਤੇ ਇਤਿਹਾਸ ਤੋਂ ਚੰਗਾ ਜਾਣੂ ਹੋਵੇ। ਉਸ ਨੂੰ ਗਵਾਂਢੀ ਧਰਮਾਂ ਦਾ ਵੀ ਕੁਛ ਗਿਆਨ ਹੋਵੇ ਤਾਂ ਵਧੇਰੇ ਚੰਗਾ ਹੈ। ਮੇਰਾ ਨਿਸਚਾ ਹੈ ਕਿ ਜਿੰਨਾ ਚਿਰ ਗੁਰਬਾਣੀ ਦਾ ਗਿਆਨ ਨਾ ਹੋਵੇ, ਓਨਾ ਚਿਰ ਇਤਿਹਾਸ (ਖ਼ਾਸ ਕਰ ਸਤਿਗੁਰਾਂ ਦੇ ਇਤਿਹਾਸ) ਨਾਲ ਇਨਸਾਫ਼ ਨਹੀਂ ਕੀਤਾ ਜਾ ਸਕਦਾ ਤੇ ਜਿੰਨਾ ਚਿਰ ਇਤਿਹਾਸ ਤੋਂ ਜਾਣੂ ਨਾ ਹੋਈਏ ਗੁਰਬਾਣੀ ਦੇ ਅਰਥਾਂ ਦੀ ਗਹਿਰਾਈ ਤਕ ਨਹੀਂ ਪਹੁੰਚਿਆ ਜਾ ਸਕਦਾ।"

ਇਸ ਤਰ੍ਹਾਂ ਸੀਤਲ ਸਾਹਿਬ ਜਿੱਥੇ ਢਾਡੀ ਦੇ ਆਚਰਨ ਦੀ ਉੱਚਤਾ 'ਤੇ ਜ਼ੋਰ ਦੇਂਦੇ ਹਨ

ਉਥੇ ਢਾਡੀ ਦਾ ਗਿਆਨਵਾਨ ਹੋਣਾ ਵੀ ਜ਼ਰੂਰੀ ਸਮਝਦੇ ਹਨ।

ਸੀਤਲ ਸਾਹਿਬ ਦੀਆਂ ਵਾਰਾਂ ਤੋਂ ਪਹਿਲਾਂ ਛਪੀਆਂ ਵਾਰਾਂ ਵਿਚ ਕੇਵਲ ਕਵਿਤਾ ਭਾਗ ਹੀ ਹੁੰਦਾ ਸੀ, ਵਾਰਤਕ ਜਾਂ ਵਿਆਖਿਆ ਨਹੀਂ। ਸੀਤਲ ਸਾਹਿਬ ਨੇ ਆਪਣੀਆਂ ਪੁਸਤਕਾਂ ਵਿਚ ਕਵਿਤਾ ਤੇ ਵਾਰਤਕ ਦੋਵੇਂ ਭਾਗ ਲਿਖੇ। ਭਾਵੇਂ ਅਰੰਭ ਵਿਚ ਇਸ ਦੀ ਆਲੋਚਨਾ ਵੀ ਹੋਈ ਤੇ ਇਨ੍ਹਾਂ ਨੂੰ ਛਾਪਣ ਲਈ ਵੀ ਕੋਈ ਤਿਆਰ ਨਾ ਹੋਇਆ ਪਰ ਬਾਅਦ ਵਿਚ ਪ੍ਰਯੋਗਿਕ ਸਹੂਲਤ ਹੋਣ ਕਰਕੇ ਇਨ੍ਹਾਂ ਦੀ ਮੰਗ ਬਹੁਤ ਵਧ ਗਈ, ਖ਼ਾਸ ਕਰ ਢਾਡੀ ਸਿੰਘਾਂ ਵਿਚ ਜੋ ਅੱਜ ਵੀ ਇਨ੍ਹਾਂ ਪੁਸਤਕਾਂ ਦੀ ਖ਼ੂਬ ਵਰਤੋਂ ਕਰਦੇ ਹਨ। ਪ੍ਰਸੰਗ 'ਮੱਸੇ ਦੀ ਮੌਤ' ਵਿੱਚੋਂ ਕਵਿਤਾ ਅਤੇ ਵਾਰਤਕ ਦਾ ਇਕ ਨਮੂਨਾ ਵੇਖੋ:

ਭਰੇ ਵਿਚ ਦੀਵਾਨ ਦੇ ਖਲਾ ਹੋ ਕੇ
ਸਿੰਘ ਦੁੱਖਾਂ ਦੀ ਕਥਾ ਸੁਣਾ ਰਿਹਾ ਏ
ਕਹਿੰਦਾ: ਦਸ਼ਾ ਪੰਜਾਬ ਦੀ ਕੀ ਦੱਸਾਂ
ਦਿਲ ਪਾਟ ਕੇ ਮੂੰਹ ਨੂੰ ਆ ਰਿਹਾ ਏ
ਅੰਮ੍ਰਿਤਸਰ 'ਹਰਿਮੰਦਰ' ਦੇ ਵਿਚ ਬੈਠਾ
ਮੱਸਾ ਵੇਸਵਾ ਅੱਜ ਨਚਾ ਰਿਹਾ ਏ
ਹੁੱਕਾ ਪੀ ਰਿਹਾ ਵਿਚ ਦਰਬਾਰ ਦੇ ਉਹ
ਤੇ ਸ਼ਰਾਬ ਦਾ ਦੌਰ ਚਲਾ ਰਿਹਾ ਏ
ਤੇਰੇ 'ਤਖ਼ਤ ਅਕਾਲ' ਦੀ ਸ਼ਾਨ ਸਿੰਘਾ
ਵੈਰੀ ਖ਼ਾਕ ਦੇ ਵਿਚ ਮਿਲਾ ਰਿਹਾ ਏ
ਝੰਡਾ ਕੇਸਰੀ ਰੁਲ ਰਿਹਾ ਵਿਚ ਪੈਰਾਂ
ਹਰਿਆ 'ਅਲੀ' ਦਾ ਓਥੇ ਲਹਿਰਾ ਰਿਹਾ ਏ
ਛਾਤੀ ਖ਼ਾਲਸੇ ਪੰਥ ਦੀ ਚੀਰ ਕੇ ਤੇ
ਮਾਰ ਨਸ਼ਤਰਾਂ ਅਣਖ ਅਜ਼ਮਾ ਰਿਹਾ ਏ
'ਸੀਤਲ' ਖ਼ੂਨ ਨਾਲ ਧੋਤਿਆਂ ਲਹਿਣਗੇ ਇਹ
ਜਿਹੜੇ ਦਾਗ਼ ਉਹ ਸਿੱਖੀ 'ਤੇ ਲਾ ਰਿਹਾ ਏ।

ਇਹ ਹਾਲ ਸੁਣ ਕੇ ਸਿੰਘਾਂ ਦੇ ਅੰਦਰ ਅੱਗ ਲੱਗ ਉਠੀ। ਰਗ-ਰਗ ਵਿਚ ਲਹੂ ਉਬਲ ਆਇਆ। ਅੱਖਾਂ ਵਿੱਚੋਂ ਕ੍ਰੋਧ ਨਾਲ ਲੰਬਾਂ ਨਿਕਲਣ ਲੱਗੀਆਂ। ਯੋਧਿਆਂ ਦੇ ਹੱਥ ਆਪਣੇ ਆਪ ਤਲਵਾਰਾਂ ਦੀਆਂ ਮੁੱਠਾਂ 'ਤੇ ਚਲੇ ਗਏ। ਆਪਣੇ ਧਰਮ-ਅਸਥਾਨਾਂ ਦੀ ਬੇਅਦਬੀ ਹੁੰਦੀ ਸੁਣ ਕੇ ਕਿਸੇ ਵੀ ਜਿਊਂਦੀ ਕੌਮ ਦੀ ਏਹੋ ਹਾਲਤ ਹੋ ਜਾਂਦੀ ਹੈ, ਤਾਂ ਸਿੱਖਾਂ ਵਰਗੀ ਅਣਖੀਲੀ ਕੌਮ 'ਹਰਿਮੰਦਰ ਸਾਹਿਬ' ਦੀ ਇਹ ਬੇਅਦਬੀ ਸੁਣ ਕੇ ਕਿਵੇਂ ਸਹਿ ਸਕਦੀ ਸੀ?

ਇਸ ਤਰ੍ਹਾਂ ਸੀਤਲ ਸਾਹਿਬ ਨੇ ਵਾਰ ਲਿਖਣ ਦੀ ਇਹ ਨਵੀਂ ਪਿਰਤ ਪਾ ਕੇ ਜਿੱਥੇ ਪਾਠਕਾਂ ਨੂੰ ਵਾਰ ਗਾਇਕੀ ਦੀ ਪਰੰਪਰਾ ਨਾਲ ਜੋੜਿਆ ਉਥੇ ਵਾਰ-ਗਾਇਕਾਂ ਨੂੰ ਬਣਿਆ-ਬਣਾਇਆ ਮਸਾਲਾ ਦੇ ਦਿੱਤਾ ਜਿਸ ਦੀ ਵਰਤੋਂ ਕਰ ਕੇ ਉਹ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜ ਸਕਦੇ ਹਨ। ਵਾਰ ਲੇਖਣੀ ਦੇ ਸਬੰਧ ਵਿਚ ਇਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਸੀਤਲ ਸਾਹਿਬ ਤੋਂ ਪਹਿਲਾਂ ਵਾਰ ਕੇਵਲ ਪਉੜੀਆਂ ਵਿਚ ਹੀ ਲਿਖੀ ਜਾਂਦੀ ਸੀ ਪਰ ਸੀਤਲ

ਸਾਹਿਬ ਨੇ ਇਸ ਵਿਚ ਬੈਂਤ ਦੀ ਵਰਤੋਂ ਵੀ ਸ਼ੁਰੂ ਕਰ ਦਿੱਤੀ।

ਸੀਤਲ ਸਾਹਿਬ ਇਕ ਸਫ਼ਲ ਨਾਵਲਕਾਰ ਵੀ ਹਨ। ਆਪ ਦੇ ਨਾਵਲ 'ਜੁੱਗ ਬਦਲ ਗਿਆ' ਨੂੰ ਸਾਹਿਤ ਅਕੈਡਮੀ ਐਵਾਰਡ ਵੀ ਮਿਲਿਆ ਪਰ ਆਪ ਆਪਣੇ ਆਪ ਨੂੰ ਸਭ ਤੋਂ ਪਹਿਲਾਂ ਢਾਡੀ, ਫਿਰ ਸਿੱਖ ਇਤਿਹਾਸ ਦਾ ਲੇਖਕ ਅਤੇ ਫਿਰ ਨਾਵਲਕਾਰ ਸਮਝਦੇ ਹਨ। ਇਥੋਂ ਆਪ ਦੀ ਸਿੱਖੀ ਪ੍ਰਤੀ ਲਗਨ ਤੇ ਸ਼ਰਧਾ ਦਾ ਪਤਾ ਲੱਗਦਾ ਹੈ। ਇਸੇ ਲਗਨ ਸਦਕਾ ਹੀ ਆਪ ਨੇ ਪੁਰਾਤਨ ਗ੍ਰੰਥਾਂ ਦਾ ਆਲੋਚਨਾਤਮਿਕ ਅਧਿਐਨ ਕਰ ਕੇ ਪੰਜ ਜਿਲਦਾਂ ਵਿਚ 'ਸਿੱਖ ਇਤਿਹਾਸ ਦੇ ਸੋਮੇ' ਪੁਸਤਕ ਛਾਪੀ। ਸਿੱਖ ਪੰਥ ਨੂੰ ਇਹ ਉਨ੍ਹਾਂ ਦੀ ਬਹੁਤ ਵੱਡੀ ਦੇਣ ਹੈ। ਇਸ ਪੁਸਤਕ ਨੂੰ ਪੜ੍ਹ ਕੇ ਪੁਰਾਤਨ ਗ੍ਰੰਥਾਂ ਵਿਚਲੀਆਂ ਗਲਤ ਧਾਰਨਾਵਾਂ ਨੂੰ ਸੋਧਣ ਦੀ ਲੋੜ ਹੈ। ਸੀਤਲ ਸਾਹਿਬ ਦੀ ਜਨਮ ਸ਼ਤਾਬਦੀ 'ਤੇ ਇਹ ਉਨ੍ਹਾਂ ਨੂੰ ਇਕ ਬਹੁਤ ਵੱਡੀ ਸ਼ਰਧਾਂਜਲੀ ਹੋਏਗੀ।

■

ਗਿਆਨੀ ਸੋਹਣ ਸਿੰਘ ਸੀਤਲ ਦੀ ਸੰਗੀਤ ਨੂੰ ਦੇਣ

-ਡਾ. ਜਤਿੰਦਰ ਕੌਰ

ਸੰਗੀਤ ਅਤੇ ਮਨੁੱਖ ਦਾ ਸੰਬੰਧ ਮੁੱਢ ਤੋਂ ਹੀ ਬੜਾ ਅਟੁੱਟ ਰਿਹਾ ਹੈ। ਸੰਗੀਤ ਦਾ ਜਨਮ ਬ੍ਰਹਿਮੰਡ ਦੀ ਉਤਪਤੀ ਦੇ ਨਾਲ ਹੀ ਮੰਨਿਆ ਜਾਂਦਾ ਹੈ। ਪ੍ਰਕਿਰਤੀ ਦੀ ਹਰ ਸ਼ੈਅ ਸੰਗੀਤਕ ਪਸਾਰੇ ਅਧੀਨ ਵਿਚਰਦੀ ਹੈ। ਜਿਵੇਂ ਹਵਾ ਦਾ ਚੱਲਣਾ, ਨਦੀਆਂ ਦਾ ਵਹਿਣਾ, ਕੋਇਲਾਂ ਦਾ ਗਾਉਣਾ, ਚਿੜੀਆਂ ਦਾ ਬੋਲਣਾ ਸਭ ਅੰਦਰ ਸੰਗੀਤਕ ਛੋਹਾਂ ਮਿਲਦੀਆਂ ਹਨ। ਸੰਗੀਤ ਮਨੁੱਖੀ ਮਨ 'ਤੇ ਅਮਿਟ ਛਾਪ ਛੱਡਦਾ ਹੈ। ਇਹ ਮਨੁੱਖੀ ਮਾਨਸਿਕਤਾ ਨੂੰ ਟੁੰਬਦਾ ਹੈ। ਸੰਗੀਤ ਨੂੰ ਮਨੁੱਖੀ ਮਨ ਦੀ ਤ੍ਰਿਪਤੀ ਦਾ ਪ੍ਰਮੁੱਖ ਸਾਧਨ ਮੰਨਿਆ ਜਾਂਦਾ ਹੈ। ਸੰਗੀਤ ਮਨੁੱਖੀ ਮਨ ਨੂੰ ਇਕਾਗਰਤਾ ਪ੍ਰਦਾਨ ਕਰਦਾ ਹੈ। ਸੰਗੀਤ ਮਨੁੱਖੀ ਜੀਵਨ ਵਿਚ ਜਨਮ ਤੋਂ ਮਰਨ ਤਕ ਅਹਿਮ ਭੂਮਿਕਾ ਨਿਭਾਉਂਦਾ ਹੈ।

ਗਿਆਨੀ ਸੋਹਣ ਸਿੰਘ ਸੀਤਲ ਸੰਗੀਤ ਪਰੰਪਰਾ ਵਿਚ ਇਕ ਢਾਡੀ ਵਜੋਂ ਜਾਣੇ ਜਾਂਦੇ ਹਨ। ਢਾਡੀ ਦਾ ਅਰਥ ਹੈ, ਜੱਸ ਗਾਉਣ ਵਾਲਾ। ਢਾਡੀ ਪਰੰਪਰਾ ਨੂੰ ਮਨੁੱਖੀ ਜੀਵਨ ਦੀ ਹੋਂਦ ਜਿੰਨਾ ਹੀ ਪੁਰਾਣਾ ਮੰਨਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਜਦ ਮਨੁੱਖ ਆਦਿ ਵਾਸੀ ਸੀ ਤਾਂ ਉਹ ਉਮਾਹ ਵਿਚ ਆ ਕੇ ਜਿਹੀਆਂ ਉੱਚੀਆਂ ਸੁਰਾਂ ਗਲੇ ਵਿੱਚੋਂ ਕੱਢਦਾ ਸੀ, ਉਹ ਢਾਡੀ ਸੰਗੀਤ ਦਾ ਅਰੰਭਕ ਬਿੰਦੂ ਸੀ। ਫਿਰ ਆਦਿ ਵਾਸੀ ਤੋਂ ਕਬੀਲੇ ਤਕ ਪਹੁੰਚਦਿਆਂ ਮਨੁੱਖੀ ਮਨ ਵਿਚ ਅਧਿਕਾਰ ਤੇ ਉੱਨਤੀ ਦੇ ਵਿਚਾਰ ਨੇ ਕਬੀਲਿਆਂ ਅੰਦਰ ਲੜਾਈਆਂ ਸ਼ੁਰੂ ਕੀਤੀਆਂ। ਜਿਹੜਾ ਕਬੀਲਾ ਹਾਰ ਜਾਂਦਾ, ਉਸ ਦੇ ਨੌਜਵਾਨ ਬੇਹੌਸਲਾ ਹੋ ਜਾਂਦੇ। ਇਸ ਸਮੇਂ ਉਨ੍ਹਾਂ ਨੂੰ ਅਜਿਹੇ ਸ੍ਰੋਤ ਦੀ ਲੋੜ ਮਹਿਸੂਸ ਹੁੰਦੀ ਜੋ ਉਨ੍ਹਾਂ ਅੰਦਰ ਉਤਸ਼ਾਹ ਪੈਦਾ ਕਰ ਸਕੇ। ਇਹ ਕੰਮ ਕਲਾਕਾਰ ਸੰਗੀਤ ਰਾਹੀਂ ਹੀ ਕਰ ਸਕਦੇ ਸਨ। ਇਹ ਕਲਾਕਾਰ ਉਸ ਸਮੇਂ 'ਭੱਟ' ਅਖਵਾਉਣ ਲੱਗੇ। 'ਭੱਟ' ਹਾਰਨ ਵਾਲੇ ਸਰਦਾਰ ਨੂੰ ਉਸ ਦੇ ਪੁਰਖਿਆਂ ਦੀਆਂ ਵਾਰਤਾਵਾਂ ਸੁਣਾ ਕੇ ਪ੍ਰੇਰਨਾ ਦਿੰਦੇ। 'ਭੱਟ' ਜਿੱਤੇ ਸਰਦਾਰ ਦਾ ਗੁਣ ਗਾਇਨ ਵੀ ਕਰਦੇ ਸਨ। ਇਹ 'ਭੱਟ' ਵਿਭਿੰਨ ਪਰਿਪੇਖਾਂ ਵਿਚ ਵਿਕਸਤ ਹੁੰਦੇ ਰਹੇ। ਰਾਜਸਥਾਨ ਵਿਚ ਰਾਜਪੂਤ ਘਰਾਣੇ ਉਭਰੇ ਤਾਂ ਉੱਥੇ ਭੱਟਾਂ ਦੇ ਹੁਨਰ ਦੀ ਵੀ ਕਦਰ ਵਧੀ। ਇਸ ਸਮੇਂ ਹਰ ਘਰਾਣੇ ਦਾ ਵੱਖਰਾ 'ਭੱਟ' ਸੀ। ਉਹ ਭੱਟ ਆਪਣੇ ਸਰਦਾਰ ਨੂੰ ਛੱਡ ਕੇ ਕਿਸੇ ਹੋਰ ਬੂਹੇ 'ਤੇ ਨਹੀਂ ਸੀ ਜਾਂਦਾ। ਸ੍ਰੀ ਗੁਰੂ ਅਰਜਨ ਦੇਵ ਜੀ 'ਗਉੜੀ ਕੀ ਵਾਰ' ਵਿਚ ਲਿਖਦੇ ਹਨ:

ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ॥
ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ॥ *(ਪੰਨਾ ੩੨੩)*

ਇਨ੍ਹਾਂ ਭੱਟਾਂ ਦੀਆਂ ਅੱਗੋਂ ਦੋ ਸ਼ਾਖਾਵਾਂ ਹੋ ਗਈਆਂ। ਬਹੁਤੇ ਭੱਟ ਆਪਣੇ ਸਰਦਾਰ ਦੇ ਦਰਬਾਰ ਵਿਚ ਖਲੋ ਕੇ ਕਬਿੱਤ-ਸਵੱਈਏ ਪੜ੍ਹਦੇ, ਜਿਨ੍ਹਾਂ ਵਿਚ ਉਸ ਘਰਾਣੇ ਦੇ ਵੱਡਿਆਂ ਦੀ ਉਸਤਤਿ ਕਰਦੇ। ਫਿਰ ਭੱਟਾਂ ਨੇ ਦੋ-ਦੋ, ਤਿੰਨ-ਤਿੰਨ ਦੀਆਂ ਜੋਟੀਆਂ ਵਿਚ ਸਾਜ਼ਾਂ ਨਾਲ ਗਾਉਣਾ ਅਰੰਭ ਕੀਤਾ। ਰਾਜਸਥਾਨ ਵਿਚ ਸਾਜ਼ਾਂ ਨਾਲ ਗਾਉਣ ਵਾਲਿਆਂ ਵਾਸਤੇ ਸ਼ਬਦ 'ਘੜਕਾ' ਪੈ ਗਿਆ। 'ਘੜਕਾ' ਅਖਵਾਉਣ ਵਾਲੇ ਗਾਇਕ ਪੰਜਾਬ ਵਿਚ ਆ ਕੇ 'ਢਾਡੀ' ਬਣ ਗਏ।

ਪੰਜਾਬ ਵਿਚ ਵੱਸਣ ਵਾਲੇ ਜੱਟਾਂ ਦੀਆਂ ਬਹੁਤੀਆਂ ਗੋਤਾਂ ਰਾਜਸਥਾਨ ਵਿੱਚੋਂ ਆਈਆਂ ਹਨ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਖਾਨਦਾਨੀ ਭੱਟ ਵੀ ਆ ਗਏ। ਰਾਜਸਥਾਨ ਵਿੱਚੋਂ ਆਉਣ ਵਾਲੇ ਲੋਕਾਂ ਦੀ ਇਥੇ ਆ ਕੇ ਸ਼੍ਰੇਣੀ-ਵੰਡ ਨਵੇਂ ਸਿਰਿਓਂ ਹੋ ਗਈ। ਰਾਜਪੂਤ, ਖੱਤਰੀ ਜਾਂ ਜੱਟ ਉਨ੍ਹਾਂ ਰਾਜਸਥਾਨੀਆਂ ਦਾ ਹੀ ਬਦਲਿਆ ਹੋਇਆ ਰੂਪ ਹੈ। 'ਘੜਕਾ' ਦਾ ਬਦਲਿਆ ਹੋਇਆ ਰੂਪ ਹੈ 'ਢਾਡੀ'। ਪੰਜਾਬ ਵਿਚ ਆ ਕੇ ਉਨ੍ਹਾਂ ਦੇ ਸਾਜ਼ ਬਦਲ ਗਏ। ਉਨ੍ਹਾਂ ਦੇ ਪਹਿਲੇ ਸਾਜ਼ 'ਸਰੰਦਾ' ਤੇ 'ਮਰਦੰਗ' ਸਨ। ਪੰਜਾਬ ਵਿਚ ਆ ਕੇ ਸਾਰੰਦੇ ਦੀ ਜਗ੍ਹਾ ਸਾਰੰਗੀ ਤੇ ਮਰਦੰਗ ਦੀ ਜਗ੍ਹਾ ਢੱਡ ਨੇ ਲੈ ਲਈ।

ਪਹਿਲਾਂ-ਪਹਿਲ ਭਾਰਤ ਦੇ ਬਹੁਤ ਸਾਰੇ ਹਿੱਸੇ ਉੱਤੇ ਜਦ ਮੁਸਲਮਾਨੀ ਰਾਜ ਹੋ ਗਿਆ ਤਾਂ ਬਹੁਤ ਸਾਰੇ ਭੱਟ ਮੁਸਲਮਾਨ ਬਣ ਗਏ, ਕਿਉਂਕਿ ਉਨ੍ਹਾਂ ਦੀ ਰੋਟੀ ਮੁਸਲਮਾਨਾਂ ਦੇ ਹੱਥ ਸੀ। ਜਿਹੜੇ ਭੱਟ ਮੁਸਲਮਾਨ ਬਣ ਗਏ, ਉਨ੍ਹਾਂ ਵਿਚ ਕੁਝ ਮਰਾਸੀ 'ਤੇ ਕੁਝ ਸ਼ੇਖ (ਭਿਰਾਈ) ਅਖਵਾਉਣ ਲੱਗ ਪਏ।

ਸਿੱਖ ਇਤਿਹਾਸ ਵਿਚ ਢਾਡੀ-ਪਰੰਪਰਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਵਧੇਰੇ ਪ੍ਰਫੁਲਤ ਹੋਈ। ਇਹ ਪਰੰਪਰਾ ਪਹਿਲੇ ਗੁਰੂ ਸਾਹਿਬਾਨ ਸਮੇਂ ਵੀ ਪ੍ਰਚੱਲਤ ਸੀ। ਇਸੇ ਲਈ ਸ੍ਰੀ ਗੁਰੂ ਅਮਰਦਾਸ ਜੀ ਢਾਡੀ ਸੰਬੰਧੀ ਆਖਦੇ ਹਨ:

ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ॥
ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥ *(ਪੰਨਾ ੫੧੬)*

ਸ੍ਰੀ ਗੁਰੂ ਅਮਰਦਾਸ ਜੀ ਦੇ ਵਿਚਾਰਾਂ ਦਾ ਅਮਲੀ ਰੂਪ ਛੇਵੇਂ ਗੁਰੂ ਸਾਹਿਬ ਦੇ ਸਮੇਂ ਵੇਖਣ ਵਿਚ ਮਿਲਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਰਾਗੀਆਂ, ਕਥਾਕਾਰਾਂ ਦੇ ਨਾਲ ਸਿਪਾਹੀ-ਸਿੱਖਾਂ ਵਾਸਤੇ ਢਾਡੀਆਂ ਦੀ ਲੋੜ ਵੀ ਸਮਝੀ। ਵਾਰਾਂ ਸੁਣਨ ਨਾਲ ਸਿੱਖਾਂ ਵਿਚ ਜੋਸ਼ ਆਉਂਦਾ ਸੀ। ਗੁਰੂ ਸਾਹਿਬ ਸਮੇਂ ਸੁਰਸਿੰਘ ਪਿੰਡ ਦੇ ਰਹਿਣ ਵਾਲੇ ਪ੍ਰਸਿੱਧ ਢਾਡੀ ਨੱਥਾ ਤੇ ਅਬਦੁੱਲਾ ਬੀਰ ਰਸੀ ਵਾਰਾਂ ਗਾ ਕੇ ਸਿੱਖਾਂ ਦੇ ਉਤਸ਼ਾਹ ਵਿਚ ਵਾਧਾ ਕਰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਰਬਾਰ ਵਿਚ ਢਾਡੀਆਂ ਨੂੰ ਸਿੱਖੀ ਸਰੂਪ ਬਖ਼ਸ਼ ਕੇ ਉਨ੍ਹਾਂ ਨੂੰ ਜਾਤੀ ਬੰਧਨ ਤੋਂ ਮੁਕਤ ਕੀਤਾ।[੧]

ਸਿੱਖ ਢਾਡੀ-ਪਰੰਪਰਾ ਪਹਿਲੇ ਪੁਰਾਣੇ ਢਾਡੀ-ਪਰੰਪਰਾ ਤੋਂ ਕੁਝ ਅੱਡਰੀ ਸੀ। ਪੁਰਾਣੇ ਢਾਡੀ ਅਖਾੜੇ ਵਿਚਕਾਰ ਖਲੋ ਕੇ ਗਾਉਂਦੇ ਸਨ। ਸ੍ਰੋਤੇ ਉਨ੍ਹਾਂ ਦੇ ਦੁਆਲੇ ਘੇਰਾ ਪਾ ਕੇ ਸੁਣਦੇ ਸਨ। ਢਾਡੀ ਛੰਦ ਦੀ ਚਾਲ ਬਦਲਣ ਵਾਸਤੇ ਤਿੰਨ-ਚਾਰ ਕਹਾਣੀਆਂ ਇਕੱਠੀਆਂ ਸ਼ੁਰੂ ਕਰ ਲੈਂਦੇ ਸਨ। ਇਸ ਤਰ੍ਹਾਂ ਛੰਦਾਂ ਦੀਆਂ ਚਾਲਾਂ ਤੇ ਤਰਜ਼ਾਂ ਬਦਲ ਕੇ ਨਵੀਂ ਵੰਨਗੀ ਪੈਦਾ ਕਰ ਲਈ ਜਾਂਦੀ। ਪੁਰਾਣੇ ਢਾਡੀਆਂ ਵਾਸਤੇ ਇੱਕੋ ਸਮੇਂ ਕੋਈ ਵੀ ਕਹਾਣੀ ਸਥਾਪਤ ਕਰਨਾ ਜ਼ਰੂਰੀ ਨਾ ਹੁੰਦਾ। ਇਹ ਕਥਾ ਕਈ-ਕਈ ਦਿਨ ਚੱਲਦੀ ਰਹਿੰਦੀ। ਪਰ ਸਿੱਖ-ਪਰੰਪਰਾ ਸਮੇਂ ਗਾਈ ਜਾਂਦੀ ਵਾਰ ਦੀ ਬਣਤਰ ਇਕਹਰੀ ਹੋ ਗਈ। ਇਹ ਢਾਡੀ ਇੱਕੋ ਸਮੇਂ ਇੱਕੋ ਵਿਥਿਆ ਸਮਾਪਤ ਕਰ ਕੇ ਨੌਜਵਾਨਾਂ ਨੂੰ ਯੁੱਧ ਲਈ ਉਤਸ਼ਾਹਿਤ ਕਰਦੇ।

ਗਿਆਨੀ ਸੋਹਣ ਸਿੰਘ ਸੀਤਲ ਅਖਾੜਿਆਂ ਵਿਚ ਜਦ ਢਾਡੀਆਂ ਦੀਆਂ ਵਾਰਾਂ ਸੁਣਦੇ ਤਾਂ ਬਚਪਨ ਵਿਚ ਹੀ ਉਨ੍ਹਾਂ ਦੇ ਮਨ ਵਿਚ ਢਾਡੀ ਬਣਨ ਦਾ ਸ਼ੌਕ ਉਭਰ ਆਇਆ ਸੀ। ਢਾਡੀ ਬਣਨ ਦੀ ਤਾਂਘ ਵਿਚ ਉਨ੍ਹਾਂ ਇਕ ਬਜ਼ੁਰਗ ਸ਼ੇਖ ਬਾਬਾ ਚਰਾਗ਼ ਦੀਨ ਕੋਲੋਂ ਸੁਰ ਤੇ ਤਾਲ ਦਾ ਗਿਆਨ ਹਾਸਲ ਕੀਤਾ। ਉਨ੍ਹਾਂ ਦਾ ਇਕ ਸਾਥੀ ਗੁਰਚਰਨ ਸਿੰਘ ਸਾਰੰਗੀ ਵਜਾਉਂਦਾ ਤੇ ਉਹ

ਤਿੰਨੇ ਢੱਡ ਵਜਾਉਂਦੇ ਤੇ ਗਾਉਂਦੇ। ਸੀਤਲ ਜੀ ਨੇ ਆਪਣੇ ਉਸਤਾਦ ਪਾਸੋਂ ਕਲਾਸੀਕਲ ਤਰਜ਼ਾਂ 'ਤੇ ਲੋਕ-ਧੁਨਾਂ ਦਾ ਪੂਰਾ ਗਿਆਨ ਪ੍ਰਾਪਤ ਕਰ ਲਿਆ। ਗਾਉਣ ਦੇ ਨਾਲ-ਨਾਲ ਕੁਝ ਨਵਾਂ ਕਰ ਸਕਣ ਦੀ ਰੀਝ ਨੇ ਉਨ੍ਹਾਂ ਅੰਦਰ ਵਾਰਾਂ ਲਿਖਣ ਦਾ ਸ਼ੌਕ ਪੈਦਾ ਕੀਤਾ। ਸੀਤਲ ਜੀ ਦਾ ਆਪਣਾ ਕਥਨ ਹੈ ਕਿ, "ਸਭ ਤੋਂ ਪਹਿਲਾ ਪ੍ਰਸੰਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਨ ਬਾਰੇ 'ਦਸਮੇਸ਼ ਆਗਮਨ' ੧.੧.੩੫ ਈ. ਨੂੰ ਲਿਖਿਆ।"[੨]

ਸੀਤਲ ਜੀ ਦੀ ਗਾਇਕੀ ਤੇ ਲਿਖਣ ਦੀ ਵਿਲੱਖਣਤਾ ਹੈ ਕਿ ਉਹ ਸਮਕਾਲੀ ਢਾਡੀਆਂ ਤੋਂ ਵੱਖਰਾ ਹੋ ਕੇ ਚੱਲਦੇ ਸਨ। ਉਨ੍ਹਾਂ ਦੇ ਸਮਕਾਲੀਆਂ ਦੇ ਪ੍ਰਸੰਗ ਤੇ ਵਿਆਖਿਆ ਦੇ ਢੰਗ ਪੁਰਾਣੇ ਸਨ। ਉਹ ਪਹਿਲਾਂ ਸਾਜ਼ਾਂ ਨਾਲ ਰਲ ਕੇ ਪਾਉੜੀ ਗਾਉਂਦੇ ਫਿਰ ਆਗੂ ਕਵਿਤਾ ਨੂੰ ਸਧਾਰਨ ਢੰਗ ਨਾਲ ਦੁਹਰਾਉਂਦੇ ਹੋਏ ਆਪਣੇ ਸਾਥੀਆਂ ਨਾਲ ਕੜੀ ਮਿਲਾਉਣ ਵਾਸਤੇ ਦੋ-ਚਾਰ ਵਾਕ ਕਹਿ ਕੇ ਨਵੀਂ ਪਉੜੀ ਗਾਉਣੀ ਸ਼ੁਰੂ ਦਿੰਦੇ ਜਾਂ ਕੋਈ ਚੁਟਕਲਾ ਕਹਿ ਦਿੰਦੇ ਸਨ। ਪਰ ਸੀਤਲ ਜੀ ਦਾ ਢੰਗ ਨਿਵੇਕਲਾ ਸੀ। ਉਹ ਆਪਣੀ ਵਾਰ ਵਿਚਲੀ ਵਿਆਖਿਆ ਨੂੰ ਇਤਿਹਾਸਕ ਪ੍ਰਸੰਗ ਨਾਲ ਜੋੜਦੇ ਸਮੇਂ ਦੀ ਸਿਆਸਤ ਦਾ ਜ਼ਿਕਰ ਕਰ ਜਾਂਦੇ ਜਿਸ ਨਾਲ ਸ੍ਰੋਤੇ ਉਨ੍ਹਾਂ ਨਾਲ ਮਾਨਸਿਕ ਤੌਰ 'ਤੇ ਜੁੜ ਜਾਂਦੇ ਸਨ। ਗਿਆਨੀ ਸੋਹਣ ਸਿੰਘ ਜੀ ਸੀਤਲ ਆਪ ਸਵੀਕਾਰਦੇ ਹਨ ਕਿ ਬਤੌਰ ਢਾਡੀ ਉਨ੍ਹਾਂ ਦੀ ਪਛਾਣ ਅਮੋਲਕ ਹੈ:

ਜੇ ਮੈਂ ਕੁਦਰਤ ਵੱਲੋਂ ਢਾਡੀ ਨਾ ਬਣਦਾ ਤਾਂ ਸ਼ਾਇਦ ਕੁਝ ਵੀ ਨਾ ਬਣ ਸਕਦਾ। ਸਭ ਕੁਛ 'ਗੁਰੂ ਕਾ ਢਾਡੀ' ਹੋਣ ਦੀ ਕਿਰਪਾ ਹੈ। ਫਿਰ ਢਾਡੀ ਸਾਹਿਤ (ਵਾਰਾਂ) ਵੀ ਮੇਰੀ ਰਚਨਾ ਦਾ ਖ਼ਾਸ ਹਿੱਸਾ ਹੈ।[੩]

ਸੀਤਲ ਜੀ ਨੇ ਪੰਜਾਬੀ ਵਾਰ ਸਾਹਿਤ ਨੂੰ ਨਿਮਨਲਿਖਤ ਸੰਗ੍ਰਹਿ ਦਿੱਤੇ:

ਮੇਰੀਆਂ ਢਾਡੀ ਵਾਰਾਂ ਭਾਗ ਪਹਿਲਾ (੧੯੭੩)
ਮੇਰੀਆਂ ਢਾਡੀ ਵਾਰਾਂ ਭਾਗ ਦੂਜਾ (੧੯੭੪)
ਮੇਰੀਆਂ ਢਾਡੀ ਵਾਰਾਂ ਭਾਗ ਤੀਜਾ (੧੯੭੬)
ਮੇਰੀਆਂ ਢਾਡੀ ਵਾਰਾਂ ਭਾਗ ਚੌਥਾ (੧੯੭੮)

ਇਨ੍ਹਾਂ ਚਾਰ ਵਾਰ ਸੰਗ੍ਰਹਿ ਵਿਚ ਉਨ੍ਹਾਂ ਦੁਆਰਾ ਰਚਿਤ ਵਾਰ ਸੰਗ੍ਰਹਿਾਂ ਦਾ ਸੁਮੇਲ ਮਿਲਦਾ ਹੈ। 'ਮੇਰੀਆਂ ਢਾਡੀ ਵਾਰਾਂ' ਭਾਗ ਪਹਿਲਾ ਵਿਚ 'ਸੀਤਲ ਸੁਨੇਹੇ', 'ਸੀਤਲ ਹੰਝੂ', 'ਸੀਤਲ ਤਰਾਨੇ', 'ਸੀਤਲ ਮੁਨਾਰੇ' ਤੇ ਦੋ ਪ੍ਰਸੰਗ ਸ਼ਾਮਲ ਹਨ। ਸੀਤਲ ਰਚਿਤ 'ਮੇਰੀਆਂ ਢਾਡੀ ਵਾਰਾਂ' ਭਾਗ ਦੂਜਾ ਵਿਚ 'ਸੀਤਲ ਕਿਰਣਾਂ', 'ਸੀਤਲ ਹੁਲਾਰੇ', 'ਸੀਤਲ ਤਰੰਗਾਂ', 'ਸੀਤਲ ਚੰਗਿਆੜੇ' ਤੇ ਦੋ ਪ੍ਰਸੰਗ ਦੇ ਨਾਲ ਕੁਝ ਨਵੀਆਂ ਕਵਿਤਾਵਾਂ ਹਨ। 'ਮੇਰੀਆਂ ਢਾਡੀ ਵਾਰਾਂ' ਭਾਗ ਤੀਜਾ ਵਿਚ 'ਸੀਤਲ ਪ੍ਰਕਾਸ਼', 'ਸੀਤਲ ਤਾਘਾਂ', 'ਸੀਤਲ ਵਲਵਲੇ', 'ਸੀਤਲ ਅੰਗਿਆਰੇ' ਤੇ 'ਸੀਤਲ ਵਾਰਾਂ' ਵਿੱਚੋਂ ਦੋ ਪ੍ਰਸੰਗ ਹਨ। 'ਮੇਰੀਆਂ ਢਾਡੀ ਵਾਰਾਂ' ਭਾਗ ਚੌਥਾ ਵਿਚ 'ਸੀਤਲ ਉਮੰਗਾਂ', 'ਸੀਤਲ ਸੁਗਾਤਾਂ', 'ਸੀਤਲ ਚਮਕਾਂ', 'ਸੀਤਲ ਰਮਜ਼ਾਂ' ਤੇ ਦੋ ਪ੍ਰਸੰਗ ਸੀਤਲ ਵਾਰਾਂ ਵਿੱਚੋਂ ਹਨ।

ਇਨ੍ਹਾਂ ਸੰਗ੍ਰਹਿਆਂ ਵਿਚ ਸੰਕਲਿਤ ਵਾਰ ਸਾਹਿਤ ਦਾ ਮੂਲ ਸ੍ਰੋਤ ਇਤਿਹਾਸਕ ਵੇਰਵੇ ਹਨ। ਸੀਤਲ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਸਿੱਖ ਇਤਿਹਾਸ ਦੀ ਨਿੱਕੀ ਤੋਂ ਨਿੱਕੀ ਘਟਨਾ ਨੂੰ ਲੈ ਜੰਗਾਂ, ਯੁੱਧਾਂ ਤੇ ਘੱਲੂਘਾਰਿਆਂ ਨੂੰ ਆਪਣੀਆਂ ਵਾਰਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਮਾਪਤੀ ਤਕ ਦਾ ਇਤਿਹਾਸ ਉਲੀਕਦੇ ਹਨ।

ਉਦਾਹਰਣ ਦੇ ਤੌਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੁਹੇਲਖੰਡ ਯਾਤਰਾ ਦੀ ਵਾਰ ਗੁਰੂ ਨਾਨਕ ਸਮੇਂ ਦੇ ਇਤਿਹਾਸ ਦਾ ਮੁਲਾਂਕਣ ਕਰਦੀ ਹੈ, ਜਦੋਂ ਧਰਮ, ਈਮਾਨ ਦੇ ਨਾਲ-ਨਾਲ ਇਨਸਾਨ ਵੀ ਮੰਡੀਆਂ ਵਿਚ ਵਸਤਾਂ ਵਾਂਗ ਵਿਕਦਾ ਸੀ। ਇਸ ਵਾਰ ਵਿਚ ਸੋਹਣ ਸਿੰਘ ਸੀਤਲ ਨੇ ਧਰਮ ਤੇ ਈਮਾਨ ਦੀ ਜਿੱਤ ਨੂੰ ਦਰਸਾਇਆ ਹੈ। ਉਨ੍ਹਾਂ ਵਾਰ ਦੇ ਅੰਤ ਵਿਚ ਗੁਰੂ ਨਾਨਕ ਦਾ ਰੂਪ ਪਰਉਪਕਾਰੀ ਸਾਧੂ ਦਰਸਾਇਆ ਜੋ ਪਾਪੀਆਂ ਨੂੰ ਵੀ ਮੁਆਫ਼ ਕਰ ਦਿੰਦੇ ਹਨ।[੪]

ਉਨ੍ਹਾਂ ਬੰਦੀ-ਛੋੜ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਚੰਦੂ ਦੀ ਮੌਤ ਸੰਬੰਧੀ ਵਾਰ ਲਿਖੀ, ਜਿਸ ਵਿਚ 'ਸਾਕੇ' ਸਿਰਲੇਖ ਹੇਠ ਉਨ੍ਹਾਂ ਛੇਵੇਂ ਗੁਰੂ ਦੀ ਮਹਿਮਾ ਨੂੰ ਗਾਇਆ ਹੈ:

ਸਾਕਾ

ਸਤਿਗੁਰ ਨਾਨਕ ਦੇਵ ਨੇ ਜੋ ਬੂਟਾ ਲਾਇਆ
ਗੁਰ ਅਰਜਨ ਨੇ ਆਪਣਾ ਸਿੰਜ ਖ਼ੂਨ ਵਧਾਇਆ
ਛੇਵਾਂ ਰੂਪ ਅਕਾਲ ਦਾ ਹਰਿਗੋਬਿੰਦ ਆਇਆ
ਦੁਖੀਆਂ ਦੇ ਦੁਖ ਹਰਨ ਨੂੰ ਖੰਡਾ ਲਿਸ਼ਕਾਇਆ
ਪੈਦਾ ਕੀਤਾ ਬੀਰ ਰਸ ਦਲ ਨਵਾਂ ਸਜਾਇਆ
'ਸੀਤਲ' ਤੇਗਾਂ ਪਹਿਨ ਦੋ ਪਾਸਾ ਉਲਟਾਇਆ। [੫]

ਇਸ ਤਰ੍ਹਾਂ ਉਨ੍ਹਾਂ ਇਸ ਭਾਗ ਵਿਚ ਵਲੀ ਕੰਧਾਰੀ, ਸ਼ਹੀਦੀ ਗੁਰੂ ਅਰਜਨ ਦੇਵ ਜੀ, ਜੰਗ ਸੈਦ ਖ਼ਾਨ, ਸਾਕਾ ਸਰਹਿੰਦ, ਬੰਦਾ ਸਿੰਘ ਬਹਾਦਰ ਦੀ ਸਰਹਿੰਦ ਉੱਤੇ ਫ਼ਤਹਿ, ਸ਼ਹੀਦੀ ਗੁਰੂ ਤੇਗ ਬਹਾਦਰ, ਅਬਦਾਲੀ ਦਾ ਨੌਵਾਂ ਹਮਲਾ, ਪੰਜ ਪਿਆਰੇ, ਸ਼ਹੀਦੀ ਭਾਈ ਤਾਰਾ ਸਿੰਘ ਜੀ, ਜੰਗ ਹਰਿਗੋਬਿੰਦਪੁਰਾ, ਛੇਵੇਂ ਪਾਤਸ਼ਾਹ, ਸੱਜਣ ਠੱਗ ਦਾ ਉਦਾਰ, ਮਾਤਾ ਸੁਲੱਖਣੀ, ਸ਼ਹੀਦੀ ਬਾਬਾ ਬੋਤਾ ਸਿੰਘ ਆਦਿ ਅਨੇਕਾਂ ਵਿਸ਼ਿਆਂ 'ਤੇ ਵਾਰਾਂ ਲਿਖੀਆਂ।

'ਮੇਰੀਆਂ ਢਾਡੀ ਵਾਰਾਂ ਦਾ ਭਾਗ ਦੂਜਾ' ਵਿਚ ਉਨ੍ਹਾਂ ਸ਼ਹੀਦ ਗੰਜ ਸਿੰਘਣੀਆਂ, ਸ਼ਹੀਦੀ ਭਾਈ ਤਾਰੂ ਸਿੰਘ ਜੀ, ਬਾਲਾ ਪ੍ਰੀਤਮ, ਗੱਡੀ ਪੰਜਾ ਸਾਹਿਬ, ਸ਼ਹੀਦੀ ਕੇਵਲ ਸਿੰਘ, ਭੰਗਾਣੀ ਯੁੱਧ, ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ, ਸ਼ਹੀਦੀ ਬਾਬਾ ਦੀਪ ਸਿੰਘ ਜੀ, ਸ਼ਹੀਦੀ ਸ. ਸੁਬੇਗ ਸਿੰਘ, ਸ਼ਾਹਬਾਜ ਸਿੰਘ, ਸ਼ਹੀਦੀ ਹਰੀ ਸਿੰਘ ਨਲੂਆ, ਬਾਬਾ ਆਦਮ ਤੇ ਭਾਈ ਭਗਤੂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੁਹੇਲਖੰਡ ਵਿਚ ਫੇਰੀ, ਪਿਆਰੇ ਦਾ ਪਿਆਰ, ਸ਼ਾਹ ਜਮਾਨ ਦਾ ਆਖਰੀ ਹਮਲਾ, ਕਸ਼ਮੀਰ ਫ਼ਤਿਹ ਕਰ ਕੇ ਸਿੱਖ ਰਾਜ ਵਿਚ ਮਿਲਾਉਣਾ, ਸਿੱਖਾਂ ਦਾ ਅਟਕ 'ਤੇ ਕਬਜ਼ਾ ਆਦਿ ਵਿਸ਼ਿਆਂ 'ਤੇ ਵਾਰਾਂ ਲਿਖੀਆਂ। ਸੀਤਲ ਜੀ ਰਚਿਤ ਵਾਰਾਂ ਵਿਚ ਬੀਰ ਰਸ ਦੇ ਅਥਾਹ ਨਮੂਨੇ ਮਿਲਦੇ ਹਨ, ਜਿਵੇਂ:

ਫ਼ੌਜਾਂ ਚਾੜ੍ਹੀਆਂ ਜ਼ਕਰੀਆ ਖ਼ਾਨ ਨੇ
ਤੁਰੀਆਂ ਖ਼ਾਲਸੇ ਦਾ ਕਰਨ ਸ਼ਕਾਰ
ਪਿੰਡਾਂ ਵਿਚ ਹੈ ਦੁਹਾਈ ਮੱਚ ਗਈ
ਪੈ ਗਈ ਘਰ ਘਰ ਹਾਲ ਪੁਕਾਰ
ਵੇਖ ਪਿਰਥੀ ਨੇ ਧਾਹੀਂ ਮਾਰੀਆਂ
ਕੀਤੇ ਜ਼ਾਲਮਾਂ ਜੋ ਅਤਿਆਚਾਰ ... ...
ਕਹਿਣਾ ਹੋਰ ਕੀ ਜ਼ੁਲਮ ਦਾ 'ਸੀਤਲ'
ਬੇਨਿਆਈਂ ਜਦੋਂ ਹੋ ਗਈ ਸਰਕਾਰ। [੬]

ਇਹ ਵਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਦੇ ਪ੍ਰਸੰਗ ਵਿਚ ਮੁਸਲਿਮ ਰਾਜ ਦੇ ਅੱਤਿਆਚਾਰਾਂ ਨੂੰ ਰੋਹੀਲੀ ਸੁਰ ਵਿਚ ਬਿਆਨ ਕਰਦੀ ਹੈ।

'ਮੇਰੀਆਂ ਢਾਡੀ ਵਾਰਾਂ' ਭਾਗ ਤੀਜਾ ਵਿਚ ਸੀਤਲ ਜੀ ਨੇ ਜੰਗ ਚਮਕੌਰ ਸਾਹਿਬ, ਜੰਗ ਮੁਲਤਾਨ (ਆਖਰੀ), ਸ਼ਹੀਦੀ ਅਕਾਲੀ ਫੂਲਾ ਸਿੰਘ, ਜੰਗ ਕਸੂਰ ਕੁਤਬਦੀਨ ਨਾਲ, ਪਹਿਲੀ ਫ਼ਤਿਹ ਹੈਦਰਾਬਾਦ, ਸ਼ਹੀਦੀ ਭਾਈ ਮਨੀ ਸਿੰਘ ਜੀ, ਬਾਬਰ ਦੀ ਚੱਕੀ, ਸ੍ਰੀ ਗੁਰੂ ਨਾਨਕ ਦੇਵ ਜੀ, ਸ਼ਹੀਦੀ ਹਕੀਕਤ ਰਾਏ, ਮੱਸੇ ਦੀ ਮੌਤ ਆਦਿ ਅਨੇਕਾਂ ਇਤਿਹਾਸਕ ਵੇਰਵਿਆਂ ਦਾ ਮੁਲਾਂਕਣ ਕੀਤਾ ਹੈ। ਜਿਵੇਂ ਜੰਗ ਚਮਕੌਰ ਸਾਹਿਬ ਦੀ ਵਾਰ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਇਤਿਹਾਸਕ ਸ਼ਹੀਦੀ ਦੇ ਵੇਰਵੇ ਬੜੀ ਬੀਰਤਾ ਪੂਰਵਕ ਦਿੱਤੇ ਹਨ ਕਿ ਪੜ੍ਹਨ ਤੇ ਸੁਣਨ ਵਾਲੇ ਦੇ ਮਨ ਵਿਚ ਸਿੱਖ ਧਰਮ ਪ੍ਰਤੀ ਸਤਿਕਾਰ ਵਧਦਾ ਜਾਂਦਾ ਹੈ:

ਵੱਡਾ ਵੀਰ ਸ਼ਹੀਦੀ ਪਾ ਗਿਆ ਝੱਟ ਹੋ ਗਿਆ ਜੁਝਾਰ ਤਿਆਰ
ਲਾਈ ਕਲਗੀ ਸੁਨਹਿਰੀ ਸੀਸ 'ਤੇ ਅਤੇ ਪਹਿਨ ਲਏ ਪੰਜ ਹਥਿਆਰ
ਚੜ੍ਹੀ ਸੂਰਮੇ ਦੀ ਢਾਕ ਉੱਤੇ ਸੋਭਦੀ ਪਏ ਉਛਲ ਉਛਲ ਤਲਵਾਰ।[੭]

ਇਸ ਤਰ੍ਹਾਂ ਸਮੁੱਚੀ ਵਾਰ ਵਿਚ ਛੋਟੇ ਸਾਹਿਬਜ਼ਾਦੇ ਦਾ ਜੰਗ ਵਿਚ ਸ਼ਹੀਦੀ ਪਾਉਣ ਦੀ ਤਿਆਰੀ ਨੂੰ ਬੜੇ ਉਤਸ਼ਾਹਮਈ ਢੰਗ ਨਾਲ ਪ੍ਰਗਟ ਕੀਤਾ ਗਿਆ ਹੈ।

'ਮੇਰੀਆਂ ਢਾਡੀ ਵਾਰਾਂ' ਭਾਗ ਚੌਥਾ ਵਿਚ ਵੱਡਾ ਘੱਲੂਘਾਰਾ, ਜੰਗ ਪਿਪਲੀ ਸਾਹਿਬ, ਸਤਿਗੁਰੂ ਨਾਨਕ ਪ੍ਰਗਟਿਆ, ਗੁਰੂ ਹਰਿਗੋਬਿੰਦ ਅਵਤਾਰ ਧਾਰਿਆ, ਦਸਮੇਸ਼ ਗੁਰੂ ਅਵਤਾਰ ਧਾਰਿਆ, ਭਾਈ ਜੋਗਾ ਸਿੰਘ, ਭਾਈ ਗੁਰਦਾਸ-ਸਿਦਕ ਦੀ ਪਰਖ, ਛੋਟਾ ਘੱਲੂਘਾਰਾ, ਜੰਗ ਹਿੰਦ ਤੇ ਚੀਨ ਆਦਿ ਇਤਿਹਾਸਕ ਪ੍ਰਸੰਗਾਂ 'ਤੇ ਵਾਰਾਂ ਲਿਖੀਆਂ।

ਸੀਤਲ ਜੀ ਨੇ ਵਾਰਾਂ ਨੂੰ ਇਤਿਹਾਸਕ ਤੱਥਾਂ ਅਧੀਨ ਵਿਚਾਰਿਆ ਹੈ। ਉਨ੍ਹਾਂ ਨੇ ਵਾਰਾਂ ਦੀ ਬਣਤਰ ਸੰਬੰਧੀ ਵਿਸ਼ੇਸ਼ ਧਿਆਨ ਦਿੰਦਿਆਂ ਤੁਕਾਂ ਤੇ ਸੰਗੀਤ ਦਾ ਸੁਮੇਲ ਕੀਤਾ ਹੈ। ਉਨ੍ਹਾਂ ਦੀਆਂ ਵਾਰਾਂ ਵਿਚ ਵਧੇਰੇ ਕਬਿੱਤ, ਕਲੀ, ਬੈਂਤ, ਮਿਰਜ਼ਾ, ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਸੀਤਲ ਵਾਰਾਂ ਦੇ ਪ੍ਰਸੰਗ ਤੇ ਵਿਆਖਿਆ ਬੜੇ ਰੌਚਕ ਤਰੀਕੇ ਨਾਲ ਕਰਦੇ ਹਨ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਗਿਆਨੀ ਸੋਹਣ ਸਿੰਘ ਸੀਤਲ ਜਿਹੇ ਵਾਰਕਾਰ ਦੀ ਵਾਰ ਸਾਹਿਤ ਤੇ ਸੰਗੀਤ ਨੂੰ ਅਮਿਟ ਦੇਣ ਹੈ।

ਹਵਾਲੇ ਤੇ ਟਿੱਪਣੀਆਂ

੧. ਸੋਹਣ ਸਿੰਘ ਸੀਤਲ, ਮੇਰੀ ਸਾਹਿਤਕ ਸ੍ਵੈ ਜੀਵਨੀ, ਸਫ਼ਾ ੩੬-੩੭.
੨. ਉਹੀ, ਸਫ਼ਾ ੨੩.
੩. ਉਹੀ, ਸਫ਼ਾ ੨੫.
੪. ਸੋਹਣ ਸਿੰਘ ਸੀਤਲ, ਮੇਰੀਆਂ ਢਾਡੀ ਵਾਰਾਂ ਭਾਗ ਪਹਿਲਾ, ਸਫ਼ਾ ੧੧.
੫. ਉਹੀ, ਸਫ਼ਾ ੪੫.
੬. ਸੋਹਣ ਸਿੰਘ ਸੀਤਲ, ਮੇਰੀਆਂ ਢਾਡੀ ਵਾਰਾਂ ਭਾਗ ਦੂਜਾ, ਸਫ਼ਾ ੧੨੪.
੭. ਸੋਹਣ ਸਿੰਘ ਸੀਤਲ, ਮੇਰੀਆਂ ਢਾਡੀ ਵਾਰਾਂ ਭਾਗ ਦੂਜਾ, ਸਫ਼ਾ ੨੨-੨੩.

ਗਿਆਨੀ ਸੋਹਣ ਸਿੰਘ ਸੀਤਲ : ਇਕ ਪ੍ਰਸੰਗਕਾਰ

-ਡਾ. ਬਲਜਿੰਦਰ ਕੌਰ

ਗਿਆਨੀ ਸੋਹਣ ਸਿੰਘ ਸੀਤਲ ਨੇ ਆਪਣੇ ਜੀਵਨ ਦਾ ਬਹੁਤਾ ਹਿੱਸਾ ਸਿੱਖ ਸੰਗਤਾਂ ਨੂੰ ਗੁਰ-ਇਤਿਹਾਸ ਤੇ ਸਿੱਖ ਇਤਿਹਾਸ ਸਮਝਾਉਣ ਨੂੰ ਸਮਰਪਿਤ ਕੀਤਾ ਸੀ। ਉਹ ਆਪਣੇ ਸਮੇਂ ਦੇ ਬਹੁਤ ਵੱਡੇ ਤੇ ਪ੍ਰਸਿੱਧ ਢਾਡੀ ਸਨ ਜੋ ਜਿੱਥੇ ਸਟੇਜ ਦੇ ਧਨੀ ਸਨ ਉਥੇ ਉਨ੍ਹਾਂ ਦੀ ਲੇਖਣੀ ਵਿਚ ਅੰਤਾਂ ਦਾ ਜੋਸ਼ ਸੀ। ਉਨ੍ਹਾਂ ਨੇ ਕਵਿਤਾ ਤੇ ਵਾਰਤਕ ਦੋਨਾਂ ਵਿਧਾਵਾਂ ਵਿਚ ਸਿੱਖ ਇਤਿਹਾਸ ਦੇ ਕਈ ਪੱਖਾਂ ਬਾਰੇ ਵਿਸਤਾਰ ਸਹਿਤ ਲਿਖਿਆ ਹੈ ਜੋ ਸਾਹਿਤਕ ਤੇ ਇਤਿਹਾਸਕ ਪੱਖੋਂ ਬਹੁਤ ਮੁਲਵਾਨ ਹੈ।

ਗਿਆਨੀ ਸੀਤਲ ਜੀ ਨੇ ਬਹੁਤ ਸਾਰੇ ਪ੍ਰਸੰਗ ਲਿਖੇ ਹਨ ਜਿਨ੍ਹਾਂ ਵਿਚ ਗੁਰ-ਇਤਿਹਾਸ ਜਾਂ ਸਿੱਖ ਇਤਿਹਾਸ ਵਿੱਚੋਂ ਕੋਈ ਘਟਨਾ ਨੂੰ ਲੈ ਕੇ ਉਸ ਦਾ ਸਰਸ ਵਰਣਨ ਕੀਤਾ ਹੈ। ਪ੍ਰਸੰਗ ਕੀ ਹੈ? ਇਸ ਬਾਰੇ ਪੰਜਾਬੀ ਦੇ ਆਲੋਚਕਾਂ ਨੇ ਆਪਣਾ ਨਿਰਣਾ ਨਹੀਂ ਦਿੱਤਾ ਅਤੇ ਨਾ ਹੀ ਇਸ ਵਿਧਾ ਬਾਰੇ ਖੋਜ-ਕਾਰਜ ਹੋਇਆ ਹੈ। ਪ੍ਰਸੰਗ, ਇਤਿਹਾਸ ਵਿੱਚੋਂ ਲਈ ਘਟਨਾ ਦੀ ਵਿਸਤ੍ਰਿਤ ਵਿਆਖਿਆ ਹੈ ਜਿਸ ਵਿਚ ਇਕ ਪਾਸੇ ਇਤਿਹਾਸ ਨੂੰ ਪੇਸ਼ ਕੀਤਾ ਜਾਂਦਾ ਹੈ, ਦੂਜੇ ਪਾਸੇ ਉਸ ਵਿਚ ਸੁਹਜ- ਸੁਆਦ ਭਰ ਕੇ ਪਾਠਕਾਂ/ਸ੍ਰੋਤਿਆਂ ਦੀ ਸੁਹਜ ਭਾਵਨਾ ਨੂੰ ਸ਼ਾਂਤ ਕੀਤਾ ਜਾਂਦਾ ਹੈ। ਇਉਂ ਇਹ ਵਿਧਾ ਇਤਿਹਾਸ ਤੇ ਸਾਹਿਤ ਦਾ ਸੁੰਦਰ ਸੁਮੇਲ ਹੈ। ਪੰਜਾਬੀ ਢਾਡੀਆਂ ਤੇ ਕਵੀਸ਼ਰਾਂ ਨੇ ਬੇਅੰਤ ਪ੍ਰਸੰਗ ਲਿਖੇ ਹਨ ਜੋ ਸ਼ਰਧਾਲੂਆਂ ਵਿਚ ਬਹੁਤ ਮਕਬੂਲ ਰਹੇ ਤੇ ਅੱਜ ਵੀ ਮੇਲਿਆਂ-ਸਮਾਗਮਾਂ ਵਿਚ ਹਨ। ਗੁਰਪੁਰਬਾਂ 'ਤੇ ਢਾਡੀ ਜਨ-ਸੰਗਤਾਂ ਨੂੰ ਸੁਣਾ ਕੇ ਨਿਹਾਲ ਕਰਦੇ ਹਨ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਜੀਵਨ ਵਿਚ ਅਜਿਹੇ ਕੌਤਕ ਕੀਤੇ ਜਿਨ੍ਹਾਂ ਨੇ ਜਨਤਾ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਸੱਚ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਨਾ ਵੀ ਦਿੱਤੀ। ਇਹੀ ਕਾਰਨ ਹੈ ਲੋਕਾਂ ਦੇ ਮਨ ਵਿਚ ਗੁਰੂ ਨਾਨਕ ਸਾਹਿਬ ਪ੍ਰਭੂ ਸਰੂਪ ਹਨ ਜਾਂ ਉਹ ਅਵਤਾਰ ਸਨ ਜੋ ਜਗਤ-ਜਲੰਦੇ ਨੂੰ ਤਾਰਨ ਲਈ ਆਏ ਸਨ। ਜਦੋਂ ਕੋਈ ਗੁਰੂ ਨਾਨਕ ਸਾਹਿਬ ਦਾ ਨਾਂ ਲੈਂਦਾ ਹੈ ਤਾਂ ਸਤਿਕਾਰ ਨਾਲ ਸਿਰ ਝੁਕ ਜਾਂਦਾ ਹੈ। ਇਹ ਸਭ ਤੋਂ ਵੱਡੀ ਸ਼ਰਧਾਂਜਲੀ ਹੈ। ਸੀਤਲ ਜੀ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਵਿੱਚੋਂ ਵਿਭਿੰਨ ਘਟਨਾਵਾਂ ਲੈ ਕੇ ਪ੍ਰਸੰਗ ਸਿਰਜਣਾ ਕੀਤੀ ਹੈ ਤੇ ਸਤਿਗੁਰੂ ਜੀ ਦੀ ਮਹਿਮਾ ਦਾ ਗਾਇਨ ਕੀਤਾ ਹੈ। ਆਪ ਦੀ ਨਜ਼ਰ ਵਿਚ ਸਾਹਿਬ ਕਲਤਾਰਕ ਸਨ ਜਿਨ੍ਹਾਂ ਨੇ ਕਰਾਮਾਤੀ ਰੰਗ ਵਿਖਾ ਕੇ ਭਾਰਤੀਆਂ ਨੂੰ ਸਤਿ-ਮਾਰਗ ਦੇ ਸੁਨਹਿਰੀ ਅਸੂਲਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਸਤਿਗੁਰੂ ਨਾਲ ਸਬੰਧਿਤ ਪ੍ਰਮੁੱਖ ਪ੍ਰਸੰਗ ਹਨ:

ਪੀਰ ਹਮਜ਼ਾ ਗੌਸ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ, ਪ੍ਰਸੰਗ ਵਲੀ ਕੰਧਾਰੀ, ਸਤਿਗੁਰੂ ਨਾਨਕ ਪ੍ਰਗਟਿਆ, ਬਾਬਰ ਦੀ ਚੱਕੀ ਤੇ ਗੁਰੂ ਨਾਨਕ ਦੇਵ ਜੀ, ਸੱਜਣ ਠੱਗ, ਨਮਾਜ਼ ਦੌਲਤ ਖਾਂ ਤੇ ਗੁਰੂ ਨਾਨਕ ਦੇਵ ਜੀ, ਗੁਰੂ ਨਾਨਕ ਦੇਵ ਜੀ ਦੀ ਰੁਹੇਲਖੰਡ ਯਾਤਰਾ, ਮਿਟੀ ਧੁੰਧੁ ਜਗਿ ਚਾਨਣੁ ਹੋਆ ਆਦਿ।

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ ਹਨ ਜਿਨ੍ਹਾਂ ਨੇ ਸੱਚ ਧਰਮ ਤੇ ਵਿਸ਼ਵਾਸ ਦੀ ਖਾਤਰ ਸ਼ਹੀਦੀ ਦਿੱਤੀ ਤੇ ਸਿੱਖਾਂ ਨੂੰ ਸਤਿ ਦੀ ਪ੍ਰਾਪਤੀ ਲਈ ਦ੍ਰਿੜ ਰਹਿਣ ਤੇ ਧਰਮ ਨੂੰ ਜੀਵਨ ਦਾ ਆਧਾਰ ਬਣਾ ਕੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿਣ ਦਾ ਸੁਨੇਹਾ ਦਿੱਤਾ। ਗਿਆਨੀ ਜੀ ਨੇ ਬਹੁਤ ਹੀ ਭਾਵੁਕ ਢੰਗ ਨਾਲ ਇਤਿਹਾਸ ਦੀ ਸੀਮਾ ਅੰਦਰ ਰਹਿੰਦਿਆਂ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹੀਦੀ ਦਾ ਵਰਣਨ ਕੀਤਾ ਹੈ। ਆਪ ਦਾ ਇਕ ਪ੍ਰਸੰਗ ਮਿਲਦਾ ਹੈ: 'ਸ਼ਹੀਦੀ ਗੁਰੂ ਅਰਜਨ ਦੇਵ ਜੀ'।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮੀਰੀ-ਪੀਰੀ ਦੇ ਸੁਆਮੀ ਖੜਗਧਾਰੀ ਸਤਿਗੁਰੂ ਸਨ, ਜਿਨ੍ਹਾਂ ਨੇ ਮਾਲਾ ਦੇ ਨਾਲ ਤਲਵਾਰ ਰੱਖਣ ਦੀ ਪ੍ਰਥਾ ਪਾਈ ਤਾਂ ਕਿ ਧਰਮ, ਸਵੈ ਅਤੇ ਦੇਸ਼ ਕੌਮ ਦੀ ਰੱਖਿਆ ਕੀਤੀ ਜਾ ਸਕੇ। ਜਰਵਾਣੇ ਨੂੰ ਕੇਵਲ ਤਲਵਾਰ ਦੀ ਭਾਸ਼ਾ ਹੀ ਸਮਝ ਆਉਂਦੀ ਹੈ। ਗਿਆਨੀ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਵਿੱਚੋਂ ਕੁਝ ਮਹੱਤਵਪੂਰਨ ਘਟਨਾਵਾਂ ਲੈ ਕੇ ਯੁੱਧ ਦੇ ਮੈਦਾਨ ਵਿਚ ਮੁਗ਼ਲਾਂ ਨੂੰ ਲੋਹੇ ਦੇ ਚਣੇ ਚਬਾਉਣ ਤੇ ਪੈਂਦੇ ਖਾਂ ਵਰਗੇ ਬਲੀ ਦੀ ਹਉਮੈ ਦਾ ਨਾਸ਼ ਕਰਕੇ ਤੇਗ ਦੇ ਘਾਟ ਉਤਾਰਨ ਤਕ ਨੂੰ ਚਿਤਰਿਆ ਹੈ। ਇਹ ਪ੍ਰਸੰਗ ਬਹੁਤ ਮੁੱਲਵਾਨ ਹਨ:

ਬੰਦੀ ਛੋੜ ਤੇ ਚੰਦੂ ਦੀ ਮੌਤ, ਜੰਗ ਸੰਗਰਾਣਾ ਸਾਹਿਬ ਤੇ ਬੀਬੀ ਵੀਰੋ ਦਾ ਵਿਆਹ, ਗੁਰੂ ਹਰਿਗੋਬਿੰਦ ਸਾਹਿਬ ਨੇ ਅਵਤਾਰ ਧਾਰਿਆ, ਲਲਾ ਬੇਗ ਦਾ ਯੁੱਧ ਗੁਰੂ ਹਰਿਗੋਬਿੰਦ ਸਾਹਿਬ ਨਾਲ, ਪੈਂਦੇ ਖਾਂ ਦਾ ਯੁੱਧ ਗੁਰੂ ਹਰਿਗੋਬਿੰਦ ਨਾਲ, ਸ੍ਰੀ ਹਰਿਗੋਬਿੰਦਪੁਰ- ਛੇਵੀਂ ਪਾਤਸ਼ਾਹੀ ਦਾ ਜੰਗ ਆਦਿ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੈਰਾਗ ਦੀ ਮੂਰਤੀ ਸਨ ਜਿਨ੍ਹਾਂ ਨੇ ਇਸ ਜਗਤ ਨੂੰ ਨਾਸ਼ਵਾਨ ਦੱਸ ਕੇ ਇਸ ਨਾਲ ਮੋਹ ਤੋੜਨ ਤੇ ਸਤਿ ਦੀ ਪ੍ਰਾਪਤੀ ਲਈ ਸਰਗਰਮ ਹੋਣ ਦਾ ਉਪਦੇਸ਼ ਦਿੱਤਾ। ਸਤਿਗੁਰੂ ਨੇ ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦੀ ਪ੍ਰਾਪਤ ਕੀਤੀ ਤੇ ਔਰੰਗਜ਼ੇਬ ਵਰਗੇ ਹੈਂਕੜਬਾਜ਼ ਬਾਦਸ਼ਾਹ ਦੀ ਈਨ ਨਹੀਂ ਮੰਨੀ। ਗਿਆਨੀ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸਬੰਧਿਤ ਨਿਮਨ ਪ੍ਰਸੰਗ ਲਿਖੇ ਹਨ ਜਿਨ੍ਹਾਂ ਤੋਂ ਸਤਿਗੁਰੂ ਦੀ ਵਡਿਆਈ ਪ੍ਰਗਟ ਹੁੰਦੀ ਹੈ:

ਸ਼ਹੀਦੀ ਗੁਰੂ ਤੇਗ ਬਹਾਦਰ; ਗੁਰੂ ਤੇਗ ਬਹਾਦਰ ਜੀ ਦਾ ਗੁਰਗੱਦੀ ਬੈਠਣਾ ਆਦਿ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਲਮ ਤੇ ਕਿਰਪਾਨ ਦੇ ਧਨੀ ਸਨ ਜਿਨ੍ਹਾਂ ਨੇ ਖਾਲਸਾ ਸਾਜ਼ ਕੇ ਦੇਸ਼ ਦੀ ਹੋਣੀ ਨੂੰ ਹੀ ਬਦਲ ਕੇ ਰੱਖ ਦਿੱਤਾ। ਸਿੱਖਾਂ ਨੇ ਅਜਿਹਾ ਸੰਘਰਸ਼ ਕੀਤਾ ਕਿ ਮੁਗ਼ਲਾਂ ਦਾ ਰਾਜ-ਭਾਗ ਜਾਂਦਾ ਰਿਹਾ। ਸਿੱਖਾਂ ਨੇ ਪੰਜਾਬ 'ਤੇ ਰਾਜ ਸਥਾਪਿਤ ਕਰ ਲਿਆ। ਇਹ ਸਤਿਗੁਰੂ ਜੀ ਦੀ ਬਖ਼ਸ਼ਿਸ਼ ਕਰਕੇ ਹੀ ਸੀ। ਦਸਮ ਸਤਿਗੁਰੂ ਬਲੀ ਸਾਹਿਬ ਸਨ ਜਿਨ੍ਹਾਂ ਨੇ ਮੁਗ਼ਲਾਂ ਦੀ ਵੱਡੀ ਸੈਨਾ ਨਾਲ ਯੁੱਧ ਕੀਤੇ ਤੇ ਅਖੀਰ ਤਕ ਉਨ੍ਹਾਂ ਦੀ ਈਨ ਨਹੀਂ ਮੰਨੀ। ਸਾਹਿਬਜ਼ਾਦੇ ਸ਼ਹੀਦੀਆਂ ਪਾ ਗਏ। ਮਾਤਾ ਜੀ ਗੁਰ ਚਰਨਾਂ ਵਿਚ ਜਾ ਬਿਰਾਜੇ। ਆਪ ਨੇ ਮੁਗ਼ਲਾਂ ਨਾਲ ਕਈ ਯੁੱਧ ਕੀਤੇ। ਇਨ੍ਹਾਂ ਸਾਰੀਆਂ ਘਟਨਾਵਾਂ ਨੇ ਸੀਤਲ ਜੀ ਨੂੰ ਬਹੁਤ ਪ੍ਰਭਾਵਿਤ ਕੀਤਾ ਤੇ ਆਪ ਨੇ ਪੂਰੀ ਸਿਦਕਦਿਲੀ ਨਾਲ ਇਨ੍ਹਾਂ ਸੰਬੰਧੀ ਕਮਾਲ ਦੇ ਪ੍ਰਸੰਗ ਲਿਖੇ ਜੋ ਇਤਿਹਾਸਕ ਤੇ ਸਾਹਿਤਕ ਪੱਖੋਂ ਤਾਰੀਫ ਦੇ ਕਾਬਲ ਸਨ। ਕੁਝ ਪ੍ਰਮੁੱਖ ਪ੍ਰਸੰਗ ਹਨ:

ਉੱਚ ਦੇ ਪੀਰ ਗੁਰੂ ਗੋਬਿੰਦ ਸਿੰਘ ਜੀ, ਭੰਗਾਣੀ ਯੁੱਧ; ਰੁਸਤਮ ਖਾਂ ਦੀ ਅਨੰਦਪੁਰ 'ਤੇ

ਚੜ੍ਹਾਈ, ਗੁਰੂ ਗੋਬਿੰਦ ਸਿੰਘ ਜੀ ਨੇ ਅਵਤਾਰ ਧਾਰਿਆ, ਦਸਮੇਸ਼ ਉਸਤਤਿ, ਨਦੌਣ ਯੁੱਧ, ਵਿਦਾਇਗੀ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ, ਸਾਕਾ ਸਰਹੰਦ, ਸ਼ਹੀਦੀ ਛੋਟੇ ਸਾਹਿਬਜ਼ਾਦੇ ਆਦਿ।

ਗੁਰੂ ਸਾਹਿਬਾਨ ਦੇ ਸਮਕਾਲੀ ਸ਼ਰਧਾਲੂਆਂ ਸਿੱਖਾਂ ਤੇ ਉਨ੍ਹਾਂ ਦੇ ਆਦਰਸ਼ਾਂ 'ਤੇ ਚੱਲ ਕੇ ਸਿੱਖੀ ਦੀ ਸੇਵਾ ਕਰਨ ਜਾਂ ਕੋਈ ਕਾਰਨਾਮਾ ਕਰਨ ਜਾਂ ਸ਼ਹੀਦੀਆਂ ਪਾਉਣ ਵਾਲੇ ਸਿੱਖਾਂ ਸ਼ਰਧਾਲੂਆਂ ਨੂੰ ਸ਼ਰਧਾਂਜਲੀ ਦੇਣ ਲਈ ਸੀਤਲ ਜੀ ਨੇ ਕਈ ਪ੍ਰਸੰਗ ਲਿਖੇ ਹਨ। ਉਨ੍ਹਾਂ ਦੀ ਸਿਦਕਦਿਲੀ, ਸ਼ਰਧਾ, ਗੁਰ-ਸੇਵਾ ਜਾਂ ਗੁਰੂ ਸਾਹਿਬ ਦੇ ਸਥਾਪਿਤ ਆਦਰਸ਼ਾਂ ਨਮਿਤ ਮੌਤ ਦੀ ਪਰਵਾਹ ਨਾ ਕਰਦਿਆਂ ਦਿੱਤੀਆਂ ਸ਼ਹੀਦੀਆਂ ਬਾਰੇ ਆਪ ਨੇ ਬਹੁਤ ਡੂੰਘੀ ਤੇ ਸੱਚੀ-ਸੁੱਚੀ ਸ਼ਰਧਾ ਤੇ ਸਤਿਕਾਰ ਨਾਲ ਉਨ੍ਹਾਂ ਦੀ ਮਹਿਮਾ ਦਾ ਗਾਇਨ ਕਰਦਿਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਨੌਜਵਾਨਾਂ ਨੂੰ ਪ੍ਰੇਰਨਾ ਦੇਣ ਲਈ ਬਹੁਤ ਸਾਰੇ ਪ੍ਰਸੰਗ ਲਿਖੇ ਹਨ ਜਿਨ੍ਹਾਂ ਤੋਂ ਸਿੱਖਾਂ ਦੀ ਗੁਰੂ ਪ੍ਰਤੀ ਸ਼ਰਧਾ ਤੇ ਬਹਾਦਰੀ ਦਾ ਗਿਆਨ ਹੁੰਦਾ ਹੈ। ਆਪ ਨੇ ਇਤਿਹਾਸ ਤੇ ਸਾਹਿਤ ਦਾ ਸੁਮੇਲ ਕਰ ਕੇ ਕਮਾਲ ਦੇ ਪ੍ਰਸੰਗ ਲਿਖੇ ਹਨ, ਜਿਵੇਂ:

ਗੁਰੂ-ਘਰ ਦੇ ਨਿਕਟਵਰਤੀ ਤੇ ਬਹਾਦਰ ਸਿੰਘਾਂ ਦੇ ਪ੍ਰਸੰਗ, ਭਾਈ ਬਿਧੀ ਚੰਦ ਨੇ ਘੋੜੇ ਲਿਆਂਦੇ, ਸ਼ਹੀਦੀ ਭਾਈ ਮਨੀ ਸਿੰਘ, ਸ਼ਹੀਦ ਬਾਬਾ ਗੁਰਬਖਸ਼ ਸਿੰਘ, ਭਾਈ ਜੋਗਾ ਸਿੰਘ, ਸ਼ਹੀਦ ਸ. ਊਧਮ ਸਿੰਘ, ਬਚਿੱਤਰ ਸਿੰਘ ਦਾ ਹਾਥੀ ਨਾਲ ਜੰਗ, ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ, ਸ਼ਹੀਦੀ ਭਾਈ ਬੋਤਾ ਸਿੰਘ, ਸ. ਅਘੜ ਸਿੰਘ ਦੀ ਬਹਾਦਰੀ ਤੇ ਮੋਮਨ ਖਾਂ ਦੀ ਮੌਤ, ਭਾਈ ਸੁੱਖਾ ਸਿੰਘ ਸ਼ਹੀਦ, ਸ਼ਹੀਦ ਗੰਜ ਸਿੰਘਣੀਆਂ, ਸ਼ਹੀਦ ਭਾਈ ਤਾਰੂ ਸਿੰਘ, ਬਾਬਾ ਬੰਦਾ ਸਿੰਘ ਦੀ ਸਰਹਿੰਦ ਉਤੇ ਫਤਹਿ ਅਤੇ ਵਜ਼ੀਰ ਖਾਂ ਦੀ ਮੌਤ, ਭਾਈ ਗੁਰਦਾਸ ਦੇ ਸਿਦਕ ਦੀ ਪਰਖ, ਭਾਈ ਲੱਧਾ ਪਰਉਪਕਾਰੀ ਤੇ ਰਬਾਬੀ ਸੱਤਾ ਬਲਵੰਡ, ਅਬਦਾਲੀ ਦਾ ਨੌਵਾਂ ਹਮਲਾ ਤੇ ਸਿੰਘ ਨੇ ਢੱਕਾਂ ਛਡਾਉਣੀਆਂ, ਸਿੰਘਾਂ ਨੇ ਜਲਾਲਾਬਾਦ ਮਾਰ ਕੇ ਪੰਡਤਾਂ ਦੀ ਕੁੜੀ ਛੁਡਾਉਣੀ, ਵੱਡਾ ਘੱਲੂਘਾਰਾ, ਰੁਸਤਮ ਖਾਂ ਦੀ ਅਨੰਦਪੁਰ 'ਤੇ ਚੜ੍ਹਾਈ, ਜਰਨੈਲ ਹੁਸੈਨੀ ਤੇ ਕ੍ਰਿਪਾਲ ਦੀ ਮੌਤ, ਸ਼ਹੀਦੀ ਬਾਬਾ ਦੀਪ ਸਿੰਘ, ਪ੍ਰਸੰਗ ਬਾਬਾ ਆਦਮ ਤੇ ਭਾਈ ਭਗਤੂ, ਸ਼ਹੀਦੀ ਸ. ਮਹਾਂ ਸਿੰਘ, ਜੰਗ ਰਾਮ ਰਉਣੀ, ਮੀਰ ਮੰਨੂ ਦੀ ਸਿੰਘਾਂ ਨਾਲ ਪਹਿਲੀ ਲੜਾਈ, ਅਬਦਾਲੀ ਦਾ ਅਠਵਾਂ ਹੱਲਾ, ਉਸਮਾਨ ਖਾਂ ਦਾ ਕਤਲ ਪੰਡਤਾਣੀ ਛੁਡਾਈ, ਭਾਈ ਡੱਲੇ ਦਾ ਸਿਦਕ, ਸ਼ਹੀਦੀ ਭਾਈ ਤਾਰਾ ਸਿੰਘ, ਵੱਡਾ ਘੱਲੂਘਾਰਾ, ਮੱਸੇ ਦੀ ਮੌਤ, ਸੈਦਖਾਨ ਆਦਿ।

ਅਠ੍ਹਾਰਵੀਂ ਸਦੀ ਵਿਚ ਸਿੱਖ-ਮੁਗ਼ਲ ਸੰਘਰਸ਼ ਬੜਾ ਭਿਆਨਕ ਰੂਪ ਧਾਰਨ ਕਰ ਗਿਆ। ਮੁਗਲਾਂ ਨੇ ਸਿੱਖਾਂ ਦਾ ਬੀਜ-ਨਾਸ ਕਰਨ ਦੀ ਸਹੁੰ ਖਾ ਲਈ ਪਰ ਗੁਰੂ-ਕਿਰਪਾ ਨਾਲ ਸਿੱਖਾਂ ਨੇ ਇਸ ਭਿਆਨਕ ਜ਼ੁਲਮੀ ਹਮਲਿਆਂ ਦਾ ਡੱਟ ਕੇ ਮੁਕਾਬਲਾ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਨੰਗੇ ਧੜ ਛੋਟੇ-ਮੋਟੇ ਹਥਿਆਰਾਂ ਨਾਲ ਮੁਗਲ ਸੈਨਾ ਦੀ ਨੀਂਦ ਹਰਾਮ ਨਹੀਂ ਕੀਤੀ ਸਗੋਂ ਵੱਡੀ ਗਿਣਤੀ ਵਿਚ ਸ਼ਹੀਦੀਆਂ ਪ੍ਰਾਪਤ ਕਰਦਿਆਂ ਉਨ੍ਹਾਂ ਉੱਪਰ ਮਾਰੂ ਵਾਰ ਵੀ ਕੀਤੇ ਅਤੇ ਆਖਰਕਾਰ ਸਿੱਖਾਂ ਨੇ ਜਿੱਤ ਹਾਸਲ ਕਰ ਕੇ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ ਖਾਲਸਾ ਰਾਜ ਕਾਇਮ ਕਰ ਲਿਆ। ਗਿਆਨੀ ਜੀ ਨੇ ਬਹੁਤ ਭਾਵਪੂਰਤ ਕੁਝ ਪ੍ਰਸੰਗ ਇਸ ਕਾਲ ਨਾਲ ਸਬੰਧਿਤ ਲਿਖੇ ਹਨ:

ਸ਼ਾਹ ਜ਼ਮਾਨ ਦਾ ਆਖਰੀ ਹਮਲਾ ਰਣਜੀਤ ਸਿੰਘ ਦੀ ਬਹਾਦਰੀ, ਕਸ਼ਮੀਰ ਫ਼ਤਿਹ

ਕਰ ਕੇ ਸਿੱਖ ਰਾਜ ਵਿਚ ਮਿਲਾਉਣਾ, ਜੰਗ ਹਜਰੋ, ਸਿੱਖਾਂ ਦਾ ਅਟਕ 'ਤੇ ਕਬਜ਼ਾ, ਕੰਵਰ ਨੌਨਿਹਾਲ ਸਿੰਘ ਦਾ ਵਿਆਹ ਆਦਿ।

ਗਿਆਨੀ ਸੋਹਣ ਸਿੰਘ ਸੀਤਲ ਬਹੁਤ ਚੇਤੰਨ ਇਤਿਹਾਸਕਾਰ ਤੇ ਢਾਡੀ ਸਨ ਜਿਨ੍ਹਾਂ ਨੇ ਸਮਕਾਲੀ ਸੰਘਰਸ਼ ਨੂੰ ਵੀ ਆਪਣੀ ਰਚਨਾ ਦਾ ਵਿਸ਼ਾ ਬਣਾਇਆ ਤੇ ਪੂਰੀ ਸ਼ਰਧਾ ਤੇ ਦਿਲੀ ਸਤਿਕਾਰ ਨੂੰ ਦਰਸਾਉਣ ਲਈ ਕੁਝ ਪ੍ਰਸੰਗ ਲਿਖੇ ਜਿਵੇਂ:

ਗੱਡੀ ਪੰਜਾ ਸਾਹਿਬ, ਗੱਡੀ ਨਨਕਾਣਾ ਸਾਹਿਬ (ਤਿੰਨ ਭਾਗ), ਚਲ ਸਿੰਘਾ ਚੱਲੀਏ ਨਨਕਾਣੇ, ਸ਼ਹੀਦੀ ਸ. ਦਰਸ਼ਨ ਸਿੰਘ ਫੇਰੂਮਾਨ, ਸ਼ਹੀਦੀ ਊਧਮ ਸਿੰਘ, ਚਲੋ ਨਨਕਾਣੇ ਆਦਿ।

ਉਪਰੋਕਤ ਸਰਵੇਖਣ ਤੋਂ ਸਪਸ਼ਟ ਹੈ ਕਿ ਗਿਆਨੀ ਸੋਹਣ ਸਿੰਘ ਜੀ ਸੀਤਲ ਨੇ ਗੁਰ-ਉਪਮਾ, ਗੁਰ ਇਤਿਹਾਸ, ਸਿੱਖ ਇਤਿਹਾਸ ਬਾਰੇ ਕਾਫੀ ਪ੍ਰਸੰਗਾਂ ਦੀ ਰਚਨਾ ਕਰਕੇ ਜਿੱਥੇ ਸਿੱਖ ਇਤਿਹਾਸ ਨੂੰ ਕਾਵਿਕ-ਰੰਗ ਵਿਚ ਸਾਂਭਣ ਦਾ ਜਤਨ ਕੀਤਾ ਉੱਥੇ ਨਵੀਂ ਪੀੜ੍ਹੀ ਨੂੰ ਗੁਰ-ਇਤਿਹਾਸ ਤੇ ਸਿੱਖ-ਇਤਿਹਾਸ ਨਾਲ ਜੋੜਨ ਦਾ ਅਹਿਮ ਕਾਰਜ ਕੀਤਾ ਜਿਸ ਦੀ ਜਿੰਨੀ ਉਪਮਾ ਹੋਵੇ ਥੋੜ੍ਹੀ ਹੈ। ਭਵਿੱਖ ਵਿਚ ਵੀ ਇਹ ਰਚਨਾਵਾਂ ਸਿੱਖੀ ਨੂੰ ਵਿਗਸਿਤ ਤੇ ਪ੍ਰਭਾਵਿਤ ਕਰਨ ਵਿਚ ਸਹਾਈ ਹੋਣਗੀਆਂ।

■

ਸੀਤਲ ਰਚਿਤ ਕਾਵਿ-ਸੰਗ੍ਰਹਿ ਸੱਜਰੇ ਹੰਝੂ:ਇਕ ਅਧਿਐਨ

-ਬੀਬੀ ਪ੍ਰਭਜੀਤ ਕੌਰ
-ਬੀਬੀ ਪਰਮਜੀਤ ਕੌਰ

ਗਿਆਨੀ ਸੋਹਣ ਸਿੰਘ ਜੀ ਸੀਤਲ ਪੰਜਾਬੀ ਸਾਹਿਤ ਜਗਤ ਵਿਚ ਵਿਲੱਖਣ, ਹਸਤਾਖ਼ਰ ਹਨ। ਉਹ ਇਕ ਸਾਧਾਰਨ ਜਿਹੇ ਪਰਵਾਰ ਵਿਚ ਜਨਮੇ। ਉਨ੍ਹਾਂ ਆਪਣੇ ਮਾਤਾ-ਪਿਤਾ ਦੀ ਪ੍ਰੇਰਨਾ ਸਦਕਾ ਪੜ੍ਹਾਈ ਵਿਚ ਮਨ ਇਕਾਗਰ ਕੀਤਾ। ਇਸੇ ਦੌਰਾਨ ਉਨ੍ਹਾਂ ਨੂੰ ਪੜ੍ਹਨ ਦੀ ਚੇਟਕ ਲੱਗ ਗਈ। ਬਚਪਨ ਵਿਚ ਜਦ ਉਨ੍ਹਾਂ ਬਹੁਤ ਸਾਰੇ ਕਿੱਸੇ ਪੜ੍ਹੇ ਤਾਂ ਉਨ੍ਹਾਂ ਦੇ ਮਨ ਵਿਚ ਤੁਕਬੰਦੀ ਹੋਣ ਲੱਗੀ। ਬਾਲ ਸੋਹਣ ਸਿੰਘ ਸੀਤਲ ਮਨ ਹੀ ਮਨ ਕੋਈ ਰਚਨਾ ਰਚਣ ਲਈ ਉਤਸ਼ਾਹਿਤ ਰਹਿੰਦਾ। ਸਾਹਿਤ ਦੇ ਸਾਰੇ ਰੂਪਾਂ ਵਿੱਚੋਂ ਸਭ ਤੋਂ ਪਹਿਲਾਂ ਉਨ੍ਹਾਂ ਕ੍ਵਿਤਾ 'ਤੇ ਹੱਥ ਅਜ਼ਮਾਇਆ। ਗਿਆਨੀ ਸੋਹਣ ਸਿੰਘ ਸੀਤਲ ਨੇ ਪੰਜਾਬੀ ਸਾਹਿਤ ਨੂੰ ੧੯ ਵਾਰ ਸੰਗ੍ਰਹਿ, ਤਿੰਨ ਕਾਵਿ-ਸੰਗ੍ਰਹਿ, ਦੋ ਗੀਤ-ਸੰਗ੍ਰਹਿ, ਗਿਆਰਾਂ ਇਤਿਹਾਸਕ ਕਿਤਾਬਾਂ, ਦੋ ਦਰਜਨ ਦੇ ਲੱਗਭਗ ਨਾਵਲ ਅਤੇ ਚਾਰ ਕਥਾ-ਸੰਗ੍ਰਹਿ ਦਿੱਤੇ। ਇਨ੍ਹਾਂ ਸਾਹਿਤਕ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

੧. **ਕਵਿਤਾ** : ਵਹਿੰਦੇ ਹੰਝੂ, ਸੱਜਰੇ ਹੰਝੂ, ਦਿਲ ਦਰਿਆ

੨. **ਗੀਤ** : ਕੇਸਰੀ ਦੁਪੱਟਾ, ਜਦ ਮੈਂ ਗੀਤ ਲਿਖਦਾ ਹਾਂ

੩. **ਢਾਡੀ ਵਾਰਾਂ** : ਸੀਤਲ ਕਿਰਣਾਂ, ਸੀਤਲ ਸੁਨੇਹੇ, ਸੀਤਲ ਹੰਝੂ, ਸੀਤਲ ਹੁਲਾਰੇ, ਸੀਤਲ ਤਰੰਗਾਂ, ਸੀਤਲ ਪ੍ਰਸੰਗ, ਸੀਤਲ ਪ੍ਰਕਾਸ਼, ਸੀਤਲ ਤਰਾਨੇ, ਸੀਤਲ ਵਾਰਾਂ, ਸੀਤਲ ਤਾਘਾਂ, ਸੀਤਲ ਵਲਵਲੇ, ਸੀਤਲ ਚੰਗਿਆੜੇ, ਸੀਤਲ ਚਮਕਾਂ, ਸੀਤਲ ਰਮਜ਼ਾਂ, ਸੀਤਲ ਉਮੰਗਾਂ, ਸੀਤਲ ਅੰਗਿਆਰੇ, ਸੀਤਲ ਮੁਨਾਰੇ, ਸੀਤਲ ਸੁਗਾਤਾਂ।

੪. **ਇਤਿਹਾਸਕ ਕਿਤਾਬਾਂ** : ਮਨੁੱਖਤਾ ਦੇ ਗੁਰੂ (ਦਸ ਪਾਤਸ਼ਾਹੀਆਂ), ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਬਾਬਾ ਬੰਦਾ ਸਿੰਘ, ਸਿੱਖ ਰਾਜ ਕਿਵੇਂ ਬਣਿਆ, ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ਸਿੱਖ ਰਾਜ ਤੇ ਸ਼ੇਰੇ ਪੰਜਾਬ, ਸਿੱਖ ਰਾਜ ਕਿਵੇਂ ਗਿਆ, ਦੁਖੀਏ ਮਾਂ-ਪੁੱਤ, ਪੰਜਾਬ ਦਾ ਉਜਾੜਾ।

੫. **ਨਾਵਲ** : ਈਚੋਗਿਲ ਨਹਿਰ ਤਕ, ਸੁੰਵਾ ਆਹਲਣਾ, ਮੁੱਲ ਦਾ ਮਾਸ, ਪਤਵੰਤੇ ਕਾਤਲ, ਵਿਜੋਗਣ, ਦੀਵੇ ਦੀ ਲੋਅ, ਬਦਲਾ, ਅੰਨ੍ਹੀ ਸੁੰਦਰਤਾ, ਜੰਗ ਜਾਂ ਅਮਨ, ਤੂਤਾਂ ਵਾਲਾ ਖੂਹ, ਜੁੱਗ ਬਦਲ ਗਿਆ, ਕਾਲੇ ਪਰਛਾਵੇਂ, ਪ੍ਰੀਤ ਤੇ ਪੈਸਾ, ਧਰਤੀ ਦੇ ਦੇਵਤੇ, ਪ੍ਰੀਤ ਕਿ ਰੂਪ, ਧਰਤੀ ਦੀ ਬੇਟੀ, ਮਹਾਰਾਣੀ ਜਿੰਦਾਂ, ਮਹਾਰਾਜਾ ਦਲੀਪ ਸਿੰਘ, ਹਿਮਾਲਿਆ ਦੇ ਰਾਖੇ, ਸੁਰਗ ਸਵੇਰਾ, ਸਭੇ ਸਾਝੀਵਾਲ ਸਦਾਇਨਿ,ਜਵਾਲਾਮੁਖੀ।

੬. **ਕਹਾਣੀ ਸੰਗ੍ਰਹਿ** : ਕਦਰਾਂ ਬਦਲ ਗਈਆਂ, ਅੰਤਰਜਾਮੀ।

੭. **ਨਾਟਕ** : ਸੰਤ ਲਾਧੋ ਰੇ, ਲੋਕ ਸੇਵਕ।

ਇਸ ਤਰ੍ਹਾਂ ਗਿਆਨੀ ਸੋਹਣ ਸਿੰਘ ਸੀਤਲ ਹੋਰਾਂ ਦੀ ਗਿਣਾਤਮਕ ਪੱਖੋਂ ਪੰਜਾਬੀ

ਸਾਹਿਤ ਨੂੰ ਅਮੁੱਲ ਦੇਣ ਹੈ। ਸੀਤਲ ਜੀ ਦੀ ਬਹੁਤੀ ਪ੍ਰਸਿੱਧੀ ਨਾਵਲਕਾਰ ਤੇ ਢਾਡੀ ਵਜੋਂ ਹੋਈ ਹੈ। ਪਰ ਉਨ੍ਹਾਂ ਦੀ ਕਲਮ ਨੇ ਸਭ ਤੋਂ ਪਹਿਲਾਂ ਕਵਿਤਾ ਲਿਖੀ। ਉਨ੍ਹਾਂ ਦੀਆਂ ਰਚਨਾਵਾਂ ਨੂੰ ਪਾਠਕ ਬੜੀ ਰੌਚਕਤਾ ਨਾਲ ਪੜ੍ਹਦੇ ਆ ਰਹੇ ਹਨ। ਪਰ ਇਥੇ ਵਿਚਾਰਨਯੋਗ ਗੱਲ ਇਹ ਹੈ ਕਿ ਪਾਠਕਾਂ ਜਾਂ ਆਲੋਚਕਾਂ ਨੇ ਗਿਆਨੀ ਸੋਹਣ ਸਿੰਘ ਸੀਤਲ ਦੀ ਕਾਵਿ-ਰਚਨਾ 'ਤੇ ਕੋਈ ਖੋਜ ਕਾਰਜ ਕਰਨ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ। ਇਥੇ ਅਸੀਂ ਗਿਆਨੀ ਸੋਹਣ ਸਿੰਘ ਸੀਤਲ ਰਚਿਤ ਕਾਵਿ-ਸੰਗ੍ਰਹਿ 'ਸੱਜਰੇ ਹੰਝੂ' ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਪ੍ਰਿੰ. ਤੇਜਾ ਸਿੰਘ ਦਾ ਕਥਨ ਹੈ ਕਿ ਜਿੱਥੇ ਰਵੀ ਨਹੀਂ ਉਥੇ ਕਵੀ। ਭਾਵ ਜਿੱਥੇ ਸੂਰਜ ਦੀ ਰੌਸ਼ਨੀ ਨਹੀਂ ਪਹੁੰਚ ਸਕਦੀ ਉਥੇ ਕਵੀ ਦੀ ਕਲਪਨਾ ਪਹੁੰਚ ਜਾਂਦੀ ਹੈ। ਕਵੀ ਆਪਣੀ ਕਲਪਨਾ ਦੁਆਰਾ ਜਿਹੜਾ ਬਿੰਬ ਪੇਸ਼ ਕਰਦਾ ਹੈ ਉਸ ਵਿਚ ਜ਼ਿੰਦਗੀ ਦਾ ਸੱਚ ਵੀ ਵਿਦਮਾਨ ਹੁੰਦਾ ਹੈ। ਹਰ ਮਨੁੱਖ ਕਵਿਤਾ ਨਹੀਂ ਲਿਖ ਸਕਦਾ। ਕਵਿਤਾ ਲਿਖਣ ਵਾਲਾ ਮਨੁੱਖ ਜ਼ਿੰਦਗੀ ਦੇ ਸੂਖਮ ਅਨੁਭਵਾਂ ਨੂੰ ਪੇਸ਼ ਕਰਦਾ ਹੈ, ਜਿਸ ਤੋਂ ਪਾਠਕ ਨੂੰ ਸੇਧ ਮਿਲਦੀ ਹੈ। ਇਸ ਸੰਬੰਧੀ ਸੋਹਣ ਸਿੰਘ ਸੀਤਲ ਆਪ ਲਿਖਦੇ ਹਨ ਕਿ ਉਨ੍ਹਾਂ ਦੀ ਰਚਿਤ ਕਵਿਤਾ ਉਨ੍ਹਾਂ ਦੇ ਜੀਵਨ-ਅਨੁਭਵਾਂ ਦਾ ਹਿੱਸਾ ਹੈ:

> "ਮੈਂ ਏਨਾ ਹੀ ਕਹਿ ਦੇਣਾ ਕਾਫ਼ੀ ਸਮਝਦਾ ਹਾਂ, ਉਹ ਕਵਿਤਾਵਾਂ ਮੇਰਾ ਮੁੱਢਲਾ ਅਭਿਆਸ ਹੁੰਦਿਆਂ ਹੋਇਆਂ ਵੀ, ਉਨ੍ਹਾਂ ਵਿਚ ਮੇਰੇ ਵਿਚਾਰ ਤੇ ਜ਼ਿੰਦਗੀ ਦਾ ਤਜ਼ਰਬਾ ਹੈ ਤੇ ਕੁਝ ਕਵਿਤਾਵਾਂ ਮੇਰੇ ਉਸ ਜੀਵਨ ਨਾਲ ਸੰਬੰਧ ਰੱਖਦੀਆਂ ਹਨ।"[੧]

'ਸੱਜਰੇ ਹੰਝੂ' ਕਾਵਿ-ਸੰਗ੍ਰਹਿ ਗਿਆਨੀ ਸੋਹਣ ਸਿੰਘ ਸੀਤਲ ਹੋਰਾਂ ਨੇ ੧੯੬੦ ਈ. ਵਿਚ ਲਿਖਿਆ। ਇਸ ਵਿਚ ੩੪ ਕਵਿਤਾਵਾਂ ਤੇ ਚੌਬੰਦ ਅਧੀਨ ਕਾਵਿ-ਟੋਟਕੇ ਹਨ। ਇਹ ਕਾਵਿ-ਸੰਗ੍ਰਹਿ ਉਨ੍ਹਾਂ ਮਾਂ-ਬੋਲੀ ਨੂੰ ਸਮਰਪਿਤ ਕੀਤਾ ਹੈ। ਇਸ ਕਾਵਿ-ਸੰਗ੍ਰਹਿ ਵਿਚ ਕਵੀ ਨੇ ਬਹੁਵੰਨਗੀ ਦੀਆਂ ਰਚਨਾਵਾਂ ਰਚੀਆਂ ਹਨ। ਇਸ ਕਾਵਿ-ਸੰਗ੍ਰਹਿ ਵਿਚ ਇਤਿਹਾਸਕ, ਸਮਾਜ ਤੇ ਮਨੁੱਖੀ ਮਨ ਦੀ ਤਰਜ਼ਮਾਨੀ ਕਰਨ ਵਾਲੀਆਂ ਕਵਿਤਾਵਾਂ ਵਿਦਮਾਨ ਹਨ।

ਗਿਆਨੀ ਸੋਹਣ ਸਿੰਘ ਸੀਤਲ ਧਾਰਮਿਕ ਵਿਚਾਰਾਂ ਦੇ ਧਾਰਨੀ ਸਨ। ਉਨ੍ਹਾਂ ਦੀਆਂ ਕਵਿਤਾਵਾਂ ਵਿਚ ਪਰਮਾਤਮਾ ਨੂੰ ਮਿਲਣ ਦੀ ਤਾਂਘ ਵਿਦਮਾਨ ਹੈ। ਉਨ੍ਹਾਂ ਸਿੱਖ ਗੁਰਦੁਆਰਿਆਂ ਵਿਚ ਮਾਨਵਤਾ ਦੇ ਸਤਿਕਾਰ ਨੂੰ ਪੇਸ਼ ਕਰਦਿਆਂ ਲਿਖਿਆ ਹੈ ਕਿ ਇਹ ਧਾਰਮਿਕ ਸਥਾਨ ਏਕਤਾ ਦਾ ਸੰਕਲਪ ਸਿਰਜਦੇ ਹਨ:

ਖੁੱਲ੍ਹਾ ਦਰ ਹਰਦਮ, ਹਰ ਬਦਲੇ, ਹਰ ਕੋਈ ਆਵੇ ਜਾਵੇ
ਨਾ ਕੋਈ ਪੁੱਛੇ, ਨਾ ਕੋਈ ਦੱਸੇ, ਨਾ ਕੋਈ ਅਟਕਾਵੇ
ਚੰਗੇ-ਮੰਦੇ, ਬੁਰੇ-ਭਲੇ ਦੀ, ਸਭ ਦੀ ਹੋਏ ਸਮਾਈ
'ਨਾ ਕੋ ਬੈਰੀ ਨਹੀ ਬਿਗਾਨਾ', ਹਰ ਕੋਈ ਆਦਰ ਪਾਵੇ।[੨]

ਸੀਤਲ ਜੀ ਦਾ ਕਵੀ ਮਨ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਤਾਂਘਦਾ ਹੈ। ਉਨ੍ਹਾਂ ਦੀ ਕਵਿਤਾ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਸਾਖੀਆਂ ਦੇ ਆਧਾਰ 'ਤੇ ਗੁਰੂ ਸਾਹਿਬ ਦੀ ਮਹਿਮਾ ਗਾਈ ਹੈ। ਇਸ ਤਰ੍ਹਾਂ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਸੰਬੰਧੀ ਕਵਿਤਾਵਾਂ ਲਿਖੀਆਂ ਹਨ।

'ਕੁਰਬਾਨੀ ਦਾ ਜਨਮ' ਕਵਿਤਾ ਵਿਚ ਗਿਆਨੀ ਸੋਹਣ ਸਿੰਘ ਸੀਤਲ ਹੋਰਾਂ ਨੇ ਸਿੱਖ ਧਰਮ ਵਿਚ ਸ਼ਹੀਦੀ ਦੇ ਅਰੰਭਿਕ ਇਤਿਹਾਸ ਨੂੰ ਉਲੀਕਿਆ ਹੈ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਗੱਲ ਕਰਦਿਆਂ ਉਹ ਮਨਸੂਰ ਦੀ ਸ਼ਹੀਦੀ ਦਾ ਉਲੇਖ ਕਰਦੇ ਹਨ:

ਸੜਦੀ ਲੋਹ ਦੀ ਹਿੱਕ 'ਤੇ ਨੂਰ ਰੱਬੀ
ਤੱਕ ਕੇ ਕਥਾ ਕੋਹਤੂਰ ਦੀ ਯਾਦ ਆਈ
ਲੰਬੂ ਸਿਰੇ ਉੱਚੇ ਹੋ ਕੇ ਨਿਕਲੇ ਜਾਂ
ਭੁੱਲੀ ਸੂਲੀ ਮਨਸੂਰ ਦੀ ਯਾਦ ਆਈ।[3]

'ਹਿੰਦ ਦੀ ਚਾਦਰ' ਕਵਿਤਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਹੈ। ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੋਂ ਪਾਠਕਾਂ ਨੂੰ ਸੇਧ ਲੈਣ ਲਈ ਪ੍ਰੇਰਨਾ ਦਿੰਦੇ ਹਨ:

ਨਾਵੇਂ ਗੁਰੂ ਦੇ ਸਿੱਖ ਅਖਵਾਉਣ ਵਾਲੇ
ਸਿੱਖਿਆ ਸਿੱਖ ਉਹਦੀ ਖ਼ਬਰਦਾਰ ਹੋ ਜਾ
ਜਿਵੇਂ ਧਰਮ 'ਤੇ ਉਹ ਸ਼ਹੀਦ ਹੋਏ
ਉਵੇਂ ਮਰਨ ਦੇ ਲਈ ਤਿਆਰ ਹੋ ਜਾ
ਨਹੀਂਗਾ ਸਿੱਖ ਦਾ ਧਰਮ ਗ਼ੁਲਾਮ ਰਹਿਣਾ
ਆਪਣਾ ਫ਼ਰਜ਼ ਪਛਾਣ ਹੁਸ਼ਿਆਰ ਹੋ ਜਾ
ਲੱਤ ਮਾਰ ਗ਼ੁਲਾਮੀ ਦੀਆਂ ਚੂਰੀਆਂ ਨੂੰ
ਖੁੱਲ੍ਹੀ ਪੌਣ ਦਾ ਹੁਣ ਤਲਬਗਾਰ ਹੋ ਜਾ।[4]

ਸੀਤਲ ਜੀ ਨੇ 'ਦਸਮੇਸ਼ ਗੁਰੂ ਤਾਰਦਾ' ਕਵਿਤਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਨੂੰ ਗਾਇਆ ਹੈ। 'ਮਾਛੀਵਾੜੇ ਦੇ ਜੰਗਲ ਵਿਚ' ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਾਛੀਵਾੜੇ ਦੇ ਜੰਗਲਾਂ ਵਿਚ ਵਿਸ਼ਰਾਮ ਕਰਨ ਦੀ ਵਿਥਿਆ ਨੂੰ ਕਰੁਣਾ ਤੇ ਬੀਰ ਰਸ ਅਧੀਨ ਬਿਆਨਿਆ ਹੈ। ਉਨ੍ਹਾਂ ਦਾ ਮਕਸਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖ ਧਰਮ ਨੂੰ ਲਾਸਾਨੀ ਦੇਣ ਨੂੰ ਪ੍ਰਗਟ ਕਰਨਾ ਹੈ। ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਹਾਦਰੀ ਦੇ ਸਜੀਵ ਬਿੰਬ ਇਵੇਂ ਉਸਾਰੇ ਹਨ ਕਿ ਪਾਠਕ ਕਵਿਤਾ ਪੜ੍ਹ ਕੇ ਉਤਸ਼ਾਹਿਤ ਹੋ ਜਾਂਦੇ ਹਨ। ਜਿਵੇਂ ਕਵਿਤਾ ਦੀਆਂ ਸਤਰਾਂ ਹਨ:

ਸ਼ੇਰਾ ਸੁੱਤਿਆ ਅਜੇ ਵੀ ਤੇਗ ਤੇਰੀ
ਪਈ ਵਿਚ ਮਿਆਨ ਦੇ ਫਰਕਦੀ ਏ
ਜਦੋਂ ਰੋਹ ਵਿਚ ਹਿੱਲੇ ਕਮਾਨ ਤੇਰੀ
ਅਰਸ਼ ਕੰਬਦਾ ਏ, ਦੁਨੀਆਂ ਥਰਕਦੀ ਏ।[5]

ਇਸ ਤਰ੍ਹਾਂ ਸੀਤਲ ਜੀ ਦਾ ਮਨੋਰਥ ਸਿੱਖ ਧਰਮ ਦੀਆਂ ਅਥਾਹ ਕੁਰਬਾਨੀਆਂ ਨੂੰ ਸਮੂਰਤ ਕਰਨਾ ਹੈ। ਉਨ੍ਹਾਂ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੂਰਬੀਰ ਵਜੋਂ ਪ੍ਰਗਟਾਇਆ ਉਥੇ ਗੁਰੂ ਜੀ ਦੇ ਦਿਆਲੂ ਸੁਭਾਅ ਨੂੰ ਵੀ ਚਿਤਰਿਆ ਜੋ ਚਾਲੀ ਮੁਕਤਿਆਂ ਨੂੰ ਮੁਆਫ਼ ਕਰ ਦਿੰਦੇ ਹਨ। ਸੀਤਲ ਜੀ ਨੇ ਇਸ ਇਤਿਹਾਸਕ ਘਟਨਾ ਨੂੰ 'ਟੁੱਟੀ ਗੰਢੀ' ਕਵਿਤਾ ਵਿਚ ਪੇਸ਼ ਕੀਤਾ ਹੈ। ਗਿਆਨੀ ਸੋਹਣ ਸਿੰਘ ਸੀਤਲ ਦਾ ਕਵੀ ਮਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਨੂੰ ਲੋਚਦਾ ਹੈ। ਉਹ ਮਨ ਹੀ ਮਨ ਕਿਆਸਦਾ ਹੈ ਕਿ ਕਾਸ਼! ਉਹ ਵੀ ਪੰਜਾਂ

ਪਿਆਰਿਆਂ ਵਾਂਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਸੇਵਨ ਕਰਦਾ:

ਜਿਵੇਂ 'ਪੰਜਾਂ' ਨੂੰ ਕੇਸਗੜ੍ਹ ਦਰਸ ਹੋਇਆ
'ਕੇਰਾਂ ਮੈਨੂੰ ਵੀ ਉਵੇਂ ਦੀਦਾਰ ਹੋਵੇ
ਮੇਰਾ ਸੀਸ ਹੋਵੇ ਚਰਨ-ਭੇਟ ਤੇਰੀ
ਧਰਸਾਂ ਚਰਨ ਤੇਰੇ ਏਹੋ ਚਾਹ ਮੇਰੀ
ਜਾਨ ਕੱਢ ਕੇ ਨਵੇਂ ਪਰਾਣ ਪਾਏਂ।[੬]

ਕਵੀ ਸੋਹਣ ਸਿੰਘ ਸੀਤਲ ਨੇ ਅੰਮ੍ਰਿਤ ਦੀ ਮਹਾਨਤਾ ਸੰਬੰਧੀ 'ਖੰਡੇ ਦੀ ਕਰਾਮਾਤ' ਕਵਿਤਾ ਲਿਖੀ। ਇਸ ਕਵਿਤਾ ਵਿਚ ਉਨ੍ਹਾਂ ਪੰਜਾਂ ਪਿਆਰਿਆਂ ਦੀ ਸਾਜ਼ਣਾ ਤੇ ਫਿਰ ਸਿੱਖ ਇਤਿਹਾਸ ਵਿਚ ਹਰੀ ਚੰਦ, ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਅਤੇ ਬਾਬਾ ਦੀਪ ਸਿੰਘ ਜੀ ਦੀਆਂ ਸ਼ਹੀਦੀਆਂ ਨੂੰ ਅੰਮ੍ਰਿਤ ਦੀ ਕਰਾਮਾਤ ਮੰਨਿਆ ਹੈ:

ਉਦੋਂ ਅੰਮ੍ਰਿਤ ਦਾ ਅਸਲ ਆਇਆ
ਜਦੋਂ ਤੇਗ਼ ਦੀ ਧਾਰ ਅਸਵਾਰ ਹੋਏ
ਉਦੋਂ ਸਿੱਖ ਕੁਰਬਾਨੀ ਦੀ ਮੌਜ ਵੇਖੀ
ਜਦੋਂ ਤੀਰ ਸਰੀਰ 'ਚੋਂ ਪਾਰ ਹੋਏ
ਲਾਲੀ ਚੜ੍ਹੀ 'ਅਜੀਤ' ਦੇ ਮੁੱਖ ਉੱਤੇ
ਜਦੋਂ ਜੰਗ ਵਿਚ ਸਾਹਮਣੇ ਵਾਰ ਹੋਏ
ਮੌਤ ਨਦੀ ਤੋਂ ਪਾਰ ਦਿਲਦਾਰ ਦਿੱਸਿਆ
ਤਾਹੀਏਂ ਤੇਗ਼ ਦੀ ਭੇਟ 'ਜੁਝਾਰ' ਹੋਏ
ਤਲੀ ਸੀਸ ਧਰ, ਪਿਆਰੇ ਦੀ ਗਲੀ ਵੜਿਆ
ਮਾਣੀ ਦੀਪ ਸਿੰਘ ਮੌਜ ਪਿਆਰ ਦੀ ਏ
ਪੰਜ ਘੁੱਟ ਖੰਡੇ ਦੇ ਪਾਣੀ ਦਾ ਅਸਰ ਸੱਭੋ
ਬਰਕਤ ਬਾਣੀ, ਦੀ ਮਿਹਰ ਕਰਤਾਰ ਦੀ ਏ।[੭]

ਗਿਆਨੀ ਸੋਹਣ ਸਿੰਘ ਸੀਤਲ ਇਕ ਸਮਰਪਿਤ ਸ਼ਰਧਾਵਾਨ ਸਿੱਖ ਵਾਂਗ ਸਿੱਖ ਇਤਿਹਾਸ ਦੀ ਵਿਥਿਆ ਰਾਹੀਂ ਪਾਠਕਾਂ ਅੰਦਰ ਧਰਮ ਪ੍ਰਤੀ ਸਤਿਕਾਰ ਤੇ ਸਿੱਖ ਸਜਣ ਦੀ ਉਮੰਗ ਪੈਦਾ ਕਰਨ ਲਈ ਇੱਛਾ ਰੱਖਦੇ ਹਨ। ਉਨ੍ਹਾਂ ਦਾ ਮੂਲ ਉਦੇਸ਼ ਪਾਠਕਾਂ ਨੂੰ ਆਪਣੇ ਇਤਿਹਾਸ ਤੋਂ ਜਾਣੂ ਕਰਵਾ ਕੇ ਸਿੱਖ ਧਰਮ ਦੀ ਸਦੀਵਤਾ ਨੂੰ ਬਰਕਰਾਰ ਰੱਖਣਾ ਹੈ। ਉਨ੍ਹਾਂ ਦੀਆਂ ਇਤਿਹਾਸਕ ਕਵਿਤਾਵਾਂ ਦਾ ਮੂਲ ਮਨੋਰਥ ਆਪਣੇ ਧਰਮ ਦਾ ਸਤਿਕਾਰ ਤੇ ਮਾਨਵਤਾ ਦੀ ਹੋਂਦ ਨੂੰ ਬਰਕਰਾਰ ਰੱਖਣਾ ਹੈ।

ਇਤਿਹਾਸਕ ਕਵਿਤਾਵਾਂ ਤੋਂ ਇਲਾਵਾ ਉਨ੍ਹਾਂ ਕੁਝ ਸਮਾਜਿਕ ਸਮੱਸਿਆਵਾਂ ਨੂੰ ਵੀ ਕਵਿਤਾਵਾਂ ਦੇ ਵਿਸ਼ੇ ਬਣਾ ਕੇ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕੀਤਾ ਹੈ। 'ਜੋਗਨ ਦਾ ਗੀਤ' ਅਤੇ 'ਵਤਨ ਦੀ ਯਾਦ' ਕਵਿਤਾਵਾਂ ਵਿਚ ਕਵੀ ਨੇ ਭਾਰਤ ਨੂੰ ਮਹਾਨ ਦੇਸ਼ ਵਜੋਂ ਉਭਾਰਿਆ ਹੈ। ਕਵੀ ਨੇ ਵਿਅੰਗਮਈ ਸੁਰ ਵਿਚ ਕਿਹਾ ਹੈ ਕਿ ਸਾਹਿਤ ਰਚਣ ਵਾਲਾ ਸਾਹਿਤਕਾਰ ਘਰ ਵਿਚ ਗਰੀਬੀ ਹੰਢਾਉਂਦਾ ਹੈ। ਉਹ ਪਾਠਕਾਂ ਨੂੰ ਤਾਂ ਸੇਧ ਦਿੰਦਾ ਹੈ, ਉਨ੍ਹਾਂ ਨੂੰ ਸੁਹਜ ਤੇ ਅਨੰਦ ਦਿੰਦਾ ਹੈ ਪਰ ਉਹ ਆਪ ਤੇ ਉਸ ਦਾ ਪਰਵਾਰ ਦੁਨਿਆਵੀ ਖੁਸ਼ੀਆਂ ਤੋਂ ਵਾਂਝਿਤ ਰਹਿੰਦਾ ਹੈ:

ਲੋੜਾਂ ਸਤਾਵਣ ਘਰ ਦੀਆਂ

ਮਗਰੋਂ ਨਾ ਲਹਿੰਦੀਆਂ ਮਰਦੀਆਂ
ਘਰ ਵਿਚ ਨਹੀਂ ਕੁਝ ਲੱਭਦਾ
ਹੈ ਇਕੋ ਇਕ ਨਾਂ ਰੱਬ ਦਾ।[੮]

ਇਸ ਤਰ੍ਹਾਂ 'ਬਾਲ ਵਿਧਵਾ' ਕਵਿਤਾ ਵਿਚ ਛੋਟੀ ਉਮਰ ਵਿਚ ਵਿਧਵਾ ਹੋਈ ਔਰਤ ਦੇ ਮਾਨਸਿਕ ਸੰਤਾਪ ਨੂੰ ਚਿਤਰਿਆ ਹੈ। ਇਸ ਤੋਂ ਇਲਾਵਾ ਸਮਾਜ ਵਿਚ ਵਿਚਰਦਿਆਂ ਕਵੀ ਨੇ ਹਰ ਵਰਗ ਨੂੰ ਨਜ਼ਦੀਕ ਤੋਂ ਵੇਖਿਆ। ਉਨ੍ਹਾਂ ਦੀਆਂ ਕਵਿਤਾਵਾਂ ਵਿਚ ਜ਼ਿੰਦਗੀ ਦਾ ਸੱਚ ਵਿਦਮਾਨ ਹੈ। ਉਨ੍ਹਾਂ ਦੀ ਕਵਿਤਾ ਪੜ੍ਹ ਕੇ ਇੰਵ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਤਜ਼ਰਬਾ ਉਨ੍ਹਾਂ ਦੇ ਨਿੱਜੀ ਜੀਵਨ ਦਾ ਹਿੱਸਾ ਹੋਵੇਗਾ।

'ਬਈ ਵਾਹ' ਕਵਿਤਾ ਵਿਚ ਕਵੀ ਨੇ ਕਿਸਾਨ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ। ਕਿਸਾਨ ਜੋ ਸਭ ਦਾ ਅੰਨਦਾਤਾ ਮੰਨਿਆ ਜਾਂਦਾ ਹੈ ਪਰ ਅਨਪੜ੍ਹਤਾ ਕਾਰਨ ਉਹ ਸ਼ਾਹੂਕਾਰਾਂ ਦੀ ਲੁੱਟ ਦਾ ਦੁਖਾਂਤ ਭੋਗਦਾ ਹੈ। ਕਵੀ ਨੇ ਇਸ ਕਵਿਤਾ ਵਿਚ ਦਰਸਾਇਆ ਹੈ ਉਸ ਸਮੇਂ ਕਿਸਾਨਾਂ ਦੀ ਹਾਲਤ ਬੇਵੱਸੀ ਵਾਲੀ ਸੀ। ਉਹ ਭੋਲੇ ਤੇ ਈਮਾਨ ਦੇ ਪੱਕੇ ਹੋਣ ਕਾਰਨ ਘਰ ਦੀਆਂ ਖੁਸ਼ੀਆਂ ਨੂੰ ਪਰ੍ਹੇ ਕਰਕੇ ਆਪਣੀ ਜਿਣਸ ਤੋਂ ਕਰਜ਼ਾ ਲਾਹੁਣ ਬਾਰੇ ਸੋਚਦੇ ਰਹਿੰਦੇ ਤੇ ਆਰਥਿਕ ਪੱਖੋਂ ਕਦੀ ਵੀ ਖੁਸ਼ਹਾਲ ਨਾ ਹੁੰਦੇ। ਸੀਤਲ ਜੀ ਦੀਆਂ ਕੁਝ ਕਵਿਤਾਵਾਂ ਵਿਚ ਦੰਪਤੀ ਜੀਵਨ ਦੀਆਂ ਨੋਕਾਂ-ਝੋਕਾਂ ਨੂੰ ਪ੍ਰਗਟਾਇਆ ਗਿਆ ਹੈ। ਕਵੀ ਆਪਣੇ ਸਮਕਾਲੀ ਸਮੇਂ ਦੀਆਂ ਸਮਾਜਿਕ ਊਣਤਾਈਆਂ ਨੂੰ ਕਵਿਤਾ ਰਾਹੀਂ ਪ੍ਰਗਟਾ ਕੇ ਸਮਾਧਾਨ ਦੀ ਮੰਗ ਕਰਦਾ ਹੈ ਤੇ ਇਉਂ ਸਾਰਥਕ ਉਦੇਸ਼ ਦੀ ਪੂਰਤੀ ਕਰਦਾ ਹੈ। ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਵਿਸ਼ੇ ਪੱਖੋਂ ਹੀ ਵਿਭਿੰਨਤਾ ਨਹੀਂ ਮਿਲਦੀ ਸਗੋਂ ਇਹ ਰੂਪਕ ਪੱਖੋਂ ਵੀ ਅੱਡਰੀ ਪਛਾਣ ਦੀਆਂ ਲਖਾਇਕ ਹਨ। ਸੀਤਲ ਜੀ ਦੁਆਰਾ ਰਚਿਤ ਕਵਿਤਾਵਾਂ ਵਿਚ ਭਾਵ, ਕਲਪਨਾ, ਰਸ, ਅਲੰਕਾਰ, ਬਿੰਬ, ਪ੍ਰਤੀਕ ਦੀ ਸੁਚੱਜੀ ਵਰਤੋਂ ਉਨ੍ਹਾਂ ਦੇ ਕਲਾਤਮਿਕ ਗੁਣਾਂ ਨੂੰ ਉਭਾਰਦੀ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਗਿਆਨੀ ਸੋਹਣ ਸਿੰਘ ਸੀਤਲ ਹੋਰਾਂ ਦੀ ਕਵਿਤਾ ਵਿਸ਼ੇ ਤੇ ਰੂਪ ਦੀਆਂ ਵਿਭਿੰਨਤਾਵਾਂ ਪ੍ਰਗਟ ਕਰਦੀ ਹੈ। ਉਹ ਇਕ ਮਹਾਨ ਢਾਡੀ ਤਾਂ ਹਨ ਹੀ ਇਸ ਦੇ ਨਾਲ-ਨਾਲ ਕਈ ਪੱਖੋਂ ਉਨ੍ਹਾਂ ਦੀ ਕਾਵਿ-ਰਚਨਾ ਵੀ ਉੱਤਮ ਗੁਣਾਂ ਦੀ ਲਖਾਇਕ ਹੈ। ਗਿਆਨੀ ਜੀ ਦੀ ਕਵਿਤਾ ਵਿਚ ਸਿੱਖ ਇਤਿਹਾਸ ਦੀ ਭਰਵੀਂ ਸ਼ਮੂਲੀਅਤ ਹੋਣ ਕਰਕੇ ਇਹ ਮਨੁੱਖ ਨੂੰ ਸਹੀ ਸੇਧ ਦੇਣ ਦਾ ਕਾਰਜ ਕਰਦੀ ਹੈ ਜੋ ਕਿ ਲਾਸਾਨੀ ਕਾਰਜ ਹੈ।

ਹਵਾਲੇ ਤੇ ਟਿੱਪਣੀਆਂ :

੧. ਸੋਹਣ ਸਿੰਘ ਸੀਤਲ, ਮੇਰੀ ਸਾਹਿਤਕ ਸ੍ਵੈ-ਜੀਵਨੀ, ਸਫ਼ਾ ੨੬.

੨. ਸੋਹਣ ਸਿੰਘ ਸੀਤਲ, ਸੱਜਰੇ ਹੰਝੂ, ਸਫ਼ਾ ੭.

੩. ਉਹੀ, ਸਫ਼ਾ ੧੧.

੪. ਉਹੀ, ਸਫ਼ਾ ੧੪.

੫. ਉਹੀ, ਸਫ਼ਾ ੧੮.

੬. ਉਹੀ, ਸਫ਼ਾ ੨੧.

੭. ਉਹੀ, ਸਫ਼ਾ ੨੫.

੮. ਉਹੀ, ਸਫ਼ਾ ੪੩.

ਨਾਵਲਕਾਰ ਗਿਆਨੀ ਸੋਹਣ ਸਿੰਘ ਸੀਤਲ

-ਡਾ. ਅਨੂਪ ਸਿੰਘ

ਗਿਆਨੀ ਸੋਹਣ ਸਿੰਘ ਜੀ ਸੀਤਲ ਵਿਸ਼ਾਲ ਅਧਿਐਨ, ਅਨੁਭਵ, ਸਹਿਜ ਚਿੰਤਨ-ਮੰਥਨ ਅਤੇ ਸਹਿਜ ਬੋਧ ਦੇ ਮਾਲਕ, ਸਿਰੇ ਦੇ ਮਿਹਨਤੀ, ਸੁਹਿਰਦ ਇਨਸਾਨ, ਇਮਾਨਦਾਰੀ ਦੇ ਪੁੰਜ, ਲੋਕਾਂ 'ਚ ਲਗਾਤਾਰ ਵਿਚਰਨ ਵਾਲੇ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਓਤ-ਪੋਤ ਬਹੁਪੱਖੀ ਲੇਖਕ ਸਨ। ਉਨ੍ਹਾਂ ਦਾ ਸਿੱਖ ਸਿਧਾਂਤਾਂ 'ਚ ਡੂੰਘਾ ਵਿਸ਼ਵਾਸ ਸੀ ਅਤੇ ਸਿੱਖ ਸਿਧਾਂਤਾਂ, ਇਤਿਹਾਸ ਤੇ ਸਰੋਕਾਰਾਂ ਨਾਲ ਭਾਵੁਕ ਲਗਾਉ ਸੀ। ਉਹ ਸਿੱਖ ਇਤਿਹਾਸ ਤੇ ਦਰਸ਼ਨ ਦੇ ਪ੍ਰਭਾਵੀ ਪ੍ਰਚਾਰਕ ਸਨ। ਪ੍ਰਚਾਰ ਅਤੇ ਸਿਰਜਣ-ਪ੍ਰਕ੍ਰਿਆ ਵੇਲੇ ਉਨ੍ਹਾਂ ਲਈ ਹਰ ਗੱਲ ਦੀ ਪਰਖ-ਕਸੌਟੀ, ਸ੍ਰੀ ਗੁਰੂ ਗ੍ਰੰਥ ਸਾਹਿਬ ਸੀ। ਉਦਾਹਰਣ ਹਿੱਤ ਉਨ੍ਹਾਂ ਦਾ ਸਮਕਾਲੀ ਪੰਜਾਬੀ ਵਿਦਵਾਨ ਡਾ. ਹਰਭਜਨ ਸਿੰਘ ਸੀਤਲ ਜੀ ਬਾਰੇ ਇਕ ਲੇਖ 'ਚ ਟਿੱਪਣੀ ਕਰਦਾ ਹੈ: "ਸੀਤਲ ਸੁਚੇਤ ਮਾਰਕਸਵਾਦੀ ਨਹੀਂ।" ਇਸ ਦੇ ਪ੍ਰਤੀਉੱਤਰ ਵਿਚ ਸੀਤਲ ਸਾਹਿਬ ਲਿਖਦੇ ਹਨ, "ਨਾ 'ਸੁਚੇਤ' ਨਾ 'ਅਚੇਤ' ਮੈਂ ਮਾਰਕਸਵਾਦੀ ਹਾਂ ਹੀ ਨਹੀਂ। ਮਾਰਕਸ, ਏਂਗਲਜ਼, ਲੈਨਿਨ ਆਦਿ ਦੀਆਂ ਕਾਫੀ ਰਚਨਾਵਾਂ ਮੈਂ ਪੜ੍ਹੀਆਂ ਹਨ, ਪਰ ਜੋ ਮੈਨੂੰ ਗੁਰਬਾਣੀ ਵਿੱਚੋਂ ਮਿਲਿਆ ਹੈ, ਉਹ ਮਾਰਕਸਇਜ਼ਮ 'ਚ ਨਹੀਂ। ਮਾਰਕਸ ਸਿਰਫ਼ ਸਰੀਰ ਦੀਆਂ ਲੋੜਾਂ ਦੀ ਗੱਲ ਕਰਦਾ ਹੈ, ਪਰ ਗੁਰਬਾਣੀ ਸਰੀਰ ਤੇ ਆਤਮਾ, ਦੋਵਾਂ ਦੀ ਲੋੜ ਦੀ ਗੱਲ ਕਰਦੀ ਹੈ। ਇਹ ਗੱਲ ਵੱਖਰੀ ਹੈ ਕਿ ਅਸਾਂ ਗੁਰਬਾਣੀ ਦਾ ਅਧਿਐਨ ਤੇ ਵਿਆਖਿਆ ਵਿਗਿਆਨਕ ਢੰਗ ਨਾਲ ਨਹੀਂ ਕੀਤੀ। ਅਸੀਂ ਆਮ ਕਰਕੇ ਅੰਧ-ਵਿਸ਼ਵਾਸ ਦੇ ਅਸਰ ਥੱਲੇ ਗੁਰਬਾਣੀ ਪੜ੍ਹਦੇ ਤੇ ਸਤਿਕਾਰ ਕਰਦੇ ਹਾਂ।"

ਗਿਆਨੀ ਸੋਹਣ ਸਿੰਘ ਜੀ ਸੀਤਲ ਦੀ ਵਿਲੱਖਣ ਸ਼ਖ਼ਸੀਅਤ ਬਾਰੇ ਇਸ ਸੰਖੇਪ ਟਿੱਪਣੀ ਤੋਂ ਬਾਅਦ ਅਤੇ ਉਨ੍ਹਾਂ ਦੀ ਸਫਲ ਨਾਵਲਕਾਰੀ ਦੀ ਗੱਲ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਬਹੁਪੱਖੀ ਲੇਖਕ ਹੋਣ ਦੇ ਸੱਚ ਨੂੰ ਜਾਣਨਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਉਹ ਇਕ ਕਵੀ, ਗੀਤਕਾਰ, ਵਾਰਕਾਰ, ਢਾਡੀ, ਇਤਿਹਾਸਕਾਰ, ਕਹਾਣੀਕਾਰ ਤੇ ਨਾਵਲਕਾਰ ਸਨ। ਉਨ੍ਹਾਂ ਦੀ ਪਹਿਲੀ ਕਵਿਤਾ 'ਕੁਦਰਤ ਰਾਣੀ' ੧੯੨੮ ਈ. ਵਿਚ ਕਲਕੱਤਾ ਤੋਂ ਪ੍ਰਕਾਸ਼ਿਤ ਹੁੰਦੇ ਪੱਤਰ 'ਕਵੀ' ਵਿਚ ਛਪੀ। ਇਸ ਤੋਂ ਬਾਅਦ ਉਨ੍ਹਾਂ ਦੀਆਂ ਕਵਿਤਾਵਾਂ 'ਪ੍ਰੀਤਮ' ਅਤੇ 'ਫੁਲਵਾੜੀ' ਆਦਿ ਪਰਚਿਆਂ 'ਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ। ਉਨ੍ਹਾਂ ਦੀਆਂ ਕਵਿਤਾਵਾਂ ਦੇ ਪ੍ਰਮੁੱਖ ਸਰੋਕਾਰ ਧਾਰਮਿਕ, ਸਮਾਜਿਕ, ਸੁਹਜ, ਸੁੰਦਰਤਾ, ਗੁਲਾਮੀ ਤੇ ਦੇਸ਼-ਭਗਤੀ ਆਦਿ ਸਨ। ਉਨ੍ਹਾਂ ਕੁਝ ਕਵਿਤਾਵਾਂ ਲੋਕ-ਕਥਾਵਾਂ ਨੂੰ ਆਧਾਰ ਬਣਾ ਕੇ ਲਿਖੀਆਂ। ਉਨ੍ਹਾਂ ਨੇ ੧੯੨੯ ਈ. ਤੋਂ ੧੯੪੨ ਈ. ਤਕ ਅਤੇ ੧੯੫੦ ਈ. ਤੋਂ ੧੯੫੯ ਈ. ਤਕ ਸੈਂਕੜੇ ਗੀਤ ਵੀ ਲਿਖੇ। ਗੀਤ ਸਮੇਤ ਕਵਿਤਾ ਦੇ ਵਿਭਿੰਨ ਰੂਪਾਕਾਰਕ ਗੁਣਾਂ-ਲੱਛਣਾਂ ਦੀ ਉਨ੍ਹਾਂ ਨੂੰ ਪੂਰਨ ਸਮਝ ਸੀ। 'ਕੇਸਰੀ ਦੁਪੱਟਾ' (੧੯੫੬) ਅਤੇ 'ਜਦੋਂ ਮੈਂ ਗੀਤ ਲਿਖਦਾ ਹਾਂ' (੧੯੫੯) ਉਨ੍ਹਾਂ ਦੇ ਦੋ ਗੀਤ ਸੰਗ੍ਰਿਹ ਹਨ। ਸਾਲ ੧੯੫੯ ਈ. ਤੋਂ ਬਾਅਦ ਸੀਤਲ ਸਾਹਿਬ ਨੇ ਕੋਈ ਗੀਤ ਨਹੀਂ ਲਿਖਿਆ। ਉਨ੍ਹਾਂ ਨੇ ਪਹਿਲੀ ਕਹਾਣੀ 'ਵੈਰੀ ਪੁੱਤਰ' ਸਿਰਲੇਖ ਹੇਠ ੧੯੩੨ ਈ. ਵਿਚ

ਲਿਖੀ। ਉਨ੍ਹਾਂ ਨੇ ਕੁੱਲ ੨੪ ਕਹਾਣੀਆਂ ਲਿਖੀਆਂ। ਇਹ ਸਾਰੀਆਂ ਹੀ ਕਹਾਣੀਆਂ ਸਮੇਂ-ਸਮੇਂ ਸਿਰ ਮਾਸਿਕ ਪੱਤਰਾਂ 'ਚ ਪ੍ਰਕਾਸ਼ਿਤ ਹੋਈਆਂ ਹਨ। ਪਰ ਉਹ ਆਪ ਖੁਦ ਇਨ੍ਹਾਂ ਕਹਾਣੀਆਂ ਤੋਂ ਸੰਤੁਸ਼ਟ ਨਹੀਂ ਸਨ। ਸੀਤਲ ਜੀ ਲਿਖਦੇ ਹਨ, "ਕਹਾਣੀਆਂ ਲਿਖੀਆਂ ਜ਼ਰੂਰ, ਪਰ ਕਹਾਣੀ ਵਿਚ ਮੇਰਾ ਮਨ ਪਰਚਿਆ ਨਾ। ਜਾਂ ਜੋ ਕੁਝ ਮੈਂ ਕਹਿਣਾ ਚਾਹੁੰਦਾ ਸਾਂ, ਉਹ ਕਹਾਣੀ ਦੇ ਛੋਟੇ ਜਿਹੇ ਅਕਾਰ ਵਿਚ ਸਮਾ ਨਹੀਂ ਸੀ ਸਕਦਾ। ਇਸ ਵਾਸਤੇ ਅੰਤ ਮੈਨੂੰ 'ਨਾਵਲ' ਦਾ ਆਸਰਾ ਲੈਣਾ ਪਿਆ। ਨਾਵਲ ਹੀ ਇਕ ਅਜਿਹਾ ਖੇਤਰ ਸੀ, ਜਿੱਥੇ ਮੈਂ ਦਿਲ ਦੀ ਗੱਲ ਖੁੱਲ੍ਹ ਕੇ ਕਰ ਸਕਦਾ ਸਾਂ।" ਉਨ੍ਹਾਂ ਨੇ ਦੋ ਇਕਾਂਗੀ ਜਾਂ ਛੋਟੇ ਨਾਟਕ ਵੀ ਲਿਖੇ। ੳ) ਸੰਤ ਲਾਧੋ ਰੇ, ਅ) ਲੋਕ ਸੇਵਕ। ਦੋਵਾਂ 'ਚ ਹੀ ਉਨ੍ਹਾਂ ਨੇ ਭੇਖੀਆਂ ਅਤੇ ਪਖੰਡੀਆਂ ਉੱਪਰ ਕਰੜਾ ਵਿਅੰਗ ਕੀਤਾ।

੧੯੩੪ ਈ. ਵਿਚ ਗਿਆਨੀ ਸੋਹਣ ਸਿੰਘ ਜੀ ਸੀਤਲ ਨੇ ਆਪਣੇ ਮਨਪਸੰਦ ਕਿੱਤੇ ਢਾਡੀ ਵਜੋਂ ਸਰਗਰਮ ਹੋਣਾ ਸ਼ੁਰੂ ਕਰ ਦਿੱਤਾ। ਅਸਲ 'ਚ ਆਪ ਬਹੁਪੱਖੀ ਲੇਖਕ ਦੇ ਨਾਲ-ਨਾਲ ਬਹੁਪੱਖੀ ਤੇ ਵੱਡ-ਅਕਾਰੀ ਸ਼ਖ਼ਸੀਅਤ ਸਨ। ਉਹ ਉਕਤ ਸਾਰੇ ਕੁਝ ਤੋਂ ਛੁੱਟ ਇਕ ਸਫਲ ਤੇ ਅਤਿ ਪ੍ਰਭਾਵਸ਼ਾਲੀ ਵਕਤਾ ਸਨ। ਅਸਲ 'ਚ ਉਹ ਦਿਲ ਤੋਂ ਗੱਲ ਕਰਦੇ ਸਨ। 'ਸਿੱਖ ਰਾਜ ਕਿਵੇਂ ਗਿਆ?' ਅਤੇ 'ਦੁਖੀਏ ਮਾਂ-ਪੁੱਤ' ਦਾ ਪ੍ਰਸੰਗ ਸੁਣਾਉਂਦਿਆਂ ਲੋਕਾਂ ਨੂੰ ਭਾਵੁਕ ਕਰਨ ਤੇ ਰੁਆਉਣ ਤਕ (ਚਾਹੇ ਰੁਆਉਣਾ ਉਨ੍ਹਾਂ ਦਾ ਮੰਤਵ ਨਹੀਂ ਸੀ) ਦੇ ਸਮਰੱਥ ਸਨ ਅਤੇ ਮੈਂ ਵੀ ਇਸ ਵਰਤਾਰੇ ਦਾ ਚਸ਼ਮਦੀਦ ਗਵਾਹ ਹਾਂ। ਆਪ ਜੀ ਨੇ ਸਿੱਖ ਇਤਿਹਾਸ ਬਾਰੇ ੭੫ ਵਾਰਾਂ ਤੋਂ ਛੁੱਟ ਚਾਰ ਛੋਟੀਆਂ ਵਾਰਾਂ ਵੀ ਲਿਖੀਆਂ। ਇਹ ਸਾਰੀਆਂ ਵਾਰਾਂ ਸੌ-ਸੌ ਪੰਨੇ ਦੀਆਂ ੧੯ ਪੁਸਤਕਾਂ 'ਚ ਦਰਜ ਹਨ। ਇਹ ਸਾਰੀਆਂ ਪੁਸਤਕਾਂ ਹਜ਼ਾਰਾਂ ਦੀ ਗਿਣਤੀ 'ਚ ਵਿਕੀਆਂ, ਪੜ੍ਹੀਆਂ ਗਈਆਂ ਅਤੇ ਪ੍ਰਸ਼ੰਸਾ ਦਾ ਹੱਕਦਾਰ ਬਣੀਆਂ। 'ਸਿੱਖ ਰਾਜ ਕਿਵੇਂ ਗਿਆ?' ਦੀ ਲੰਮੀ ਵਾਰ ਉਕਤ ਵਾਰਾਂ ਤੋਂ ਛੁੱਟ ਹੈ। ਇਤਿਹਾਸਕਾਰੀ ਦੇ ਪੱਖ ਤੋਂ ਸੀਤਲ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਦਲੀਪ ਸਿੰਘ ਦਾ ਇਤਿਹਾਸ ਬੜੀ ਮਿਹਨਤ, ਲਗਨ ਤੇ ਸੁਹਿਰਦਤਾ ਨਾਲ ਲਿਖਿਆ। ਇਨ੍ਹਾਂ ਪੁਸਤਕਾਂ ਨੂੰ ਲਿਖਣ ਤੋਂ ਪਹਿਲਾਂ ਉਨ੍ਹਾਂ ਨੇ ਵੱਖ-ਵੱਖ ਸੋਮਿਆਂ ਦਾ ਗਹਿਨ ਅਧਿਐਨ ਕੀਤਾ।

ਭਾਵੇਂ ਆਮ ਪੰਜਾਬੀ ਸਾਹਿਤ ਦੇ ਪਾਠਕਾਂ, ਸਮਕਾਲੀ ਸਾਹਿਤਕਾਰਾਂ ਤੇ ਵਿਦਵਾਨਾਂ ਨੂੰ ਹਮੇਸ਼ਾਂ ਇਹ ਤੌਖਲਾ/ਭਰਮ ਰਿਹਾ ਹੈ ਕਿ ਇਕ ਢਾਡੀ ਨਾਵਲਕਾਰ ਜਾਂ ਸਾਹਿਤਕਾਰ ਹੋ ਹੀ ਨਹੀਂ ਸਕਦਾ। ਇਹ ਭਰਮ ਉਸ ਵੇਲੇ ਟੁੱਟਾ ਜਦੋਂ ਸੀਤਲ ਜੀ ਨੂੰ ਦਿੱਲੀ ਸਾਹਿਤ ਅਕਾਦਮੀ ਵੱਲੋਂ ਉਨ੍ਹਾਂ ਦੇ ਨਾਵਲ 'ਜੁੱਗ ਬਦਲ ਗਿਆ' ਲਈ ਸਰਵਉੱਚ ਸਾਹਿਤ ਸਨਮਾਨ ਮਿਲਿਆ। ਸਾਹਿਤ ਦੀ ਨਾਵਲ ਵਿਧਾ ਉੱਪਰ ਸਫ਼ਲਤਾ ਸਹਿਤ ਹੱਥ ਅਜ਼ਮਾਉਣ ਤੋਂ ਪਹਿਲਾਂ ਉਨ੍ਹਾਂ ਹਿੰਦੀ, ਬੰਗਲਾ, ਰੂਸੀ, ਅੰਗਰੇਜ਼ੀ, ਫਰਾਂਸੀਸੀ ਤੇ ਉਰਦੂ ਭਾਸ਼ਾ 'ਚ ਲਿਖੇ ਸੈਂਕੜੇ ਮਿਆਰੀ ਤੇ ਜਗਤ-ਪ੍ਰਸਿੱਧ ਨਾਵਲ ਪੜ੍ਹੇ ਅਤੇ ਇਸ ਤਰ੍ਹਾਂ ਨਾਵਲੀ ਵਿਧੀਆਂ ਬਾਰੇ ਬਾਰੀਕੀ ਨਾਲ ਅਧਿਐਨ ਕੀਤਾ। ਉਨ੍ਹਾਂ ਨੇ ਸਾਰੇ ਪੰਜਾਬੀ ਨਾਵਲਕਾਰਾਂ ਨੂੰ ਵੀ ਗਹੁ ਨਾਲ ਪੜ੍ਹਿਆ ਹੀ ਨਹੀਂ ਸਗੋਂ ਇਕ ਸਮੀਖਿਅਕ ਵਜੋਂ ਉਨ੍ਹਾਂ ਦਾ ਨਿੱਠ ਕੇ ਅਧਿਐਨ ਕੀਤਾ। ਭਾਈ ਮੋਹਨ ਸਿੰਘ ਵੈਦ, ਭਾਈ ਵੀਰ ਸਿੰਘ, ਸ. ਨਾਨਕ ਸਿੰਘ, ਸ. ਸੁਰਿੰਦਰ ਸਿੰਘ (ਨਰੂਲਾ), ਸ. ਜਸਵੰਤ ਸਿੰਘ ਕੰਵਲ ਤੇ ਸ. ਗੁਰਦਿਆਲ ਸਿੰਘ ਦੇ ਨਾਵਲ ਉਨ੍ਹਾਂ ਨੇ ਬੜੀ ਸਹਿਜਤਾ ਨਾਲ ਪੜ੍ਹੇ। ਪਰ ਉਨ੍ਹਾਂ ਨੇ ਵਧੇਰੇ ਹਿੰਦੀ

ਦੇ ਨਾਵਲ ਪੜ੍ਹੇ ਅਤੇ ਇਸ ਭਾਸ਼ਾ 'ਚੋਂ ਉਨ੍ਹਾਂ ਨੇ ਮੁਨਸ਼ੀ ਪ੍ਰੇਮ ਚੰਦ ਸਾਰਾ ਪੜ੍ਹਿਆ। ਬੰਕਮ ਚੰਦਰ ਤੇ ਰਾਬਿੰਦਰ ਨਾਥ ਟੈਗੋਰ ਦੇ ਦੋ ਨਾਵਲਾਂ ਤੋਂ ਛੁੱਟ ਉਨ੍ਹਾਂ ਨੇ ਸ਼ਰਤ ਚੰਦਰ ਦੇ ਲੱਗਭਗ ਸਾਰੇ ਨਾਵਲ ਪੜ੍ਹੇ। ਸ਼ਰਤ ਚੰਦਰ ਉਨ੍ਹਾਂ ਦਾ ਮਨ-ਪਸੰਦ ਨਾਵਲਕਾਰ ਸੀ। ਵਿਮਲ ਮਿਤ੍ਰ ਤੇ ਤਾਰਾ ਸ਼ੰਕਰ ਦੇ ਨਾਵਲ ਵੀ ਉਨ੍ਹਾਂ ਨੇ ਦਿਲਚਸਪੀ ਨਾਲ ਪੜ੍ਹੇ। ਅਸਮਤ ਚੁਗਤਾਈ ਦਾ ਨਾਵਲ 'ਟੇਢ਼ੀ ਲਕੀਰ' ਉਨ੍ਹਾਂ ਪੜ੍ਹਿਆ। ਰੂਸੀ ਨਾਵਲਕਾਰਾਂ 'ਚੋਂ ਉਨ੍ਹਾਂ ਨੂੰ ਦਾਸਤੋਵਸਕੀ ਤੇ ਸ਼ੋਲੋਖੋਵ ਬਹੁਤ ਪਸੰਦ ਆਏ। 'ਡਾਨ ਵਹਿੰਦਾ ਰਿਹਾ' ਉਨ੍ਹਾਂ ਕਈ ਵਾਰ ਪੜ੍ਹਿਆ। ਹਿੰਦੀ ਨਾਵਲ 'ਸੀਮਾਏਂ' ਤੋਂ ਛੁੱਟ ਉਨ੍ਹਾਂ ਨੇ ਸ. ਖੁਸ਼ਵੰਤ ਸਿੰਘ ਦਾ ਨਾਵਲ 'ਪਾਕਿਸਤਾਨ ਮੇਲ' ਵੀ ਪੜ੍ਹਿਆ।

ਉਕਤ ਵਿਸ਼ਾਲ ਅਧਿਐਨ, ਢਾਡੀ ਵਜੋਂ ਪ੍ਰਾਪਤ ਕੀਤੇ ਅਮੀਰ ਅਨੁਭਵ, ਪੰਜਾਬੀ ਭਾਸ਼ਾ 'ਤੇ ਪ੍ਰਾਪਤ ਅਬੂਰ, ਚਿੰਤਨ-ਮੰਥਨ ਦੇ ਲੰਮੇ ਅਭਿਆਸ ਅਤੇ ਨਿੱਜੀ ਜ਼ਿੰਦਗੀ ਦੇ ਕੌੜੇ-ਮਿੱਠੇ ਅਹਿਸਾਸਾਂ ਦੇ ਸਹਾਰੇ ਗਿਆਨੀ ਸੋਹਣ ਸਿੰਘ ਜੀ ਸੀਤਲ ਨੇ ੧੯੪੭ ਈ. ਤੋਂ ੧੯੭੩ ਈ. ਤਕ ਦੇ ਕਾਲ ਅੰਤਰ ਵਿਚ ਦੋ ਦਰਜਨ ਦੇ ਲੱਗਭਗ ਨਾਵਲ ਲਿਖੇ। ਇਨ੍ਹਾਂ ਤੋਂ ਛੁੱਟ ਆਪ ਜੀ ਨੇ ਦੋ ਇਤਿਹਾਸਕ ਨਾਵਲ (ੳ) ਮਹਾਰਾਣੀ ਜਿੰਦਾਂ, (ਅ) ਮਹਾਰਾਜਾ ਦਲੀਪ ਸਿੰਘ ਵੀ ਲਿਖੇ। ਉਨ੍ਹਾਂ ਦੇ ਨਾਵਲਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ: ੧. ਈਚੋਗਿਲ ਨਹਿਰ ਤਕ, ੨. ਸੁੰਞਾ ਆਹਲਣਾ, ੩. ਮੁੱਲ ਦਾ ਮਾਸ, ੪. ਪਤਵੰਤੇ ਕਾਤਲ, ੫. ਵਿਜੋਗਣ, ੬. ਦੀਵੇ ਦੀ ਲੋਅ, ੭. ਬਦਲਾ, ੮. ਅੰਨ੍ਹੀ ਸੁੰਦਰਤਾ, ੯. ਜੰਗ ਜਾਂ ਅਮਨ, ੧੦. ਤੂਤਾਂ ਵਾਲਾ ਖੂਹ, ੧੧. ਜੁੱਗ ਬਦਲ ਗਿਆ, ੧੨. ਕਾਲੇ ਪਰਛਾਵੇਂ, ੧੩. ਪ੍ਰੀਤ ਤੇ ਪੈਸਾ, ੧੪. ਧਰਤੀ ਦੇ ਦੇਵਤੇ, ੧੫. ਪ੍ਰੀਤ ਕਿ ਰੂਪ, ੧੬. ਧਰਤੀ ਦੀ ਬੇਟੀ, ੧੭. ਜਵਾਲਾਮੁਖੀ। ਇਨ੍ਹਾਂ ਤੋਂ ਛੁੱਟ ਆਪ ਜੀ ਨੇ ਤਿੰਨ ਨਾਵਲੈੱਟ ਵੀ ਲਿਖੇ। ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ ਨਵੇਂ ਸਿਖਾਂਦਰੂਆਂ ਵਾਸਤੇ ਸਾਹਿਤ ਲਿਖਵਾਇਆ ਜਾਂਦਾ ਸੀ। ਇਨ੍ਹਾਂ ਪੁਸਤਕਾਂ ਨੂੰ ਹਰ ਸਾਲ ਮੁਕਾਬਲੇ ਵਿਚ ਇਨਾਮ ਦਿੱਤੇ ਜਾਂਦੇ ਸਨ। ਵੱਧ ਤੋਂ ਵੱਧ ਤਿੰਨ ਵਾਰ ਕੋਈ ਲੇਖਕ ਇਹ ਸਨਮਾਨ ਪ੍ਰਾਪਤ ਕਰ ਸਕਦਾ ਸੀ। ਗਿਆਨੀ ਸੀਤਲ ਜੀ ਦੇ ਤਿੰਨ ਅਜਿਹੇ ਨਾਵਲਾਂ ਨੂੰ ਸਨਮਾਨ ਪ੍ਰਾਪਤ ਹੋਇਆ। ਇਹ ਕ੍ਰਮਵਾਰ ਸੁਰਗ ਸਵੇਰਾ (੧੯੬੧), ਹਿਮਾਲਿਆ ਦੇ ਰਾਖੇ (੧੯੬੩), ਸਭੇ ਸਾਝੀਵਾਲ ਸਦਾਇਨਿ (੧੯੬੫) ਸਨ।

ਗਿਆਨੀ ਸੋਹਣ ਸਿੰਘ ਸੀਤਲ ਦੇ ਪਹਿਲੇ ਪੜਾਅ ਦੇ ਚਾਰ ਨਾਵਲ (ੳ) ਵਿਜੋਗਣ, (ਅ) ਅੰਨ੍ਹੀ ਸੁੰਦਰਤਾ, (ੲ) ਪ੍ਰੀਤ ਤੇ ਪੈਸਾ, (ਸ) ਧਰਤੀ ਦੀ ਬੇਟੀ ਫਿਲਮੀ ਕਹਾਣੀਆਂ ਦੀ ਮੰਗ ਅਨੁਸਾਰ ਲਿਖੇ ਗਏ। ਇਸ ਤਰ੍ਹਾਂ ਇਨ੍ਹਾਂ ਵਿਚ ਸਮਕਾਲੀ ਯਥਾਰਥ ਨਾਲੋਂ ਕਾਲਪਨਿਕ, ਨਾਟਕੀ ਮੋੜ ਤੇ ਫ਼ਿਲਮੀ ਵਿਧੀਆਂ ਵਧੇਰੇ ਉੱਘੜਵਾਂ ਰੂਪ ਗ੍ਰਹਿਣ ਕਰਦੀਆਂ ਹਨ। ਉਦਾਹਰਣ ਹਿੱਤ 'ਧਰਤੀ ਦੀ ਬੇਟੀ' ਵਿਨੋਬਾ ਭਾਵੇ ਦੀ ਭੂਮੀ ਦਾਨ (ਭੂ ਦਾਨ) ਮੁਹਿੰਮ ਦੀ ਸਾਰਥਿਕਤਾ ਨਾਲ ਸੰਬੰਧਿਤ ਹੈ। ਪਰ ਨਾਟਕੀ ਅੰਦਾਜ਼ ਕਾਰਨ ਇਸ ਮਹੱਤਵਪੂਰਨ ਮਸਲੇ ਨੂੰ ਸਹੀ ਪਰਿਪੇਖ ਵਿਚ ਨਹੀਂ ਨਜਿੱਠਿਆ ਜਾ ਸਕਿਆ। ਜ਼ਮੀਨੀ ਵੰਡ ਦਾ ਮਸਲਾ ਅੱਜ ਵੀ ਭਾਰਤ ਭਰ 'ਚ ਕਿਸਾਨੀ ਦਾ ਵੱਡਾ ਮਸਲਾ ਹੈ।

ਘੋਰ ਗੁਰਬਤ, ਬੇਰੁਜ਼ਗਾਰੀ, ਬੇਵੱਸੀ/ਮਜਬੂਰੀ/ਲਾਚਾਰੀ, ਭੁੱਖ-ਦੁੱਖ ਅਤੇ ਬੁਨਿਆਦੀ ਲੋੜਾਂ ਦੀ ਅਪੂਰਤੀ ਦੇ ਨਾਲ-ਨਾਲ ਥੁੜ੍ਹਾਂ-ਤੋਟਾਂ ਆਦਿ ਦਾ ਬਿਰਤਾਂਤ ਸੀਤਲ ਜੀ ਦੇ ਨਾਵਲਾਂ

ਵਿਚ ਭਰਪੂਰ ਰੂਪ ਵਿਚ ਪੇਸ਼ ਹੋਇਆ ਹੈ। 'ਪ੍ਰੀਤ ਤੇ ਪੈਸਾ' ਵਿਚ ਗਰੀਬੀ ਤੇ ਧਨ ਦੀ ਅਸਾਵੀਂ ਵੰਡ ਦਾ ਮਸਲਾ ਪੇਸ਼ ਹੈ। ਗਰੀਬੀ ਬੇਹੱਦ ਦੁਖਦਾਈ ਹੈ ਪਰ ਅਮੀਰੀ-ਗਰੀਬੀ ਦੇ ਵੱਡੇ ਅੰਤਰ ਇਸ ਨੂੰ ਹੋਰ ਦੁਖਦਾਈ ਬਨਾਉਂਦੇ ਹਨ। ਗੁਰਬਤ ਹਰ ਕਿਸਮ ਦੀ ਪ੍ਰਤਿਭਾ ਦਾ ਨਾਸ਼ ਕਰ ਦਿੰਦੀ ਹੈ। ਸਵੈ-ਸਾਹਿਤਕਾਰ ਤੇ ਸਵੈ-ਮਾਣ ਦਾ ਘਾਤ ਵੀ ਗਰੀਬੀ ਹੀ ਕਰਦੀ ਹੈ। ਗਰੀਬੀ ਹੀ ਵੇਸਵਾਗਮਨੀ ਵਰਗੇ ਗ਼ਲੀਜ਼ ਧੰਦੇ ਦਾ ਪ੍ਰਮੁੱਖ ਆਧਾਰ ਹੈ। ਬੁਰਾਈਆਂ ਦੀ ਜੜ੍ਹ ਵੀ ਗਰੀਬੀ ਹੈ। 'ਧਰਤੀ ਦੇ ਦੇਵਤੇ', 'ਤੂਤਾਂ ਵਾਲਾ ਖੂਹ', 'ਜੰਗ ਜਾਂ ਅਮਨ' ਅਤੇ 'ਜੁੱਗ ਬਦਲ ਗਿਆ' ਆਦਿ ਵਿਚ ਉਹ ਕਿਸਾਨੀ ਜੀਵਨ ਦੀਆਂ ਦੁਸ਼ਵਾਰੀਆਂ, ਕਿਸਾਨੀ ਦਾ ਕਰਜ਼ਾ ਜਾਲ ਵਿਚ ਫਸੇ ਹੋਣਾ ਅਤੇ ਸ਼ਾਹੂਕਾਰਾਂ ਤੇ ਆੜ੍ਹਤੀਆਂ ਦੁਆਰਾ ਉਨ੍ਹਾਂ ਦੀ ਬੇਕਿਰਕ ਲੁੱਟ ਦਾ ਯਥਾਰਥਕ ਵਿਵਰਣ ਪੇਸ਼ ਕਰਦੇ ਹਨ। 'ਧਰਤੀ ਦੇ ਦੇਵਤੇ' ਜਿੱਥੇ ਕਿਸਾਨੀ ਸਮੱਸਿਆਵਾਂ ਤੇ ਵਿਸ਼ੇਸ਼ ਕਰਕੇ ਖੇਤੀ ਦੇ ਮਸ਼ੀਨੀਕਰਨ ਨਾਲ ਉਪਜਦੀਆਂ ਸਮੱਸਿਆਵਾਂ ਨੂੰ ਭਵਿੱਖਮੁਖੀ ਦ੍ਰਿਸ਼ਟੀ ਨਾਲ ਪੇਸ਼ ਕਰਦਾ ਹੈ। ਖੇਤੀ- ਮਸ਼ੀਨਰੀ ਜਿੱਥੇ ਕਿਸਾਨੀ ਦੇ ਕਠਿਨ ਕਾਰਜ ਨੂੰ ਸਹਿਲ ਵੀ ਕਰਦੀ ਹੈ ਅਤੇ ਖੇਤੀ ਦੀ ਪੈਦਾਵਾਰ ਵੀ ਵਧਾਉਂਦੀ ਹੈ, ਉਥੇ ਇਹ ਕਿਰਤੀਆਂ ਨੂੰ ਵਿਹਲਾ ਵੀ ਕਰਦੀ ਹੈ ਅਤੇ ਇਸ ਤਰ੍ਹਾਂ ਬੇਰੁਜ਼ਗਾਰਾਂ ਦੀ ਗਿਣਤੀ ਵਧਾਉਂਦੀ ਹੋਈ ਕਈ ਸਮਾਜਿਕ ਸਮੱਸਿਆਵਾਂ ਨੂੰ ਵੀ ਪੈਦਾ ਕਰਦੀ ਹੈ। ਸੀਤਲ ਜੀ ਦੀ ਦਰੁਸਤ ਸਮਝਦਾਰੀ ਹੈ: "ਜ਼ਮੀਨ ਸਾਂਝੀ ਕਰ ਲਈ, ਟ੍ਰੈਕਟਰ ਆ ਗਿਆ, ਮਸ਼ੀਨਰੀ ਨਾਲ ਵਾਹੀ ਸ਼ੁਰੂ ਹੋ ਗਈ। ਜਿੰਨੀ ਜ਼ਮੀਨ 'ਤੇ ਪਹਿਲਾਂ ਪੰਜਾਹ ਆਦਮੀ ਕੰਮ ਕਰਦੇ ਸਨ, ਮਸ਼ੀਨਰੀ ਦੀ ਮਦਦ ਨਾਲ ਉਹ ਸਾਰਾ ਕੰਮ ਦਸਾਂ ਆਦਮੀਆਂ ਨਾਲ ਭੁਗਤਾ ਲਿਆ। ਬਾਕੀ ਦੇ ਚਾਲੀ ਵਿਹਲੇ ਹੋ ਗਏ। ਜਿੰਨਾ ਚਿਰ ਪਿੰਡਾਂ ਵਿਚ ਉਨ੍ਹਾਂ ਚਾਲੀਆਂ ਵਾਸਤੇ ਕੰਮ ਦਾ ਪ੍ਰਬੰਧ ਨਹੀਂ ਹੋ ਸਕਦਾ, ਓਨਾ ਚਿਰ ਸਾਂਝੀ ਵਾਹੀ ਰਾਹੀਂ ਕਲਿਆਣ ਨਹੀਂ ਹੋ ਸਕਦਾ। ਇਹ ਐਵੇਂ ਸੁਪਨਾ ਹੈ।" ਸੀਤਲ ਜੀ ਦੀ ਦਰੁਸਤ ਸਮਝਦਾਰੀ ਦੇ ਨਾਲ-ਨਾਲ ਇਹ ਟੂਕ ਉਨ੍ਹਾਂ ਦੀ ਸਪਸ਼ਟਤਾ ਤੇ ਬੋਲੀ-ਸ਼ੈਲੀ ਦਾ ਪ੍ਰਤੱਖ ਪ੍ਰਮਾਣ ਹੈ। ਉਹ ਬੇਹੱਦ ਬੇਬਾਕ ਸਨ। ਉਹ 'ਤੂਤਾਂ ਵਾਲਾ ਖੂਹ' ਕਿਸਾਨੀ ਸਮੱਸਿਆਵਾਂ ਤੋਂ ਛੁੱਟ, ਦੇਸ਼ ਵੰਡ ਦਾ ਦੁਖਾਂਤ ਵੀ ਪੇਸ਼ ਕਰਦਾ ਹੈ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਦੇਸੀ ਹਾਕਮਾਂ ਵੱਲੋਂ ਬੇਹੁਰਮਤੀ ਦਾ ਪਾਜ ਵੀ ਉਘਾੜਦਾ ਹੈ। 'ਜੁੱਗ ਬਦਲ ਗਿਆ' (ਸਾਹਿਤ ਅਕਾਦਮੀ ਵੱਲੋਂ ਪੁਰਸਕ੍ਰਿਤ) ਨਾਵਲ ਗਰੀਬ ਕਿਸਾਨੀ ਦੀ ਲੁੱਟ ਦੇ ਵੇਰਵੇ, ਧਨੀ ਕਿਸਾਨਾਂ ਦੇ ਆੜ੍ਹਤੀ ਬਣ ਜਾਣ, ਲਿੰਗਕ ਅਵੈੜ, ਸ਼ਾਹੂਕਾਰਾਂ ਦੀ ਲੁੱਟ ਅਤੇ ਅਜ਼ਾਦੀ ਨਾਲ ਭਾਰਤੀ ਜਨ-ਜੀਵਨ ਵਿਚ ਆਏ ਪਰਿਵਰਤਨਾਂ ਦਾ ਬਿਰਤਾਂਤ ਹੈ।

ਸੀਤਲ ਜੀ ਦੇ ਨਾਵਲ 'ਬਦਲਾ' ਵਿਚ ਗਰੀਬ ਮੁਜ਼ਾਰਿਆਂ ਦੇ ਜੀਵਨ ਦੇ ਬਾਰੀਕ ਵੇਰਵੇ ਪੂਰਨ ਕਲਾਤਮਿਕਤਾ ਤੇ ਨਾਵਲੀ ਵਿਧੀਆਂ ਵਿਚ ਪੇਸ਼ ਹਨ। ਇਹ ਉਨ੍ਹਾਂ ਦਾ ਹੀ ਕਮਾਲ ਹੈ ਕਿ ਉਹ ਇਹ ਲਿਖਣ ਦੇ ਸਮਰੱਥ ਹਨ, "ਇਨਕਲਾਬ ਦੇ ਦਿਨਾਂ ਵਿਚ ਜੇ ਓਹੋ ਪੈਰਾਂ ਥੱਲੇ ਲਤਾੜੇ ਹੋਏ ਮੁਜ਼ਾਰੇ ਖ਼ੂਨ ਦੇ ਪਿਆਸੇ ਬਣ ਜਾਣ ਤਾਂ ਇਹ ਅਸੰਭਵ ਨਹੀਂ।" ਹੋਰ ਵੇਖੋ, "ਨਾਜ਼ੋ ਵਰਗੀਆਂ ਪੈਰਾਂ ਥੱਲੇ ਮਿੱਧੀਆਂ ਹੋਈਆਂ ਕੋਮਲ ਕਲੀਆਂ, ਸਮਾਂ ਆਉਣ 'ਤੇ ਸੂਲਾਂ ਹੀ ਨਹੀਂ ਸੂਲੀਆਂ ਬਣ ਜਾਂਦੀਆਂ ਹਨ।" ਕਿਸਾਨੀ ਦੇ ਕਠਿਨ ਤੇ ਘਾਟੇਵੰਦੇ ਧੰਦੇ ਬਾਰੇ 'ਤੂਤਾਂ ਵਾਲਾ ਖੂਹ' ਤੇ 'ਜੰਗ ਜਾਂ ਅਮਨ' ਨਾਵਲਾਂ ਸਮੇਤ ਕਈ ਨਾਵਲਾਂ ਵਿਚ ਬਾਰੀਕ ਵੇਰਵੇ ਪੇਸ਼ ਹਨ। ਕਿਸਾਨੀ ਤੇ ਇਨ੍ਹਾਂ ਨਾਲ ਜੁੜੇ ਪਰਵਾਰਾਂ ਦੀਆਂ ਰੀਝਾਂ, ਚਾਵਾਂ ਤੇ ਖਾਹਿਸ਼ਾਂ ਦਾ ਗਲ

ਘੁੱਟਿਆ ਜਾਂਦਾ, ਇਨ੍ਹਾਂ ਨਾਵਲਾਂ ਵਿਚ ਭਰਪੂਰ ਮਾਤਰਾ 'ਚ ਵਰਣਨ ਹੈ। 'ਜੰਗ ਜਾਂ ਅਮਨ' ਜਿੱਥੇ ਜੰਗਾਂ-ਯੁੱਧਾਂ ਵਿਰੁੱਧ ਭਾਵਨਾ/ਨਫ਼ਰਤ ਉਪਜਾਉਂਦਾ ਹੈ ਉਥੇ ਇਹ ਵੀ ਸਪਸ਼ਟ ਕਰਦਾ ਹੈ ਕਿ ਆਮ ਲੋਕ ਸੁਖ-ਸ਼ਾਂਤੀ ਤੇ ਅਮਨ ਚਾਹੁੰਦੇ ਹਨ। 'ਈਚੋਗਿਲ ਨਹਿਰ ਤਕ' ਨਾਮਕ ਨਾਵਲ ੧੯੬੫ ਈ. ਵਿਚ ਹੋਏ ਭਾਰਤ-ਪਾਕਿਸਤਾਨ ਯੁੱਧ ਨਾਲ ਸੰਬੰਧਿਤ ਹੈ। ਜੰਗ-ਯੁੱਧ ਆਮ ਲੋਕਾਂ ਦੇ ਦੁੱਖਾਂ, ਤਕਲੀਫਾਂ, ਮੁਸੀਬਤਾਂ ਤੇ ਸਮੱਸਿਆਵਾਂ ਵਿਚ ਵਾਧਾ ਕਰਦੇ ਹਨ। ਸੀਤਲ ਜੀ ਦੀ ਸਮਝਦਾਰੀ ਹੈ, "ਭੁੱਖਾ ਇਨਸਾਨ ਹੀ ਸ਼ੈਤਾਨ ਹੈ।" ਇਸ ਦੇ ਨਾਲ ਹੀ ਉਹ ਗੁਰਬਾਣੀ ਦਾ ਕਥਨ ਪੁਸ਼ਟੀ ਵਜੋਂ ਪੇਸ਼ ਕਰਦੇ ਹਨ:

ਖੁਧਿਆ ਵੰਤੁ ਨ ਜਾਣਹੀ ਲਾਜ ਕੁਲਾਜ ਕੁਬੋਲ॥ (ਪੰਨਾ ੩੧੭)

ਸੀਤਲ ਜੀ ਦੁਆਰਾ ਸਿਰਜਿਤ ਨਾਵਲਾਂ 'ਚ ਸਾਂਝੇ ਪੰਜਾਬੀ ਸਭਿਆਚਾਰ ਦੇ ਵੱਖ-ਵੱਖ ਪਾਸਾਰਾਂ ਦਾ ਚਿਤਰਨ ਬੜੇ ਮੌਲਿਕ ਅੰਦਾਜ਼ ਵਿਚ ਪੇਸ਼ ਹੋਇਆ ਹੈ। ਇਨ੍ਹਾਂ ਵਿਚ ਆਰਥਿਕ ਤੇ ਰਾਜਨੀਤਿਕ ਪੇਸ਼ਕਾਰੀ ਗੌਣ ਰੂਪ ਵਿਚ ਪ੍ਰਸਤੁਤ ਹੁੰਦੀ ਹੈ। ਆਰਥਿਕ ਤੇ ਰਾਜਨੀਤਿਕ ਵਿਵਸਥਾ ਦੀ ਕਾਰਜਸ਼ੀਲਤਾ ਤੋਂ ਉਤਪੰਨ ਸਮਾਜਿਕ ਤੇ ਸਭਿਆਚਾਰਕ ਜੀਵਨ ਦੇ ਵੱਖ-ਵੱਖ ਪਹਿਲੂ ਪਿਛੋਕੜ, ਪ੍ਰਸੰਗ ਤੇ ਪਰਿਪੇਖ ਵਿਚ ਢੁਕਵੇਂ ਅਨੁਪਾਤ ਵਿਚ ਸਰਲ ਤੇ ਸਾਦ-ਮੁਰਾਦੀ ਭਾਸ਼ਾ-ਸ਼ੈਲੀ ਵਿਚ ਪੇਸ਼ ਹੋਏ ਹਨ। ਇਸ ਪ੍ਰਵਰਗ ਵਿਚ ਅਸੀਂ ਸੀਤਲ ਜੀ ਦੇ ਨਾਵਲਾਂ ਵਿਚ ਔਰਤਾਂ ਦੇ ਮਸਲਿਆਂ ਨੂੰ ਰੱਖ ਸਕਦੇ ਹਾਂ। ਔਰਤਾਂ ਜਾਂ ਮਾਵਾਂ ਦਾ ਭਾਈਚਾਰਾ ਸਾਡੇ ਸਮਾਜ ਵਿਚ ਇਕ ਦਮਿਤ ਵਰਗ ਹੈ। ਸੀਤਲ ਜੀ ਨਾਰੀ ਮਾਨਸਿਕਤਾ, ਵੇਦਨਾ, ਪੀੜਾ, ਘੁਟਨ, ਕੁੰਠਾ ਤੇ ਦਮਨ ਆਦਿ ਦੇ ਸਮਵਿੱਥ ਨਾਰੀ ਦੀ ਕਰਤਾਰੀ ਸ਼ਕਤੀ (ਆਪਣੇ ਵਰਗਾ ਹੋਰ ਪੈਦਾ ਕਰਨ ਤੇ ਪਾਲਣ-ਪੋਸ਼ਣ ਦੀ ਸਮਰੱਥਾ/ਵਿਅਕਤੀ ਸਿਰਜਣ ਦੀ ਸਮਰੱਥਾ) ਉਸ ਦੀ ਸੰਵੇਦਨਾ ਅਤੇ ਸਹਿਜਤਾ ਆਦਿ ਦੀ ਬੜੀ ਹੀ ਬਾਰੀਕੀ ਨਾਲ ਪੇਸ਼ਕਾਰੀ ਕਰਦੇ ਹਨ। 'ਜਵਾਲਾਮੁਖੀ' ਨਾਵਲ ਮਸੂਮ ਬੱਚੀਆਂ ਦੀ ਦਰਦਨਾਕ ਕਹਾਣੀ ਪੇਸ਼ ਕਰਦਾ ਹੈ। ਧੀਆਂ-ਭੈਣਾਂ ਨਾਲ ਹੁੰਦੇ ਵਿਤਕਰੇ-ਵਖਰੇਵੇਂ ਇਸ ਨਾਵਲ ਸਮੇਤ ਉਨ੍ਹਾਂ ਦੇ ਕਈ ਨਾਵਲਾਂ ਵਿਚ ਪੇਸ਼ ਹਨ। ਈਰਖਾ, ਸਾੜੇ ਤੇ ਕੀਨੇ ਦੀ ਭਾਵਨਾ, ਜੋ ਅਨੇਕਾਂ ਵਾਰ ਪਰਵਾਰਿਕ ਕਲੇਸ਼ਾਂ ਦਾ ਕਾਰਨ ਬਣਦੀ ਹੈ, ਇਸ ਨਾਵਲ ਵਿਚ ਵੀ ਪੇਸ਼ ਹੈ। ਉਨ੍ਹਾਂ ਦਾ ਨਾਵਲ 'ਕਾਲੇ ਪਰਛਾਵੇਂ' ਜਿੱਥੇ ਪਰਵਾਰਿਕ ਕਲੇਸ਼ ਦੀ ਬਾਤ ਪਾਉਂਦਾ ਹੈ, ਉਥੇ ਸਮਾਜਿਕ ਤਣਾਉ ਅਤੇ ਮੂਲ-ਮਨੁੱਖੀ ਭਾਵਨਾਵਾਂ, ਸੁਭਾਵਾਂ ਤੇ ਆਦਤਾਂ ਕਾਰਨ ਉਤਪੰਨ ਟਕਰਾਉ ਵੀ ਇਨ੍ਹਾਂ ਨਾਵਲਾਂ ਵਿਚ ਗਾਲਪਿਕ ਰੂਪ ਗ੍ਰਹਿਣ ਕਰਦਾ ਹੈ।

ਮਨੋਵਿਗਿਆਨਕ ਪੇਸ਼ਕਾਰੀ ਜਾਂ ਮਾਨਸਿਕ ਚਿਤਰਨ ਜਾਂ ਮਨੋ-ਸਥਿਤੀ 'ਚ ਬਿਰਤਾਂਤ; ਮਨੁੱਖੀ ਮਨ ਦੀ ਤਰਲਤਾ, ਭਟਕਾਵ, ਬਿਖਰਾਵ ਤੇ ਵਿਖੰਡਨ ਨੂੰ ਵੀ ਸੀਤਲ ਜੀ ਨੇ ਬਰੀਕ ਵੇਰਵਿਆਂ ਸਹਿਤ ਪੇਸ਼ ਕੀਤਾ ਹੈ। ਭਾਵੇਂ ਮੂਲ-ਮਨੁੱਖੀ ਮਾਨਸਿਕਤਾ ਕੁਦਰਤ ਤੇ ਸਮਾਜਿਕ ਚੌਗਿਰਦੇ ਦੁਆਰਾ ਨਿਰਧਾਰਿਤ ਹੁੰਦੀ ਹੈ, ਪਰ ਮਾਨਸਿਕ ਦ੍ਰਿੜਤਾ ਇੱਛਾ-ਸ਼ਕਤੀ ਤੇ ਕੁਝ ਕਰ ਗੁਜ਼ਰਨ ਦਾ ਸੰਕਲਪ ਸਮਾਜਿਕ ਚੌਗਿਰਦੇ ਨੂੰ ਵੀ ਬਦਲ ਦਿੰਦਾ ਹੈ। ਸੀਤਲ ਜੀ ਮਾਨਸਿਕ ਤਰਲਤਾ ਦੀ ਪੁਸ਼ਟੀ ਲਈ ਗੁਰਬਾਣੀ 'ਚੋਂ ਹਵਾਲਾ ਦਿੰਦੇ ਹਨ:

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥ (ਪੰਨਾ ੮੭੬)

ਇਸੇ ਤਰ੍ਹਾਂ ਮੋਹ-ਪਿਆਰ ਤੇ ਮੁਹੱਬਤ ਦੀਆਂ ਵਿਭਿੰਨ ਪਰਤਾਂ ਤੇ ਪਾਸਾਰ ਵੀ ਸੀਤਲ ਜੀ ਦੇ ਨਾਵਲਾਂ ਵਿਚ ਪ੍ਰਸੰਗ ਅਨੁਰੂਪ ਸ਼ਾਬਦਿਕ ਆਕਾਰ ਗ੍ਰਹਿਣ ਕਰਦੇ ਹਨ। ਇਹ ਅਨੇਕਾਂ ਵਾਰ ਮਨੁੱਖ ਦੀ ਸਰਗਰਮੀ/ਕਾਰਜਸ਼ੀਲਤਾ ਦਾ ਆਧਾਰ ਬਣ ਜਾਂਦਾ ਹੈ। ਇਹ ਇਕ ਕੁਦਰਤੀ ਤੇ ਜੀਵੰਤ ਜਜ਼ਬਾ ਹੈ ਜਿਸ ਨੇ ਪੇਸ਼ ਸਮਾਜਿਕ ਤੇ ਸਭਿਆਚਾਰਕ ਪਰਿਸਥਤੀਆਂ ਵਿਚ ਕਾਰਜਸ਼ੀਲ ਹੋਣਾ ਹੁੰਦਾ ਹੈ। ਇਹ ਇਸੇ ਪਹੁੰਚ-ਦ੍ਰਿਸ਼ਟੀ (Vision) ਤੋਂ ਵਿਚਾਰਾਧੀਨ ਨਾਵਲਾਂ ਵਿਚ ਪੇਸ਼ ਹਨ। ਸੰਖੇਪ ਵਿਚ ਸੀਤਲ ਜੀ ਦੇ ਨਾਵਲਾਂ ਦੇ ਪਾਠਗਤ ਅਧਿਐਨ ਤੋਂ ਸਪਸ਼ਟ ਹੈ ਕਿ ਉਨ੍ਹਾਂ ਦੇ ਉਕਤ ਨਾਵਲਾਂ ਵਿਚ ੧੯੨੦-੨੫ ਈ. ਤੋਂ ਲੈ ਕੇ ੧੯੭੦-੭੫ ਈ. ਤਕ ਤੱਤਕਾਲੀ ਪੰਜਾਬੀ ਸਮਾਜਿਕ ਤੇ ਸਭਿਆਚਾਰਕ ਜਨ-ਜੀਵਨ ਦੇ ਭਰਪੂਰ ਵੇਰਵੇ ਪੇਸ਼ ਆਰਥਿਕ ਤੇ ਰਾਜਨੀਤਿਕ ਪਿੱਠ-ਭੂਮੀ ਵਿਚ ਭਰਪੂਰ ਰੂਪ ਵਿਚ ਪੇਸ਼ ਹੋਏ ਹਨ। ਕੁਦਰਤ ਦੀ ਵਿਭਿੰਨਤਾ ਵਾਂਗ ਸਮਾਜ-ਸਭਿਆਚਾਰਕ ਵਿਭਿੰਨਤਾ ਦੇ ਦਰਸ਼ਨ ਵੀ ਪੂਰੇ ਜਲੌਅ ਸਮੇਤ ਇਨ੍ਹਾਂ ਨਾਵਲਾਂ ਦੇ ਆਰ-ਪਾਰ ਫੈਲੇ ਹੋਏ ਹਨ।

ਗਿਆਨੀ ਸੋਹਣ ਸਿੰਘ ਸੀਤਲ ਪੰਜਾਬ ਦੇ ਮਾਝਾ ਖੇਤਰ ਦੀ ਧੁੰਨੀ 'ਚ ਪੈਦਾ ਹੋਣ 'ਤੇ ਪ੍ਰਵਾਨ ਚੜ੍ਹਨ ਕਾਰਨ ਉਨ੍ਹਾਂ ਦੀ ਬੋਲੀ-ਸ਼ੈਲੀ ਠੇਠ ਮਾਝੀ ਹੈ ਅਤੇ ਇਹ ਟਕਸਾਲੀ ਪੰਜਾਬੀ ਦੇ ਬੇਹੱਦ ਨੇੜੇ ਹੈ। ਸੀਤਲ ਜੀ ਦੀ ਭਾਸ਼ਾਈ ਸਮਰੱਥਾ ਕਮਾਲ ਦੀ ਹੈ। ਉਨ੍ਹਾਂ ਦੇ ਪਾਤਰ ਜੀਊਂਦੇ-ਜਾਗਦੇ ਤੇ ਹੱਡ-ਮਾਸ ਦੇ ਬਣੇ ਹੋਏ ਹਨ ਅਤੇ ਉਹ ਤੱਤਕਾਲੀ ਪੰਜਾਬੀ ਜਨ-ਜੀਵਨ ਦੇ ਪ੍ਰਤੀਨਿਧ ਹਨ। ਉਹ ਨਾਵਲਕਾਰ ਦੇ ਹੱਥਾਂ ਵਿਚ ਕਠਪੁਤਲੀਆਂ ਨਹੀਂ ਹਨ। ਉਨ੍ਹਾਂ ਦਾ ਕਾਰ-ਵਿਹਾਰ, ਚੱਜ-ਆਚਾਰ ਤੇ ਬੋਲ-ਚਾਲ ਉਨ੍ਹਾਂ ਦੇ ਜੀਵਨ-ਪੱਧਰ ਤੇ ਸ਼ੈਲੀ ਦੇ ਐਨ-ਅਨੁਕੂਲ ਹੈ। ਇਸ ਦਾ ਆਧਾਰ ਸੀਤਲ ਜੀ ਦਾ ਅਮੀਰ, ਮੌਲਿਕ ਤੇ ਵਿਸ਼ਾਲ ਅਨੁਭਵ ਹੈ, ਜਿਹੜਾ ਉਨ੍ਹਾਂ ਨੇ ਸਿੱਖ ਇਤਿਹਾਸ ਤੇ ਦਰਸ਼ਨ ਦੇ ਸਫ਼ਲ ਪ੍ਰਚਾਰਕ ਵਜੋਂ ਪਿੰਡ-ਪਿੰਡ ਘੁੰਮ ਕੇ ਪ੍ਰਾਪਤ ਕੀਤਾ। ਉਨ੍ਹਾਂ ਦੇ ਨਾਵਲੀ ਪਾਤਰ ਮੋਟਾ-ਠੁੱਲ੍ਹਾ ਤੇ ਖੁੱਲ੍ਹਾ ਹੱਸਦੇ-ਹਸਾਉਂਦੇ ਹਨ; ਗਾਲੀ-ਗਲੋਚ ਕਰਦੇ ਹਨ; ਵਿਅੰਗ ਕੱਸਦੇ ਹਨ; ਈਰਖਾ, ਸਾੜੇ ਤੇ ਕੀਨੇ ਦੇ ਸ਼ਿਕਾਰ ਹਨ ਪਰ ਨਾਲ ਦਇਆ, ਮੋਹ, ਪਿਆਰ, ਮਿੱਤਰਤਾ, ਭਾਈਚਾਰਕ ਸਾਂਝ, ਭਰਾਤਰੀ ਭਾਵ, ਮਾਨਵੀ ਸਨੇਹ ਰੱਖਣ ਵਾਲੇ, ਰੱਬ ਤੋਂ ਡਰਨ ਵਾਲੇ ਅਤੇ ਕੁਦਰਤ ਵਾਂਗ ਸਰਲ ਤੇ ਸਾਦੇ ਹਨ। ਇਨ੍ਹਾਂ ਪਾਤਰਾਂ ਵਿਚ ਔਸਤ ਪੰਜਾਬੀਅਤ ਵਾਲੇ ਸਾਰੇ ਗੁਣ-ਲੱਛਣ, ਔਗੁਣ ਤੇ ਵਿਸ਼ੇਸ਼ਤਾਈਆਂ ਹਨ।

ਸੀਤਲ ਜੀ ਦੀ ਨਾਵਲ ਬਿਰਤਾਂਤ ਦੀ ਬੋਲੀ-ਸ਼ੈਲੀ ਬੇਹੱਦ ਸਰਲ, ਸਾਦ-ਮੁਰਾਦੀ ਤੇ ਸਪਸ਼ਟ ਹੈ। ਇਹ ਉੱਤਮ ਸਾਹਿਤ ਦਾ ਮੀਰੀ ਗੁਣ ਹੈ। ਉਨ੍ਹਾਂ ਦੀ ਭਾਸ਼ਾ ਸਾਧਾਰਨ ਤਾਂ ਹੈ, ਪਰ ਸ਼ਬਦ-ਜੜਤ ਅਤਿ ਢੁਕਵੀਂ ਹੈ। ਇਸ ਵਿਚ ਪਰਿਸਥਿਤੀਆਂ ਅਨੁਰੂਪ ਉਰਦੂ ਫਾਰਸੀ ਦਾ ਰਲਾ ਤਾਂ ਹੈ, ਪਰ ਸੰਸਕ੍ਰਿਤ ਦੀ ਸ਼ਬਦਾਵਲੀ ਵੇਖਣ ਨੂੰ ਵੀ ਨਹੀਂ ਮਿਲਦੀ। ਹਾਂ, ਪਾਤਰਾਂ ਤੇ ਪਰਿਸਥਿਤੀਆਂ ਦੇ ਅਨੁਰੂਪ ਹਿੰਦੀ-ਉਰਦੂ ਸ਼ਬਦਾਂ ਤੇ ਵਾਕਾਂ ਦੇ ਦਰਸ਼ਨ ਜ਼ਰੂਰ ਹੁੰਦੇ ਹਨ। ਵਾਕ-ਬਣਤਰ ਤੇ ਪੈਰ੍ਹਾ ਰਚਨਾ ਬਹੁਤ ਹੀ ਸਰਲ ਹੈ। ਵਾਰਤਾਲਾਪ ਬੜੇ ਚੁਸਤ ਹਨ ਅਤੇ ਪਾਤਰਾਂ ਦੇ ਸੁਭਾਅ ਅਨੁਕੂਲ ਹਨ। ਬਿਰਤਾਂਤਕ ਸ਼ੈਲੀ ਦੇ ਨਾਲ-ਨਾਲ ਮਨ-ਬਚਨੀ, ਪ੍ਰਸ਼ਨਵਾਚਕ ਤੇ ਵਿਸਮਕ ਸ਼ੈਲੀ ਵੀ ਲੋੜ ਅਨੁਸਾਰ ਵਰਤੀਆਂ ਗਈਆਂ ਹਨ। ਸਮੁੱਚੀ ਬੋਲੀ-ਸ਼ੈਲੀ ਮੁਹਾਵਰੇਦਾਰ, ਅਖਾਣ ਯੁਕਤ ਤੇ ਲੋਕ-ਉੱਕਤੀਆਂ ਨਾਲ ਭਰਪੂਰ ਹੈ। ਇਸ ਤਰ੍ਹਾਂ ਇਹ

ਨਾਵਲ ਜਿੱਥੇ ਪਾਠਕਾਂ ਦਾ ਕਲਾਤਮਕ ਮਨੋਰੰਜਨ ਕਰਦੇ ਹਨ ਉਥੇ ਉਨ੍ਹਾਂ ਦੀ ਜਾਣਕਾਰੀ, ਸੂਝ ਤੇ ਗਿਆਨ 'ਚ ਵੀ ਚੋਖਾ ਵਾਧਾ ਕਰਦੇ ਹਨ। ਸੀਤਲ ਜੀ ਸੂਤਰਧਾਰ ਵਾਂਗ ਬਿਰਤਾਂਤਕ ਸ਼ੈਲੀ 'ਚ ਵਿਆਖਿਆ-ਵਿਸ਼ਲੇਸ਼ਣ ਵੀ ਲੋੜ ਅਨੁਸਾਰ ਕਰਦੇ ਹਨ, ਪਰ ਨਾਲ ਹੀ ਉਹ ਆਪਣੇ ਪਾਤਰਾਂ ਦੀ ਮਨ-ਬਚਨੀ ਤੇ ਵਾਰਤਾਲਾਪ ਰਾਹੀਂ ਵੀ ਆਪਣੀ ਵਿਚਾਰਧਾਰਾ ਤੇ ਸਿਧਾਂਤ ਨੂੰ ਜੈਵਿਕ ਰੂਪ ਵਿਚ ਸਮੋਣ ਦੇ ਸਮਰੱਥ ਹੁੰਦੇ ਹਨ। ਇਸ ਤਰ੍ਹਾਂ ਉਹ ਨੰਗੇ-ਚਿੱਟੇ ਪ੍ਰਚਾਰਕ ਹੋਣ ਦੇ ਦੋਸ਼ ਤੋਂ ਵੀ ਬਚਦੇ ਹਨ। ਸਾਰੀ ਉਮਰ ਢਾਡੀ ਵਜੋਂ ਕਾਰਜਸ਼ੀਲ ਰਹਿਣ ਕਰਕੇ ਉਨ੍ਹਾਂ ਦੇ ਨਾਵਲੀ ਬਿਰਤਾਂਤ ਵਿਚ ਖੁੱਲ੍ਹਮ-ਖੁੱਲ੍ਹੇ ਪ੍ਰਚਾਰਾਤਮਕ ਅੰਸ਼ਾਂ ਦੇ ਸ਼ਾਮਲ ਹੋਣ ਦਾ ਪੂਰਾ ਖਦਸ਼ਾ ਸੀ, ਪਰ ਇਸ ਪੱਖ ਤੋਂ ਉਹ ਪੂਰਨ ਭਾਂਤ ਸੁਚੇਤ ਲੱਗਦੇ ਹਨ। ■

ਗਿਆਨੀ ਸੋਹਣ ਸਿੰਘ ਸੀਤਲ ਦੀ ਢਾਡੀ ਕਲਾ: ਸਰੂਪ ਤੇ ਸੰਦਰਭ

-ਡਾ. ਜਸਬੀਰ ਸਿੰਘ ਸਾਬਰ

ਢਾਡੀ-ਕਿੱਤੇ ਨਾਲ ਜੁੜੇ, ਗਿਆਨੀ ਸੋਹਣ ਸਿੰਘ ਸੀਤਲ ਦੀ ਢਾਡੀ-ਕਲਾ ਦਾ ਸਰੂਪ ਤੇ ਸੰਦਰਭ, ਅਜਿਹੀ ਦਿੱਖ ਵਾਲਾ ਸਾਡੇ ਸਾਹਮਣੇ ਉਭਰ ਕੇ ਆਉਂਦਾ ਹੈ ਜਿਸ ਨੇ ਇਸ ਕਲਾ ਨੂੰ ਆਪਣੀ ਵਿਲੱਖਣ ਗਾਯਨ ਸ਼ੈਲੀ ਅਤੇ ਲੇਖਣੀ ਨਾਲ ਫ਼ਰਸ਼ ਤੋਂ ਅਰਸ਼ ਤਕ ਪਹੁੰਚਾਉਣ ਲਈ ਇਕ ਰੋਲ ਮਾਡਲ ਵਜੋਂ ਨਿਗਰ ਭੂਮਿਕਾ ਨਿਭਾਈ ਹੈ।

ਲਾਹੌਰ ਜ਼ਿਲ੍ਹੇ ਦੇ ਕਾਦੀਵਿੰਡ ਪਿੰਡ ਵਿਚ ੧੯੦੯ ਈ. ਨੂੰ ਜਨਮੇ ਗਿਆਨੀ ਸੋਹਣ ਸਿੰਘ ਦਾ ਆਲਾ-ਦੁਆਲਾ, ਅੰਗੂਠਾ ਛਾਪ ਅਬਾਦੀ ਨਾਲ ਹੀ ਭਰਪੂਰ ਸੀ। ਪਿਤਾ ਸ. ਖ਼ੁਸ਼ਹਾਲ ਸਿੰਘ (ਪੰਨੂੰ) ਕਿਰਤੀ ਜੱਟ ਸਨ ਅਤੇ ਮਾਤਾ ਸਰਦਾਰਨੀ ਦਿਆਲ ਕੌਰ ਹੋਰੀਂ ਵੀ ਵਿੱਦਿਆ ਤੋਂ ਵਾਂਝੇ ਸਨ। ਇਸ ਦੇ ਬਾਵਜੂਦ ਅਜਿਹੇ ਮਾਹੌਲ ਵਿੱਚੋਂ ਸੀਤਲ ਸਾਹਿਬ ਦਾ ਮੈਟ੍ਰਿਕ ਤੇ ਗਿਆਨੀ ਪਾਸ ਕਰ ਲੈਣਾ ਕਿਸੇ ਚਮਤਕਾਰ ਨਾਲੋਂ ਘੱਟ ਨਹੀਂ ਆਖਿਆ ਜਾ ਸਕਦਾ। ਸੁਪਤਨੀ ਬੀਬੀ ਕਰਤਾਰ ਕੌਰ ਹੋਰਾਂ ਦਾ ਜਨਮ ਵੀ ੧੯੦੯ ਈ. ਦਾ ਹੀ ਸੀ। ਬੇਸ਼ੱਕ ਵਿਦਿਆ-ਧਨ ਉਹ ਵੀ ਪ੍ਰਾਪਤ ਨਹੀਂ ਸੀ ਕਰ ਸਕੇ ਪਰ ਉਨ੍ਹਾਂ ਨੇ ਆਪਣੇ ਪਤੀ ਨੂੰ ਵਿਕਾਸ ਦੀ ਪੌੜੀ ਦੇ ਡੰਡਿਆਂ ਉੱਤੇ ਚੜ੍ਹਨ ਹਿਤ ਪੂਰਾ ਸਹਿਯੋਗ ਦਿੰਦਿਆਂ ਉਤਸ਼ਾਹਤ ਕੀਤਾ। ਸ਼ਾਇਦ ਇਹੋ ਕਾਰਨ ਸੀ ਕਿ ਗੁਰਦੁਆਰੇ ਦੇ ਗ੍ਰੰਥੀ ਤੋਂ ਵਿੱਦਿਆ-ਪ੍ਰਾਪਤੀ ਦਾ ਸਬਕ ਅਰੰਭ ਕਰਨ ਵਾਲੇ ਗਿਆਨੀ ਸੋਹਣ ਸਿੰਘ ਸੀਤਲ, ਕੇਵਲ ਢਾਡੀ-ਕਲਾ ਦੇ ਅਕਾਸ਼ ਵਿਚ ਧਰੂ ਤਾਰੇ ਵਾਂਗ ਹੀ ਨਹੀਂ ਚਮਕੇ ਸਗੋਂ ਇਕ ਉਚ-ਕੋਟੀ ਦੇ ਸਾਹਿਤਕਾਰ ਵਜੋਂ ਵੀ ਉਨ੍ਹਾਂ ਨੇ ਆਪਣੀ ਨਿਵੇਕਲੀ ਪਛਾਣ ਸਥਾਪਿਤ ਕੀਤੀ। ਢਾਡੀ-ਸੰਸਾਰ ਨਾਲ ਜੁੜੀਆਂ ਉਨ੍ਹਾਂ ਦੀਆਂ ਰਚੀਆਂ ੯੦ ਦੇ ਕਰੀਬ ਵਾਰਾਂ ਅਜੋਕੇ ਸਮੇਂ ਦੇ ਹਰੇਕ ਢਾਡੀ ਦੀਆਂ ਸਹਾਇਕ ਹੀ ਨਹੀਂ ਸਗੋਂ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਸਾਧਨ ਵੀ ਹਨ। ਉਨ੍ਹਾਂ ਦੇ ਲਿਖੇ ੨ ਦਰਜਨ ਦੇ ਲੱਗਭਗ ਨਾਵਲ, ਇਤਨੀਆਂ ਹੀ ਕਹਾਣੀਆਂ, ਸਿੱਖ ਇਤਿਹਾਸ ਨਾਲ ਸੰਬੰਧਿਤ ਡੇਢ ਦਰਜਨ ਪੁਸਤਕਾਂ, ਕੁਝ ਨਾਟਕ ਅਤੇ ਕੁਝ ਪੁਸਤਕਾਂ ਬਾਲ-ਜਗਤ ਨਾਲ ਸੰਬੰਧਿਤ ਹਨ। ਨਾਵਲ 'ਜੁੱਗ ਬਦਲ ਗਿਆ' ਸਾਹਿਤ ਅਕਾਡਮੀ ਨਵੀਂ ਦਿੱਲੀ ਨੇ ਆਪ ਜੀ ਨੂੰ ਸਨਮਾਨਤ ਵੀ ਕੀਤਾ।

ਸੀਤਲ ਸਾਹਿਬ ਬਚਪਨ ਤੋਂ ਹੀ ਸਿਰੜੀ ਤੇ ਮਿਹਨਤੀ ਸਨ। ਉਨ੍ਹਾਂ ਨੂੰ ਆਪਣੀ ਮਾਂ ਤੋਂ ਗੁੜ੍ਹਤੀ ਹੀ ਇਹ ਮਿਲੀ ਕਿ ਸੱਚੀ ਲਗਨ, ਪੂਰਨ ਸਮਰਪਨ ਅਤੇ ਸਿਰੜ ਤੋਂ ਬਿਨਾਂ ਕਿਸੇ ਵੀ ਖੇਤਰ ਵਿਚ ਮੁਹਾਰਤ ਪ੍ਰਾਪਤ ਨਹੀਂ ਹੋ ਸਕਦੀ। ਇਸ ਲਈ ਇਸੇ ਜੁਗਤ ਨਾਲ ਆਪ ਜੀ ਨੇ ਢਾਡੀ-ਕਲਾ ਦੇ ਸਫਲ ਕਲਾਕਾਰ, ਪ੍ਰਸਿੱਧ ਇਤਿਹਾਸਕਾਰ, ਨਾਵਲਕਾਰ, ਨਾਟਕਕਾਰ ਤੇ ਕਹਾਣੀਕਾਰ ਦੇ ਰੂਪ ਵਿਚ ਆਪਣੀ ਅਨੋਖੀ ਤੇ ਵਿਲੱਖਣ ਪਛਾਣ ਸਥਾਪਿਤ ਕੀਤੀ।

੧੯੯੩ ਈ. ਵਿਚ ਪ੍ਰਕਾਸ਼ਤ ਕੀਤੀ ਪੁਸਤਕ ਆਪਣੀ ਸਵੈ-ਜੀਵਨੀ 'ਵੇਖੀ ਮਾਣੀ ਦੁਨੀਆਂ' ਵਿਚ ਆਪ ਬੜੇ ਮਾਣ ਨਾਲ ਲਿਖਦੇ ਹਨ ਕਿ ਸਭ ਤੋਂ ਪਹਿਲਾਂ ਮੈਂ ਢਾਡੀ ਹਾਂ, ਫੇਰ ਸਿੱਖ ਇਤਿਹਾਸ ਦਾ ਲੇਖਕ, ਫੇਰ ਨਾਵਲਕਾਰ, ਉਪਰੰਤ ਕੁਝ ਹੋਰ। ਢਾਡੀ ਕਲਾ ਨੂੰ ਜਨ-ਜੀਵਨ ਦਾ ਹਿੱਸਾ ਬਣਾਉਣ ਅਤੇ ਇਸ ਕਿੱਤੇ ਨਾਲ ਜੁੜੇ ਢਾਡੀਆਂ ਨੂੰ ਆਨ, ਸ਼ਾਨ ਤੇ ਮਾਣ-ਸਨਮਾਨ ਨਾਲ ਸਮਾਜ ਦਾ ਅੰਗ ਬਣਾਉਣ ਵਿਚ ਗਿਆਨੀ ਸੋਹਣ ਸਿੰਘ ਜੀ ਸੀਤਲ ਦੀ ਢਾਡੀ ਕਲਾ ਦੇ ਸਰੂਪ ਤੇ ਸੰਦਰਭ ਨੇ ਨਿੱਗਰ ਯੋਗਦਾਨ ਪਾਇਆ ਹੈ।

ਗਿਆਨੀ ਸੋਹਣ ਸਿੰਘ ਸੀਤਲ ਦੇ ਜੀਵਨ-ਕਾਲ ਤੋਂ ਪਹਿਲਾਂ ਢਾਡੀ-ਕਲਾ ਦਾ ਸਰੂਪ ਤੇ ਸੰਦਰਭ ਕਿਸ ਪ੍ਰਕਾਰ ਦਾ ਸੀ ਅਤੇ ਉਨ੍ਹਾਂ ਨੇ ਇਸ ਵਿਚ ਕਿਸ ਤਰ੍ਹਾਂ ਦੀਆਂ ਅਤੇ ਕਿਵੇਂ ਤਬਦੀਲੀਆਂ ਲਿਆਂਦੀਆਂ ਇਸ ਸੰਬੰਧੀ ਇਸ ਲੇਖ ਵਿਚ ਲਘੂ-ਚਰਚਾ ਕਰਨੀ ਤਰਕ-ਸੰਗਤ ਲੱਗਦੀ ਹੈ।

ਅਸਲ ਵਿਚ ਢਾਡੀ-ਕਲਾ ਕੋਈ ਆਧੁਨਿਕ ਕਲਾ ਨਹੀਂ ਹੈ। ਇਸ ਕਲਾ ਦਾ ਅਰੰਭ ਮਨੁੱਖੀ ਸਭਿਅਤਾ ਦੇ ਅਰੰਭ-ਕਾਲ ਨਾਲ ਹੀ ਜਾ ਜੁੜਦਾ ਹੈ। ਆਦਿ-ਮਾਨਵ ਦਾ ਵਾਸਾ ਕਬੀਲਿਆਂ ਵਿਚ ਹੁੰਦਾ ਸੀ ਅਤੇ ਸੰਬੰਧਿਤ ਕਬੀਲੇ ਦਾ ਕੋਈ ਨਾ ਕੋਈ ਮੁਖੀਆ ਮਾਲਕ ਬਣ ਜਾਂਦਾ ਸੀ। ਸੰਬੰਧਿਤ ਕਬੀਲੇ ਦੇ ਲੋਕ ਆਪਣੇ ਮਾਲਕ ਦੇ ਹੁਕਮ ਅਨੁਸਾਰ ਕਾਰਜ ਕਰਦਿਆਂ ਉਸ ਨੂੰ ਹਰ ਹਾਲਤ ਖ਼ੁਸ਼ ਰੱਖਣ ਦਾ ਜਤਨ ਕਰਦੇ ਸਨ। ਇਹ ਕਬੀਲੇ ਦੂਜੇ ਕਬੀਲੇ ਦੀ ਮਾਲਕੀ ਹਾਸਲ ਕਰਨ ਖ਼ਾਤਰ ਲੜਾਈਆਂ ਕਰਦੇ ਜਿਸ ਦੇ ਫਲਸਰੂਪ ਹਾਰਿਆ ਕਬੀਲਾ ਬਹੁਤ ਮਾਯੂਸ ਹੋ ਜਾਂਦਾ ਸੀ। ਮਾਯੂਸ ਕਬੀਲੇ ਨੂੰ ਕਈ ਪ੍ਰਕਾਰ ਦੇ ਢੰਗ-ਤਰੀਕੇ ਵਰਤਦਿਆਂ ਤੇ ਹੌਂਸਲਾ ਦਿੰਦਿਆਂ ਮੁੜ ਉਤਸ਼ਾਹਤ ਕੀਤਾ ਜਾਂਦਾ। ਹੌਂਸਲਾ ਦੇਣ ਦੀ ਜੁਗਤ ਜਾਣਨ ਵਾਲੇ ਖਾਸ-ਖਾਸ ਕਲਾਕਾਰ ਹੁੰਦੇ ਸਨ। ਇਨ੍ਹਾਂ ਕਬੀਲਿਆਂ ਦੀਆਂ ਮਾਲਕਾਨਾ ਲੜਾਈਆਂ ਨੇ ਹੀ ਜੰਗਜੂ ਭਾਵਨਾਵਾਂ ਪੈਦਾ ਕੀਤੀਆਂ। ਗੁਲਾਮ ਬਣਨ ਵਾਲੇ ਮਾਲਕਾਂ ਨੂੰ 'ਕਲਾਕਾਰ' ਲੋਕ ਉਨ੍ਹਾਂ ਦੇ ਵੱਡ-ਵਡੇਰਿਆਂ ਦੇ ਬਹਾਦਰੀ ਦੇ ਕਿੱਸੇ ਸੁਣਾ ਕੇ ਉਨ੍ਹਾਂ ਵਿਚ ਆਪਣੀ ਖ਼ੁੱਸੀ ਮਾਲਕੀ ਪ੍ਰਾਪਤ ਕਰਨ ਲਈ ਜੋਸ਼ ਭਰ ਦਿੰਦੇ। ਇਹੋ ਕਲਾਕਾਰ 'ਭੱਟ' ਵਜੋਂ ਪ੍ਰਸਿੱਧ ਹੋਏ।

ਰਾਜਸਥਾਨ ਦੇ ਰਾਜਪੂਤ ਘਰਾਣਿਆਂ ਨੇ ਇਨ੍ਹਾਂ ਭੱਟਾਂ ਦੇ ਹੁਨਰ ਦੀ ਕਦਰ ਕਰਦਿਆਂ ਚੰਗਾ ਮੁੱਲ ਪਾਇਆ ਅਤੇ ਆਪੋ-ਆਪਣੇ ਘਰਾਣਿਆਂ ਨਾਲ ਜੋੜ ਲਿਆ। ਹਰੇਕ ਘਰਾਣੇ ਦਾ ਆਪੋ-ਆਪਣਾ ਵਿਸ਼ੇਸ਼ 'ਭੱਟ' ਹੁੰਦਾ ਜੋ ਆਪਣੇ ਮਾਲਕ ਦੀ ਉਸਤਤ ਕਰਦਾ ਅਤੇ ਹੋਰ ਕਿਧਰੇ ਨਾ ਜਾਂਦਾ। ਉਹ ਆਪਣੇ ਮਾਲਕ ਨੂੰ ਆਪਣਾ ਜੀਵਨ ਤੇ ਕਲਾ ਪੂਰੀ ਤਰ੍ਹਾਂ ਸਮਰਪਿਤ ਕਰ ਦਿੰਦਾ। ਇਨ੍ਹਾਂ ਭੱਟਾਂ ਨਾਲ ਹੀ ਢਾਡੀ ਪਰੰਪਰਾ ਅਰੰਭ ਹੋਈ। ਅਰੰਭ ਵਿਚ ੨-੩ ਸਾਥੀ ਹੀ ਸਾਜ਼ਾਂ ਨਾਲ ਗਾਉਂਦੇ ਅਤੇ ਇਨ੍ਹਾਂ ਦੇ ਅਰੰਭਕ ਢਾਡੀ-ਸਾਜ਼ ਸਨ 'ਸਾਰੰਦਾ' ਅਤੇ 'ਮਰਦੰਗ'। ਸਾਜ਼ਾਂ ਨਾਲ ਗਉਣ ਵਾਲੇ ਇਨ੍ਹਾਂ ਢਾਡੀਆਂ ਨੂੰ 'ਘੜਕਾ' ਆਖਿਆ ਜਾਂਦਾ ਸੀ। ਇਨ੍ਹਾਂ ਢਾਡੀਆਂ ਦਾ ਪ੍ਰਮੁੱਖ ਕਾਰਜ ਸੀ ਆਪਣੀ ਕਲਾ ਰਾਹੀਂ ਆਪਣੇ ਮਾਲਕ ਨੂੰ ਖ਼ੁਸ਼ ਕਰਨਾ। ਇਸੇ ਲਈ ਢਾਡੀ-ਕਲਾ ਦੇ ਅਰੰਭਕ-ਰੂਪ ਵਿਚ ਮਨੋਰੰਜਨ, ਰੋਮਾਂਟਿਕ ਕਿੱਸੇ, ਕਰੁਣਾ ਰਸ, ਬੀਰ ਰਸ ਅਤੇ ਸ਼ਿੰਗਾਰ ਰਸ ਦੀ ਪੇਸ਼ਕਾਰੀ ਦੀ ਪ੍ਰਧਾਨਤਾ ਸੀ। ਇਹ ਢਾਡੀ, ਇਸ ਤਰ੍ਹਾਂ ਅਖਾੜੇ ਲਾਉਂਦੇ ਕਿ ਇਹ ਆਪ ਵਿਚਕਾਰ ਖੜੋਂਦੇ ਅਤੇ ਇਨ੍ਹਾਂ ਦੇ ਚਾਰੇ ਪਾਸੇ

ਸ੍ਰੋਤੇ ਬੈਠਦੇ। ਇਹ ਇਕ ਦੀ ਥਾਂ ਕਈ ਪ੍ਰਸੰਗ ਸੁਣਾਉਂਦੇ ਅਤੇ ਹਰ ਪ੍ਰਸੰਗ ਨੂੰ ਸ਼ੁਰੂ ਕਰਨ ਸਮੇਂ ਆਪਣੀ ਦਿਸ਼ਾ ਦਾ ਪਾਸਾ ਵੀ ਬਦਲ ਲੈਂਦੇ। ਢਾਡੀ-ਪੇਸ਼ੇ ਨਾਲ ਜੁੜੇ ਇਨ੍ਹਾਂ ਲੋਕਾਂ ਦਾ ਸੰਬੰਧ ਕੁਝ ਵਿਸ਼ੇਸ਼ ਜਾਤੀਆਂ ਨਾਲ ਹੀ ਹੁੰਦਾ ਸੀ ਜੋ ਡੂਮ/ਮਿਰਾਸੀ ਹੋਣ ਕਾਰਨ ਸਮਾਜ ਵਿਚ ਅਖੌਤੀ ਨੀਵੀਂ ਜਾਤ ਦੇ ਸਮਝੇ ਜਾਂਦੇ ਸਨ। ਇਸ ਤੱਥ ਦੀ ਪੁਸ਼ਟੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚੋਂ ਵੀ ਹੋ ਜਾਂਦੀ ਹੈ:

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥
ਤਿਨ੍ ਮੰਗਾ ਜਿ ਤੁਝੈ ਧਿਆਇਦੇ॥ (ਪੰਨਾ ੪੬੮)

ਪਰ ਇਸ ਦੇ ਬਾਵਜੂਦ ਢਾਡੀਆਂ ਦੀ ਅਹਿਮੀਅਤ ਘੱਟ ਨਹੀਂ ਸੀ ਹੁੰਦੀ। ਇਸ ਦਾ ਪ੍ਰਮਾਣ ਹੈ 'ਆਈਨੇ ਅਕਬਰੀ' ਵਿਚ ਬਾਦਸ਼ਾਹ ਅਕਬਰ ਦੇ ਦਰਬਾਰ ਦੇ ਨੌਂ ਰਤਨਾਂ ਵਿੱਚੋਂ ਮੀਆਂ ਤਾਨ ਸੈਨ ਦੇ ਨਾਂ ਨਾਲ ੩੬ ਸੰਗੀਤਕਾਰਾਂ ਦੀ ਜੋ ਲਿਸਟ ਦਿੱਤੀ ਗਈ ਹੈ ਉਸ ਵਿਚ ਸਤਵੇਂ ਨੰਬਰ ਤੇ ਢਾਡੀ ਮੁਹੰਮਦ ਖਾਨ, ਗਿਆਰਵੇਂ ਤੇ ਢਾਡੀ ਦਾਊਦ, ਤੇਰ੍ਹਵੇਂ 'ਤੇ ਢਾਡੀ ਮੁਲਾਂ ਇਸਹਾਕ ਅਤੇ ਬਾਈਵੇਂ 'ਤੇ ਢਾਡੀ ਸ਼ੇਖ ਦਾਵਨ ਦਾ ਨਾਂ ਦਰਜ ਕੀਤਾ ਪ੍ਰਾਪਤ ਹੁੰਦਾ ਹੈ। ਆਮ ਤੌਰ 'ਤੇ ਇਹ ਢਾਡੀ ਲੋਕ ਕਿਸੇ ਹੀਰੋ ਜਾਂ ਸਰਦਾਰ ਦੀ ਜੱਸ ਭਰਪੂਰ ਬਹਾਦਰੀ ਅਤੇ ਕੀਰਤੀ ਦੇ ਪ੍ਰਸੰਗ ਨੂੰ ਛੰਦ-ਰਚਨਾ ਰਾਹੀਂ ਇਸ ਤਰ੍ਹਾਂ ਗਾਉਂਦੇ ਸਨ ਜਿਸ ਨਾਲ ਸੰਬੰਧਿਤ ਕਬੀਲੇ ਦੇ ਲੋਕ-ਮਨਾਂ ਵਿਚ ਬੀਰ-ਰਸ ਪੈਦਾ ਹੁੰਦਾ ਸੀ, ਸੁੱਤੀ ਅਣਖ ਜਾਗ ਪੈਂਦੀ ਸੀ ਅਤੇ ਕੁਝ ਕਰਨ ਮਰਨ ਲਈ ਖ਼ੂਨ ਉਬਾਲੇ ਖਾਣ ਲੱਗ ਪੈਂਦਾ ਸੀ। ਭੱਟਾਂ ਵੱਲੋਂ ਰਚੀਆਂ ਜਾਂਦੀਆਂ ਇਨ੍ਹਾਂ ਰਚਨਾਵਾਂ ਦਾ ਕਵਿ-ਰੂਪ 'ਵਾਰ-ਕਾਵਿ' ਹੁੰਦਾ ਸੀ ਜਿਸ ਲਈ ਨਿਸ਼ਾਨੀ ਛੰਦ ਜਾਂ ਉਪਮਾਨ ਛੰਦ ਦੀ ਵਰਤੋਂ ਕੀਤੀ ਜਾਂਦੀ ਸੀ। ਇਨ੍ਹਾਂ ਛੰਦਾਂ ਲਈ ੨੨,੨੩,੨੪,੨੬, ੨੮ ਮਾਤ੍ਰਾਵਾਂ ਦੀ ਵਰਤੋਂ ਕਰਦਿਆਂ ਇਸ ਨੂੰ 'ਪਉੜੀ' ਦਾ ਰੂਪ ਦਿੱਤਾ ਜਾਂਦਾ ਸੀ। ਪਉੜੀਆਂ ਵਿਚ ਤੁਕਾਂ ਦੀ ਗਿਣਤੀ ਨਿਰਧਾਰਤ ਨਹੀਂ ਸੀ ਹੁੰਦੀ ਜੋ ਵੱਧ-ਘੱਟ ਹੋ ਸਕਦੀਆਂ ਸਨ ਪਰ ਇਸ ਪਉੜੀ ਦੀ ਅੰਤਿਮ ਤੁਕ ਅੱਧੀ ਹੀ ਰੱਖੀ ਜਾਂਦੀ ਜਿਸ ਨੂੰ ਗਾਇਨ ਕਰਨ ਸਮੇਂ ਦੁਹਰਾਇਆ ਜਾਂਦਾ ਸੀ।

ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਅਮਨ-ਸ਼ਾਂਤੀ ਦਾ ਪੈਗ਼ਾਮ ਦੇਣ ਵਾਲੇ ਸਿੱਖ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੇ ਸੰਚਾਰ ਤੇ ਪ੍ਰਸਾਰ ਲਈ ਇਸ ਢਾਡੀ ਕਲਾ ਨੂੰ ਕਿਉਂ ਅਪਣਾਇਆ? ਦਰਅਸਲ ਇਤਿਹਾਸਿਕ ਪੱਖੋਂ ਪੰਦਰ੍ਹਵੀਂ ਸਦੀ ਦੇ ਮੱਧਕਾਲ ਵਿਚ ਦੋ ਵਿਚਾਰਧਰਾਵਾਂ ਬਰਾਬਰ-ਬਰਾਬਰ ਚਲਦੀਆਂ ਹਨ। ਇਕ ਵਿਚਾਰਧਾਰਾ ਸੀ ਬਾਬਰਕਿਆਂ ਦੀ ਤੇ ਦੂਜੀ ਸੀ ਬਾਬੇਕਿਆਂ ਦੀ। ਇਨ੍ਹਾਂ ਦੋਹਾਂ ਦੀ ਜੁਗਤ ਵੱਖਰੀ ਸੀ, ਮਾਰਗ ਵੱਖਰਾ ਸੀ ਅਤੇ ਮੰਤਵ ਵੀ ਵੱਖਰਾ ਸੀ। ਬਾਬਰਕਿਆਂ ਦਾ ਉਦੇਸ਼ ਸੀ ਤਾਕਤ-ਪ੍ਰਾਪਤੀ, ਧਨ-ਪ੍ਰਾਪਤੀ, ਕੂੜ-ਕਪਾਟ ਆਦਿ ਜਿਸ ਲਈ ਉਹ ਰੱਬੀ-ਰਜ਼ਾ ਦੇ ਉਲਟ (ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ) ਕਤਲੋਗਾਰਤ, ਲੁੱਟਮਾਰ, ਬੇਪਤੀ ਕਰਨ ਤੋਂ ਜ਼ਰਾ ਵੀ ਗੁਰੇਜ਼ ਨਹੀਂ ਸਨ ਕਰਦੇ ਬਲਕਿ ਅਜਿਹਾ ਕਰਨਾ ਆਪਣਾ ਹੱਕ ਸਮਝਦੇ ਸਨ। ਪਰ ਬਾਬੇ ਕੇ ਪਹਿਲੇ ਵਿਧੀ-ਵਿਧਾਨ ਦੇ ਉਲਟ ਪ੍ਰਭੂ-ਪ੍ਰਾਪਤੀ ਲਈ ਸੱਚ ਦੇ ਮਾਰਗ 'ਤੇ ਚਲਣ ਅਤੇ ਆਪਸੀ ਪ੍ਰੇਮ-ਪਿਆਰ ਦਾ ਸੰਦੇਸ਼ ਸਿਰਜਦੇ ਸਨ। ਬਾਬਰਕਿਆਂ ਦੇ ਢਾਡੀ ਤੇ ਭੱਟ ਮਜਬੂਰਨ ਆਪਣੇ ਮਾਲਕ ਦੇ ਕਸੀਦੇ ਲਿਖਦੇ ਤੇ ਗਾਉਂਦੇ ਸਨ ਅਤੇ ਬਾਬੇਕਿਆਂ ਦੇ

'ਰਬਾਬੀ' ਰੱਬੀ-ਧੁਨਾਂ ਨਾਲ ਮਾਨਵ-ਚੇਤਨਾ ਨੂੰ ਪ੍ਰਭੂ-ਨਾਲ ਇਕਸੁਰ ਕਰਦੇ ਸਨ।

ਸਿੱਖ ਸੰਗਤਾਂ, ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਤੋਂ ਪਹਿਲਾਂ 'ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ' ਅਨੁਸਾਰ ਗੁਰਬਾਣੀ ਕੀਰਤਨ ਨਾਲ ਹੀ ਜੁੜੀਆਂ ਹੋਈਆਂ ਸਨ। ਉਪਰੰਤ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਹਾਲਾਤ ਨੇ ਇਸ ਤਰ੍ਹਾਂ ਰੁਖ਼ ਬਦਲਿਆ ਕਿ ਕੌਮ ਨੂੰ ਜ਼ੁਲਮ ਨਾਲ ਟੱਕਰ ਲੈਣ ਦੀ ਲੋੜ ਪੈ ਗਈ ਅਤੇ ਸਿਮਰਨ ਦੇ ਨਾਲ ਸਫਰ ਸ਼ੁਰੂ ਹੋ ਗਿਆ ਸ਼ਮਸ਼ੀਰ ਦਾ।

ਇਸ ਤਰ੍ਹਾਂ ਢੱਡ-ਸਾਰੰਗੀ ਨਾਲ ਢਾਡੀ ਸਿੱਖ ਸੰਗਤਾਂ ਦੀ ਚੇਤਨਾ ਵਿਚ ਬੀਰ-ਰਸ ਦੇ ਭਾਵ ਉਪਜਾਉਣ ਲਈ ਢਾਡੀ ਸੂਰਮਗਤੀ ਨਾਲ ਸੰਬੰਧਿਤ ਵਾਰਾਂ ਦਾ ਗਾਇਨ ਕਰਨ ਲੱਗ ਪਏ ਜਿਸ ਨੇ ਭਗਤੀ ਤੇ ਸ਼ਕਤੀ ਦੇ ਸੁਮੇਲ ਦੀ ਆਧਾਰਸ਼ਿਲਾ ਰੱਖੀ।

ਸਿੱਖ ਧਰਮ ਵਿਚ ਪ੍ਰਵੇਸ਼ ਹੋਈ ਇਸ 'ਢਾਡੀ ਪਰੰਪਰਾ' ਨੇ ਮੱਧਕਾਲੀਨ ਪੰਜਾਬ ਦੀ ਸਾਹਸਤਹੀਣ 'ਨਿਤਾਣੀ' ਚਿੰਤਨਧਾਰਾ ਨੂੰ 'ਸਤਾਣੀ' ਬਣਨ ਹਿੱਤ ਅਜਿਹਾ ਠਿੱਗਰ ਯੋਗਦਾਨ ਪਾਇਆ, ਜਿਸ ਨੇ ਮਾਨਵ-ਜੀਵਨ ਨੂੰ ਗਿਲਾਨੀ ਭਰਪੂਰ ਜੀਵਨ ਜਿਉਣ ਤੋਂ ਮੁਕਤ ਹੋਣ ਅਤੇ ਮਾਣ-ਸਨਮਾਨ ਨਾਲ ਜਿਉਣ ਦੀ ਜਾਚ ਦੱਸੀ। ਇਹ ਨਵਾਂ ਮਾਰਗ-ਦਰਸ਼ਨ, ਮਾਨਵ-ਭਲਾਈ ਲਈ ਇਕ ਤਰ੍ਹਾਂ ਨਾਲ ਸ਼ੁਭ ਸੰਦੇਸ਼ ਸੀ। ਇਸ ਸੰਦੇਸ਼ ਦੀ ਪਿੱਠ ਪੂਰਨ ਵਾਲੀ ਕਲਾ 'ਢਾਡੀ ਪਰੰਪਰਾ' ਹੀ ਉਹ ਸ਼ਕਤੀ ਸੀ, ਜੋ ਤਾਰ ਸਪਤਕ ਵਿਚ ਪੂਰੇ ਤਾਣ ਨਾਲ ਬੀਰ-ਰਸ ਨਾਲ ਭਰਪੂਰ ਘਟਨਾਵਾਂ ਦਾ ਗਾਇਨ ਕਰਦਿਆਂ ਸ੍ਰੋਤਿਆਂ ਦੇ ਮਨਾਂ ਵਿਚ ਨਿਸ਼ਕਾਮ 'ਧਰਮ-ਯੁੱਧ' ਦਾ ਚਾਉ ਪੈਦਾ ਕਰਦੀ ਸੀ। ਸਿੱਖ ਧਰਮ ਨਾਲ ਜੁੜੀ ਇਸ ਢਾਡੀ-ਪਰੰਪਰਾ ਨੇ ਧਰਮ-ਵੰਡ, ਵਰਣ-ਵੰਡ, ਜਾਤ-ਪਾਤ-ਵੰਡ, ਊਚ-ਨੀਚ-ਵੰਡ, ਲਿੰਗ-ਭੇਦ-ਵੰਡ ਆਦਿ ਦੀਆਂ ਵਿੱਥਾਂ ਨੂੰ ਮੂਲੋਂ ਨਕਾਰਦਿਆਂ ਗੁਰੂ-ਘਰ ਦੇ ਦਰ, ਹਰੇਕ ਮਾਨਵ ਲਈ ਖੋਲ੍ਹ ਦਿੱਤੇ। ਮਨੁੱਖ ਨੂੰ ਉਸ ਦੀ ਜਾਤ-ਪਾਤ ਦੀ ਥਾਂ ਕਰਨੀ ਨਾਲ ਤੋਲਿਆ ਜਾਣ ਲੱਗਾ, ਜੋ ਭਾਵਾਤਮਕ ਏਕਤਾ ਦੀ ਅਨੂਠੀ ਮਿਸਾਲ ਬਣੀ।

ਉਪਰੋਕਤ ਦੇ ਸਨਮੁਖ ਜਦੋਂ ਅਸੀਂ ਗਿਆਨੀ ਸੋਹਣ ਸਿੰਘ ਸੀਤਲ ਹੋਰਾਂ ਦੀ ਢਾਡੀ-ਕਲਾ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਉਸ ਸਮੇਂ ਇਸ ਕਲਾ ਨਾਲ ਜੁੜੇ ਕਲਾਕਾਰ ਸ਼ੇਖ (ਮੁਸਲਮਾਨ) ਜਾਂ ਡੂਮ ਮਿਰਾਸੀ ਹੀ ਹੁੰਦੇ ਸਨ। ਭਾਵੇਂ ਛੇਵੇਂ ਅਤੇ ਦਸਮ ਗੁਰੂ ਜੀ ਨੇ ਢਾਡੀਆਂ ਨੂੰ ਪੂਰਨ ਮਾਨ-ਸਨਮਾਨ ਦਿੱਤਾ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਾਂ ਸਿਖ ਜਗਤ ਦੇ ਪ੍ਰਥਮ ਢਾਡੀ ਭਾਈ ਨੱਥ ਮੱਲ ਤੇ ਭਾਈ ਅਬਦੁੱਲਾ ਨੂੰ ਉਨ੍ਹਾਂ ਦੇ ਪਿੰਡ ਸੁਰ ਸਿੰਘ ਵਾਲਾ ਤੋਂ ਸ਼ਿੰਗਾਰੇ ਹਾਥੀਆਂ 'ਤੇ ਬਿਠਾ ਕੇ ਮਾਨ-ਸਨਮਾਨ ਨਾਲ ਲਿਆਂਦਾ। ਪਰ ਸਿੱਖ-ਜਗਤ ਵਿਚ ਇਸ ਕਲਾ ਨਾਲ ਸਿੰਘ ਸਭਾ ਬਣਨ ਉਪਰੰਤ ਹੀ ਆਮ ਸਿੱਖ ਢਾਡੀ ਬਣ ਕੇ ਵਿਚਰਨ ਲੱਗੇ। ਇਹੋ ਕਾਰਨ ਸੀ ਕਿ 'ਸੀਤਲ' ਸਾਹਿਬ ਅਤੇ ਉਨ੍ਹਾਂ ਦੇ ਸਾਥੀ ਭਾਈ ਹਰਨਾਮ ਸਿੰਘ, ਗੁਰਚਰਨ ਸਿੰਘ ਤੇ ਅਮਰੀਕ ਸਿੰਘ ਨੇ ਲਲਿਆਣੀ ਪਿੰਡ ਦੇ ਚਿਰਾਗਦੀਨ ਪਾਸੋਂ ਇਸ ਢਾਡੀ-ਕਲਾ ਦਾ ਗੁਣ ਪ੍ਰਾਪਤ ਕੀਤਾ। ਭਾਈ ਗੁਰਚਰਨ ਸਿੰਘ ਨੇ ਸਾਰੰਗੀ ਸਿੱਖੀ ਅਤੇ ਬਾਕੀ ਤਿੰਨਾਂ ਨੇ ਢੱਡ। ਇਨ੍ਹਾਂ ਨੇ ਪਹਿਲਾਂ ਭਾਈ ਜੋਗਾ ਸਿੰਘ ਤੋਂ ਇਹ ਗੁਣ ਹਾਸਲ ਕਰਨ ਦਾ ਜਤਨ ਕੀਤਾ ਪਰ ਉਸ ਨੇ ਇਹ ਗੁਣ ਦੇਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿਉਂਕਿ ਉਹ ਆਪਣੀ ਰੋਟੀ-ਰੋਜ਼ੀ ਬੰਦ ਹੋਣ ਤੋਂ ਡਰਦਾ ਸੀ। ਇਸ ਲਈ ਇਨ੍ਹਾਂ ਨੇ

ਆਪਣੇ ਉਸਤਾਦ ਚਿਰਾਗਦੀਨ ਤੋਂ ਪੁਰਾਤਨ ਤਰਜ਼ਾਂ, ਕਲੀ, ਮਿਰਜਾ, ਦੁੱਲਾ, ਰਸਾਲੂ, ਪੂਰਨ, ਸੱਸੀ, ਰਠੌੜ, ਬੈਂਤ, ਕਬਿਤ, ਕੋਰੜਾ, ਕਾਫੀ ਆਦਿ ਗਾਉਣੇ ਤੇ ਵਜਾਉਣੇ ਸਿੱਖੇ।

ਸ਼ੁਰੂ-ਸ਼ੁਰੂ ਵਿਚ ਸੀਤਲ ਸਾਹਿਬ ਨੇ ਗਿਆਨੀ ਸੋਹਣ ਸਿੰਘ ਘੁੱਕੇਵਾਲੀਏ ਦੇ ਪ੍ਰਸੰਗ ਗਉਣੇ-ਵਜਾਉਣੇ ਸ਼ੁਰੂ ਕੀਤੇ ਪਰ ਛੇਤੀ ਹੀ ਆਪਣੇ ਲਿਖੇ ਪ੍ਰਸੰਗ ਗਾਉਣੇ ਅਰੰਭ ਦਿੱਤੇ। ਪਿੰਡ ਰੱਤੋਕੇ ਦੇ ਪਹਿਲੇ ਦੀਵਾਨ ਵਿਚ ਹੀ ੩ ਘੰਟੇ ਦੀ ਗਾਇਕੀ ਨੇ ਅਜਿਹਾ ਰੰਗ ਬੰਨ੍ਹਿਆ ਕਿ ਪਿੱਛੇ ਮੁੜ ਕ਼ੇ ਦੇਖਣ ਦੀ ਲੋੜ ਹੀ ਨਾ ਪਈ। ਪਹਿਲਾ ਪ੍ਰਸੰਗ 'ਦਸ਼ਮੇਸ਼ ਆਗਮਨ' ਅਜਿਹਾ ਰਚਿਆ ਕਿ ਮੁੜ ਕੇ 'ਵਿਡਾਣੀ ਆਸ' ਹੀ ਲਾਹ ਸੁੱਟੀ। ਇਥੋਂ ਤਕ ਕਿ ਇਕ ਵਾਰ ਪਟਿਆਲਾ ਸ਼ਹਿਰ ਵਿਚ ਇਕ ਵਿਸ਼ੇਸ਼ ਢਾਡੀ ਦਰਬਾਰ ਵਿਚ ਆਪ ਜੀ ਨੂੰ ਇਕ ਵਿਸ਼ੇਸ਼ ਲੇਖਕ ਦੀ 'ਰਾਣੀ ਸਾਹਿਬ ਕੌਰ ਦੀ ਵਾਰ' ਗਾਉਣ ਦਾ ਸੱਦਾ-ਪੱਤਰ ਮਿਲਿਆ ਪਰ ਆਪ ਨੇ ਓਥੇ ਆਪਣੀ ਲਿਖੀ 'ਰਾਣੀ ਸਾਹਿਬ ਕੌਰ ਦੀ ਵਾਰ' ਗਾ ਕੇ ਆਪਣੀ ਕਲਾ ਦਾ ਲੋਹਾ ਮਨਵਾਇਆ।

ਸੀਤਲ ਸਾਹਿਬ ਨੇ ਢਾਡੀ-ਕਲਾ ਦੇ ਗਾਏ ਜਾਣ ਵਾਲੇ ਪ੍ਰਸੰਗਾਂ ਨੂੰ ਪਰੰਪਰਾਗਤ ਗਾਇਕੀ ਦੀ ਥਾਂ ਨਵੀਆਂ ਪ੍ਰਸਥਿਤੀਆਂ ਦੇ ਸਨਮੁਖ ਪੇਸ਼ ਕਰਨ ਦੀ ਥਾਂ ਨਵੀਂ ਪਿਰਤ ਤੋਰੀ ਜਿਸ ਨੂੰ ਸ੍ਰੋਤਿਆਂ ਨੇ ਬੇਹੱਦ ਪਸੰਦ ਕੀਤਾ। ਇਹ ਪਿਰਤ ਨਾ ਕੇਵਲ ਨਿਵੇਕਲੀ ਸੀ ਸਗੋਂ ਦਿਲਚਸਪ ਵੀ ਸੀ। ਇਸ ਦੇ ਨਾਲ ਇਨ੍ਹਾਂ ਨੇ ਆਪਣੀ ਕਲਾ ਦਾ ਸੰਚਾਰ ਕਰਨ ਸਮੇਂ ਜਨ-ਜੀਵਨ ਨੂੰ ਉਸ ਦਾ ਅੰਗ ਬਣਾ ਕੇ ਰੱਖਿਆ। ਆਪ ਜੀ ਇਸ ਤੱਥ ਤੋਂ ਭਲੀ ਭਾਂਤ ਜਾਣੂ ਸਨ ਕਿ ਪ੍ਰਾਚੀਨ ਢਾਡੀ ਕਲਾ ਦੇ ਢਾਡੀ ਜੋ ਸ੍ਰੋਤਿਆਂ ਦੇ ਗੋਲ ਦਾਇਰੇ ਦੇ ਵਿਚਕਾਰ ਵੱਖ-ਵੱਖ ਪ੍ਰਸੰਗ ਵੱਖ-ਵੱਖ ਦਿਸ਼ਾਵਾਂ ਤੇ ਢੰਗਾਂ ਨਾਲ ਪ੍ਰਸਤੁਤ ਕਰਦੇ ਸਨ ਉਸ ਦੀ ਥਾਂ 'ਤੇ ਸਿਖ-ਧਰਮ ਦੀ ਢਾਡੀ ਕਲਾ ਇਕ ਸਟੇਜ 'ਤੇ ਹੁੰਦੀ ਹੈ ਅਤੇ ਸ੍ਰੋਤਿਆਂ ਦੇ ਰੂਪ ਵਿਚ ਸੰਗਤ ਸਾਹਮਣੇ ਬੈਠੀ ਹੁੰਦੀ ਹੈ। ਪਰੰਪਰਾਗਤ ਢਾਡੀਆਂ ਨਾਲੋਂ ਸਿੱਖ ਢਾਡੀਆਂ ਵਿਚ ਆਪ ਨੇ ਬੁਨਿਆਦੀ ਫਰਕ ਤੇ ਯੋਗਤਾ ਇਹ ਸਥਾਪਿਤ ਕੀਤੀ ਕਿ ਸਿੱਖ ਢਾਡੀ ਨੂੰ ਆਪਣੇ ਧਰਮ, ਗੁਰਬਾਣੀ ਅਤੇ ਇਤਿਹਾਸ ਤੋਂ ਚੰਗੀ ਤਰਾਂ ਜਾਣੂ ਹੋਣਾ ਚਾਹੀਦਾ ਹੈ। ਆਪ ਜੀ ਦਾ ਵਿਚਾਰ ਸੀ ਕਿ ਗੁਰਬਾਣੀ ਗਿਆਨ ਤੋਂ ਬਿਨਾਂ ਸਿੱਖ ਇਤਿਹਾਸ ਦੇ ਪ੍ਰਸੰਗਾਂ ਨੂੰ ਠੀਕ ਪ੍ਰਸੰਗ ਵਿਚ ਸਮਝਣਾ ਤੇ ਸਮਝਾਉਣਾ ਸੰਭਵ ਹੀ ਨਹੀਂ ਹੁੰਦਾ ਅਤੇ ਇਸੇ ਤਰ੍ਹਾਂ ਸਿੱਖ ਇਤਿਹਾਸ ਦੀ ਜਾਣਕਾਰੀ ਤੋਂ ਬਿਨਾਂ ਗੁਰਬਾਣੀ ਦੀ ਸਮਝ ਆਉਣੀ ਵੀ ਅਸੰਭਵ ਹੁੰਦੀ ਹੈ। ਸੀਤਲ ਸਾਹਿਬ ਦੀ ਇਸ ਰੁਚੀ ਨੇ ਹੀ ਉਨ੍ਹਾਂ ਦੀ ਢਾਡੀ-ਕਲਾ ਨੂੰ ਨਿਖਾਰਿਆ। ਸਿੱਖ ਇਤਿਹਾਸ ਸਮਝਣਾ, ਗੁਰਬਾਣੀ ਦੀ ਗਹਿਰਾਈ ਤਕ ਜਾਣ ਦੀ ਲਗਨ ਅਤੇ ਆਪਣੇ ਕਿੱਤੇ ਪ੍ਰਤੀ ਸਮਰਪਿਤ ਭਾਵਨਾ ਤੇ ਸਿਰੜੀ ਪਹੁੰਚ ਵਿਧੀ ਦੇ ਸਰੂਪ ਤੇ ਸੰਦਰਭ ਨੇ ਕਈ ਦਰਜਨ ਢਾਡੀ ਜਥੇ ਪੈਦਾ ਕਰਨ ਦਾ ਮਾਣ ਹਾਸਲ ਕੀਤਾ। ਇਹੋ ਕਾਰਨ ਹੈ ਕਿ ੧੦੦ ਸਾਲ ਪਹਿਲਾਂ ਪੈਦਾ ਹੋਏ ਗਿਆਨੀ ਸੋਹਣ ਸਿੰਘ ਸੀਤਲ ਅੱਜ ਵੀ ਢਾਡੀ-ਸੰਸਾਰ ਲਈ ਇਕ ਆਦਰਸ਼ ਰੋਲ ਮਾਡਲ ਬਣੇ ਹੋਏ ਹਨ।

■

ਗਿ. ਸੋਹਣ ਸਿੰਘ ਸੀਤਲ ਦਾ ਸਾਹਿਤਕ ਸਫ਼ਰ

-ਡਾ. ਗੁਲਜ਼ਾਰ ਸਿੰਘ ਜ਼ਹੂਰਾ

ਗਿਆਨੀ ਸੋਹਣ ਸਿੰਘ ਸੀਤਲ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੇ ਪੰਜਾਬੀ ਹਲਕਿਆਂ ਵਿਚ ਇਕ ਸਤਿਕਾਰਯੋਗ ਢਾਡੀ ਦੇ ਰੂਪ ਵਿਚ ਸਤਿਕਾਰੇ ਤੇ ਜਾਣੇ ਜਾਂਦੇ ਰਹੇ ਹਨ। ਮੂਲ ਰੂਪ ਵਿਚ ਉਹ ਸਿੱਖ ਇਤਿਹਾਸ ਨੂੰ ਗਾਉਣ ਵਾਲੇ ਢਾਡੀ ਸਨ। ਆਪ ਦਾ ਸੰਬੰਧ ਸਿੱਖ ਧਰਮ ਅਤੇ ਸਿੱਖ ਇਤਿਹਾਸ ਨਾਲ ਰਿਹਾ ਹੈ। ਆਪ ਨੇ ਮੁੱਢਲੇ ਰੂਪ ਵਿਚ ਸਿੱਖ ਇਤਿਹਾਸ ਦੇ ਸਿੰਘਾਂ-ਸੂਰਮਿਆਂ ਦੀਆਂ ਵਾਰਾਂ ਲਿਖ ਕੇ ਆਪਣਾ ਸਾਹਿਤਕ ਜੀਵਨ ਸ਼ੁਰੂ ਕੀਤਾ। ਇਸ ਪਿੱਛੋਂ ਆਪ ਨੇ ਨਾਵਲ ਖੇਤਰ ਵਿਚ ਪ੍ਰਵੇਸ਼ ਕੀਤਾ ਅਤੇ ਡੇਢ ਦਰਜਨ ਨਾਵਲ ਲਿਖੇ। ਪਰ ਸਿੱਖ ਸੰਗਤਾਂ ਵਿਚ ਆਪ ਵਧੇਰੇ ਕਰਕੇ ਇਕ ਢਾਡੀ ਦੇ ਰੂਪ ਵਿਚ ਹੀ ਜਾਣੇ ਜਾਂਦੇ ਰਹੇ ਹਨ।

ਮੁੱਢਲਾ ਜੀਵਨ :

ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ ੭ ਅਗਸਤ ੧੯੦੯ ਈ. ਨੂੰ ਇਕ ਛੋਟੇ ਜਿਹੇ ਪਿੰਡ ਕਾਦੀਵਿੰਡ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ (ਬਿਲਕੁਲ ਸਰਹੱਦ ਦੇ ਨੇੜੇ ਪਾਕਿਸਤਾਨ ਵਿਚ) ਦੇ ਇਕ ਵਾਹੀਕਾਰ ਸਰਦਾਰ ਖੁਸ਼ਹਾਲ ਸਿੰਘ ਦੇ ਘਰ ਮਾਤਾ ਦਿਆਲ ਕੌਰ ਦੀ ਕੁੱਖ ਤੋਂ ਹੋਇਆ। ਪਿੰਡ ਵਿਚ ਸਕੂਲ ਨਾ ਹੋਣ ਕਰਕੇ ਮੁੱਢਲੀ ਵਿੱਦਿਆ ਸਾਧੂ ਹਰੀ ਦਾਸ ਪਾਸੋਂ ਪ੍ਰਾਪਤ ਕੀਤੀ ਅਤੇ ਨਾਲ ਦੇ ਪਿੰਡ ਵਰਨਾ ਵਿਚ ਸਕੂਲ ਖੁੱਲ੍ਹਣ ਪਿੱਛੋਂ ੧੨ ਫਰਵਰੀ, ੧੯੨੩ ਨੂੰ ਸੀਤਲ ਜੀ ਸਕੂਲ ਵਿਚ ਦਾਖਲ ਹੋਏ। ਮਹਿਕਮੇ ਤੋਂ ਮਨਜ਼ੂਰੀ ਲੈ ਕੇ ਮਾਰਚ ੧੯੨੪ ਵਿਚ ਆਪ ਨੇ ਚੌਥੀ ਜਮਾਤ ਪਾਸ ਕਰ ਲਈ। ਇਸ ਪਿੱਛੋਂ ਸਰਕਾਰੀ ਹਾਈ ਸਕੂਲ ਵਿਚ ਦਾਖਲ ਹੋ ਗਏ। ਅਠਵੀਂ ਵਿਚ ਪੜ੍ਹਦਿਆਂ ੧੦ ਸਤੰਬਰ ੧੯੨੭ ਨੂੰ ਸੀਤਲ ਜੀ ਦਾ ਵਿਆਹ ਹੋ ਗਿਆ। ਸੀਤਲ ਸਾਹਿਬ ਖ਼ੁਦ ਲਿਖਦੇ ਹਨ, "ਇਹ ਸਭ ਕੁਝ ਸਾਡੇ ਮਾਪਿਆਂ ਦੀ ਖੁਸ਼ੀ ਸੀ। ਉਸ ਸਮੇਂ ਦੀ ਪੇਂਡੂ ਸਭਿਅਤਾ ਅਨੁਸਾਰ ਨਾ ਕਿਸੇ ਮੇਰੀ ਸਲਾਹ ਪੁੱਛੀ ਤੇ ਨਾ ਹੀ ਮੈਨੂੰ ਸਲਾਹ ਦੇਣ ਦਾ ਹੱਕ ਸੀ। ਉਸ ਵੇਲੇ ਮੇਰੀ ਉਮਰ ਅਠਾਰਾਂ ਸਾਲ ਦੀ ਸੀ।"[1] ਦਸਵੀਂ ਜਮਾਤ ਸੀਤਲ ਜੀ ਨੇ ਕਸੂਰ ਦੇ ਸਰਕਾਰੀ ਹਾਈ ਸਕੂਲ ਤੋਂ ੧੯੩੦ ਈ. ਨੂੰ ਫਸਟ ਡਵੀਜ਼ਨ ਵਿਚ ਪਾਸ ਕੀਤੀ। ੧੯੩੩ ਈ. ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਇਸ ਤੋਂ ਪਿੱਛੋਂ ਪਿਤਾ ਦੀ ਮੌਤ ਤੋਂ ਬਾਅਦ ਆਪ ਵਾਹੀ ਦੇ ਕੰਮ ਵਿਚ ਲੱਗ ਗਏ। ਸਾਹਿਤਕ ਬਿਰਤੀ ਹੋਣ ਕਰਕੇ ਵਾਹੀ ਦਾ ਕੰਮ ਵਧੇਰੇ ਰਾਸ ਨਾ ਆਇਆ ਤੇ ਆਪ ਨੇ ਢਾਡੀ ਜਥਾ ਤਿਆਰ ਕਰ ਲਿਆ।

ਸਾਹਿਤਕ ਸਫ਼ਰ:

ਗਿਆਨੀ ਸੋਹਣ ਸਿੰਘ ਸੀਤਲ ਜੀ ਬਚਪਨ ਤੋਂ ਹੀ ਰਸਿਕ ਮਨ ਵਾਲੇ ਸਨ। ਆਪ ਨੇ ਗਿਆਰਾਂ ਸਾਲ ਦੀ ਉਮਰ ਤਕ ਕਾਦਰ ਯਾਰ ਦਾ 'ਪੂਰਨ ਭਗਤ', ਕਾਲੀਦਾਸ ਦਾ 'ਰੂਪ ਬਸੰਤ', 'ਸ਼ਾਹ ਬਹਿਰਾਮ', 'ਦੁੱਲਾ ਭੱਟੀ' ਆਦਿ ਅਨੇਕਾਂ ਕਿੱਸੇ ਪੜ੍ਹ ਲਏ ਸਨ। ਚੌਦਾਂ-

ਪੰਦਰਾਂ ਸਾਲ ਦੀ ਉਮਰ ਵਿਚ ਹੀ ਆਪ ਨੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਜੋ ੧੯੨੯ ਈ. ਤੋਂ ਪੰਜਾਬੀ ਦੇ ਮਾਸਿਕ ਪੱਤਰਾਂ ਵਿਚ ਛਪਣੀਆਂ ਸ਼ੁਰੂ ਹੋ ਗਈਆਂ ਸਨ। ਸੀਤਲ ਜੀ 'ਮੇਰੀ ਸਾਹਿਤਕ ਸਵੈ-ਜੀਵਨੀ'[2] ਵਿਚ ਲਿਖਦੇ ਹਨ- "੧੯੨੯ ਈ. ਵਿਚ ਪਹਿਲੀ ਵਾਰ ਮੇਰੀ ਕਵਿਤਾ ਮਾਸਿਕ ਪੱਤਰ 'ਕਵੀ' ਵਿਚ ਛਪੀ। ਉਸ ਦੀ ਮੈਨੂੰ ਏਨੀ ਖੁਸ਼ੀ ਹੋਈ ਜਿੰਨੀ ੧੯੭੪ ਈ. ਵਿਚ 'ਸਾਹਿਤ ਅਕਾਡਮੀ' ਦਾ ਐਵਾਰਡ ਮਿਲਣ ਦੀ।" ੧੯੩੨ ਈ. ਤੋਂ ੧੯੩੪ ਈ. ਦੇ ਵਿਚਕਾਰ ਆਪ ਦੀਆਂ ਛੋਟੀਆਂ ਕਹਾਣੀਆਂ 'ਫੁਲਵਾੜੀ', 'ਹੰਸ', 'ਪ੍ਰੀਤਮ' ਆਦਿ ਰਸਾਲਿਆਂ ਵਿਚ ਛਪੀਆਂ। ੧੯੩੫ ਈ. ਵਿਚ ਸੀਤਲ ਜੀ ਢਾਡੀ ਬਣ ਗਏ। ਭਾਵੇਂ ੧੯੪੦ ਈ. ਵਿਚ ਆਪ ਦਾ ਪਹਿਲਾ ਕਾਵਿ-ਸੰਗ੍ਰਹਿ 'ਵਹਿੰਦੇ ਹੰਝੂ' ਪ੍ਰਕਾਸ਼ਿਤ ਹੋਇਆ ਪਰ ਆਪ ਦੀ ਪਛਾਣ ਇਸ ਸਮੇਂ ਤਕ ਇਕ ਢਾਡੀ ਦੇ ਰੂਪ ਵਿਚ ਬਣ ਚੁੱਕੀ ਸੀ।

ਇਕ ਢਾਡੀ ਦੇ ਰੂਪ ਵਿਚ ਸੀਤਲ ਜੀ ਨੇਂ ਪੰਜਾਬ ਦੇ ਚੱਪੇ-ਚੱਪੇ ਨੂੰ ਗਾਹਿਆ ਤੇ ਲੋਕਾਂ ਦੇ ਦਿਲਾਂ ਦੀ ਧੜਕਣ ਬਣੇ। ਭਾਰਤ ਦੇ ਬਾਕੀ ਸੂਬਿਆਂ ਤੋਂ ਬਿਨਾਂ ਮਲਾਇਆ, ਥਾਈਲੈਂਡ, ਇੰਗਲੈਂਡ ਆਦਿ ਵਿਦੇਸ਼ਾਂ ਵਿਚ ਵੀ ਭ੍ਰਮਣ ਕੀਤਾ। ਜਿਥੇ ਸੁਰਿੰਦਰ ਕੌਰ ਪੰਜਾਬ ਦੇ ਸਭਿਆਚਾਰ ਨੂੰ ਗੀਤਾਂ ਦੇ ਰੂਪ ਵਿਚ ਬਿਆਨਣ ਲਈ ਲੋਕ-ਦਿਲਾਂ ਦੀ ਧੜਕਣ ਤੇ 'ਪੰਜਾਬ ਦੀ ਕੋਇਲ' ਕਰਕੇ ਜਾਣੀ ਜਾਂਦੀ ਹੈ, ਉਥੇ ਗਿ. ਸੋਹਣ ਸਿੰਘ ਸੀਤਲ ਪੰਜਾਬੀਅਤ ਦੀ ਅਣਖ ਤੇ ਬਹਾਦਰੀ ਨੂੰ ਇਕ ਢਾਡੀ ਦੇ ਰੂਪ ਵਿਚ ਬਿਆਨਣ ਕਰਕੇ ਪੰਜਾਬ ਦੇ ਹਰਮਨ ਪਿਆਰੇ ਲੋਕ-ਕਵੀ ਕਰਕੇ ਸਵੀਕਾਰਿਆ ਤੇ ਸਤਿਕਾਰਿਆ ਗਿਆ ਹੈ। ੧੯੪੭ ਈ. ਦੀ ਦੇਸ਼-ਵੰਡ ਤੋਂ ਬਾਅਦ ਆਪ ਲੁਧਿਆਣੇ ਆ ਵੱਸੇ।

ਗਿਆਨੀ ਸੋਹਣ ਸਿੰਘ ਸੀਤਲ ਪੰਜਾਬੀ ਦੇ ਇਕ ਬਹੁਪੱਖੀ ਲੇਖਕ ਸਨ। ਆਪ ਨੇ ਜਿੱਥੇ ਇਕ ਢਾਡੀ ਦੇ ਰੂਪ ਵਿਚ ਵਾਰਾਂ ਨੂੰ ਗਾਵਿਆ, ਉਥੇ ਵਾਰ ਸਾਹਿਤ ਦੀ ਸਿਰਜਣਾ ਵੀ ਕੀਤੀ। ਇਕ ਕਵੀ ਦੇ ਰੂਪ ਵਿਚ ਗੀਤ ਲਿਖੇ, ਇਕ ਗਲਪਕਾਰ ਦੇ ਰੂਪ ਵਿਚ ਕਹਾਣੀਆਂ ਤੇ ਨਾਵਲ ਲਿਖੇ ਅਤੇ ਇਕ ਇਤਿਹਾਸਕਾਰ ਦੇ ਰੂਪ ਵਿਚ ਸਿੱਖ-ਇਤਿਹਾਸ ਦੀ ਖੋਜ ਪੜਤਾਲ ਕਰ ਕੇ ਅਨੇਕਾਂ ਇਤਿਹਾਸਕ ਪੁਸਤਕਾਂ ਲਿਖੀਆਂ। ਆਪ ਨੇ ਵੱਡੀ ਗਿਣਤੀ ਪੁਸਤਕਾਂ ਲਿਖੀਆਂ ਹਨ। ਇਥੇ ਅਸੀਂ ਆਪ ਦੇ ਸਾਹਿਤਕ ਸਫ਼ਰ ਦੇ ਵੱਖ-ਵੱਖ ਪੜਾਵਾਂ ਤੇ ਰੂਪਾਂ ਦਾ ਲੇਖਾ-ਜੋਖਾ ਕਰਨ ਦਾ ਜਤਨ ਕਰਾਂਗੇ।

ੳ) ਸੀਤਲ ਜੀ ਲੋਕ-ਕਵੀ ਤੇ ਢਾਡੀ ਦੇ ਰੂਪ ਵਿਚ:

ਗਿਆਨੀ ਸੋਹਣ ਸਿੰਘ ਸੀਤਲ ਜੀ ਆਪਣੀ ਸਵੈ-ਜੀਵਨੀ ਵਿਚ ਲਿਖਦੇ ਹਨ ਕਿ ਸਭ ਤੋਂ ਪਹਿਲਾਂ ਮੈਂ 'ਢਾਡੀ' ਹਾਂ, ਫਿਰ 'ਸਿੱਖ ਇਤਿਹਾਸ ਦਾ ਲੇਖਕ' ਤੇ ਫਿਰ 'ਨਾਵਲਕਾਰ'।[3] ਲੋਕ-ਕਾਵਿ ਪਰੰਪਰਾ ਤੇ ਲੋਕ-ਗਾਇਕੀ ਵਿਚ ਢਾਡੀ ਤੇ ਵਾਰਕਾਰ ਦਾ ਕਾਫੀ ਮਹੱਤਵ ਰਿਹਾ ਹੈ। ਢਾਡੀ ਲੋਕ-ਕਾਵਿ ਪਰੰਪਰਾ ਨਾਲ ਸੰਬੰਧਿਤ ਹੋਣ ਕਰਕੇ ਇਨ੍ਹਾਂ ਦਾ ਹੁਨਰ ਬਹੁਤ ਪੁਰਾਣਾ ਹੈ। ਇਹ ਲੋਕ ਸੂਰਮਿਆਂ ਦੀ ਮਹਿਮਾ ਗਾਉਂਦੇ ਸਨ। "ਵਰਤਮਾਨ ਪ੍ਰਸੰਗ ਵਿਚ 'ਢਾਡੀ' ਸ਼ਬਦ ਦਾ ਅਰਥ ਕੇਵਲ ਗੁਰੂ-ਜੱਸ ਗਾਉਣ ਵਾਲੇ ਗੁਰਮਤਿ ਪ੍ਰਚਾਰਕ ਤੋਂ ਹੈ, ਜੋ ਢੱਡ ਤੇ ਸਾਰੰਗੀ ਨਾਲ ਸਜੀ ਸੰਗਤ ਵਿਚ ਸੂਰਮਿਆਂ ਦਾ ਜੱਸ ਗਾਉਂਦੇ

ਹਨ।[4] ਪਹਿਲਾਂ-ਪਹਿਲ ਭਰਾਈ-ਮਰਾਸੀ ਢਾਡੀ ਕਿੱਸੇ ਗਾਉਂਦੇ ਸਨ। ਭੱਟ ਲੋਕ ਵੀ ਜੱਸ ਤੇ ਮਹਿਮਾ ਦੀਆਂ ਵਾਰਾਂ ਗਾਉਂਦੇ ਸਨ। ਪੰਜਾਬ ਵਿਚ ਵਰਤਮਾਨ ਰੂਪ ਵਿਚ ਢਾਡੀ ਪਰੰਪਰਾ ਸਿੱਖ ਇਤਿਹਾਸ ਨਾਲ ਜੁੜੀ ਹੋਈ ਹੈ।

ਗਿਆਨੀ ਸੋਹਣ ਸਿੰਘ ਸੀਤਲ ਨੇ ਗਿਆਨੀ ਪਾਸ ਕਰਨ ਪਿੱਛੋਂ ੧੯੩੫ ਈ. ਵਿਚ ਢਾਡੀ ਜਥਾ ਬਣਾ ਕੇ ਸਿੱਖ ਇਤਿਹਾਸ ਨੂੰ ਸਾਰੀ ਉਮਰ ਗਾਇਆ। ਢਾਡੀ ਬਣਨ ਦੀ ਪ੍ਰੇਰਨਾ ਆਪ ਨੂੰ ੧੯੩੪ ਈ. ਵਿਚ ਮਿਲੀ ਜਦੋਂ ਇਕ ਰਾਸ ਮੰਡਲੀ ਆਪ ਦੇ ਪਿੰਡ (ਕਾਦੀਵਿੰਡ) ਆਈ ਤੇ ਉਨ੍ਹਾਂ ਨੇ ਪੂਰਨ ਭਗਤ ਤੇ ਰਾਜਾ ਹਰੀ ਚੰਦ ਦੇ ਨਾਟਕ ਖੇਡੇ ਸਨ। ਉਨ੍ਹਾਂ ਵਿਚ ਇਕ ਰਬਾਬੀ ਲੜਕਾ ਸੀ ਜੋ ਆਪਣੀ ਮਿੱਠੀ ਆਵਾਜ਼ ਵਿਚ ਗੁਰਬਾਣੀ ਦੇ ਸ਼ਬਦ ਗਾਉਂਦਾ ਸੀ। ਲੋਕ ਉਸ ਦੀ ਆਵਾਜ਼ 'ਤੇ ਮੋਹਿਤ ਸਨ। ਇਸ ਨਾਟਕ-ਮੰਡਲੀ ਦੇ ਚਲੇ ਜਾਣ ਬਾਅਦ ਪਿੰਡ ਦੇ ਕੁਝ ਮੁੰਡੇ ਗਿਆਨੀ ਸੋਹਣ ਸਿੰਘ ਸੀਤਲ ਪਾਸ ਆਏ ਤੇ ਕਹਿਣ ਲੱਗੇ ਕਿ ਢਾਡੀ ਜਥਾ ਤਿਆਰ ਕੀਤਾ ਜਾਵੇ। ਢੱਡ ਤੇ ਸਾਰੰਗੀ ਵਜਾਉਣਾ ਸਿੱਖਣ ਲਈ ਗਿਆਨੀ ਸੋਹਣ ਸਿੰਘ ਸੀਤਲ ਤੇ ਉਸ ਦੇ ਸਾਥੀ ਬੱਲਾਂ ਵਾਲੇ ਭਾਈ ਜਗ ਸਿੰਘ ਪਾਸ ਗਏ, ਪਰ ਉਸ ਨੇ ਇਹ ਕਹਿ ਕੇ ਇਨ੍ਹਾਂ ਨੂੰ ਠੁਕਰਾ ਦਿੱਤਾ ਕਿ ਸਰਦਾਰ ਜੀ, ਮੈਂ ਬੂਹੇ 'ਤੇ ਸ਼ਰੀਕ ਪੈਦਾ ਨਹੀਂ ਕਰਨੇ।[5] ਢਾਡੀ ਬਣਨ ਦੀ ਪ੍ਰਬਲ ਇੱਛਾ ਕਰ ਕੇ ਗਿਆਨੀ ਸੋਹਣ ਸਿੰਘ ਜੀ ਸੀਤਲ ਲਲਿਆਣੀ ਦੇ ਭਰਾਈ ਬਾਬਾ ਚਰਾਗਦੀਨ ਪਾਸ ਗਏ ਤੇ ਉਸ ਪਾਸੋਂ ਸਾਰੰਗੀ ਦੇ ਗੁਰ ਸਿੱਖੇ। ਇਸ ਪਿੱਛੋਂ ਸੀਤਲ ਜੀ ਦਾ ਸਾਥੀ ਗੁਰਚਰਨ ਸਿੰਘ ਸਾਰੰਗੀ ਵਜਾਉਣ ਲੱਗ ਪਿਆ ਤੇ ਤਿੰਨੇ ਜਣੇ (ਸ. ਹਰਨਾਮ ਸਿੰਘ, ਸ ਅਮਰੀਕ ਸਿੰਘ ਤੇ ਸ. ਸੋਹਣ ਸਿੰਘ ਸੀਤਲ) ਢੱਡਾਂ।

ਗਿਆਨੀ ਸੋਹਣ ਸਿੰਘ ਸੀਤਲ[6] ਜੀ ਖ਼ੁਦ ਲਿਖਦੇ ਹਨ ਕਿ ਸਾਡੇ ਢਾਡੀ-ਖੇਤਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਤਿੰਨ ਢਾਡੀ ਜਥੇ ਬਾਬਾ ਕਿਸ਼ਨ ਸਿੰਘ ਕੜਤੋੜ, ਕਵੀ ਸੋਹਣ ਸਿੰਘ ਘੁੱਕੇਵਾਲੀਆ ਤੇ ਭਾਈ ਸੋਹਣ ਸਿੰਘ ਭੀਲ੍ਹਾ ਦੇ ਜਥੇ ਬੜੇ ਪ੍ਰਸਿੱਧ ਸਨ। ਇਨ੍ਹਾਂ ਵਿੱਚੋਂ ਘੁੱਕੇਵਾਲੀਆ ਸਭ ਤੋਂ ਪ੍ਰਸਿੱਧ ਕਵੀਸ਼ਰ ਸੀ, ਜਿਸ ਦੇ ਚਿੱਠੇ ਮੇਲਿਆਂ 'ਤੇ ਬਹੁਤ ਵਿਕਦੇ ਸਨ। ਗਿਆਨੀ ਸੋਹਣ ਸਿੰਘ ਸੀਤਲ ਇਨ੍ਹਾਂ ਤਿੰਨਾਂ ਤੋਂ ਅਗਲੀ ਪੀੜ੍ਹੀ ਦਾ ਢਾਡੀ ਸੀ ਅਤੇ ਇਸ ਖੇਤਰ ਵਿਚ ਆਪ ਦਾ ਨਾਮ ਸਭ ਤੋਂ ਵੱਧ ਪ੍ਰਸਿੱਧ ਹੋਇਆ। ਘੁੱਕੇਵਾਲੀਆ ਨੇ ਢਾਡੀਆਂ ਦੀ ਮੰਗ ਨੂੰ ਮੁੱਖ ਰੱਖ ਕੇ ਕੋਈ ੮-੯ ਪ੍ਰਸੰਗਾਂ ਦੀਆਂ ਪੁਸਤਕਾਂ ਲਿਖੀਆਂ ਸਨ। ਸੀਤਲ ਜੀ ਖ਼ੁਦ ਲਿਖਦੇ ਹਨ- "ਇਕ ਪਿੰਡ ਵਿਚ ਅਸੀਂ ਦੀਵਾਨ 'ਤੇ ਗਏ। ਅਸਾਂ ਪ੍ਰਸੰਗ ਸ਼ੁਰੂ ਕੀਤਾ ਤਾਂ ਸਾਹਮਣੇ ਦੋ-ਤਿੰਨ ਸੱਜਣ ਕਿੱਸਾ ਖੋਲ੍ਹ ਕੇ ਬਹਿ ਗਏ। ਮੈਂ ਇਉਂ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਧਿਆਨ ਸਾਡੇ ਗਾਉਣ ਵੱਲ ਨਹੀਂ, ਸਗੋਂ ਉਹ ਸਾਡੀ ਗਲਤੀ ਫੜਨ ਦੀ ਚਿੰਤਾ ਵਿਚ ਸਨ। ਮੈਂ ਦਿਲ ਵਿਚ ਧਾਰ ਲਈ ਕਿ ਗਾਉਣ ਵਾਸਤੇ ਪ੍ਰਸੰਗ ਵੀ ਆਪ ਲਿਖਣੇ ਹੋਣਗੇ।"[7]

ਸਭ ਤੋਂ ਪਹਿਲਾ ਪ੍ਰਸੰਗ ਸੀਤਲ ਜੀ ਨੇ ੧ ਜਨਵਰੀ ੧੯੩੫ ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਨ ਬਾਰੇ 'ਦਸਮੇਸ਼ ਆਗਮਨ' ਲਿਖਿਆ। ਇਸ ਪਿੱਛੋਂ ਸੀਤਲ ਜੀ ੧੯੭੯ ਈ. ਤਕ ਲਗਾਤਾਰ ਪ੍ਰਸੰਗ ਲਿਖਦੇ ਰਹੇ ਤੇ ਗਾਉਂਦੇ ਰਹੇ, ਜਿਨ੍ਹਾਂ ਦੀ ਗਿਣਤੀ

੭੮ ਹੈ। ਇਨ੍ਹਾਂ ਸਾਰੇ ਪ੍ਰਸੰਗਾਂ ਨੂੰ ਸੀਤਲ ਜੀ ਨੇ ੧੮ ਪੁਸਤਕਾਂ ਵਿਚ ਪ੍ਰਕਾਸ਼ਿਤ ਕੀਤਾ। ਇਸ ਦਾ ਵੇਰਵਾ ਇਸ ਪ੍ਰਕਾਰ ਹੈ:-

੧. ਦਸਮੇਸ਼ ਆਗਮਨ	੧-੧-੧੯੩੫
੨. ਸ਼ਹੀਦ ਗੰਜ ਸਿੰਘਣੀਆਂ (ਲਾਹੌਰ)	੨-੪-੧੯੩੫
੩. ਸ਼ਹੀਦੀ ਗੁਰੂ ਅਰਜਨ ਦੇਵ ਜੀ	੧੫-੫-੧੯੩੫
੪. ਬੰਦੀ ਛੋੜ ਗੁਰੂ ਹਰਿਗੋਬਿੰਦ ਸਾਹਿਬ ਜੀ	੨-੬-੧੯੩੫
੫. ਸਾਕਾ ਸਰਹਿੰਦ-ਸ਼ਹੀਦੀ ਛੋਟੇ ਸਾਹਿਬਜ਼ਾਦੇ	੨੫-੯-੧੯੩੫
੬. ਗੁਰੂ ਨਾਨਕ ਦੇਵ ਜੀ ਤੇ ਨਮਾਜ਼ ਦੌਲਤ ਖਾਨ	੧੧-੧੦-੧੯੩੫
੭. ਵਲੀ ਕੰਧਾਰੀ	੩੦-੧੦-੧੯੩੫
੮. ਸਾਕਾ ਗੱਡੀ ਪੰਜਾ ਸਾਹਿਬ	੫-੧-੧੯੩੬
੯. ਸਿੰਘਾਂ ਨੇ ਅਬਦਾਲੀ ਤੋਂ ਢੱਕਾਂ ਛੁਡਵਾਈਆਂ	੧੦-੧-੧੯੩੬
੧੦. ਪਿਆਰੇ ਦਾ ਪਿਆਰਾ	੯-੧੧-੧੯੩੬
੧੧. ਸ਼ਹੀਦੀ ਗੁਰੂ ਤੇਗ ਬਹਾਦਰ ਜੀ	੧੨-੧੨-੧੯੩੬
੧੨. ਬਾਲਾ ਪ੍ਰੀਤਮ (ਗੁਰੂ ਗੋਬਿੰਦ ਸਿੰਘ ਜੀ)	੨੪-੧੨-੧੯੩੬
੧੩. ਸ਼ਹੀਦੀ ਮਹਾਂ ਸਿੰਘ ਮੁਕਤਸਰ	੪-੧-੧੯੩੭
੧੪. ਬੰਦਾ ਸਿੰਘ ਦੀ ਸਰਹਿੰਦ ਉੱਤੇ ਫ਼ਤਿਹ	੧-੩-੧੯੩੭
੧੫. ਜੰਗ ਸੈਦ ਖ਼ਾਨ	੧-੮-੧੯੩੭
੧੬. ਸ਼ਹੀਦੀ ਭਾਈ ਤਾਰੂ ਸਿੰਘ ਜੀ	੨੧-੮-੧੯੩੭
੧੭. ਸੇਠ ਨਾਹਰੂ ਮੱਲ	੩-੧੨-੯੩੭
੧੮. ਸ਼ਹੀਦੀ ਸੁਬੇਗ ਸਿੰਘ ਸ਼ਾਹਬਾਜ ਸਿੰਘ	੨-੮-੧੯੩੮
੧੯. ਗੁਰੂ ਨਾਨਕ ਦੇਵ ਜੀ ਰੁਹੇਲ ਖੰਡ ਯਾਤਰਾ	੧-੧੦-੧੯੪੧
੨੦. ਸ਼ਹੀਦੀ ਸ. ਹਰੀ ਸਿੰਘ ਨਲੂਆ	੫-੧੦-੧੯੪੨
੨੧. ਸ਼ਹੀਦੀ ਬਾਬਾ ਦੀਪ ਸਿੰਘ	੨੩-੧੧-੧੯੪੩
੨੨. ਜੰਗ ਭੰਗਾਣੀ-ਗੁਰੂ ਗੋਬਿੰਦ ਸਿੰਘ	੧੦-੧੧-੧੯੪੪
੨੩. ਸ਼ਹੀਦੀ ਬੰਦਾ ਸਿੰਘ	੨੦-੯-੧੯੪੬
੨੪. ਵਾਰ ਬੀਬੀ ਸਾਹਿਬ ਕੌਰ	੧-੧-੧੯੪੭
੨੫. ਸ਼ਹੀਦੀ ਅਕਾਲੀ ਫੂਲਾ ਸਿੰਘ	੧੩-੨-੧੯੪੮
੨੬. ਜੰਗ ਚਮਕੌਰ	੧੫-੮-੧੯੪੮
੨੭. ਜੰਗ ਮੁਲਤਾਨ ਮੁਜ਼ੱਫਰ ਖਾਨ ਦੀ ਮੌਤ	੬-੧੦-੧੯੪੮
੨੮. ਕਸੂਰ ਫ਼ਤਿਹ ਕੁਤਬਦੀਨ ਨੂੰ ਜਾਗੀਰ	੧੦-੧੦-੧੯੪੮
੨੯. ਚੋਣ ਪੰਜ ਪਿਆਰੇ	੧੨-੧੨-੧੯੪੮
੩੦. ਸ਼ਹੀਦੀ ਭਾਈ ਤਾਰਾ ਸਿੰਘ 'ਵਾਂ'	੧-੩-੧੯੪੯
੩੧. ਜੰਗ ਹਰਿਗੋਬਿੰਦਪੁਰਾ-ਛੇਵੇਂ ਗੁਰਾਂ ਨਾਲ	੧੫-੩-੧੯੪੯

੩੨. ਡੱਲੇ ਦਾ ਸਿਦਕ ਬੰਦੂਕ ਪਰਖਣੀ	੨੩-੩-੧੯੪੯
੩੩. ਮੱਸੇ ਰੰਘੜ ਦੀ ਮੌਤ	੪-੫-੧੯੪੯
੩੪. ਚੌਧਰੀ ਨੱਥੇ ਦੀ ਬਹਾਦਰੀ	੪-੭-੧੯੪੯
੩੫. ਵੱਡਾ ਘੱਲੂਘਾਰਾ	੧੯-੭-੧੯੪੯
੩੬. ਜੰਗ ਪਿਪਲੀ ਸਾਹਿਬ (ਘੱਲੂਘਾਰੇ ਪਿੱਛੋਂ)	੯-੮-੧੯੪੯
੩੭. ਸ਼ਹੀਦੀ ਭਾਈ ਬੋਤਾ ਸਿੰਘ	੨-੧੨-੧੯੪੯
੩੮. ਛੋਟਾ ਘੱਲੂਘਾਰਾ	੧੨-੨-੧੯੫੦
੩੯. ਕਸੂਰ ਮਾਰ ਕੇ ਪੰਡਤਾਣੀ ਛੁਡਾਈ	੧੮-੨-੧੯੫੦
੪੦. ਜ਼ੈਨ ਖ਼ਾਨ ਸਰਹਿੰਦ ਦੀ ਮੌਤ	੨੮-੨-੧੯੫੦
੪੧. ਅਹਿਮਦ ਸ਼ਾਹ ਦਾ ਅਠਵਾਂ ਹਮਲਾ	੪-੩-੧੯੫੦
੪੨. ਜੰਗ ਸੰਗਰਾਣਾ ਸਾਹਿਬ (ਪਾ: ੬)	੨੯-੩-੧੯੫੦
੪੩. ਬਿਧੀ ਚੰਦ ਘੋੜੇ ਲਿਆਂਦੇ	੨-੪-੧੯੫੦
੪੪. ਸ਼ਹੀਦੀ ਭਾਈ ਮਨੀ ਸਿੰਘ	੪-੪-੧੯੫੦
੪੫. ਸ਼ਹੀਦੀ ਭਾਈ ਗੁਰਬਖਸ਼ ਸਿੰਘ	੧੯-੫-੧੯੫੦
੪੬. ਸ਼ਾਹ ਜ਼ਮਾਨ ਦਾ ਆਖ਼ਰੀ ਹਮਲਾ	੨੯-੮-੧੯੫੦
੪੭. ਕਸ਼ਮੀਰ ਫ਼ਤਿਹ 'ਸਿੱਖ ਰਾਜ' ਵਿਚ ਸ਼ਾਮਲ	੭-੧੦-੧੯੫੦
੪੮. ਉੱਚ ਦਾ ਪੀਰ (ਦਸਮੇਸ਼ ਗੁਰੂ)	੩੦-੧੨-੧੯੫੦
੪੯. ਜੰਗ ਲਲਾ ਬੇਗ (ਪਾ:੬)	੨੭-੧-੧੯੫੧
੫੦. ਬਾਬਰ ਦੀ ਚੱਕੀ-ਗੁਰੂ ਨਾਨਕ ਦੇਵ ਜੀ	੮-੨-੧੯੫੧
੫੧. ਜੰਗ ਪੈਂਦੇ ਖਾਨ (ਪਾ:੬)	੧੫-੨-੧੯੫੧
੫੨. ਜਲਾਲਾਬਾਦ ਮਾਰ ਕੇ ਪੰਡਤਾਣੀ ਛੁਡਾਈ	੨੫-੬-੧੯੫੧
੫੩. ਹਮਜ਼ਾ ਗੌਸ ਤੇ ਗੁਰੂ ਨਾਨਕ ਦੇਵ ਜੀ	੧੧-੭-੧੯੫੧
੫੪. ਨਦੌਣ ਯੁੱਧ	੩੦-੫-੧੯੫੩
੫੫. ਰੁਸਤਮ ਖਾਂ ਦੀ ਅਨੰਦਪੁਰ 'ਤੇ ਚੜ੍ਹਾਈ	੧-੭-੧੯੫੩
੫੬. ਹੁਸੈਨੀ ਤੇ ਕਿਰਪਾਲ ਦੀ ਮੌਤ	੭-੧-੧੯੫੪
੫੭. ਬਚਿੱਤਰ ਸਿੰਘ ਦਾ ਹਾਥੀ ਨਾਲ ਜੰਗ	੧੦-੩-੧੯੫੪
੫੮. ਸਤਿਗੁਰ ਨਾਨਕ ਪ੍ਰਗਟਿਆ	੨੧-੩-੧੯੫੫
੫੯. ਹਰਿਗੋਬਿੰਦ ਸਾਹਿਬ ਪ੍ਰਗਟੇ	੨੦-੪-੧੯੫੫
੬੦. ਪ੍ਰਸੰਗ ਭਾਈ ਜੋਗਾ ਸਿੰਘ	੨੬-੪-੧੯੫੫
੬੧. ਚਵਿੰਡੇ ਦੀਆਂ ਸਿੰਘਣੀਆਂ ਦੀ ਬਹਾਦਰੀ	੫-੭-੧੯੫੫
੬੨. ਸ਼ਹੀਦੀ ਹਕੀਕਤ ਰਾਏ	੯-੭-੧੯੫੫
੬੩. ਜੰਗ ਰਾਮ ਰਉਣੀ ਮੀਰ ਮੰਨੂ ਨਾਲ	੧੨-੭-੧੯੫੫
੬੪. ਨਾਦਰ ਦਾ ਹਿੰਦ 'ਤੇ ਹਮਲਾ	੧੧-੯-੧੯੫੫

੬੫. ਮਾਤਾ ਸੁਲੱਖਣੀ (ਪਾ:੬) ੧-੮-੧੯੫੬
੬੬. ਸੱਜਣ ਠੱਗ ਤੇ ਗੁਰੂ ਨਾਨਕ ਦੇਵ ਜੀ ੫-੮-੧੯੫੬
੬੭. ਪਿੰਗਲਾ ਤੇ ਬੀਬੀ ਰਜਨੀ ੯-੮-੧੯੫੬
੬੮. ਖਡੂਰ ਦਾ ਤਪਾ ਸ਼ਿਵਨਾਥ ੧੦-੮-੧੯੫੬
੬੯. ਬਾਬਾ ਆਦਮ ਤੇ ਭਾਈ ਭਗਤੂ ੩੦-੧੨-੧੯੫੬
੭੦. ਅਘੜ ਸਿੰਘ ਹੱਥੋਂ ਮੋਮਨ ਖਾਂ ਦੀ ਮੌਤ ੧੮-੧-੧੯੫੭
੭੧. ਸੱਤਾ ਬਲਵੰਡ ਤੇ ਲੱਧਾ ਉਪਕਾਰੀ ੮-੬-੧੯੫੭
੭੨. ਭਾਈ ਗੁਰਦਾਸ ਦੇ ਸਿਦਕ ਦੀ ਪਰਖ ੧੩-੬-੧੯੫੭
੭੩. ਮੱਖਣ ਸ਼ਾਹ ਗੁਰੂ ਲਾਧੋ ਰੇ ੨੭-੬-੧੯੫੭
੭੪. ਵਿਆਹ ਕੰਵਰ ਨੌਨਿਹਾਲ ਸਿੰਘ ੧੮-੮-੧੯੫੭
੭੫. ਜੰਗ ਹਿੰਦ ਤੇ ਚੀਨ ੨੫-੧੨-੧੯੬੨
੭੬. ਹੈਦਰਾਬਾਦ ਦੀ ਜਿੱਤ ੨੦-੯-੧੯੪੮
੭੭. ਜੰਗ ਹਜ਼ਰੋ ੨੯-੮-੧੯੫੦
੭੮. ਸ਼ਹੀਦੀ ਸ. ਊਧਮ ਸਿੰਘ ੨-੧੨-੧੯੭੯

ਇਨ੍ਹਾਂ ਸਾਰੀਆਂ ਵਾਰਾਂ ਨੂੰ ਗਿਆਨੀ ਸੋਹਣ ਸਿੰਘ ਸੀਤਲ ਨੇ ੧੮ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ। ਜਿੱਥੇ ਸੋਹਣ ਸਿੰਘ ਘੁੱਕੇਵਾਲੀਆ ਆਪਣੀਆਂ ਪ੍ਰਕਾਸ਼ਿਤ ਵਾਰਾਂ ਨਾਲ ਢਾਡੀ ਸ਼ਬਦ (ਢਾਡੀ ਕਿਰਣਾਂ, ਢਾਡੀ ਹੰਝੂ, ਢਾਡੀ ਤਰੰਗਾਂ) ਲਿਖਦਾ ਸੀ, ਸੀਤਲ ਜੀ ਨੇ ਆਪਣੀਆਂ ਵਾਰਾਂ ਨਾਲ 'ਸੀਤਲ' ਉਪਨਾਮ ਵਰਤ ਕੇ ਆਪਣੀ ਵੱਖਰੀ ਪਛਾਣ ਬਣਾਈ। ਆਪ ਦੀਆਂ ਢਾਡੀ ਵਾਰਾਂ ਦੀਆਂ ਪੁਸਤਕਾਂ ਦੇ ਨਾਮ ਹਨ—

੧. ਸੀਤਲ ਕਿਰਣਾਂ	੨. ਸੀਤਲ ਸੁਨੇਹੇ
੩. ਸੀਤਲ ਹੰਝੂ	੪. ਸੀਤਲ ਹੁਲਾਰੇ
੫. ਸੀਤਲ ਤਰੰਗਾਂ	੬. ਸੀਤਲ ਪ੍ਰਸੰਗ
੭. ਸੀਤਲ ਪ੍ਰਕਾਸ਼	੮. ਸੀਤਲ ਤਰਾਨੇ
੯. ਸੀਤਲ ਵਾਰਾਂ	੧੦. ਸੀਤਲ ਤਾਘਾਂ
੧੧. ਸੀਤਲ ਵਲਵਲੇ	੧੨. ਸੀਤਲ ਚੰਗਿਆੜੇ
੧੩. ਸੀਤਲ ਚਮਕਾਂ	੧੪. ਸੀਤਲ ਰਮਜ਼ਾਂ
੧੫. ਸੀਤਲ ਉਮੰਗਾਂ	੧੬. ਸੀਤਲ ਅੰਗਿਆਰੇ
੧੭. ਸੀਤਲ ਮੁਨਾਰੇ	੧੮. ਸੀਤਲ ਸੁਗਾਤਾਂ

ਇਸ ਤੋਂ ਬਿਨਾਂ 'ਸਿੱਖ ਰਾਜ ਕਿਵੇਂ ਗਿਆ?' ਦੀ ਲੰਮੀ ਵਾਰ ਹੈ ਜੋ ਦੋ ਪੁਸਤਕਾਂ 'ਸਿੱਖ ਰਾਜ ਕਿਵੇਂ ਗਿਆ?' ਤੇ 'ਦੁਖੀਏ ਮਾਂ-ਪੁੱਤ' ਵਿਚ ਫੁੱਟ-ਨੋਟਾਂ ਦੀ ਥਾਂ ਦਰਜ ਹੈ। ਪ੍ਰੋ. ਕਰਤਾਰ ਸਿੰਘ (ਕਾਲੜਾ)[੮] ਦਾ ਕਹਿਣਾ ਹੈ ਕਿ ਸੀਤਲ ਜੀ ਨੇ ਮਰਦਾਂ ਦੀਆਂ ਵਾਰਾਂ ਗਾਈਆਂ ਹਨ। ਕੇਵਲ ਸਿੱਖਾਂ ਦੀਆਂ ਹੀ ਨਹੀਂ ਹੋਰ ਦੇਸ਼-ਭਗਤਾਂ ਦੀਆਂ ਵੀ। ਹਕੀਕਤ ਰਾਏ ਤੇ ਭਾਰਤ-ਚੀਨ ਯੁੱਧ ਆਦਿ ਦੀਆਂ ਵਾਰਾਂ ਇਸ ਦੇ ਪ੍ਰਤੱਖ ਪ੍ਰਮਾਣ ਹਨ। ਇਸ

ਪ੍ਰਕਾਰ ਸੀਤਲ ਜੀ ਇਕ ਸੈਕੂਲਰ ਢਾਡੀ ਬਣ ਗਏ ਸਨ। ਸੀਤਲ ਜੀ ਬਾਕੀ ਢਾਡੀਆਂ ਨਾਲੋਂ ਵਧੇਰੇ ਪੜ੍ਹੇ-ਲਿਖੇ ਹੋਣ ਕਰਕੇ, ਆਪਣੀਆਂ ਵਾਰਾਂ ਦੇ ਨਾਲ ਜੋ ਇਤਿਹਾਸਕ ਵਿਆਖਿਆ ਕਰਦੇ ਸਨ, ਇਸ ਕਰਕੇ ਉਹ ਲੋਕਾਂ ਵਿਚ ਸਭ ਤੋਂ ਵਧੇਰੇ ਸਲਾਹੇ ਗਏ।

(ਅ) ਸੀਤਲ ਜੀ ਇਕ ਸਿੱਖ-ਇਤਿਹਾਸਕਾਰ ਦੇ ਰੂਪ ਵਿਚ:

ਗਿਆਨੀ ਸੋਹਣ ਸਿੰਘ ਜੀ ਸੀਤਲ ਦਾ ਇਕ ਢਾਡੀ ਹੋਣ ਦੇ ਨਾਤੇ ਸਿੱਖ ਇਤਿਹਾਸ ਨਾਲ ਵਧੇਰੇ ਵਾਹ ਪਿਆ ਸੀ। 'ਸਿੱਖ ਰਾਜ ਕਿਵੇਂ ਗਿਆ?' ਉਨ੍ਹਾਂ ਦੇ ਢਾਡੀ ਜਥੇ ਦਾ 'ਮਾਸਟਰ ਪੀਸ' ਸੀ। ਇਸ ਨੂੰ ਆਪ ਵਾਰ ਦੇ ਰੂਪ ਵਿਚ ਗਾਉਂਦੇ ਰਹੇ ਸਨ। ਇਸ ਸਮੇਂ ਦੌਰਾਨ ਹੀ ਸੀਤਲ ਜੀ ਨੇ ਅੰਗਰੇਜ਼ੀ ਵਿਚ ਲਿਖੀਆਂ ਸਿੱਖ ਇਤਿਹਾਸ ਦੀਆਂ ਕੁਝ ਪੁਸਤਕਾਂ ਪੜ੍ਹੀਆਂ ਸਨ ਜੋ ਉਨ੍ਹਾਂ ਨੂੰ ਕੁਝ ਮਿੱਤਰਾਂ-ਦੋਸਤਾਂ ਵੱਲੋਂ ਭੇਂਟ ਹੋਈਆਂ ਸਨ। ਇਨ੍ਹਾਂ ਪੁਸਤਕਾਂ ਨੇ ਸਿੱਖ ਇਤਿਹਾਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਦੀ ਚੇਸ਼ਟਾ ਜਗਾਈ ਤਾਂ ਆਪ ਜੀ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੀ ਸਹਾਇਤਾ (ਸਹੂਲਤ) ਨਾਲ ਮਹਾਰਾਜਾ ਦਲੀਪ ਸਿੰਘ ਬਾਰੇ ਕਾਫੀ ਮਸਾਲਾ ਇਕੱਠਾ ਕਰ ਲਿਆ। ੧੫ ਅਪ੍ਰੈਲ ੧੯੪੪ ਈ. ਨੂੰ ਆਪ ਨੇ 'ਸਿੱਖ ਰਾਜ ਕਿਵੇਂ ਗਿਆ?' ਆਪਣੀ ਪਹਿਲੀ ਇਤਿਹਾਸਕ ਪੁਸਤਕ ਤਿਆਰ ਕਰ ਲਈ ਜੋ ਜੂਨ ੧੯੪੪ ਈ. ਵਿਚ ਪ੍ਰਕਾਸ਼ਿਤ ਹੋਈ। ਇਸ ਤੋਂ ਪਿੱਛੋਂ ਆਪ ਨੇ ਸਿੱਖ ਇਤਿਹਾਸ ਨੂੰ ਉਲੀਕਣਾ ਸ਼ੁਰੂ ਕਰ ਦਿੱਤਾ ਤੇ ਹੇਠ ਲਿਖੀਆਂ ਪੁਸਤਕਾਂ ਕੌਮ ਦੀ ਝੋਲੀ ਵਿਚ ਪਾਈਆਂ:-

੧. ਸਿੱਖ ਰਾਜ ਕਿਵੇਂ ਗਿਆ — ਜੂਨ ੧੯੪੪
੨. ਦੁਖੀਏ ਮਾਂ-ਪੁੱਤ — ਜੂਨ ੧੯੪੬
੩. ਬੰਦਾ ਸਿੰਘ ਸ਼ਹੀਦ — ਦਸੰਬਰ ੧੯੪੬
੪. ਸਿੱਖ ਰਾਜ ਕਿਵੇਂ ਬਣਿਆ — ਮਾਰਚ ੧੯੫੦
੫. ਸਿੱਖ ਰਾਜ ਤੇ ਸ਼ੇਰੇ ਪੰਜਾਬ — ਨਵੰਬਰ ੧੯੫੦
੬. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ — ਸਤੰਬਰ ੧੯੫੨
੭. ਮਨੁੱਖਤਾ ਦੇ ਗੁਰੂ-ਗੁਰੂ ਗੋਬਿੰਦ ਸਿੰਘ ਜੀ — ਦਸੰਬਰ ੧੯੬੬
੮. ਮਨੁੱਖਤਾ ਦੇ ਗੁਰੂ-ਗੁਰੂ ਨਾਨਕ ਦੇਵ ਜੀ — ਨਵੰਬਰ ੧੯੬੭
੯. ਮਨੁੱਖਤਾ ਦੇ ਗੁਰੂ-ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤਕ — ਮਈ ੧੯੭੧

ਤਿੰਨ ਪੁਸਤਕਾਂ ਸਿੱਖ ਇਤਿਹਾਸ ਦੀਆਂ ਬੱਚਿਆਂ ਵਾਸਤੇ ਲਿਖੀਆਂ ਹਨ:-

੧. ਧਰਮ ਦਾ ਰਾਖਾ-ਗੁਰੂ ਤੇਗ ਬਹਾਦਰ — ਅਕਤੂਬਰ ੧੯੭੫
੨. ਬਾਬਾ ਨਾਨਕ — ਦਸੰਬਰ ੧੯੭੫
੩. ਸਿੱਖ ਸ਼ਹੀਦ ਤੇ ਯੋਧੇ — ਜਨਵਰੀ ੧੯੭੬

ਸਿੱਖ ਇਤਿਹਾਸ ਨਾਲ ਸੰਬੰਧਿਤ ਗਿਆਨੀ ਸੋਹਣ ਸਿੰਘ ਸੀਤਲ ਦਾ ਸਭ ਤੋਂ ਖੋਜ ਭਰਪੂਰ ਕੰਮ 'ਸਿੱਖ ਇਤਿਹਾਸ ਦੇ ਸੋਮੇ' ਪੰਜ ਜਿਲਦਾਂ ਵਿਚ ਲਿਖਣਾ ਹੈ।

ਸਿੱਖ ਇਤਿਹਾਸ ਨਾਲ ਸੰਬੰਧਿਤ ਗ੍ਰੰਥਾਂ 'ਸ੍ਰੀ ਗੁਰ ਸੋਭਾ' ਤੋਂ ਲੈ ਕੇ 'ਸੂਰਜ ਪ੍ਰਕਾਸ਼' ਤਕ ਸਮਾਂ ਪੈਣ 'ਤੇ ਸਭਨਾਂ ਵਿਚ ਰਲਾ ਪੈ ਗਿਆ। ਇਸ ਰਲੇ ਦਾ ਕਾਰਨ ਇਹ ਹੈ ਕਿ

੧੭੧੬ ਈ. ਵਿਚ ਬਾਬਾ ਬੰਦਾ ਸਿੰਘ ਦੇ ਸ਼ਹੀਦ ਹੋਣ ਪਿੱਛੋਂ ਸਿੱਖ ਦੋ ਧੜਿਆਂ ਵਿਚ ਵੰਡੇ ਗਏ। ਗਰਮ ਖਿਆਲੀਆਂ ਨੇ ਮਨ ਬਣਾ ਲਿਆ ਕਿ ਕਿਸੇ ਵੀ ਕੀਮਤ ਉੱਤੇ ਸਰਕਾਰ ਨਾਲ ਸਮਝੌਤਾ ਨਹੀਂ ਕਰਨਾ। ਇਹ ਤੱਤ ਖਾਲਸਾ ਜੰਗਲਾਂ ਵਿਚ ਚਲਾ ਗਿਆ। ਦੂਜੇ ਪਾਸੇ ਨਰਮ-ਖਿਆਲੀਏ ਸਿੱਖ ਗੁਰਦੁਆਰਿਆਂ ਦੀ ਸੇਵਾ ਤਕ ਹੀ ਸੰਤੁਸ਼ਟ ਰਹਿ ਗਏ। ਸਹਿਜੇ-ਸਹਿਜੇ ਸਾਰੇ ਗੁਰਦੁਆਰਿਆਂ ਉੱਪਰ ਪੁਜਾਰੀ ਕਾਬਜ਼ ਹੋ ਗਏ। ਇਨ੍ਹਾਂ ਪੁਜਾਰੀਆਂ ਨੇ ਹਾਕਮਾਂ ਤੇ ਪੰਡਤਾਂ ਨੂੰ ਖੁਸ਼ ਰੱਖਣ ਲਈ ਸਿੱਖ ਧਰਮ ਦੇ ਅਸੂਲਾਂ ਵਿਚ ਢਿੱਲ ਦੇਣੀ ਸ਼ੁਰੂ ਕਰ ਦਿੱਤੀ ਤੇ ਬ੍ਰਾਹਮਣੀ ਰੀਤਾਂ ਸਿੱਖੀ ਵਿਚ ਦਾਖਲ ਹੋ ਗਈਆਂ।

ਗਿਆਨੀ ਸੋਹਣ ਸਿੰਘ ਸੀਤਲ[੯] ਜੀ ਲਿਖਦੇ ਹਨ ਕਿ ਇਕ ਦਿਨ ਮੇਰੇ ਮਨ ਵਿਚ ਖ਼ਿਆਲ ਆਇਆ ਕਿ ਇਨ੍ਹਾਂ ਇਤਿਹਾਸਾਂ ਬਾਰੇ ਖੋਜ ਕਰਨੀ ਚਾਹੀਦੀ ਹੈ। ਸਿੱਖੀ ਦੇ ਖ਼ਿਲਾਫ ਜੋ ਅਸਰ ਪਾਉਣ ਦਾ ਕੋਝਾ ਜਤਨ ਕੀਤਾ ਗਿਆ, ਉਸ ਉੱਤੇ ਚਾਨਣਾ ਪਾਉਣਾ ਚਾਹੀਦਾ ਹੈ। ਮੈਂ ਮਨ ਬਣਾਇਆ ਕਿ 'ਸ੍ਰੀ ਗੁਰ ਸੋਭਾ' ਤੋਂ ਲੈ ਕੇ 'ਸੂਰਜ ਪ੍ਰਕਾਸ਼' ਤਕ ਖੋਜ ਕੀਤੀ ਜਾਵੇ। ਇਨ੍ਹਾਂ ਇਤਿਹਾਸਾਂ ਦੀ ਬੋਲੀ ਕਾਫੀ ਔਖੀ (ਬ੍ਰਿਜ ਭਾਸ਼ਾ) ਹੈ, ਜੋ ਆਮ ਪਾਠਕ ਦੀ ਸਮਝ ਤੋਂ ਬਾਹਰ ਹੈ। ਫਿਰ ਸੰਮਤ ਵੀ ਐਸੇ ਬਿਖੜੇ ਢੰਗ ਨਾਲ ਦਿੱਤੇ ਗਏ ਹਨ ਕਿ ਜੋ ਪੁਰਾਣ ਕਥਾਵਾਂ ਤੋਂ ਜਾਣੂ ਨਹੀਂ, ਉਹਦੇ ਵਾਸਤੇ ਸਮਝਣੇ ਔਖੇ ਹਨ। ਜਿਵੇਂ:- 'ਸੰਮਤ ਸੋਲਾ ਸੋ ਗ੍ਰਹਿ ਜਾਨੋ' (੧੬੦੯ ਬਿ:), 'ਸਸਿ ਖਟ ਰਿਤ ਗ੍ਰਹਿ ਸੰਮਤੋ' (੧੬੬੯), 'ਸਸਿ ਖਟ ਗ੍ਰਹਿ ਪੁਨ ਬੇਦ ਬਖਾਨੀ' (੧੬੯੪) ਆਦਿ। ਇਹ ਗ੍ਰੰਥ ਲਿਖੇ ਵੀ ਕਵਿਤਾ ਦੇ ਰੂਪ ਵਿਚ ਹਨ। ਇਨ੍ਹਾਂ ਉਪਰੋਕਤ ਗੱਲਾਂ ਨੂੰ ਮੁੱਖ ਰੱਖ ਕੇ ਮੈਂ 'ਸਿੱਖ ਇਤਿਹਾਸ ਦੇ ਸੋਮੇ' ਨਾਮ ਦਾ ਗ੍ਰੰਥ ਲਿਖਿਆ, ਜਿਸ ਦੇ ਪੰਜ ਭਾਗ ਹਨ।

'ਸਿੱਖ ਇਤਿਹਾਸ ਦੇ ਸੋਮੇ' ਗ੍ਰੰਥ ਦੇ ਪੰਜ ਭਾਗਾਂ ਵਿਚ ਜੋ ਸਿੱਖ-ਇਤਿਹਾਸ ਨਾਲ ਸੰਬੰਧਿਤ ਗ੍ਰੰਥ ਆਏ ਹਨ ਉਸ ਦਾ ਵੇਰਵਾ ਇਸ ਪ੍ਰਕਾਰ ਹੈ—

ੳ) ਸਿੱਖ ਇਤਿਹਾਸ ਦੇ ਸੋਮੇ (ਭਾਗ ਪਹਿਲਾ) ਅਕਤੂਬਰ ੧੯੮੧, ਇਸ ਵਿਚ ਪੰਜ ਗ੍ਰੰਥ ਹਨ-

(੧) ਸ੍ਰੀ ਗੁਰ ਸੋਭਾ ਕਰਤਾ ਸੈਨਾ ਪਤਿ
(੨) ਗੁਰ ਬਿਲਾਸ ਕਰਤਾ ਕੁਇਰ ਸਿੰਘ
(੩) ਗੁਰ ਬਿਲਾਸ ਪਾਤਸ਼ਾਹੀ ਛੇਵੀਂ
(੪) ਬੰਸਾਵਲੀਨਾਮਾ ਕਰਤਾ ਕੇਸਰ ਸਿੰਘ (ਛਿੱਬਰ)
(੫) ਗੁਰ ਬਿਲਾਸ ਕਰਤਾ ਸੁੱਖਾ ਸਿੰਘ

(ਅ) ਸਿੱਖ ਇਤਿਹਾਸ ਦੇ ਸੋਮੇ (ਭਾਗ ਦੂਜਾ) ਅਗਸਤ ੧੯੮੨
ਗ੍ਰੰਥ ਹਨ—

(੧) ਗੁਰੂ ਨਾਨਕ ਮਹਿਮਾ ਕਰਤਾ ਸਰੂਪ ਦਾਸ ਭੱਲਾ।
(੨) ਮਹਿਮਾ ਪ੍ਰਕਾਸ਼ ਕਰਤਾ ਸਰੂਪ ਦਾਸ ਭੱਲਾ।
(੩) ਪਰਚੀਆਂ ਸੇਵਾ ਦਾਸ ਉਦਾਸੀ।
(੪) ਨੌਂ ਗੁਰ ਪ੍ਰਣਾਲੀਆਂ।

(ੲ) ਸਿੱਖ ਇਤਿਹਾਸ ਦੇ ਸੋਮੇ (ਭਾਗ ਤੀਜਾ) - ਅਗਸਤ ੧੯੯੨

ਇਸ ਵਿਚ ਕਵੀ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਨਾਨਕ ਪ੍ਰਕਾਸ਼' ਹੈ।

(ਸ) ਸਿੱਖ ਇਤਿਹਾਸ ਦੇ ਸੋਮੇ (ਭਾਗ ਚੌਥਾ) - ਨਵੰਬਰ ੧੯੯੩

ਇਸ ਵਿਚ 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੀਆਂ ਪਹਿਲੀਆਂ ਦਸ ਰਾਸਾਂ ਹਨ।

(ਹ) ਸਿੱਖ ਇਤਿਹਾਸ ਦੇ ਸੋਮੇ (ਭਾਗ ਪੰਜਵਾਂ) - ਜਨਵਰੀ ੧੯੯੪

ਇਸ ਵਿਚ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਬਾਕੀ ਭਾਗ ਹੈ।

ਸਿੱਖ ਇਤਿਹਾਸ ਦਾ ਇਹ ਕੰਮ ਸੀਤਲ ਜੀ ਨੇ ਬੜੀ ਲਗਨ ਤੇ ਮਿਹਨਤ ਨਾਲ ਕੀਤਾ। ਲਗਾਤਾਰ ਅੱਠ-ਅੱਠ, ਨੌਂ-ਨੌਂ ਘੰਟੇ ਬੈਠਦੇ ਰਹੇ। ਇਸ ਕੰਮ ਨੂੰ ਵੇਖ ਕੇ ਇਕ ਵਾਰ ਡਾ. ਮਹਿੰਦਰ ਸਿੰਘ ਰੰਧਾਵਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰ ਸਾਹਿਬ ਡਾ. ਜੇ. ਐੱਸ. ਗਰੇਵਾਲ ਨੂੰ ਕਿਹਾ ਸੀ ਕਿ ਸਾਨੂੰ ਗਿਆਨੀ ਸੋਹਣ ਸਿੰਘ ਸੀਤਲ ਨੂੰ ਡੀ.ਲਿਟ ਦੀ ਆਨਰੇਰੀ ਡਿਗਰੀ ਦੇਣੀ ਚਾਹੀਦੀ ਹੈ। ਪਰ ਇਹ ਸੰਭਵ ਨਾ ਹੋ ਸਕਿਆ। ਸਿੱਖ ਇਤਿਹਾਸ ਦੇ ਸੋਮੇ ਪੰਜਾਂ ਭਾਗਾਂ ਵਿਚ ਹੀ ਆਪ ਨੇ ਮੂਲ ਰਚਨਾ ਵਿਚ ਟਿੱਪਣੀਆਂ ਦੇ ਕੇ ਜਿੱਥੇ ਸਿੱਖ ਸਿਧਾਂਤਾਂ ਦੀ ਅਵੱਗਿਆ ਹੋਈ, ਦੀ ਸੋਧ ਕੀਤੀ ਹੈ।

(ੲ) ਕਵੀ ਤੇ ਗੀਤਕਾਰ ਸੀਤਲ ਜੀ :

ਗਿਆਨੀ ਸੋਹਣ ਸਿੰਘ ਸੀਤਲ ਜੀ ਜਿੱਥੇ ਇਕ ਸੁਪ੍ਰਸਿੱਧ ਢਾਡੀ ਸੀ, ਉਥੇ ਇਕ ਸਫਲ ਕਵੀ ਤੇ ਗੀਤਕਾਰ ਵੀ ਸੀ। ਆਪ ਨੇ ਢੱਡ-ਸਾਰੰਗੀ ਨਾਲ ਗਾਉਣ ਵਾਲੀਆਂ ਵਾਰਾਂ ਦੀ ਰਚਨਾ ਦੇ ਨਾਲ-ਨਾਲ ਕੁਝ ਕਵਿਤਾਵਾਂ ਤੇ ਗੀਤ ਵੀ ਲਿਖੇ। ਆਪ ਦੀ ਕਵਿਤਾ ਆਪ ਦੇ ਨਿੱਜੀ ਜੀਵਨ ਤੇ ਕਿਸਾਨੀ ਦੀਆਂ ਮੁਸ਼ਕਲਾਂ ਦੁਆਲੇ ਕੇਂਦਰਿਤ ਹੈ। ਪਿਤਾ ਦੀ ਮੌਤ ਪਿੱਛੋਂ ਆਪ ਨੇ ਜੋ ਤਿੰਨ ਸਾਲ ਵਾਹੀ ਵਿਚ ਬਿਤਾਏ, ਇਨ੍ਹਾਂ ਪ੍ਰਭਾਵਾਂ ਨੂੰ ਹੀ ਆਪ ਨੇ ਕਵਿਤਾ ਦਾ ਰੂਪ ਦਿੱਤਾ। ਇਵੇਂ ਹੀ ਆਪ ਦੇ ਗੀਤਾਂ ਵਿਚ ਦੰਪਤੀ-ਜੀਵਨ ਤੇ ਦੇਸ਼-ਭਗਤੀ ਦੇ ਜਜ਼ਬੇ ਹਨ। 'ਵਹਿੰਦੇ ਹੰਝੂ', 'ਸੱਜਰੇ ਹੰਝੂ' ਤੇ 'ਦਿਲ ਦਰਿਆ' ਆਪ ਦੇ ਕਾਵਿ ਸੰਗ੍ਰਹਿ ਹਨ ਅਤੇ 'ਕੇਸਰੀ ਦੁਪੱਟਾ' ਤੇ 'ਜਦੋਂ ਮੈਂ ਲਿਖਦਾ ਹਾਂ' ਗੀਤਾਂ ਦੀਆਂ ਪੁਸਤਕਾਂ ਹਨ।

(ਸ) ਗਲਪਕਾਰ ਗਿਆਨੀ ਸੋਹਣ ਸਿੰਘ ਸੀਤਲ :-

ਗਲਪ ਰੂਪ ਵਿਚ ਗਿਆਨੀ ਸੋਹਣ ਸਿੰਘ ਸੀਤਲ ਨੇ ਕਹਾਣੀਆਂ ਤੇ ਨਾਵਲ ਦੋਵੇਂ ਲਿਖੇ। ਪੜ੍ਹਦੇ ਸਮੇਂ ਜਿੱਥੇ ਆਪ ਨੇ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ, ਉਥੇ ਕਹਾਣੀਆਂ ਲਿਖਣਾ ਵੀ ਇਸੇ ਉਮਰ ਦੀ ਉਪਜ ਹੈ। ਪਹਿਲੀ ਕਹਾਣੀ ੨੩ ਫਰਵਰੀ, ੧੯੩੨ ਈ. ਨੂੰ 'ਵੈਰੀ ਪੁੱਤਰ' ਲਿਖੀ, ਜੋ 'ਫੁਲਵਾੜੀ' ਮਾਸਿਕ ਪੱਤਰ ਵਿਚ ਛਪੀ। ਇਹ ਕਹਾਣੀ ਸੀਤਲ ਜੀ ਦੇ ਮਾਮੇ ਦੇ ਲੜਕੇ ਅਰਜਨ ਸਿੰਘ ਬਾਰੇ ਸੀ। ਇਸ ਦਾ ਵਿਸ਼ਾ ਔਲਾਦ ਦਾ ਮਾਪਿਆਂ ਨੂੰ ਦੁੱਖ ਦੇਣਾ ਹੈ। ਇਸ ਤੋਂ ਬਾਅਦ ਸੀਤਲ ਜੀ ਨੇ ਨਿਰੰਤਰ ਕਹਾਣੀਆਂ ਲਿਖੀਆਂ ਜਿਨ੍ਹਾਂ ਦੀ ਗਿਣਤੀ ੨੪ ਹੈ ਅਤੇ ਇਹ ਤਿੰਨ ਕਹਾਣੀ ਸੰਗ੍ਰਹਿ 'ਜਾਗਦੇ ਸੁਪਨੇ', 'ਅੰਤਰਜਾਮੀ' ਤੇ 'ਕਦਰਾਂ ਬਦਲ ਗਈਆਂ' ਵਿਚ ਪ੍ਰਕਾਸ਼ਿਤ ਹੋਈਆਂ ਹਨ।

ਕਹਾਣੀਆਂ ਤੋਂ ਬਿਨਾਂ ਗਿਆਨੀ ਸੋਹਣ ਸਿੰਘ ਸੀਤਲ ਜੀ ਨੇ ਨਾਵਲ ਵੀ ਲਿਖੇ ਜਿਨ੍ਹਾਂ ਦੀ ਗਿਣਤੀ ਡੇਢ ਦਰਜਨ ਹੈ। ਸਾਹਿਤ ਅਕਾਡਮੀ ਦਾ ਐਵਾਰਡ ਮਿਲਣ ਤਕ, ਸੀਤਲ ਜੀ

ਨੂੰ ਕੁਝ ਹਲਕਿਆਂ ਵਿਚ ਨਾਵਲਕਾਰ ਮੰਨਿਆ ਹੀ ਨਹੀਂ ਜਾਂਦਾ ਸੀ। ਜਦ 'ਜੁੱਗ ਬਦਲ ਗਿਆ' ਨਾਵਲ ਉੱਪਰ ਆਪ ਨੂੰ ਸਾਹਿਤ ਅਕਾਡਮੀ ਦਾ ਪੁਰਸਕਾਰ ਮਿਲਿਆ ਤਾਂ ਡਾ. ਹਰਿਭਜਨ ਸਿੰਘ ਵਰਗਿਆਂ ਨੇ ਵੀ ਕਿਹਾ, "ਅਸੀਂ ਬਹੁਤ ਗਲਤੀ ਕੀਤੀ ਹੈ ਕਿ ਗਿਆਨੀ ਸੋਹਣ ਸਿੰਘ ਸੀਤਲ ਨੂੰ ਇਕ ਢਾਡੀ ਹੀ ਸਮਝਦੇ ਰਹੇ ਹਾਂ।"

ਦਰਅਸਲ ਸੀਤਲ ਜੀ ਨੇ ਦੇਸ਼ ਦੀ ਵੰਡ ਤੋਂ ਬਾਅਦ ਨਾਵਲ ਲਿਖਣੇ ਸ਼ੁਰੂ ਕਰ ਦਿੱਤੇ ਸਨ। ਉਸ ਨੇ ਆਪਣਾ ਸਭ ਤੋਂ ਪਹਿਲਾ ਨਾਵਲ ੧੯੩੩ ਈ. ਵਿਚ 'ਸ਼ਾਮ ਦੀ ਵਿਸਾਖੀ' ਲਿਖਿਆ। ਇਹ ਨਾਵਲ ਕਸੂਰ ਦੀ ਸਰਾਫੀ ਫਰਮ 'ਕਿਸ਼ਨ ਸਿੰਘ ਕਰਤਾਰ ਸਿੰਘ' ਦੇ ਕਹਿਣ 'ਤੇ ਲਿਖਿਆ ਜੋ ਵਿਸਾਖੀ ਦੇ ਪੁਰਬ 'ਤੇ ਮੁਫ਼ਤ ਵੰਡਿਆ ਗਿਆ। ਇਹ ੮੦ ਸਫੇ ਦਾ ਭਾਈ ਵੀਰ ਸਿੰਘ ਦੇ 'ਸੁੰਦਰੀ' ਤੇ 'ਬਿਜੈ ਸਿੰਘ' ਵਰਗਾ ਨਾਵਲ ਸੀ। ਮੁਫਤ ਵੰਡਿਆ ਜਾਣ ਕਰਕੇ ਇਹ ਨਾਵਲ ਮੁਫਤ ਵਿਚ ਹੀ ਗਵਾਚ ਗਿਆ। ਸਾਹਿਤਕ ਪੱਖੋਂ ਆਪ ਨੇ ਪਹਿਲਾ ਨਾਵਲ 'ਮੁੱਲ ਦਾ ਮਾਸ' ੪ ਅਪ੍ਰੈਲ ੧੯੪੭ ਈ. ਨੂੰ ਪੂਰਾ ਕੀਤਾ ਸੀ। ਇਹ ਪਹਿਲਾਂ ਨਾਟਕ ਰੂਪ ਵਿਚ ਲਿਖਿਆ ਗਿਆ ਤੇ ਫਿਰ ਇਸ ਨੂੰ ਨਾਵਲ ਦਾ ਰੂਪ ਦਿੱਤਾ ਗਿਆ। ਇਹ ਨਾਵਲ ਦੇਸ਼ ਦੀ ਵੰਡ ਤੋਂ ਬਾਅਦ ੧੯੪੯ ਈ. ਵਿਚ ਪ੍ਰਕਾਸ਼ਿਤ ਹੋਇਆ। ਸੀਤਲ ਨੇ ਜੋ ਨਾਵਲ ਲਿਖੇ ਉਨ੍ਹਾਂ ਦੀ ਹੇਠਾਂ ਅਸੀਂ ਤਫ਼ਸੀਲ ਦਿੰਦੇ ਹਾਂ-

	ਨਾਵਲ ਦਾ ਨਾਮ	ਪੂਰਾ ਹੋਣ ਦੀ ਮਿਤੀ	ਛਾਪਣ ਦੀ ਮਿਤੀ
੧.	ਮੁੱਲ ਦਾ ਮਾਸ	੪-੪-੧੯੪੭	ਅਪ੍ਰੈਲ ੧੯੪੯
੨.	ਵਿਜੋਗਣ	੩-੧੨-੧੯੫੦	ਜਨਵਰੀ ੧੯੫੧
੩.	ਅੰਨ੍ਹੀ ਸੁੰਦਰਤਾ	੨-੩-੧੯੫੨	ਅਕਤੂਬਰ ੧੯੫੨
੪.	ਦੀਵੇ ਦੀ ਲੋਅ	੨੯-੧੧-੧੯੫੨	ਅਪ੍ਰੈਲ ੧੯੫੩
੫.	ਪਤਵੰਤੇ ਕਾਤਲ	੯-੫-੧੯੫੫	ਜੂਨ ੧੯੫੫
੬.	ਜੰਗ ਜਾਂ ਅਮਨ	੧੦-੮-੧੯੫੮	ਅਗਸਤ ੧੯੫੯
੭.	ਬਦਲਾ	੨-੫-੧੯੫੯	ਜੁਲਾਈ ੧੯੫੯
੮.	ਧਰਤੀ ਦੇ ਦੇਵਤੇ	੧੦-੧੧-੧੯੫੯	ਜਨਵਰੀ ੧੯੬੦
੯.	ਪ੍ਰੀਤ ਕਿ ਰੂਪ	੨੪-੮-੧੯੬੦	ਸਤੰਬਰ ੧੯੬੦
੧੦.	ਧਰਤੀ ਦੀ ਬੇਟੀ	੧੧-੯-੧੯੬੦	ਨਵੰਬਰ ੧੯੬੦
੧੧.	ਕਾਲੇ ਪਰਛਾਵੇਂ	੫-੧-੧੯੬੧	ਮਾਰਚ ੧੯੬੧
੧੨.	ਪ੍ਰੀਤ ਤੇ ਪੈਸਾ	੨੦-੧੧-੧੯੬੧	ਦਸੰਬਰ ੧੯੬੧
੧੩.	ਤੂਤਾਂ ਵਾਲਾ ਖੂਹ	੧੭-੧੨-੧੯੬੨	ਮਾਰਚ ੧੯੬੩
੧੪.	ਈਚੋਗਿਲ ਨਹਿਰ ਤਕ	੧੭-੨-੧੯੬੬	ਮਾਰਚ ੧੯੬੬
੧੫.	ਜੁਗ ਬਦਲ ਗਿਆ	੧੯-੧੦-੧੯੭੧	ਦਸੰਬਰ ੧੯੭੨
੧੬.	ਜਵਾਲਾਮੁਖੀ	੨੯-੫-੧੯੭੨	ਅਗਸਤ ੧੯੭੨
੧੭.	ਸੁੰਞਾ ਆਹਲਣਾ	੨੫-੧੦-੧੯੭੩	ਦਸੰਬਰ ੧੯੭੩

ਦੋ ਇਤਿਹਾਸਕ ਨਾਵਲ ਲਿਖੇ—

੧.	ਮਹਾਰਾਣੀ ਜਿੰਦਾਂ	੪-੧੦-੧੯੬੦	ਜਨਵਰੀ ੧੯੬੧
੨.	ਮਹਾਰਾਜਾ ਦਲੀਪ ਸਿੰਘ	੭-੨-੧੯੬੧	ਮਾਰਚ ੧੯੬੧

ਸੀਤਲ ਜੀ ਨੇ ਤਿੰਨ ਛੋਟੇ ਨਾਵਲ ਲਿਖੇ—'ਸੁਰਗ ਸਵੇਰਾ' (ਅਪ੍ਰੈਲ ੧੯੬੧), 'ਹਿਮਾਲਿਆ ਦੇ ਰਾਖੇ' (ਜੂਨ ੧੯੬੩), 'ਸਭੇ ਸਾਝੀਵਾਲ ਸਦਾਇਨਿ' (ਫਰਵਰੀ ੧੯੬੫)। ਸੀਤਲ ਜੀ ਦੇ ਕੁਝ ਨਾਵਲ ਅਧੂਰੇ ਰਹਿ ਗਏ, ਕਿਉਂਕਿ ਉਮਰ ਨੇ ਸਾਥ ਨਾ ਦਿੱਤਾ। 'ਜੁੱਗ ਬਦਲ ਗਿਆ' ਤੋਂ ਪਿੱਛੋਂ ਆਪ ਨੇ 'ਉਹ ਪਾਗਲ ਨਹੀਂ' ਨਾਵਲ ਲਿਖਣਾ ਸ਼ੁਰੂ ਕੀਤਾ ਸੀ ਪਰ ਉਹ ਪੂਰਾ ਨਾ ਹੋਇਆ। ਇਵੇਂ ਹੀ ਆਪ ਨੇ ਸੋਚਿਆ ਸੀ ਕਿ ਸ਼ੋਲੋਖੋਵ ਦੇ ਮਹਾਨ ਨਾਵਲ 'ਤੇ ਡਾਨ ਵਹਿੰਦਾ ਰਿਹਾ' ਦੀ ਤਰਜ਼ 'ਤੇ ਇਕ ਵੱਡਾ ਨਾਵਲ ਲਿਖਿਆ ਜਾਵੇ ਜਿਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤਕ ਦੇ ਸਿੱਖੀ ਜੀਵਨ ਨੂੰ ਬਿਆਨ ਕੀਤਾ ਜਾਵੇ। ਇਹ ਨਾਵਲ 'ਸਿੰਘ ਬੂਕੇ' ਸਿਰਲੇਖ ਅਧੀਨ ਲਿਖਣਾ ਸ਼ੁਰੂ ਕੀਤਾ ਸੀ, ਪਰ ਪੂਰਾ ਨਹੀਂ ਹੋਇਆ।

ਗਿਆਨੀ ਸੋਹਣ ਸਿੰਘ ਸੀਤਲ ਪਾਸ ਜੀਵਨ ਦਾ ਲੰਮਾ ਤਜਰਬਾ ਸੀ ਤੇ ਗੱਲ ਕਹਿਣ ਦਾ ਅੰਦਾਜ਼ ਉਨ੍ਹਾਂ ਨੂੰ ਆਉਂਦਾ ਸੀ। ਇਸੇ ਕਰਕੇ ਆਪ ਦੇ ਨਾਵਲ ਮਾਝੇ ਦੇ ਜੀਵਨ ਨੂੰ ਆਂਚਲਿਕ ਪੱਧਰ 'ਤੇ ਬਿਆਨ ਕਰਦੇ ਹਨ। ਆਪ ਨੇ ਸਾਰੇ ਨਾਵਲ ਮਾਲਵੇ ਦੇ ਸ਼ਹਿਰ ਲੁਧਿਆਣਾ ਵਿਚ ਬੈਠ ਕੇ ਲਿਖੇ ਪਰ ਸਾਰਿਆਂ ਨਾਵਲਾਂ ਦਾ ਘਟਨਾਕ੍ਰਮ ਅਤੇ ਪਲਾਟ ਮਾਝੇ ਦਾ ਇਲਾਕਾ ਹੈ। ਮਾਝੇ ਦੀ ਧਰਤੀ ਨਾਲ ਉਨ੍ਹਾਂ ਨੂੰ ਮੋਹ ਸੀ। ਪ੍ਰੋ. ਗੁਰਚਰਨ ਸਿੰਘ ਜੀ[੧੦] ਲਿਖਦੇ ਹਨ ਕਿ ਪੰਜਾਬੀ ਦੇ ਨਾਵਲਕਾਰਾਂ ਕੋਲ ਉਹ ਕੁਝ ਨਹੀਂ ਹੈ ਜੋ ਸੀਤਲ ਜੀ ਵਿਚ ਸੁਤੇ-ਸਿਧ ਤੇ ਆਪ ਮੁਹਾਰੇ ਹੀ ਸੀ। ਪੇਂਡੂ ਜੀਵਨ ਦਾ ਓੜਕਾਂ ਦਾ ਤਜ਼ਰਬਾ, ਲੋਕ-ਸੰਸਕਾਰਾਂ ਦੀ ਘੋਖ ਤੇ ਸਮਝ, ਬੋਲੀ ਦੀ ਸਰਲਤਾ, ਉਤਮਤਾ ਤੇ ਠੇਠਤਾ ਤੇ ਨਾਲ-ਨਾਲ ਕਹਾਣੀ ਜੋੜਨ ਤੇ ਕਹਿਣ ਦੀ ਰਸੀ ਹੋਈ ਜਾਚ ਉਨ੍ਹਾਂ ਵਿਚ ਜਮਾਂਦਰੂ ਗਲਪਕਾਰੀ ਦੇ ਗੁਣ ਸਨ। ਆਪ ਜੀਵਨ ਵਿਚ ਭਿੱਜ ਕੇ ਲਿਖਦੇ ਸਨ। ਨਾਵਲ ਲਿਖਣ ਤੋਂ ਪਹਿਲਾਂ ਆਪ ਨੇ ਅਨੇਕਾਂ ਨਾਵਲ ਪੜ੍ਹੇ ਸਨ।

ਗਿਆਨੀ ਸੋਹਣ ਸਿੰਘ ਸੀਤਲ ਦੇ ਸਾਹਿਤਕ ਸਫ਼ਰ ਦੀ ਜੇਕਰ ਗੱਲ ਕਰੀਏ ਤਾਂ ਉਨ੍ਹਾਂ ਦਾ ਸਾਰਾ ਜੀਵਨ ਹੀ ਸਿੱਖ ਧਰਮ, ਸਾਹਿਤ ਤੇ ਸਿੱਖ ਇਤਿਹਾਸ ਦੇ ਲੇਖੇ ਸੀ। ਆਪ ਨੇ ੭੮-੭੯ ਵਾਰਾਂ, ੨੪ ਕਹਾਣੀਆਂ, ੨੨ ਨਾਵਲ, ੧੮ ਸਿੱਖ ਇਤਿਹਾਸ ਦੀਆਂ ਪੁਸਤਕਾਂ, ੨ ਇਕਾਂਗੀ, ੨ ਸਵੈ-ਜੀਵਨੀਆਂ (ਮੇਰੀ ਸਾਹਿਤਕ ਸਵੈ-ਜੀਵਨੀ ਤੇ ਵੇਖੀ ਮਾਣੀ ਦੁਨੀਆਂ) ਲਿਖੀਆਂ। ਇਸ ਸਾਹਿਤਕ ਕਾਰਜ ਬਦਲੇ ਆਪ ਨੂੰ ਜਿਉਂਦੇ-ਜੀਅ ਮਾਣ-ਸਨਮਾਣ ਵੀ ਬਹੁਤ ਮਿਲੇ ਹਨ। ੧੯੬੨ ਈ. ਵਿਚ 'ਕਾਲੇ ਪਰਛਾਵੇਂ' ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਇਨਾਮ ਮਿਲਿਆ। ਭਾਰਤ ਸਰਕਾਰ ਦੀ ਐਜੂਕੇਸ਼ਨ ਮਨਿਸਟਰੀ ਵੱਲੋਂ ਤਿੰਨ ਨਾਵਲਾਂ ਨੂੰ 'ਸੁਰਗ ਸਵੇਰਾ' (੧੯੬੨), 'ਹਿਮਾਲੀਆ ਦੇ ਰਾਖੇ' (੧੯੬੪) ਤੇ 'ਸਭੇ ਸਾਝੀਵਾਲ ਸਦਾਇਨਿ' (੧੯੬੬) ਨੂੰ ਇਨਾਮ ਮਿਲੇ। ਭਾਰਤ ਸਰਕਾਰ ਦੀ 'ਸਾਹਿਤ ਅਕਾਡਮੀ' ਵੱਲੋਂ ੧੯੭੪ ਈ. ਵਿਚ 'ਜੁੱਗ ਬਦਲ ਗਿਆ' ਨੂੰ ਸਨਮਾਨ ਮਿਲਿਆ। ੧੯੭੯ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਆਪ ਨੂੰ 'ਸ਼੍ਰੋਮਣੀ ਢਾਡੀ' ਦੇ

ਰੂਪ ਵਿਚ ਸਨਮਾਨਿਆ ਗਿਆ। ੧੯੯੩ ਈ. ਵਿਚ ਪੰਜਾਬ ਸਰਕਾਰ ਵੱਲੋਂ 'ਸ਼੍ਰੋਮਣੀ ਢਾਡੀ ਤੇ ਸ਼੍ਰੋਮਣੀ ਸਾਹਿਤਕਾਰ' ਵਜੋਂ ਸਨਮਾਨਿਆ ਗਿਆ।

ਟਿੱਪਣੀਆਂ ਤੇ ਹਵਾਲੇ :

੧. ਸੋਹਣ ਸਿੰਘ ਸੀਤਲ, 'ਮੇਰੀ ਸਾਹਿਤਕ ਸਵੈ-ਜੀਵਨੀ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੫, ਸਫ਼ਾ ੧੨.

੨. ਉਹੀ, ਸਫ਼ਾ ੧੩.

੩. ਉਹੀ, ਸਫ਼ਾ ੩੫.

੪. ਕਰਤਾਰ ਸਿੰਘ (ਕਾਲੜਾ) (ਪ੍ਰੋ.), 'ਸੋਹਣ ਸਿੰਘ ਸੀਤਲ-ਲੋਕ ਕਵੀ ਤੇ ਢਾਡੀ', 'ਪੰਜਾਬੀ ਦੁਨੀਆਂ' ਭਾਸ਼ਾ ਵਿਭਾਗ ਪੰਜਾਬ, ਅਗਸਤ ੧੯੭੭, ਸਫ਼ਾ ੪੬.

੫. ਸੋਹਣ ਸਿੰਘ ਸੀਤਲ, 'ਵੇਖੀ ਮਾਣੀ ਦੁਨੀਆਂ', ਸੀਤਲ ਪੁਸਤਕ ਭੰਡਾਰ ਲੁਧਿਆਣਾ, ੧੯੮੩, ਸਫ਼ਾ ੧੧੫.

੬. ਪੰਜਾਬ ਦੀ ਢਾਡੀ ਕਲਾ, 'ਕੌਮੀ ਏਕਤਾ', ਮਈ ੧੯੭੬.

੭. 'ਮੇਰੀ ਸਾਹਿਤਕ ਸਵੈ-ਜੀਵਨੀ', ਸਫ਼ਾ ੨੩੧.

੮. 'ਸੋਹਣ ਸਿੰਘ ਸੀਤਲ-ਲੋਕ ਕਵੀ ਤੇ ਢਾਡੀ', ਪੰਜਾਬੀ ਦੁਨੀਆਂ ੧੯੭੭, ਸਫ਼ਾ ੫੫.

੯. 'ਵੇਖੀ ਮਾਣੀ ਦੁਨੀਆਂ', (ਸਵੈ-ਜੀਵਨੀ), ਸਫ਼ਾ ੩੩੭.

੧੦. ਪੰਜਾਬੀ ਦਾ ਨਵਾਂ ਨਾਵਲਕਾਰ : ਸੋਹਣ ਸਿੰਘ ਸੀਤਲ, ਸਾਹਿਤ ਸਮਾਚਾਰ, ਅਗਸਤ ੧੯੬੧, ਸਫ਼ਾ ੧੨੭-੨੮.

ਅੰਤਿਮ ਸਵਾਸ ਤੋਂ ਪਹਿਲਾਂ-ਸੀਤਲ ਜੀ

-ਭਾਈ ਜੋਗਾ ਸਿੰਘ ਕਵੀਸ਼ਰ

ਪਰਮਾਤਮਾ ਦੀ ਰਚੀ ਹੋਈ ਇਸ ਸ੍ਰਿਸ਼ਟੀ ਅੰਦਰ ਕਈ ਵਾਰ ਅਜਿਹੇ ਮਹਾਨ ਵਿਅਕਤੀ ਪ੍ਰਵੇਸ਼ ਕਰਦੇ ਹਨ ਜਿਨ੍ਹਾਂ ਦੀ ਯਾਦ ਸਦੀਵੀਂ ਬਣੀ ਰਹਿੰਦੀ ਹੈ। ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਵੀ ਲੋਕ ਉਨ੍ਹਾਂ ਦੇ ਬੋਲਾਂ ਨੂੰ ਤਰਸਦੇ ਹਨ ਅਤੇ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਉਨ੍ਹਾਂ ਦੀ ਤਸਵੀਰ ਵੇਖਦੇ ਹਨ। ਸੂਰਜ ਆਪਣੇ ਨਾਲ ਜੁੜੀਆਂ ਕਹਾਣੀਆਂ ਦੀ ਪ੍ਰਵਾਹ ਨਹੀਂ ਕਰਦਾ। ਉਹ ਰੋਜ਼ਾਨਾ ਚੜ੍ਹਦਾ ਹੈ ਤੇ ਸਮੁੱਚੇ ਸੰਸਾਰ ਨੂੰ ਚਾਨਣ ਦੀਆਂ ਰਿਸ਼ਮਾਂ ਦੀ ਦਾਤ ਵੰਡ ਕੇ ਰਾਤ ਦੀ ਬੁੱਕਲ ਵਿਚ ਖਮੋਸ਼ ਹੋ ਜਾਂਦਾ ਹੈ। ਉਹ ਵੱਖਰੀ ਗੱਲ ਹੈ ਕਿ ਸੰਸਾਰਿਕ ਲੋਕਾਂ ਦਾ ਸੂਰਜ ਪ੍ਰਤੀ ਦ੍ਰਿਸ਼ਟੀਕੋਣ ਅਲੱਗ-ਅਲੱਗ ਹੈ। ਕੋਈ ਮਨੁੱਖ ਚੜ੍ਹਦੇ ਸੂਰਜ ਦੀ ਲਾਲੀ ਵਿੱਚੋਂ ਆਪਣੇ ਜੀਵਨ ਦੀ ਸੱਜਰੀ ਸਵੇਰ ਭਾਲਦਾ ਹੈ ਤੇ ਕੋਈ ਦਾਨਿਸ਼ਮੰਦ ਡੁੱਬਦੇ ਸੂਰਜ ਦੀਆਂ ਸੁਨਹਿਰੀ ਕਿਰਣਾਂ ਵਿੱਚੋਂ ਮੌਤ ਦੇ ਕਾਲੇ ਪਰਛਾਵਿਆਂ ਦੀ ਹਕੀਕਤ ਨੂੰ ਪ੍ਰਵਾਨ ਕਰਦਾ ਹੈ। ਪਰ ਜਿਸ ਸੂਰਜ ਦੀ ਆਖ਼ਰੀ ਝਲਕ ਦੇ ਰੂ-ਬ-ਰੂ ਆਪਾਂ ਹੋ ਰਹੇ ਹਾਂ ਉਹ ਪੈਦਾ ਤਾਂ ਇਸ ਦੁਨੀਆਂ 'ਤੇ ਆਮ ਆਦਮੀ ਵਾਂਗ ਹੋਇਆ ਪਰ ਆਪਣੀ ਨੇਕ ਕਰਨੀ ਸਦਕਾ ਆਪਣੇ ਇਸ਼ਟ ਨੂੰ ਪੂਜਦਾ-ਪੂਜਦਾ ਲੱਖਾਂ ਲੋਕਾਂ ਲਈ ਸਤਿਕਾਰਯੋਗ ਹੋ ਨਿਬੜਿਆ। ਪੰਜਾਬੀ ਸਾਹਿਤ ਦੀ ਹਿੱਕ ਉੱਤੇ ਉਹਦੇ 'ਕਰਮ' ਦੀਆਂ ਅਮਿੱਟ ਪੈੜਾਂ ਦੇ ਨਿਸ਼ਾਨ ਨਵੇਂ ਰਾਹਗੀਰਾਂ ਦਾ ਪੱਥ ਪ੍ਰਦਰਸ਼ਕ ਕਰਦੇ ਰਹਿਣਗੇ। ਜਿਵੇਂ ਕਿਸੇ ਸ਼ਾਇਰ ਦਾ ਕਥਨ ਹੈ "ਹਰ ਦੌਰ ਕੇ ਮਲਾਹ ਹਮੇਂ ਯਾਦ ਰਖੇਂਗੇ, ਸਾਹਿਲ ਪੇ ਕੁਛ ਐਸੇ ਨਿਸ਼ਾਂ ਛੋੜਦੇਂ ਹਮ"। ਆਪਣੇ ਇਸ਼ਟ ਦੀ ਇਬਾਦਤ ਹਿੱਤ ਉਹ ਕਰਮਯੋਗੀ ਲਗਾਤਾਰ ਅਠਾਰਾਂ-ਅਠਾਰਾਂ ਘੰਟੇ ਬੈਠ ਕੇ ਵੀ ਲਿਖਦਾ ਰਿਹਾ। ਅੱਜ ਅਸੀਂ ਉਸ ਮਹਾਨ ਆਤਮਾ ਦੇ ਸਰੀਰਕ ਰੂਪੀ ਪਿੰਜਰਾ ਤਿਆਗਣ ਤੋਂ ਕੁਝ ਘੰਟੇ ਪਹਿਲਾਂ ਕਹੇ ਹੋਏ ਸ਼ਬਦ ਹੂ-ਬ-ਹੂ ਸਾਂਝੇ ਕਰ ਰਹੇ ਹਾਂ ਜਿਸ ਦਾ ਨਾਮ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ ਭਾਵ ਸ਼੍ਰੋਮਣੀ ਢਾਡੀ ਅਤੇ ਨਾਵਲਕਾਰ ਗਿਆਨੀ ਸੋਹਣ ਸਿੰਘ 'ਸੀਤਲ'। ਇਹ ਸੂਰਜ ਦੇ ਡੁੱਬਣ ਦੀ ਆਖ਼ਰੀ ਝਲਕ ਸੀ ਭਾਵ ਉਨ੍ਹਾਂ ਦੀ ਜ਼ਿੰਦਗੀ ਦੀ ਆਖਰੀ ਰਾਤ ਤੋਂ ਪਹਿਲਾਂ ੨੨ ਸਤੰਬਰ ੧੯੯੮ ਦਾ ਦਿਨ, ਸੰਬੰਧ ਇਸ ਤਰ੍ਹਾਂ ਜੁੜਿਆ ਕਿ ਦਾਸ ਨੇ ਚੰਡੀਗੜ੍ਹ ਤੋਂ ਬਟਾਲੇ ਵਾਇਆ ਰੋਪੜ ਆਉਣਾ ਸੀ ਪਰ ਸੀਤਲ-ਮਿਲਾਪ ਦੀ ਤਾਂਘ ਲੁਧਿਆਣੇ ਲੈ ਗਈ। ਜਦੋਂ ਬੱਸ ਅੱਡੇ 'ਤੇ ਪਹੁੰਚਿਆ ਤਾਂ ਮੋਹਲੇਧਾਰ ਬਾਰਿਸ਼ ਵਿਚ ਛੱਤਰੀ ਵਾਲੇ ਰਿਕਸ਼ੇ ਵਿਚ ਬੈਠ ਕੇ, ਠੀਕ ਦੋ ਵਜੇ ਦਾਸ ਸੀਤਲ ਭਵਨ ਲੁਧਿਆਣਾ ਵਿਖੇ ਪਹੁੰਚ ਗਿਆ। ਗੇਟ ਲੰਘ ਕੇ ਕੀ ਵੇਖਿਆ ਕਿ ਇਕ ਵੱਡੇ ਸਾਰੇ ਮਕਾਨ ਦੇ ਇਕ ਹਿੱਸੇ ਵਿਚ ਇਕ ਛੋਟੀ ਜਿਹੀ ਚਾਰਪਾਈ ਤੇ ਬਾਥਰੂਮ ਦੇ ਨਜ਼ਦੀਕ ਬੇ-ਵੱਸੀ ਦੇ ਆਲਿਮ ਵਿਚ ਬੈਠਾ ਹੋਇਆ ਸਿੱਖ ਜਗਤ ਦਾ ਮਹਾਨ ਵਿਦਵਾਨ ਢਾਡੀ ਗਿਆਨੀ ਸੋਹਣ ਸਿੰਘ ਸੀਤਲ। ਜ਼ਿੰਦਗੀ ਦੇ ਉਸ ਆਖਰੀ ਦਿਨ ਉਨ੍ਹਾਂ ਪਹਿਰਾਵੇ ਵਜੋਂ ਚਿੱਟਾ ਕੁੜਤਾ ਪਜ਼ਾਮਾ, ਉੱਪਰ ਲੱਕੜੀ ਦੇ ਮਿਆਨ ਵਾਲੀ ਰਵਾਇਤੀ ਸ੍ਰੀ ਸਾਹਿਬ, ਉੱਪਰ ਦੀ ਚਿੱਟੀ ਪਤਲੀ ਜਿਹੀ ਜੈਕਟ ਤੇ ਸੀਸ 'ਤੇ ਛੋਟੀ ਜਿਹੀ ਪੀਲੇ ਰੰਗ ਦੀ ਕੇਸਕੀ ਸਜਾਈ ਹੋਈ ਸੀ। ਬੜੇ ਅਦਬ ਸਹਿਤ ਦਾਸ ਫ਼ਤਿਹ ਬੁਲਾ ਕੇ ਉਨ੍ਹਾਂ ਦੇ ਕੋਲ ਬੈਠਾ ਹੋਇਆ ਇਹ ਕਹਿ

ਰਿਹਾ ਸੀ, "ਬਾਪੂ ਜੀ! ਤੁਹਾਡਾ ਪਿਛੋਕੜ ਅਤੇ ਢਾਡੀ ਕਲਾ ਬਾਰੇ ਆਉਣਾ ਕਿਵੇਂ ਹੋਇਆ ਹੈ?" ਤਾਂ ਇਕਦਮ ਜਿਵੇਂ ਉਨ੍ਹਾਂ ਦੀ ਸਾਰੀ ਸਰੀਰਕ ਸ਼ਕਤੀ ਉਨ੍ਹਾਂ ਦੀ ਰਸਨਾ 'ਤੇ ਆ ਗਈ ਹੋਵੇ, ਚਿਹਰੇ ਦਾ ਨੂਰ ਵਧਿਆ ਤੇ ਮਿੱਠ-ਬੋਲੀ ਵਿਚ ਕਹਿਣ ਲੱਗੇ, "ਬੇਟਾ! ਮੈਂ ਮਾਪਿਆਂ ਦਾ ਇਕਲੌਤਾ ਬੇਟਾ ਸਾਂ, ਜ਼ਮੀਨ-ਜਾਇਦਾਦ ਚੋਖੀ ਸੀ। ਸ਼ਰੀਕ ਵੈਰੀ ਸਨ। ਉਨ੍ਹਾਂ ਕਈ ਵਾਰ ਮੈਨੂੰ ਮਰਵਾਉਣ ਦੀ ਕੋਸ਼ਿਸ਼ ਕੀਤੀ ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ।"

"ਛੋਟੀ ਉਮਰ ਵਿਚ ਹੀ ਮੈਨੂੰ ਧਾਰਮਿਕ ਕਵਿਤਾਵਾਂ ਪੜ੍ਹਨ ਦਾ ਸ਼ੌਂਕ ਸੀ। ਪੜ੍ਹਾਈ ਵਿਚ ਮੈਂ ਮੈਟ੍ਰਿਕ ਪਾਸ ਕੀਤੀ। ਪਰ ਉਸ ਜ਼ਮਾਨੇ ਵਿਚ ਕੋਈ ਵਿਰਲਾ ਹੀ ਮੈਟ੍ਰਿਕ ਕਰਦਾ ਸੀ। ਭਰ ਜਵਾਨੀ ਦੀ ਉਮਰ ਵਿਚ ਆਪਣੇ ਪਿੰਡ ਦੇ ਤਿੰਨ ਹਾਣੀਆਂ ਨੂੰ ਨਾਲ ਲੈ ਕੇ ਜਥਾ ਬਣਾਇਆ। ਸਾਰੰਗੀ ਅਤੇ ਢੱਡਾਂ ਸਿੱਖਣ ਵਾਸਤੇ ਚਿਰਾਗ਼ਦੀਨ ਮੁਸਲਮਾਨ ਨੂੰ ਉਸਤਾਦ ਧਾਰਿਆ ਅਤੇ ਪਹਿਲਾ ਦੀਵਾਨ ਅਸੀਂ ਕਸੂਰ ਵਿਖੇ ਕੀਤਾ। ਉਸ ਤੋਂ ਬਾਅਦ ਤਰਨਤਾਰਨ ਹਰ ਮੱਸਿਆ 'ਤੇ ਜਾਣਾ। ਸਾਡੇ ਸਮੇਂ ਵਿਚ ਸ. ਸੋਹਣ ਸਿੰਘ ਘੁੱਕੇਵਾਲੀ ਅਤੇ ਸ. ਕਿਸ਼ਨ ਸਿੰਘ ਦੇ ਜਥੇ ਮਸ਼ਹੂਰ ਸਨ। ਪਰ ਮੇਰਾ ਇਤਿਹਾਸ ਕਹਿਣ ਦਾ ਨਿਵੇਕਲਾ ਢੰਗ ਸੰਗਤਾਂ ਨੇ ਬਹੁਤ ਪਸੰਦ ਕੀਤਾ। ਵਾਹਿਗੁਰੂ ਦੀ ਰਹਿਮਤ, ਸਾਜ਼ ਚੁੱਕ ਕੇ ਪਿੰਡੋਂ ਤੁਰਿਆਂ ਨੂੰ ਜਿਹੜੇ ਮਜ਼ਾਕ ਕਰਦੇ ਸਨ ਉਹੀ ਸਾਡੇ ਪ੍ਰਸੰਸਕ ਬਣ ਗਏ। ਇੱਥੋਂ ਤਕ ਕਿ ਸਾਡੇ ਇਲਾਕੇ ਦਾ ਇਕ ਮੰਨਿਆ ਬਦਮਾਸ਼ ਜਿਸ ਨੂੰ ਮੇਰੇ ਸ਼ਰੀਕਾਂ ਨੇ ਮੈਨੂੰ ਮਰਵਾਉਣ ਵਾਸਤੇ ਕਿਹਾ ਸੀ ਉਹ ਮੈਥੋਂ ਮੁਆਫੀ ਮੰਗਣ ਵਾਸਤੇ ਆਇਆ।

ਸੰਗਤਾਂ ਤੋਂ ਮਿਲੀ ਦਾਦ ਨੇ ਮੈਨੂੰ ਹੋਰ ਮਿਹਨਤ ਕਰਨ ਲਈ ਮਜਬੂਰ ਕੀਤਾ। ਮੈਂ ਆਪਣੇ ਕਿੱਤੇ ਵਿਚ ਨਿਪੁੰਨ ਹੋਣ ਲਈ ਆਪਣੇ ਧਰਮ ਦੇ ਇਤਿਹਾਸ ਤੋਂ ਇਲਾਵਾ ਚਾਰੇ ਵੇਦ, ਸ਼ਾਸ਼ਤਰ, ਉਪਨਿਸ਼ਦਾਂ, ਈਸਾਈ ਧਰਮ ਦੀਆਂ ਦੋਵੇਂ ਅੰਜੀਲਾਂ ਅਤੇ ਕੁਰਾਨ ਪੜ੍ਹੀ। ਜਦੋਂ ਮੈਂ ਨਾਵਲ 'ਦੀਵੇ ਦੀ ਲੋਅ' ਲਿਖਿਆ ਤਾਂ ਮੌਲਵੀ ਮੈਨੂੰ ਮਰਵਾ ਦਿੰਦੇ ਜੇ ਕੁਰਾਨ ਦਾ ਅਧਿਐਨ ਨਾ ਕੀਤਾ ਹੁੰਦਾ। ਇਸ ਤੋਂ ਇਲਾਵਾ ਕਾਲੀਦਾਸ ਤੋਂ ਲੈ ਕੇ ਰਵਿੰਦਰ ਨਾਥ ਟੈਗੋਰ ਤਕ ਸ਼ਾਇਦ ਕੋਈ ਹੀ ਹਿੰਦੀ, ਸੰਸਕ੍ਰਿਤ, ਬੰਗਾਲੀ ਦਾ ਲੇਖਕ ਹੋਵੇਗਾ ਜਿਸ ਨੂੰ ਮੈਂ ਨਾ ਪੜ੍ਹਿਆ ਹੋਵੇ।

ਜਦੋਂ ਮੈਂ ਉਨ੍ਹਾਂ ਦੀਆਂ ਲਿਖਤਾਂ ਬਾਰੇ ਗੱਲ ਛੇੜੀ ਤਾਂ ਕਹਿਣ ਲੱਗੇ ਕਿ ਸ਼ੁਰੂ ਤੋਂ ਹੀ ਮੈਨੂੰ ਆਪਣੇ ਲਿਖੇ ਪ੍ਰਸੰਗ ਬੋਲਣ ਦੀ ਆਦਤ ਸੀ। ਫਿਰ ਲੁਧਿਆਣੇ ਆ ਕੇ ਮੈਂ ਰਾਤ ਇਕ ਵਜੇ ਤਕ ਬੈਠ ਕੇ ਲਿਖਦਾ ਰਿਹਾ। ਨਤੀਜੇ ਵਜੋਂ ਮੇਰੇ ਗੋਡੇ ਜੁੜ ਗਏ ਅਤੇ ਦਰਦ ਹੋਣੀ ਸ਼ੁਰੂ ਹੋ ਗਈ। ਹੁਣ ਮੈਂ ਲਿਖਣਾ ਛੱਡ ਦਿੱਤਾ ਹੈ।

'ਸਿੱਖ ਰਾਜ ਕਿਵੇਂ ਗਿਆ' ਮੇਰਾ ਬਹੁਤ ਵਿਕਿਆ। ਪਰ ਬਹੁਤ ਮਿਹਨਤ ਨਾਲ ਲਿਖੇ 'ਸਿੱਖ ਇਤਿਹਾਸ ਦੇ ਸੋਮੇ' ਘੱਟ ਵਿਕੇ। ਪਰ ਮੈਂ ਸੰਤੁਸ਼ਟ ਹਾਂ। ਮੇਰਾ ਲਿਖਿਆ ਨਾਵਲ 'ਜੁੱਗ ਬਦਲ ਗਿਆ' ਭਾਰਤੀ ਸਾਹਿਤ ਅਕੈਡਮੀ ਦਿੱਲੀ ਵੱਲੋਂ ਪੁਰਸਕਾਰ ਵਿਜੇਤਾ ਹੈ। ਇਸ ਤਰ੍ਹਾਂ 'ਧਰਤੀ ਦੇ ਦੇਵਤੇ' ਅਤੇ 'ਤੂਤਾਂ ਵਾਲਾ ਖੂਹ' ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਏ ਜਾਂਦੇ ਰਹੇ। ਬੇਟਾ! ਮੈਂ ਢਾਡੀ ਕਲਾ ਦੇ ਆਸਰੇ ਸਾਰੀ ਦੁਨੀਆਂ ਵੇਖੀ ਹੈ। ਪਰ ਆਪਣੇ ਪੰਜਾਬ ਵਰਗੀ ਧਰਤੀ ਕਿਤੇ ਨਹੀਂ ਲੱਭਣੀ!"

ਜਦੋਂ ਮੈਂ ਮਾਨ-ਸਨਮਾਨਾਂ ਬਾਰੇ ਪੁੱਛਿਆ ਤਾਂ ਸੰਤੁਸ਼ਟ ਭਾਵ ਵਿਚ ਬੋਲੇ ਕਿ ਮੈਂ ਕਦੇ ਕਿਸੇ ਦੀ ਚਾਪਲੂਸੀ ਕਰ ਕੇ ਕੁਝ ਨਹੀਂ ਮੰਗਿਆ। ਜੋ ਮੇਰੀ ਝੋਲੀ ਵਿਚ ਪਿਆ ਇਹ

ਵਾਹਿਗੁਰੂ ਦੀ ਕਿਰਪਾ ਨਾਲ ਅਤੇ ਉਸ ਦੁਆਰਾ ਬਖਸ਼ੇ ਗੁਣਾਂ ਕਰਕੇ ਮਿਲਿਆ ਹੈ। ਕੋਈ ਦੁਖਦਾਈ ਘਟਨਾ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਦੇਸ਼ ਦੀ ਵੰਡ ਮੇਰੇ ਵਾਸਤੇ ਸਭ ਤੋਂ ਦੁਖਦਾਈ ਘਟਨਾ ਸੀ। ਪਾਕਿਸਤਾਨ ਤੋਂ ਇਧਰ ਆ ਕੇ 'ਪੰਜਾਬ ਦਾ ਉਜਾੜਾ' ਪੁਸਤਕ ਲਿਖ ਕੇ ਮੈਂ ਆਪਣੇ ਮਨ ਦਾ ਭਾਰ ਹੌਲਾ ਕੀਤਾ। ਅੰਗਰੇਜ਼ ਚਲੇ ਗਏ, ਗੁਣ ਨਾਲ ਲੈ ਗਏ ਪਰ ਔਗੁਣ ਇਥੇ ਛੱਡ ਗਏ। ਉਸ ਤੋਂ ਬਾਅਦ ਮੈਨੂੰ ਆਪਣੀ ਧਰਮ ਪਤਨੀ ਕਰਤਾਰ ਕੌਰ ਦੇ ਅਤੇ ਸਾਰੰਗੀ ਮਾਸਟਰ ਪੂਰਨ ਸਿੰਘ ਦੇ ਵਿੱਛੜਨ ਦਾ ਬਹੁਤ ਦੁੱਖ ਹੋਇਆ। ਜਦੋਂ ਮੈਂ 'ਸੀਤਲ' ਤਖ਼ੱਲਸ ਬਾਰੇ ਗੱਲ ਕੀਤੀ ਤਾਂ ਕਹਿਣ ਲੱਗੇ ਕਿ ਬਚਪਨ ਤੋਂ ਹੀ ਮੈਂ ਠੰਢੇ ਸੁਭਾਅ ਦਾ ਮਾਲਕ ਸਾਂ ਸੋ ਆਪਣਾ ਤਖ਼ੱਲਸ ਮੈਂ ਆਪ ਹੀ 'ਸੀਤਲ' ਰੱਖ ਲਿਆ। ਗੱਲਬਾਤ ਦੌਰਾਨ ਉਨ੍ਹਾਂ ਨੂੰ ਬਾਰ-ਬਾਰ ਖੰਘ ਆਉਂਦੀ ਰਹੀ ਤੇ ਉਹ ਛਾਤੀ ਵਿਚ ਹਲਕੀ-ਹਲਕੀ ਦਰਦ ਮਹਿਸੂਸ ਕਰਦੇ ਰਹੇ। ਸੋ ਅਚਾਨਕ ਮੈਂ ਉਨ੍ਹਾਂ ਦੀ ਬਿਰਧ ਅਵਸਥਾ ਅਤੇ ਬਿਮਾਰੀ ਦੀ ਹਾਲਤ ਵਿਚ ਇਕੱਲੇ ਰਹਿਣ ਬਾਰੇ ਜ਼ਿਕਰ ਕੀਤਾ ਤਾਂ ਉਹ ਹੱਸ ਕੇ ਕਹਿਣ ਲੱਗੇ, "ਇਹਦਾ ਕਾਰਨ 'ਸੀਤਲ' ਹੀ ਹੈ। ਮੇਰੀ ਅੰਤਿਮ ਇੱਛਾ ਹੈ ਕਿ ਮੇਰਾ ਆਖਰੀ ਸਵਾਸ ਪੰਜਾਬ ਦੀ ਧਰਤੀ 'ਤੇ ਪੂਰਾ ਹੋਵੇ ਪਰ ਮੇਰੇ ਬੇਟੇ ਕੈਨੇਡਾ ਵਿਚ ਹਨ। ਉਨ੍ਹਾਂ ਵਾਸਤੇ ਮੇਰੇ ਕੋਲ ਨਾ ਬੈਠਣਾ ਮਜਬੂਰੀ ਹੈ। ਮੈਂ ਉਥੇ ਨਹੀਂ ਜਾ ਸਕਦਾ। ਵੈਸੇ ਮੈਂ ਆਪਣੇ ਵੱਡੇ ਲੜਕੇ ਨੂੰ ਫੋਨ ਕੀਤਾ ਹੈ, ਉਹ ਜਲਦੀ ਆਉਣ ਵਾਲਾ ਹੈ।

ਜਦੋਂ ਮੈਂ ਆਪਣੇ ਕਵੀਸ਼ਰ ਹੋਣ ਬਾਰੇ ਦੱਸਿਆ ਤਾਂ ਕਹਿਣ ਲੱਗੇ, "ਬੇਟਾ! ਕਲਾ ਕੋਈ ਮਾੜੀ ਨਹੀਂ, ਪਰ ਯਾਦ ਰੱਖੀਂ, ਕਿਸਮਤ ਅਜਾਈਂ ਜਾ ਸਕਦੀ ਹੈ, ਪਰ ਮਿਹਨਤ ਨਹੀਂ। ਮਿਹਨਤ ਕਰਨੀ, ਭਰੋਸਾ ਰੱਖਣਾ! ਉੱਚਾ ਨਾਮ ਪੈਦਾ ਹੋਵੇਗਾ।" ਮੈਂ ਸਵਾਲ ਕੀਤਾ, "ਪਿਤਾ ਜੀ! ਕੁਝ ਲੋਕ ਤੁਹਾਡੀਆਂ ਵਾਰਾਂ ਪਿੱਛੇ ਆਪਣਾ ਨਾਮ ਲਿਖ ਲੈਂਦੇ ਹਨ।" ਤਾਂ ਕਹਿਣ ਲੱਗੇ, "ਇਹਦੇ ਨਾਲ ਮੈਨੂੰ ਕੀ ਫਰਕ ਪੈਂਦਾ ਹੈ? ਪਰ ਝੂਠੀ ਵਡਿਆਈ ਨਾਲ ਆਤਮਾ ਖੁਸ਼ ਨਹੀਂ ਹੁੰਦੀ।"

ਉਨ੍ਹਾਂ ਦਾ ਦਿਲ ਕਰਦਾ ਸੀ ਹੋਰ ਗੱਲਾਂ ਕਰਨ ਨੂੰ ਪਰ ਮੈਨੂੰ ਲੰਮੇ ਪੈਂਡੇ ਦਾ ਫਿਕਰ ਸੀ। ਸੋ ਮੈਂ ਤੁਰਨ ਲੱਗਿਆਂ ਕੁਝ ਕਿਤਾਬਾਂ ਲਈਆਂ। ਪਰ ਇਕ ਕਿਤਾਬ ਉਨ੍ਹਾਂ ਮੇਰੇ ਹੱਥੋਂ ਫੜ ਕੇ ਆਪਣੇ ਸੱਜੇ ਪਾਸੇ ਰੱਖ ਲਈ, ਕਿਉਂਕਿ ਉਨ੍ਹਾਂ ਕੋਲ ਉਹਦੀ ਇਕ ਹੀ ਕਾਪੀ ਸੀ। ਪਰ ਬੜੀ ਤਸੱਲੀ ਨਾਲ ਕਹਿਣ ਲੱਗੇ, "ਇਸ ਕਿਤਾਬ ਦੀ ਨਵੀਂ ਐਡੀਸ਼ਨ ਲਾਹੌਰ ਬੁੱਕ ਵਾਲਿਆਂ ਤੋਂ ਛਪਵਾ ਦੇਵਾਂਗਾ, ਫਿਰ ਆ ਕੇ ਲੈ ਜਾਵੀਂ (ਸ਼ਾਇਦ ਹਾਲੇ ਉਨ੍ਹਾਂ ਨੂੰ ਹੋਰ ਜਿਉਣ ਦੀ ਆਸ ਸੀ)।" ਵਿਦਾ ਹੋਣ ਸਮੇਂ ਮੈਂ ਅਦਬ ਸਹਿਤ ਫਤਿਹ ਬੁਲਾਈ ਤੇ ਉਨ੍ਹਾਂ ਮੰਜੀ ਤੋਂ ਉਠ ਕੇ ਛਾਤੀ ਨਾਲ ਲਾ ਕੇ ਅਸ਼ੀਰਵਾਦ ਦਿੱਤਾ।

ਮੈਂ ਇਕ ਮਹੀਨੇ ਤਕ ਫਿਰ ਆਉਣ ਦਾ ਵਾਅਦਾ ਕਰ ਕੇ ਤੁਰ ਆਇਆ। ਪਰ ਅਗਲੇ ਦਿਨ ੨੩ ਸਤੰਬਰ ਨੂੰ ਕੌਮ ਦਾ ਇਹ ਮਹਾਨ ਢਾਡੀ ਇਸ ਫਾਨੀ ਦੁਨੀਆਂ ਤੋਂ ਕੂਚ ਕਰ ਗਿਆ ਪਰ ਪਿੱਛੇ ਛੱਡ ਗਿਆ ਇਕ ਅਮਿਟ ਯਾਦ ਜੋ ਕਿ ਫਿੱਕੀ ਨਹੀਂ ਪਵੇਗੀ ਸਗੋਂ ਸਮੇਂ ਨਾਲ ਹੋਰ ਵੀ ਨਿੱਖਰਦੀ ਰਹੇਗੀ।

ਸੀਤਲ ਜੀ ਨੂੰ ਯਾਦ ਕਰਦਿਆਂ

ਸੌ ਸਾਲ ਪਹਿਲਾਂ ਇਸ ਜਗਤ ਅੰਦਰ, ਪੈਦਾ ਕਲਮ ਦਾ ਨੇਕ ਅਵਤਾਰ ਹੋਇਆ।

ਦੁਨੀਆਂ ਜਾਣਦੀ ਉਸ ਦੇ ਉਪਕਾਰ ਤਾਈਂ, ਸੀਤਲ ਨਾਮ ਮਸ਼ਹੂਰ ਸੰਸਾਰ ਹੋਇਆ।
ਜਿਹਦੇ 'ਕਰਮ' ਤੇ ਕਿਰਪਾ ਕਰਤਾਰ ਦੀ ਸੀ, ਰੁਸਤ ਸਾਹਿਤ ਦਾ ਸ਼ਾਹ ਅਸਵਾਰ ਹੋਇਆ।
ਸੱਚੀ ਗੱਲ ਹੈ ਉਹਦੇ ਜਿਹਾ 'ਕਰਮਯੋਗੀ', ਨਾ ਕੋਈ ਸ਼ਾਇਰ, ਢਾਡੀ, ਨਾਵਲਕਾਰ ਹੋਇਆ।
ਕਰਦਾ ਜਦੋਂ ਵਖਿਆਨ ਇਤਿਹਾਸ ਉੱਤੇ, ਮੁਖੋਂ ਫੁੱਲ ਗਿਆਨ ਦੇ ਬਰਸਦੇ ਸੀ।
ਦੇਂਦਾ ਘੋਲ ਸੁਗੰਧੀਆਂ ਫਿਜ਼ਾ ਅੰਦਰ, ਲੋਕੀਂ ਉਸ ਦੇ ਬੋਲਾਂ ਨੂੰ ਤਰਸਦੇ ਸੀ।
ਚਿਹਰਾ ਦਰਸ਼ਨੀ ਸੁਹਣੀ ਦਸਤਾਰ ਸਿਰ 'ਤੇ, ਮੋਂਹਦਾ ਦਿਲਾਂ ਨੂੰ ਮਰਦ ਜਵਾਨ ਸੀ ਉਹ।
ਲੱਗਾ ਦਾਗ਼ ਨਾ ਜਿਹਦੀ ਪੁਸ਼ਾਕ ਉੱਤੇ, ਉੱਚਾ ਨੇਕ-ਇਖਲਾਕ ਇਨਸਾਨ ਸੀ ਉਹ।
ਅੱਠੇ ਪਹਿਰ ਹਲੀਮੀ ਦੀ ਕਰੇ ਪੂਜਾ, ਸਿਦਕੀ ਸਿੱਖ ਪੂਰਾ, ਧੀਰਜਵਾਨ ਸੀ ਉਹ।
ਸੱਚੀ ਗੱਲ ਸਟੇਜ 'ਤੇ ਕਹਿਣ ਵਾਲਾ, ਵਕਤਾ ਦਰਸ਼ਨੀ, ਖੋਜੀ ਵਿਦਵਾਨ ਸੀ ਉਹ।
ਸ਼ੁਕਰ ਰੱਬ ਦਾ, ਅੱਜ ਜੇ ਕੌਮ ਮੇਰੀ, ਉਹਦੇ ਜਨਮ ਦੀ ਯਾਦ ਮਨਾਉਣ ਲੱਗੀ।
'ਭਾਗੋਵਾਲੀਆ' ਸਾਹਿਤ ਇਤਿਹਾਸ ਅੰਦਰ, ਪਿਰਤ ਨਵੀਂ ਨਿਵੇਕਲੀ ਪਾਉਣ ਲੱਗੀ।

ਗਿਆਨੀ ਸੋਹਣ ਸਿੰਘ ਸੀਤਲ ਦੀ ਇਤਿਹਾਸਕਾਰੀ (ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ਦੇ ਸੰਦਰਭ ਵਿਚ)

-ਪ੍ਰੋ. ਬਲਵਿੰਦਰ ਸਿੰਘ 'ਜੌੜਾ ਸਿੰਘਾ'

ਗਿਆਨੀ ਸੋਹਣ ਸਿੰਘ ਸੀਤਲ ਪੰਜਾਬ ਅਤੇ ਪੰਜਾਬੀਅਤ ਦੇ ਅਲੰਬਰਦਾਰ ਕਹਾਉਣ ਵਾਲੇ ਵਿਦਵਾਨਾਂ, ਇਤਿਹਾਸਕਾਰਾਂ, ਢਾਡੀਆਂ , ਵਾਰਕਾਰਾਂ, ਨਾਵਲਕਾਰਾਂ, ਕਵੀਆਂ ਆਦਿ ਵਿਚ ਸਤਿਕਾਰਯੋਗ ਸਥਾਨ ਪ੍ਰਾਪਤ ਸ਼ਖ਼ਸੀਅਤ ਸਨ। ਉਨ੍ਹਾਂ ਦੀ ਦੇਣ ਬਹੁਪੱਖੀ ਹੈ ਪਰ ਮੂਲ ਵਿਚ ਉਹ ਸਿੱਖ ਇਤਿਹਾਸ ਨੂੰ ਲਿਖ ਕੇ ਗਾਉਣ ਵਾਲੇ ਅਤੇ ਗਵਾਉਣ ਵਾਲੇ ਢਾਡੀ ਸਨ।

ਗਿਆਨੀ ਸੋਹਣ ਸਿੰਘ ਸੀਤਲ ਨੇ ਸਾਹਿਤ ਦੀਆਂ ਬਹੁਤ ਸਾਰੀਆਂ ਵੰਨਗੀਆਂ ਉੱਤੇ ਕੰਮ ਕੀਤਾ। ਜਦੋਂ ਉਨ੍ਹਾਂ ਦੇ ਸਾਹਿਤਕ ਸਫ਼ਰ ਵੱਲ ਝਾਤ ਮਾਰੀ ਜਾਂਦੀ ਹੈ ਤਾਂ ਵਿਅਕਤੀ ਇਕ ਵੇਰ ਤਾਂ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਇਕ ਹੀ ਵਿਅਕਤੀ ਇਤਿਹਾਸਕਾਰ ਵੀ ਹੈ, ਨਾਵਲਕਾਰ ਵੀ ਹੈ, ਇਕਾਂਗੀਕਾਰ ਵੀ ਹੈ, ਵਾਰਕਾਰ ਵੀ, ਕਿੱਸਾਕਾਰ, ਢਾਡੀ ਵੀ ਹੈ। ਇਸ ਲੇਖ ਵਿਚ ਗਿਆਨੀ ਸੋਹਣ ਸਿੰਘ ਸੀਤਲ ਦੀ ਇਤਿਹਾਸਕਾਰੀ ਅਤੇ ਇਸ ਅਨੁਸਾਸ਼ਨ ਅਧੀਨ ਉਨ੍ਹਾਂ ਦੀ ਪੁਸਤਕ ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ਬਾਰੇ ਕੁਝ ਸਮਝਣ ਦਾ ਜਤਨ ਕੀਤਾ ਜਾਣਾ ਹੈ।

ਇਤਿਹਾਸ ਕੀ ਹੈ ਬਾਰੇ ਸੰਸਾਰ-ਪ੍ਰਸਿੱਧ ਇਤਿਹਾਸਕਾਰ ਤੇ ਵਿਦਵਾਨ ਈ. ਐਚ. ਕਾਰ ਲਿਖਦਾ ਹੈ ਕਿ ਇਤਿਹਾਸ ਨਿਰਣਾਇਕ ਤੱਥਾਂ ਦਾ ਸੰਗ੍ਰਹਿ ਹੈ ਜੋ ਇਤਿਹਾਸ ਨੂੰ ਦਸਤਾਵੇਜ਼ਾਂ ਜਾਂ ਲਿਖਤਾਂ, ਸ਼ਿਲਾਲੇਖਾਂ ਆਦਿ ਦੇ ਰੂਪ ਵਿਚ ਉਪਲਬਧ ਹਨ ਜਿਵੇਂ ਮੱਛੀ ਵੇਚਣ ਵਾਲੇ ਦੀ ਸਿਲ ਜਾਂ ਮੋਛੇ ਉੱਤੇ ਪਈ ਮੱਛੀ, ਇਤਿਹਾਸਕਾਰ ਉਸ ਨੂੰ ਇਕੱਠਿਆ ਕਰਦਾ ਹੈ ਅਤੇ ਘਰ ਲੈ ਜਾ ਕੇ ਮਨਭਾਉਂਦੇ ਢੰਗ ਨਾਲ ਪਕਾਉਂਦਾ ਹੈ ਅਤੇ ਵਰਤਾਉਂਦਾ ਹੈ।[੧] ਪ੍ਰੋ: ਕਾਰ ਅੱਗੇ ਲਿਖਦੇ ਹਨ ਕਿ ਇਤਿਹਾਸਕ ਤੱਥ ਕੇਵਲ ਉਹ ਹਨ ਜੋ ਇਤਿਹਾਸਕਾਰ ਪਰਖ, ਨਿਰੀਖਣ ਜਾਂ ਪੜਤਾਲ ਲਈ ਛਾਂਟਦਾ ਹੈ। ਇਤਿਹਾਸਕ ਤੱਥਾਂ ਨੂੰ ਵੇਖਣਾ ਤੇ ਕਹਾਣੀ ਬਿਆਨ ਕਰਨਾ ਹੈ।[੨] ਇਤਿਹਾਸ ਸੰਬੰਧੀ ਈ. ਐਚ. ਕਾਰ ਹੋਰ ਲਿਖਦੇ ਹਨ ਕਿ ਇਤਿਹਾਸ ਸਮੁੱਚੇ ਰੂਪ ਵਿਚ ਉਨ੍ਹਾਂ ਤੱਥਾਂ ਦਾ ਸੁਰੱਖਿਅਤ ਵੇਰਵਾ ਹੈ ਜੋ ਕਾਰਜ ਲੋਕਾਂ ਦੁਆਰਾ ਕੀਤੇ ਗਏ ਅਤੇ ਅਜਿਹਾ ਅਮਲਨਾਮਾ ਨਹੀਂ ਜੋ ਉਹ ਕਰਨ ਵਿਚ ਅਸਫਲ ਰਹੇ। ਇਸ ਹੱਦ ਤਕ ਇਤਿਹਾਸ ਅਵੱਸ਼ ਹੀ ਇਕ ਸਫਲ ਕਹਾਣੀ ਹੈ ਇਤਿਹਾਸਕਾਰ ਤੱਥ ਤੇ ਤਰਜਮਾਨੀ ਅਤੇ ਤੱਥ ਤੇ ਮਹੱਤਵ ਵਿਚਕਾਰ ਸੰਤੁਲਨ ਹੈ ਉਹ ਇਨ੍ਹਾਂ ਨੂੰ ਵੱਖਰਾ ਨਹੀਂ ਕਰ ਸਕਦਾ।[੩] ਨਤੀਜੇ ਵਜੋਂ ਇਤਿਹਾਸ ਇਕ ਤਬਦੀਲੀ ਆ ਗਈ ਹੈ ਕਿ ਪੁਰਾਣੀ ਤਰਜ ਤੇ ਸ਼ਬਦ ਵਿਚ ਨੁਕਸ ਨਾ ਕੱਢਿਆ ਜਾਵੇ ਤਾਂ ਇਹ ਵਿਕਾਸ ਜਾਂ ਉੱਨਤੀ ਦਾ ਨਾਮ ਹੈ।[੪] ਪ੍ਰਸਿੱਧ ਇਤਿਹਾਸਕਾਰ ਟਾਇਨਬੀ ਅਨੁਸਾਰ ਮਨੁੱਖੀ ਇਤਿਹਾਸ ਦਾ ਧੁਰਾ ਸਿਰਜਨਾਤਮਕ ਵਿਅਕਤੀਆਂ ਉੱਤੇ ਨਿਰਭਰ ਹੈ।[੫]

ਸਿੱਖ ਧਰਮ ਸੰਸਾਰ ਅਨਿਆਂ ਤੇ ਜ਼ੁਲਮ ਵਿਰੁੱਧ ਆਵਾਜ਼ ਉਠਾਉਂਦਿਆਂ, ਦਯਾ,

ਧਰਮ, ਹੱਕ-ਸੱਚ, ਦੀ ਸਥਾਪਤੀ ਕਰਨ ਦੇ ਉਦੇਸ਼ ਵਿਚੋਂ ਪੈਦਾ ਹੋਇਆ ਸੀ। ਉਦੇਸ਼ ਦੀ ਪ੍ਰਾਪਤੀ ਲਈ ਇਕ ਸ਼ਕਤੀ ਦੀ ਲੋੜ ਸੀ ਜੋ ਧਰਮੀ ਹੋਵੇ। ਧਰਮ ਦੀ ਸ਼ਕਤੀ ਦਾ ਸੋਮਾ ਅਕਾਲ ਪੁਰਖ ਹੈ, ਇਸ ਲਈ ਅਕਾਲ ਪੁਰਖ ਜੀ ਤੋਂ ਸ਼ਕਤੀ ਲੈ ਕੇ ਸਿੱਖ ਧਰਮ ਦੇ ਸੰਸਥਾਪਕ ਗੁਰੂ ਸਾਹਿਬਾਨਾਂ ਅਤੇ ਧਰਮ ਨੂੰ ਮੰਨਣ ਵਾਲਿਆਂ ਨੇ ਨਰੋਈਆਂ ਕਦਰਾਂ-ਕੀਮਤਾਂ ਬਣਾਈਆਂ, ਘਾਲਣਾਵਾਂ ਘਾਲੀਆਂ, ਕੁਰਬਾਨੀਆਂ ਦਿੱਤੀਆਂ ਜੋ ਇਕ ਇਤਿਹਾਸ ਬਣ ਗਈਆਂ। ਇਹ ਇਤਿਹਾਸ ਬਣ ਕੇ ਸਿਰਜਨਾਤਮਿਕ ਸ਼ਕਤੀਆਂ ਹੋਣ ਕਰਕੇ ਪ੍ਰੇਰਨਾ-ਸ੍ਰੋਤ ਬਣ ਗਈਆਂ। ਸਿੱਖ ਇਤਿਹਾਸ ਬਾਰੇ ਜਦੋਂ ਅਸੀਂ ਸਮਝਣ ਦਾ ਜਤਨ ਕਰਦੇ ਹਾਂ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਪਹਿਲਾਂ ਇਤਿਹਾਸ ਆਖੀ ਦੇ ਰੂਪ ਵਿਚ ਸੀ ਤੇ ਫਿਰ ਇਹ ਸਾਖੀ ਬਣਿਆ। ਗੁਣਵਾਨ ਲੇਖਕਾਂ ਨੇ ਰੌਚਕਤਾ ਭਰ ਕੇ ਇਸ ਨੂੰ ਬਿਲਾਸ ਦਾ ਰੂਪ ਦਿੱਤਾ ਤੇ ਫਿਰ ਪ੍ਰਕਾਸ਼ ਦੇ ਰੂਪ ਵਿਚ ਸਾਡੇ ਹੱਥ ਆਇਆ। ਵੱਖ-ਵੱਖ ਸਮੇਂ ਵਿਦਵਾਨਾਂ ਤੇ ਇਤਿਹਾਸਕਾਰਾਂ ਨੇ ਸਿੱਖ ਇਤਿਹਾਸ ਨੂੰ ਲਿਖਣ ਦਾ ਜਤਨ ਕੀਤਾ ਅਤੇ ਉਹ ਆਪੋ ਆਪਣੀ ਸਮਝ ਅਨੁਸਾਰ ਸਫ਼ਲ ਵੀ ਹੋਏ।

ਸਿੱਖ ਇਤਿਹਾਸ ਬਾਰੇ ਲਿਖਣ ਵਾਲਿਆਂ ਵਿਚ ਗਿਆਨੀ ਸੋਹਣ ਸਿੰਘ ਸੀਤਲ ਦਾ ਨਾਂ ਪ੍ਰਮੁੱਖ ਹੈ। ਉਨ੍ਹਾਂ ਨੇ ਬਹੁਤ ਸਾਰੇ ਇਤਿਹਾਸ ਦੀ ਰਚਨਾ ਕੀਤੀ। ਉਨ੍ਹਾਂ ਦਾ ਕਾਰਜ ਮਿਹਨਤ ਵਾਲਾ ਤੇ ਸ੍ਰੋਤ ਅਧਾਰਿਤ ਹੈ। ਸਿੱਖ ਇਤਿਹਾਸ ਬਾਰੇ ਮਿਹਨਤ ਨਾਲ ਲਿਖਣ ਸੰਬੰਧੀ ਸੀਤਲ ਜੀ ਨੇ ਇਕ ਘਟਨਾ ਦਾ ਜ਼ਿਕਰ ਕੀਤਾ ਹੈ ਕਿ ਬਾਬਾ ਫਤਿਹ ਸਿੰਘ ਮਾਂਗਾ ਗੁਰਬਾਣੀ ਦੇ ਵਿਦਵਾਨ ਬਜ਼ੁਰਗ ਸਨ। ਆਪ ਨੇ ਇਕ ਵਾਰ ਇਕ ਢਾਡੀ ਦੇ ਗਿਆਨ ਸੰਬੰਧੀ ਇਕ ਵਿਅੰਗ ਕੱਸਦਿਆਂ ਕਿਹਾ ਕਿ ਅੱਠਾਂ ਆਨਿਆਂ ਦੀਆਂ ਲੈ ਲੈਣੀਆਂ ਢੱਡਾਂ ਤੇ ਟਾਹਲੀ ਦਾ ਮੋਛਾ ਲਾ ਲੈਣਾ ਮੋਢੇ ਨਾਲ ਤੇ ਸ਼ੁਰੂ ਕਰ ਦੇਣਾ, 'ਅੰਨ੍ਹੇਵਾਹ, ਉਹ ਦਿਲਬਰਾ ਵਾਸਤਾ ਈ।[੬]

ਇਸ ਵਿਅੰਗ ਨੇ ਸੀਤਲ ਜੀ ਦੇ ਮਨ ਵਿਚ ਪਹਿਲਾਂ ਗੁੱਸਾ ਲਿਆਂਦਾ। ਉਹ ਦੱਸਦੇ ਹਨ ਕਿ ਦੋ-ਚਾਰ ਦਿਨਾਂ ਬਾਅਦ ਉਹ ਗੁੱਸਾ ਮੱਠਾ ਹੋਇਆ, ਤਾਂ ਮੈਂ ਨਵੇਂ ਪੱਖ ਤੋਂ ਸੋਚਣਾ ਸ਼ੁਰੂ ਕੀਤਾ। ਭਾਈ ਬਾਬੇ ਨੇ ਗੱਲ ਤਾਂ ਠੀਕ ਹੀ ਕੀਤੀ ਸੀ ਨਾਂ! ਆਖਰ ਬਹੁਤੇ ਢਾਡੀ ਗੁਰਬਾਣੀ ਜਾਂ ਇਤਿਹਾਸ ਬਾਰੇ ਕਿੰਨਾ ਕੁ ਜਾਣਦੇ ਹਨ ਤੇ ਮੈਂ ਵੀ ਅਜੇ ਕਿੰਨਾ ਕੁ ਜਾਣਦਾ ਹਾਂ! ਏਹਾ ਗੱਲ ਨਾ, ਜਿੱਥੇ ਰੁੱਖ ਨਹੀਂ, ਉਥੇ ਘਰਿੰਡ ਪ੍ਰਧਾਨ! ਏਨੇ ਨਾਲ ਨਹੀਂ ਸਰਨਾ। ਸਿੱਖ ਇਤਿਹਾਸ ਬਾਰੇ ਮਿਹਨਤ ਕਰਨੀ ਚਾਹੀਦੀ ਹੈ। ਮੈਂ ਮਨ ਬਣਾ ਲਿਆ, ਕਿ ਮੈਂ ਸਿੱਖ ਇਤਿਹਾਸ ਬਾਰੇ ਲਿਖਾਂਗਾ।[੭] ਸਿੱਖ ਇਤਿਹਾਸ ਬਾਰੇ ਲਿਖਣ ਦੇ ਸੰਕਲਪ ਨੂੰ ਲੈ ਕੇ ਉਨ੍ਹਾਂ ਨੇ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਬਹੁਤ ਸਾਰੀਆਂ ਕਿਤਾਬਾਂ ਤੇ ਦਸਤਾਵੇਜ਼ਾਂ ਨੂੰ ਪੜ੍ਹਿਆ। ਨਾਲ ਦੀ ਨਾਲ ਉਹ ਕੁਝ ਜ਼ਰੂਰੀ ਗੱਲਾਂ ਦੇ ਉਤਾਰੇ ਕਰ ਲੈਂਦੇ ਸਨ। ਇਸ ਤੋਂ ਇਲਾਵਾ ਉਹ ਜਿਸ ਵੀ ਪੁਸਤਕ ਨੂੰ ਪੜ੍ਹਦੇ ਹੇਠਾਂ ਦਿੱਤੇ ਫੁਟ-ਨੋਟਾਂ ਵਿਚ ਮਿਲਦੇ ਹਵਾਲਿਆਂ ਵਾਲੀਆਂ ਪੁਸਤਕਾਂ ਦੇ ਨਾਮ ਆਦਿ ਨੋਟ ਕਰ ਲੈਂਦੇ। ਇਸ ਤਰ੍ਹਾਂ ਉਨ੍ਹਾਂ ਪਾਸ ਇਤਿਹਾਸ ਦੀ ਇਕ ਲੰਮੀ ਸੂਚੀ ਬਣ ਗਈ। ਉਨ੍ਹਾਂ ਨੂੰ ਇਹ ਗਿਆਨ ਹੋ ਗਿਆ ਕਿ ਸਿੱਖ ਇਤਿਹਾਸ ਬਾਰੇ ਕਿਹੜੀ-ਕਿਹੜੀ ਪੁਸਤਕ ਵਿੱਚੋਂ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ। ਇਸ ਤਰ੍ਹਾਂ ਉਨ੍ਹਾਂ ਨੇ ਕਈ ਥਾਵਾਂ ਤੋਂ ਪੁਸਤਕਾਂ ਪ੍ਰਾਪਤ ਕੀਤੀਆਂ। ਇਨ੍ਹਾਂ ਪੁਸਤਕਾਂ ਦੀ ਪ੍ਰਾਪਤੀ ਬਾਰੇ ਉਹ ਇਕ ਥਾਂ ਲਿਖਦੇ ਹਨ

ਕਿ 'ਮੇਰਾ ਤਜਰਬਾ ਹੈ ਕਿ ਲਗਨ ਹੋਵੇ, ਤਾਂ ਆਦਮੀ ਬਹੁਤ ਕੁਝ ਪ੍ਰਾਪਤ ਕਰ ਸਕਦਾ ਹੈ। ਲਾਹੌਰ ਅਨਾਰਕਲੀ ਦੇ ਪਿਛਲੇ ਪਾਸੇ ਮੋੜ ਉੱਤੇ ਇਕ ਕਿਤਾਬਾਂ ਦੀ ਦੁਕਾਨ ਹੁੰਦੀ ਸੀ, 'ਰਾਮਾ, ਕ੍ਰਿਸ਼ਨਾ'। ਜਦ ਮੈਂ ਲਾਹੌਰ ਜਾਣਾ, ਉਸ ਦੁਕਾਨ 'ਤੇ ਜ਼ਰੂਰ ਚੱਕਰ ਮਾਰਨਾ। ਇਕ ਵਾਰ ਉਥੋਂ ਮੈਨੂੰ ਤਿੰਨ ਕਿਤਾਬਾਂ ਮਿਲੀਆਂ ਜੋ ਮੇਰੇ ਵਾਸਤੇ ਬੜੀਆਂ ਕੀਮਤੀ ਸਨ। ਇਕ ਦੇ ਉਸ ਨੇ ਚਾਲੀ ਰੁਪੈ ਮੰਗੇ ਤੇ ਦੂਜੀਆਂ ਦੇ ਪੰਦਰਾਂ-ਪੰਦਰਾਂ। ਉਸ ਸਮੇਂ ਮੇਰੀ ਜੇਬ ਵਿਚ ਚਾਲੀ ਰੁਪੈ ਤੇ ਕੁਝ ਭਾਨ ਸੀ। ਸੋ ਮੈਂ ਪਹਿਲੀ ਖਰੀਦ ਲਈ।[੮] ਇਸ ਤੋਂ ਪਤਾ ਲੱਗਦਾ ਹੈ ਕਿ ਸ. ਸੋਹਣ ਸਿੰਘ ਸੀਤਲ ਜੀ ਵਿਚ ਸਿੱਖ ਇਤਿਹਾਸ ਬਾਰੇ ਕਿੰਨੀ ਪ੍ਰਬਲ ਲਗਨ ਸੀ! ਉਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਬੈਠ ਕੇ ਜਾਂ ਘਰ ਲਿਜਾ ਕੇ ਪੜ੍ਹੀਆਂ। ਇਸ ਤਰ੍ਹਾਂ ਇਤਿਹਾਸਕ ਮਸਾਲਾ ਇਕੱਤਰ ਕਰ ਕੇ ੧੫ ਅਪ੍ਰੈਲ ੧੯੪੪ ਈ ਨੂੰ ਪਹਿਲੀ ਇਤਿਹਾਸਕ ਪੁਸਤਕ 'ਸਿੱਖ ਰਾਜ ਕਿਵੇਂ ਗਿਆ' ਲਿਖੀ। ਇਸ ਤੋਂ ਬਾਅਦ ਮਿਲੇ ਹੌਂਸਲੇ ਨਾਲ ਸੀਤਲ ਜੀ ਨੇ ਪਾਠਕਾਂ ਨੂੰ ਬਾਰਾਂ ਪੁਸਤਕਾਂ ਇਤਿਹਾਸ ਦੀਆਂ ਦਿੱਤੀਆਂ। ਨੌਂ ਪੁਸਤਕਾਂ ਜਗਿਆਸੂ ਪਾਠਕਾਂ ਲਈ ਸਨ ਅਤੇ ਤਿੰਨ ਪੁਸਤਕਾਂ ਬੱਚਿਆਂ ਲਈ ਸਨ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

੧. ਸਿੱਖ ਰਾਜ ਕਿਵੇਂ ਗਿਆ?	–	ਜੂਨ ੧੯੪੪
੨. ਦੁਖੀਏ ਮਾਂ-ਪੁੱਤ	–	ਜੂਨ ੧੯੪੬
੩. ਬੰਦਾ ਸਿੰਘ ਸ਼ਹੀਦ	–	ਦਸੰਬਰ ੧੯੪੬
੪. ਸਿੱਖ ਰਾਜ ਕਿਵੇਂ ਬਣਿਆ?	–	ਮਾਰਚ ੧੯੫੦
੫. ਸਿੱਖ ਰਾਜ ਤੇ ਸ਼ੇਰੇ ਪੰਜਾਬ	–	ਨਵੰਬਰ ੧੯੫੦
੬. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ	–	ਸਤੰਬਰ ੧੯੫੨
੭. ਮਨੁੱਖਤਾ ਦੇ ਗੁਰੂ-ਗੁਰੂ ਗੋਬਿੰਦ ਸਿੰਘ	–	ਦਸੰਬਰ ੧੯੬੬
੮. ਮਨੁੱਖਤਾ ਦੇ ਗੁਰੂ-ਗੁਰੂ ਨਾਨਕ ਦੇਵ ਜੀ	–	ਨਵੰਬਰ ੧੯੬੭
੯. ਮਨੁੱਖਤਾ ਦੇ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤਕ	–	ਮਈ ੧੯੭੧

ਬੱਚਿਆਂ ਲਈ:

੧. ਧਰਮ ਦਾ ਰਾਖਾ ਗੁਰੂ ਤੇਗ ਬਹਾਦਰ	–	ਅਕਤੂਬਰ ੧੯੭੫
੨. ਬਾਬਾ ਨਾਨਕ	–	ਦਸੰਬਰ ੧੯੭੫
੩. ਸਿੱਖ ਸ਼ਹੀਦ ਤੇ ਯੋਧੇ	–	ਜਨਵਰੀ ੧੯੭੬

ਸਿੱਖ ਇਤਿਹਾਸ ਨਾਲ ਸੰਬੰਧਿਤ ਮਹੱਤਵਪੂਰਨ ਤੇ ਖੋਜ ਭਰਪੂਰ ਕਾਰਜ ਜੋ ਸੀਤਲ ਜੀ ਨੇ ਕੀਤਾ ਉਹ ਹੈ **ਸਿੱਖ ਇਤਿਹਾਸ ਦੇ ਸੋਮੇ**। ਇਹ ਪੰਜ ਜਿਲਦਾਂ ਵਿਚ ਹੈ। ਸਿੱਖ ਇਤਿਹਾਸ ਦੇ ਸੋਮਿਆਂ ਦੇ ਮੂਲੰਕਣ ਸੰਬੰਧੀ ਗਿਆਨੀ ਸੋਹਣ ਸਿੰਘ ਜੀ ਸੀਤਲ ਲਿਖਦੇ ਹਨ ਕਿ 'ਇਕ ਦਿਨ ਮੇਰੇ ਮਨ ਵਿਚ ਖਿਆਲ ਆਇਆ ਕਿ ਇਨ੍ਹਾਂ ਇਤਿਹਾਸਾਂ ਬਾਰੇ ਖੋਜ ਕਰਨੀ ਚਾਹੀਦੀ ਹੈ। ਸਿੱਖੀ ਦੇ ਖਿਲਾਫ਼ ਜੋ ਅਸਰ ਪਾਉਣ ਦਾ ਕੋਝਾ ਜਤਨ ਕੀਤਾ ਗਿਆ ਉਸ ਉੱਤੇ ਚਾਨਣਾ ਪਾਉਣਾ ਚਾਹੀਦਾ ਹੈ। ਮੈਂ ਮਨ ਬਣਾਇਆ ਕਿ ਸ੍ਰੀ ਗੁਰ ਸੋਭਾ ਤੋਂ ਲੈ ਕੇ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਤਕ ਖੋਜ ਕੀਤੀ ਜਾਵੇ। ਇਨ੍ਹਾਂ ਇਤਿਹਾਸਾਂ ਦੀ ਬੋਲੀ ਕਾਫੀ ਔਖੀ (ਬ੍ਰਿਜ

ਭਾਸ਼ਾ) ਹੈ, ਜੋ ਆਮ ਪਾਠਕ ਦੀ ਸਮਝ ਤੋਂ ਬਾਹਰ ਹੈ।[੯]

ਇਸ ਤਰ੍ਹਾਂ ਸੀਤਲ ਜੀ ਨੇ **ਸਿੱਖ ਇਤਿਹਾਸ ਦੇ ਸੋਮੇ** ਭਾਗ ਪਹਿਲਾ ਜਿਸ ਵਿਚ ਸ੍ਰੀ ਗੁਰ ਸੋਭਾ, ਗੁਰ ਬਿਲਾਸ-ਕੋਇਰ ਸਿੰਘ, ਗੁਰ ਬਿਲਾਸ-ਸੁੱਖਾ ਸਿੰਘ ਨੂੰ ਅਕਤੂਬਰ ੧੯੮੧ ਨੂੰ ਛਾਪਿਆ। ਦੂਜਾ ਭਾਗ ਜੋ ਅਗਸਤ ੧੯੮੨ ਵਿਚ ਛਪਿਆ ਸੀ, ਵਿਚ ਭਾਈ ਸਰੂਪ ਦਾਸ ਭੱਲਾ ਦਾ ਗੁਰੂ ਨਾਨਕ ਮਹਿਮਾ ਪ੍ਰਕਾਸ਼, ਸੇਵਾਦਾਸ ਉਦਾਸੀ ਦੀਆਂ ਪਰਚੀਆਂ ਅਤੇ ਗੁਰ ਪ੍ਰਣਾਲੀਆਂ ਸ਼ਾਮਿਲ ਸਨ।

ਤੀਜੇ ਭਾਗ ਵਿਚ ਕਵੀ ਸੰਤੋਖ ਸਿੰਘ ਦਾ ਗੁਰੂ ਨਾਨਕ ਪ੍ਰਕਾਸ਼ ਹੈ ਜੋ ਅਗਸਤ ੧੯੮੨ ਵਿਚ ਛਪਿਆ। ਚੋਥੇ ਭਾਗ ਵਿਚ ਗੁਰਪ੍ਰਤਾਪ ਸੂਰਜ ਕਰਤਾ ਸੰਤੋਖ ਸਿੰਘ ਦੀਆਂ ਪਹਿਲਾਂ ਦਸ ਰਾਸਾਂ ਹਨ ਜੋ ਨਵੰਬਰ ੧੯੮੩ ਵਿਚ ਛਪਿਆ ਅਤੇ ਪੰਜਵਾਂ ਭਾਗ ਜਨਵਰੀ ੧੯੮੪ ਵਿਚ ਛਪਿਆ ਇਸ ਵਿਚ ਬਾਕੀ ਗੁਰਪ੍ਰਤਾਪ ਸੂਰਜ ਗ੍ਰੰਥ ਹੈ। ਉਪਰੋਕਤ ਇਤਿਹਾਸਕ ਰਚਨਾਵਾਂ ਰਾਹੀਂ ਗਿਆਨੀ ਸੋਹਣ ਸਿੰਘ ਜੀ ਸੀਤਲ ਨੇ ਬਹੁਮੁੱਲੀ ਸੇਵਾ ਕੀਤੀ ਹੈ। ਸਿੱਖ ਇਤਿਹਾਸ ਦੀ ਲਗਨ ਬਾਰੇ ਇਕ ਥਾਂ ਉਹ ਲਿਖਦੇ ਹਨ, "ਮੇਰੇ ਪਾਠਕ ਅੱਜਕੱਲ੍ਹ ਮੇਰੇ ਉੱਤੇ ਸਵਾਲ ਕਰਦੇ ਹਨ ਕਿ ਮੈਂ ਨਾਵਲ ਲਿਖਣੇ ਛੱਡ ਕੇ ਕਿਹੜੇ ਪਾਸੇ ਪੈ ਗਿਆ ਹਾਂ। ਇਸ ਦਾ ਜਵਾਬ ਹੈ, ਮੇਰਾ ਸਿੱਖ ਇਤਿਹਾਸ ਨਾਲ ਦਿਲੀ ਪਿਆਰ ਤੇ ਸੱਚੀ ਲਗਨ ਹੈ। ਇਹ ਨਾਵਲ ਲਿਖਣ ਵਾਲੇ ਬਹੁਤ ਸਾਰੇ ਸੁਲਝੇ ਹੋਏ ਲੇਖਕ ਹਨ, ਪਰ ਇਹ ਅਲੂਣੀ ਸਿਲ ਚੱਟਣ ਵਾਸਤੇ ਸ਼ਾਇਦ ਹੋਰ ਕੋਈ ਤਿਆਰ ਨਾ ਹੁੰਦਾ। ਮੈਂ ਇਸ ਵਾਸਤੇ ਉਦਮ ਕੀਤਾ।[੧੦] ਇਤਿਹਾਸ ਤੇ ਸਾਹਿਤ ਦੀ ਮਹੱਤਤਾ ਤੇ ਵੱਖਰਤਾ ਦੀ ਗੱਲ ਕਰਦਿਆਂ ਸੀਤਲ ਜੀ ਇਕ ਥਾਂ ਲਿਖਦੇ ਹਨ ਕਿ ਕੀ ਇਤਿਹਾਸ ਵੀ ਸਾਹਿਤ ਦਾ ਅੰਗ ਹੈ, ਜਾਂ ਨਹੀਂ। ਇਹ ਇਕ ਅਹਿਮ ਸਵਾਲ ਹੈ। ਮੇਰੀ ਰਾਏ ਹੈ, ਕਿ ਇਤਿਹਾਸ ਵੀ ਸਾਹਿਤ ਦਾ ਇਕ ਜ਼ਰੂਰੀ ਅੰਗ ਹੈ। ਫ਼ਰਕ ਕੇਵਲ ਏਨਾ ਹੀ ਹੈ ਨਾ ਕਿ ਸਾਹਿਤ ਵਿਚ ਪਾਤਰ ਕਲਪਤ ਹੁੰਦੇ ਹਨ, ਤੇ ਇਤਿਹਾਸ ਵਿਚ ਸਹੀ, ਹੋਏ ਬੀਤੇ। ਜੇ ਇਤਿਹਾਸਕ ਨਾਵਲ ਨੂੰ ਸਾਹਿਤ ਮੰਨਿਆ ਜਾਂਦਾ ਹੈ ਤਾਂ ਇਤਿਹਾਸ ਨੂੰ ਕਿਉਂ ਨਹੀਂ? ਸ਼ਰਤ ਇਹ ਹੈ ਕਿ ਇਤਿਹਾਸਕਾਰ ਦਾ ਆਪਣੀ ਬੋਲੀ ਉਤੇ ਅਜਿਹਾ ਕਾਬੂ ਹੋਣਾ ਚਾਹੀਦਾ ਹੈ, ਜੋ ਪਾਠਕ ਨੂੰ ਕੀਲ ਸਕੇ। ਫਿੱਕੀ ਬੋਲੀ ਵਾਲਾ ਤਾਂ ਨਾਵਲ ਵੀ ਪੜ੍ਹਨ ਨੂੰ ਦਿਲ ਨਹੀਂ ਕਰਦਾ। ਜਿਹੜਾ ਪਾਠਕ ਦਾ ਮਨੋਰੰਜਨ ਵੀ ਕਰੇ ਤੇ ਪਾਤਰ ਦੀ ਰੂਪ-ਰੇਖਾ ਵੀ ਉਘਾੜ ਸਕੇ, ਉਹ ਇਤਿਹਾਸ ਸਾਹਿਤ ਦਾ ਇਕ ਨਰੋਆ ਅੰਗ ਹੈ।[੧੧] ਗਿਆਨੀ ਸੋਹਣ ਸਿੰਘ ਜੀ ਸੀਤਲ ਨੇ ਜਿੰਨੀਆਂ ਵੀ ਇਤਿਹਾਸਕ ਪੁਸਤਕਾਂ ਦੀ ਰਚਨਾ ਕੀਤੀ ਉਹ ਦਸਤਾਵੇਜ਼ਾਂ 'ਤੇ ਅਧਾਰਿਤ ਹਨ। ਲੇਖਕ ਨੇ ਜਿਨ੍ਹਾਂ ਪੁਸਤਕਾਂ ਤੋਂ ਹਵਾਲੇ ਲਏ ਉਨ੍ਹਾਂ ਸੰਬੰਧੀ ਵੇਰਵਾ ਤੇ ਟਿੱਪਣੀਆਂ ਵੀ ਦਿੱਤੀਆਂ ਜਿਹੜੀਆਂ ਕਿ ਇਕ ਇਤਿਹਾਸਕਾਰ ਲਈ ਦੇਣੀਆਂ ਜ਼ਰੂਰੀ ਹੁੰਦੀਆਂ ਹਨ। ਸੀਤਲ ਜੀ ਦੁਆਰਾ ਇਤਿਹਾਸਕ ਗ੍ਰੰਥਾਂ ਦੀ ਰਚਨਾ ਕਰਦੇ ਸਮੇਂ ਬੋਲਚਾਲ ਦੀ ਸਾਧਾਰਨ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ।

ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ਇਕ ਪ੍ਰਮੁੱਖ ਇਤਿਹਾਸਕ ਪੁਸਤਕ ਹੈ। ਇਸ ਪੁਸਤਕ ਦੀ ਪਹਿਲੀ ਵਾਰ ਪ੍ਰਕਾਸ਼ਨਾ ੧ ਸਤੰਬਰ ੧੯੫੨ ਈ: ਵਿਚ ਲਾਹੌਰ ਬੁੱਕ ਸ਼ਾਪ, ਲੁਧਿਆਣਾ ਦੁਆਰਾ ਹੋਈ। ਇਸ ਦੇ ਕੁੱਲ ੨੯੮ ਸਫ਼ੇ ਹਨ। ਇਹ ਇਤਿਹਾਸਕ ਮਹੱਤਵ ਦੀ ਇਸ ਪੁਸਤਕ ਨੂੰ ੧੭-੦੯-੫੫ ਈ: ਸੈਂਟਰਲ ਲਾਇਬ੍ਰੇਰੀ ਕਮੇਟੀ ਪੰਜਾਬ ਵੱਲੋਂ P.R.T.C.

(Lib)-੫੫-੧੩੪੪੮ ਰਾਹੀਂ ਮਾਨਤਾ ਦੇ ਦਿੱਤੀ ਗਈ ਸੀ ਸੀਤਲ ਜੀ ਨੇ ਇਸ ਪੁਸਤਕ ਵਿਚ ਸਿੱਖ ਮਿਸਲਾਂ ਦੇ ਇਤਿਹਾਸ ਨੂੰ ਪਹਿਲੀ ਵਾਰ ਸਰਲ ਪੰਜਾਬੀ ਭਾਸ਼ਾ ਵਿਚ ਲਿਖਿਆ।

ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ਪੁਸਤਕ ਵਿਚ ਲੇਖਕ ਨੇ ਮਿਸਲਾਂ ਦੇ ਇਤਿਹਾਸ ਤੇ ਉਸ ਵਿਚ ਪੰਜਾਬ ਦੇ ਪੁਰਾਤਨ ਸਿੱਖ ਸਰਦਾਰ ਘਰਾਣਿਆਂ ਬਾਰੇ ਬਹੁਤ ਸੁਚੱਜੇ ਢੰਗ ਨਾਲ ਜਾਣਕਾਰੀ ਦਿੱਤੀ ਹੈ। ਇਸ ਪੁਸਤਕ ਦੇ ਦੋ ਭਾਗ ਬਣਾਏ ਗਏ ਹਨ। ਪਹਿਲੇ ਭਾਗ ਵਿਚ ਮਿਸਲਾਂ ਕਿਵੇਂ ਬਣੀਆਂ ਦਾ ਬਿਰਤਾਂਤ ਦਿੱਤਾ ਹੈ ਤੇ ਉਪਰੰਤ ਬਾਰਾਂ ਮਿਸਲਾਂ ਦਾ ਵੇਰਵਾ ਦਿੱਤਾ ਹੈ। ਦੂਜੇ ਭਾਗ ਵਿਚ ਪਚਵੰਜਾ ਦੇ ਕਰੀਬ ਪੁਰਾਤਨ ਸਿੱਖ ਸਰਦਾਰਾਂ ਦੇ ਘਰਾਣਿਆਂ ਦਾ ਵੇਰਵਾ ਦਿੱਤਾ ਗਿਆ ਹੈ।

ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ਪੁਸਤਕ ਦਾ ਅਰੰਭ 'ਸਿੱਖ ਮਿਸਲਾਂ ਕਿਵੇਂ ਬਣੀਆਂ' ਨਾਲ ਹੁੰਦਾ ਹੈ। ਇਤਿਹਾਸ ਦੇ ਇਸ ਪ੍ਰਕਰਣ ਨੂੰ ਸ਼ੁਰੂ ਕਰਦਿਆਂ ਹੋਇਆਂ ਕਰਤਾ ਦੱਸਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦ ਹੋਣ ਤੋਂ ਦਸ ਸਾਲ ਬਾਅਦ ਤਕ ਸਿੰਘ ਬਿਲਕੁੱਲ ਚੁੱਪ ਰਹੇ। ੧੭੨੬ ਈ: ਭਾਈ ਤਾਰਾ ਸਿੰਘ ਵਾਂ ਸ਼ਾਹੀ ਫੌਜਾਂ ਨਾਲ ਲੜਦਿਆਂ ਸ਼ਹੀਦ ਹੋ ਗਏ। ਇਸ ਦੀ ਸ਼ਹੀਦੀ ਨਾਲ ਸਿੰਘ ਫੇਰ ਭੜਕ ਉੱਠੇ। ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਨੇ ਇਕ ਲੱਖ ਦੀ ਜਗੀਰ ਦੇ ਕੇ ਸਿੰਘਾਂ ਨੂੰ ਸ਼ਾਂਤ ਕੀਤਾ ਅਤੇ ਫ਼ੈਜ਼ਲਪੁਰੀਏ ਸ. ਕਪੂਰ ਸਿੰਘ ਨੂੰ ਨਵਾਬ ਬਣਾਇਆ ਗਿਆ ਇਸ ਤੋਂ ਪਹਿਲਾਂ ਜਥੇਦਾਰ ਦਰਬਾਰਾ ਸਿੰਘ ਪੰਥ ਦਾ ਜਥੇਦਾਰ ਸੀ। ਨਵਾਬ ਕਪੂਰ ਸਿੰਘ ਦੇ ਸਮੇਂ ਸਿੱਖਾਂ ਦੀ ਗਿਣਤੀ ਕਾਫੀ ਵਧ ਗਈ ਤੇ ਸਿੰਘਾਂ ਦੇ ਦੋ ਜਥੇ ਬੁੱਢਾ ਦਲ ਤੇ ਤਰੁਨਾ ਦਲ ਬਣ ਗਏ।

ਤਰਨਾ ਦਲ ਅੱਗੋਂ ਪੰਜ ਜਥਿਆਂ ਵਿਚ ਵੰਡ ਦਿੱਤਾ ਗਿਆ।[੧੨] ਇਹ ਪੰਜ ਜਥੇ ਸਨ।

੧. ਜਥਾ ਸ਼ਹੀਦਾਂ- ਜਥੇਦਾਰ ਬਾਬਾ ਦੀਪ ਸਿੰਘ

੨. ਜਥਾ ਅੰਮ੍ਰਿਤਸਰੀਆ-ਜਥੇਦਾਰ ਕਰਮ ਸਿੰਘ ਤੇ ਧਰਮ ਸਿੰਘ

੩. ਬਾਬਾ ਕਾਹਨ ਸਿੰਘ ਦਾ ਜਥਾ

੪. ਜਥਾ ਡੱਲੇਵਾਲੀਆਂ- ਜਥੇਦਾਰ ਦਸੌਂਧਾ ਸਿੰਘ ਗਿੱਲ ਜੱਟ ਪਿੰਡ ਕੋਟ ਬੁੱਢਾ।

੫. ਰੰਘਰੇਟੇ ਸਿੰਘ ਦਾ ਜਥਾ-ਜਥੇਦਾਰ ਬੀਰ ਸਿੰਘ ਜੀਊਣ ਸਿੰਘ ਆਦਿ

ਇਨ੍ਹਾਂ ਪੰਜ ਜਥਿਆਂ ਦੇ ਜਥੇਦਾਰਾਂ ਦੇ ਨਾਲ ਹੋਰ ਵੀ ਪ੍ਰਮੁੱਖ ਸਿੰਘ ਸਨ, ੧੭੩੯ ਈ: ਨਾਦਰ ਸ਼ਾਹ ਦੇ ਹਮਲੇ ਨੇ ਦਿੱਲੀ ਰਾਜ ਵਿਚ ਇਸ ਤੋਂ ਪਿੱਛੋਂ ਪੰਜਾਬ 'ਚ ਕੋਈ ਹਕੂਮਤ ਕੰਮ ਨਹੀਂ ਕਰ ਰਹੀ ਸੀ। ਇਸ ਸਮੇਂ ਸਿੰਘ ਜ਼ੋਰ ਪਕੜ ਗਏ। ਸਿੰਘਾਂ ਦਾ ਸਰਕਾਰ ਵਿਰੁੱਧ ਘੋਲ ਤਿੱਖਾ ਹੁੰਦਾ ਗਿਆ। ੧੪ ਅਕਤੂਬਰ ੧੭੪੫ ਈ: ਨੂੰ ਦਲ ਖ਼ਾਲਸਾ ਦਾ ਇਕੱਠ ਹੋਇਆ, ਇਥੇ ਦਲ ਖਾਲਸਾ ਨੂੰ ਅੱਗੋਂ ਤੀਹ ਛੋਟੇ ਜਥਿਆਂ ਵਿਚ ਵੰਡ ਦਿੱਤਾ ਗਿਆ। ਉਨ੍ਹਾਂ ਤੀਹ ਜਥਿਆਂ ਦੇ ਨਾਮ ਇਹ ਹਨ:[੧੩]

੧. ਨਵਾਬ ਕਪੂਰ ਸਿੰਘ ਫ਼ੈਜ਼ਲਪੁਰੀਆ (ਸਿੰਘ ਪੁਰੀਆ), ੨. ਸ. ਸ਼ਾਮ ਸਿੰਘ ਪਿੰਡ ਨਾਰੋਕੇ, ਜ਼ਿਲ੍ਹਾ ਸਿਆਲਕੋਟ, ੩. ਸ. ਗੁਰਬਖ਼ਸ਼ ਸਿੰਘ, ਕਲਸੀਆਂ, ੪. ਸ. ਕਰੋੜਾ ਸਿੰਘ, ਪੈਜਗੜ੍ਹ ਜ਼ਿਲ੍ਹਾ ਗੁਰਦਾਸਪੁਰ, ੫. ਸ. ਕਰਮ ਸਿੰਘ ਪੈਜਗੜ੍ਹ, ਜ਼ਿਲ੍ਹਾ ਗੁਰਦਾਸਪੁਰ, ੬. ਸ. ਗੁਰਦਿਆਲ ਸਿੰਘ, ਡੱਲੇਵਾਲ, ਪਰਗਣਾ ਕਲਾਨੌਰ, ੭. ਸ.ਦਿਆਲ ਸਿੰਘ, ਡੱਲੇ ਵਾਲ,

ਪਰਗਣਾ ਕਲਾਨੌਰ, ੮. ਸ. ਨੌਧ ਸਿੰਘ, ਸ਼ੁਕਰਚੱਕੀਆ, ੯. ਸ.ਚੰਦਾ ਸਿੰਘ, ਸ਼ੁਕਰਚੱਕੀਆ, ੧੦. ਸ. ਕਾਲਾ ਸਿੰਘ, ਪਿੰਡ ਕੰਗ, ੧੧. ਸ. ਖਿਆਲਾ ਸਿੰਘ, ਪਿੰਡ ਕੰਗ, ੧੨. ਸ. ਬਾਘ ਸਿੰਘ, ਪਿੰਡ ਹੱਲੋਵਾਲ, ੧੩. ਸ. ਜੱਸਾ ਸਿੰਘ, ਪਿੰਡ ਆਹਲੂ, ੧੪. ਸ. ਹਰੀ ਸਿੰਘ, ਪਿੰਡ ਪੰਜਵੜ, ੧੫. ਸ. ਛੱਜਾ ਸਿੰਘ, ਪਿੰਡ ਪੰਜਵੜ, ੧੬. ਬਾਬਾ ਦੀਪ ਸਿੰਘ 'ਸ਼ਹੀਦ, ੧੭. ਸ. ਸੁਧਾ ਸਿੰਘ 'ਸ਼ਹੀਦ', ੧੮. ਸ. ਸੁੱਖਾ ਸਿੰਘ, ਮਾੜੀ ਕੰਬੋਕੀ, ੧੯. ਸ. ਜੱਸਾ ਸਿੰਘ (ਰਾਮਗੜ੍ਹੀਆ), ੨੦. ਸ. ਭੋਮਾ ਸਿੰਘ ਕਨ੍ਹਈਆ, ੨੧. ਸ. ਜੈ ਸਿੰਘ ਕਨ੍ਹਈਆ, ੨੨. ਸ. ਹਕੀਕਤ ਸਿੰਘ ਕਨ੍ਹਈਆ, ੨੩. ਸ. ਹੀਰਾ ਸਿੰਘ ਨਕਈ, ੨੪. ਸ. ਸੱਦਾ ਸਿੰਘ ਨਕਈ, ੨੫. ਸ. ਕਰਮ ਸਿੰਘ, ਨਾਰਲੀ,ਅੰਮ੍ਰਿਤਸਰ, ੨੬. ਸ. ਧਰਮ ਸਿੰਘ, ਅੰਮ੍ਰਿਤਸਰ, ੨੭. ਸ. ਜਿਉਣ ਸਿੰਘ ਮਜ਼੍ਹਬੀ, ੨੮. ਸ. ਬਦਨ ਸਿੰਘ ਮਜ਼੍ਹਬੀ, ੨੯. ਸ. ਬੀਰ ਸਿੰਘ ਮਜ਼੍ਹਬੀ, ੩੦. ਸ. ਅਘੜ ਸਿੰਘ।

ਜਨਵਰੀ ੧੭੪੮ ਈ. ਵਿਚ ਅਬਦਾਲੀ ਦੇ ਹਮਲੇ ਸ਼ੁਰੂ ਹੋ ਗਏ। ਇਸ ਸਮੇਂ ਖ਼ਾਲਸੇ ਦੇ ਛੋਟੇ-ਛੋਟੇ ਜਥਿਆਂ ਦੇ ਹੋਰ ਜਥੇ ਬਣ ਗਏ ਇਹ ਗਿਣਤੀ ੬੬ ਤਕ ਪਹੁੰਚ ਗਈ।[੧੪] ਜਿਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:

੧. ਨਵਾਬ ਕਪੂਰ ਸਿੰਘ, ਫ਼ੈਜ਼ਲਾਪੁਰ, ੨. ਸ. ਜੱਸਾ ਸਿੰਘ, ਆਹਲੂ, ੩. ਸ. ਹਰੀ ਸਿੰਘ ਭੰਗੀ, ਪੰਜਵੜ, ੪. ਸ. ਝੰਡਾ ਸਿੰਘ ਭੰਗੀ, ਪੰਜਵੜ, ੫. ਸ. ਗੰਡਾ ਸਿੰਘ ਭੰਗੀ, ਪੰਜਵੜ, ੬. ਸ. ਨੱਥਾ ਸਿੰਘ, ੭. ਸ. ਮਤਾਬ ਸਿੰਘ, ਪਿੰਡ ਖੱਖ, ਅੰਮ੍ਰਿਤਸਰ, ੮. ਸ. ਚੜ੍ਹਤ ਸਿੰਘ ਕਨ੍ਹਈਆ, ੯. ਸ. ਦੀਵਾਨ ਸਿੰਘ, ੧੦. ਸ. ਗੁੱਜਰ ਸਿੰਘ, ੧੧. ਸ. ਗਰਜਾ ਸਿੰਘ, ੧੨. ਸ. ਨਿਬਾਹੂ ਸਿੰਘ, ੧੩. ਸ. ਲਹਿਣਾ ਸਿੰਘ, ੧੪. ਸ. ਫੂਲਾ ਸਿੰਘ ਰੋੜਾਂਵਾਲਾ, ੧੫. ਸ. ਸਾਂਵਲ ਸਿੰਘ, ਰੰਧਾਵਾ ਪਿੰਡ ਵਾਘਾ, ੧੬. ਸ. ਗੁਰਬਖ਼ਸ਼ ਸਿੰਘ, ਪਿੰਡ ਦੋਦਾ, ੧੭. ਧੰਨਾ ਸਿੰਘ, ਪਿੰਡ ਕਲਾਲਵਾਲਾ, ੧੮. ਸ. ਤਾਰਾ ਸਿੰਘ, ਪਿੰਡ ਚੈਨਪੁਰ, ੧੯. ਸ. ਬਾਘ ਸਿੰਘ ਪਿੰਡ ਕੋਟ ਸੈਦ ਮਹਿਮੂਦ (ਕੋਟ ਖਾਲਸਾ), ੨੦. ਸ. ਹਕੀਕਤ ਸਿੰਘ, ੨੧. ਸ. ਮਹਿਤਾਬ ਸਿੰਘ, ਪਿੰਡ ਵਡਾਲਾ ਸੰਧੂਆਂ, (ਜ਼ਿਲ੍ਹਾ ਸਿਆਲਕੋਟ), ੨੨. ਸ. ਜੈ ਸਿੰਘ, ਪਿੰਡ ਕਾਹਨਾ, ੨੩. ਸ. ਝੰਡਾ ਸਿੰਘ, ਪਿੰਡ ਕਾਹਨਾ, ੨੪. ਸ. ਤਾਰਾ ਸਿੰਘ, ਪਿੰਡ ਕਾਹਨਾ, ੨੫. ਸ. ਮਨੋਹਰ ਸਿੰਘ, ਪਿੰਡ ਕਾਹਨਾ, ੨੬. ਸ. ਸ਼ੋਭਾ ਸਿੰਘ, ਪਿੰਡ ਕਾਹਨਾ, ੨੭. ਸ. ਭੀਮ ਸਿੰਘ, ੨੮. ਸ. ਅਮਰ ਸਿੰਘ, ਪਿੰਡ ਵਾਘਾ, ੨੯. ਸ. ਸੋਭਾ ਸਿੰਘ, ਪਿੰਡ ਭਿੱਕਾ, ੩੦. ਸ. ਬਘੇਲ ਸਿੰਘ, ਪਿੰਡ ਝਬਾਲ, ੩੧. ਸ. ਗੁਲਾਬ ਸਿੰਘ, ਡੱਲੇਵਾਲੀਆਂ, ੩੨. ਸ. ਹਰੀ ਸਿੰਘ, ਡੱਲੇਵਾਲੀਆਂ, ੩੩. ਸ. ਨੌਧ ਸਿੰਘ ਸ਼ੁਕਰਚੱਕੀਆ, ੩੪. ਸ. ਗੁਲਾਬ ਸਿੰਘ, ਮਜੀਠਾ (ਨੌਧ ਸਿੰਘ ਦਾ ਸਹੁਰਾ), ੩੫. ਸ. ਮਹਿਤਾਬ ਸਿੰਘ, ਪਿੰਡ ਜੁਲਕਾ, ੩੬. ਸ. ਕਰੋੜਾ ਸਿੰਘ, ਪਿੰਡ ਪੈਜਗੜ੍ਹ, ੩੭. ਸ. ਹਰਾ ਸਿੰਘ, ੩੮. ਸ. ਲੱਜਾ ਸਿੰਘ, ੩੯. ਸ. ਨੰਦਾ ਸਿੰਘ, ਪਿੰਡ ਸਾਂਘਣਾ, ੪੦. ਸ. ਕਪੂਰ ਸਿੰਘ, ਸੂਰਿਆਂਵਾਲਾ,੪੧. ਸ. ਅਮਰ ਸਿੰਘ, ਪਿੰਡ ਕਿੰਗਰਾ, ੪੨. ਸ. ਜੀਵਨ ਸਿੰਘ, ਪਿੰਡ ਕਿਲ੍ਹਾ ਜੀਵਨ ਸਿੰਘ, ੪੩. ਸ. ਸਾਹਿਬ ਸਿੰਘ, ਸਿਆਲਕੋਟੀਆ, ੪੪. ਬਾਬਾ ਦੀਪ ਸਿੰਘ 'ਸ਼ਹੀਦ', ੪੫. ਸ. ਨੱਥਾ ਸਿੰਘ 'ਸ਼ਹੀਦ', ੪੬. ਸ. ਮੋਹਰ ਸਿੰਘ, ਪਿੰਡ ਰਣੀਆਂ, ੪੭. ਸ. ਮਹਾਂ ਸਿੰਘ, ਪਿੰਡ ਰਣੀਆ, ੪੮. ਸ. ਬਾਘ ਸਿੰਘ ਹੱਲੋਵਾਲੀਆ,

੪੯. ਸ. ਝੰਡਾ ਸਿੰਘ, ਸੁਲਤਾਨਵਿੰਡ (ਅੰਮ੍ਰਿਤਸਰ), ੫੦. ਸ. ਮਿਰਜ਼ਾ ਸਿੰਘ (ਕਾਹਲੋਂ), ੫੧. ਸ. ਸ਼ਾਮ ਸਿੰਘ ਮਾਨ, ਪਿੰਡ ਬੁਲਾਕੀ ਚੱਕ, ੫੨. ਸ. ਮਾਲਾ ਸਿੰਘ, ਪਿੰਡ ਬੁਲਾਕੀ ਚੱਕ, ੫੩. ਸ. ਬਹਾਲ ਸਿੰਘ, ਸ਼ੇਖੂਪੁਰਾ, ੫੪. ਸ. ਅਮੀਰ ਸਿੰਘ, ਸ਼ੇਖੂਪੁਰਾ, ੫੫. ਸ. ਹੀਰਾ ਸਿੰਘ, ੫੬. ਸ. ਗੰਡਾ ਸਿੰਘ, ੫੭. ਸ. ਲਾਲ ਸਿੰਘ, ੫੮. ਸ. ਤਾਰਾ ਸਿੰਘ ਮਾਨ, ਪਿੰਡ ਮਾਨਾਂਵਾਲਾ, ਜ਼ਿਲ੍ਹਾ ਅੰਮ੍ਰਿਤਸਰ, ੫੯. ਸ. ਮਹਿਤਾਬ ਸਿੰਘ, ਪਿੰਡ ਲਾਲਪੁਰਾ (ਤਰਨਤਾਰਨ), ੬੦. ਸ. ਰੂਪ ਸਿੰਘ, ੬੧. ਸ. ਅਨੂਪ ਸਿੰਘ ਨਕਈ, ੬੨. ਸ. ਦਸੌਂਧਾ ਸਿੰਘ, ੬੩. ਸ. ਤਾਰਾ ਸਿੰਘ (ਕੰਗ) ਘੇਬਾ, ੬੪. ਸ. ਧਰਮ ਸਿੰਘ, ਅੰਮ੍ਰਿਤਸਰ, ੬੫. ਸ. ਸੁੱਖਾ ਸਿੰਘ, ਮਾੜੀ ਕੰਬੋਕੀ, ੬੬. ਸ. ਜੱਸਾ ਸਿੰਘ, ਪਿੰਡ ਈਚੋਗਿਲ (ਪਿੱਛੋਂ ਰਾਮਗੜ੍ਹੀਆ ਅਖਵਾਇਆ)

੧੭੪੮ ਈ: ਵਿਸਾਖੀ ਉੱਤੇ ਖ਼ਾਲਸੇ ਦਾ ਇਕੱਠ ਹੋਇਆ ਨਵਾਬ ਕਪੂਰ ਸਿੰਘ ਨੇ ਮਤਾ ਪੇਸ਼ ਕੀਤਾ ਕਿ ਪੰਥ ਦੀ ਇਕ ਮਜ਼ਬੂਤ ਜਥੇਬੰਦੀ ਬਣਾਈ ਜਾਵੇ। ਇਹ ਮਤਾ ਸਾਰਿਆਂ ਨੇ ਪਰਵਾਨ ਕਰ ਲਿਆ ਤੇ ਸਾਰੇ ਪੰਥ ਦੀ ਸਾਂਝੀ ਜਥੇਬੰਦੀ ਦਾ ਨਾਂ ਦਲ ਖ਼ਾਲਸਾ ਰੱਖਿਆ ਗਿਆ। ਦਲ ਖ਼ਾਲਸਾ ਦਾ ਜਥੇਦਾਰ ਸਰਬਸੰਮਤੀ ਨਾਲ ਸ. ਜੱਸਾ ਸਿੰਘ ਆਹਲੂਵਾਲੀਆ ਚੁਣਿਆ ਗਿਆ। ਉਸ ਦੇ ਮਤਾਹਿਤ ਗਿਆਰਾਂ ਮਿਸਲਾਂ ਬਣਾਈਆਂ ਗਈਆਂ ਮਿਸਲਾਂ ਇਹ ਹਨ:[੧੫]

੧. ਮਿਸਲ ਆਹਲੂਵਾਲੀਆ: ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ।

੨. ਮਿਸਲ ਫ਼ੈਜ਼ਲਾਪੁਰੀਆਂ ਜਾਂ ਸਿੰਘਪੁਰੀਆਂ: ਜਥੇਦਾਰ ਨਵਾਬ ਕਪੂਰ ਸਿੰਘ ਫ਼ੈਜ਼ਲਾਪੁਰੀਆਂ (ਫ਼ੈਜ਼ਲਾਪੁਰ ਦਾ ਨਾਂ ਨਵਾਬ ਕਪੂਰ ਸਿੰਘ ਨੇ ਸਿੰਘਪੁਰਾ ਰੱਖ ਲਿਆ ਸੀ, ਜੋ ਅੱਜ ਤਕ ਪ੍ਰਚਲਿਤ ਹੈ)।

੩. ਮਿਸਲ ਸ਼ੁਕਰਚੱਕੀਆਂ: ਜਥੇਦਾਰ ਨੌਧ ਸਿੰਘ ਸ਼ੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਪੜਦਾਦਾ)

੪. ਮਿਸਲ ਨਿਸ਼ਾਨਾਵਾਲੀ: ਜਥੇਦਾਰ ਦਸੌਂਧਾ ਸਿੰਘ (ਦਲ ਖਾਲਸਾ ਦਾ ਨਿਸ਼ਾਨ ਬਰਦਾਰ)

੫. ਮਿਸਲ ਭੰਗੀਆਂ: ਜਥੇਦਾਰ ਹਰੀ ਸਿੰਘ ਭੰਗੀ, ਪਿੰਡ ਪੰਜਵੜ।

੬. ਮਿਸਲ ਕਨ੍ਹੱਈਆਂ: ਜਥੇਦਾਰ ਜੈ ਸਿੰਘ ਕਨ੍ਹਈਆਂ, ਪਿੰਡ ਕਾਹਨਾ

੭. ਮਿਸਲ ਨਕਈਆਂ: ਜਥੇਦਾਰ ਹੀਰਾ ਸਿੰਘ ਨਕਈ, ਪਿੰਡ ਬਹਿੜਵਾਲ

੮. ਮਿਸਲ ਡੱਲੇਵਾਲੀ: ਜਥੇਦਾਰ ਗੁਲਾਬ ਸਿੰਘ, ਪਿੰਡ ਡੱਲੇਵਾਲ

੯. ਮਿਸਲ ਸ਼ਹੀਦਾਂ: ਜਥੇਦਾਰ ਬਾਬਾ ਦੀਪ ਸਿੰਘ 'ਸ਼ਹੀਦ'

੧੦. ਮਿਸਲ ਕਰੋੜਾ ਸਿੰਘੀਆਂ: ਜਥੇਦਾਰ ਕਰੋੜਾ ਸਿੰਘ, ਪਿੰਡ ਪੈਜਗੜ੍ਹ।

੧੧. ਮਿਸਲ ਸਾਂਘਣੀਆਂ: (ਪਿੱਛੋਂ ਮਿਸਲ ਰਾਮਗੜ੍ਹੀਆਂ) ਜਥੇਦਾਰ ਨੰਦ ਸਿੰਘ, ਪਿੰਡ ਸਾਂਘਣਾ।

ਨੋਟ:- ਬਾਰ੍ਹਵੀਂ ਮਿਸਲ ਫੂਲਕੀਆਂ ਇਨ੍ਹਾਂ ਤੋਂ ਵੱਖਰੀ ਹੈ, ਜਿਸ ਦਾ ਬਾਨੀ ਸ. ਆਲਾ ਸਿੰਘ ਪਟਿਆਲਾ ਹੈ।

੫ ਫਰਵਰੀ ੧੭੬੨ ਕੁੱਪ ਰਹੀੜੇ ਦੇ ਮੈਦਾਨ ਵਿਚ ਅਬਦਾਲੀ ਤੇ ਖ਼ਾਲਸੇ ਸਿੱਧੀ ਟੱਕਰ ਹੋਈ। ਖ਼ਾਲਸੇ ਦਾ ਭਾਰੀ ਨੁਕਸਾਨ ਹੋਇਆ। ਇਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ।

ਸੀਤਲ ਜੀ ਅਨੁਸਾਰ ਦਸੰਬਰ ੧੭੬੨ ਈ: ਅਬਦਾਲੀ ਦੇ ਵਾਪਸ ਕਾਬਲ ਜਾਣ ਪਿੱਛੋਂ ਸਿੰਘ ਫਿਰ ਅੰਮ੍ਰਿਤਸਰ ਇਕੱਠੇ ਹੋਏ। ਦਲ ਖ਼ਾਲਸਾ ਦੀ ਜਥੇਬੰਦੀ ਨੂੰ ਫਿਰ ਨਵੇਂ ਸਿਰਿਓਂ ਕਾਇਮ ਕੀਤਾ। ਦੋ ਵੱਡੇ ਜਥੇ ਬਣਾਏ ਗਏ ਜਿਸ ਵਿਚ ਆਹਲੂਵਾਲੀਆ, ਸਿੰਘਪੁਰੀਆਂ, ਡੱਲੇਵਾਲੀਆ, ਕਰੋੜਾਸਿੰਘੀ, ਨਿਸ਼ਾਨਾਵਾਲੀ ਤੇ ਸ਼ਹੀਦਾਂਵਾਲੀ ਛੇ ਮਿਸਲਾਂ ਸ਼ਾਮਿਲ ਸਨ, ਜਿਨ੍ਹਾਂ ਦਾ ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ ਸੀ। ਤਰੁਨਾ ਦਲ— ਭੰਗੀ, ਰਾਮਗੜ੍ਹੀਆਂ, ਕਨ੍ਹਈਆਂ, ਨਕੱਈਆਂ, ਸ਼ੁਕਰਚੱਕ੍ਰੀਆਂ, ਪੰਜ ਮਿਸਲਾਂ ਸਨ ਤੇ ਇਨ੍ਹਾਂ ਦਾ ਜਥੇਦਾਰ ਹਰੀ ਸਿੰਘ ਭੰਗੀ ਸੀ। ਇਸ ਨੂੰ ਗੁਰਧਾਮਾਂ ਦੀ ਸੇਵਾ ਬਖ਼ਸ਼ੀ ਗਈ।[੧੯] ਇਸ ਤੋਂ ਅੱਗੇ ਸੀਤਲ ਜੀ ਨੇ ਹਰੇਕ ਮਿਸਲ ਦਾ ਵਿਸਤਰਤ ਹਾਲ ਦਿੱਤਾ ਹੈ। ਹਰੇਕ ਮਿਸਲ ਦੇ ਜਥੇਦਾਰ ਦੇ ਜੀਵਨ, ਇਲਾਕਿਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ।

ਇਸ ਪੁਸਤਕ ਦੇ ਦੂਜੇ ਭਾਗ ਵਿਚ ਪੁਰਾਤਨ ਸਮੇਂ ਦੇ ਪ੍ਰਮੁੱਖ ਸਿੱਖ ਸਰਦਾਰਾਂ ਦੇ ਘਰਾਣਿਆਂ ਬਾਰੇ ਖੋਜ ਭਰਪੂਰ ਜਾਣਕਾਰੀ ਦਿੱਤੀ ਹੈ। ਇਨ੍ਹਾਂ ਪ੍ਰਮੁੱਖ ਘਰਾਣਿਆਂ ਬਾਰੇ ਜਾਣਕਾਰੀ ਨੂੰ ਪੰਜਾਬੀ ਭਾਸ਼ਾ ਵਿਚ ਇਕ ਪੁਸਤਕ ਰੂਪ ਵਿਚ ਇਕ ਥਾਂ ਇਕੱਠੇ ਕਰਨਾ, ਪਹਿਲਾ ਜਤਨ ਮੰਨਿਆ ਜਾ ਸਕਦਾ ਹੈ। ਇਸ ਵਿਚ ਕੁੱਲ ਪਚਵੰਜਾ ਘਰਾਣਿਆ ਦਾ ਵਰਣਨ ਹੋਇਆ ਹੈ। ਇਨ੍ਹਾਂ ਸਭ ਘਰਾਣਿਆਂ ਨੇ ਸਿੱਖ ਮਿਸਲਾਂ ਦੇ ਸਮੇਂ, ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਅਤੇ ਸਿੱਖ ਰਾਜ ਪਿੱਛੋਂ ਆਪਣੀ ਅਹਿਮ ਭੂਮਿਕਾ ਨਿਭਾਈ। ਇਹ ਸਾਰੇ ਘਰਾਣੇ ਸਿੱਖ ਮਿਸਲਦਾਰਾਂ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਅਤੇ ਸ਼ਾਹੀ ਫੌਜਾਂ ਦੇ ਨੌਕਰ-ਚਾਕਰ ਸਨ। ਇਨ੍ਹਾਂ ਘਰਾਣਿਆਂ ਦੀਆਂ ਬੰਸਾਵਲੀਆਂ ਦੇ ਕੇ ਉਨ੍ਹਾਂ ਦੇ ਕੀਤੇ ਕਾਰਜਾਂ ਦਾ ਵੇਰਵਾ ਸੀਤਲ ਜੀ ਨੇ ਇਸ ਭਾਗ ਵਿਚ ਦਿੱਤਾ ਹੈ। ਇਨ੍ਹਾਂ ਪਚਵੰਜਾ ਘਰਾਣਿਆਂ ਦੀ ਫਰਿਸ਼ਤ ਨਿਮਨਲਿਖਤ ਅਨੁਸਾਰ ਹੈ:

ਘਰਾਣਾ	ਮੁਖੀ
੧. ਸੰਧਾਵਾਲੀਏ ਸਰਦਾਰ	ਸ. ਬੁੱਢਾ ਸਿੰਘ
੨. ਸ. ਹਰੀ ਸਿੰਘ ਨਲਵਾ	ਸ. ਹਰਦਾਸ ਸਿੰਘ
੩. ਸ. ਸ਼ਾਮ ਸਿੰਘ ਅਟਾਰੀਵਾਲਾ	ਸ੍ਰੀ ਕਾਹਨ ਚੰਦ
੪. ਰਾਜਾ ਸ਼ੇਰ ਸਿੰਘ ਅਟਾਰੀਵਾਲਾ	ਸ੍ਰੀ ਕਾਹਨ ਚੰਦ
੫. ਸ. ਜਵਾਲਾ ਸਿੰਘ ਪਢਾਣੀਆ	ਸ. ਸੁੱਖਾ ਸਿੰਘ
੬. ਸ. ਸੰਤ ਸਿੰਘ ਐਮਾ	ਸ. ਨੱਥਾ ਸਿੰਘ
੭. ਜਮਾਂਦਾਰ ਖੁਸ਼ਹਾਲ ਸਿੰਘ ਰਾਜਾ ਤੇਜ ਸਿੰਘ	ਪੰਡਿਤ ਹਰਿਗੋਬਿੰਦ
੮. ਰਾਜਾ ਲਾਲ ਸਿੰਘ ਮਿਸਰ	ਪੰਡਤ ਧਨਪਤ ਰਾਏ
੯. ਸ. ਲਹਿਣਾ ਸਿੰਘ, ਰਣਜੋਤ ਸਿੰਘ ਮਜੀਠਾ	ਸ. ਨੌਧ ਸਿੰਘ
੧੦. ਸ. ਸੁੰਦਰ ਸਿੰਘ ਮਜੀਠਾ	ਗੁੱਜਰ
੧੧. ਸ. ਅਮਰ ਸਿੰਘ ਛੋਟਾ, ਮਜੀਠਾ	ਸ. ਮਾਹਣਾ ਸਿੰਘ
੧੨. ਸ. ਫ਼ਤਹਿ ਸਿੰਘ ਅਤਰ ਸਿੰਘ ਵਾਲਾ ਕਾਲਿਆਂ ਵਾਲੇ	ਸ. ਜੈਮਲ ਸਿੰਘ (ਸਾਹਿਬ ਸਿੰਘ)

੧੩. ਸ. ਫਤਹਿ ਸਿੰਘ ਮਾਨ	ਸ. ਤਾਰਾ ਸਿੰਘ
੧੪. ਸ. ਕਾਹਨ ਸਿੰਘ	ਸ. ਹੁਕਮ ਸਿੰਘ
੧੫. ਸ. ਸਰਜਾ ਸਿੰਘ ਮਾਨ, ਮੁਗ਼ਲ ਚੱਕ	ਸ. ਸਰਜਾ ਸਿੰਘ
੧੬. ਸੰਤ ਨਿਧਾਨ ਸਿੰਘ ਪੰਜ ਹੱਥਾ	ਸ. ਦੂਲਚਾ ਸਿੰਘ
੧੭. ਸ. ਨਿਧਾਨ ਸਿੰਘ ਹੱਟੂ ਪਿੰਡ ਮਰ੍ਹਾਕਾ	ਸ. ਬੂੜ ਸਿੰਘ
੧੮. ਸ. ਗੁਲਾਬ ਸਿੰਘ ਪਹੁਵਿੰਡੀਆ	ਸ. ਕਰਮ ਸਿੰਘ
੧੯. ਸ. ਧੰਨ ਸਿੰਘ ਮਲਵਈ	ਸ. ਮੱਲ ਸਿੰਘ
੨੦. ਸ. ਧੰਨਾ ਸਿੰਘ ਬੁਤਾਲੀਆ	ਸ. ਧੰਨਾ ਸਿੰਘ
੨੧. ਸ. ਜੈ ਸਿੰਘ ਮਨਿਹਾਲਾ	ਚੌਧਰੀ ਬੁਲਾਕੀ
੨੨. ਸ. ਜੈ ਸਿੰਘ ਕੋਟ ਸੈਦ ਮਾਹਮੂਦ (ਕੋਟ ਖਾਲਸਾ)	ਸ. ਵੀਰ ਸਿੰਘ
੨੩. ਸ. ਹੁਕਮਾ ਸਿੰਘ ਚਿਮਨੀ	ਸ. ਰਾਮ ਸਿੰਘ
੨੪. ਭਾਈ ਗੁਰਮੁੱਖ ਸਿੰਘ	ਭਾਈ ਰਾਮ ਸਿੰਘ
੨੫. ਭਾਈ ਰਾਮ ਸਿੰਘ	ਭਾਈ ਬੁਲਾਕਾ ਸਿੰਘ
੨੬. ਸ. ਮਿਲਖਾ ਸਿੰਘ ਥੇਹਪੁਰੀਆ	ਸ. ਮਿਲਖਾ ਸਿੰਘ
੨੭. ਸ. ਲੱਖਾ ਸਿੰਘ ਠੇਠਰ	ਸ. ਚੂਹੜ ਸਿੰਘ
੨੮. ਸ. ਕਰਮ ਸਿੰਘ ਚਾਹਲ	ਸ. ਕੱਥਾ ਸਿੰਘ
੨੯. ਸ. ਕਰਮ ਸਿੰਘ ਛੀਨਾ	ਸ. ਕਰਮ ਸਿੰਘ
੩੦. ਸ. ਫਤਹਿ ਸਿੰਘ ਸਿਧਵੇਂ	ਸ. ਦਿਆਲ ਸਿੰਘ
੩੧. ਸ. ਜਵੰਦ ਸਿੰਘ ਮੋਕਲ	ਸ. ਠਾਕਰ ਸਿੰਘ
੩੨. ਸ. ਮੋਹਰ ਸਿੰਘ ਲੰਮਾ	ਰਾਏ ਮਹਾਂ ਸਿੰਘ
੩੩. ਸ. ਗੁਰਮੁੱਖ ਸਿੰਘ ਲੰਮਾ	ਸ. ਚੜ੍ਹਤ ਸਿੰਘ
੩੪. ਸ. ਪੰਜਾਬ ਸਿੰਘ ਘਰਜਾਖੀਆ	ਸ. ਸ਼ਾਮ ਸਿੰਘ
੩੫. ਸ. ਫਤਹਿ ਸਿੰਘ ਛਾਛੀ	ਸ. ਟਹਿਲ ਸਿੰਘ ਛਾਛੀ
੩੬. ਸ. ਖੁਸ਼ਹਾਲ ਸਿੰਘ ਕਲਾਸ ਬਾਜਵਾ	ਸ. ਖੁਸ਼ਹਾਲ ਸਿੰਘ
੩੭. ਸ. ਜੋਧ ਸਿੰਘ ਕਲਾਸ ਬਾਜਵਾ	ਜੋਗੀ
੩੮. ਸ. ਮਤਾਬ ਸਿੰਘ ਵਡਾਲਾ ਸੰਧੂਆ	ਸ. ਦੀਵਾਨ ਸਿੰਘ
੩੯. ਸ. ਲਾਲ ਸਿੰਘ ਸਿਰਾਂਵਾਲਾ	ਸ. ਦਰਗਾਹ ਸਿੰਘ
੪੦. ਸ. ਅਮਰ ਸਿੰਘ ਵਾਘਾ	ਅਕਾਲ
੪੧. ਸ. ਗੁਲਾਬ ਸਿੰਘ ਭਾਗੋਵਾਲੀਆ	ਸ. ਧਿਆਨ ਸਿੰਘ
੪੨. ਸ. ਨਾਰ ਸਿੰਘ ਚਮਿਆਰੀ	ਸ. ਨਾਰ ਸਿੰਘ
੪੩. ਸ. ਰਾਮ ਸਿੰਘ ਚੱਬਾ	ਸ. ਸੱਦਾ ਸਿੰਘ
੪੪. ਸ. ਗੌੜ ਸਿੰਘ ਮਾੜੀ	ਸ. ਮਾਲਾ ਸਿੰਘ
੪੫. ਸ. ਬੂੜ ਸਿੰਘ ਮੁਕੇਰੀਆਂ	ਬੁੱਢਾ ਦਿੱਤਾ

੪੬. ਕੈਥਲ ਦਾ ਭਾਈ ਘਰਾਣਾ	ਭਾਈ ਰਾਮ ਦਿਆਲ
੪੭. ਸ. ਭੰਗਾ ਸਿੰਘ ਥਾਨੇਸਰ	ਸ. ਮਿਤ ਸਿੰਘ ਸਰਹਾਲੀ
੪੮. ਰਾਜਾ ਅਜੀਤ ਸਿੰਘ ਲਾਡਵਾ	ਸ. ਗੁਰਦਿੱਤ ਸਿੰਘ
੪੯. ਭਦੌੜ ਘਰਾਣਾ	ਫੂਲ
੫੦. ਮਲੌਦ ਘਰਾਣਾ	ਫੂਲ
੫੧. ਬੁੱਡਰ ਖਾਨ ਦਾ ਬਡਰੁੱਖਾ ਸਰਦਾਰ ਦਾ ਘਰਾਣਾ	ਫੂਲ
੫੨. ਸ. ਕਰਮ ਸਿੰਘ ਸ਼ਾਹਾਬਾਦ	ਸ. ਹਿੰਮਤ ਸਿੰਘ
੫੩. ਸ. ਭਾਗ ਸਿੰਘ ਬੂੜੀਆ ਤੇ ਰਾਏ ਸਿੰਘ ਜਗਾਧਰੀ	ਸ. ਭਾਗ ਸਿੰਘ
੫੪. ਸ. ਰਤਨ ਸਿੰਘ ਭੰਗੂ	ਸ. ਮਤਾਬ ਸਿੰਘ
੫੫. ਸ. ਹਿੰਮਤ ਸਿੰਘ ਅਲਾਉਲਪੁਰ	ਸ. ਗੁਲਾਬ ਸਿੰਘ

ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ਪੁਸਤਕ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਇਨ੍ਹਾਂ ਸਿੱਖ ਘਰਾਣਿਆਂ ਦੇ ਰੋਲ ਦੀ ਚਰਚਾ ਹੋਈ ਹੈ। ਕੁਝ ਇਕ ਸਿੱਖ ਘਰਾਣੇ ਐਸੇ ਸਨ ਜਿਨ੍ਹਾਂ ਨੇ ਅੰਗਰੇਜ਼ਾਂ ਦੀ ਅਧੀਨਗੀ ਸਵੀਕਾਰ ਨਾ ਕੀਤੀ ਤੇ ਉਨ੍ਹਾਂ ਦੇ ਇਸ਼ਾਰਿਆ 'ਤੇ ਨਾ ਚੱਲੇ। ਉਨ੍ਹਾਂ ਨੂੰ ਆਪਣੀਆਂ ਜਗੀਰਾਂ ਵੀ ਜਬਤ ਕਰਾਉਣੀਆਂ ਪਈਆਂ। ਕੁਝ ਇਕ ਘਰਾਣੇ ਪਰਵਾਰਿਕ ਗੁੱਟਬੰਦੀ ਦਾ ਸ਼ਿਕਾਰ ਵੀ ਹੋਏ।

ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ਦੇ ਇਤਿਹਾਸ ਨੂੰ ਵਰਣਨ ਕਰਦਿਆਂ ਸੀਤਲ ਜੀ ਨੇ ਜਿਨ੍ਹਾਂ ਸ੍ਰੋਤਾ ਨੂੰ ਆਧਾਰ ਬਣਾਇਆ ਉਨ੍ਹਾਂ ਵਿਚ ਹਿਸਟਰੀ ਆਫ ਪੰਜਾਬ ਕਰਤਾ ਸਯਦ ਮੁਹੰਮਦ ਲਤੀਫ਼, ਰਾਜ ਖਾਲਸਾ ਉਰਦੂ, ਗਿਆਨੀ ਗਿਆਨ ਸਿੰਘ, ਹਿਸਟਰੀ ਆਫ ਸਿੱਖਜ਼, ਮੈਕਗ੍ਰੇਗਰ, ਰਾਉਸਾ-ਏ-ਪੰਜਾਬ ਸ਼ਯਦ ਨਵਾਜਸ ਅਲੀ, ਪੰਜਾਬ ਚੀਫਸ-ਸਰ ਲੇਪਲ ਗ੍ਰਿਫਨ, ਹਿਸਟਰੀ ਆਫ ਸਿੱਖਜ਼ ਕਨਿੰਘਮ, ਹਿਸਟਰੀ ਆਫ ਸਿੱਖਜ਼, ਡਾ: ਹਰੀ ਰਾਮ ਗੁਪਤਾ, ਪੰਜਾਬ ਮੁਗਲ, ਪੰਥ ਪ੍ਰਕਾਸ਼, ਰਤਨ ਸਿੰਘ (ਭੰਗੂ), ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ, ਪੰਜਾਬ ਰਾਜ ਕਲਕੱਤਾ ਰੀਵੀਊ ਸਾਲ ੧੮੭੫, ਰਾਉਸਾਏ ਬ-ਅਖਤਿਆਰ, ਭਗਵਾਨ ਦਾਸ, ਵਾਈਟ ਪੇਪਰ ਆਫ ਦੀ ਇੰਡੀਅਨ ਸਟੇਟਸ, ਗੌਰਮਿੰਟ ਆਫ ਇੰਡੀਆ ੧੯੫੦, ਖੁਸਵਕਤ ਰਾਏ, ਬੰਸਾਵਲੀ ਰਿਆਸਤ ਨਾਭਾ ਆਦਿ ਹਨ। ਇਤਿਹਾਸਕਾਰੀ ਪੱਖੋਂ ਪੁਸਤਕ ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ਇਕ ਉੱਚ ਪਾਏ ਦੀ ਮਹੱਤਵਪੂਰਣ ਜਾਣਕਾਰੀ ਦੇਣ ਵਾਲੀ ਹੈ। ਸਿੱਖ ਮਿਸਲਾਂ ਤੇ ਉਨ੍ਹਾਂ ਪਿੱਛੇ ਹੋਏ ਸਰਦਾਰ ਘਰਾਣਿਆਂ ਬਾਰੇ ਜਾਣਕਾਰੀ ਲੈਣ ਵਾਲੇ ਅਤੇ ਖੋਜ ਕਰਨ ਵਾਲੇ ਜਗਿਆਸੂਆਂ ਲਈ ਇਹ ਆਧਾਰ- ਪੁਸਤਕ ਬਣਨ ਦੇ ਪੂਰੀ ਤਰ੍ਹਾਂ ਸਮਰੱਥ ਹੈ।

ਹਵਾਲੇ ਅਤੇ ਟਿੱਪਣੀਆਂ

੧. What is History E.H. Carr, Penguin Books, England, 1980, Page 9.

੨. ਉਹੀ, ਸਫ਼ਾ ੧੦.

੩. ਉਹੀ

੪. ਉਹੀ, ਸਫ਼ਾ ੧੯.

੫. ਮੌਖਿਕ ਇਤਿਹਾਸ, ਗੁਰਬਚਨ ਸਿੰਘ (ਨਈਅਰ), ਨੈਸ਼ਨਲ ਬੁੱਕ ਆਰਗੇਨਾਈਜੇਸ਼ਨ, ਦਿੱਲੀ,

੧੯੯੦, ਸਫ਼ਾ ੭.
੬. ਮੇਰੀ ਸਾਹਿਤਕ ਜੀਵਨੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੫, ਸਫ਼ਾ ੪੫-੪੬.
੭. ਉਹੀ
੮. ਉਹੀ, ਸਫ਼ਾ ੪੭ - ੪੮.
੯. ਵੇਖੀ ਮਾਣੀ ਦੁਨੀਆਂ, ਸੋਹਣ ਸਿੰਘ ਸੀਤਲ, ਸੀਤਲ ਪੁਸਤਕ ਭੰਡਾਰ, ਲੁਧਿਆਣਾ, ੧੯੮੩, ਸਫ਼ਾ ੩੩੭.
੧੦. ਸਿੱਖ ਇਤਿਹਾਸ ਦੇ ਸੋਮੇ, ਗਿ: ਸੋਹਣ ਸਿੰਘ ਸੀਤਲ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਜੀ ਵਾਰ, ੨੦੦੦, ਸਫ਼ਾ ੧੬.
੧੧. ਮੇਰੀ ਸਾਹਿਤਕ ਸਵੈ-ਜੀਵਨੀ, ਸਫ਼ਾ ੪੯-੫੦.
੧੨. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ਸੋਹਣ ਸਿੰਘ ਸੀਤਲ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ੧੯੭੯, ਸਫ਼ਾ ੯-੧੦.
੧੩. ਉਹੀ, ਸਫ਼ਾ ੧੧ - ੧੨.
੧੪. ਉਹੀ, ਸਫ਼ਾ ੧੨ - ੧੫.
੧੫. ਉਹੀ, ਸਫ਼ਾ ੧੫ - ੧੬.
੧੬. ਉਹੀ, ਸਫ਼ਾ ੧੭ - ੧੮.

ਢਾਡੀ ਕਲਾ ਦੇ ਇਤਿਹਾਸ ਵਿਚ ਸੀਤਲ ਜੀ ਦਾ ਸਥਾਨ

-ਢਾਡੀ ਗੁਰਦਿਆਲ ਸਿੰਘ ਲੱਖਪੁਰ

ਢਾਡੀ ਕਲਾ ਦੇ ਇਤਿਹਾਸਕ ਪਿਛੋਕੜ ਨੂੰ ਵਾਚਣ 'ਤੇ ਇਹ ਸਪਸ਼ਟ ਹੁੰਦਾ ਹੈ ਕਿ ਢਾਡੀ ਕਲਾ ਸਾਊਦੀ ਅਰਬ ਵਿੱਚੋਂ ਚੱਲ ਕੇ ਮੁਸਲਿਮ ਬਾਦਸ਼ਾਹ ਮੁਹੰਮਦ ਬਿਨ ਕਾਸਿਮ ਦੇ ਨਾਲ ਭਾਰਤ ਪ੍ਰਵੇਸ਼ ਕੀਤੀ, ਆਪਣੇ ਜ਼ੋਰਦਾਰ ਅਸਰ ਸਦਕਾ ਇਸ ਕਲਾ ਨੇ ਰਾਜਸਥਾਨ ਵਿਚ ਰਾਜਪੂਤਾਨਾ ਸ਼ਾਹੀ ਦਰਬਾਰ ਦਾ ਸ਼ਿੰਗਾਰ ਬਣ ਕੇ ਪਛਾਣ ਕਾਇਮ ਕਰਨ ਦੇ ਨਾਲ-ਨਾਲ ਇਸ ਕਲਾ ਨੇ ਫਿਰ ਪੰਜਾਬ ਵੱਲ ਨੂੰ ਆਪਣਾ ਰੁਖ਼ ਕਰ ਕੇ ਵੱਡੀ ਪ੍ਰਸਿੱਧੀ ਪ੍ਰਾਪਤ ਕੀਤੀ।

ਪੰਜਾਬ ਵਿਚ ਇਹ ਕਲਾ ਮਰਾਸੀ ਕਬੀਲੇ ਨੇ ਆਪਣੇ ਕਿੱਤੇ ਦੇ ਸਾਧਨ ਵਜੋਂ ਫਸਲਾਂ ਦੀ ਆਮਦ ਸਮੇਂ ਖੇਤਾਂ-ਖਲਵਾੜਿਆਂ ਵਿਚ ਜਾ ਕੇ ਕਿਸਾਨਾਂ ਦੀ ਸਿਫਤ ਵਿਚ ਗਾ-ਗਾ ਕੇ ਅਨਾਜ ਵਗੈਰਾ ਇਕੱਠਾ ਕਰਨ ਜਾਂ ਵਿਆਹਾਂ-ਸ਼ਾਦੀਆਂ ਅਤੇ ਖ਼ੁਸ਼ੀ ਦੇ ਮੌਕਿਆਂ 'ਤੇ ਗਾ ਕੇ ਆਪਣਾ ਜੀਵਨ-ਨਿਰਬਾਹ ਕਰਨ ਲਈ ਸਭ ਤੋਂ ਪਹਿਲਾਂ ਅਪਣਾਈ।

ਭਾਈ ਕਾਹਨ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ 'ਢਾਡੀ' ਸ਼ਬਦ ਦੇ ਅਰਥ ਢੱਡਾਂ ਵਜਾ ਕੇ ਯੋਧਿਆਂ ਦੀਆਂ ਵਾਰਾਂ ਜਾਂ ਜੱਸ ਗਾਉਣ ਵਾਲੇ ਕੀਤੇ ਹਨ, ਗੁਰਬਾਣੀ ਅਨੁਸਾਰ ਅਕਾਲ ਪੁਰਖ ਦਾ ਕੀਰਤਨ ਕਰਨ ਵਾਲੇ ਨੂੰ 'ਢਾਢੀ' ਬਿਆਨਿਆ ਗਿਆ ਹੈ:

ਹਉ ਢਾਢੀ ਹਰਿ ਪ੍ਰਭ ਖਸਮ ਕਾ॥

ਤੀਜੇ ਗੁਰੂ ਅਮਰਦਾਸ ਜੀ 'ਗੂਜਰੀ ਕੀ ਵਾਰ' ਵਿਚ ਢਾਡੀ ਸ਼ਬਦ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਕਰਦੇ ਹਨ:

ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ॥ ,
ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥
ਢਾਢੀ ਦਰੁ ਘਰੁ ਪਾਇਸੀ ਸਚੁ ਰਖੈ ਉਰ ਧਾਰਿ॥
ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰਿ॥
ਢਾਢੀ ਕੀ ਸੇਵਾ ਚਾਕਰੀ ਹਰਿ ਜਪਿ ਹਰਿ ਨਿਸਤਾਰਿ॥ *(ਪੰਨਾ ੫੧੬)*

ਭਾਈ ਗੁਰਦਾਸ ਜੀ ਦੀਆਂ ਵਾਰਾਂ ਅੰਦਰ ਵੀ 'ਢਾਢੀ' ਸ਼ਬਦ ਦਾ ਵਰਣਨ ਇਸ ਤਰ੍ਹਾਂ ਮਿਲਦਾ ਹੈ:

ਢਾਢੀ ਵਾਰਾਂ ਗਾਂਵਦੇ ਵੈਰ ਵਿਰੋਧ ਜੋਧ ਸਾਲਾਹੀ॥

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਹ ਜਾਣ ਲਿਆ ਸੀ ਕਿ ਸਿੱਖੀ ਦੀ ਚੜ੍ਹਤ ਨੂੰ ਕਾਇਮ-ਦਾਇਮ ਰੱਖਣ ਲਈ ਭਗਤੀ ਦੇ ਨਾਲ-ਨਾਲ ਸ਼ਕਤੀ ਦੀ ਵੀ ਬਹੁਤ ਜ਼ਰੂਰਤ ਹੈ, ਇਸ ਲਈ ਛੇਵੇਂ ਗੁਰੂ ਸਾਹਿਬ ਜੀ ਦੇ ਗੁਰਿਆਈ ਕਾਲ ਦੌਰਾਨ ਇਸ ਕਲਾ ਨੇ ਖਾਸ ਮੁਹਾਰਤ ਹਾਸਿਲ ਕੀਤੀ, ਸਿੱਖ ਇਤਿਹਾਸ ਨੂੰ ਵਾਰਾਂ ਰਾਹੀਂ ਗਾ ਕੇ ਪ੍ਰਚਾਰਨ ਲਈ ਗੁਰੂ ਸਾਹਿਬ ਜੀ ਨੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਸੁਰ ਸਿੰਘ ਦੇ ਦੋ ਢਾਡੀ ਭਾਈ ਨੱਥਾ ਮੱਲ ਜੀ ਅਤੇ ਭਾਈ

ਅਬਦੁੱਲਾ ਜੀ ਨੂੰ ਗੁਰੂ-ਘਰ ਵਿਚ ਪਹਿਲੇ ਮਨਜ਼ੂਰਸ਼ੁਦਾ ਢਾਡੀ ਹੋਣ ਦਾ ਮਾਣ ਬਖਸ਼ਿਸ਼ ਕੀਤਾ।

ਭਾਈ ਨੱਥਾ ਜੀ ਅਤੇ ਭਾਈ ਅਬਦੁੱਲਾ ਜੀ ਨੇ ਪਹਿਲੀਆਂ ਚਾਰ ਵਾਰਾਂ ਗੁਰੂ ਹਰਿਗੋਬਿੰਦ ਸਾਹਿਬ ਦੀ ਸਿਫ਼ਤ ਵਿਚ ਲਿਖੀਆਂ। ਪਹਿਲੀ ਵਾਰ ਜੋ ਇਨ੍ਹਾਂ ਢਾਡੀਆਂ ਨੇ 'ਸ਼ੁੱਧ ਰਸਾਲੂ' ਰਾਗ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਸਿਫਤ ਗਾਈ ਉਹ ਇਸ ਤਰ੍ਹਾਂ ਸੀ:

'ਦੋ ਤਲਵਾਰੀਂ ਬੱਧੀਆਂ, ਇਕ ਮੀਰੀ ਦੀ ਇਕ ਪੀਰਿ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟਗੜ੍ਹ, ਦਰਵਾਜ਼ਾ ਬਲਖ ਬਖੀਰ ਦੀ।
ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।
ਪੱਗ ਤੇਰੀ, ਕੀ ਜਹਾਂਗੀਰ ਦੀ?'

ਭਾਵ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਹਮਣੇ ਜਹਾਂਗੀਰ ਬਾਦਸ਼ਾਹ ਵਰਗਿਆਂ ਦੀ ਹੈਸੀਅਤ ਕੋਈ ਅਹਿਮੀਅਤ ਨਹੀਂ ਰੱਖਦੀ। ਇਸ ਤਰ੍ਹਾਂ ਢਾਡੀਆਂ ਦਾ ਢੱਡ ਸਾਰੰਗੀ ਨਾਲ ਉੱਚੀ ਹੇਕ ਵਿਚ ਬੀਰ-ਰਸੀ ਵਾਰਾਂ ਗਾਉਣ ਸਦਕਾ ਇਸ ਕਲਾ ਨੇ ਲੋਕਾਂ ਦੇ ਮਨ ਨੂੰ ਮੋਹ ਲਿਆ। ਗੁਰੂ ਸਾਹਿਬ ਜੀ ਨੇ ਇਸ ਕਲਾ ਨੂੰ ਉਤਸ਼ਾਹਿਤ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਢਾਡੀ-ਵਾਰਾਂ ਦਾ ਗਾਇਨ ਅਰੰਭ ਕਰਵਾਇਆ। ਢਾਡੀਆਂ ਨੂੰ ਸੰਬੋਧਨ ਕਰ ਕੇ ਗੁਰੂ ਸਾਹਿਬ ਜੀ ਨੇ ਇਸ ਤਰ੍ਹਾਂ ਕਿਹਾ ਕਿ, "ਹੁਣ ਲੋੜ ਹੈ ਕਿ ਤੁਹਾਡੇ ਸਾਜ਼ਾਂ ਵਿੱਚੋਂ ਲਲਕਾਰਾਂ ਨਿਕਲਣ। ਤੁਹਾਡੀਆਂ ਸੁਰਾਂ ਕੌਮ ਨੂੰ ਵੰਗਾਰਨ। ਤੁਹਾਡੀ ਢੱਡ ਦੀ ਠੱਪ ਜਨਤਾ ਨੂੰ ਟੁੰਬ ਕੇ ਜਗਾਏ ਤੁਹਾਡੇ ਗਜ ਦੇ ਘੁੰਗਰੂ ਕੁਰਬਾਨੀ ਲਈ ਦਿਲਾਂ ਵਿਚ ਚਾਅ ਪੈਦਾ ਕਰਨ।"

'ਵਾਰ' ਦੀ ਪਰਿਭਾਸ਼ਾ ਨੂੰ ਸਪਸ਼ਟ ਕਰਨ ਲਈ ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਵਾਰ ਯੁੱਧ ਕਾਵਿ ਦੀ ਉਸ ਰਚਨਾ ਨੂੰ ਕਹਿੰਦੇ ਹਨ ਜਿਸ ਵਿਚ ਸੂਰਬੀਰ ਯੋਧੇ ਦੀ ਸੂਰਬੀਰਤਾ ਦਾ ਵਰਣਨ ਹੋਵੇ ਅਤੇ ਜੋ ਸ੍ਰੋਤਿਆਂ ਵਿਚ ਉਤਸ਼ਾਹ ਪੈਦਾ ਕਰੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਪ੍ਰਕਾਰ ਦੀਆਂ ੯ ਵਾਰਾਂ ਦੀਆਂ ਧੁਨੀਆਂ ਦਾ ਜ਼ਿਕਰ ਮਿਲਦਾ ਹੈ।

ਦਸ ਗੁਰੂ ਸਾਹਿਬਾਨ ਦੇ ਜੀਵਨ-ਕਾਲ ਦੌਰਾਨ ਢਾਡੀਆਂ ਨੂੰ ਅਤੇ ਢਾਡੀ-ਕਲਾ ਨੂੰ ਪੂਰਨ ਸਤਿਕਾਰ ਮਿਲਦਾ ਰਿਹਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ ਸਮੇਂ ਜੰਗਨਾਮੇ ਅਤੇ ਵਾਰਾਂ ਵਿੱਚੋਂ ਚੰਡੀ ਦੀ ਵਾਰ, ਦਸਮ ਗ੍ਰੰਥ ਵਾਲੀ ਮਾਲਕੌਂਸ ਦੀ ਵਾਰ, ਸਰਬ ਲੋਹ ਵਾਲੀ ਭਗਉਤੀ ਦੀ ਵਾਰ ਅਤੇ ਅਣੀ ਰਾਇ ਦਾ ਲਿਖਿਆ ਹੋਇਆ ਜੰਗਨਾਮਾ, ਬੀਰ ਰਸ ਦੇ ਉੱਤਮ ਨਮੂਨੇ ਹਨ। ਦਸਮ ਪਿਤਾ ਦੇ ਦਰਬਾਰ ਵਿਚ ਉਸ ਸਮੇਂ ਦੇ ਪ੍ਰਸਿੱਧ ਢਾਡੀ ਮੀਰ ਛਬੀਲਾ ਅਤੇ ਮੁਸ਼ਕੀ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਸਨਮਾਨ ਬਖ਼ਸ਼ਿਸ਼ ਕਰ ਕੇ ਆਪਣੇ ਦਰਬਾਰ ਵਿਚ ਰੱਖਿਆ ਸੀ, ਇਨ੍ਹਾਂ ਢਾਡੀਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੇ ਗਏ ਯੁੱਧਾਂ ਅਤੇ ਜੰਗਾਂ ਦਾ ਵਰਣਨ ਵਾਰਾਂ ਵਿਚ ਕੀਤਾ ਮਿਸਾਲ ਦੇ ਤੌਰ 'ਤੇ ਭੰਗਾਣੀ ਦੀ ਵਾਰ ਵਿੱਚੋਂ:

ਬਾਣ ਬੰਦੂਕ ਹੱਥ ਨਾਲ ਗੋਲਾ ਛੁਟੈ,
ਮਹਾਂ ਭਜ ਭੀਮ ਕੀਨੋਂ ਕੜਾਕਾ।
ਸੂਰ ਸਾਮੁਹਿ ਭਿੜੇ, ਦੇਵ ਦਾਨਵ ਡਰੇ,
ਲੰਕਾ ਪਤਿ ਲਰਜਿਯੋ ਖਾ ਧੜਾਕਾ।

ਹੂਰ ਬੀਰਨ ਬਰੀ, ਰੱਤ ਜੋਗਨ ਤਰੀ,
ਖੋਪਰੀ ਦੇਤ ਕਾਲੀ ਜੜਾਕਾ।

ਇਸੇ ਸਮੇਂ ਵਿਚ ਭਾਈ ਸੁਖੂ ਅਤੇ ਭਾਈ ਬੁੱਧੂ ਨਾਮ ਦੇ ਢਾਡੀਆਂ ਦਾ ਜ਼ਿਕਰ ਵੀ ਆਉਂਦਾ ਹੈ ਜੋ ਮਾਲਵੇ ਦੇ ਬਾਜਕ ਨਗਰ ਵਿਚ ਗੁਰੂ ਸਾਹਿਬ ਨੂੰ ਮਿਲੇ, ਇਨ੍ਹਾਂ ਢਾਡੀਆਂ ਨੇ ਮਲਵਈ ਵਿਚ ਇਕ 'ਸੱਦ' ਗੁਰੂ ਸਾਹਿਬ ਜੀ ਨੂੰ ਸੁਣਾਈ:

ਢੱਢ ਸਾਰੰਗੀ ਜਬ ਲੈ ਆਏ। ਦੋਨਹੁ ਖੰਰੇ ਭਏ ਅਗਵਾਏ।
ਪ੍ਰਭ ਬੋਲੈਂ ਤੁਮ ਗਾਇ ਸੁਨਾਵਹੁ। ਜਥਾ ਮਹੇਸ਼ ਅਪਰ ਬਲ ਗਾਵਹੁ।
ਸੁਨਿ ਕਰਿ ਹੁਕਮ ਦਿਵਾਨੇ ਦੋਉ। ਕਰੀ ਸਾਰੰਗੀ ਸੁਰ ਮਿਲਿ ਸੋਉ।
ਜੰਗਲ ਦੇਸ ਸੱਦ ਹੁਇ ਜੈਸੇ। ਊਚੇਸੁਰ ਗਾਵਨ ਲਗਿ ਤੈਸੇ।
ਕੱਚਾ ਕੋਠਾ ਵਿਚ ਵਸਦਾ ਜਾਨੀ। ਸਦਾ ਨਾ ਮਾਪੇ ਨਿਤ ਨਹੀ ਜੁਆਨੀ।
ਚਲਣਾ ਆਇ ਹੋਇ ਗੁਮਾਨੀ।

ਬਾਅਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਸਿੱਖ ਮਿਸਲਾਂ ਵੇਲੇ ਤਕ ਢਾਡੀ ਕਲਾ ਪੂਰੇ ਜੋਬਨ 'ਤੇ ਰਹੀ, ਅਜੋਕੀ ਢਾਡੀ ਪਰੰਪਰਾ ਦਾ ਮੁੱਢ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ-ਕਾਲ ਦੌਰਾਨ ਸ਼ੁਰੂ ਹੋਇਆ। ਜਦੋਂ ੧੮੭੯ ਈ. ਵਿਚ ਸਿੰਘ ਸਭਾ ਲਹਿਰ ਦੀ ਸ਼ੁਰੂਆਤ ਹੋਈ ਤਾਂ ਇਸ ਕਲਾ ਨੂੰ ਪ੍ਰਚਾਰਨ ਵਾਲੇ ਭਾਈ ਸੁੰਦਰ ਸਿੰਘ, ਭਾਈ ਲੱਭੂ, ਭਾਈ ਸ਼ੇਰੂ ਆਦਿਕ ਢਾਡੀਆਂ ਨੇ ਭਰਪੂਰ ਯੋਗਦਾਨ ਪਾਇਆ। ਮਹਾਰਾਜਾ ਰਣਜੀਤ ਸਿੰਘ ਨੇ ਤਾਂ ਆਪਣੇ ਸ਼ਾਸਨ-ਕਾਲ ਦੌਰਾਨ ਇਨ੍ਹਾਂ ਢਾਡੀਆਂ ਦੀ ਸਰਕਾਰੀ ਭਰਤੀ ਹੀ ਕਰ ਲਈ ਸੀ, ਬੇਸ਼ੱਕ ਸਿੱਖ ਪੰਥ ਲਈ ੧੭੧੦ ਈ. ਤੋਂ ਲੈ ਕੇ ੧੭੬੫ ਈ. ਦਾ ਸਮਾਂ ਘੋਰ ਸੰਕਟ ਦਾ ਸੀ, ਸਿੰਘ ਸਭਾ ਲਹਿਰ ਦੇ ਸਮੇਂ ਦੌਰਾਨ ਇਸ ਕਲਾ ਨੂੰ ਮਹੰਤਾਂ ਦੇ ਪ੍ਰਭਾਵ ਹੇਠ ਆ ਜਾਣ ਕਰਕੇ ਬਹੁਤ ਨੁਕਸਾਨ ਉਠਾਉਣਾ ਪਿਆ, ਪਰ ਇਨ੍ਹਾਂ ਢਾਡੀਆਂ ਨੇ ਅਤੇ ਢਾਡੀਆਂ ਦੁਆਰਾ ਗਾਈਆਂ ਗਈਆਂ ਵਾਰਾਂ ਨੇ ਇਸ ਘੋਰ ਸੰਕਟ ਦੇ ਸਮੇਂ ਵਿਚ ਵੀ ਸਿੱਖ-ਪੰਥ ਦਾ ਪੱਲਾ ਘੁੱਟ ਕੇ ਫੜੀ ਰੱਖਿਆ ਅਤੇ ਸਮੇਂ- ਸਮੇਂ ਦੇਸ਼ ਅਤੇ ਧਰਮ ਤੋਂ ਜੂਝਣ ਵਾਲੇ ਸੂਰਮੇ ਤਿਆਰ ਕੀਤੇ, ਜਿਨ੍ਹਾਂ ਨੇ ਹਜ਼ਾਰਾਂ ਮਰਜੀਵੜਿਆਂ ਨੂੰ ਕੁਰਬਾਨੀਆਂ ਦੇਣ ਲਈ ਤਿਆਰ ਕੀਤਾ।

੧੯ਵੀਂ ਸਦੀ ਦੇ ਸਿਰਮੌਰ ਢਾਡੀ ਬਾਬਾ ਕਿਸ਼ਨ ਸਿੰਘ 'ਕੜਤੋੜ', ਕਵੀ ਸੋਹਣ ਸਿੰਘ ਘੁੱਕੇਵਾਲੀਆ, ਭਾਈ ਸੋਹਣ ਸਿੰਘ ਭੀਲ੍ਹਾ ਤੋਂ ਬਾਅਦ ਸਾਦ-ਮੁਰਾਦੇ, ਮਿੱਠ ਬੋਲੜੇ ਅਤੇ ਸਹਿਜ ਵਿਚ ਵਿਚਰਨ ਵਾਲੇ ਮਹਾਨ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਦਾ ਨਾਮ ਕਿਸੇ ਵਿਸ਼ੇਸ਼ ਜਾਣਕਾਰੀ ਦਾ ਮੁਥਾਜ ਨਹੀਂ ਹੈ, ਅਗਸਤ ੧੯੦੯ ਜ਼ਿਲ੍ਹਾ ਲਾਹੌਰ ਵਿਚ ਜਨਮੇ ਪੰਥਕ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਦਾ ਢਾਡੀ- ਸ਼੍ਰੇਣੀ ਵਿੱਚੋਂ ਸਭ ਤੋਂ ਵੱਧ ਪੜ੍ਹੇ-ਲਿਖੇ ਹੋਣ ਕਰਕੇ ਅਤੇ ਸਿੱਖ ਇਤਿਹਾਸ ਪ੍ਰਤੀ ਪੂਰੀ ਜਾਣਕਾਰੀ ਰੱਖਣ ਕਰਕੇ ਬਹੁਤ ਉੱਚਾ ਰੁਤਬਾ ਹੈ। ਆਪ ਜੀ ਦੁਆਰਾ ਗਾਈਆਂ ਜਾਂਦੀਆਂ ਢਾਡੀ-ਵਾਰਾਂ ਨੂੰ ਸ੍ਰੋਤੇ ਵਧੇਰੇ ਉਤਸੁਕਤਾ ਨਾਲ ਸੁਣਦੇ ਸਨ, ਆਪ ਜੀ ਦੇ ਲੈਕਚਰਾਂ ਦੀ ਇਹ ਖ਼ੂਬੀ ਸੀ ਕਿ ਆਪ ਸਟੇਜ 'ਤੇ ਮਨਘੜਤ ਟਿੱਪਣੀਆਂ ਨੂੰ ਛੱਡ ਕੇ ਸਿਰਫ਼ ਸਿੱਖ ਇਤਿਹਾਸ ਦੀ ਗੱਲ ਕਰਦੇ ਸਨ ਅਤੇ ਸਟੇਜ ਦੇ ਬਹੁਤ ਥੋੜ੍ਹੇ ਸਮੇਂ ਵਿਚ ਹੀ ਬਹੁਤ ਕੁਝ ਸ੍ਰੋਤਿਆਂ ਦੇ ਪੱਲੇ ਪਾ ਜਾਂਦੇ ਸਨ, ਇਸ ਦਾ ਖਾਸ ਕਾਰਨ ਉਨ੍ਹਾਂ ਦੀ ਇਤਿਹਾਸ ਦੀ ਪੂਰੀ ਜਾਣਕਾਰੀ ਸੀ, ਸਿੱਖ ਇਤਿਹਾਸ ਦੀ ਛਤਰ-ਛਾਇਆ ਹੇਠ ਆਪਣੇ

ਪ੍ਰਸੰਗ ਆਪ ਲਿਖ ਕੇ ਗਾਉਣ ਅਤੇ ਪੇਸ਼ ਕਰਨ ਵਿਚ ਸੀਤਲ ਸਾਹਿਬ ਨੇ ਇਕ ਵੱਖਰੀ ਪਛਾਣ ਸਥਾਪਿਤ ਕੀਤੀ।

ਵਿਆਖਿਆ ਦੇ ਢੰਗ ਵਿਚ ਵੀ ਸੀਤਲ ਸਾਹਿਬ ਨੇ ਇੰਨੀ ਤਬਦੀਲੀ ਲਿਆਂਦੀ ਕਿ ਬੀਤੇ ਸਿੱਖ ਇਤਿਹਾਸ ਨੂੰ ਵਰਤਮਾਨ ਸਿੱਖ ਇਤਿਹਾਸ ਨਾਲ ਮਿਲਾ ਕੇ ਪੇਸ਼ ਕਰਨਾ ਸ਼ੁਰੂ ਕੀਤਾ, ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਦਾ ਵਰਣਨ ਆਪ ਦੇ ਬੋਲਾਂ ਵਿੱਚੋਂ ਝਰਨੇ ਦੇ ਪਾਣੀ ਵਾਂਗ ਫੁੱਟ ਤੁਰਦਾ, ਗਜ਼ਬ ਦੀ ਪੇਸ਼ਕਾਰੀ, ਇਤਿਹਾਸਕ ਵੇਰਵਿਆਂ, ਨਾਵਾਂ ਅਤੇ ਥਾਵਾਂ ਦਾ ਵਰਣਨ ਬਿਨਾਂ ਰੁਕਿਆਂ, ਬਿਨਾਂ ਕਿਸੇ ਭਰਮ-ਭੁਲੇਖੇ ਦੇ ਬੇਝਿਜਕ ਹੋ ਕੇ ਕਰ ਜਾਣਾ, ਇਹੀ ਕਾਰਨ ਸੀ ਕਿ ਲੱਖਾਂ ਦੀ ਗਿਣਤੀ ਵਿਚ ਬੈਠੇ ਸ੍ਰੋਤੇ ਆਪ ਨੂੰ ਬਿਨਾਂ ਅੱਕਿਆਂ-ਥੱਕਿਆਂ ਮੰਤਰ-ਮੁਗਧ ਹੋ ਕੇ ਸੁਣਦੇ, ਕਿਉਂਕਿ ਸੀਤਲ ਸਾਹਿਬ ਆਪਣੇ ਪ੍ਰਸੰਗਾਂ ਵਿਚ ਕਬਿੱਤ, ਬੈਂਤ, ਅਲਗੋਜੇ, ਕਲੀ ਆਦਿ ਛੰਦਾਂ ਨੂੰ ਬਾਖ਼ੂਬੀ ਪੇਸ਼ ਕਰਦੇ ਸਨ। ਹਰੇਕ ਪ੍ਰਸੰਗ ਉੱਪਰ ਉਨ੍ਹਾਂ ਦੀ ਪੂਰੀ ਪਕੜ ਸੀ, ਕੋਈ ਵੀ ਆਪ ਜੀ ਦਾ ਪ੍ਰਸੰਗ ਇਸ ਤਰ੍ਹਾਂ ਦਾ ਨਹੀਂ ਜੋ ਸ੍ਰੋਤਿਆਂ ਵਿਚ ਮਕਬੂਲ ਨਾ ਹੋਇਆ ਹੋਵੇ।

ਜੇਕਰ ਪੰਥਕ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਦੁਆਰਾ ਲਿਖੇ ਢਾਡੀ ਸਾਹਿਤ ਦੀ ਗੱਲ ਕਰੀਏ, ਤਾਂ ਇੰਞ ਲੱਗਦਾ ਹੈ ਕਿ ਸੀਤਲ ਸਾਹਿਬ ਨੇ ਢਾਡੀ ਸਾਹਿਤ ਦੀ ਤਾਂ ਜਿਵੇਂ ਝੜੀ ਹੀ ਲਾ ਦਿੱਤੀ ਹੋਵੇ। ਆਪ ਜੀ ਦੁਆਰਾ ਲਿਖੀਆਂ ਅਤੇ ਗਾਈਆਂ ਜਾਂਦੀਆਂ ਵਾਰਾਂ ਵਿੱਚੋਂ ਵਾਰ ਸ਼ਹੀਦੀ ਗੁਰੂ ਤੇਗ ਬਹਾਦਰ ਜੀ, ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ, ਭਾਈ ਬਿਧੀ ਚੰਦ ਦੇ ਘੋੜੇ, ਸ਼ਹੀਦੀ ਹਕੀਕਤ ਰਾਏ ਆਦਿ ਬਹੁਤ ਪ੍ਰਸਿੱਧ ਵਾਰਾਂ ਹਨ।

ਢਾਢੀ ਕਰੇ ਪਸਾਉ ਸਬਦੁ ਵਜਾਇਆ

(ਸੀਤਲ ਜੀ ਦੇ ਪਾਠਕ ਹੋਣ ਦਾ ਅਨੁਭਵ)

-ਡਾ. ਜਤਿੰਦਰਪਾਲ ਸਿੰਘ ਜੌਲੀ

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਢਾਡੀ ਸਿੰਘਾਂ ਪਾਸੋਂ ਵਾਰਾਂ ਸ੍ਰਵਣ ਕਰਦਿਆਂ ਹਰ ਦੂਜੇ-ਤੀਜੇ ਜਥੇ ਮੂੰਹੋਂ 'ਬਾਪੂ ਸੋਹਣ ਸਿੰਘ ਸੀਤਲ' ਦਾ ਮੋਹ ਭਿੱਜੇ ਸ਼ੁਕਰਾਨੇ ਸਹਿਤ, ਜ਼ਿਕਰ ਸੁਣਨ ਨੂੰ ਅਕਸਰ ਮਿਲ ਜਾਂਦਾ ਹੈ। ਯੂਨੀਵਰਸਿਟੀਆਂ ਜਾਂ ਹੋਰ ਸਾਹਿਤਕ ਅਦਾਰਿਆਂ ਵਿਚ ਵਿਚਰਦਿਆਂ ਨਾਵਲਕਾਰ ਗਿਆਨੀ ਸੋਹਣ ਸਿੰਘ ਸੀਤਲ ਦੇ ਬਹੁਮੁੱਲੇ ਕੰਮ ਦੀ ਸ਼ਲਾਘਾ ਸੁਣਨ ਨੂੰ ਮਿਲਦੀ ਹੈ। ਦਸਵੀਂ ਜਮਾਤ ਦੇ ਪਾਠ-ਕ੍ਰਮ ਵਿਚ ਪੜ੍ਹੇ ਸੀਤਲ ਜੀ ਦੇ ਨਾਵਲ 'ਤੂਤਾਂ ਵਾਲਾ ਖੂਹ' ਤੋਂ ਲੈ ਕੇ ਬੀ.ਏ., ਐੱਮ.ਏ. ਪੱਧਰ ਦੇ ਸਿਲੇਬਸਾਂ ਦੇ ਨਾਲ-ਨਾਲ ਐੱਮ.ਫਿਲ. ਅਤੇ ਪੀ.ਐੱਚ.ਡੀ. ਤਕ ਦੇ ਉਚੇਰੇ ਖੋਜ- ਕਾਰਜਾਂ ਵਿਚ ਸੀਤਲ-ਰਚਨਾਵਲੀ ਨੂੰ ਉਚੇਚ ਨਾਲ ਆਧਾਰ-ਸਮੱਗਰੀ ਵਜੋਂ ਗ੍ਰਹਿਣ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਦੀ ਪ੍ਰਮਾਣਿਕਤਾ ਘੋਖਣੀ ਹੋਵੇ ਤਾਂ ਗਿਆਨੀ ਸੋਹਣ ਸਿੰਘ ਸੀਤਲ ਦੇ ਰਚੇ ਗ੍ਰੰਥਾਂ ਨੂੰ ਵਾਚਿਆ ਜਾਂਦਾ ਹੈ। ਭੁੱਲੇ-ਵਿੱਸਰੇ ਲੋਕ-ਵਿਰਸੇ ਦੇ ਉਚਿਤ ਪਰਿਪੇਖ ਗ੍ਰਹਿਣ ਕਰਨੇ ਹੋਣ ਤਾਂ ਗਿਆਨੀ ਸੋਹਣ ਸਿੰਘ ਸੀਤਲ ਦੀ ਜੀਵਨੀ 'ਵੇਖੀ ਮਾਣੀ ਦੁਨੀਆਂ' ਪੜ੍ਹਨੀ ਪੈਂਦੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਉਸੇ ਕਿਤਾਬ ਤੋਂ ਲੇਖਕਾਂ ਪਾਸੋਂ 'ਮੇਰੀ ਸਾਹਿਤਕ ਸ੍ਵੈ-ਜੀਵਨੀ' ਨਾਮਕ ਪੁਸਤਕ ਲੜੀ ਲਿਖਵਾਉਣ ਦੀ ਪ੍ਰੇਰਨਾ ਮਿਲਦੀ ਹੈ ਤੇ ਉਸ ਲੜੀ ਦਾ ਅਰੰਭ ਵੀ ੧੯੮੬ ਈ. ਵਿਚ ਗਿਆਨੀ ਸੋਹਣ ਸਿੰਘ ਸੀਤਲ ਪਾਸੋਂ ਹੀ ਪਹਿਲੀ ਸਾਹਿਤਕ ਸ੍ਵੈ-ਜੀਵਨੀ ਪੁਸਤਕ ਲਿਖਵਾ ਕੇ ਕੀਤਾ ਜਾਂਦਾ ਹੈ।

ਏਨੇ ਵਸਫ਼ਾਂ (ਸਾਹਿਤਕ ਗੁਣਾਂ) ਨਾਲ ਭਰਪੂਰ ਅਤੇ ਏਨੇ ਹਲਕਿਆਂ ਵਿਚ ਪ੍ਰਬੀਨ ਕਲਾਕਾਰ/ਕਲਮਕਾਰ ਦਾ ਪਾਠਕ ਹੋਣਾ ਚੰਗੇ ਭਾਗਾਂ ਦੀ ਅਲਾਮਤ ਹੈ। ਗਿਆਨ ਹਮੇਸ਼ਾਂ ਉਚਾਣ ਤੋਂ ਨਿਵਾਣ ਵੱਲ ਵਹਿੰਦਾ ਹੈ। ਬਾਪੂ ਸੀਤਲ ਜੀ ਭਾਵੇਂ ਜ਼ਿੰਦਗੀ ਵਿਚ ਕਿਸੇ ਵੀ ਬੁਲੰਦੀ 'ਤੇ ਪੁੱਜ ਗਏ ਹੋਣ ਉਨ੍ਹਾਂ ਨੇ ਆਪਣੀ ਨਿਵਾਣਤਾ ਨੂੰ ਭੁਲਾਇਆ ਨਹੀਂ, ਨਿਰਮਾਣਤਾ ਨੂੰ ਗੁਆਇਆ ਨਹੀਂ। ਉਨ੍ਹਾਂ ਦੀ ਬੁਲੰਦੀ ਦਾ ਇਹੋ ਰਾਜ਼ ਹੈ।

ਉਨ੍ਹਾਂ ਦਾ ਅਦਨਾ ਪਾਠਕ ਹੋਣ ਦੇ ਨਾਤੇ ਜੋ ਕੁਝ ਅਚੇਤ ਜਾਂ ਸੁਚੇਤ ਗ੍ਰਹਿਣ ਕੀਤਾ ਉਨ੍ਹਾਂ ਦਾ ਮਖ਼ਸੂਸ ਜ਼ਿਕਰ ਕਰਦਿਆਂ ਮੈਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ ਸਾਨੂੰ ਉਨ੍ਹਾਂ ਦੀ ਛਾਵੇਂ ਵਿਚਰਨ ਦਾ ਮੌਕਾ ਮਿਲਿਆ।

ਮੇਰੇ ਛੋਟੇ ਵੀਰ ਡਾ. ਭੁਪਿੰਦਰ ਸਿੰਘ ਜੋ ਇਸ ਸਮੇਂ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੰਜਾਬੀ ਅਧਿਆਪਨ ਦੀ ਸੇਵਾ ਨਿਭਾ ਰਹੇ ਹਨ ਨੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਸੁਖਦੇਵ ਸਿੰਘ ਖਾਹਰਾ ਦੀ ਨਿਗਰਾਨੀ ਹੇਠ 'ਗਿਆਨੀ ਸੋਹਣ ਸਿੰਘ ਸੀਤਲ' ਦੇ ਨਾਵਲਾਂ ਦਾ ਸਾਹਿਤ-ਇਤਿਹਾਸਕ ਪਰਿਪੇਖ' ਵਿਸ਼ੇ 'ਤੇ ਪੀ.ਐੱਚ.ਡੀ. ਦਾ ਖੋਜ- ਕਾਰਜ ਮੁਕੰਮਲ ਕੀਤਾ। ਇਸ ਖੋਜ-ਕਾਰਜ ਦੌਰਾਨ ਬਾਪੂ ਸੀਤਲ ਜੀ ਨਾਲ ਅਨੇਕਾਂ ਮੁਲਾਕਾਤਾਂ ਹੋਈਆਂ। ਉਹ ਵਾਕਿਆ ਹੀ ਏਨੇ ਸਹਿਜ, ਸੰਤੋਖੀ ਤੇ ਸੀਤਲ ਸੁਭਾਅ ਸਨ ਕਿ ਉਨ੍ਹਾਂ ਦੀ ਇਕ ਮਿਲਣੀ ਵੀ ਵਿਸਾਰਨੀ

ਮੁਸ਼ਕਿਲ ਹੈ। ਗੁਰਮੁਖਤਾਈ ਦੀ ਮੂੰਹ-ਬੋਲਦੀ ਤਸਵੀਰ।

ਆਪਣੀ ਲਿਖਤ ਨੂੰ ਉਹ ਰੱਬੀ ਬਖ਼ਸ਼ਿਸ਼ ਪ੍ਰਵਾਨਦੇ ਸਨ ਤੇ ਲਿਖਣ-ਪ੍ਰੇਰਨਾ ਉਨ੍ਹਾਂ ਨੂੰ ਆਪਣੇ ਪਾਠਕਾਂ/ਸ੍ਰੋਤਿਆਂ ਤੋਂ ਪ੍ਰਾਪਤ ਹੁੰਦੀ ਸੀ। ਸਫ਼ਲ ਸਿਰਮੌਰ ਢਾਡੀ ਹੋਣ ਦੇ ਨਾਤੇ ਪੂਰੀ ਦੁਨੀਆਂ ਦੇ ਸਿੱਖ-ਜਗਤ ਨਾਲ ਉਨ੍ਹਾਂ ਦਾ ਵਾਹ-ਵਾਸਤਾ ਸੀ। ਤਜਰਬੇ ਦਾ ਸਕੂਲ, ਉਨ੍ਹਾਂ ਦੀ ਹਕੀਕੀ ਪਾਠਸ਼ਾਲਾ, ਜਿਸ ਵਿੱਚੋਂ ਜੱਦੋ-ਜਹਿਦ ਦੀ ਕਰੜੀ ਫੀਸ ਤਾਰ ਕੇ ਅੰਤਲੇ ਸੁਭਾਅ ਤਕ ਉਨ੍ਹਾਂ ਨੇ ਜੋ ਕੁਝ ਸਿੱਖਿਆ, ਉਹ ਕਲਮ ਦੀ ਸਿਆਹੀ ਰਾਹੀਂ ਪਾਠਕਾਂ ਦੇ ਹਨੇਰੇ ਮਾਰਗ ਨੂੰ ਰੁਸ਼ਨਾਉਣ ਲਈ ਸਾਹਿਤ ਦੀ ਝੋਲੀ ਵਿਚ ਪਾ ਦਿੱਤਾ।

ਲੇਖਕ ਕੋਈ ਅਸਮਾਨ ਤੋਂ ਉਤਰੀ ਘੜੀ-ਘੜਾਈ ਸ਼ਖ਼ਸੀਅਤ ਨਹੀਂ ਹੁੰਦਾ। ਵਕਤ ਦੇ ਥਪੇੜਿਆਂ ਤੇ ਜੀਵਨ-ਰਾਹ ਦੀਆਂ ਦੁਸ਼ਵਾਰੀਆਂ ਨੂੰ ਖਿੜੇ-ਮੱਥੇ ਝਾਗਦਾ, ਹਨ੍ਹੇਰੇ ਵਿਚ ਜੂਝ ਕੇ ਚਾਨਣ ਦੀ ਤਲਾਸ਼ ਕਰਨ ਵਾਲਾ, ਸਿਰੜੀ ਜੀਊੜਾ ਹੁੰਦਾ ਹੈ। ਬਾਹਰੋਂ ਸਾਲਮ ਦਿੱਸਦਾ ਪਰ ਅੰਦਰੋਂ ਬੰਦ-ਬੰਦ ਕੱਟਿਆ ਹੁੰਦਾ ਹੈ, ਪੋਟਾ-ਪੋਟਾ ਦਰਦ ਨਾਲ ਵਿੰਨ੍ਹਿਆ ਤੇ ਵਕਤ ਦੀ ਸੂਹੀ ਤਵੀ ਦਾ ਸੇਕ ਹੰਢਾਉਂਦਾ ਉਹਦਾ ਲੂੰ-ਲੂੰ ਮੱਚਦਾ ਹੁੰਦਾ ਹੈ, ਵਕਤ ਦੀ ਸਿਤਮ-ਜ਼ਰੀਫ਼ੀ ਹੱਥੋਂ, ਪਰ ਉਹ ਹੌਂਸਲਾ ਨਹੀਂ ਹਾਰਦਾ ਤੇ ਇਕ ਦਿਨ ਅਮਰ ਹੋ ਜਾਂਦਾ ਹੈ। ਇਸੇ ਲਈ ਲੇਖਕ ਮਰ ਕੇ ਵੀ ਮਰਦਾ ਨਹੀਂ। 'ਸੀ' ਨਹੀਂ ਬਣਦਾ, 'ਹੈ' ਹੀ ਰਹਿੰਦਾ ਹੈ ਕਿਉਂਕਿ ਜ਼ਿੰਦਗੀ ਦੀਆਂ ਨਿਗੂਣੀਆਂ ਕੁੜੱਤਣਾਂ, ਝਾਗਦਿਆਂ ਉਸ ਨੇ 'ਸੀ-ਸੀ' ਨਹੀਂ ਕੀਤੀ ਹੁੰਦੀ।

ਸੀਤਲ ਜੀ ਦੀ ਜੀਵਨੀ ਪੜ੍ਹੋ, ਇਨ੍ਹਾਂ ਤਲਖ਼ ਹਕੀਕਤਾਂ ਦੇ ਪ੍ਰਤੱਖ ਦੀਦਾਰੇ ਹੋ ਜਾਣਗੇ।

ਸੀਤਲ ਜੀ ਨੇ ਜੋ ਕੁਝ ਵੀ ਕੀਤਾ, ਮਿੱਥ ਕੇ ਨਹੀਂ ਕੀਤਾ। ਹਾਲਾਤ ਦੀ ਲੋੜ ਸੀ, ਉਹ ਕਰਦਾ ਗਿਆ ਕਿਉਂਕਿ ਸਰੀਰ 'ਕਰਮ' ਖੰਡ ਦੇ ਰੂਪ ਵਿਚ ਪ੍ਰਾਪਤ ਸੀ 'ਸੱਚ' ਦੇ ਖੰਡ ਦੀ ਉਸ ਨੂੰ ਤਲਾਸ਼ ਸੀ। ਝੂਠ ਨਾਲ ਜੂਝਣਾ ਉਸ ਦਾ 'ਧਰਮ' ਸੀ ਤੇ 'ਗਿਆਨ' ਉਸ ਨੂੰ ਸੁੱਤੇ-ਸਿੱਧ ਹੀ ਗੁਰੂ-ਬਖ਼ਸ਼ਿਸ਼ ਦੁਆਰਾ ਪ੍ਰਾਪਤ ਹੋ ਰਿਹਾ ਸੀ। ਨਤੀਜਾ ਉਹ ਖ਼ੁਦ ਸੱਚਖੰਡ ਵਾਸੀ ਹੋ ਗਿਆ ਤੇ ਪਾਠਕਾਂ ਲਈ ਅਮੁੱਕ ਸੱਚ ਪ੍ਰਕਾਸ਼ ਬਣ ਗਿਆ।

'ਮੇਰੀ ਸਾਹਿਤਕ ਸ੍ਵੈ-ਜੀਵਨੀ' ਦੇ ਅੰਤ ਵਿਚ ਸੀਤਲ ਜੀ ਲਿਖਦੇ ਹਨ ਕਿ 'ਮੈਂ ਜੋ ਕੁਛ ਵੀ ਹਾਂ, ਪਾਠਕਾਂ ਦੀ ਸਹਾਇਤਾ ਨਾਲ ਹਾਂ।' ਇਹ ਅਟੱਲ ਹਕੀਕਤ ਹੈ ਕਿ ਪਾਠਕ, ਲੇਖਕ ਦੀ ਹਕੀਕੀ ਤਾਕਤ ਹੁੰਦੇ ਹਨ। ਉਸ ਦੇ ਚੰਗੇ ਤੋਂ ਚੰਗੇਰੇ ਤੇ ਵਧੇਰੇ ਸਿਰਜਣਾਤਮਕ ਹੋਣ ਦੀ ਪ੍ਰੇਰਨਾ।

ਦੇਖਣਾ ਇਹ ਹੈ ਕਿ ਲਿਖਤ ਵਿਚਲੇ ਕਿਹੜੇ ਗੁਣ ਪਾਠਕ ਨੂੰ ਖਿੱਚਦੇ ਹਨ। ਨਿਰਸੰਦੇਹ, ਜਿਹੜੇ ਪਾਠਕ ਦੇ ਅੰਦਰ ਕਿਤੇ ਦੱਬੇ ਪਏ ਹੁੰਦੇ ਹਨ ਤੇ ਲੇਖਕ ਉਨ੍ਹਾਂ ਦੀ ਉਜਾਗਰੀ ਵਿਚ ਸਹਾਈ ਹੁੰਦਾ ਹੈ। ਸਾਹਿਤ ਦਾ ਮੂਲ ਤੱਤ 'ਸਤਿਅੰ, ਸ਼ਿਵੰ, ਸੁੰਦਰੰ', ਸੀਤਲ ਜੀ ਦੀ ਵਿਲੱਖਣਤਾ ਸਥਾਪਿਤ ਕਰਨ ਵਿਚ ਸਹਾਇਕ ਹੈ। ਸੀਤਲ ਜੀ ਦੀ ਬੋਲੀ ਵਿਚਲੀ ਠੇਠਤਾ ਅਤੇ ਪੰਜਾਬੀਅਤ ਦੇ ਸੁਭਾਵਕ ਗੁਣ ਪਾਠਕ ਨੂੰ ਉਸ ਨਾਲ ਤੋਰੀ ਰੱਖਦੇ ਹਨ। ਆਪਣੇ ਤੋਂ ਪੂਰਬਲੀ ਗਦ-ਪਰੰਪਰਾ ਵਿਚ ਖੜ੍ਹੇ ਉਹ ਨਿਵੇਕਲੇ ਪਛਾਣੇ ਜਾਂਦੇ ਹਨ। ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ ਪਰੰਪਰਾ ਦੇ ਇਤਿਹਾਸਕ-ਸੁਧਾਰਕ ਨਾਵਲਾਂ ਤੋਂ ਲੈ ਕੇ ਸ. ਨਾਨਕ ਸਿੰਘ-ਸ. ਸੁਰਿੰਦਰ ਸਿੰਘ (ਨਰੂਲਾ) ਦੇ ਸਮਾਜਿਕ-ਯਥਾਰਥਕ ਨਾਵਲਾਂ ਦੇ ਪ੍ਰਸੰਗ ਵਿਚ ਵਿਚਰਦਿਆਂ, ਸੀਤਲ ਜੀ ਰਚਿਤ ਨਾਵਲਾਂ ਦਾ ਨਿਵੇਕਲਾਪਨ ਉਨ੍ਹਾਂ ਦੇ ਸਿਰਜਣਾਤਮਕ ਵਿਵੇਕ ਵਿੱਚੋਂ ਪਛਾਣਿਆ ਜਾਂਦਾ ਹੈ। ਸੀਤਲ ਜੀ ਦਾ ਭਾਵ-ਵਿਵੇਕ ਖ਼ਾਲਸ ਪੰਜਾਬੀ ਹੈ। ਪੰਜਾਬੀ ਬੰਦਾ ਅੰਤਾਂ ਦੇ ਦੁੱਖ ਵਿਚ ਘਿਰਿਆ

ਵੀ ਅਤਿ-ਭਾਵੁਕ ਨਹੀਂ ਹੁੰਦਾ, ਉਸ ਦੀ ਖੜੀ ਬੋਲੀ, ਉਸ ਦੇ ਭਾਵਾਤਮਕ ਸੰਤੁਲਨ ਨੂੰ ਵਿਗੜਨ ਨਹੀਂ ਦਿੰਦੀ। ਸੀਤਲ ਰਚਨਾਵਲੀ ਇਸ ਭਾਵ-ਵਿਵੇਕ ਨਾਲ ਸਰਾਬੋਰ ਹੈ। ਗਿਆਨੀ ਗੁਰਦਿੱਤ ਸਿੰਘ ਰਚਿਤ 'ਮੇਰਾ ਪਿੰਡ' ਜਾਂ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ 'ਪ੍ਰੀਤ ਫ਼ਲਸਫ਼ੇ' ਵਾਂਗ ਉਹ ਨਿਰੋਲ ਆਦਰਸ਼ਕ ਜਾਂ ਉਪਭਾਵੁਕ ਨਹੀਂ ਹੁੰਦਾ। ਵਸਤੂ, ਵਿਚਾਰ ਤੇ ਭਾਵ ਦੀ ਤਿਕੋਨ ਸਿਰਜਦਾ ਉਹ ਜੀਵਨ ਦੀਆਂ ਕਠੋਰ ਹਕੀਕਤਾਂ ਨੂੰ ਖ਼ਾਲਸ ਪੰਜਾਬੀ ਲਹਿਜ਼ੇ ਵਿਚ ਪੇਸ਼ ਕਰਨ ਵਾਲਾ ਨਿਪੁੰਨ ਕਲਾਕਾਰ ਹੈ। ਇਕ ਸਫ਼ਲ ਢਾਡੀ ਹੋਣ ਦੇ ਨਾਤੇ ਜਿਵੇਂ ਉਹ ਸ੍ਰੋਤੇ ਦੀ ਅੱਖ ਵਿਚ ਅੱਖ ਪਾ ਕੇ ਸਮੇਂ ਦਾ ਸੱਚ ਫੜ ਲੈਣ ਦੇ ਸਮਰੱਥ ਸੀ, ਉਵੇਂ ਵੀ ਉਸ ਦੇ ਅੱਖਰ ਪਾਠਕਾਂ ਦੇ ਮਨਾਂ ਦੀ ਟੋਹ ਲੈਣ ਦੇ ਸਮਰੱਥ ਹਨ।

ਸੀਤਲ ਜੀ ਨੂੰ ਝੋਰਾ ਹੈ ਕਿ 'ਵਿਰਸੇ ਵਿਚ ਮੈਨੂੰ ਜਾਇਦਾਦ ਤਾਂ ਮਿਲੀ, ਪਰ ਵਿੱਦਿਆ ਨਹੀਂ'। ਤਹਿਸੀਲ ਕਸੂਰ (ਹੁਣ ਪਾਕਿਸਤਾਨ ਵਿਚਲਾ ਇਕ ਜ਼ਿਲ੍ਹਾ) ਦੇ ਪਿੰਡ 'ਕਾਦੀਵਿੰਡ' ਦੇ ਇਕ ਹਜ਼ਾਰ ਦੇ ਕਰੀਬ ਅੰਗੂਠਾ-ਛਾਪ ਵੱਸੋਂ ਵਿਚਲੇ 'ਦੋ-ਤਿੰਨ' ਪੜ੍ਹੇ ਹੋਏ ਸਮਝੇ ਜਾਂਦੇ ਬਜ਼ੁਰਗਾਂ ਵਿਚ ਸੀਤਲ ਜੀ ਦੇ ਪਿਤਾ ਸਰਦਾਰ ਖ਼ੁਸ਼ਹਾਲ ਸਿੰਘ ਵੀ ਸਨ, ਜੋ ਦੋ ਗ੍ਰੰਥਾਂ, 'ਅੰਮ੍ਰਿਤ ਸਾਗਰ' (ਵੈਦਿਕ ਹਿਕਮਤ ਸੰਬੰਧੀ) ਤੇ 'ਭਾਈ ਬਾਲੇ ਵਾਲੀ ਜਨਮ ਸਾਖੀ' ਦੀ ਜਾਣਕਾਰੀ ਰੱਖਦੇ ਸਨ ਪਰ ਉਨ੍ਹਾਂ ਕੋਲ ਪੁੱਤਰ ਨੂੰ ਪੜ੍ਹਾਉਣ ਦੀ ਵਿਹਲ ਨਹੀਂ ਸੀ। ਪਿੰਡ ਦੇ ਗੁਰਦੁਆਰੇ ਵਿਚ ਨਵੇਂ ਆਏ ਸਾਧੂ ਹਰੀਦਾਸ ਪਾਸੋਂ ਗੁਰਮੁਖੀ ਦੇ ਅੱਖਰ ਉਠਾਲਣੇ ਸਿੱਖਣ ਵੇਲੇ ਸੀਤਲ ਜੀ ਦੀ ਉਮਰ ਛੇ ਸਾਲ ਸੀ, ਜਿਸ ਨੇ ਪੰਜ ਗ੍ਰੰਥੀ ਪੜ੍ਹਾ ਕੇ ਉਨ੍ਹਾਂ ਨੂੰ 'ਕਿੱਸੇ' ਪੜ੍ਹਨ ਜੋਗਾ ਵੀ ਕਰ ਦਿੱਤਾ। ਸ. ਕਰਤਾਰ ਸਿੰਘ ਕਲਾਸਵਾਲੀਏ ਦੇ 'ਸਿਦਕ ਖ਼ਾਲਸਾ ਤੇਗ਼ ਖ਼ਾਲਸਾ' ਸਿੱਖ ਇਤਿਹਾਸਕ ਕਿੱਸੇ ਨੇ ਉਨ੍ਹਾਂ ਦੇ ਜੀਵਨ ਨੂੰ ਅਜਿਹਾ ਮੋੜ ਦਿੱਤਾ ਕਿ ਉਨ੍ਹਾਂ ਅੰਦਰ ਢਾਡੀ ਹੋਣ ਦਾ ਬੀਜ ਬੀਜਿਆ ਗਿਆ ਜਿਸ ਨੂੰ ਪੁੰਗਰਦਿਆਂ ਤੇ ਬਾਬਾ ਬੋਹੜ ਬਣਦਿਆਂ ਭਾਵੇਂ ਉਮਰ ਲੱਗ ਗਈ ਪਰ ਅੱਜ ਉਸ ਬੋਹੜ ਦੀ ਛਾਂ ਮਾਣਨ ਵਾਲੇ ਅਨਗਿਣਤ ਹਨ।

ਉਨ੍ਹਾਂ ਦੀ ਲਿਖਤ ਵਿਚ ਸਾਂਭੀਆਂ ਬਚਪਨ ਦੀਆਂ ਬਾਪੂ ਤੋਂ ਸੁਣੀਆਂ ਬਾਤਾਂ, ਅਜੋਕੇ ਵਿਗਿਆਨਕ ਪਾਠਕਾਂ ਲਈ ਅਬੁੱਝ ਤੇ ਅਭੁੱਲ ਹਨ, ਜਿਵੇਂ:

'ਜੇ ਜਾਵਣ ਤਾਂ ਦੁੱਖ ਘਨੇਰਾ, ਆਵਣ ਤਾਂ ਕਲਪਾਵਣ
ਰਾਮ ਕਰੇ, ਇਹ ਰਹਿਣ ਸਲਾਮਤ, ਨਾ ਆਵਣ ਨਾ ਜਾਵਣ।

ਭਾਵ : ਅੱਖਾਂ ਆ ਜਾਣ ਤਾਂ ਤਕਲੀਫ਼ਦੇਹ ਹਨ, ਚਲੀਆਂ ਜਾਣ ਤਾਂ ਦੁਨੀਆਂ ਅਸਲੋਂ ਹਨੇਰ ਹੋ ਜਾਂਦੀ ਹੈ, ਇਹ ਨਿਰੋਈਆਂ ਰਹਿਣ ਤਾਂ ਹੀ ਸੁਖਦਾਇਕ ਹਨ।

ਦੁਗਲ ਜੀਭ, ਪਰ ਸਰਪ ਨਹੀਂ, ਅਸ਼ਟ ਭੁਜੀ ਨਹੀਂ ਭਵਾਨੀ
ਉਡ ਕਰ ਮਾਰੇ, ਪੰਖ ਨਹੀਂ, ਬੁਝੋ ਬ੍ਰਹਮ ਗਿਆਨੀ।

ਭਾਵ: ਉਸ ਦੀਆਂ ਦੋ ਜੀਭਾਂ ਹਨ ਪਰ ਉਹ ਸੱਪ ਨਹੀਂ। ਉਸ ਦੀਆਂ ਅੱਠ ਬਾਹਾਂ ਹਨ, ਉਹ ਭਵਾਨੀ ਨਹੀਂ, ਉਹ ਉੱਡ ਕੇ ਮਾਰਦੀ ਹੈ ਪਰ ਉਸ ਦੇ ਖੰਭ ਕੋਈ ਨਹੀਂ।

ਜੁਆਬ : ਜਾਲਾ ਤਣਨ ਵਾਲੀ ਮੱਕੜੀ।

ਅਜਿਹੀਆਂ ਗੁੰਝਲਦਾਰ ਬਾਤਾਂ ਵਿੱਚੋਂ ਲੰਘੇ ਬਚਪਨ ਵੱਲੋਂ ਟੋਟਕੇ ਜੋੜਨੇ ਸੁਭਾਵਕ ਸਨ, ਜਿਨ੍ਹਾਂ ਨੂੰ ਲੇਖਕ ਨੇ ਕਵਿਤਾ ਦੀ ਥਾਂ 'ਬੱਚਿਆਂ ਦੇ ਖੂਹ ਕਿਆਰੇ ਬਣਾ ਕੇ ਖੇਡਣ ਵਾਲੀ ਖੇਡ' ਨਾਲ ਤੁਲਨਾ ਦਿੱਤੀ ਹੈ। ਸਾਨੂੰ ਸ਼ਹਿਰ ਦੇ ਜੰਮਪਲਾਂ ਨੂੰ ਤਾਂ ਇਸ ਖੇਡ ਬਾਰੇ ਵੀ ਇਲਮ ਕੋਈ

ਨਹੀਂ।

ਸੀਤਲ ਜੀ ੧੯ਵੀਂ ਤੋਂ ੧੯ਵੀਂ ਸਦੀ ਦੇ ਸਿੱਖ ਇਤਿਹਾਸ ਦੇ ਗੰਭੀਰ ਖੋਜੀ ਹਨ ਤੇ ੨੦ਵੀਂ ਸਦੀ ਦੇ ਇਤਿਹਾਸ ਦੇ ਚਸ਼ਮਦੀਦ ਗਵਾਹ। ੭ ਅਗਸਤ ੧੯੦੯ ਤੋਂ-੧੯੯੮ ਵਿਚਕਾਰ ਜੀਵੇ ਲੇਖਕ ਸੀਤਲ ਜੀ ਦੀਆਂ ਲਿਖਤਾਂ ਵਿਚ ੧੯੧੪ ਈ. ਵਿਚ ਅਰੰਭ ਹੋਏ ਪਹਿਲੇ ਸੰਸਾਰ ਯੁੱਧ, ੧੬ ਨਵੰਬਰ ੧੯੧੫ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਲੱਗੀ ਫਾਂਸੀ, ੧੫ ਨਵੰਬਰ ੧੯੨੦ ਨੂੰ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ੧੪ ਦਸੰਬਰ ੧੯੨੦ ਨੂੰ ਹੋਂਦ ਵਿਚ ਆਏ ਸ਼੍ਰੋਮਣੀ ਅਕਾਲੀ ਦਲ, ੨੫ ਜਨਵਰੀ ੧੯੨੧ ਨੂੰ ਹੋਏ ਤਰਨਤਾਰਨ ਸਾਕੇ, ੨੦ ਫਰਵਰੀ ੧੯੨੧ ਨੂੰ ਹੋਏ ਨਨਕਾਣਾ ਸਾਹਿਬ ਸਾਕੇ, ੭ ਅਗਸਤ ੧੯੨੨ ਨੂੰ ਲੱਗੇ 'ਗੁਰੂ ਕਾ ਬਾਗ ਮੋਰਚੇ' ਤੇ ੧੫ ਸਤੰਬਰ ੧੯੨੩ ਨੂੰ ਲੱਗੇ 'ਜੈਤੋ ਦੇ ਮੋਰਚੇ' ਤੋਂ ਇਲਾਵਾ ਹੁਣ ਤਕ ਦੇ ਸਾਰੇ ਇਤਿਹਾਸਕ ਵੇਰਵੇ ਸਲੀਕੇ ਨਾਲ ਸੰਭਾਲੇ ਪਏ ਹਨ।

ਰੋਲਟ ਬਿੱਲ, ਮਾਰਸ਼ਲ ਲਾਅ, ਜਲ੍ਹਿਆਂ ਵਾਲਾ ਬਾਗ਼ ਤੇ ਹੋਰ ਬਹੁਤ ਸਾਰੇ ਬ੍ਰਿਟਿਸ਼ ਅਤਿਆਚਾਰਾਂ ਦੇ ਖ਼ਿਲਾਫ਼ ਉਨ੍ਹਾਂ ਦੇ ਕੋਮਲ ਹਿਰਦੇ ਦੀ ਆਵਾਜ਼ ਕਵਿਤਾ ਦੇ ਰੂਪ ਵਿਚ ਬਚਪਨ ਵਿਚ ਹੀ ਸਟੇਜਾਂ ਤੋਂ ਝਰਨ ਲੱਗ ਪਈ। ੧੯੨੪ ਈ. ਵਿਚ ੧੫ ਵਰ੍ਹੇ ਦੀ ਉਮਰੇ, ਉਨ੍ਹਾਂ ਦੀ ਪਹਿਲੀ ਕਵਿਤਾ ਆਪਣੇ ਵੇਲੇ ਦੇ ਪ੍ਰਸਿੱਧ ਪੰਜਾਬੀ ਅਖ਼ਬਾਰ 'ਅਕਾਲੀ' ਵਿਚ ਛਪ ਗਈ ਸੀ।

੧੨ ਫ਼ਰਵਰੀ ੧੯੨੩ ਨੂੰ ਮਹਿਕਮਾ ਤਾਲੀਮ ਵੱਲੋਂ ਅਰੰਭੀ ਇਕ ਨਵੀਂ ਸਕੀਮ ਅਧੀਨ ਖੁੱਲ੍ਹੇ 'ਇਕ ਮਾਸਟਰ' ਵਾਲੇ 'ਸ੍ਵੈ-ਸਿਰਜਿਤ' ਸਕੂਲ ਵਿਚ ਦਾਖਲਾ ਲੈਣ ਉਪਰੰਤ ਸੀਤਲ ਜੀ ਨੇ ਕਰੜੀ ਮਿਹਨਤ ਤੇ ਲਗਨ ਨਾਲ ਮਾਰਚ ੧੯੨੪ ਤਕ ਪੁੱਜਦਿਆਂ ਚੌਥੀ ਜਮਾਤ ਪਾਸ ਕਰ ਲਈ ਸੀ, ਯਾਅਨੀ ੩-੩ ਮਹੀਨਿਆਂ ਵਿਚ ਇਕ ਜਮਾਤ ਦਾ ਸਿਲੇਬਸ ਮੁਕਾਇਆ ਤੇ ਉਰਦੂ-ਫ਼ਾਰਸੀ ਵਿਚ ਮੁਹਾਰਤ ਹਾਸਲ ਕੀਤੀ। ਇਹ ਘਟਨਾ ਅੱਜ ਵੀ ਕਿਸੇ ਪਾਠਕ ਦਾ ਜੀਵਨ ਬਦਲਣ ਦੇ ਸਮਰੱਥ ਹੈ।

ਕਵਿਤਾ ਸੀਤਲ ਜੀ ਦੇ ਖ਼ੂਨ ਵਿਚ ਹੈ। ਗੁਰਬਾਣੀ ਉਨ੍ਹਾਂ ਦੀਆਂ ਰਗਾਂ ਵਿਚ ਸਮਾਈ ਹੋਈ ਹੈ। ਸੰਸਾਰ ਦਾ ਉਚੇਰਾ ਸਾਹਿਤ ਉਨ੍ਹਾਂ ਦਾ ਪ੍ਰੇਰਨਾ-ਸ੍ਰੋਤ ਹੈ। ਆਪਣੇ ਪੜ੍ਹੇ ਦਾ ਤੁਲਨਾਤਮਕ ਅਧਿਐਨ ਪੇਸ਼ ਕਰਦੇ ਹੋਏ, ਉਹ ਆਪਣੇ ਪਾਠਕ ਨੂੰ ਸੁੱਤੇ-ਸਿੱਧ ਹੀ ਸਮਝਾ ਜਾਂਦੇ ਹਨ ਕਿ ਭਾਰਤੀ ਸਾਹਿਤ ਵਿਚ ਇਸਤਰੀ ਵੱਲੋਂ ਪੁਰਸ਼ ਵਾਸਤੇ ਪ੍ਰੇਮ- ਪ੍ਰਗਟਾਓ ਹੁੰਦਾ ਹੈ, ਜਿਸ ਦਾ ਪ੍ਰਭਾਵ ਗੁਰਬਾਣੀ ਵਿਚ ਵੀ ਪ੍ਰਤੱਖ ਹੈ। ਸਮੂਹ ਭਗਤਾਂ ਤੇ ਗੁਰੂ ਸਾਹਿਬਾਨ ਨੇ ਪਰਮੇਸ਼ਰ ਨੂੰ ਪਤੀ/ਕੰਤ ਮੰਨ ਕੇ ਸੋਹਾਗਣੀ ਵਜੋਂ ਸ੍ਵੈ-ਪ੍ਰੇਮ ਪ੍ਰਗਟਾਇਆ ਹੈ ਪਰ ਅਰਬੀ ਸਾਹਿਤ ਵਿਚ ਇਸ ਦੇ ਉਲਟ ਇਸਤਰੀ ਨੂੰ 'ਮਾਸ਼ੂਕ' ਤੇ ਪੁਰਸ਼ ਨੂੰ 'ਆਸ਼ਿਕ' ਅਤੇ ਫ਼ਾਰਸੀ ਵਿਚ ਵੱਡੀ ਉਮਰ ਦਾ ਪੁਰਸ਼ 'ਪ੍ਰੇਮੀ' ਤੇ ਛੋਟੀ ਉਮਰ ਦਾ 'ਪ੍ਰੀਤਮ' ਹੈ। ਉਰਦੂ ਸਾਹਿਤ ਅਚੇਤ ਹੀ ਫ਼ਾਰਸੀ ਪ੍ਰਭਾਵ ਅਧੀਨ ਵਿਚਰਦਾ ਹੈ। ਸੀਤਲ ਜੀ ਨੇ ਵੀ ਇਸ ਪ੍ਰਭਾਵ ਅਧੀਨ ਉਰਦੂ ਸ਼ਾਇਰੀ ਕੀਤੀ:

ਗੁਜ਼ਰੇ ਹੂਏ ਜ਼ਮਾਨੇ ਕਾ ਹਰ ਸੂ ਤਜ਼ਕਰਾ ਹੈ,
ਹੈ ਹਰ ਜ਼ੁਬਾਂ ਪਿ ਹਰ ਜਾ ਉਨ ਅਕਾਲੋਂ ਕੀ ਬਾਤੇਂ
ਮਰਨੇ ਕੇ ਬਾਦ 'ਸੀਤਲ' ਅਪਨੀ ਕਰੇਂਗੇ ਕੋਈ,
ਕਰਤੇ ਹੈਂ ਹਮ.ਜਹਾਂ ਮੇਂ, ਗੁਜ਼ਰੇ ਹੂਓਂ ਕੀ ਬਾਤੇਂ।

ਅਠਵੀਂ ਜਮਾਤ ਵਿਚ ਰਚੇ ਅਜਿਹੇ ਸ਼ੇਅਰਾਂ ਵਿੱਚੋਂ ਹੀ ਸੀਤਲ ਜੀ ਦੀ ਸਾਹਿਤਕ ਚਿਣਗ

ਨੂੰ ਪਛਾਣਿਆ ਜਾ ਸਕਦਾ ਹੈ।

ਢਾਡੀ ਬਣਨਾ ਵੀ ਉਨ੍ਹਾਂ ਦਾ ਇਤਫ਼ਾਕਨ ਹੀ ਸੀ। ੧੯੩੪ ਈ. ਵਿਚ ਉਨ੍ਹਾਂ ਦੇ ਪਿੰਡੋਂ ਲੰਘੀ ਰਾਸ-ਮੰਡਲੀ ਪਿੱਛੋਂ, ਪਿੰਡ ਦੇ ਮੁੰਡਿਆਂ ਵਿਚ ਵੀ ਸਟੇਜ ਲਾ ਕੇ ਰਾਸ ਰਚਾਉਣ ਦੀ ਰੀਝ ਜਾਗ ਪਈ ਸੀ ਤੇ ਉਹ ਪਿੰਡ ਵਿਚ ਸਭ ਤੋਂ ਵੱਧ ਪੜ੍ਹੇ-ਲਿਖੇ ਸਾਥੀ ਸੀਤਲ ਜੀ ਦਾ ਸਹਿਯੋਗ ਭਾਲਦੇ, ਉਨ੍ਹਾਂ ਨੂੰ ਰਾਸ ਲਈ ਤਾਂ ਨਹੀਂ ਸੀ ਮਨਾ ਸਕੇ, ਪਰ ਮੱਸਿਆ, ਸੰਗਰਾਂਦ ਤੇ ਪਿੰਡ ਵਿਚ ਰੌਣਕ ਲਾਉਣ ਲਈ 'ਢਾਡੀ ਜਥਾ' ਬਣਾਉਣ ਵਿਚ ਕਾਮਯਾਬ ਹੋ ਗਏ ਸਨ, ਜਿਨ੍ਹਾਂ ਦੀ ਸਿਖਲਾਈ ਲਈ ਲਲਿਆਣੀ ਦੇ ਬਜ਼ੁਰਗ ਸ਼ੇਖ਼ (ਭਿਰਾਈ) ਚਿਰਾਗ਼ਦੀਨ ਦੀ ਢੱਡ-ਸਾਰੰਗੀ ਤੇ 'ਸੁਰ' 'ਤਾਰ' (ਸੁਰ ਤੇ ਤਾਲ) ਦੇ ਅਸੂਲਾਂ ਨੇ ੬ ਮਹੀਨੇ ਇਨ੍ਹਾਂ ਦੇ ਕੋਲ ਰਹਿ ਕੇ ਰਹਿਨੁਮਾਈ ਦਿੱਤੀ ਤੇ ਇਹ ਢਾਡੀ ਜਥਾ ਤਿਆਰ ਹੋ ਗਿਆ ਜਿਸ ਦੀ ਲੋੜ ਪੂਰਤੀ ਲਈ ਪ੍ਰਸੰਗ ਸਹਿਤ ਕਿੱਸਿਆਂ ਦੇ ਰੂਪ ਵਿਚ 'ਸੀਤਲ ਕਿਰਣਾਂ' ਜਿਹੀਆਂ ੧੯ ਕਾਮਯਾਬ ਪੁਸਤਕਾਂ ਦੀ ਰਚਨਾ ਵੀ ਸੀਤਲ ਜੀ ਨੇ ਗੁਰੂ-ਬਖ਼ਸ਼ਿਸ਼ ਸਦਕਾ ਕੀਤੀ।

ਇਹ ਗੱਲ ਸੀਤਲ ਜੀ ਨੇ ਬੜੇ ਮਾਣ ਨਾਲ ਤਸਲੀਮ ਕੀਤੀ ਹੈ ਕਿ 'ਜੇ ਮੈਂ ਕੁਦਰਤ ਵੱਲੋਂ ਢਾਡੀ ਨਾ ਬਣਦਾ ਤਾਂ ਸ਼ਾਇਦ ਕੁਝ ਵੀ ਨਾ ਬਣ ਸਕਦਾ।' ਉਨ੍ਹਾਂ ਦੇ ਅਵਚੇਤਨ ਵਿਚ ਮਾਝ ਮਹਲਾ ੧ ਦੀ ਇਸ ਅੰਤਿਮ ਪਉੜੀ ਦਾ ਅੱਖਰ-ਅੱਖਰ ਉਕਰਿਆ ਪਿਆ ਹੈ ਕਿ —

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ *(ਪੰਨਾ ੧੫੦)*

ਸੀਤਲ ਜੀ ਨੇ ਜੀਵਨ ਵਿਚ ਜਿਸ ਕੰਮ ਨੂੰ ਵੀ ਹੱਥ ਪਾਇਆ, ਉਸ ਦੇ ਧੁਰ ਡੂੰਘ ਤਕ ਲਹਿਣ ਦਾ ਉਪਰਾਲਾ ਕੀਤਾ; ਜਿਸ ਸਿਨਫ਼ ਵਿਚ ਵੀ ਲਿਖਿਆ, ਉਸ ਨਾਲ ਇਨਸਾਫ਼ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਜੇ ਨਾਟਕ 'ਮੁੱਲ ਦਾ ਮਾਸ' ਨਾਵਲ ਬਣ ਕੇ ਪਾਠਕਾਂ ਵਿਚ ਮਕਬੂਲ ਹੋਣ ਦੇ ਸਮਰੱਥ ਸੀ ਤਾਂ ਉਸ ਨੂੰ ਨਾਵਲ ਵਿਚ ਢਾਲਣ ਪਿੱਛੋਂ ਫਿਰ ਨਾਵਲ ਖੇਤਰ ਵਿਚ ਅਜਿਹੀ ਵਿੱਢ ਪਾਈ ਕਿ ਉਹ ਇਤਿਹਾਸਕ ਸਿੱਧ ਹੋਈ ਤੇ ੧੯੪੯ ਈ. ਵਿਚ ਰਚੇ 'ਮੁੱਲ ਦਾ ਮਾਸ' ਤੋਂ ਲੈ ਕੇ ੧੯੭੩ ਈ. ਵਿਚ 'ਸੁੰਵਾ ਆਹਲਣਾ' ਤਕ ੨੨ ਕਾਮਯਾਬ ਨਾਵਲ ਰਚੇ। ੨੪ ਕਹਾਣੀਆਂ ਲਿਖਣ ਪਿੱਛੋਂ ਮਹਿਸੂਸ ਕੀਤਾ ਕਿ ਕਹਾਣੀ ਨਾਲੋਂ ਨਾਵਲ ਵਿਚ ਉਹ ਵਧੇਰੇ ਸਫ਼ਲ ਲੇਖਕ ਹੋ ਸਕਦੇ ਹਨ। ਸਿੱਖ ਇਤਿਹਾਸ ਬਾਰੇ ੭੫ ਪੁਸਤਕਾਂ ਰਚ ਕੇ ਸਿੱਖ ਇਤਿਹਾਸ ਦੇ ਬਹੁਤ ਵੱਡੇ ਖੱਪੇ ਦੀ ਪੂਰਤੀ ਕੀਤੀ ਤੇ ਪ੍ਰਮਾਣਿਕ ਦਸਤਾਵੇਜ਼ਾਂ ਤਕ ਪਾਠਕਾਂ ਦੀ ਰਸਾਈ ਕਰਵਾਈ। 'ਵਾਰ' ਨੂੰ 'ਵਾਰਤਾ' ਦੇ ਸ਼ਬਦੀ ਅਰਥਾਂ ਵਿਚ ਗ੍ਰਹਿਣ ਕਰਨ ਵਾਲੇ ਸੀਤਲ ਜੀ ਦੀ ਸਪਸ਼ਟ ਧਾਰਨਾ ਹੈ ਕਿ ਜੋ ਫ਼ਰਕ 'ਨਾਵਲ' ਤੇ 'ਛੋਟੀ ਕਹਾਣੀ' ਵਿਚ ਹੈ, ਓਹੀ ਫ਼ਰਕ 'ਮਹਾਂਕਾਵਿ' ਤੇ 'ਵਾਰ' ਵਿਚ ਹੈ। ਵਾਰ ਵਿਚ ਜੀਵਨ ਦੇ ਖ਼ਾਸ ਹਿੱਸੇ ਜਾਂ ਘਟਨਾ ਦਾ ਵਰਣਨ ਹੁੰਦਾ ਹੈ। 'ਸੀਤਲ

ਵਾਰਾਂ' ਵਿਚ ਦਰਜ ਘਟਨਾਵਾਂ ਅੱਜ ਨੌਜਵਾਨ ਢਾਡੀਆਂ ਲਈ ਮਾਰਗ ਦਰਸ਼ਕ ਹਨ। ਵਾਰਾਂ ਵਿਚ 'ਬੀਰ ਰਸ' ਤੇ 'ਸ਼ਿੰਗਾਰ ਰਸ' ਦੇ ਨਾਲ-ਨਾਲ 'ਕਰੁਣਾ ਰਸ' ਦੀ ਪ੍ਰਧਾਨਤਾ ਤੇ ਕਲਾਸੀਕਲ ਧੁਨਾਂ ਸੰਗ ਗਾਇਕੀ ਪ੍ਰਵਾਨ ਹੁੰਦੀ ਹੈ। ਹੀਰ ਦੀ ਤਰਜ਼ 'ਤੇ ਲਿਖੀ ਤੇ ਗਾਈ ਕਿਸੇ ਵਾਰ ਕਾਰਨ ਉਸ ਲੈਅ ਦਾ ਨਾਂ ਵੀ 'ਹੀਰ' ਜਾਂ 'ਕਲੀ' ਪੈਣ ਵਾਂਗ ਮਿਰਜ਼ਾ, ਦੁੱਲਾ, ਸੱਸੀ, ਸੋਹਣੀ, ਮਲਕੀ, ਪੂਰਨ, ਰਾਠੌੜ ਆਦਿ ਧੁਨਾਂ ਨੂੰ ਸੀਤਲ ਜੀ ਨੇ ਢਾਡੀਆਂ ਦੇ ਕਲਾਸੀਕਲ ਰਾਗ ਮੰਨਣ ਦੀ ਸਿਫ਼ਾਰਿਸ਼ ਕੀਤੀ ਹੈ ਕਿਉਂਕਿ ਇਨ੍ਹਾਂ ਦਾ ਸੰਬੰਧ 'ਸਮੇਂ' ਨਾਲੋਂ ਕਹਾਣੀ ਦੇ 'ਵਿਸ਼ੇ-ਵਸਤੂ' ਨਾਲ ਵਧੇਰੇ ਹੁੰਦਾ ਹੈ।

ਕਵਿਤਾ ਬਾਰੇ ਸੀਤਲ ਜੀ ਦੀ ਰਾਏ ਬੜੀ ਨਿੱਗਰ ਹੈ ਕਿ ਉਸ ਵਿਚ ਲੈਅ, ਤੋਲ, ਸ਼ਬਦਾਂ ਦੀ ਬਣਤਰ ਤੇ ਤਰਤੀਬ ਪਿੰਗਲ ਸ਼ਾਸਤਰ ਅਨੁਸਾਰ ਹੋਣੀ ਚਾਹੀਦੀ ਹੈ। ਅਜੋਕੀ ਖੁੱਲ੍ਹੀ ਕਵਿਤਾ ਨੂੰ ਉਨ੍ਹਾਂ ਨੇ ਕਵਿਤਾ ਹੀ ਪ੍ਰਵਾਨ ਨਹੀਂ ਕੀਤਾ। ਉਨ੍ਹਾਂ ਦੀ ਜਾਚੇ ਉੱਤਮ ਵਿਚਾਰ ਤਾਂ ਵਾਰਤਕ ਵਿਚ ਵੀ ਦਿੱਤੇ ਜਾ ਸਕਦੇ ਹਨ ਤੇ ਕਵਿਤਾ ਵਿਚ ਵੀ ਪਰ ਕਵਿਤਾ ਓਹੀ ਹੈ ਜੋ ਸਾਜ਼ਾਂ ਨਾਲ ਗਾਈ ਜਾ ਸਕੇ। ਉਨ੍ਹਾਂ ਦਾ ਇਹ ਮੱਤ ਵੀ ਸਪਸ਼ਟ ਹੈ ਕਿ ਹਰ ਗਾਈ ਜਾਣ ਵਾਲੀ ਕਵਿਤਾ 'ਗੀਤ' ਨਹੀਂ ਹੁੰਦੀ। ਗੀਤ ਦਾ ਮੂੰਹ-ਮੁਹਾਂਦਰਾ ਤੇ ਰੰਗ-ਰੂਪ ਨਿਰੋਲ ਆਪਣਾ ਹੁੰਦਾ ਹੈ। ਉਨ੍ਹਾਂ ਦੀ ਜਾਚੇ ਗੀਤ ਦੀ ਬੋਲੀ, ਸ਼ਬਦ-ਬਣਤਰ ਤੇ ਖ਼ਿਆਲਾਂ ਦੀ ਉਡਾਰੀ ਇਹੋ ਜਿਹੀ ਹੋਣੀ ਚਾਹੀਦੀ ਹੈ, ਜਿਸ ਨਾਲ ਇਸ ਵਿਚਲੇ 'ਪਾਤਰ' ਦੀ ਰੂਪ-ਰੇਖਾ ਚੰਗੀ ਤਰ੍ਹਾਂ ਉਘੜ ਪਵੇ। ਇਹ ਜੀਵਨ ਦੇ ਛੋਟੇ ਹਿੱਸੇ ਦੀ ਇਕ-ਪੱਖੀ ਤਸਵੀਰ ਹੈ, ਬਹੁ-ਪੱਖੀ ਨਹੀਂ ਜੋ ਕਾਵਿ-ਮਸਤੀ ਦੀ ਉਪਜ ਹੈ।

ਪੰਜਾਬੀ ਲੋਕ-ਗੀਤਾਂ ਬਾਰੇ ਸੀਤਲ ਜੀ ਦਾ ਵਿਸ਼ਲੇਸ਼ਣ ਬੜਾ ਭਾਵਪੂਰਤ ਹੈ, ਪਹਿਲੀ ਵਾਰ ਸੀਤਲ ਜੀ ਦੀ ਲਿਖਤ ਵਿੱਚੋਂ ਹੀ ਮੈਨੂੰ ਸੋਝੀ ਹੋਈ ਕਿ ਅੱਜ ਤਕ ਬਾਲੜੀਆਂ ਦੇ ਮੂੰਹੋਂ ਸੁਣਦੇ ਰਹੇ, 'ਕਿਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ' ਵਾਲੇ ਅਸਲ ਬੋਲ ਤਾਂ 'ਕਿੰਗਰੀ ਕਰੀਰ ਦੀ, ਪੱਗ ਮੇਰੇ ਵੀਰ ਦੀ' ਹਨ।

੪੫ ਵਰ੍ਹੇ ਦੀ ਉਮਰ ਵਿਚ ਸੀਤਲ ਜੀ ਦੇ ਗੀਤਾਂ ਦੀ ਪਹਿਲੀ ਕਿਤਾਬ 'ਕੇਸਰੀ ਦੁਪੱਟਾ' ਛਪੀ। ਪ੍ਰਸਿੱਧ ਕਵੀ ਤੇ ਚਿੰਤਕ ਸ. ਵਿਧਾਤਾ ਸਿੰਘ ਤੀਰ ਨੇ ਲਿਖਿਆ ਹੈ ਕਿ 'ਸੀਤਲ ਵਾਰਕਾਰ ਨਾਲੋਂ ਵਧੇਰੇ ਗੀਤਕਾਰ ਹੈ'। ਸ. ਕਰਤਾਰ ਸਿੰਘ ਬਲੱਗਣ ਦੇ ਮਾਸਿਕ ਪੱਤਰ 'ਕਵਿਤਾ' ਵਿਚ ਨੰਦ ਲਾਲ ਨੂਰਪੁਰੀ ਤੇ ਗਿਆਨੀ ਸੋਹਣ ਸਿੰਘ ਸੀਤਲ 'ਇਸ ਮਹੀਨੇ ਦਾ ਗੀਤ' ਸਿਰਲੇਖ ਹੇਠ ਬੁਰਦੋ-ਬੁਰਦੀ ਛਪਦੇ ਰਹੇ। ਸੀਤਲ ਜੀ ਦੀ ਸ਼ਾਦੀ ਤਾਂ ਸਰਦਾਰਨੀ ਕਰਤਾਰ ਕੌਰ ਨਾਲ ਉਦੋਂ ਹੀ ਹੋ ਗਈ ਸੀ, ਜਦੋਂ ਉਹ ਅਜੇ ਪੜ੍ਹਦੇ ਸਨ। ਬੀਬੀ ਕਰਤਾਰ ਕੌਰ ਦਾ ਜਨਮ ਵੀ ੧੯੦੯ ਈ. ਦਾ ਹੀ ਹੈ, ਇੰਨ-ਬਿੰਨ ਸੀਤਲ ਜੀ ਦੀ ਹਮਉਮਰ। ਦੋਹਾਂ ਨੇ ਭਰਪੂਰ ਦੰਪਤੀ-ਪਿਆਰ ਨਾਲ ਜੀਵਨ ਦੇ ਹਰ ਰੰਗ ਨੂੰ ਮਾਣਿਆ। ਸੀਤਲ ਜੀ ਦਾ ਨਿਸ਼ਚਾ ਹੈ ਕਿ ਵਿਆਹੁਤਾ ਪਿਆਰ ਹੀ ਹੰਢਣਸਾਰ ਹੁੰਦਾ ਹੈ। ਇਸੇ ਲਈ ਉਨ੍ਹਾਂ ਦੇ ਗੀਤਾਂ ਵਿਚ ਦੰਪਤੀ-ਪਿਆਰ ਠਾਠਾਂ ਮਾਰਦਾ ਹੈ। ਇਸ ਤੋਂ ਇਲਾਵਾ ਦੇਸ਼-ਭਗਤੀ ਤੇ ਰਾਜਨੀਤੀ' ਨੂੰ ਵੀ ਸੀਤਲ-ਗੀਤਾਵਲੀ ਵਿਚ ਪ੍ਰਵੇਸ਼ ਪ੍ਰਾਪਤ ਹੋਇਆ, ਜਿਵੇਂ:

'ਮਿਰਕਣ ਨਾ ਜਾਹ ਵੇ ਚੰਨ! ਛੱਡ ਕੇ ਸੁਰਗ ਦਾ ਵਾਸਾ'

'ਜੇਕਰ ਮੈਨੂੰ ਰੱਜਵੀਂ ਰੋਟੀ ਦੇਂਦਾ ਮੇਰਾ ਦੇਸ਼, ਮੈਂ ਕਿਉਂ ਜਾਂਦਾ ਪਰਦੇਸ!'

ਪੰਜਾਬੀ ਸਾਹਿਤ ਵਿੱਚੋਂ ਪਰਵਾਸੀ ਚੇਤਨਾ ਨੂੰ ਪਛਾਣਨ ਦੀ ਜਿੰਨੀਂ ਹੋੜ ਅੱਜ ਦਿਖਾਈ

ਦਿੰਦੀ ਹੈ, ਉਸ ਦੇ ਬੀਜ ਤਾਂ ਸੀਤਲ ਜੀ ਦੇ ਉਪਰੋਕਤ ਗੀਤ ਦੀ ਇੱਕੋ ਸਤਰ ਵਿੱਚੋਂ ਪੁੰਗਰਦੇ ਦਿਖਾਈ ਦਿੰਦੇ ਹਨ ਕਿ ਆਪਣੇ ਘਰ ਦੀਆਂ ਭੁੱਖਾਂ ਹੀ ਬੰਦੇ ਨੂੰ 'ਬਾਰ ਪਰਾਏ' ਬਹਿਣ 'ਤੇ ਮਜਬੂਰ ਕਰਦੀਆਂ ਹਨ। ਸੀਤਲ ਜੀ ਨੇ ਨਿਝੱਕ ਰੂਪ ਵਿਚ ਆਪਣੇ ਨਾਵਲਾਂ ਰਾਹੀਂ ਮਾਨਵੀ ਭੁੱਖਾਂ ਦੇ ਬਿਓਰੇ ਪੇਸ਼ ਕੀਤੇ ਤੇ ਉਨ੍ਹਾਂ ਨਾਲ ਜੂਝਣ ਵਾਲਿਆਂ ਦੇ ਮਾਨਸਿਕ ਵਿਸ਼ਲੇਸ਼ਣ ਪੇਸ਼ ਕਰਦਿਆਂ ਉਕਤੀਆਂ ਦੇ ਰੂਪ ਵਿਚ ਅੱਟਲ ਸੱਚਾਈਆਂ ਉਲੀਕੀਆਂ ਹਨ, ਜਿਵੇਂ :

ੳ) ਕਾਨੂੰਨ ਸਦਾ ਅਧੂਰਾ ਤੇ ਲੰਗੜਾ ਰਿਹਾ ਹੈ। ਨਾ ਇਹ ਅੱਜ ਤਕ ਹਰ ਦੋਸ਼ੀ ਨੂੰ ਸਜ਼ਾ ਦੇ ਸਕਿਆ ਹੈ; ਨਾ ਹਰ ਸਤਾਏ ਹੋਏ ਨੂੰ ਇਨਸਾਫ਼। ਪਰ ਕੀ ਕਾਨੂੰਨ ਤੋਂ ਬਚ ਜਾਣ ਵਾਲਾ ਦੋਸ਼ੀ ਸਜ਼ਾ ਤੋਂ ਵੀ ਬਚ ਸਕਦਾ ਹੈ? ਸ਼ਾਇਦ ਨਹੀਂ। ਮੈਂ ਕਾਨੂੰਨ ਤੋਂ ਬਚ ਗਿਆ ਸਾਂ, ਪਰ ਸਜ਼ਾ ਭੁਗਤ ਰਿਹਾ ਹਾਂ।

ਅ) ਕੰਮ ਕਰਨ ਲਈ ਸਿਰਫ਼ ਸਰੀਰਕ ਬਲ ਹੀ ਨਹੀਂ, ਸਿਰੜ ਵੀ ਜ਼ਰੂਰੀ ਹੈ। ਬੰਦਾ ਰੋਂਦਾ ਜੰਮਦਾ ਏ ਤੇ ਜੇ ਮਰਿਆ ਵੀ ਰੋਂਦਾ ਈ ਤਾਂ ਜੰਮਣ ਤੇ ਮਰਨ ਵਿਚ ਕੀ ਫ਼ਰਕ ਹੋਇਆ? ਬੰਦੇ ਨੂੰ ਚਾਹੀਦਾ ਏ ਉਹ ਹੱਸਦਾ-ਹੱਸਦਾ ਮਰੇ। ਮੇਲਾ ਛੱਡਣ ਲੱਗਿਆਂ ਬੁਸਕਣਾ ਕਿਹੜੀ ਗੱਲੋਂ? ਤੇ ਮਰਨ ਲੱਗਿਆਂ ਮਗਰਲਿਆਂ ਨੂੰ ਮੱਤਾਂ ਦੇਣੀਆਂ ਵੱਡੀ ਬੇਸਮਝੀ ਹੈ। ਜ਼ਮਾਨਾ ਜਿਉਂਦਿਆਂ ਦੀ ਮੱਤ 'ਤੇ ਚਲਦਾ ਨਹੀਂ ਤਾਂ ਮੋਇਆਂ ਹੋਇਆਂ ਦੀ ਮੱਤ ਕਿਵੇਂ ਮੰਨ ਲਵੇਗਾ?

(ੲ) ਇਕ ਪਤਨੀ ਤੇ ਛੋਟਾ ਪਰਿਵਾਰ ਸੁਖੀ ਜੀਵਨ ਲਈ ਜ਼ਰੂਰੀ ਹੈ ਪਰ ਜ਼ਿੰਦਗੀ ਕਿਸੇ ਵੀ ਫਾਰਮੂਲੇ ਦੇ ਅਧੀਨ ਨਹੀਂ ਚੱਲਦੀ।

(ਸ) ਥੋੜ੍ਹੀ ਆਮਦਨ ਵਾਸਤੇ ਕਰਜ਼ਾ ਇਕ ਜ਼ਿੱਲਣ ਹੈ।

(ਹ) ਕੁਰਬਾਨੀ ਵੇਚਣੀ ਧਰਮ ਵੇਚਣ ਦੇ ਬਰਾਬਰ ਹੈ।

(ਕ) ਹਰ ਬੋਲੀ ਆਪਣੀ ਲਿੱਪੀ ਵਿਚ ਹੀ ਠੀਕ ਤਰ੍ਹਾਂ ਲਿਖੀ ਜਾ ਸਕਦੀ ਹੈ।

(ਖ) ਲੇਖਕ ਕੋਲੋਂ ਕੋਈ ਗੱਲ ਵੀ ਸੁੱਤੇ ਸਿਧ ਜਾਂ ਅਵੇਸਲੇ ਨਹੀਂ ਹੁੰਦੀ।

(ਗ) ਵਰਤਮਾਨ ਯੁੱਗ ਵਿਚ ਕਿਸੇ ਮੁਲਕ ਨੂੰ ਵੀ ਲੜਾਈ ਤੋਂ ਫ਼ਾਇਦਾ ਨਹੀਂ ਪੁੱਜ ਸਕਦਾ।

(ਘ) ਵੰਡ-ਵੰਡਾਈ ਨਾਲ ਇਹ ਲੜਾਈ (ਦੇਸ਼-ਵੰਡ ੧੯੪੭ ਈ.) ਸਦਾ ਵਾਸਤੇ ਮੁੱਕ ਨਹੀਂ ਗਈ, ਹੁਣ ਇਹ ਛੁਰਿਆਂ/ਤਲਵਾਰਾਂ ਨਾਲ ਲੜੇ ਹਨ, ਭਲਕੇ ਟੈਂਕਾਂ ਤੇ ਹਵਾਈ ਜਹਾਜ਼ਾਂ ਨਾਲ ਲੜਨਗੇ। (ਭਾਰਤ-ਪਾਕਿ ਜੰਗਾਂ)

(ਙ) ਹਰ ਰਾਜ ਬਣਤਰ ਵਿਚ ਕੁਝ ਬੁੱਧੀਜੀਵੀ, ਅਸੰਤੁਸ਼ਟ ਰਹਿਣਗੇ।

(ਚ) ਮਾਰਕਸਿਜ਼ਮ ਸਿਰਫ਼ ਸਰੀਰ ਦੀਆਂ ਲੋੜਾਂ ਦੀ ਗੱਲ ਕਰਦਾ ਹੈ ਪਰ ਗੁਰਬਾਣੀ ਸਰੀਰ ਤੇ ਆਤਮਾ ਦੋਹਾਂ ਦੀ।

ਇਉਂ ਸੀਤਲ ਜੀ ਦੀ ਲਿਖਤ ਯਥਾਰਥਕ ਵੀ ਹੈ, ਦਾਰਸ਼ਨਿਕ ਵੀ ਤੇ ਵਿਅੰਗ ਭਰਪੂਰ ਵੀ।

ਉਨ੍ਹਾਂ ਕੋਲ ਜ਼ਿੰਦਗੀ ਦਾ ਵਿਸ਼ਾਲ ਤਜ਼ਰਬਾ ਹੈ, ਗੁਰਬਾਣੀ ਦੀ ਗਹਿਨ ਚੇਤਨਾ, ਜੋ ਉਨ੍ਹਾਂ ਦੇ ਰਚਨਾਤਮਕ ਵਿਵੇਕ ਨੂੰ ਸੇਧ ਦਿੰਦੀ ਹੈ।

ਸੀਤਲ ਜੀ ਦੀਆਂ ਰਚਨਾਵਾਂ ਵਿਚ ਕਮਾਲ ਦੀ ਪਕੜ ਹੈ, ਰਚਨਾ ਸ਼ੁਰੂ ਕਰ ਲਓ, ਫਿਰ ਉਹ ਖ਼ੁਦ-ਬ-ਖ਼ੁਦ ਪਾਠਕ ਨੂੰ ਵਹਾ ਲੈਂਦੀ ਹੈ। ਪੰਜਾਬੀ ਦੇ ਇਕ ਪ੍ਰਸਿੱਧ ਨਾਵਲਕਾਰ ਨੇ

ਲਿਖਿਆ ਸੀ ਕਿ 'ਮੈਨੂੰ ਆਲੋਚਕ ਮਿਲ ਗਏ ਪਰ ਪਾਠਕ ਨਹੀਂ ਮਿਲੇ'। ਸੀਤਲ ਜੀ ਨੂੰ ਪਾਠਕ ਮਿਲ ਗਏ, ਇਸ ਲਈ ਉਨ੍ਹਾਂ ਨੇ ਆਲੋਚਕਾਂ ਦੀ ਚਿੰਤਾ ਛੱਡ ਦਿੱਤੀ। ਹੁਣ ਉਨ੍ਹਾਂ ਦੀਆਂ ਕੁਝ ਰਚਨਾਵਾਂ ਨੂੰ ਮਾਨਤਾ ਮਿਲ ਰਹੀ ਹੈ, ਉਨ੍ਹਾਂ ਦੇ ਹੁੰਦਿਆਂ ਨਹੀਂ ਮਿਲੀ। ਇਹੋ ਉਨ੍ਹਾਂ ਦੀ ਲਿਖਤ ਦੇ ਜੀਊਂਦੇ ਹੋਣ ਦਾ ਪ੍ਰਮਾਣ ਹੈ। ਉਨ੍ਹਾਂ ਨੂੰ ਅਹਿਸਾਸ ਹੈ ਕਿ ਸਾਹਿਤ ਦਾ ਪਹਿਲਾ ਗੁਣ 'ਮਨੋਰੰਜਨ' ਹੈ। ਸੀਤਲ ਜੀ ਬੇਲੋੜੇ ਵਿਸਤਾਰ, ਨਾ-ਮੰਨਣਯੋਗ ਵਿਚਾਰਾਂ ਅਤੇ ਬੇਰਸੀ ਬੋਲੀ ਤੋਂ ਦੂਰ ਹੋਣ ਕਾਰਨ ਪਾਠਕ ਦਿਲਾਂ ਦੇ ਨੇੜੇ ਹਨ।

ਬਕੌਲ ਸੀਤਲ ਜੀ ਉਹ ਸਭ ਤੋਂ ਪਹਿਲਾਂ 'ਢਾਡੀ' ਹਨ, ਫਿਰ 'ਸਿੱਖ ਇਤਿਹਾਸ ਲੇਖਕ' ਤੇ ਫਿਰ 'ਨਾਵਲਕਾਰ' ਪਰ ਮੇਰੀ ਜਾਚੇ ਉਹ ਸੱਚੇ-ਸੱਚੇ ਲੇਖਕ ਹਨ ਤੇ ਹਰ ਖੇਤਰ ਵਿਚ ਇੱਕੋ ਜਿਹੇ ਇਮਾਨਦਾਰ ਤੇ ਖਰੇ। ਉਨ੍ਹਾਂ ਦੀ ਗੀਤਕਾਰੀ ਤੇ ਵਾਰਕਾਰੀ ਵੀ ਉਨ੍ਹਾਂ ਦੀ ਇਤਿਹਾਸਕਾਰੀ ਤੇ ਗਲਪਕਾਰੀ ਵਾਂਙ ਮਹੱਤਵਪੂਰਨ ਹੈ। ਉਨ੍ਹਾਂ ਦੀ ਲਿਖਤ ਵਿਚਲੀਆਂ ਸਮੀਖਿਆਕਾਰੀ ਟਿੱਪਣੀਆਂ ਵੀ ਸੋਧ-ਯੁਕਤ ਹਨ। ਉਹ 'ਹਿੰਦੀ ਦੇ ਦੋਹੇ', 'ਉਰਦੂ ਦੀ ਗ਼ਜ਼ਲ' ਅਤੇ 'ਪੰਜਾਬੀ ਦੇ ਗੀਤਾਂ' ਦਾ ਮੱਦਾਹ ਹੈ।

ਸਿੱਖ ਇਤਿਹਾਸਕਾਰੀ ਬਾਰੇ ਕੀਤੇ ਉਨ੍ਹਾਂ ਦੇ ਦਸਤਾਵੇਜ਼ੀ ਕੰਮ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਖੋਜਕਾਰੀ ਲਗਨ ਕਿੰਨੀ ਪੱਕੀ ਪੀਢੀ ਸੀ। ਉਹ ਉਰਦੂ, ਫ਼ਾਰਸੀ, ਅਰਬੀ ਤੋਂ ਇਲਾਵਾ ਦੇਵਨਾਗਰੀ ਵਿਚ ਲਿਖੇ ਗ੍ਰੰਥਾਂ ਦੇ ਵੀ ਗਿਆਤਾ ਸਨ। ਪੁਰਾਤਨ ਸਮੇਂ ਵਿਚ ਵਰਤੇ ਜਾਂਦੇ ਸੂਚਕ ਸੰਮਤਾਂ ਨੂੰ ਉਠਾਲਦਿਆਂ ਉਹ ਉਚਿਤ ਤਸ਼ਰੀਹ ਕਰਦੇ ਸਨ, ਜਿਵੇਂ:

'ਸੰਮਤ ਸੋਲਾਂ ਸੋ ਗ੍ਰਹਿ ਜਾਨੋ' (੧੬੦੯ ਬਿ.)

'ਸਸਿ ਖਟ ਰਿਤ ਗ੍ਰਹਿ ਸੰਮਤੋ' (੧੬੬੯)

'ਸਸਿ ਖਟ ਗ੍ਰਹਿ ਪੁਨ ਬੇਦ ਬਖਾਨੀ' (੧੬੯੪)

ਸੰਮਤ ਦਾ ਉਪਰੋਕਤ ਢੰਗ ਲਿਖਣਾ ਸੌਖਾ ਹੈ ਪਰ ਸਮਝਣਾ ਔਖਾ ਜਦ ਕਿ ਅਰਬੀ-ਫ਼ਾਰਸੀ ਦਾ 'ਅਬਜ਼ਦ' ਢੰਗ ਲਿਖਣਾ ਔਖਾ ਹੈ ਪਰ ਸਮਝਣਾ ਸੌਖਾ। ਉਸ ਵਿਚ ਅੱਖਰਾਂ ਦੀਆਂ ਕੀਮਤਾਂ ਨਿਸ਼ਚਿਤ ਜੁ ਹੁੰਦੀਆਂ ਹਨ।

'ਸ੍ਰੀ ਗੁਰ ਸੋਭਾ' ਤੋਂ ਲੈ ਕੇ 'ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼' ਤਕ ਸਭ ਇਤਿਹਾਸਕ ਗ੍ਰੰਥਾਂ ਦੀ ਖੋਜ ਕਰਦਿਆਂ ਉਨ੍ਹਾਂ ਨੇ ਸਿੱਧ ਕੀਤਾ ਹੈ ਕਿ ਬ੍ਰਿਜ ਭਾਸ਼ਾ ਦੇ ਰਲੇ ਨਾਲ ਔਖੀ ਸ਼ਬਦਾਵਲੀ ਵਰਤ ਕੇ ਰਚੇ ਗਏ ਇਹ ਸਾਰੇ ਗ੍ਰੰਥ ਇਕ ਤਾਂ ਇਸ ਲਈ ਔਖੀ ਬੋਲੀ ਵਿਚ ਰਚੇ ਗਏ ਕਿ 'ਓਦੋਂ ਇਹ ਰਿਵਾਜ ਹੀ ਸੀ ਕਿ ਕੋਈ ਜਿੰਨੀ ਔਖੀ ਬੋਲੀ ਵਰਤੇ, ਓਨਾ ਹੀ ਵੱਡਾ ਵਿਦਵਾਨ ਮੰਨਿਆ ਜਾਂਦਾ ਹੈ'। (ਇਹ ਧਾਰਨਾ ਹਰ ਕਾਲ ਦਾ ਸੱਚ ਜਾਪਦੀ ਹੈ) ਜ਼ਿੰਮੇਵਾਰੀ ਭਰਪੂਰ ਕਥਨ ਉਪਰੰਤ ਸੀਤਲ ਜੀ ਨੇ ੧੯੮੧ ਤੋਂ ੧੯੮੪ ਤਕ ੭੦-੭੫ ਵਰ੍ਹੇ ਦੀ ਉਮਰ ਵਿਚ ਰੋਜ਼ਾਨਾ ੮-੯ ਘੰਟੇ ਦੀ ਬੈਠਕ ਦੇ ਕੇ 'ਸਿੱਖ ਇਤਿਹਾਸ ਦੇ ਸੋਮੇ' ਤੇ 'ਮੇਰੇ ਇਤਿਹਾਸਕ ਲੈਕਚਰ' ਆਦਿ ਖੋਜ-ਪੁਸਤਕਾਂ ਦੀ ਰਚਨਾ ਕਰ ਕੇ ਪੰਜਾਬੀ ਸਾਹਿਤ ਦੇ ਭੰਡਾਰ ਵਿਚ ਨਰੋਆ ਵਾਧਾ ਕੀਤਾ।

ਨਿਰਸੰਦੇਹ, ਗਿਆਨੀ ਸੋਹਣ ਸਿੰਘ ਸੀਤਲ ਦਾ ਪਾਠਕ ਹੋਣਾ, ਆਪਣੀ ਵਿਰਾਸਤੀ ਅਮੀਰੀ ਦਾ ਹੱਕੀ ਵਾਰਿਸ ਹੋਣਾ ਹੈ। ਉਨ੍ਹਾਂ ਨੇ ਸੰਤੁਸ਼ਟ ਜੀਵਨ ਜੀਵਿਆ ਹੈ ਤੇ ਉਹ ਪਾਠਕਾਂ ਨੂੰ ਭਰਪੂਰ ਸੰਤੁਸ਼ਟੀ ਪ੍ਰਦਾਨ ਕਰਨ ਦੇ ਸਮਰੱਥ ਹਨ।

■

ਸੀਤਲ ਜੀ ਦਾ ਇਤਿਹਾਸਕ ਨਾਵਲ ਮਹਾਰਾਜਾ ਦਲੀਪ ਸਿੰਘ

-ਡਾ. ਭੁਪਿੰਦਰ ਸਿੰਘ

ਗਿਆਨੀ ਸੋਹਣ ਸਿੰਘ ਸੀਤਲ ਦੀ ਨਾਵਲ-ਨਿਗਾਰੀ ਵਿਚ ਉਨ੍ਹਾਂ ਦੇ ਦੋ ਨਾਵਲ 'ਮਹਾਰਾਣੀ ਜਿੰਦਾਂ' ਅਤੇ 'ਮਹਾਰਾਜਾ ਦਲੀਪ ਸਿੰਘ' ਅਜਿਹੇ ਹਨ, ਜਿਹੜੇ ਉਨ੍ਹਾਂ ਦੇ ਦੂਸਰੇ ਨਾਵਲਾਂ ਨਾਲੋਂ ਵੱਖਰੇ ਚਰਿੱਤਰ ਦੇ ਧਾਰਨੀ ਹਨ। ਇਨ੍ਹਾਂ ਨਾਵਲਾਂ ਵਿਚ ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਦੋ ਸ਼ਖ਼ਸੀਅਤਾਂ ਨੂੰ ਮੁੱਖ ਪਾਤਰ ਬਣਾ ਕੇ ਪ੍ਰਸਤੁਤ ਕੀਤਾ ਗਿਆ ਹੈ। ਇਨ੍ਹਾਂ ਰਚਨਾਵਾਂ ਵਿਚ ਇਨ੍ਹਾਂ ਸ਼ਖ਼ਸੀਅਤਾਂ ਨਾਲ ਸੰਬੰਧਿਤ ਜਿਹੜੀ ਸਮੱਗਰੀ ਪੇਸ਼ ਕੀਤੀ ਹੈ ਉਸ ਦਾ ਵੱਡਾ ਭਾਗ ਵੀ ਇਤਿਹਾਸਕ ਸ੍ਰੋਤਾਂ ਤੋਂ ਲਿਆ ਗਿਆ ਹੈ। ਪਰੰਤੂ, ਇਸ ਸਮੱਗਰੀ ਨੂੰ ਪੇਸ਼ ਕਰਨ ਦੀ ਵਿਧੀ ਬਿਰਤਾਂਤਕ ਹੈ। ਇਸ ਕਰਕੇ ਇਨ੍ਹਾਂ ਰਚਨਾਵਾਂ ਨੂੰ ਇਤਿਹਾਸਕ ਨਾਵਲ ਦੀ ਵੰਨਗੀ ਵਿਚ ਰੱਖ ਕੇ ਵਿਚਾਰਿਆ ਜਾ ਸਕਦਾ ਹੈ।

ਸੀਤਲ ਜੀ ਦਾ ਇਤਿਹਾਸਕ ਨਾਵਲ 'ਮਹਾਰਾਜਾ ਦਲੀਪ ਸਿੰਘ' ਲਿਖਤ ਦੇ ਰੂਪ ਵਿਚ ਫਰਵਰੀ ੧੯੬੧ ਈ. ਨੂੰ ਮੁਕੰਮਲ ਹੋਇਆ। ਇਸ ਦਾ ਪ੍ਰਕਾਸ਼ਨ ਮਾਰਚ ੧੯੬੧ ਈ. ਵਿਚ ਹੋਇਆ।[੧] ਇਹ ਉਨ੍ਹਾਂ ਦੇ ਪਹਿਲੇ ਇਤਿਹਾਸਕ ਨਾਵਲ 'ਮਹਾਰਾਣੀ ਜਿੰਦਾਂ' (੧੯੬੧ ਈ.) ਨਾਲ ਅੰਤਰ-ਸੰਬੰਧਿਤ ਰਚਨਾ ਹੈ। ਇਸ ਦਾ ਕਾਰਨ ਦੋਵਾਂ ਨਾਵਲਾਂ ਦੇ ਮੁੱਖ ਪਾਤਰਾਂ ਦਾ ਮਾਂ ਅਤੇ ਪੁੱਤਰ ਵਾਲਾ ਰਿਸ਼ਤਾ ਹੈ। ਇਨ੍ਹਾਂ ਨਾਵਲਾਂ ਦੇ ਸਮੇਂ ਵਿਚ ਵੀ ਕੁਝ ਸਾਂਝ ਹੈ। ਇਸ ਕਰਕੇ ਦੂਜੇ ਨਾਵਲ ਵਿਚ ਪਹਿਲੇ ਨਾਵਲ ਦੇ ਵੇਰਵਿਆਂ ਦਾ ਦੁਹਰਾਉ ਹੋ ਜਾਣਾ ਸੁਭਾਵਿਕ ਸੀ। ਇਸ ਪੱਖ ਤੋਂ 'ਮਹਾਰਾਜਾ ਦਲੀਪ ਸਿੰਘ' ਨਾਵਲ ਦੇ ਪਹਿਲੇ ਲੱਗਭਗ ਚਾਰ ਕਾਂਡ ਅਤੇ ਇਸ ਤੋਂ ਬਾਅਦ ਨੌਵੇਂ ਕਾਂਡ ਦਾ ਕਾਫੀ ਹਿੱਸਾ ਪਹਿਲੇ ਨਾਵਲ ਦੇ ਵੇਰਵਿਆਂ ਦਾ ਦੁਹਰਾਉ ਮਾਤਰ ਹੈ।

ਇਸ ਨਾਵਲ ਦਾ ਅਰੰਭ ਸੰਧਾਂਵਾਲੀਆਂ ਦੁਆਰਾ ਪੰਜ ਸਾਲ ਤੇ ਗਿਆਰਾਂ ਦਿਨ ਦੇ ਬਾਲਕ ਮਹਾਰਾਜਾ ਦਲੀਪ ਸਿੰਘ ਨੂੰ ਬਾਦਸ਼ਾਹ ਬਣਾਉਣ ਦੇ ਘਟਨਾ-ਪ੍ਰਸੰਗ ਨਾਲ ਹੁੰਦਾ ਹੈ। ਉਸ ਨੂੰ ਰਾਜਾ ਧਿਆਨ ਸਿੰਘ ਦੀ ਲੋਥ ਵਿੱਚੋਂ ਵਹਿ ਰਹੇ ਲਹੂ ਨਾਲ ਰਾਜ-ਤਿਲਕ ਲਗਾਇਆ ਜਾਂਦਾ ਹੈ।[੨] ਇਸ ਘਟਨਾ ਦੀ ਪ੍ਰਤੀਕਿਰਿਆ ਵਿਚ ਜਿੰਦਾਂ ਦੇ ਮਨ ਵਿਚ ਖੁਸ਼ੀ ਤੇ ਚਿੰਤਾ ਦੇ ਭਾਵਾਂ ਨੂੰ ਉਤਪੰਨ ਹੁੰਦੇ ਦਿਖਾਇਆ ਗਿਆ ਹੈ। ਉਹ ਖੁਸ਼ ਇਸ ਕਰਕੇ ਸੀ ਕਿ ਉਸ ਦੇ ਪੁੱਤਰ ਨੂੰ ਪੰਜਾਬ ਦੇ ਤਖ਼ਤ ਉੱਪਰ ਬਿਠਾਇਆ ਗਿਆ ਸੀ। ਚਿੰਤਾ ਦਾ ਸੰਬੰਧ ਉਸ ਨੂੰ ਲਹੂ ਨਾਲ ਰਾਜ-ਤਿਲਕ ਲਗਾਉਣ ਦੇ ਅਪਸ਼ਗਨ ਨਾਲ ਜੁੜਿਆ ਹੋਇਆ ਸੀ। ਨਾਵਲਕਾਰ ਨੇ ਇਸ ਅਪਸ਼ਗਨ ਦੇ ਹਵਾਲੇ ਨਾਲ ਲੋਕਧਾਰਾਈ ਸੰਕੇਤ ਕਰ ਦਿੱਤਾ ਹੈ। ਇਸ ਘਟਨਾ-ਪ੍ਰਸੰਗ ਤੋਂ ਬਾਅਦ 'ਮਹਾਰਾਣੀ ਜਿੰਦਾਂ' ਨਾਵਲ ਵਿਚ ਪੇਸ਼ ਹੋਏ ਉਨ੍ਹਾਂ ਸਾਰੇ ਵੇਰਵਿਆਂ ਨੂੰ ਦੁਹਰਾਇਆ ਗਿਆ ਹੈ, ਜਿਨ੍ਹਾਂ ਦੇ ਨਤੀਜੇ ਵਜੋਂ ਸਿੱਖ ੧੮੪੬ ਈ. ਵਿਚ ਅੰਗਰੇਜ਼ਾਂ ਪਾਸੋਂ ਹਾਰ ਜਾਂਦੇ ਹਨ। ਕੰਵਰ ਦਲੀਪ ਸਿੰਘ ਨੂੰ ਲਾਰਡ ਹਾਰਡਿੰਗ ਦੇ ਪ੍ਰਬੰਧ ਹੇਠ ਹੋਏ ਦਰਬਾਰ ਵਿਚ ਸਿੰਘਾਸਣ ਉੱਪਰ ਬਿਠਾਇਆ ਜਾਂਦਾ ਹੈ। ਸਿੱਖ ਰਾਜ ਦੇ ਗ਼ਦਾਰਾਂ ਲਾਲ ਸਿੰਘ ਨੂੰ ਵਜ਼ੀਰ ਅਤੇ ਤੇਜ

ਸਿੰਘ ਨੂੰ ਸੈਨਾਪਤੀ ਥਾਪਿਆ ਜਾਂਦਾ ਹੈ। ਇਸ ਉਪਰੰਤ ਲਾਹੌਰ ਅਤੇ ਭਰੋਵਾਲ ਦੇ ਅਹਿਦਨਾਮਿਆਂ ਦਾ ਜ਼ਿਕਰ ਕੀਤਾ ਗਿਆ ਹੈ।[੩] ਇਨ੍ਹਾਂ ਦੀਆਂ ਸ਼ਰਤਾਂ ਅਨੁਸਾਰ ਨਿਰਣਾਇਕ ਸਥਿਤੀ ਅੰਗਰੇਜ਼ਾਂ ਦੇ ਹੱਥ ਚਲੇ ਜਾਂਦੀ ਹੈ। ਇਸ ਨਾਲ ਮਹਾਰਾਜਾ ਦਲੀਪ ਸਿੰਘ ਨਾਮਧਰੀਕ ਦਾ ਮਹਾਰਾਜਾ ਹੀ ਰਹਿ ਜਾਂਦਾ ਹੈ। ਨਾਵਲਕਾਰ ਨੇ ਇਸ ਰਚਨਾ ਵਿਚ 'ਮਹਾਰਾਣੀ ਜਿੰਦਾਂ' ਨਾਵਲ ਵਿਚ ਪੇਸ਼ ਹੋਏ ੭ ਅਗਸਤ ੧੮੪੭ ਈ. ਦੀ ਘਟਨਾ ਦਾ ਉਲੇਖ ਵੀ ਕੀਤਾ ਹੈ ਜਿਸ ਦੇ ਤਹਿਤ ਮਹਾਰਾਜਾ ਦਲੀਪ ਸਿੰਘ ਅੰਗਰੇਜ਼ਾਂ ਦੀ ਇੱਛਾ ਦੇ ਉਲਟ ਤੇਜ ਸਿੰਘ ਨੂੰ ਤਿਲਕ ਲਾਉਣ ਤੋਂ ਇਨਕਾਰ ਕਰ ਦਿੰਦਾ ਹੈ। ਅੰਗਰੇਜ਼ ਇਸ ਘਟਨਾ ਨੂੰ ਜਿੰਦਾਂ ਦੇ ਮਹਾਰਾਜਾ ਦਲੀਪ ਸਿੰਘ ਉੱਪਰ ਮੰਦ ਪ੍ਰਭਾਵ ਅਤੇ ਵਿਦਰੋਹ ਦੇ ਰੂਪ ਵਿਚ ਵੇਖਦੇ ਹਨ। ਪਰਿਣਾਮ ਸਰੂਪ ਜਿੰਦਾਂ ਨੂੰ ਪੁੱਤਰ ਤੋਂ ਨਿਖੇੜ ਕੇ ਸ਼ੇਖ਼ੂਪੁਰੇ ਵਿਚ ਕੈਦ ਕਰ ਦਿੱਤਾ ਜਾਂਦਾ ਹੈ।[੪] ਇਸ ਉਪਰੰਤ ਹਾਰਡਿੰਗ ਤੇ ਲਾਰੰਸ ਦੀ ਥਾਂ ਡਲਹੌਜ਼ੀ ਤੇ ਫੈਡਰਿਕ ਕਰੀ ਦੀ ਆਮਦ, ਮੁਲਤਾਨ ਬਗ਼ਾਵਤ, ਜਿੰਦਾਂ ਦੀ ਜਾਮਾ-ਤਲਾਸ਼ੀ ਤੇ ਦੇਸ਼-ਨਿਕਾਲਾ, ਅੰਗਰੇਜ਼ਾਂ ਅਤੇ ਸਿੱਖ ਫ਼ੌਜ ਵਿਚਕਾਰ ਲੜੀਆਂ ਗਈਆਂ ਲੜਾਈਆਂ ਦੇ ਵੇਰਵੇ ਦਿੱਤੇ ਗਏ ਹਨ। ਰਾਜਾ ਸ਼ੇਰ ਸਿੰਘ ਨਾਲ ਹੋਈਆਂ ਚਾਰ ਲੜਾਈਆਂ ਵਿਚ ਚੌਥੀ ਲੜਾਈ ਦੌਰਾਨ ਸਿੱਖਾਂ ਦੀ ਹਾਰ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਨੂੰ ਆਖਰੀ ਵਾਰ ਸਿੰਘਾਸਣ 'ਤੇ ਬਿਠਾ ਕੇ ਨਜ਼ਰਬੰਦ ਕਰ ਦਿੱਤਾ ਜਾਂਦਾ ਹੈ। ਉਸ ਨੂੰ ਸੁਲ੍ਹਾ ਦੇ ਕਾਗਜ਼ਾਂ 'ਤੇ ਦਸਤਖ਼ਤ ਕਰਾ ਕੇ ਤਖ਼ਤੋਂ ਲਾਹ ਦਿੱਤਾ ਜਾਂਦਾ ਹੈ ਅਤੇ ਪੈਨਸ਼ਨ ਦੇ ਦਿੱਤੀ ਜਾਂਦੀ ਹੈ। ਨਾਵਲਕਾਰ ਨੇ ਅੰਗਰੇਜ਼ਾਂ ਦੁਆਰਾ ਮਹਾਰਾਜਾ ਦਲੀਪ ਸਿੰਘ ਤੋਂ ਰਾਜ ਨੂੰ ਖੋਹਣ ਦੀ ਘਟਨਾ ਬਾਰੇ ਵੇਲੇ ਦੇ ਕਈ ਅੰਗਰੇਜ਼ ਪ੍ਰਬੰਧਕਾਂ ਦੇ ਵਿਚਾਰ ਦਿੱਤੇ ਹਨ। ਇਨ੍ਹਾਂ ਵਿਚ ਇਲੀਅਟ, ਈਵਨਜ਼ ਬੈੱਲ, ਸਰ ਜੌਹਨ ਲਾਗਨ, ਡਲਹੌਜ਼ੀ ਅਤੇ ਮਿਸਟਰ ਲੁਡੋਲ ਆਦਿ ਦੇ ਨਾਮ ਸ਼ਾਮਲ ਹਨ।[੫] ਇਨ੍ਹਾਂ ਅੰਗਰੇਜ਼ ਪ੍ਰਬੰਧਕਾਂ ਦੇ ਵਿਚਾਰਾਂ ਦੇ ਹਵਾਲੇ ਨਾਲ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਕ ਅਣਜਾਣ ਬੱਚੇ ਨੂੰ ਡਰਾ-ਧਮਕਾ ਕੇ ਜਿਸ ਢੰਗ ਨਾਲ ਦਸਤਖ਼ਤ ਕਰਾ ਕੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਇਆ ਗਿਆ, ਉਸ ਤੋਂ ਅੰਗਰੇਜ਼ੀ ਰਾਜ ਦੇ ਅਨਿਆਇ ਦਾ ਪਤਾ ਲੱਗਦਾ ਹੈ। ਇਸ ਪ੍ਰਕਾਰ ਨਾਵਲਕਾਰ ਅੰਗਰੇਜ਼ੀ ਰਾਜ ਦੇ ਪ੍ਰਬੰਧਕਾਂ ਦੇ ਵਿਚਾਰਾਂ ਰਾਹੀਂ ਉਨ੍ਹਾਂ ਦੀ ਬੇਇਨਸਾਫ਼ੀ ਭਰੀ ਨੀਤੀ ਨੂੰ ਜ਼ਾਹਰ ਕਰ ਦਿੰਦਾ ਹੈ। ਇਸ ਪ੍ਰਕਾਰ ਇਸ ਬੇਇਨਸਾਫ਼ੀ ਭਰੀ ਕੁਟਲਨੀਤੀ ਰਾਹੀਂ ੨੯ ਮਾਰਚ ੧੮੪੯ ਈ. ਨੂੰ ਮਹਾਰਾਜਾ ਦਲੀਪ ਸਿੰਘ ਨੂੰ ਰਾਜ ਤੋਂ ਅਲੱਗ ਕਰ ਦਿੱਤਾ ਜਾਂਦਾ ਹੈ ਅਤੇ ਪੰਜਾਬ ਨੂੰ ਪੂਰੀ ਤਰ੍ਹਾਂ ਅੰਗਰੇਜ਼ੀ ਰਾਜ ਵਿਚ ਮਿਲਾ ਦਿੱਤਾ ਜਾਂਦਾ ਹੈ।

'ਮਹਾਰਾਜਾ ਦਲੀਪ ਸਿੰਘ' ਨਾਵਲ ਦੇ ਪੰਜਵੇਂ ਕਾਂਡ ਤੋਂ ਇਸ ਦਾ ਬਿਰਤਾਂਤ 'ਮਹਾਰਾਣੀ ਜਿੰਦਾਂ' ਨਾਵਲ ਤੋਂ ਵਖਰੇਵਾਂ ਧਾਰਨ ਕਰ ਲੈਂਦਾ ਹੈ। ਡਾਕਟਰ ਸਰ ਜੌਹਨ ਲਾਗਨ ਨੂੰ ਜਲੰਧਰ ਤੋਂ ਬੁਲਾ ਕੇ ਮਹਾਰਾਜਾ ਦਲੀਪ ਸਿੰਘ ਦਾ ਰਖਿਅਕ ਬਣਾ ਦਿੱਤਾ ਜਾਂਦਾ ਹੈ। ਨਿਯੁਕਤੀ ਤੋਂ ਤੁਰੰਤ ਬਾਅਦ ਲਾਗਨ ਨੇ ਮਹਾਰਾਜਾ ਰਣਜੀਤ ਸਿੰਘ ਦੇ ਦੁਨੀਆਂ ਵਿਚ ਪ੍ਰਸਿੱਧ ਤੋਸ਼ੇਖਾਨੇ ਨੂੰ ਬਿਲੇ ਲਾਉਣ ਅਤੇ ਕੋਹਿਨੂਰ ਹੀਰੇ ਨੂੰ ਵਲਾਇਤ ਭੇਜਣ ਦੀ ਵਿਉਂਤ ਬਣਾ ਲਈ।[੬] ਇਸ ਦੇ ਨਾਲ ਹੀ ਉਸ ਨੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਹੱਥਾਂ ਉੱਤੇ ਪਾਉਣ ਦਾ ਕਾਰਜ ਅਰੰਭ ਕਰ ਦਿੱਤਾ। ਉਹ ਸਥਾਨਕ ਲੋਕਾਂ ਨਾਲ ਮਹਾਰਾਜੇ ਦੇ ਮੇਲ-ਮਿਲਾਪ ਨੂੰ ਲਗਾਤਾਰ ਘੱਟ ਕਰਦਾ ਜਾਂਦਾ ਹੈ। ਉਸ ਨੇ ਮਹਾਰਾਜੇ ਨੂੰ ਅੰਗਰੇਜ਼ੀ ਅਤੇ ਅੰਜੀਲ ਦੀਆਂ ਆਇਤਾਂ ਪੜ੍ਹਾਉਣ

ਦਾ ਕਾਰਜ ਅਰੰਭ ਕਰ ਦਿੱਤਾ। ਇਸ ਸਿੱਖਿਆ ਦੌਰਾਨ ਉਸ ਦੇ ਮਨ ਵਿਚ ਸਿੱਖਾਂ ਪ੍ਰਤੀ ਨਫ਼ਰਤ ਪੈਦਾ ਕੀਤੀ ਜਾਣ ਲੱਗੀ।[੭] ਉਸ ਦੀ ਦੇਸੀ ਧਾਰਮਿਕ ਵਿੱਦਿਆ ਅਤੇ ਗੁਰਮੁਖੀ ਪੜ੍ਹਾਈ ਬੰਦ ਕਰ ਦਿੱਤੀ ਗਈ। ਇਸ ਅਮਲ ਵਿਚ ਜਿੱਥੇ ਇਕ ਪਾਸੇ ਉਸ ਨੂੰ ਆਪਣੀ ਭਾਸ਼ਾ, ਧਰਮ ਅਤੇ ਸਭਿਆਚਾਰ ਤੋਂ ਤੋੜਨ ਦੇ ਜਤਨ ਸ਼ੁਰੂ ਹੋ ਗਏ, ਉਥੇ ਦੂਜੇ ਪਾਸੇ ਅੰਗਰੇਜ਼ੀ ਭਾਸ਼ਾ, ਈਸਾਈ ਮੱਤ ਅਤੇ ਪੱਛਮੀ ਸਭਿਆਚਾਰ ਨਾਲ ਜੋੜਨ ਦੇ ਸੁਚੇਤ ਉਪਰਾਲੇ ਕੀਤੇ ਜਾਣ ਲੱਗਦੇ ਹਨ। ਇਸ ਅਮਲ ਵਿਚ ਅੰਗਰੇਜ਼ੀ ਸਾਮਰਾਜ ਦੀ ਸਿਆਸੀ ਸਭਿਆਚਾਰਕ ਨੀਤੀ ਦੇ ਅੰਤਰੀਵ ਇਰਾਦਿਆਂ ਦਾ ਪਤਾ ਲੱਗਦਾ ਹੈ। ਇਸੇ ਇਰਾਦੇ ਦੇ ਅੰਤਰਗਤ ਉਸ ਨੂੰ ਦੇਸ਼-ਨਿਕਾਲਾ ਦੇ ਕੇ ਪੰਜਾਬ ਤੋਂ ਬਾਹਰ ਯੂ.ਪੀ. ਵਿਚ ਫਤਹਿਗੜ੍ਹ ਲਿਜਾਇਆ ਜਾਂਦਾ ਹੈ।[੮] ਉਹ ਆਪਣੀ ਕਪਟੀ ਵਿਉਂਤ ਉੱਪਰ ਪਰਦਾ ਪਾਉਣ ਲਈ ਇਹ ਅਫਵਾਹ ਫੈਲਾਉਂਦੇ ਹਨ ਕਿ ਮਹਾਰਾਜਾ ਤੀਰਥ ਅਸਥਾਨ ਦੀ ਯਾਤਰਾ 'ਤੇ ਗਿਆ ਹੋਇਆ ਹੈ। ਨਵੀਂ ਸਿੱਖਿਆ ਦੇ ਮਨ-ਇੱਛਤ ਨਤੀਜੇ ਉਸ ਸਮੇਂ ਸਾਹਮਣੇ ਆਉਣ ਲੱਗਦੇ ਹਨ, ਜਦੋਂ ਉਹ ਰਾਜਾ ਸ਼ੇਰ ਸਿੰਘ ਅਟਾਰੀ ਵਾਲੇ ਦੀ ਭੈਣ ਨਾਲ ਹੋਏ ਰਿਸ਼ਤੇ ਤੋਂ ਮੂੰਹ ਮੋੜ ਕੇ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੰਦਾ ਹੈ।[੯] ਇਸ ਪ੍ਰਕਾਰ ਅੰਗਰੇਜ਼ ਉਸ ਦੇ ਮਨ ਵਿਚ ਸਿੱਖਾਂ ਪ੍ਰਤੀ ਨਫ਼ਰਤ ਅਤੇ ਆਪਣੀ ਦੇਸੀ ਸਾਕਾਚਾਰੀ ਵਿਚ ਬੇਵਿਸ਼ਵਾਸੀ ਪੈਦਾ ਕਰਨ ਵਿਚ ਸਫਲ ਹੋ ਜਾਂਦੇ ਹਨ।

ਅੰਗਰੇਜ਼ ਅਧਿਕਾਰੀ ਸਮਝਦੇ ਸਨ ਕਿ ਜਿੰਨਾ ਚਿਰ ਮਹਾਰਾਜਾ ਦਲੀਪ ਸਿੰਘ ਸਿੱਖੀ ਵਿਚ ਕਾਇਮ ਹੈ, ਓਨਾ ਚਿਰ ਸਿੱਖ ਕੌਮ ਦੀ ਹਮਦਰਦੀ ਉਸ ਦੇ ਹੱਕ ਵਿਚ ਰਹੇਗੀ। ਅੰਗਰੇਜ਼ਾਂ ਦਾ ਇਹ ਵੀ ਖ਼ਿਆਲ ਸੀ ਕਿ ਜੇ ਦਲੀਪ ਸਿੰਘ ਨੂੰ ਈਸਾਈ ਬਣਾ ਲਿਆ ਜਾਵੇ ਤਾਂ ਸਿੱਖ ਉਸ ਦੇ ਨਾਲ ਨਫ਼ਰਤ ਕਰਨ ਲੱਗ ਪੈਣਗੇ। ਇਸ ਵਿਚਾਰ ਨੂੰ ਮੁੱਖ ਰੱਖ ਕੇ ਸਾਰਾ ਜ਼ੋਰ ਮਹਾਰਾਜੇ ਨੂੰ ਈਸਾਈ ਬਣਾਉਣ ਲਈ ਲਾਇਆ ਜਾਣ ਲੱਗਦਾ ਹੈ। ਅੰਗਰੇਜ਼ਾਂ ਦੀ ਇਸ ਸੋਚ ਦੀ ਗਵਾਹੀ ਲਾਗਨ ਅਤੇ ਡਲਹੌਜ਼ੀ ਦੀਆਂ ਲਿਖਤਾਂ ਵਿੱਚੋਂ ਵੀ ਮਿਲ ਜਾਂਦੀ ਹੈ।[੧੦] ਇਸ ਤੋਂ ਸਾਮਰਾਜ ਦਾ ਈਸਾਈ ਮੱਤ ਦੇ ਪ੍ਰਚਾਰ ਰਾਹੀਂ ਅੰਗਰੇਜ਼ੀ ਰਾਜ ਨੂੰ ਪੱਕਿਆਂ ਕਰਨ ਦਾ ਮੰਤਵ ਵੀ ਪ੍ਰਮੁੱਖ ਬਣਦਾ ਹੈ। ਇਸ ਮੰਤਵ ਦੀ ਪੂਰਤੀ ਲਈ ਲਾਗਨ ਨੇ ਵੇਖਣ ਨੂੰ ਬਹੁਤ ਹੀ ਸਭਿਅਕ ਢੰਗ ਅਪਣਾਇਆ। ਉਸ ਨੇ ਇਸ ਮੰਤਵ ਦੀ ਪੂਰਤੀ ਲਈ ਮਹਾਰਾਜਾ ਦਲੀਪ ਸਿੰਘ ਦੇ ਮਨ ਵਿਚ ਈਸਾਈ ਬਣਨ ਦੀ ਇੱਛਾ ਪੈਦਾ ਕਰਨ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਮਹਾਰਾਜਾ ਦਲੀਪ ਸਿੰਘ ਕਿਸੇ ਜਬਰ ਕਰਕੇ ਨਹੀਂ, ਸਗੋਂ ਸਵੈ-ਇੱਛਾ ਨਾਲ ਈਸਾਈ ਹੋਣਾ ਚਾਹੁੰਦਾ ਹੈ। ਬੜੇ ਹੀ ਵਿਉਂਤਬੱਧ ਢੰਗ ਨਾਲ ਮਹਾਰਾਜਾ ਦਲੀਪ ਸਿੰਘ ਕੋਲੋਂ ਇਸ ਇੱਛਾ ਦਾ ਇਜ਼ਹਾਰ ਉਸ ਸਮੇਂ ਕਰਵਾਇਆ ਜਾਂਦਾ ਹੈ, ਜਦੋਂ ਲਾਗਨ ਉਸ ਦੇ ਕੋਲ ਨਹੀਂ ਸੀ। ਇਹ ਉਹ ਸਮਾਂ ਸੀ, ਜਦੋਂ ਨਵੰਬਰ ੧੮੫੦ ਈ. ਵਿਚ ਲਾਗਨ ਇਕ ਮਹੀਨੇ ਵਾਸਤੇ ਕਲਕੱਤੇ ਗਿਆ ਹੋਇਆ ਸੀ। ਪਿੱਛੋਂ ਉਸ ਦੀ ਗੈਰਹਾਜ਼ਰੀ ਵਿਚ ਕੈਪਟਨ ਕੈਮਬਲ ਫ਼ਤਹਿਗੜ੍ਹ ਰਿਹਾ। ਠੀਕ ਇਸ ਸਮੇਂ ਮਹਾਰਾਜਾ ਦਲੀਪ ਸਿੰਘ ਵੱਲੋਂ ਆਪਣੇ ਪੁਰਖਿਆਂ ਦਾ ਧਰਮ ਤਿਆਗਣ ਦਾ ਇਰਾਦਾ ਪ੍ਰਗਟ ਕਰਾਇਆ ਜਾਂਦਾ ਹੈ।[੧੧] ਸੀਤਲ ਜੀ ਨੇ ਅੰਗਰੇਜ਼ਾਂ ਵੱਲੋਂ ਮਹਾਰਾਜਾ ਦਲੀਪ ਸਿੰਘ ਨੂੰ ਯੋਜਨਾਬੱਧ ਢੰਗ ਨਾਲ ਈਸਾਈ ਬਣਾਉਣ ਦੀ ਪ੍ਰਕਿਰਿਆ ਨੂੰ ਬਰੀਕੀ ਨਾਲ ਪੇਸ਼ ਕੀਤਾ ਹੈ। ਉਹ ਇਸ ਸੰਬੰਧੀ ਕੈਪਟਨ ਕੈਮਬਲ, ਡਾ. ਲਾਗਨ, ਮਹਾਰਾਜਾ ਦਲੀਪ ਸਿੰਘ ਦੇ ਈਸਾਈ ਨੌਕਰ ਭਜਨ ਲਾਲ ਅਤੇ ਖ਼ੁਦ

ਮਹਾਰਾਜਾ ਦਲੀਪ ਸਿੰਘ ਦੇ ਲਿਖਤ ਵਿਚਾਰਾਂ ਦੀ ਵਰਤੋਂ ਕਰਦਾ ਹੈ। ਇਸ ਦੀ ਪ੍ਰੋੜ੍ਹਤਾ ਲਾਰਡ ਡਲਹੌਜ਼ੀ ਦੀ ੨੪ ਸਤੰਬਰ ੧੮੫੨ ਦੀ ਲਿਖਤ ਤੋਂ ਵੀ ਹੋ ਜਾਂਦੀ ਹੈ। ਇਸ ਲਿਖਤ ਅਨੁਸਾਰ, 'ਜੇ ਦਲੀਪ ਸਿੰਘ ਵਲਾਇਤ ਜਾਣਾ ਚਾਹੁੰਦਾ ਹੈ, ਤਾਂ ਜਾਣ ਤੋਂ ਪਹਿਲਾਂ ਚੁੱਪ-ਚਾਪ ਉਸ ਨੂੰ ਈਸਾਈ ਬਣਾ ਲਿਆ ਜਾਵੇ, ਪਰ ਨਾਮ ਦਲੀਪ ਸਿੰਘ ਹੀ ਰਹੇ।[੧੨] ਇਸ ਯੋਜਨਾ ਦੇ ਤਹਿਤ ਮਹਾਰਾਜਾ ਦਲੀਪ ਸਿੰਘ ਦੇ ਮਨ ਵਿਚ ਹਿੰਦੂ ਅਤੇ ਸਿੱਖ ਧਰਮ ਵਿਚ ਅਜਿਹੀ ਬੇਵਿਸ਼ਵਾਸੀ ਪੈਦਾ ਕਰ ਦਿੱਤੀ ਗਈ ਕਿ ਉਹ ਕੇਵਲ ਤੇ ਕੇਵਲ ਈਸਾਈ ਮੱਤ ਨੂੰ ਹੀ ਦੁਨੀਆਂ ਦਾ ਸਭ ਤੋਂ ਚੰਗਾ ਧਰਮ ਸਮਝਣ ਲੱਗਾ। ਇਸ ਯੋਜਨਾ ਦੀ ਪੂਰਤੀ ੮ ਮਾਰਚ ੧੮੫੩ ਈ. ਨੂੰ ਹੁੰਦੀ ਹੈ ਜਦੋਂ ਮਹਾਰਾਜਾ ਦਲੀਪ ਸਿੰਘ ਨੂੰ 'ਬੈਪਤਿਸਮਾ' ਦੇ ਕੇ ਈਸਾਈ ਬਣਾ ਲਿਆ ਜਾਂਦਾ ਹੈ। ਉਸ ਦੇ ਸਵਾ-ਸਵਾ ਗਜ਼ ਲੰਮੇ ਕੇਸ ਕਤਲ ਕਰ ਦਿੱਤੇ ਜਾਂਦੇ ਹਨ। ਉਸ ਸਮੇਂ ਉਸ ਦੀ ਉਮਰ ਕੇਵਲ ਚੌਦਾਂ ਸਾਲ ਛੇ ਮਹੀਨੇ ਤੇ ਚਾਰ ਦਿਨ ਦੀ ਸੀ। ਇਸ ਨਾਵਲ ਵਿਚ ਈਸਾਈ ਮੱਤ ਦੇ ਪ੍ਰਚਾਰ ਦੇ ਸੰਦਰਭ ਵਿਚ ਅੰਗਰੇਜ਼ਾਂ ਦੀ ਸਭਿਆਚਾਰਕ ਨੀਤੀ ਦੇ ਇਸ ਪਹਿਲੂ ਦੀ ਪੇਸ਼ਕਾਰੀ ਇਸ ਰਚਨਾ ਨੂੰ 'ਮਹਾਰਾਣੀ ਜਿੰਦਾਂ' ਨਾਵਲ ਨਾਲੋਂ ਨਿਖੇੜਦੀ ਹੈ।

'ਮਹਾਰਾਜਾ ਦਲੀਪ ਸਿੰਘ' ਨਾਵਲ ਵਿਚ ਬਾਲਕ ਮਹਾਰਾਜੇ ਨੂੰ ਈਸਾਈ ਬਣਾਉਣ ਤੋਂ ਬਾਅਦ ਵੀ ਅੰਗਰੇਜ਼ ਅਧਿਕਾਰੀ ਸੰਤੁਸ਼ਟ ਨਹੀਂ ਹੁੰਦੇ। ਉਹ ਮਹਾਰਾਜਾ ਦਲੀਪ ਸਿੰਘ ਨੂੰ ਭਾਰਤ ਤੋਂ ਬਹੁਤ ਦੂਰ ਭੇਜ ਦੇਣਾ ਚਾਹੁੰਦੇ ਸਨ, ਜਿੱਥੋਂ ਉਸ ਦੀ ਹਵਾ ਵੀ ਪੰਜਾਬ ਦੇ ਸਿੱਖਾਂ ਤਕ ਨਾ ਪਹੁੰਚ ਸਕੇ। ਇਸ ਮਨਸੂਬੇ ਦੀ ਪੂਰਤੀ ਲਈ ਵੀ ਟੇਢਾ ਢੰਗ ਇਸਤੇਮਾਲ ਕੀਤਾ ਗਿਆ। ਲਾਗਨ ਨੇ ਮਹਾਰਾਜੇ ਦੇ ਦਿਲ ਵਿਚ ਵਲਾਇਤ ਦੇਖਣ ਦਾ ਚਾਅ ਪੈਦਾ ਕਰ ਦਿੱਤਾ। ਇਸ ਚਾਅ ਦੀ ਪੂਰਤੀ ਲਈ ਲਾਗਨ ਨੇ ਮਹਾਰਾਜੇ ਵੱਲੋਂ ਸਰਕਾਰ ਨੂੰ ਚਿੱਠੀਆਂ ਲਿਖੀਆਂ।[੧੩] ਇਸ ਸਭ ਕੁਝ ਵਿਚ ਲਾਗਨ ਨੇ ਇਉਂ ਪ੍ਰਗਟ ਕੀਤਾ ਜਿਵੇਂ ਸਰਕਾਰ ਨੇ ਵਲਾਇਤ ਜਾਣ ਦੀ ਆਗਿਆ ਦੇ ਕੇ ਮਹਾਰਾਜੇ ਦੇ ਸਿਰ ਬੜਾ ਅਹਿਸਾਨ ਕੀਤਾ ਹੋਵੇ। ਇਥੇ ਵੀ ਇਉਂ ਜ਼ਾਹਰ ਕੀਤਾ ਗਿਆ ਜਿਵੇਂ ਮਹਾਰਾਜਾ ਕਿਸੇ ਯਾਤਰਾ ਲਈ ਵਲਾਇਤ ਜਾ ਰਿਹਾ ਹੋਵੇ। ਇਸ ਪ੍ਰਕਾਰ ਮਹਾਰਾਜਾ ਦਲੀਪ ਸਿੰਘ ੧੯ ਅਪ੍ਰੈਲ ੧੮੫੪ ਈ. ਨੂੰ ਡਾਕਟਰ ਲਾਗਨ, ਲੇਡੀ ਲਾਗਨ ਤੇ ਕੁਝ ਨੌਕਰਾਂ ਸਮੇਤ ਵਲਾਇਤ ਜਾਣ ਵਾਸਤੇ ਕਲਕੱਤੇ ਤੋਂ ਜਹਾਜ਼ ਚੜ੍ਹ ਜਾਂਦਾ ਹੈ।[੧੪]

ਬੇਸ਼ੱਕ ਮਹਾਰਾਜਾ ਦਲੀਪ ਸਿੰਘ ਅੰਗਰੇਜ਼ਾਂ ਦੀ ਯੋਜਨਾ ਅਧੀਨ ਈਸਾਈ ਮੱਤ ਧਾਰਨ ਕਰ ਕੇ ਇੰਗਲੈਂਡ ਪਹੁੰਚ ਜਾਂਦਾ ਹੈ ਪਰੰਤੂ, ਉਹ ਆਪਣੇ ਦੇਸੀ ਸਭਿਆਚਾਰ ਦੇ ਕੁਝ ਚਿੰਨ੍ਹਾਂ ਨੂੰ ਉਥੇ ਵੀ ਕਾਇਮ ਰੱਖਦਾ ਹੈ। ਇਨ੍ਹਾਂ ਚਿੰਨ੍ਹਾਂ ਵਿੱਚੋਂ ਸਿਰ ਉੱਪਰ ਪੱਗ ਅਤੇ ਮਹਾਰਾਜਿਆਂ ਵਾਲੀ ਦੇਸੀ ਪੁਸ਼ਾਕ ਸ਼ਾਮਲ ਸੀ। ਲਾਰਡ ਡਲਹੌਜ਼ੀ ਨੂੰ ਉਸ ਦੀ ਪੱਗ ਬਹੁਤ ਚੁੱਭਦੀ ਸੀ। ਇਸ ਨਾਲ ਹੀ ਇੰਗਲੈਂਡ ਵਿਖੇ ਮਹਾਰਾਜਾ ਦਲੀਪ ਸਿੰਘ ਦਾ ਮਲਕਾ ਵਿਕਟੋਰੀਆ ਅਤੇ ਸ਼ਹਿਜ਼ਾਦਿਆਂ ਨਾਲ ਮੇਲ ਬਹੁਤ ਵਧ ਗਿਆ। ਮਲਕਾ ਵੱਲੋਂ ਉਸ ਨੂੰ ਕਈ ਵਾਰ ਰਾਜ ਮਹਿਲ ਵਿਚ ਪ੍ਰੀਤੀ ਭੋਜਨ ਦਿੱਤਾ ਜਾਂਦਾ ਹੈ। ਲਾਰਡ ਡਲਹੌਜ਼ੀ ਤੋਂ ਤਖਤੋਂ ਲੱਥੇ ਮਹਾਰਾਜੇ ਦਾ ਏਨਾ ਆਦਰ ਜਰਿਆ ਨਹੀਂ ਸੀ ਜਾਂਦਾ। ਉਹ ਇਸ ਪ੍ਰਤਿ ਆਪਣੇ ਸਾੜੇ ਦਾ ਇਜ਼ਹਾਰ ੨੨ ਅਕਤੂਬਰ ੧੮੫੪ ਈ. ਦੀ ਚਿੱਠੀ ਵਿਚ ਕਰਦਾ ਹੈ।[੧੫] ਇਸ ਤੋਂ ਇਲਾਵਾ ਉਸ ਨੂੰ ਮਹਾਰਾਜਾ ਦਲੀਪ ਸਿੰਘ ਦਾ ਬਾਜ਼ਾਂ ਨਾਲ ਸ਼ਿਕਾਰ ਖੇਡਣ ਦਾ ਸ਼ੌਕ ਵੀ ਨਹੀਂ ਭਾਉਂਦਾ। ਉਹ ਇਸ ਵਿੱਚੋਂ ਸਿੱਖੀ ਸੰਸਕਾਰ ਨੂੰ ਵੇਖਦਾ ਹੋਇਆ ਲਿਖਦਾ ਹੈ, 'ਉਸਦਾ (ਮਹਾਰਾਜੇ ਦਾ) ਬਾਜ਼ਾਂ ਨਾਲ ਸ਼ਿਕਾਰ

ਖੇਡਣ ਦਾ ਸ਼ੌਕ ਨਿਰੋਲ ਸਿੱਖੀ ਸੁਭਾਅ ਹੈ। ਸਿੱਖ ਬਾਜ਼ ਬਹੁਤ ਰੱਖਦੇ ਹਨ'।[੧੬] ਸਪਸ਼ਟ ਹੈ ਕਿ ਅੰਗਰੇਜ਼ ਹਾਕਮ ਮਹਾਰਾਜੇ ਦੇ ਵਿਅਕਤਿੱਤਵ ਵਿੱਚੋਂ ਆਪਣੇ ਸਭਿਆਚਾਰ ਦੇ ਸਰੋਕਾਰਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਚਾਹੁੰਦੇ ਸਨ।

੪ ਸਤੰਬਰ ੧੮੫੪ ਨੂੰ ਮਹਾਰਾਜੇ ਦੀ ਉਮਰ ਸੋਲਾਂ ਸਾਲ ਦੀ ਹੋ ਜਾਂਦੀ ਹੈ। ਭਰੋਵਾਲ ਦੇ ਸੁਲ੍ਹਾਨਾਮੇ ਅਨੁਸਾਰ ਬਾਲਗ ਹੋ ਜਾਣ ਦੀ ਸੂਰਤ ਵਿਚ ਉਸ ਨੂੰ ਆਪਣੇ ਰਾਜ-ਪ੍ਰਬੰਧ ਨੂੰ ਖੁਦ ਚਲਾਉਣ ਦਾ ਹੱਕ ਹਾਸਲ ਹੋ ਜਾਣਾ ਸੀ। ਉਸ ਨੇ ਇਸ ਹੱਕ ਨੂੰ ਪ੍ਰਾਪਤ ਕਰਨ ਲਈ ਲਾਰਡ ਡਲਹੌਜ਼ੀ ਨੂੰ ਚਿੱਠੀ ਲਿਖੀ ਅਤੇ ਵਾਪਸ ਭਾਰਤ ਆਉਣ ਦੀ ਆਗਿਆ ਮੰਗੀ। ਉਹ ਕੇਵਲ ਦੋ ਸਾਲ ਵਾਸਤੇ ਹੀ ਵਲਾਇਤ ਗਿਆ ਸੀ। ਮਹਾਰਾਜਾ ਦਲੀਪ ਸਿੰਘ ਦੀਆਂ ਉਪਰੋਕਤ ਦੋਵੇਂ ਮੰਗਾਂ ਨੂੰ ਠੁਕਰਾ ਦਿੱਤਾ ਗਿਆ। ਇਸ ਦੇ ਉੱਤਰ ਵਿਚ ਉਸ ਨੂੰ ਯੂਰਪ ਦੇ ਕੁਝ ਮੁਲਕਾਂ ਦੀ ਸੈਰ ਕਰਨ ਦੀ ਆਗਿਆ ਹੀ ਦਿੱਤੀ ਗਈ।[੧੭] ਇਸ ਤੋਂ ਅੰਗਰੇਜ਼ੀ ਸਾਮਰਾਜ ਦਾ ਚਾਲਬਾਜ਼ ਚਰਿੱਤਰ ਉੱਘੜਦਾ ਹੈ।

ਇਸ ਨਾਵਲ ਵਿਚ ਬਾਲਗ ਹੋਏ ਜਲਾਵਤਨ ਹੋਏ ਮਹਾਰਾਜੇ ਦਲੀਪ ਸਿੰਘ ਵੱਲੋਂ ਆਪਣੇ ਹੱਕ ਨੂੰ ਮੁੜ ਹਾਸਲ ਕਰਨ ਲਈ ਅਸਫਲ ਕੋਸ਼ਿਸ਼ਾਂ ਦਾ ਬਿਰਤਾਂਤ ਵੀ ਪੇਸ਼ ਕੀਤਾ ਗਿਆ ਹੈ। ਉਹ ਇਸ ਸੰਬੰਧੀ ਈਸਟ ਇੰਡੀਆ ਕੰਪਨੀ ਦੇ ਕੋਰਟ ਆਫ ਡਾਇਰੈਕਟਰ ਨਾਲ ਚਿੱਠੀ-ਪੱਤਰ ਵੀ ਕਰਦਾ ਹੈ। ਇਸ ਅਰਸੇ ਦੌਰਾਨ ਭਾਰਤ ਵਿਚ ਹੋਏ ੧੮੫੭ ਈ. ਦੇ ਗ਼ਦਰ ਦੌਰਾਨ ਬਲਵਈਆਂ ਵੱਲੋਂ ਮਹਾਰਾਜੇ ਦਲੀਪ ਸਿੰਘ ਦਾ ਫਤਹਿਗੜ੍ਹ ਵਾਲਾ ਘਰ ਸਾੜ ਦਿੱਤਾ ਜਾਂਦਾ ਅਤੇ ਸਾਮਾਨ ਲੁੱਟ ਲਿਆ ਜਾਂਦਾ ਹੈ। ਭਰੋਵਾਲ ਦੇ ਅਹਿਦਨਾਮੇ ਵਿਚ ਲਿਖੀ ਸ਼ਰਤ ਤੋਂ ਲੱਗਭਗ ਤਿੰਨ ਸਾਲ ਪਿੱਛੋਂ ਹੀ ਮਹਾਰਾਜੇ ਦਲੀਪ ਸਿੰਘ ਉੱਪਰੋਂ ਕੁਝ ਬੰਦਸ਼ਾਂ ਹਟਾਈਆਂ ਗਈਆਂ। ਗਵਰਨਰ ਜਨਰਲ ਦੇ ਹੁਕਮ ਅਨੁਸਾਰ ਉਹ ਹਿੰਦੁਸਤਾਨ ਆ ਕੇ ਉਸ ਦੇ ਵਿਛੋੜੇ ਵਿਚ ਰੋ-ਰੋ ਕੇ ਅੰਨ੍ਹੀ ਹੋ ਚੁੱਕੀ ਮਾਂ ਨੂੰ ਤਾਂ ਮਿਲ ਸਕਦਾ ਸੀ, ਪਰ ਪੰਜਾਬ ਵਿਚ ਨਹੀਂ ਸੀ ਜਾ ਸਕਦਾ। ਇਸ ਹੁਕਮ ਦੇ ਫਲਸਰੂਪ ੧੮੬੧ ਈ. ਵਿਚ ਕਲਕੱਤੇ ਵਿਖੇ ਮਾਂ-ਪੁੱਤਰ ਦੀ ਮੁਲਾਕਾਤ ਸੰਭਵ ਬਣਦੀ ਹੈ। ਨਾਵਲਕਾਰ ਨੇ ਇਸ ਮੁਲਾਕਾਤ ਨੂੰ ਭਾਵਪੂਰਤ ਰੂਪ ਵਿਚ ਚਿਤਰਿਆ ਹੈ ਜਿਸ ਦਾ ਵਿਸਤ੍ਰਿਤ ਬਿੰਬ ਉਸ ਦੇ ਪਹਿਲੇ ਨਾਵਲ 'ਮਹਾਰਾਣੀ ਜਿੰਦਾਂ' ਵਿਚ ਵੀ ਮਿਲ ਜਾਂਦਾ ਹੈ। ਮਹਾਰਾਜਾ ਦਲੀਪ ਸਿੰਘ ਆਪਣੀ ਮਾਂ ਨਾਲ ਹਿੰਦੁਸਤਾਨ ਵਿਚ ਰਹਿਣ ਦੀ ਇੱਛਾ ਪ੍ਰਗਟ ਕਰਦਾ ਹੈ। ਪਰ ਸਰਕਾਰ ਉਸ ਦੀ ਬੇਨਤੀ ਨੂੰ ਪ੍ਰਵਾਨ ਨਹੀਂ ਕਰਦੀ। ਮਜਬੂਰ ਹੋ ਕੇ ਮਹਾਰਾਜਾ ਆਪਣੀ ਮਾਂ ਸਮੇਤ ਇੰਗਲੈਂਡ ਵਾਪਸ ਆ ਜਾਂਦਾ ਹੈ।[੧੮] ਮਾਂ ਦੀ ਸੰਗਤ ਵਿਚ ਆਪਣੀ ਸੰਸਕ੍ਰਿਤੀ ਦੇ ਦੱਬੇ ਹੋਏ ਪਹਿਲੂ ਮੁੜ ਉਭਰਨ ਲੱਗਦੇ ਹਨ। ਜਿੰਦਾਂ ਦੇ ਅਸਰ ਨਾਲ ਉਸ ਨੇ ਗਿਰਜੇ ਜਾਣਾ ਬੰਦ ਕਰ ਦਿੱਤਾ। ਮਾਂ ਤੋਂ ਪਤਾ ਲੱਗਣ ਦੇ ਬਾਅਦ ਉਸ ਨੇ ਪੰਜਾਬ ਵਿਚ ਰਹਿ ਗਈਆਂ ਆਪਣੀਆਂ ਜਾਇਦਾਦਾਂ ਬਾਰੇ ਲਿਖਣਾ ਸ਼ੁਰੂ ਕਰ ਦਿੱਤਾ। ਇਸ ਤੋਂ ਲਾਗਨ ਆਦਿ ਕਰਮਚਾਰੀ ਏਨੇ ਚਿੜ੍ਹ ਗਏ ਕਿ ਉਨ੍ਹਾਂ ਨੇ ਮਾਂ-ਪੁੱਤ ਨੂੰ ਵਿਛੋੜ ਕੇ ਵੱਖਰੇ-ਵੱਖਰੇ ਘਰਾਂ ਵਿਚ ਰਹਿਣ ਲਈ ਮਜਬੂਰ ਕਰ ਦਿੱਤਾ। ਇਸ ਨਾਲ ਮਾਂ ਦਾ ਦੁੱਖ ਹੋਰ ਵਧ ਜਾਂਦਾ ਹੈ। ਇਸ ਦੁਖਮਈ ਹਾਲਤ ਵਿਚ ੧ ਅਗਸਤ ੧੮੬੩ ਈ. ਨੂੰ ਉਸ ਦੀ ਮੌਤ ਹੋ ਜਾਂਦੀ ਹੈ। ਮਹਾਰਾਜਾ ਦਲੀਪ ਸਿੰਘ ਨੇ ਆਪਣੀ ਮਾਂ ਦਾ ਸਸਕਾਰ ਲਾਹੌਰ ਵਿਖੇ ਸ਼ੇਰ-ਏ-ਪੰਜਾਬ ਦੀ ਸਮਾਧ ਕੋਲ ਹੋਣ ਦੀ ਆਖਰੀ ਵਸੀਅਤ ਨੂੰ ਪੂਰਿਆਂ ਕਰਨ ਲਈ ਕਈ ਵਾਰ ਸਰਕਾਰ ਨੂੰ

ਲਿਖਿਆ। ਛੇ ਮਹੀਨਿਆਂ ਪਿੱਛੋਂ ਮਹਾਰਾਜੇ ਨੂੰ ਏਨੀ ਹੀ ਆਗਿਆ ਮਿਲੀ ਕਿ ਉਹ ਆਪਣੀ ਮਾਂ ਦਾ ਸਸਕਾਰ ਭਾਰਤ ਵਿਖੇ ਨਰਬਦਾ ਦਰਿਆ ਦੇ ਕੰਢੇ ਉੱਪਰ ਕਰ ਸਕਦਾ ਹੈ। ਨਾਵਲਕਾਰ ਨੇ ਇਸ ਸਥਿਤੀ ਦੀ ਕਰੁਣਾ ਅਤੇ ਭਾਵੁਕਤਾ ਨੂੰ ਬੜੀ ਖ਼ੂਬੀ ਨਾਲ ਚਿਤਰਿਆ ਹੈ। ਨਾਵਲ ਦੇ ਨਿਮਨ-ਲਿਖਤ ਵੇਰਵੇ ਇਸ ਦਾ ਪ੍ਰਮਾਣ ਪ੍ਰਸਤੁਤ ਕਰਦੇ ਹਨ:

> "ਭਰੇ ਦਿਲ ਨਾਲ ਦਲੀਪ ਸਿੰਘ ਦੁਖੀਆ-ਮਾਂ ਦੀ ਅਰਥੀ ਲੈ ਕੇ ਭਾਰਤ ਪੁੱਜਾ। ਬੰਬਈ ਦੇ ਨੇੜੇ ਨਰਬਦਾ ਨਦੀ ਦੇ ਕੰਢੇ ਮਹਾਰਾਣੀ ਜਿੰਦਾਂ ਦਾ ਸਸਕਾਰ ਕੀਤਾ ਗਿਆ। ਦਲੀਪ ਸਿੰਘ ਨੂੰ ਭਾਰਤ ਵਿਚ ਵਧੇਰੇ ਚਿਰ ਠਹਿਰਨ ਦੀ ਆਗਿਆ ਨਹੀਂ ਸੀ। ਉਹ ਛੇਤੀ ਵਾਪਸ ਪਰਤ ਜਾਣ ਵਾਸਤੇ ਮਜਬੂਰ ਸੀ। ਜਿੰਦਾਂ ਦੇ ਸਿਵੇ ਦੇ ਅੰਗਿਆਰੇ ਅਜੇ ਠੰਢੇ ਵੀ ਨਹੀਂ ਸਨ ਹੋਏ, ਜਾਂ ਦਲੀਪ ਸਿੰਘ ਉਨ੍ਹਾਂ ਨੂੰ ਨਦੀ ਨਰਬਦਾ ਦੀਆਂ ਲਹਿਰਾਂ ਦੀ ਭੇਟ ਕਰਕੇ ਵਲਾਇਤ ਨੂੰ ਤੁਰ ਪਿਆ।[੧੯]

'ਮਹਾਰਾਜਾ ਦਲੀਪ ਸਿੰਘ' ਨਾਵਲ ਵਿਚ ਨਾਇਕ ਦੇ ਜੀਵਨੀਮੂਲਕ ਪ੍ਰਸੰਗ ਵਿਚ ਮਿਸ ਬੰਬਾ ਮੂਲਰ ਨਾਲ ਉਸ ਦੇ ਵਿਆਹ ਅਤੇ ਪਰਵਾਰਿਕ ਜੀਵਨੀ ਦਾ ਉਲੇਖ ਵੀ ਕੀਤਾ ਗਿਆ ਹੈ। ਅੰਗਰੇਜ਼ੀ ਸਰਕਾਰ ਉਸ ਦੀ ਪੈਨਸ਼ਨ ਦਾ ਠੀਕ ਤਰ੍ਹਾਂ ਹਿਸਾਬ ਨਹੀਂ ਦਿੰਦੀ। ਉਹ ਇਸ ਲਈ 'ਟਾਈਮਜ਼' ਅਖਬਾਰ ਵਿਚ ਚਿੱਠੀਆਂ ਵੀ ਲਿਖਦਾ ਹੈ। ਨਾਵਲ ਵਿਚ ਮਹਾਰਾਜਾ ਦਲੀਪ ਸਿੰਘ ਵੱਲੋਂ 'ਟਾਈਮਜ਼' ਅਖ਼ਬਾਰ ਦੇ ਐਡੀਟਰ ਨੂੰ ਅਤੇ ਇਸ ਦੇ ਪ੍ਰਤਿਉੱਤਰ ਵਿਚ ਐਡੀਟਰ ਦੁਆਰਾ ਲਿਖੇ ਗਏ ਲੇਖਾਂ ਦਾ ਵਿਸਤ੍ਰਿਤ ਵੇਰਵਾ ਦਿੱਤਾ ਗਿਆ ਹੈ।[੨੦] ਇਹ ਪੱਤਰ ਅਤੇ ਪ੍ਰਤਿਉੱਤਰ 'ਟਾਈਮਜ਼' ਅਖ਼ਬਾਰ ਵਿਚ ਪ੍ਰਕਾਸ਼ਿਤ ਹੋਏ। ਮਹਾਰਾਜਾ ਦਲੀਪ ਸਿੰਘ ਦੁਆਰਾ ਲਿਖੇ ਗਏ ਪੱਤਰਾਂ ਵਿਚ ਉਸ ਸਮੇਂ ਇਤਿਹਾਸ ਨੂੰ ਪੁਨਰ-ਸਿਰਜਤ ਕੀਤਾ ਗਿਆ ਹੈ ਜਿਸ ਵਿਚ ਸਿੱਖ ਰਾਜ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣ ਲਈ ਵਰਤੇ ਗਏ ਹੱਥਕੰਡੇ ਅਤੇ ਧੋਖੇ ਦਾ ਜ਼ਿਕਰ ਕੀਤਾ ਗਿਆ ਹੈ। ਮਹਾਰਾਜਾ ਦਲੀਪ ਸਿੰਘ ਇਸ ਪ੍ਰਸੰਗ ਵਿਚ ਆਪਣੇ ਨਾਲ ਹੋਈਆਂ ਜ਼ਿਆਦਤੀਆਂ ਨੂੰ ਇਨਸਾਫਪਸੰਦ ਸਮਝੀ ਜਾਂਦੀ ਅੰਗਰੇਜ਼ੀ ਕੌਮ ਦੇ ਸਨਮੁਖ ਪ੍ਰਸਤੁਤ ਕਰਦਾ ਹੈ। ਇਸ ਪ੍ਰਸਤੁਤੀ ਵਿਚ ਉਹ ਕੀਤੇ ਗਏ ਵਾਇਦਿਆਂ ਅਨੁਸਾਰ ਆਪਣੇ ਹੱਕ ਦੀ ਪੁਨਰ-ਬਹਾਲੀ ਲਈ ਵੀ ਕਹਿੰਦਾ ਹੈ। ਇਸ ਦੇ ਪ੍ਰਤਿਉੱਤਰ ਵਿਚ 'ਟਾਈਮਜ਼' ਅਖ਼ਬਾਰ ਦੇ ਐਡੀਟਰ ਵੱਲੋਂ ਲਿਖੇ ਗਏ ਲੇਖਾਂ ਵਿਚ ਮਹਾਰਾਜੇ ਦੁਆਰਾ ਪੇਸ਼ ਕੀਤੇ ਗਏ ਤੱਥਾਂ ਨੂੰ ਝੁਠਲਾ ਕੇ ਉਸ ਦਾ ਵੱਧ ਤੋਂ ਵੱਧ ਨਿਰਾਦਰ ਕੀਤਾ ਗਿਆ। ਇਸ ਚਿੱਠੀ-ਪੱਤਰ ਵਿੱਚੋਂ ਜਿੱਥੇ ਮਹਾਰਾਜਾ ਦਲੀਪ ਸਿੰਘ ਦਾ ਦੁਖਾਂਤਕ ਨਾਇਕ ਵਾਲਾ ਚਰਿੱਤਰ ਉੱਘੜਦਾ ਹੈ, ਉਥੇ ਅੰਗਰੇਜ਼ੀ ਸਰਕਾਰ ਦਾ ਅਨਿਆਇਪੂਰਨ ਕਿਰਦਾਰ ਵੀ ਸਾਹਮਣੇ ਆਉਂਦਾ ਹੈ। ਇਸ ਬੇਇਨਸਾਫ਼ੀ ਤੋਂ ਮਹਾਰਾਜਾ ਅੰਗਰੇਜ਼ੀ ਸਰਕਾਰ ਨਾਲ ਨਾਰਾਜ਼ ਹੋ ਜਾਂਦਾ ਹੈ। ਉਹ ਵਲਾਇਤ ਵਾਲੀ ਜਾਇਦਾਦ ਵੇਚ ਕੇ ਬਾਲ-ਬੱਚੇ ਸਮੇਤ ਭਾਰਤ ਆ ਕੇ ਵੱਸਣ ਦੀ ਸੋਚਣ ਲੱਗਦਾ ਹੈ। ਉਹ ਇਸ ਸੰਬੰਧੀ ੧੫ ਸਤੰਬਰ, ੧੮੮੨ ਨੂੰ ਲਾਰਡ ਹਾਰਟਿੰਗਟਨ ਨੂੰ ਚਿੱਠੀ ਲਿਖ ਕੇ ਪੁੱਛਦਾ ਹੈ। ਇਸ ਦੇ ਉੱਤਰ ਵਿਚ ਉਸ ਨੂੰ ਹਿੰਦੁਸਤਾਨ ਜਾਣ ਦੀ ਆਗਿਆ ਤਾਂ ਮਿਲ ਗਈ ਪਰ ਉਹ ਪੰਜਾਬ ਵਿਚ ਨਹੀਂ ਜਾ ਸਕਦਾ। ਉਸ ਦਾ ਅੰਗਰੇਜ਼ੀ ਸਰਕਾਰ ਅਤੇ ਇਸਾਈਅਤ ਤੋਂ ਮਨ ਪੂਰੀ ਤਰ੍ਹਾਂ ਖੱਟਾ ਹੋ ਚੁੱਕਾ ਸੀ। ਉਸ ਦੇ ਅੰਦਰ ਆਪਣੇ ਧਰਮ ਅਤੇ ਦੇਸ਼-ਪ੍ਰੇਮ ਦੇ ਭਾਵ ਜਾਗ੍ਰਿਤ ਹੋਣ ਲੱਗੇ। ਇਸ ਪ੍ਰਸੰਗ ਵਿਚ ਉਸ ਦੁਆਰਾ ਲਿਖੇ ਉਨ੍ਹਾਂ ਪੱਤਰਾਂ ਦਾ ਹਵਾਲਾ ਵੀ

ਦਿੱਤਾ ਗਿਆ ਹੈ ਜੋ ਉਸ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਐਮਾ ਵਿਚ ਵੱਸਦੇ ਆਪਣੀ ਮਾਂ ਦੇ ਭੂਆ ਦੇ ਪੁੱਤਰ ਸੰਤ ਸਿੰਘ ਨੂੰ ਲਿਖੇ।[੨੧] ਇਨ੍ਹਾਂ ਪੱਤਰਾਂ ਵਿਚ ਮਹਾਰਾਜਾ ਅੰਮ੍ਰਿਤਸਰ ਪਹੁੰਚ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕਣ ਅਤੇ ਆਪਣੀ ਕੌਮ ਕੋਲੋਂ ਆਪਣੇ ਕੀਤੇ ਦੀ ਮੁਆਫੀ ਮੰਗਣ ਦਾ ਪ੍ਰਗਟਾਵਾ ਕਰਦਾ ਹੈ। ਇਸ ਪੱਖ ਤੋਂ ਉਸ ਦੀ ਪੰਜਾਬੀਆਂ ਦੇ ਨਾਂ ਲਿਖੀ ਖੁੱਲ੍ਹੀ ਚਿੱਠੀ ਦਾ ਉਲੇਖ ਵੀ ਕੀਤਾ ਗਿਆ ਹੈ।[੨੨] ਅੰਗਰੇਜ਼ੀ ਸਰਕਾਰ ਇਨ੍ਹਾਂ ਪੱਤਰਾਂ ਵਿਚ ਲਿਖੇ ਵਿਚਾਰਾਂ ਹੇਠ ਛੁਪੇ ਵਿਦਰੋਹ ਦੇ ਭਾਵ ਨੂੰ ਭਾਂਪਦੀ ਸੀ। ਇਸ ਲਈ ਦੇਸ਼ ਪਹੁੰਚਣ ਲਈ ਤੁਰੇ ਮਹਾਰਾਜੇ ਨੂੰ ਅਪ੍ਰੈਲ ੧੮੮੬ ਵਿਚ ਲਾਰਡ ਡਫਰਿਨ ਦੇ ਹੁਕਮ ਨਾਲ ਅਦਨ ਵਿਖੇ ਗ੍ਰਿਫਤਾਰ ਕਰ ਲਿਆ। ਉਹ ਇਸ ਸਿਲਸਿਲੇ ਵਿਚ ਇੰਗਲੈਂਡ ਦੀ ਮਲਕਾ ਅਤੇ ਹਿੰਦ ਦੇ ਵਾਇਸਰਾਏ ਨੂੰ ਤਾਰਾਂ ਦਿੰਦਾ ਹੈ, ਪਰ ਕਿਤੇ ਵੀ ਉਸ ਦੀ ਫਰਿਆਦ ਸੁਣੀ ਨਹੀਂ ਜਾਂਦੀ। ਅਦਨ ਦੇ ਪ੍ਰਸੰਗ ਵਿਚ ਇਕ ਮਹੱਤਵਪੂਰਨ ਵੇਰਵਾ ਇਹ ਹੈ ਕਿ ਇਥੇ ਮਹਾਰਾਜੇ ਨੇ ਟਿਕੀ ਹੋਈ ਸਿੱਖ ਫੌਜ ਦੇ ਪੰਜਾਂ ਪਿਆਰਿਆਂ ਕੋਲ ਅੰਮ੍ਰਿਤ ਛਕ ਕੇ ਮੁੜ ਆਪਣੇ ਪੁਰਖਿਆਂ ਦੇ ਧਰਮ ਨੂੰ ਧਾਰਨ ਕਰ ਲਿਆ ਸੀ। ਇਸ ਦੇ ਪਰਿਣਾਮ ਹਿੱਤ ਮਹਾਰਾਜੇ ਦੀ ਇਕ ਚਿੱਠੀ ਦਾ ਹਵਾਲਾ ਦਿੱਤਾ ਗਿਆ ਹੈ।[੨੩] ਇਸ ਸੰਬੰਧੀ ਬਲਕਾਰ ਸਿੰਘ ਦਾ ਮਤ ਹੈ:

> ਅੰਗਰੇਜ਼ਾਂ ਵੱਲੋਂ ਮਹਾਰਾਜਾ ਦਲੀਪ ਸਿੰਘ ਦੇ ਸਭਿਆਚਾਰ ਅਵਚੇਤਨ ਦੇ ਰੂਪਾਂਤਰਣ ਹਿੱਤ ਵਰਤੀਆਂ ਗਈਆਂ ਵਿਉਂਤਾਂ ਮਹਾਰਾਜਾ ਦਲੀਪ ਸਿੰਘ ਦੇ ਨਿੱਜੀ ਅਵਚੇਤਨ ਵਿਚ ਕੁਝ ਕੁ ਸਮੇਂ ਲਈ ਬਦਲਾਵ ਲੈ ਆਉਂਦੀਆਂ ਹਨ, ਪਰ ਉਸ ਦੇ ਸਮੂਹਕ ਅਵਚੇਤਨ ਵਿਚ ਅਨੇਕਾਂ ਪੀੜ੍ਹੀਆਂ, ਜਾਤੀਆਂ, ਨਸਲਾਂ ਦੇ ਹੱਡੀਂ-ਹੰਢਾਏ ਅਨੁਭਵਾਂ ਵਿਚ ਰੂਪਾਂਤਰਣ ਘੱਟ ਵਾਪਰਦਾ ਹੈ। ਇਹੀ ਵਜਾ ਹੈ ਕਿ ਮਹਾਰਾਜਾ ਦਲੀਪ ਸਿੰਘ ਦੁਬਾਰਾ ਅੰਮ੍ਰਿਤ ਛਕ ਕੇ ਪੰਜਾਬੀ ਸਭਿਆਚਾਰ ਦੀ ਤਰਜ਼-ਏ-ਜ਼ਿੰਦਗੀ ਜਿਊਣ ਦਾ ਇੱਛਕ ਹੈ। ਪੰਜਾਬੀ ਕੌਮ, ਸਭਿਆਚਾਰ ਪ੍ਰਤਿ ਬੇਹੱਦ ਲਗਾਉ ਅਤੇ ਅੰਗਰੇਜ਼ ਹਕੂਮਤ ਪ੍ਰਤਿ ਨਫਰਤ ਉਸ ਦੀ ਮਾਨਸਿਕਤਾ ਨੂੰ ਖੰਡਤ ਤੇ ਭਾਵਨਾਵਾਂ ਨੂੰ ਜ਼ਖਮੀ ਕਰ ਦਿੰਦੀ ਹੈ।[੨੪]

ਇਸ ਨਾਲ ਮਹਾਰਾਜੇ ਤੇ ਅੰਗਰੇਜ਼ੀ ਸਰਕਾਰ ਵਿਚ ਵਿਰੋਧ ਹੋਰ ਤਿੱਖਾ ਹੋ ਜਾਂਦਾ ਹੈ। ਮਹਾਰਾਜਾ ਤੇ ਉਸ ਦੇ ਪਰਵਾਰ ਨੂੰ ਵਾਪਸ ਇੰਗਲੈਂਡ ਜਾਣਾ ਪਿਆ। ਉਸ ਨੇ ਰੋਸ ਵਿਚ ਸਰਕਾਰ ਤੋਂ ਪੈਨਸ਼ਨ ਲੈਣੀ ਬੰਦ ਕਰ ਦਿੱਤੀ ਅਤੇ ਆਪਣੇ ਨਾਲ ਹੋਈਆਂ ਜ਼ਿਆਦਤੀਆਂ ਬਾਰੇ ਖੁੱਲ੍ਹਮ-ਖੁੱਲ੍ਹਾ ਬੋਲਣ ਲੱਗਾ। ਇਨ੍ਹਾਂ ਵੇਰਵਿਆਂ ਦੇ ਪ੍ਰਸੰਗ ਵਿਚ ਮਹਾਰਾਜੇ ਦਾ ਵਿਦਰੋਹੀ ਨਾਇਕ ਵਾਲਾ ਚਰਿੱਤਰ ਰੂਪਮਾਨ ਹੁੰਦਾ ਹੈ। ਇਸ ਬਾਰੇ ਸ. ਬਲਕਾਰ ਸਿੰਘ ਲਿਖਦੇ ਹਨ:

> ਅੰਗਰੇਜ਼ ਕੌਮ ਪ੍ਰਤਿ ਮਹਾਰਾਜਾ ਦਲੀਪ ਸਿੰਘ ਦੀਆਂ ਬਾਗੀ ਅਤੇ ਵਿਦਰੋਹੀ ਭਾਵਨਾਵਾਂ ਦਾ ਚੇਤਨ ਰੂਪ ਵਿਚ ਉਜਾਗਰ ਹੋਣ ਦਾ ਬੁਨਿਆਦੀ ਆਧਾਰ ਸਿੱਖ ਰਾਜ ਦੀ ਹਕੂਮਤ ਦੇ ਗੁਆਚਣ ਦੇ ਵਿਗੋਚੇ ਵਿੱਚੋਂ ਉਪਜੀ ਇਕ ਰਾਜਸੀ ਕਿੜ ਹੈ। ਮਹਾਰਾਜਾ ਦਲੀਪ ਸਿੰਘ ਦਾ ਵਰਤਮਾਨ ਸਮਾਂ ਇਕ ਗ਼ੁਲਾਮ ਇਨਸਾਨ ਵਾਲਾ ਹੈ, ਇਸ ਗ਼ੁਲਾਮੀ ਤੋਂ ਛੁਟਕਾਰਾ ਉਸ ਨੂੰ ਨਜ਼ਰ ਨਹੀਂ ਆਉਂਦਾ ਜਿਸ ਕਰਕੇ ਉਸ ਦੀ ਚੇਤਨਾ ਭਵਿੱਖਮੁਖੀ ਲੋਚਾ ਦੀ ਹੋਣ ਦੀ ਬਜਾਏ ਅਤੀਤ ਮੁਖੀ ਹੈ।[੨੫]

ਮਹਾਰਾਜਾ ਦਲੀਪ ਸਿੰਘ ਉਕਤ ਵਿਦਰੋਹ ਭਾਵ ਦੇ ਤਹਿਤ ਅੰਗਰੇਜ਼ੀ ਕੌਮ ਨਾਲ

ਨਫ਼ਰਤ ਕਰਨ ਲੱਗਦਾ ਹੈ। ਉਸ ਦਾ ਇਹ ਵਿਦਰੋਹ ਭਾਵ ਉਸ ਸਮੇਂ ਹੋਰ ਪ੍ਰਤੱਖ ਬਣਦਾ ਹੈ ਜਦੋਂ ਉਹ ਪੈਰਿਸ ਅਤੇ ਮਾਸਕੋ ਜਾ ਕੇ ਉਥੋਂ ਦੀਆਂ ਸਰਕਾਰਾਂ ਦੀ ਸੈਨਿਕ ਸਹਾਇਤਾ ਨਾਲ ਆਪਣੇ ਰਾਜ ਨੂੰ ਮੁੜ ਪ੍ਰਾਪਤ ਕਰਨ ਲਈ ਉਪਰਾਲੇ ਕਰਦਾ ਦਿਖਾਇਆ ਗਿਆ ਹੈ।[੨੬] ਇਨ੍ਹਾਂ ਉਪਰਾਲਿਆਂ ਵਿਚ ਉਸ ਨੂੰ ਸਫਲਤਾ ਨਹੀਂ ਮਿਲਦੀ। ਉਸ ਦੇ ਹੱਥ ਖੱਜਲ-ਖੁਆਰੀ ਅਤੇ ਨਿਰਾਸ਼ਾ ਹੀ ਲੱਗਦੀ ਹੈ। ਇਸ ਪ੍ਰਸੰਗ ਵਿਚ ਖੋਜੀ ਲੇਖਿਕਾ ਧਨਵੰਤ ਕੌਰ ਨੇ ਲਿਖਿਆ ਹੈ:

> ਲੇਖਕ (ਸੀਤਲ) ਦੀ ਦਿਲਚਸਪੀ ਦਲੀਪ ਸਿੰਘ ਦੀ ਅੰਤਰਿਕ ਵੇਦਨਾ, ਉਸ ਦੇ ਮਨਸੂਬਿਆਂ ਦੇ ਅਧੂਰੇਪਨ ਦੀ ਹਿਰਦੇਵੇਧਕ ਤ੍ਰਾਸਦੀ ਨੂੰ ਚਿੱਤਰਨ ਵਿਚ ਹੈ। ਅੰਗਰੇਜ਼ ਨੀਤੀ ਦੇ ਤਹਿਤ ਉਸ ਦੇ ਪਾਲਣ-ਪੋਸ਼ਣ ਤਹਿਤ ਭਾਵੇਂ ਉਸ ਨੂੰ ਸਮਾਜਿਕ ਸਭਿਆਚਾਰਕ ਜੀਵਨ ਤੋਂ ਦੂਰ ਰੱਖਿਆ ਜਾਂਦਾ ਹੈ ਪਰ ਉਸ ਦੇ ਅਵਚੇਤਨ ਵਿਚ ਦਮਿਤ ਜੀਵਨ ਮੁੱਲ ਅੰਗਰੇਜ਼ਾਂ ਵਿਰੁੱਧ ਵਿਦਰੋਹ ਦੀ ਹਾਮੀ ਭਰਦੇ ਹਨ। ਉਸ ਦਾ ਇਹ ਬਾਗੀਪੁਣਾ ਅਨੰਤ ਸੀਮਾਵਾਂ ਕਾਰਨ ਜਿੱਤ ਹਾਸਲ ਕਰਨੋਂ ਅਸਮਰੱਥ ਹੈ ਪਰ ਉਸ ਦੇ ਵਿਵਹਾਰ ਦਾ ਅਸਾਵਾਂਪਨ ਇਸ ਗੱਲ ਦਾ ਲਖਾਇਕ ਜ਼ਰੂਰ ਹੈ ਕਿ ਉਸ ਦਾ ਲਗਾਓ ਆਪਣੀ ਜਨਮਭੂਮੀ, ਆਪਣੀ ਪੰਜਾਬੀਅਤ ਨਾਲ ਹੈ।[੨੭]

ਮਹਾਰਾਜਾ ਦਲੀਪ ਸਿੰਘ ਦੀ ਪਤਨੀ ਦੀ ਮੌਤ ਨਾਲ ਉਸ ਦਾ ਹੌਸਲਾ ਹੋਰ ਟੁੱਟ ਜਾਂਦਾ ਹੈ। ਇਨ੍ਹਾਂ ਪਰਿਸਥਿਤੀਆਂ ਵਿਚ ਵੱਖ-ਵੱਖ ਦੇਸ਼ਾਂ ਵਿਚ ਸਹਾਇਤਾ ਲਈ ਰੁਲ ਰਹੇ ਮਹਾਰਾਜੇ ਦਾ ਦੁਖਾਂਤਕ ਨਾਇਕਤਵ ਉੱਘੜਵੇਂ ਰੂਪ ਵਿਚ ਸਾਕਾਰ ਹੁੰਦਾ ਹੈ। ਉਸ ਦੇ ਛੋਟੇ ਪੁੱਤਰ ਸ਼ਹਿਜ਼ਾਦੇ ਐਡਵਰਡ ਦੀ ਬੇਵਕਤ ਮੌਤ ਉਸ ਦੇ ਦੁੱਖਾਂ ਵਿਚ ਹੋਰ ਵਾਧਾ ਕਰ ਦਿੰਦੀ ਹੈ। ਘੋਰ ਨਿਰਾਸ਼ਾ ਦੀ ਸਥਿਤੀ ਵਿਚ ਉਹ ਦੁਬਾਰਾ ਪੈਰਿਸ ਆ ਜਾਂਦਾ ਹੈ ਕਿਉਂਕਿ ਉਹ ਇੰਗਲੈਂਡ ਵਿਚ ਮਰਨਾ ਨਹੀਂ ਸੀ ਚਾਹੁੰਦਾ।[੨੮] ਇਥੇ ਮਹਾਰਾਜੇ ਦੀ ਸਿਹਤ ਦਿਨੋਂ-ਦਿਨ ਵਿਗੜਦੀ ਜਾਂਦੀ ਹੈ। ਉਸ ਦਾ ਸਰੀਰ ਪਹਿਲਾਂ ਲਕਵੇ ਅਤੇ ਬਾਅਦ ਵਿਚ ਤਪਦਿਕ ਦੀ ਬੀਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਸਥਿਤੀ ਵਿਚ ੨੩ ਅਕਤੂਬਰ ੧੮੯੩ ਨੂੰ ਮਹਾਰਾਜਾ ਦਲੀਪ ਸਿੰਘ ਨੇ ਆਪਣੇ ਪ੍ਰਾਣ ਤਿਆਗੇ।[੨੯] ਇਸ ਪ੍ਰਕਾਰ 'ਮਹਾਰਾਣੀ ਜਿੰਦਾਂ' ਨਾਵਲ ਦੀ ਤਰ੍ਹਾਂ 'ਮਹਾਰਾਜਾ ਦਲੀਪ ਸਿੰਘ' ਨਾਵਲ ਵੀ ਇਤਿਹਾਸਕ ਦੁਖਾਂਤ ਦੇ ਰੂਪ ਵਿਚ ਮੁੱਕਦਾ ਹੈ। ਇਸ ਇਤਿਹਾਸਕ ਦੁਖਾਂਤ ਤੋਂ ਇਤਿਹਾਸ ਦੇ ਇਕ ਮਹੱਤਵਪੂਰਨ ਕਾਂਡ ਉੱਪਰ ਅਲੋਚਨਾਤਮਕ ਪੁਨਰ ਝਾਤ ਪਾਉਣ ਦਾ ਮੌਕਾ ਮਿਲਦਾ ਹੈ।

ਸੀਤਲ ਜੀ ਦੇ ਦੋਵਾਂ ਇਤਿਹਾਸਕ ਨਾਵਲਾਂ ਦੀ ਸਾਂਝੀ ਖ਼ੂਬੀ ਇਹ ਹੈ ਕਿ ਇਨ੍ਹਾਂ ਵਿਚ ਇਤਿਹਾਸਕ ਤੱਥਾਂ ਅਤੇ ਕਾਲ-ਕ੍ਰਮਤਾ ਦਾ ਬਹੁਤ ਖਿਆਲ ਰੱਖਿਆ ਗਿਆ ਹੈ। ਇਨ੍ਹਾਂ ਇਤਿਹਾਸਕ ਨਾਵਲਾਂ ਦੀ ਸਮੱਗਰੀ ਦਾ ਵੱਡਾ ਭਾਗ ਇਨ੍ਹਾਂ ਤੋਂ ਪਹਿਲਾਂ ਪ੍ਰਕਾਸ਼ਿਤ ਹੋਈਆਂ ਉਸ ਦੀਆਂ ਪੁਸਤਕਾਂ 'ਸਿੱਖ ਰਾਜ ਕਿਵੇਂ ਗਿਆ' (੧੯੪੪ ਈ.) ਅਤੇ 'ਦੁਖੀਏ ਮਾਂ-ਪੁੱਤ' (੧੯੪੬ ਈ.) ਵਿਚ ਅੰਕਿਤ ਹੈ। ਲੇਖਕ ਨੇ ਇਨ੍ਹਾਂ ਨਾਵਲਾਂ ਵਿਚ ਸਮੱਗਰੀ ਦੇ ਪ੍ਰਮਾਣੀਕਰਨ ਲਈ ਵਿਭਿੰਨ ਇਤਿਹਾਸਕ ਸ੍ਰੋਤਾਂ ਤੋਂ ਸਹਾਇਤਾ ਲਈ ਹੈ। ਉਸ ਦੁਆਰਾ ਇਨ੍ਹਾਂ ਨਾਵਲਾਂ ਵਿਚ ਵਰਤੇ ਗਏ ਸ੍ਰੋਤਾਂ ਦਾ ਵਿਸਥਾਰ-ਪੂਰਵਕ ਵੇਰਵਾ ਉਸ ਦੀ ਪੁਸਤਕ 'ਸਿੱਖ ਰਾਜ ਕਿਵੇਂ ਗਿਆ' ਵਿਚ ਮਿਲਦਾ ਹੈ।[੩੦] ਇਨ੍ਹਾਂ ਸ੍ਰੋਤਾਂ ਵਿਚ ਦੇਸੀ ਅਤੇ ਵਿਦੇਸ਼ੀ ਦੋਵਾਂ ਕਿਸਮਾਂ ਦੇ ਲੇਖਕ

ਵੀ ਸ਼ਾਮਲ ਹਨ। ਇਨ੍ਹਾਂ ਰਚਨਾਵਾਂ ਵਿਚਲੀ ਇਤਿਹਾਸਕਤਾ ਏਨੀ ਪ੍ਰਬਲ ਅਤੇ ਪ੍ਰਮਾਣਿਕ ਹੈ ਕਿ ਇਨ੍ਹਾਂ ਦੇ ਬਿਰਤਾਂਤ ਵਿਚ ਗਲਪੀ ਤੱਤ ਦਾ ਘੱਟ ਤੋਂ ਘੱਟ ਸਮਾਵੇਸ਼ ਹੋਇਆ ਹੈ। ਇਸ ਨਾਵਲ ਵਿਚ ਇਤਿਹਾਸਕਤਾ ਵਾਲਾ ਪਹਿਲੂ 'ਮਹਾਰਾਣੀ ਜਿੰਦਾਂ' ਨਾਵਲ ਨਾਲੋਂ ਵੀ ਵਧੇਰੇ ਜ਼ੋਰਦਾਰ ਹੈ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੀਤਲ ਜੀ ਦੀਆਂ ਦੋਵੇਂ ਰਚਨਾਵਾਂ 'ਮਹਾਰਾਣੀ ਜਿੰਦਾਂ' ਅਤੇ 'ਮਹਾਰਾਜਾ ਦਲੀਪ ਸਿੰਘ' ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦੇ ਸਮੇਂ ਬਾਰੇ ਮਹੱਤਵਪੂਰਨ ਇਤਿਹਾਸਕ ਗਲਪ-ਕ੍ਰਿਤਾਂ ਹਨ। ਲੇਖਕ ਇਨ੍ਹਾਂ ਦੋਵਾਂ ਇਤਿਹਾਸਕ ਕਿਰਦਾਰਾਂ ਨੂੰ ਪੰਜਾਬ ਦੀ ਨਾਇਕਾ ਅਤੇ ਨਾਇਕ ਦੇ ਤੌਰ 'ਤੇ ਰੂਪਮਾਨ ਕਰਨ ਵਿਚ ਸਫਲ ਹੋਇਆ ਹੈ।

ਹਵਾਲੇ ਅਤੇ ਟਿੱਪਣੀਆਂ

੧. ਮੇਰੀ ਸਾਹਿਤਕ ਸ੍ਵੈ-ਜੀਵਨੀ, ਸਫ਼ਾ ੫੪
੨. ਮਹਾਰਾਜਾ ਦਲੀਪ ਸਿੰਘ, ਸਫ਼ਾ ੫.
੩. ਉਹੀ, ਸਫ਼ਾ ੧੧-੧੨.
੪. ਉਹੀ, ਸਫ਼ਾ ੧੬.
੫. ਉਹੀ, ਸਫ਼ਾ ੨੪-੨੬.
੬. ਉਹੀ, ਸਫ਼ਾ ੨੮.
੭. ਉਹੀ, ਸਫ਼ਾ ੩੧.
੮. ਉਹੀ, ਸਫ਼ਾ ੩੨.
੯. ਉਹੀ, ਸਫ਼ਾ ੩੮.
੧੦. ਉਹੀ, ਸਫ਼ਾ ੩੮-੪੦.
੧੧. ਉਹੀ, ਸਫ਼ਾ ੪੩.
੧੨. ਉਹੀ, ਸਫ਼ਾ ੪੯.
੧੩. ਉਹੀ, ਸਫ਼ਾ ੫੦.
੧੪. ਉਹੀ, ਸਫ਼ਾ ੫੩.
੧੫. 'ਇਹ ਚੰਗੀ ਗੱਲ ਹੈ ਕਿ ਮਹਾਰਾਜੇ ਤੇ ਸ਼ਾਹੀ ਘਰਾਣੇ ਦਾ ਮੇਲ-ਮਿਲਾਪ ਔਸਬਰਨ Osborne ਮਹਿਲ ਵਿਚ ਕਿਸੇ ਚੰਗੇ ਸਮੇਂ ਹੋਇਆ। ਪਰ ਮੈਨੂੰ ਡਰ ਹੈ ਕਿ ਨਿਤ ਵੱਧਦਾ ਰਸੂਖ ਉਹਦੀ ਆਉਣ ਵਾਲੀ ਜ਼ਿੰਦਗੀ ਵਾਸਤੇ ਲਾਭਦਾਇਕ ਨਹੀਂ ਹੋਵੇਗਾ। ਉਹ ਵਲਾਇਤ ਵਿਚ ਹੀ ਰਹੇ ਤੇ ਓਥੇ ਹੀ ਮਰ ਜਾਏ, ਤਾਂ ਸਭ ਠੀਕ ਹੈ, ਪਰ ਜੇ ਉਹਨੇ ਹਿੰਦੁਸਤਾਨ ਵਾਪਸ ਆਉਣਾ ਹੈ, ਤਾਂ ਜਿਸਦਾ ਵਲਾਇਤ ਵਿਚ ਐਨਾ ਆਦਰ ਕੀਤਾ ਜਾਂਦਾ ਹੈ, ਜੋ ਉਥੇ ਮਲਕਾਂ ਤੇ ਸ਼ਹਿਜ਼ਾਦਿਆਂ ਦੇ ਨਾਲ ਬਹਿ ਕੇ ਭੋਜਨ ਛਕਦਾ ਹੈ, ਉਹ ਏਥੇ ਆਪਣੀ ਪਦਵੀ ਤੇ ਸ਼ਾਨ ਵਿਚ ਤਬਦੀਲੀ ਵੇਖ ਕੇ ਨਿਰਾਸ਼ ਹੋਵੇਗਾ। ਕਿਉਂਕਿ ਹਿੰਦੁਸਤਾਨ ਵਿਚ ਜਦੋਂ ਉਸਨੂੰ ਵਾਇਸਰਾਏ ਦੀ ਦਹਿਲੀਜ਼ ਉੱਤੇ ਜੁੱਤੀ ਉਤਾਰਨੀ ਪਵੇਗੀ ਤੇ ਇਹ ਕੁਝ ਜ਼ਰੂਰੀ ਕਰਨਾ ਪਵੇਗਾ, ਤਾਂ ਉਹ ਇਸ ਕੰਮ ਨੂੰ ਪਸੰਦ ਨਹੀਂ ਕਰੇਗਾ।' ਉਹੀ, ਸਫ਼ਾ ੫੬-੫੭.

੧੬. ਉਹੀ, ਸਫ਼ਾ ੫੭.
੧੭. ਉਹੀ, ਸਫ਼ਾ ੫੮.
੧੮. ਉਹੀ, ਸਫ਼ਾ ੬੪.
੧੯. ਉਹੀ, ਸਫ਼ਾ ੬੫.
੨੦. ਉਹੀ, ਸਫ਼ਾ ੬੭-੯੦.
੨੧. ਉਹੀ, ਸਫ਼ਾ ੯੧-੯੨.
੨੨. ਇਨ੍ਹਾਂ ਚਿੱਠੀਆਂ ਦਾ ਵੇਰਵਾ ਡਾ. ਗੰਡਾ ਸਿੰਘ ਦੀ ਲਿਖੀ ਪੁਸਤਕ 'ਸਿੱਖ ਇਤਿਹਾਸ' ਬਾਰੇ ਵਿਚ ਸਫ਼ਾ ੧੨੯-੧੩੧ ਉੱਤੇ ਮਿਲਦਾ ਹੈ।
੨੩. 'ਮਹਾਰਾਜਾ ਦਲੀਪ ਸਿੰਘ' ਸਫ਼ਾ ੯੫.
੨੪. ਗਿਆਨੀ ਸੋਹਣ ਸਿੰਘ ਸੀਤਲ ਦੇ ਨਾਵਲਾਂ ਵਿਚ ਰਾਜਸੀ-ਸਭਿਆਚਾਰਕ ਚੇਤਨਾ, (ਪੀ.ਐੱਚ.ਡੀ. ਦਾ ਖੋਜ ਪ੍ਰਬੰਧ), ਸਫ਼ਾ ੮੩.
੨੫. ਉਹੀ, ਸਫ਼ਾ ੮੨.
੨੬. 'ਮਹਾਰਾਜਾ ਦਲੀਪ ਸਿੰਘ', ਸਫ਼ਾ ੯੭.
੨੭. ਪੰਜਾਬੀ ਨਾਵਲਕਾਰ ਸੰਦਰਭ ਕੋਸ਼ (ੳ ਤੋਂ ਗ), ਸਫ਼ਾ ੧੩੯-੪੦.
੨੮. 'ਮਹਾਰਾਜਾ ਦਲੀਪ ਸਿੰਘ', ਸਫ਼ਾ ੧੦੧.
੨੯. ਉਹੀ, ਸਫ਼ਾ ੧੦੫.
੩੦. ਸਫ਼ਾ ੧੦-੧੧.

ਸਿੱਖ ਪੰਥ ਦੇ ਬਾਦਸ਼ਾਹ ਢਾਡੀ ਗਿਆਨੀ ਸੋਹਣ ਸਿੰਘ ਜੀ ਸੀਤਲ

-ਗਿਆਨੀ ਕੁਲਵੰਤ ਸਿੰਘ ਬੀ.ਏ.

ਢਾਡੀ ਕਲਾ ਦੇ ਪੈਗੰਬਰ ਗਿਆਨੀ ਸੋਹਣ ਸਿੰਘ ਸੀਤਲ ੭ ਅਗਸਤ ੧੯੦੯ ਈ. ਨੂੰ ਸ. ਖੁਸ਼ਹਾਲ ਸਿੰਘ (ਪੰਨੂੰ) ਦੇ ਗ੍ਰਹਿ ਵਿਖੇ ਪਿੰਡ ਕਾਦੀਵਿੰਡ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਚ ਪੈਦਾ ਹੋਏ। ਆਪ ਜੀ ਆਪਣੇ ਮਾਪਿਆਂ ਦੀ ਬੜੀ ਮਹਿੰਗੀ ਸੰਤਾਨ ਸਨ। ਸੀਤਲ ਜੀ ਤੋਂ ਵੱਡੀਆਂ ਤਿੰਨ ਭੈਣਾਂ ਸਨ, ਪਰ ਭਰਾ ਕੋਈ ਨਹੀਂ ਸੀ। ਦੋ ਭੈਣਾਂ ਤੇ ਇਕ ਭਰਾ ਪਹਿਲਾਂ ਹੀ ਛੋਟੀ ਉਮਰੇ ਗੁਜ਼ਰ ਚੁੱਕੇ ਸਨ। ਤਰਸੇਵੇਂ ਦਾ ਪੁੱਤ ਹੋਣ ਕਰਕੇ ਸੀਤਲ ਜੀ ਦੀ ਪਾਲਣਾ-ਪੋਸਣਾ ਬੜੇ ਲਾਡਾਂ ਭਰੇ ਮਾਹੌਲ ਵਿਚ ਹੋਈ, ਕੁਦਰਤ ਨੇ ਆਪ ਜੀ ਨੂੰ ਸੁਹੱਪਣ ਨਾਲ ਰੱਜਕੇ ਮਾਲਾ-ਮਾਲ ਕੀਤਾ ਹੋਇਆ ਸੀ। ਰੰਗ ਬਹੁਤ ਗੋਰਾ, ਲਾਲ-ਲਾਲ ਭਾਹ ਮਾਰਦਾ, ਚੌੜਾ ਮੱਥਾ, ਮੋਟੇ ਨੇਤਰ, ਕੱਦ ਦਰਮਿਆਨਾ ਤੇ ਸਰੀਰ ਗੁੰਦਵਾਂ। ਉਂਵ ਤਾਂ ਹਰ ਬੱਚਾ ਆਪਣੇ ਮਾਪਿਆਂ ਨੂੰ ਬੜਾ ਪਿਆਰਾ ਲੱਗਦਾ ਹੈ, ਕਰੂਪ ਹੋਵੇ ਤਾਂ ਵੀ ਸੁਹਣਾ ਲੱਗਦਾ ਹੈ। ਪਰ ਇਧਰ ਤਾਂ ਅਕਾਲ ਪੁਰਖ ਦੀਆਂ ਬੜੀਆਂ ਰਹਿਮਤਾਂ ਸਨ। ਸੋ ਨਾਮ ਵੀ ਘਰਦਿਆਂ ਨੇ ਸੋਹਣ ਸਿੰਘ ਰੱਖ ਦਿੱਤਾ। ਆਪ ਜੀ ਬੜੇ ਠੰਡੇ ਸੁਭਾਅ ਤੇ ਸ਼ਾਂਤ ਬਿਰਤੀ ਦੇ ਮਾਲਕ ਸਨ। ਉਨ੍ਹਾਂ ਨੂੰ ਗਹਿਰ ਗੰਭੀਰ ਵੇਖ ਕੇ ਪਿੰਡ ਦੇ ਬਜ਼ੁਰਗਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਸ. ਖੁਸ਼ਹਾਲ ਸਿੰਘ ਦਾ ਪੁੱਤਰ ਬੜੇ ਸੀਤਲ ਸੁਭਾਅ ਦਾ ਮਾਲਕ ਹੈ। ਉਦੋਂ ਕੋਈ ਨਹੀਂ ਸੀ ਜਾਣਦਾ ਕਿ ਆਉਣ ਵਾਲੇ ਸਮੇਂ ਵਿਚ ਸੀਤਲ ਜੀ ਇਸ ਨਾਮ ਨੂੰ ਸਾਰੇ ਸਿੱਖ ਜਗਤ ਵਿਚ ਰੌਸ਼ਨ ਕਰ ਦੇਣਗੇ।

ਉਸ ਜ਼ਮਾਨੇ ਵਿਚ ਕਸਬਿਆਂ ਤੇ ਸ਼ਹਿਰਾਂ ਵਿਚ ਤਾਂ ਸਰਕਾਰ ਅੰਗਰੇਜ਼ੀ ਨੇ ਮਿਡਲ ਤੇ ਹਾਈ ਸਕੂਲ ਖੋਲ੍ਹ ਰੱਖੇ ਸਨ ਪਰ ਪਿੰਡਾਂ ਵਿਚ ਤਾਂ ਕੋਈ ਪ੍ਰਾਇਮਰੀ ਸਕੂਲ ਵੀ ਨਹੀਂ ਸੀ ਹੁੰਦਾ। ਸੀਤਲ ਜੀ ਦੀ ਰੁਚੀ ਬਚਪਨ ਤੋਂ ਹੀ ਪੜ੍ਹਨ ਵੱਲ ਸੀ ਪਰ ਪਿੰਡ ਵਿਚ ਕਿਸੇ ਸਕੂਲ ਦੇ ਨਾ ਹੋਣ ਕਾਰਨ ਉਨ੍ਹਾਂ ਦੀ ਇਹ ਰੀਝ ਪੂਰੀ ਹੁੰਦੀ ਨਾ ਦਿੱਸੀ ਤਾਂ ਆਖਰ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਸਿੰਘ ਪਾਸੋਂ ਗੁਰਮੁਖੀ ਪੜ੍ਹਨੀ ਸ਼ੁਰੂ ਕੀਤੀ। ਬਾਲ ਉਪਦੇਸ਼, ਜਪੁਜੀ ਸਾਹਿਬ ਅਤੇ ਹੋਰ ਬਾਣੀਆਂ ਪੜ੍ਹੀਆਂ ਤੇ ਕੰਠ ਵੀ ਕੀਤੀਆਂ ਤੇ ਅਗਲੀ ਪੜ੍ਹਾਈ ਮਾਪਿਆਂ 'ਤੇ ਜ਼ੋਰ ਦੇ ਕੇ ਕਸੂਰ ਤੋਂ ਹਾਸਲ ਕੀਤੀ ਅਤੇ ਦਸਵੀਂ ਜਮਾਤ ਪਹਿਲੇ ਨੰਬਰ 'ਤੇ ਰਹਿ ਕੇ ਪਾਸ ਕੀਤੀ। ਨੇੜੇ-ਤੇੜੇ ਕੋਈ ਕਾਲਜ ਨਾ ਹੋਣ ਕਰਕੇ ਗ੍ਰੈਜੂਏਟ ਹੋਣ ਦੀ ਤਮੰਨਾ ਪੂਰੀ ਨਾ ਕਰ ਸਕੇ। ਜਿਸ ਪਿੰਡ ਵਿਚ ਇਕ ਵੀ ਆਦਮੀ ਪੜ੍ਹਿਆ-ਲਿਖਿਆ ਨਾ ਹੋਵੇ, ਸਭ ਅੰਗੂਠਾ ਛਾਪ ਹੀ ਹੋਣ ਉਸ ਪਿੰਡ ਵਿਚ ਮੈਟ੍ਰਿਕ ਪਾਸ ਹੋਣਾ ਵੀ ਅੱਜ ਦੇ ਪੀ.ਐਚ.ਡੀ. ਵਰਗਾ ਸੀ।

ਪੜ੍ਹਾਈ ਖ਼ਤਮ ਕਰਨ ਪਿੱਛੋਂ ਸੀਤਲ ਜੀ ਕਈਆਂ ਥਾਵਾਂ 'ਤੇ ਨੌਕਰੀ ਦੀ ਭਾਲ ਵਿਚ ਗਏ, ਪਰ ਗੱਲ ਨਾ ਬਣੀ। ਅਸਲ ਵਿਚ ਹਰ ਆਦਮੀ ਲਈ ਕਾਦਰ ਨੇ ਪਹਿਲਾਂ ਹੀ ਰਸਤਾ ਤਹਿ ਕਰ ਰੱਖਿਆ ਹੁੰਦਾ ਹੈ। ਜੇ ਆਪ ਜੀ ਨੂੰ, ਜਿਵੇਂ ਉਹ ਪੜ੍ਹੇ-ਲਿਖੇ ਸਨ ਕਿਸੇ ਨੌਕਰੀ ਦਾ ਵਸੀਲਾ ਬਣ ਜਾਂਦਾ ਤਾਂ ਸ਼ਾਇਦ ਉਹ ਉਥੇ ਹੀ ਪਰਚ ਕੇ ਰਹਿ ਜਾਂਦੇ ਤੇ ਕਦੀ ਵੀ ਢਾਡੀ ਨਾ

ਬਣਦੇ ਜਾਂ ਬਣ ਸਕਦੇ।

ਕੁਦਰਤ ਦੇ ਰੰਗ ਪਿੰਡ ਦੇ ਮੁੰਡਿਆਂ ਨੇ ਸੀਤਲ ਜੀ ਨੂੰ ਢਾਡੀ ਜਥਾ ਬਣਾਉਣ ਲਈ ਰਾਜ਼ੀ ਕਰ ਲਿਆ। ਬਚਪਨ ਤੋਂ ਹੀ ਆਪ ਧਾਰਮਿਕ ਬਿਰਤੀ ਦੇ ਮਾਲਕ ਸਨ। ਇਸ ਲਈ ਢਾਡੀ ਜਥੇ ਰਾਹੀਂ ਧਰਮ ਪ੍ਰਚਾਰ ਹੀ ਤਾਂ ਕਰਨਾ ਹੁੰਦਾ ਹੈ, ਜੋ ਸੀਤਲ ਜੀ ਨੂੰ ਐਨ ਰਾਸ ਆਇਆ। ਉਸ ਜ਼ਮਾਨੇ ਵਿਚ ਸੀਤਲ ਜੀ ਜਿੰਨਾ ਪੜ੍ਹਿਆ-ਲਿਖਿਆ ਢਾਡੀ ਸਟੇਜ 'ਤੇ ਨਹੀਂ ਸੀ। ਬਾਬਾ ਕਿਸ਼ਨ ਸਿੰਘ ਕੜਤੋੜ, ਬਾਬਾ ਸੋਹਣ ਸਿੰਘ ਘੁੱਕੇਵਾਲੀ ਇਹ ਦੋ ਜਥੇ ਭਾਵੇਂ ਬੜੇ ਮਕਬੂਲ ਸਨ ਪਰ ਪੜ੍ਹੇ-ਲਿਖੇ ਨਹੀਂ ਸਨ। ਸੀਤਲ ਜੀ ਦੇ ਸਟੇਜ ਤੋਂ ਆਉਣ ਨਾਲ ਇਉਂ ਸਮਝੋ ਕਿ ਇਕ ਨਵੇਂ ਯੁੱਗ ਦਾ ਅਰੰਭ ਹੋ ਗਿਆ। ਅੱਜ ਜੋ ਢੰਗ ਢਾਡੀ ਜਥੇ ਪ੍ਰਚਾਰ ਹਿੱਤ ਵਰਤ ਰਹੇ ਹਨ, ਇਹ ਤਰੀਕਾ ਸੀਤਲ ਜੀ ਨੇ ਈਜਾਦ ਕੀਤਾ ਹੈ।

ਜਿੱਥੋਂ ਤਕ ਕਵਿਤਾ ਲਿਖਣ ਦਾ ਸੰਬੰਧ ਹੈ, ਇਹ ਰੱਬੀ ਦਾਤ ਸੀਤਲ ਜੀ ਨੂੰ ਬਚਪਨ ਤੋਂ ਹੀ ਮਿਲੀ ਹੋਈ ਸੀ। ਢਾਡੀ ਬਣਨ ਤੋਂ ਪਹਿਲਾਂ ਹੀ ਗੁਰੂ ਸਾਹਿਬਾਨ ਦੇ ਗੁਰਪੁਰਬਾਂ 'ਤੇ ਕਸੂਰ ਸ਼ਹਿਰ ਦੇ ਗੁਰਦੁਆਰਿਆਂ ਵਿਚ ਜਾ ਕੇ ਆਪਣੀਆਂ ਲਿਖੀਆਂ ਕਵਿਤਾਵਾਂ ਪੜ੍ਹਿਆ ਕਰਦੇ ਸਨ ਜਿਨ੍ਹਾਂ ਨੂੰ ਸੁਣ ਕੇ ਸੰਗਤਾਂ ਪ੍ਰਸੰਨ ਹੁੰਦੀਆਂ ਸਨ। ਮਾਨੋ ਕੁਦਰਤ ਸੀਤਲ ਜੀ ਲਈ ਢਾਡੀ ਕਲਾ ਦੀ ਪ੍ਰਦਰਸ਼ਨੀ ਕਰਨ ਲਈ ਪਲੇਟਫਾਰਮ ਤਿਆਰ ਕਰ ਰਹੀ ਸੀ।

ਢਾਡੀ ਵਾਰਾਂ ਦੇ ਸਿਰਲੇਖ ਹੇਠ ਉਨ੍ਹਾਂ ਦੀਆਂ 'ਸੀਤਲ ਕਿਰਣਾਂ' ਤੋਂ ਲੈ ਕੇ 'ਸੀਤਲ ਸੁਗਾਤਾਂ' ਤਕ ੧੯ ਪੁਸਤਕਾਂ ਲਿਖੀਆਂ ਹੋਈਆਂ ਹਨ। ਬੈਂਤ, ਸਾਕੇ-ਵਾਰਾਂ, ਡਬਲ ਡਿਉਢ ਛੰਦ, ਸਿਰਖੰਡੀ ਛੰਦ, ਸਵੱਈਏ, ਝੋਕਾਂ, ਕਲੀਆਂ, ਗੱਡੀਆਂ ਆਦਿ ਕਵਿਤਾਵਾਂ ਦੇ ਉਹ ਸੁੰਦਰ ਨਮੂਨੇ ਹਨ ਜੋ ਬਹੁਤੇ ਉਨ੍ਹਾਂ ਦਸਮ ਗ੍ਰੰਥ ਵਿੱਚੋਂ ਲੈ ਕੇ ਢਾਡੀ ਜਗਤ ਨੂੰ ਦਿੱਤੇ ਹਨ। ਜਿਥੇ ਉਹ ਮਹਾਨ ਕਵੀ ਸਨ, ਉਥੇ ਉਹ ਮਹਾਨ ਨਾਵਲਕਾਰ, ਗੀਤਕਾਰ ਅਤੇ ਕਮਾਲ ਦੇ ਨਿਬੰਧਕਾਰ ਵੀ ਸਨ।

ਸਿੱਖ ਇਤਿਹਾਸ ਦੀਆਂ ਵਾਰ ਰਚਨਾਵਾਂ ਦੇ ਨਾਲ-ਨਾਲ ਆਪ ਜੀ ਨੇ ਜੀਵਨ ਦਸ ਗੁਰੂ ਪਾਤਸ਼ਾਹੀਆਂ, ਸ਼ਹੀਦ ਬਾਬਾ ਬੰਦਾ ਸਿੰਘ, ਲਾਸਾਨੀ ਸ਼ਹੀਦ ਗੁਰੂ ਤੇਗ ਬਹਾਦਰ ਜੀ, ਸਿੱਖ ਰਾਜ ਕਿਵੇਂ ਬਣਿਆ, ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ਸਿੱਖ ਰਾਜ ਤੇ ਸ਼ੇਰੇ ਪੰਜਾਬ, ਸਿੱਖ ਰਾਜ ਕਿਵੇਂ ਗਿਆ, ਸਿੱਖ ਸ਼ਹੀਦ ਤੇ ਯੋਧੇ ਆਦਿ ਇਤਿਹਾਸਕ ਪੁਸਤਕਾਂ ਬੜੀ ਖੋਜ ਕਰ ਕੇ ਲਿਖ ਕੇ ਪੰਜਾਬੀ ਬੋਲੀ ਦੀ ਝੋਲੀ ਪਾਈਆਂ ਹਨ। ਸੀਤਲ ਜੀ ਦੀ ਇਹ ਸਾਹਿਤਕ ਸੇਵਾ ਅੱਖੋਂ ਪਰੋਖੇ ਕਰਨ ਵਾਲੀ ਗੱਲ ਨਹੀਂ। ਉਹ ਆਪਣੀਆਂ ਰਚਨਾਵਾਂ ਕਰਕੇ ਅਮਰ ਹੋ ਗਏ ਹਨ। ਕਮਾਲ ਦੀ ਗੱਲ ਹੈ, ਉਨ੍ਹਾਂ ਦੀਆਂ ਰਚਨਾਵਾਂ ਨੂੰ ਸਾਹਿਤਕ ਐਵਾਰਡ ਮਿਲ ਚੁੱਕੇ ਹਨ ਅਤੇ ਉਹ ਪੁਸਤਕਾਂ, ਕਾਲਜਾਂ ਵਿਚ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਦੇ ਕੋਰਸ ਵਿਚ ਸ਼ਾਮਲ ਹਨ। ਕਦੇ ਸਮਾਂ ਸੀ, ਢਾਡੀਆਂ ਬਾਰੇ ਲੋਕ ਇਹ ਭਰਮ-ਭੁਲੇਖਾ ਰੱਖਦੇ ਸਨ ਕਿ ਢਾਡੀ ਪੰਜਾਬੀ ਦੇ ਬਾਲ ਉਪਦੇਸ਼ ਤੋਂ ਅੱਗੇ ਨਹੀਂ ਪੜ੍ਹੇ ਹੋਏ ਹੁੰਦੇ ਤੇ ਢਾਡੀ ਕਲਾ ਵਿਹਲੜਾਂ ਦਾ ਕਿੱਤਾ ਸੀ। ਇੱਥੋਂ ਤਕ ਸਮਝਿਆ ਜਾਂਦਾ ਕਿ ਜੋ ਕਿਸੇ ਹੋਰ ਕੰਮ ਵਿਚ ਸਫਲ ਨਾ ਹੋ ਸਕਿਆ ਉਹ ਢਾਡੀ ਬਣ ਗਿਆ। ਸੀਤਲ ਜੀ ਨੇ ਲੋਕਾਂ ਦਾ ਇਹ ਭਰਮ-ਭੁਲੇਖਾ ਦੂਰ ਕੀਤਾ।

ਦੋ ਦਰਜਨ ਦੇ ਲੱਗਭਗ ਨਾਵਲ ਲਿਖਣ ਵਾਲੇ ਸੀਤਲ ਜੀ ਢਾਡੀ ਵਾਰਾਂ ਦੇ ਲੇਖਕ ਹੀ ਨਹੀਂ, ਸਗੋਂ ਬ੍ਰਿਜ ਭਾਸ਼ਾ ਦੇ ਮਹਾਨ ਗਿਆਨੀ ਵੀ ਹਨ ਜਿਸ ਦਾ ਸਬੂਤ ਸਿੱਖ ਇਤਿਹਾਸ ਦੇ

ਸੋਮੇ ਹਨ ਜੋ ਉਨ੍ਹਾਂ ਪੰਜਾਂ ਭਾਗਾਂ ਵਿਚ ਲਿਖ ਕੇ ਇਕ ਬਿਖੜੇ ਕਾਰਜ ਨੂੰ ਬੜਾ ਸਰਲ ਬਣਾ ਦਿੱਤਾ ਹੈ। ਆਕਾਰ ਦੇ ਪੱਖ ਤੋਂ ਭਾਈ ਸੰਤੋਖ ਸਿੰਘ ਦੇ 'ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼' ਨੂੰ ਸਾਹਮਣੇ ਰੱਖੀਏ, ਜੋ ਬ੍ਰਿਜ ਭਾਸ਼ਾ ਦਾ ਮਹਾਨ ਗ੍ਰੰਥ ਹੈ ਤਾਂ ਉਹ ਪਾਠਕਾਂ ਨੂੰ ਹੈਰਾਨ ਕਰਦਾ ਹੈ। ਸੀਤਲ ਜੀ ਦਾ ਸਮੁੱਚਾ ਲਿਖਤੀ ਕਾਰਜ ਵੇਖ ਕੇ ਹੈਰਾਨਗੀ ਵੀ ਹੁੰਦੀ ਹੈ ਤੇ ਅਹਿਸਾਸ ਵੀ ਹੁੰਦਾ ਹੈ ਕਿ ਸੀਤਲ ਜੀ ਨੇ ਕਿੰਨੀ ਮਿਹਨਤ ਕੀਤੀ ਹੈ।

ਆਉ ਜ਼ਰਾ ਉਨ੍ਹਾਂ ਦੇ ਜੀਵਨ ਉੱਤੇ ਵੀ ਝਾਤ ਮਾਰ ਲਈਏ। ਮੇਰੀਆਂ ਨਜ਼ਰਾਂ ਵਿਚ ਉਨ੍ਹਾਂ ਦਾ ਜੀਵਨ ਪੂਰਨ ਗੁਰਸ਼ਿੱਖਾਂ ਵਾਲਾ ਸੀ। ਉਹ ਬਚਪਨ ਤੋਂ ਹੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਸਨ। ਪੰਜਾਂ ਪਿਆਰਿਆਂ ਤੋਂ ਮਿਲੇ ਗੁਰ-ਉਪਦੇਸ਼ ਨੂੰ ਉਨ੍ਹਾਂ ਸਾਰੀ ਜ਼ਿੰਦਗੀ ਨਿਭਾਇਆ। ਪੰਜਾਂ ਬਾਣੀਆਂ ਦੇ ਨਿੱਤਨੇਮ ਵਿਚ ਕਦੇ ਵਿਘਨ ਨਹੀਂ ਪਾਇਆ। ਸੀਤਲ ਜੀ ਨਸ਼ਿਆਂ ਤੋਂ ਕੋਹਾਂ ਦੂਰ ਰਹੇ। ਇਥੋਂ ਤਕ ਕਿ ਸਾਰੀ ਜ਼ਿੰਦਗੀ ਚਾਹ ਦਾ ਸਵਾਦ ਵੀ ਨਹੀਂ ਵੇਖਿਆ। ਉਨ੍ਹਾਂ ਦੀ ਸਾਦਾ ਖੁਰਾਕ ਸੀ ਅਤੇ ਦੁੱਧ-ਦਹੀਂ ਸਵੇਰੇ-ਸ਼ਾਮ ਛਕਦੇ ਸਨ। ਜਦੋਂ ਉਹ ਦੀਵਾਨ 'ਤੇ ਬਾਹਰ ਜਾਂਦੇ ਤਾਂ ਛੋਟੇ ਜਿਹੇ ਅਟੈਚੀ ਵਿਚ ਕੁਝ ਕਿਤਾਬਾਂ, ਪਹਿਨਣ ਵਾਲੇ ਕੱਪੜੇ ਤੇ ਕਾਗਜ਼ ਵਿਚ ਲਪੇਟ ਕੇ ਥੋੜ੍ਹਾ ਜਿਹਾ ਗੁੜ ਜ਼ਰੂਰ ਰੱਖਦੇ ਸਨ। ਪਰਸ਼ਾਦਾ ਛਕਣ ਪਿੱਛੋਂ ਗੁੜ ਖਾਣਾ ਉਨ੍ਹਾਂ ਦੀ ਆਦਤ ਸੀ। ਉਹ ਕਿਹਾ ਕਰਦੇ ਸਨ, ਗੁੜ ਖਾਣ ਨਾਲ ਖਾਣਾ ਹਜ਼ਮ ਹੋ ਜਾਂਦਾ ਹੈ।

ਕੁਦਰਤ ਦੇ ਹਰ ਰੰਗ ਵਿਚ ਉਹ ਰਾਜ਼ੀ-ਬਰ-ਰਜ਼ਾ ਰਹਿੰਦੇ ਸਨ। ਸੀਤਲ ਜੀ ਨੂੰ ਅੱਧੇ ਸਿਰ ਦੀ ਦਰਦ ਦੀ ਨਾਮੁਰਾਦ ਬਿਮਾਰੀ ਲੱਗ ਗਈ। ਉਹ ਦਰਦ ਅਚਾਨਕ ਹੀ ਸ਼ੁਰੂ ਹੁੰਦੀ ਤੇ ਅਚਾਨਕ ਹੀ ਕੁਝ ਸਕਿੰਟਾਂ ਵਿਚ ਹੀ ਗਾਇਬ ਹੋ ਜਾਂਦੀ। ਇਸ ਦਾ ਬਥੇਰਾ ਇਲਾਜ ਕਰਵਾਇਆ ਪਰ ਇਸ ਬਿਮਾਰੀ ਤੋਂ ਮੁਕਤ ਨਾ ਹੋ ਸਕੇ, ਦਰਦ ਦਾ ਦੌਰਾ ਪੈਂਦਾ ਸੀ ਤਾਂ ਲੈਕਚਰ ਦੇਂਦੇ-ਦੇਂਦੇ ਉਹ ਸਿਰ ਦੇ ਦਰਦ ਵਾਲੇ ਪਾਸੇ ਨੂੰ ਹੱਥ ਨਾਲ ਘੁੱਟ ਲੈਂਦੇ ਪਰ ਕਦੇ ਕਿਸੇ ਅੱਗੇ ਸ਼ਿਕਾਇਤ ਨਹੀਂ ਕੀਤੀ, ਪਰਮੇਸ਼ਰ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ।

ਸਪਸ਼ਟ ਗੱਲ ਕਰਨੀ ਉਨ੍ਹਾਂ ਦੇ ਸੁਭਾਅ ਦਾ ਅਨਿੱਖੜਵਾਂ ਅੰਗ ਸੀ। ਵੱਡੇ ਤੋਂ ਵੱਡੇ ਆਦਮੀ ਦੇ ਮੂੰਹ 'ਤੇ ਹੀ ਉਸ ਦੀ ਕਿਸੇ ਕਮਜ਼ੋਰੀ ਦਾ ਉਲੇਖ ਕਰ ਦਿੰਦੇ ਸਨ। ਪੰਜਾਬੀ ਸੂਬੇ ਦੇ ਬਣਨ ਸਮੇਂ ਜੋ ਕੁਤਾਹੀਆਂ ਹੋਈਆਂ, ਉਨ੍ਹਾਂ ਬਾਰੇ ਉਹ ਨਿਰਸੰਕੋਚ ਚਰਚਾ ਕਰਦੇ ਰਹੇ ਹਾਲਾਂਕਿ ਪੰਜਾਬੀ ਸੂਬੇ ਦੇ ਮੋਰਚੇ ਸਮੇਂ ਉਹ ਹੋਰਨਾਂ ਸਾਥੀਆਂ ਨਾਲ ਜੇਲ੍ਹ ਵਿਚ ਵੀ ਗਏ। ਖੁਸ਼ਾਮਦ ਕਰਨੀ ਉਨ੍ਹਾਂ ਦੇ ਲਹੂ ਵਿਚ ਹੀ ਨਹੀਂ ਸੀ। ਉਹ ਅਕਸਰ ਕਿਹਾ ਕਰਦੇ ਸਨ, ਜੀਵਨ ਲਈ ਦੋ ਹੀ ਰਸਤੇ ਹਨ, ਖੁਸ਼ਾਮਦ ਕਰ ਕੇ ਜੀਣਾ ਜਾਂ ਆਪਣੇ ਵਿਚ ਗੁਣ ਪੈਦਾ ਕਰ ਕੇ ਜੀਣਾ। ਜੇ ਗੁਣਾਂ ਦੇ ਧਾਰਨੀ ਹੋਵੋਗੇ ਤਾਂ ਲੋਕ ਕਦਰ ਕਰਨਗੇ, ਇੱਜ਼ਤ-ਸਤਿਕਾਰ ਕਰਨਗੇ। ਖੁਸ਼ਾਮਦੀਆਂ ਦੀ ਕੋਈ ਇੱਜ਼ਤ ਨਹੀਂ ਕਰਦਾ।

ਪਾਕਿਸਤਾਨ ਬਣਨ ਤੋਂ ਪਹਿਲਾਂ ਉਹ ਆਪਣੇ ਪਿੰਡ ਕਾਦੀਵਿੰਡ ਵਿਚ ਤਕੜੀ ਭੋਇੰ, ਭਾਂਡੇ ਦੇ ਮਾਲਕ ਸਨ। ਪੰਜਾਹ-ਸੱਠ ਏਕੜ ਜ਼ਮੀਨ ਤੇ ਉਹ ਵੀ ਨਹਿਰੀ ਜਿਸ ਜੱਟ ਕੋਲ ਹੋਵੇ, ਉਹ ਤਾਂ ਬਾਦਸ਼ਾਹ ਹੁੰਦਾ ਹੈ। ਸੀਤਲ ਜੀ ਜਾਇਦਾਦ ਪੱਖੋਂ ਵੀ ਬੜੇ ਖੁਸ਼ਕਿਸਮਤ ਸਨ, ਪਾਕਿਸਤਾਨ ਬਣਨ ਨਾਲ ਉਹ ਧੂਣੇ ਦੇ ਫ਼ਕੀਰ ਬਣ ਗਏ। ਕਾਦੀਵਿੰਡ ਵਾਲੀ ਜ਼ਮੀਨ ਬਦਲੇ ਤਹਿਸੀਲ ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਚ ਅਲਾਟਮੈਂਟ ਹੋ ਗਈ। ਇਸ ਭੱਜ-ਦੌੜ ਵਿਚ ਵੀ

ਉਹ ਲਿਖਦੇ ਰਹੇ ਅਤੇ ਸਟੇਜਾਂ 'ਤੇ ਜਾਂਦੇ ਰਹੇ। ਉਹ ਸੰਕਟ ਭਰੇ ਦਿਨ ਸਨ। ਕਈਆਂ ਪਰਵਾਰਾਂ ਦਾ ਹੱਥ ਬੜਾ ਤੰਗ ਸੀ। ਸੀਤਲ ਜੀ ਅਜਿਹੇ ਕਈਆਂ ਪਰਵਾਰਾਂ ਦੀ ਮਾਇਕ ਸਹਾਇਤਾ ਕਰਦੇ ਰਹੇ। ਕਈਆਂ ਲੜਕੀਆਂ ਦੀਆਂ ਸ਼ਾਦੀਆਂ ਹੱਥੀਂ ਕੀਤੀਆਂ। ਅਜਿਹੇ ਪਰਉਪਕਾਰੀ ਜੀਉੜੇ ਕਦੇ-ਕਦੇ ਹੀ ਜਨਮ ਲੈਂਦੇ ਹਨ।

ਸਿੱਖ-ਪੰਥ ਦੀ ਸਟੇਜ 'ਤੇ ਅੱਜ ਵੀ ਕਈ ਢਾਡੀ ਜਥੇ ਪ੍ਰਚਾਰ ਕਰ ਰਹੇ ਹਨ। ਭਾਵੇਂ ਹਰੇਕ ਢਾਡੀ ਜਥੇ ਦਾ ਆਪਣੇ ਥਾਂ ਯੋਗਦਾਨ ਮੰਨਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਸੀਤਲ ਜੀ ਦੀ ਅਦਾਇਗੀ ਦਾ ਕੋਈ ਮੁਕਾਬਲਾ ਨਹੀਂ। ਸਿੱਖ ਇਤਿਹਾਸ ਦੀਆਂ ਘਟਨਾਵਾਂ ਨੂੰ ਹੋਰਨਾਂ ਧਰਮਾਂ ਦੀਆਂ ਘਟਨਾਵਾਂ ਨਾਲ ਜੋੜ ਕੇ ਆਪਣੇ ਮਜ਼ਮੂਨ ਦੀ ਉਸਾਰੀ ਕਰਨੀ ਜਿਵੇਂ ਸੀਤਲ ਜੀ ਦੇ ਹਿੱਸੇ ਹੀ ਆਈ ਸੀ। ਉਹ ਬੜੇ ਥੋੜ੍ਹੇ ਤੇ ਸੰਕੋਚਵੇਂ ਸ਼ਬਦਾਂ ਵਿਚ ਬਹੁਤ ਵੱਡੀ ਗੱਲ ਕਹਿ ਜਾਂਦੇ ਸਨ। ਮਿਸਾਲ ਵਜੋਂ ਪੰਜਾਂ ਪਿਆਰਿਆਂ ਦੇ ਪ੍ਰਸੰਗ ਵਿਚ ਲਿਖੀ ਇਕ ਵਾਰ ਦੇ ਇਹ ਸ਼ਬਦ ਧਿਆਨ-ਗੋਚਰੇ ਹਨ:

'ਨਾ ਤਾਂ ਤੱਤਿਆਂ ਥੰਮਾਂ ਨੇ ਠੰਡੇ ਹੋਵਣਾਂ ਤੇ ਨਾ ਫੁੱਲ ਬਣਨੇ ਅੰਗਿਆਰ'
'ਜਿਵੇਂ ਅਰਜਨ ਚੰਦਰਮੁਖੀ ਚਾੜ੍ਹ ਕੇ ਸੀਸ ਦਿੱਤਾ ਜੈਦਰਥ ਦਾ ਉਡਾ'

ਇਨ੍ਹਾਂ ਦੋਹਾਂ ਉਦਾਹਰਣਾਂ ਵਿਚ ਹਿੰਦੂ ਅਤੇ ਮੁਸਲਿਮ ਇਤਿਹਾਸ ਦੀਆਂ ਘਟਨਾਵਾਂ ਮੂੰਹੋਂ ਬੋਲ ਰਹੀਆਂ ਹਨ। ਸਿੱਖ ਇਤਿਹਾਸ ਦੀ ਵਿਆਖਿਆ ਕਰਦਿਆਂ ਇਨ੍ਹਾਂ ਦਾ ਸੁਮੇਲ ਕਿੰਨੀ ਯੋਗਤਾ ਨਾਲ ਕੀਤਾ ਹੈ। ਸੀਤਲ ਜੀ ਨੇ ਗੁਰਬਾਣੀ ਦਾ ਅਧਿਐਨ ਵੀ ਬੜੀ ਸ਼ਰਧਾ ਤੇ ਸਤਿਕਾਰ ਨਾਲ ਕੀਤਾ ਹੈ। ਉਹ ਨਿਮਰਤਾ ਦੇ ਪੁੰਜ ਸਨ ਅਤੇ ਵਾਰ-ਵਾਰ ਕਿਹਾ ਕਰਦੇ ਸਨ, 'ਹਉ ਢਾਢੀ ਵੇਕਾਰੁ ਕਾਰੈ ਲਾਇਆ॥' ਜੀਵਨ ਦੀ ਹਰ ਸਫਲਤਾ ਵਿਚ ਉਹ ਸਤਿਗੁਰੂ ਦੀ ਮਿਹਰ ਹੋਈ ਸਮਝਦੇ ਸਨ।

ਸਾਰੀ ਜ਼ਿੰਦਗੀ ਸੀਤਲ ਜੀ ਨੇ ਸਿੱਖ ਸੰਗਤ ਵੱਲੋਂ ਦਿੱਤਾ ਜਾਂਦਾ ਸਤਿਕਾਰ ਰੱਜ-ਰੱਜ ਮਾਣਿਆ ਤੇ ਜ਼ਿੰਦਗੀ ਦੇ ਅਖੀਰਲੇ ਸਮੇਂ ਵਿਚ ਪੰਜਾਬ ਦੇ ਢਾਡੀ ਜਥਿਆਂ ਨੇ ਮਿਲ ਕੇ ਇਕ ਵੱਡਾ ਸੰਮੇਲਨ ਕੀਤਾ ਜਿਹੜਾ ਕੇਵਲ ਸੀਤਲ ਜੀ ਨੂੰ ਸਨਮਾਨਿਤ ਕਰਨ ਵਾਸਤੇ ਹੀ ਬੁਲਾਇਆ ਗਿਆ ਸੀ।

ਆਪਣੇ ਵੱਡ-ਵਡੇਰਿਆਂ ਦਾ ਮਾਣ-ਸਤਿਕਾਰ ਕਰਨਾ ਨਵੀਂ ਪੀੜ੍ਹੀ ਦਾ ਮੁੱਖ ਫਰਜ਼ ਬਣਦਾ ਹੈ। ਵੱਡਿਆਂ ਦੀਆਂ ਅਸੀਸਾਂ ਲੈ ਕੇ ਸੁਰਖ਼ਰੂ ਹੋਈਦਾ ਹੈ। ਸੀਤਲ ਜੀ ਨੇ ਲੱਖਾਂ ਅਸੀਸਾਂ ਆਪਣੇ ਢਾਡੀ ਬੱਚਿਆਂ ਨੂੰ ਦਿੱਤੀਆਂ। ਜੋ ਪਿਆਰ ਉਹ ਵੰਡ ਕੇ ਗਏ, ਅੱਜ ਉਸੇ ਸਦਕਾ ਢਾਡੀ ਯੂਨੀਅਨ ਢਾਡੀਆਂ ਦੇ ਪਿਤਾਮਾ ਗਿਆਨੀ ਸੋਹਣ ਸਿੰਘ ਸੀਤਲ ਜੀ ਦਾ ਜਨਮ-ਦਿਨ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਉਣ ਦਾ ਉੱਦਮ ਕਰ ਰਹੀ ਹੈ। ਇਨ੍ਹਾਂ ਥੋੜ੍ਹੇ ਜਿਹੇ ਸ਼ਬਦਾਂ ਰਾਹੀਂ ਆਪਣੇ ਸਤਿਕਾਰਯੋਗ ਬਾਪੂ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

ਸਮਕਾਲੀ ਜਨ-ਜੀਵਨ ਤੇ ਸੀਤਲ ਜੀ ਦੀ ਜੀਵਨੀ

-ਡਾ. ਇੰਦਰਜੀਤ ਸਿੰਘ ਗੋਗੋਆਣੀ

ਸਰਕਾਰੀ ਹਾਈ ਸਕੂਲ ਭੜਾਣਾ (ਜ਼ਿਲ੍ਹਾ ਫਿਰੋਜ਼ਪੁਰ) ਤੋਂ ਛੇਵੀਂ ਤੋਂ ਦਸਵੀਂ ਤਕ ਵਿੱਦਿਆ ਪ੍ਰਾਪਤ ਕਰਨ ਸਮੇਂ ਸਾਨੂੰ ਪਤਾ ਨਹੀਂ ਸੀ ਕਿ ਇਹ ਪ੍ਰਸਿੱਧ ਢਾਡੀ ਸੋਹਣ ਸਿੰਘ ਸੀਤਲ ਦਾ ਸਹੁਰਾ ਪਿੰਡ ਹੈ। ਬਚਪਨ ਦੀ ਯਾਦ ਜ਼ਰੂਰ ਹੈ ਕਿ ਇਸ ਪਿੰਡ ਦੇ ਇਕ ਧਾਰਮਿਕ ਸਮਾਗਮ ਸਮੇਂ ਜੋ ਢਾਡੀ ਜਥਾ ਵਾਰਾਂ ਗਾ ਰਿਹਾ ਸੀ ਉਹ ਸੀਤਲ ਜੀ ਦਾ ਜਥਾ ਸੀ। ਕਾਫੀ ਚਿਰ ਬਾਅਦ ਇਕ-ਦੋ ਵੱਡੇ ਸਮਾਗਮਾਂ ਵਿਚ ਸੁਣਿਆ ਅਤੇ ਫਿਰ ਉਨ੍ਹਾਂ ਦਾ ਸੰਪੂਰਨ ਵਾਰਾਂ ਦਾ ਸੰਗ੍ਰਹਿ, ਕੁਝ ਨਾਵਲ, ਸਿੱਖ ਇਤਿਹਾਸ ਦੇ ਸੋਮੇ ਤੇ ਜੀਵਨ ਦੀ ਗੱਲ ਕਰੀਏ ਤਾਂ ਉਨ੍ਹਾਂ ਦੇ ਜਨਮ ੭ ਅਗਸਤ ੧੯੦੯ ਤੋਂ ਲੈ ਕੇ ਅਗਸਤ ੨੦੦੯ ਤਕ ਪੂਰੇ ਸੌ ਸਾਲ ਦੇ ਪੰਜਾਬ ਦੀ ਸਮਾਜਿਕ ਤੇ ਧਾਰਮਿਕ ਪੱਖ ਦੀ ਤਸਵੀਰ ਸਾਡੇ ਅੱਖਾਂ ਅੱਗੇ ਘੁੰਮ ਜਾਂਦੀ ਹੈ। ਮੈਂ ਕੁਝ ਵਿਸ਼ੇਸ਼ ਨੁਕਤੇ ਪਾਠਕਾਂ ਨਾਲ ਸਾਂਝੇ ਕਰ ਰਿਹਾ ਹਾਂ ਜੋ ਸੀਤਲ ਜੀ ਦੀ ਜੀਵਨੀ 'ਵੇਖੀ ਮਾਣੀ ਦੁਨੀਆਂ' 'ਤੇ ਅਧਾਰਿਤ ਹਨ:

'ਉਸ ਸਮੇਂ ਲੋਕਾਂ ਦਾ ਇਤਿਹਾਸ ਕੌਣ ਸਾਂਭਦਾ ਸੀ?'

"ਪਿੰਡਾਂ ਵਿਚ ਮਰਾਸੀ ਤੇ ਸਾਂਹਸੀ ਵਿਆਹ ਸ਼ਾਦੀ ਸਮੇਂ 'ਕਲਾਣ' ਕਰਿਆ ਕਰਦੇ ਸਨ। ਕਿਸੇ ਘਰ ਦੀ ਬੰਸਾਵਲੀ ਦੀ ਜਾਣਕਾਰੀ ਬਾਰੇ ਇਹ ਸਭ ਤੋਂ ਚੰਗਾ ਸਾਧਨ ਸੀ।"

'ਉਸ ਸਮੇਂ ਜੰਮਦੀਆਂ ਧੀਆਂ ਸੰਬੰਧੀ ਸਮਾਜ ਦੀ ਮਾਨਸਿਕਤਾ ਕਿਸ ਤਰ੍ਹਾਂ ਦੀ ਸੀ ਅਤੇ ਬੱਚੇ ਦੀ ਮੌਤ ਬਾਰੇ ਲੋਕ-ਵਿਸ਼ਵਾਸ ਕੀ ਸਨ?'

"ਛੋਟੀ ਉਮਰੇ ਕੰਨਿਆਂ ਦੇ ਗੁਜਰ ਜਾਣ ਦਾ ਲੋਕ ਬਹੁਤਾ ਅਫਸੋਸ ਨਹੀਂ ਸੀ ਕਰਿਆ ਕਰਦੇ, ਜੇ ਉਹ ਪਲੇਠੀ ਦੀ ਨਾ ਹੋਵੇ। ਪਹਿਲੇ ਬਾਲ ਦਾ ਗੁਜ਼ਰ ਜਾਣਾ ਬਹੁਤ ਬੁਰਾ ਮੰਨਿਆ ਜਾਂਦਾ ਸੀ। ਗੁਆਂਢਣਾਂ ਉਸ ਦੇ ਮੱਥੇ ਲੱਗਣੋਂ ਵੀ ਝਿਜਕਿਆ ਕਰਦੀਆਂ ਸਨ।"

'ਉਸ ਸਮੇਂ ਪਿੰਡਾਂ ਵਿਚ ਵਿੱਦਿਆ ਦਾ ਪਾਸਾਰ ਕਿਹੋ ਜਿਹਾ ਸੀ?'

"ਸਾਡੇ ਪਿੰਡ ਦੀ ਵਸੋਂ ਉਸ ਵੇਲੇ ਹਜ਼ਾਰ ਦੇ ਕਰੀਬ ਸੀ, ਪਰ ਜੇ ਓਸੇ ਬੋਲੀ ਵਿਚ ਫੜ੍ਹ ਮਾਰਨੀ ਹੋਵੇ ਤਾਂ ਮੈਂ ਕਹਿ ਸਕਦਾ ਹਾਂ ਕਿ ਮੈਥੋਂ ਪਹਿਲਾਂ ਸਾਰਾ ਪਿੰਡ ਅੰਗੂਠਾ ਲਾਉਣ ਵਾਲਾ ਸੀ, ਦਸਤਖ਼ਤ ਕਰਨ ਵਾਲਾ ਕੋਈ ਨਹੀਂ ਸੀ। ਮੇਰੀ ਸੰਭਾਲ ਤੋਂ ਪਹਿਲਾਂ ਪਿੰਡ ਵਿਚ ਜਿਹੜੇ ਤਿੰਨ ਬਜ਼ੁਰਗ ਪੜ੍ਹੇ ਹੋਏ ਵੀ ਸਮਝੇ ਜਾਂਦੇ ਸਨ, ਉਹ ਮੋਟੇ ਅੱਖਰਾਂ ਵਿਚ ਛਪੀ ਹੋਈ ਗੁਰਮੁਖੀ ਜੋੜ ਕਰਕੇ ਸਹਿਜ-ਸਹਿਜ ਪੜ੍ਹ ਸਕਦੇ ਸਨ ਪਰ ਲਿਖ ਨਹੀਂ ਸਨ ਸਕਦੇ, ਨਾ ਲਿਖਿਆ ਹੋਇਆ ਪੜ੍ਹ ਸਕਦੇ ਸਨ।"

'ਉਸ ਸਮੇਂ ਦੇ ਇਕ ਸਿੱਖ ਪ੍ਰਚਾਰਕ ਦਾ ਪ੍ਰਚਾਰ ਢੰਗ ਕਿਹੋ ਜਿਹਾ ਸੀ?'

"ਸੰਤ ਜਵੰਦ ਸਿੰਘ ਜੀ ਠੱਠੇ ਵਾਲਿਆਂ ਨੇ ਸਾਡੇ ਇਲਾਕੇ ਵਿਚ ਸਿੱਖੀ ਦਾ ਬੜਾ ਪ੍ਰਚਾਰ ਕੀਤਾ ਸੀ। ਉਹ ਨਿਹੰਗ ਬਾਣੇ ਵਿਚ ਘੋੜੇ 'ਤੇ ਅਸਵਾਰ ਪਿੰਡਾਂ ਦਾ ਦੌਰਾ ਕਰਿਆ ਕਰਦੇ। ਦੋ-ਚਾਰ ਸਿੰਘ ਉਨ੍ਹਾਂ ਨਾਲ ਹੋਰ ਵੀ ਹੁੰਦੇ। ਉਹ ਜਿਸ ਪਿੰਡ ਜਾਂਦੇ, ਬੜੇ ਸਰਲ ਢੰਗ ਨਾਲ ਕਹਿੰਦੇ, "ਭਾਈ ਸਿੰਘੋ! ਫੌਜਾਂ ਨੇ ਲੰਗਰ ਛਕਣਾ ਹੈ, ਪਰ ਛਕਾਂਗੇ ਤਾਂ ਜੇ ਕੁਛ ਸਿੰਘ ਅੰਮ੍ਰਿਤ ਛਕਣ ਵਾਸਤੇ ਤਿਆਰ ਹੋਣਗੇ। ਉਨ੍ਹਾਂ ਦਾ ਲੋਕਾਂ 'ਤੇ ਬਹੁਤ ਅਸਰ ਸੀ।"

'ਉਸ ਸਮੇਂ ਛੋਟੇ ਬੱਚਿਆਂ ਦੀ ਰੱਖਿਆ ਤੇ ਟੂਣੇ ਟਾਮਣੇ ਪ੍ਰਤੀ ਲੋਕਾਂ ਦੇ ਕੀ ਵਿਸ਼ਵਾਸ ਸਨ?'

"ਅਨਪੜ੍ਹਤਾ ਦੇ ਕਾਰਨ ਸਾਡੇ ਇਲਾਕੇ ਵਿਚ ਆਮ ਰਿਵਾਜ ਸੀ ਕਿ ਛੋਟੇ ਜਿਹੇ ਬੱਚੇ ਦੇ ਕੇਸਾਂ ਦੀ ਇਕ ਲਿਟ ਕੈਂਚੀ ਨਾਲ ਜ਼ਰੂਰ ਕੱਟ ਦੇਣੀ। ਉਹਨਾਂ ਬਿਰਧ ਮਾਈਆਂ ਦਾ ਵਿਸ਼ਵਾਸ ਸੀ ਕਿ ਜਿਸ ਬੱਚੇ ਦੇ ਕੇਸਾਂ ਦੀ ਲਿਟ ਕੱਟੀ ਹੋਵੇ, ਉਹਦੇ ਉੱਤੇ ਕਿਸੇ ਕਿਸਮ ਦਾ ਟੂਣਾ-ਟਮਾਣਾ ਜਾਂ ਜੰਤਰ-ਮੰਤਰ ਅਸਰ ਨਹੀਂ ਕਰਦਾ।"

ਜਦ ਸੀਤਲ ਜੀ ਦੀ ਮਾਤਾ ਨੂੰ ਗੁਆਂਢਣਾਂ ਨੇ ਲਿਟ ਕੱਟ ਕੇ ਤਵੀਤ ਵਿਚ ਮੜ੍ਹ ਕੇ ਗਲ਼ ਪਾਉਣ ਲਈ ਕਿਹਾ ਤਾਂ ਉਹਨਾਂ ਕੀ ਉੱਤਰ ਦੇਣਾ?

"ਮੇਰੀ ਮਾਤਾ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਉੱਤਰ ਦੇਣਾ, "ਨਹੀਂ ਬੇਬੇ! ਮੈਂ ਆਪਣੇ ਹੱਥੀਂ ਪੁੱਤਰ ਦੇ ਸੁੱਚੇ ਕੇਸ ਜੂਠੇ ਨਹੀਂ ਕਰਨੇ। ਇਹਦਾ ਗੁਰੂ ਮਹਾਰਾਜ ਰਾਖਾ ਏ।" (ਸੀਤਲ ਜੀ ਨੇ ਇਹ ਪ੍ਰਣ ਸਾਰੀ ਉਮਰ ਨਿਭਾਇਆ)"

'ਉਸ ਸਮੇਂ ਪਿੰਡਾਂ ਵਿਚ ਪਾਂਧੇ ਦਾ ਕੰਮ ਤੇ ਲੋਕਾਂ ਦਾ ਪਹਿਰਾਵਾ ਕੀ ਸੀ?'

"ਪਾਂਧੇ ਨੇ ਸੰਗਰਾਂਦ, ਮੱਸਿਆ, ਪੁੰਨਿਆ, ਇਕਾਦਸ਼ੀ ਇੱਕੋ ਸਾਹੇ ਦੱਸ ਦੇਣੀਆਂ, ਨਾਲ-ਨਾਲ ਮਹੀਨੇ ਦੀਆਂ ਤਾਰੀਖਾਂ ਬੋਲੀ ਜਾਣੀਆਂ। ਪਿੰਡਾਂ ਵਿਚ ਖੱਦਰ ਪਹਿਨਣ ਦਾ ਰਿਵਾਜ ਮਹਾਤਮਾ ਗਾਂਧੀ ਦੇ ਪਰਚਾਰ ਤੋਂ ਪਹਿਲਾਂ ਵੀ ਸੀ।"

'ਉਸ ਸਮੇਂ ਵਿੱਦਿਆ ਤੇ ਧਰਮ ਪ੍ਰਤੀ ਉਦਾਸੀ ਸਾਧੂਆਂ ਦਾ ਕੀ ਯੋਗਦਾਨ ਸੀ?'

"ਮੈਂ ਓਦੋਂ ਛੇ ਕੁ ਸਾਲ ਦਾ ਸਾਂ। ਸਾਡੇ ਪਿੰਡ ਵਿਚ ਇਕ ਉਦਾਸੀ ਸਾਧੂ 'ਹਰੀਦਾਸ' ਆ ਗਿਆ। ਉਸ ਵੇਲੇ ਗੁਰਦੁਆਰੇ ਦੇ ਸਿਰਫ ਦੋ ਕੱਚੇ ਕਮਰੇ ਹੀ ਸਨ। ਉਹਨੇ ਪਿੰਡ ਵਾਲਿਆਂ ਨੂੰ ਕੱਠੇ ਕਰਕੇ ਕਿਹਾ, ਮੈਂ ਬੱਚਿਆਂ ਨੂੰ ਗੁਰਮੁਖੀ ਪੜ੍ਹਾਵਾਂਗਾ, ਪਰਸ਼ਾਦੇ ਨਗਰ ਵਿੱਚੋਂ ਮੇਰਾ ਚੇਲਾ ਲੈ ਆਇਆ ਕਰੇਗਾ। ਹੋਰ ਕਿਸੇ ਚੀਜ਼ ਦੀ ਸਾਨੂੰ ਇਛਿਆ ਨਹੀਂ।"

'ਨਸ਼ਿਆਂ ਸੰਬੰਧੀ ਬਜ਼ੁਰਗਾਂ ਦੀ ਕੀ ਧਾਰਨਾ ਸੀ?'

"ਮੇਰੇ ਵਾਸਤੇ ਪਿਤਾ ਦਾ ਉਪਦੇਸ਼ ਸੀ, "ਵੇਖ, ਇਕ ਗੱਲ ਯਾਦ ਰੱਖੀਂ, ਹਰ ਕਿਸਮ ਦੇ ਨਸ਼ਿਆਂ ਤੋਂ ਬਚਿਆ ਰਹੀਂ। ਨਸ਼ਾ ਅਜਿਹਾ ਰੋਗ ਹੈ ਜੋ ਆਦਮੀ ਆਪ ਲਾ ਲੈਂਦਾ ਹੈ ਤੇ ਫਿਰ ਇਹ ਸਿਰ ਦੇ ਨਾਲ ਹੀ ਜਾਂਦਾ ਹੈ।"

'ਉਸ ਸਮੇਂ ਵਿਆਹ-ਸ਼ਾਦੀਆਂ ਸੰਬੰਧੀ ਵਹਿਮ-ਵਿਚਾਰ ਕਿਹੋ ਜਿਹੇ ਸਨ?'

"ਜੇ ਕਿਸੇ ਨੇ ਦੂਰ ਢੁਕਣਾ ਹੋਵੇ ਤਾਂ ਨੀਂਗਰ ਚੰਦ ਦੀ ਨ੍ਹਾਈ-ਧੋਈ ਦੀਆਂ ਸਾਰੀਆਂ ਰਸਮਾਂ ਪਹਿਲੀ ਸ਼ਾਮ ਨੂੰ ਹੀ ਹੋ ਜਾਣੀਆਂ, ਵਾਗ ਗੁੰਦਾਈ ਪਿੱਛੋਂ ਲਾੜੇ ਨੂੰ ਵਾਪਸ ਘਰ ਨਾ ਲਿਆਉਣਾ, ਸਗੋਂ ਬਾਹਰ ਸੱਥ ਵਿਚ ਜਾਂ ਗੁਰਦੁਆਰੇ ਹੀ ਰਾਤ ਰੱਖਣਾ। ਅਰਥ ਇਹ ਸਮਝਿਆ ਜਾਂਦਾ ਸੀ ਕਿ ਵਿਦਾਇਗੀ ਪਿੱਛੋਂ ਉਹ ਡੋਲੀ ਲੈ ਕੇ ਹੀ ਘਰ ਪਰਤੇ। ਇਕੱਲੇ ਦਾ ਘਰ ਮੁੜਨਾ ਮਾੜਾ ਸ਼ਗਨ ਸਮਝਿਆ ਜਾਂਦਾ ਸੀ। ਇਸੇ ਤਰ੍ਹਾਂ ਜੇ ਦਰਿਆਉਂ ਪਾਰ ਢੁਕਣਾ ਹੋਵੇ ਤਾਂ ਵਹਿਮ ਸੀ ਕਿ ਨ੍ਹਾਈ ਧੋਈ ਕਰਕੇ ਦਰਿਆ ਉੱਪਰ ਦੀ ਨਹੀਂ ਲੰਘਣਾ ਅਤੇ ਉਸ ਸਮੇਂ ਪਤਨੀ ਆਪਣੇ ਪਤੀ ਕੋਲੋਂ ਘੁੰਡ ਕੱਢਦੀ ਸੀ।"

'ਉਸ ਸਮੇਂ ਕੋਈ ਆਪਣੀ ਪਤਨੀ ਦਾ ਨਾਮ ਨਹੀਂ ਸੀ ਲੈਂਦਾ ਪਰ ਕੀ ਕਹਿ ਕੇ ਬੁਲਾਉਂਦੇ ਸਨ?'

"ਮਾਲਕ ਨੇ ਘਰ ਦੀ ਨੂੰ ਵਾਜ ਮਾਰਨੀ ਤਾਂ "ਉ ਬੋਲੀਏ!" ਜਾਂ "ਕਮਲੀਏ" ਕਹਿ ਕੇ

ਬੁਲਾਉਣਾ। ਘਰ ਬਾਲ ਹੋ ਜਾਣ ਤੋਂ ਪਿੱਛੋਂ ਫਲਾਨੇ ਦੀ ਮਾਂ ਕਹਿ ਕੇ ਬੁਲਾਉਣ ਦੀ ਸਹੂਲਤ ਮਿਲ ਜਾਣੀ।"

(ਸੀਤਲ ਜੀ ਨੇ ਲਿਖਿਆ ਕਿ ਮੈਂ ਇਹ ਭਰਮ ਤੋੜਿਆ ਤੇ ਆਪਣੀ ਪਤਨੀ ਦਾ ਨਾਉਂ 'ਕਰਤਾਰ ਕੌਰ' ਕਹਿ ਕੇ ਬੁਲਾਉਣ ਲੱਗ ਪਿਆ, ਇਸ ਦੀ ਕਬੀਲੇ ਵਿਚ ਚਰਚਾ ਹੋਈ ਕਿ ਸੀਤਲ ਆਪਣੀ ਪਤਨੀ ਦਾ ਨਾਮ ਲੈ ਕੇ ਬੁਲਾਉਂਦਾ ਹੈ)

'ਉਸ ਸਮੇਂ ਰਾਸਧਾਰੀਏ ਪਿੰਡਾਂ ਵਿਚ ਕੀ ਗਾਉਂਦੇ ਸਨ?'

"ਰਾਸਧਾਰੀਏ ਪੂਰਨ ਭਗਤ, ਰਾਜਾ ਹਰੀ ਚੰਦ ਆਦਿ ਦੇ ਖੁੱਲ੍ਹੇ ਨਾਟਕ ਕਰਦੇ ਸਨ। ਉਨ੍ਹਾਂ ਵਿਚ ਇਕ ਰਬਾਬੀਆਂ ਦਾ ਲੜਕਾ ਸੀ। ਆਪਣੀ ਵਾਰੀ ਸਮੇਂ ਉਹ ਬਹੁਤੇ ਗੁਰਬਾਣੀ ਦੇ ਸ਼ਬਦ ਕਿਹਾ ਕਰਦਾ ਸੀ। ਭਿੰਨੀ ਰਾਤ ਉਹਦੀ ਵਾਜ ਸਾਰੇ ਪਿੰਡ ਵਿਚ ਸੁਣੀਂਦੀ ਸੀ। ਉਹ ਸਾਰੀ ਮੰਡਲੀ ਦੀ ਜਾਨ ਸੀ।"

'ਜਦ ਇਕ ਆਪਣੇ ਸਰੀਰ ਦੀ ਪੂਜਾ ਕਰਵਾਉਣ ਵਾਲਾ ਮਹਾਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪਲੰਘ ਉੱਤੇ ਚੌਕੜੀ ਮਾਰ ਬੈਠਾ ਤਾਂ ਸੀਤਲ ਜੀ ਨੇ ਵਿਰੋਧ ਕੀਤਾ ਪਰ ਅਗਿਆਨੀ ਸ਼ਰਧਾਲੂਆਂ ਦਾ ਕੀ ਤਰਕ ਸੀ?'

"ਉਹ ਸਾਡੇ ਗੁਰੂ ਹਨ। ਜਿਥੇ ਸਾਡੀ ਮਰਜੀ ਏ ਬਿਠਾਵਾਂਗੇ।" ਸੀਤਲ ਜੀ ਨੇ ਲਿਖਿਆ, "ਮੇਰਾ ਗੁੱਸਾ ਹੋਰ ਬੇਕਾਬੂ ਹੋ ਗਿਆ, ਮੈਂ ਜ਼ਰਾ ਉੱਚੀ ਸੁਰ ਵਿਚ ਕਿਹਾ ਤਾਂ ਅਸੀਂ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹਾਂ। ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲਾ ਕੇ ਬੈਠੇ, ਅਸੀਂ ਉਠਾਉਣਾ ਵੀ ਜਾਣਦੇ ਹਾਂ।"

'ਜਦ ਸੀਤਲ ਜੀ ਨੇ ਸੌ ਸਫ਼ੇ ਦੀ ਪੁਸਤਕ 'ਸੀਤਲ ਕਿਰਣਾਂ' ਛਾਪਣ ਲਈ ਤਿਆਰ ਕੀਤੀ ਤਾਂ ਉਸ ਸਮੇਂ ਪ੍ਰਕਾਸ਼ਕਾਂ ਦਾ ਨਜ਼ਰੀਆ ਕੀ ਸੀ?'

"ਮੈਂ ਅੰਮ੍ਰਿਤਸਰ ਦੇ ਸਾਰੇ ਦੁਕਾਨਦਾਰਾਂ ਪਾਸ ਫਿਰਿਆ ਤੇ ਏਥੋਂ ਤਕ ਕਿਹਾ ਕਿ ਮੁਫ਼ਤੋ-ਮੁਫ਼ਤ ਛਾਪ ਲਵੋ, ਸਦਾ ਵਾਸਤੇ ਕਾਪੀ ਰਾਈਟ ਤੁਹਾਡਾ। ਮੈਨੂੰ ਏਨੀ ਖੁਸ਼ੀ ਹੀ ਬੜੀ ਹੈ, ਲੋਕ ਕਹਿਣਗੇ ਇਸ ਬੰਦੇ ਦੀ ਇਕ ਕਿਤਾਬ ਵੀ ਛਪੀ ਹੋਈ ਹੈ। ਪਰ ਉਸ ਸਮੇਂ ਮੁਫ਼ਤੋ-ਮੁਫ਼ਤ ਛਾਪਣ ਵਾਸਤੇ ਵੀ ਕੋਈ ਤਿਆਰ ਨਾ ਹੋਇਆ।" (ਸੀਤਲ ਜੀ ਨੇ ਲਿਖਿਆ ਕਿ ਏਹੋ ਕਿਤਾਬ ਹੁਣ ਤਕ ਡੇਢ ਲੱਖ ਤੋਂ ਵੱਧ ਵਿਕੀ ਹੈ)

'ਜਦ ਪਾਕਿਸਤਨ ਦੀ ਵੰਡ ਸਮੇਂ ਸੀਤਲ ਜੀ ਦਾ ਜੱਦੀ ਪਿੰਡ (ਕਾਦੀਵਿੰਡ) ਪਾਕਿਸਤਾਨ ਵਿਚ ਆ ਗਿਆ ਤਾਂ ਮੁਸਲਮਾਨ ਭਰਾਵਾਂ ਨੇ ਬਹੁਤ ਵੈਰਾਗ ਕੀਤਾ। ਸੀਤਲ ਜੀ ਦੀ ਕੀ ਸੋਚ ਸੀ?'

"ਮੈਂ ਉਸ ਵੇਲੇ ਸੋਚ ਰਿਹਾ ਸਾਂ, ਜਿਹੜੀ ਇਨਸਾਨੀਅਤ ਸਧਾਰਨ ਮਨੁੱਖਾਂ ਵਿਚ ਹੈ, ਓਹਾ ਕਿਤੇ ਨੀਤੀਵਾਨਾਂ ਵਿਚ ਵੀ ਹੁੰਦੀ, ਤਾਂ ਇਹ ਮੁਲਕ ਟੁਕੜੇ ਨਾ ਹੁੰਦਾ। ਨੀਤੀਵਾਨਾਂ ਦੀ ਤੰਗਦਿਲੀ ਨੇ ਮੁਲਕ ਦੀ ਖ਼ੂਬਸੂਰਤੀ ਮਾਰ ਦਿੱਤੀ ਹੈ।"

'ਗਿਆਨ ਪੱਖੋਂ ਸੀਤਲ ਜੀ ਨੇ ਜੀਵਨ ਦਾ ਤੱਤਸਾਰ ਕੀ ਦਿੱਤਾ ਹੈ?'

"ਉਮਰ ਭਰ ਦੇ ਤਜ਼ਰਬੇ ਨੇ ਮੈਨੂੰ ਇਹ ਸਿਖਾਇਆ ਕਿ ਜਦ ਮੈਂ ਬਹੁਤ ਥੋੜ੍ਹਾ ਜਾਣਦਾ ਸਾਂ, ਤਾਂ ਮੈਂ ਸਮਝਦਾ ਸਾਂ ਮੈਂ ਬਹੁਤ ਵਿਦਵਾਨ ਹਾਂ। ਪਰ ਹੁਣ ਬਹੁਤ ਕੁਛ ਜਾਨਣ ਦੇ ਬਾਅਦ ਮੈਨੂੰ ਗਿਆਨ ਹੋਇਆ ਹੈ ਕਿ ਮੈਂ ਬਹੁਤ ਥੋੜ੍ਹਾ ਜਾਣਦਾ ਹਾਂ ਤੇ ਐਸਾ ਭੁਲੇਖਾ ਹੀ ਮਨੁੱਖ ਦੀ ਸਭ ਤੋਂ ਵੱਡੀ ਅਗਿਆਨਤਾ ਹੈ।" ■

ਸੀਤਲ ਜੀ ਦੇ ਢਾਡੀ ਪ੍ਰਸੰਗਾਂ ਵਿਚ ਪੰਜਾਬ-ਪਿਆਰ

-ਸ. ਦਾਨ ਸਿੰਘ ਕੋਮਲ

ਗਿਆਨੀ ਸੋਹਣ ਸਿੰਘ ਜੀ ਸੀਤਲ ਨੇ ਆਪਣੇ ਬਹੁਪੱਖੀ ਗੁਣਾਂ ਕਰਕੇ ਨਾਮਣਾ ਖੱਟਿਆ ਹੈ। ਸੀਤਲ ਜੀ ਨੇ ਢਾਡੀ ਜਥਾ ਇਸ ਲਈ ਬਣਾਇਆ ਕਿਉਂਕਿ ਉਨ੍ਹਾਂ ਦੀ ਗੁਰਦੁਆਰਾ ਸੁਧਾਰ ਲਹਿਰ ਅਤੇ ਸਿੱਖ ਇਤਿਹਾਸ ਵਿਚ ਰੁਚੀ ਸੀ। ਉਹ ਲਾਸਾਨੀ ਸਿੱਖ ਇਤਿਹਾਸ ਨੂੰ ਇਸ ਦੇ ਸਹੀ ਸੱਚੇ ਰੂਪ ਵਿਚ ਸੰਗਤਾਂ ਤਕ ਪਹੁੰਚਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਖੁਦ ਬਹੁਤ ਹੀ ਚੰਗੇ ਢਾਡੀ-ਪ੍ਰਸੰਗ ਲਿਖੇ। ੧੯੩੫-੩੬ ਈ. ਵਿਚ ਲਗਾਤਾਰ ਹਰ ਮੱਸਿਆ 'ਤੇ ਤਰਨਤਾਰਨ ਸਾਹਿਬ ਵਿਖੇ ਸਿੱਖ ਸੰਗਤਾਂ ਉਨ੍ਹਾਂ ਦੇ ਜਥੇ ਨੂੰ ਭਰਪੂਰ ਉਤਸ਼ਾਹ ਤੇ ਚਾਅ ਨਾਲ ਸੁਣਦੀਆਂ ਰਹੀਆਂ। ਸੀਤਲ ਜੀ ਦਾ ਜਥਾ ਸੰਗਤਾਂ ਨੂੰ ਨਿਹਾਲ ਕਰਦਾ ਰਿਹਾ। ਸੀਤਲ ਜੀ ਦੇ ਜਥੇ ਦੀ ਸ਼ੋਭਾ ਤਾਂ ਬਾਬਾ ਕਿਸ਼ਨ ਸਿੰਘ ਕੜਤੋੜ ਵੀ ਕਰਨੋਂ ਨਾ ਰਹਿ ਸਕੇ ਜੋ ਖ਼ੁਦ ਉਸ ਸਮੇਂ ਦੇ ਬੜੇ ਮਕਬੂਲ ਢਾਡੀ ਸਨ। ਇਥੇ ਸੀਤਲ ਜੀ ਦੇ ਲਿਖੇ ਅਨੇਕਾਂ ਬਹੁਪੱਖੀ ਪ੍ਰਸੰਗਾਂ 'ਚੋਂ ਕੇਵਲ ਕੁਝ ਇਕ ਦੋ ਚੋਣਵੇਂ ਅੰਸ਼ ਸੀਤਲ ਜੀ ਦੇ ਪੰਜਾਬ ਪ੍ਰੇਮ ਦੇ ਪ੍ਰਗਟਾਵੇ ਦੇ ਤੌਰ 'ਤੇ ਪੇਸ਼ ਕੀਤੇ ਜਾ ਰਹੇ ਹਨ।

ਅਤਿਅੰਤ ਸੰਖੇਪ ਤੇ ਤਤਸਾਰੀ ਸ਼ੈਲੀ ਵਿਚ ਸੀਤਲ ਜੀ ਪੰਜਾਬ ਦੇ ਅਧਿਆਤਮਕ ਜਾਂ ਰੂਹਾਨੀ ਵਿਰਸੇ ਦੀ ਗੱਲ ਕਰਦਿਆਂ ਸਿੱਖ ਪੰਥ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਖਾਲਸੇ ਦੇ ਸਿਰਜਕ ਦਸਮੇਸ਼ ਪਿਤਾ ਤੇ ਉਨ੍ਹਾਂ ਦੇ ਲਾਲਾਂ ਦੀ ਅਦੁੱਤੀ ਕੁਰਬਾਨੀ ਅੱਗੇ ਸੀਸ ਝੁਕਾਉਂਦਿਆਂ ਖਾਲਸਾ ਰਾਜ ਦੇ ਮੋਢੀ ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਦੇ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦੀ ਇਤਿਹਾਸਕ ਦੇਣ ਦਾ ਉਲੇਖ ਕਰਦਿਆਂ ਲਿਖਦੇ ਹਨ:

ਇਹ ਧਰਤੀ ਦੇਸ਼ ਪੰਜਾਬ ਦੀ, ਇਹ ਯੋਧਿਆਂ ਦਾ ਅਸਥਾਨ
ਏਥੇ ਪੀਰ ਪੈਗੰਬਰ ਔਲੀਏ, ਕਈ ਹੋਏ ਬਲੀ ਮਹਾਨ।
ਏਥੇ ਸਤਿਗੁਰ ਨਾਨਕ ਪ੍ਰਗਟੇ, ਪਏ ਦਿਉਤੇ ਸੀਸ ਝੁਕਾਨ।
ਗੁਰ ਪੰਜਵੇਂ ਘਾਲਾਂ ਘਾਲੀਆਂ, ਜੋ ਤਪੀਆਂ ਦੇ ਸੁਲਤਾਨ।
ਏਥੇ ਲਾਲ ਗੁਰੂ ਦਸਮੇਸ਼ ਦੇ, ਗਏ ਵਾਰ ਧਰਮ ਤੋਂ ਜਾਨ।
ਗੁਰ ਪੰਥ ਖਾਲਸਾ ਸਾਜ ਕੇ, ਫਿਰ ਮਰੀ ਜਿਵਾਈ ਆਨ।
ਏਥੇ ਨਲੂਏ ਤੇ ਰਣਜੀਤ ਦੀ, ਜਦ ਚਮਕੀ ਸੀ ਕਿਰਪਾਨ।
ਤਾਂ ਖ਼ੁਸ਼ੀ ਹੋਈ ਪੰਜਾਬ ਦੀ, ਵਿਚ ਦੁਨੀਆਂ ਚਮਕੀ ਸ਼ਾਨ।
ਪਰ ਘਾਲ ਬਲੀ ਰਣਜੀਤ ਦੀ, ਨਾ ਸਾਂਭ ਸਕੀ ਸੰਤਾਨ।
ਜਿਉਂ ਗਿਆ ਸੀ ਰਾਜ ਪੰਜਾਬ ਦਾ, ਪੜ੍ਹ ਸੀਤਲ ਦਿਲ ਪਛਤਾਨ

ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ 'ਤੇ ਪਿਛਲੇ ਤਿੰਨ ਹਮਲੇ ਸਿੱਖਾਂ ਨੂੰ ਖ਼ਤਮ ਕਰਨ ਲਈ ਕੀਤੇ। ਉਸ ਦੇ ਪੰਜਵੇਂ ਹਮਲੇ ਸਮੇਂ ਸਿੱਖਾਂ ਨੇ ਉਸ ਦੇ ਵਾਪਸ ਮੁੜਨ ਸਮੇਂ ਉਸ ਦਾ ਬੜਾ ਨੁਕਸਾਨ ਕੀਤਾ ਸੀ। ਸਿੱਖਾਂ ਦੀਆਂ ਜਿੱਤਾਂ ਤੋਂ ਵੀ ਉਹ ਬੜਾ ਦੁਖੀ ਸੀ। ਇਸ ਲਈ

ਅਬਦਾਲੀ ਨੇ ਸਿੱਖਾਂ 'ਤੇ ਗੁੱਸਾ ਕੱਢਣ ਲਈ ੧੭੬੨ ਈ. ਵਿਚ ਪੰਜਾਬ 'ਤੇ ਬੜਾ ਕਹਿਰੀ ਹਮਲਾ ਕੀਤਾ।

ਲਾਹੌਰ 'ਤੇ ਕਬਜ਼ਾ ਕਰ ਕੇ ਉਹ ਅੰਮ੍ਰਿਤਸਰ ਵੱਲ ਵਧਿਆ, ਸਿੱਖ ਸਰਹਿੰਦ ਵੱਲ ਹੁੰਦੇ ਹੋਏ, ਮਲੇਰਕੋਟਲੇ ਦੇ ਨੇੜੇ ਕੁੱਪਰੋਹੀੜੇ ਚਲੇ ਗਏ। ਉਸ ਨੇ ਪਤਾ ਨਾ ਲੱਗਣ ਦਿੱਤਾ ਤੇ ਬੇਖ਼ਬਰੇ ਹੀ ਸਿੱਖਾਂ ਨੂੰ ਆ ਘੇਰਿਆ। ਜਥੇਦਾਰਾਂ ਨੇ ਇਸਤਰੀਆਂ ਤੇ ਬੱਚਿਆਂ ਨੂੰ ਘੇਰੇ ਵਿਚ ਲੈ ਕੇ ਖ਼ੂਬ ਡੱਟ ਕੇ ਮੁਕਾਬਲਾ ਕੀਤਾ, ਪਰ ਚੁਫੇਰਿਓਂ ਘਿਰੇ ਹੋਣ ਕਰਕੇ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। ਸਿੱਖਾਂ ਦੀ ਲੱਗਭਗ ਅੱਧੀ ਕੌਮ ਹੀ ਖ਼ਤਮ ਹੋ ਗਈ। ਇਸ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਕਿਹਾ ਜਾਂਦਾ ਹੈ।

ਉਸ ਤੋਂ ਬਾਅਦ ਅਬਦਾਲੀ ਲਾਹੌਰ ਆਇਆ ਤੇ ਸਿੱਖ ਕੌਮ ਨੂੰ ਮਾਰ-ਮੁਕਾਉਣ ਦੇ ਬੁਰੇ ਇਰਾਦੇ ਰੱਖਦਿਆਂ ਉਸ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਅੱਗੋਂ ਚੰਗੀ ਕੱਟ-ਵੱਢ ਕੀਤੀ ਤੇ ਉਹਦਾ ਨੱਕ ਵਿਚ ਦਮ ਕਰ ਦਿੱਤਾ। ਆਖ਼ਰ ਉਹ ਹਨੇਰੇ ਦੀ ਆੜ ਲੈ ਕੇ ਜਾਨ ਬਚਾ ਕੇ ਲਾਹੌਰ ਚਲਾ ਗਿਆ।

ਸੀਤਲ ਜੀ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਸਿੱਖ ਯੋਧਿਆਂ ਦੁਆਰਾ ਅਫ਼ਗਾਨ ਹਮਲਾਵਰਾਂ ਨਾਲ ਲੋਹਾ ਲੈਣ ਦਾ ਵਰਣਨ ਕਰਦਿਆਂ ਉਨ੍ਹਾਂ ਨੂੰ ਪੰਜਾਬ ਦੇ ਸੂਰਬੀਰ ਸਪੂਤਾਂ ਵਜੋਂ ਬਿਲਕੁਲ ਸਹੀ ਸੰਦਰਭ ਵਿਚ ਪੇਸ਼ ਕੀਤਾ ਹੈ:

ਸਾਨੂੰ ਕਲਗੀਧਰ ਨੇ ਸਾਜਿਆ, ਵਿਚ ਸਿਦਕ ਕੁਠਾਲੀ।
ਪੰਜ ਤਨ ਨਹੀਂ, ਧਾਤਾਂ ਢਾਲ ਕੇ, ਇਹ ਦੇਹੀ ਢਾਲੀ।
ਫਿਰ ਗੁੜ੍ਹਤੀ ਖੰਡੇਧਾਰ ਦੀ, ਉਸ ਆਪ ਪਿਆਲੀ...
ਅਸੀਂ ਮੌਤ ਨਾ ਭੁੱਖੀ ਮੋੜੀਏ, ਬਣ ਆਈ ਸਵਾਲੀ
ਇਉਂ ਕਹਿ ਕੇ ਚੋਟਾਂ ਮਾਰ ਕੇ, ਚੜ੍ਹ ਪਏ ਅਕਾਲੀ।
ਕਿਤੇ ਨਿਕਲ ਪੰਜਾਬੋਂ ਜਾਇ ਨਾ, ਸੁੱਕਾ ਅਬਦਾਲੀ।
ਉਹਨਾਂ ਰੱਖ ਵਿਖਾਈ 'ਸੀਤਲਾ', ਗੱਲ ਮਰਦਾਂ ਵਾਲੀ।

ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ ਦੁਨੀਆਂ ਵਿਚ ਅਜੇ ਤਕ ਆਪਣੀ ਆਦਰਸ਼ ਮਿਸਾਲ ਆਪ ਹੈ। ਪਰ ਅਫ਼ਸੋਸ! ਮਹਾਰਾਜੇ ਦੇ ਰਾਜ-ਕਾਲ ਮਗਰੋਂ ਤੇਜ਼ੀ ਨਾਲ ਬਦਲਦੇ ਹਾਲਾਤਾਂ ਅੰਦਰ ਇਸ ਨੂੰ ਚਿਰਕਾਲ ਤਕ ਕਾਇਮ ਰੱਖਣਾ ਮੁਮਕਿਨ ਨਾ ਹੋ ਸਕਿਆ। ਇਹ ਉਹ ਦੁੱਖ ਹੈ ਜਿਸ ਨੂੰ ਨਾ ਕੇਵਲ ਸਿੱਖ ਮਾਨਸਿਕਤਾ ਹੀ ਸ਼ਿੱਦਤ ਨਾਲ ਮਹਿਸੂਸਦੀ ਹੈ ਬਲਕਿ ਹਰੇਕ ਪੰਜਾਬੀ ਲੋਕ-ਮਨ ਵੀ ਇਸ ਦੀ ਕਸਕ ਮਹਿਸੂਸਦਾ ਹੈ। ਸ਼ਾਹ ਮੁਹੰਮਦ ਜਿੱਥੇ ਲਹੂ ਦੇ ਹੰਝੂ ਰੋਂਦਾ ਸੁਣੀਂਦਾ ਹੈ ਉਥੇ ਪੰਥ-ਪਿਆਰ ਤੇ ਪੰਜਾਬ-ਪਿਆਰ ਦੇ ਭਾਵਾਂ ਜਜ਼ਬਿਆਂ 'ਚ ਗੜੂੰਦ ਸੀਤਲ ਹੋਰਾਂ ਨੇ ਵਾਰਤਕ ਅਤੇ ਕਵਿਤਾ ਦੋਨਾਂ ਵਿਚ ਇਸ ਸੰਵੇਦਨਾ ਨੂੰ ਤਿੱਖੀ ਪੀੜਾ ਤੇ ਕਸਕ ਨਾਲ ਬਿਆਨ ਕੀਤਾ। ਵਾਸਤਵ ਵਿਚ ਇਹ ਪੀੜਾ ਸਮੂਹ ਪੰਜਾਬੀਆਂ ਦੀ ਹੈ। ਸੀਤਲ ਜੀ ਲਿਖਦੇ ਹਨ:

ਕਿਹਾ ਸ਼ੇਰਿ-ਪੰਜਾਬ ਨੇ ਅੰਤ ਵੇਲੇ,
ਨੇੜੇ ਹੋਇ ਕੇ ਸੁਣੀਂ ਧਿਆਨ ਸਿੰਘਾ!
ਸੁਖਨ ਅੰਤ ਦੇ ਗਿਆਂ ਦੀ ਯਾਦ ਵਾਂਗੂੰ,

ਯਾਦ ਰੱਖਣੇ ਮੇਰੇ ਫ਼ੁਰਮਾਨ ਸਿੰਘਾ!
ਮੇਰੇ ਖੜਕ ਸਿੰਘ ਨੂੰ ਮੇਰਾ ਰੂਪ ਸਮਝੀਂ
ਇਹਦੇ ਹੁਕਮ ਵਿਚ ਸੀਸ ਝੁਕਾਈ ਰੱਖੀਂ।
ਇਹਨੂੰ ਮਾਲਿਕ ਪੰਜਾਬ ਦਾ ਸਮਝਿਆ ਮੈਂ,
ਵਫ਼ਾਦਾਰ ਬਣ ਭਾਰ ਵੰਡਾਈ ਰੱਖੀਂ।
ਛੇ ਸੌ ਸਾਲ ਪਿੱਛੋਂ, ਫਿਰ ਪੰਜਾਬ ਅੰਦਰ,
ਮੈਂ ਲਿਆਂਦਾ ਏ ਰਾਜ ਪੰਜਾਬੀਆਂ ਦਾ।
'ਸੀਤਲ' ਕਿਸੇ ਖ਼ੁਦਗਰਜ਼ੀ ਦੇ ਵਿਚ ਪਾਂ ਕੇ,
ਦੇਵੀਂ ਬੰਨ੍ਹ ਨਾ ਮੁੱਢ ਖਰਾਬੀਆਂ ਦਾ।
ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ,
ਬੈਠ ਰਿਹੈਂ, ਕੀ ਚਿੱਤ ਵਿਚ ਧਾਰ ਸਿੰਘਾ?
ਦੋਵੇਂ ਜੰਗ 'ਮੁਦਕੀ', 'ਫੇਰੂ' ਸ਼ਹਿਰ ਵਾਲੇ,
ਸਿੰਘ ਆਏ ਅੰਗਰੇਜ਼ਾਂ ਤੋਂ ਹਾਰ ਸਿੰਘਾ!
ਦੇਸ਼-ਧਰੋਹੀ ਵਜ਼ੀਰ ਜਰਨੈਲ ਰਲ ਕੇ,
ਵੇਖ ਕੌਮ ਦਾ ਮੁੱਲ ਕੀ ਪਾ ਰਹੇ ਨੇ!
ਚਾਈਂ-ਚਾਈਂ ਗ਼ੁਲਾਮੀ ਦੀਆਂ ਬੇੜੀਆਂ ਪਾ,
ਉਹ ਪੰਜਾਬ ਦੀ ਅਣਖ ਮਿਟਾ ਰਹੇ ਨੇ।
ਅੱਜ ਸਮਾਂ ਹੈ ਈ, ਵਕਤ ਸੰਭਾਲ ਸਿੰਘਾ,
ਰੁੜ੍ਹੀ ਜਾਂਦੀ ਪੰਜਾਬ ਦੀ ਸ਼ਾਨ ਰੱਖ ਲੈ।
ਲਹਿੰਦੀ ਦਿੱਸੇ ਰਣਜੀਤ ਦੀ ਪੱਗ ਮੈਨੂੰ,
ਮੋਏ ਮਿੱਤਰ ਦੀ ਯੋਧਿਆ ਆਨ ਰੱਖ ਲੈ।
ਚਿੱਠੀ ਪੜ੍ਹੀ ਤਾਂ ਦਿਲ 'ਚ ਭੁਚਾਲ ਉੱਠਿਆ,
ਲੈ ਕੇ ਹੱਥ ਵਿਚ ਨੰਗੀ ਤਲਵਾਰ ਉੱਠਿਆ।
ਸੌਂਦੇ ਜਾਂਦੇ ਪੰਜਾਬ ਦੇ ਭਾਗ ਤਾਈਂ,
ਟੁੰਬਣ ਵਾਸਤੇ ਸ਼ੇਰ ਲਲਕਾਰ ਉੱਠਿਆ।
ਜਿਹੜੇ ਕੌਮੀ ਗ਼ਦਾਰਾਂ ਨੇ ਦਾਗ ਲਾਏ,
ਧੋ ਕੇ ਖ਼ੂਨ ਦੇ ਨਾਲ ਮਿਟਾਣ ਚੱਲਿਆਂ,
ਪਿੱਛੋਂ ਹੋਊ ਜੋ, ਵੇਖੇਗਾ ਜੱਗ ਸਾਰਾ,
ਮੈਂ ਤਾਂ ਆਪਣੀ ਤੋੜ ਨਿਭਾਉਣ ਚੱਲਿਆਂ।
ਨਾ ਮੈਂ ਹੋਵਾਂਗਾ, ਨਾ ਇਹ ਪੰਜਾਬ ਹੋਸੀ,
ਐਪਰ ਦਿਲਾਂ ਵਿਚ ਦੋਹਾਂ ਦੀ ਯਾਦ ਰਹਿਸੀ।
'ਸੀਤਲ' ਸੂਰਜ ਕੁਰਬਾਨੀ ਦਾ ਚਮਕਦਾ ਰਹੂ,
ਜਦੋਂ ਤੀਕ ਇਹ ਦੇਸ਼ ਆਜ਼ਾਦ ਰਹਿਸੀ। ■

ਮਾਂ-ਪੁੱਤ ਦਾ ਮਿਲਾਪ

-ਗਿ. ਸੋਹਣ ਸਿੰਘ ਸੀਤਲ

(ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਅੰਗਰੇਜ਼ਾਂ ਨੇ ਆਪਣੀਆਂ ਕੋਝੀਆਂ ਚਾਲਾਂ ਨਾਲ ਮਹਾਰਾਣੀ ਜਿੰਦ ਕੌਰ (ਜਿੰਦਾਂ) ਨੂੰ ਦੇਸ਼-ਨਿਕਾਲਾ ਦੇ ਦਿੱਤਾ। ਉਸ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਜੋ ਉਸ ਸਮੇਂ ਅਜੇ ਬੱਚਾ ਹੀ ਸੀ, ਨੂੰ ਧੋਖੇ ਨਾਲ ਵਰਗਲਾ ਕੇ ਈਸਾਈ ਬਣਾ ਲਿਆ ਗਿਆ ਅਤੇ ਕੇਸ ਕਤਲ ਕਰਵਾ ਕੇ ਇੰਗਲੈਂਡ ਲੈ ਗਏ। ਦਸੰਬਰ ੧੮੬੦ ਵਿਚ ਮਹਾਰਾਜਾ ਦਲੀਪ ਸਿੰਘ ਜਦ ਹਿੰਦੋਸਤਾਨ ਆ ਕੇ ਮਹਾਰਾਣੀ ਜਿੰਦਾਂ ਨੂੰ ਮਿਲਿਆ ਤਾਂ ਸਿਰ 'ਤੇ ਕੇਸ ਨਾ ਦੇਖ ਕੇ ਅੰਨ੍ਹੀ ਮਾਂ ਦਾ ਸੀਨਾ ਫਟ ਗਿਆ। ਮਾਂ-ਪੁੱਤ ਦੀ ਇਸ ਮਿਲਣੀ ਨੂੰ 'ਸੀਤਲ' ਜੀ ਨੇ ਬੜੀ ਸ਼ਿੱਦਤ ਅਤੇ ਭਾਵੁਕਤਾ ਸਹਿਤ ਕਲਮਬੰਦ ਕੀਤਾ ਹੈ। —ਸੰਪਾਦਕ)

ਮਹਾਰਾਜਾ ਦਲੀਪ ਸਿੰਘ ਦਾ ਹਿੰਦ ਨੂੰ ਜਾਣਾ

ਦਸੰਬਰ, ੧੮੬੦ ਵਿਚ ਮਹਾਰਾਜੇ ਨੇ ਹਿੰਦੁਸਤਾਨ ਨੂੰ ਜਾਣ ਦਾ ਬੰਦੋ-ਬਸਤ ਕਰ ਲਿਆ। ਜਾਣ ਦੇ ਦੋ ਕਾਰਨ ਸਨ, ਇਕ ਸ਼ੇਰ ਦਾ ਸ਼ਿਕਾਰ ਕਰਨਾ ਤੇ ਦੂਜਾ, ਮਹਾਰਾਣੀ ਦਾ ਸਰਕਾਰੀ ਇਲਾਕੇ ਵਿਚ ਰਹਿਣ ਦਾ ਪ੍ਰਬੰਧ ਕਰਨਾ। ਇਸ ਵੇਲੇ ਮਹਾਰਾਜਾ ਆਪਣੀ ਮਾਂ ਨੂੰ ਮਿਲਣ ਵਾਸਤੇ ਬਿਹਬਲ ਹੋਇਆ-ਹੋਇਆ ਸੀ। ਉਹ ਪੰਜਾਬ ਵਿਚ ਜਾ ਕੇ ਆਪਣੀ ਜਨਮ-ਭੂਮੀ ਲਾਹੌਰ ਅਤੇ ਗੁਰੂ ਰਾਮਦਾਸ ਜੀ ਦਾ ਪਵਿੱਤਰ ਧਰਮ ਅਸਥਾਨ-ਸ੍ਰੀ ਅੰਮ੍ਰਿਤਸਰ ਵੀ ਵੇਖਣਾ ਚਾਹੁੰਦਾ ਸੀ, ਜਿਨ੍ਹਾਂ ਦਾ ਜ਼ਿਕਰ ਉਹ ਕਿਤਾਬਾਂ ਵਿਚ ਪੜ੍ਹਦਾ ਸੀ।

ਗਵਰਨਰ-ਜਨਰਲ ਦੀ ਚਿੱਠੀ ਪੁੱਜੀ, "ਮਹਾਰਾਜਾ ਹਿੰਦੁਸਤਾਨ ਆ ਸਕਦਾ ਹੈ ਪਰ ਪੰਜਾਬ ਵਿਚ ਨਹੀਂ ਜਾ ਸਕਦਾ। ਉਹ ਆਪਣੀ ਮਾਂ ਨੂੰ ਵੀ ਮਿਲ ਸਕਦਾ ਹੈ। ਉਹ ਅੰਨ੍ਹੀ ਹੋ ਚੁੱਕੀ ਹੈ।"

ਮਹਾਰਾਜਾ ਕਲਕੱਤੇ

ਮਹਾਰਾਜਾ ਜਨਵਰੀ ਦੇ ਅਖੀਰ (੧੮੬੧ ਈ.) ਵਿਚ ਕਲਕੱਤੇ ਪੁੱਜਾ। ਜਹਾਜ਼ੋਂ ਉਤਰਨ 'ਤੇ ੨੧ ਤੋਪਾਂ ਦੀ ਸਲਾਮੀ ਹੋਈ। ਕਲਕੱਤੇ ਵਿਚ ਉਹ ਸਪੈਨਸਿਜ਼ ਹੋਟਲ ਵਿਚ ਉਤਰਿਆ।

ਜਨਵਰੀ, ੧੮੬੧ ਨੂੰ ਲਾਗਨ ਨੇ ਆਪਣੇ ਨਾਂ ਦਾ ਇਕ ਹੋਰ ਮੁਖਤਾਰਨਾਮਾ ਬਣਾ ਕੇ ਮਹਾਰਾਜੇ ਦੀ ਸਹੀ ਵਾਸਤੇ ਕਲਕੱਤੇ ਭੇਜਿਆ, ਮਹਾਰਾਜੇ ਸਹੀ ਪਾ ਦਿੱਤੀ, ਪਰ ਗੌਰਮਿੰਟ ਨੇ ਇਹ ਨਾ-ਮਨਜ਼ੂਰ ਕਰ ਦਿੱਤਾ।

ਦਲੀਪ ਸਿੰਘ ਦਾ ਕਲਕੱਤੇ ਆਉਣਾ ਸੁਣ ਕੇ ਉਸ ਦੇ ਬਹੁਤ ਸਾਰੇ ਪੁਰਾਣੇ ਦੇਸੀ ਨੌਕਰ ਉਦਾਲੇ ਆ ਇਕੱਠੇ ਹੋਏ ਤੇ ਰੰਗ-ਰੰਗ ਦੇ ਸਵਾਲ ਪੁੱਛਣ ਲੱਗੇ। ਸ਼ਹਿਜ਼ਾਦਾ ਸ਼ਿਵਦੇਵ ਸਿੰਘ ਵੀ ਏਥੇ ਆ ਕੇ ਮਹਾਰਾਜੇ ਨੂੰ ਮਿਲਿਆ। ਦੋਵੇਂ ਚਾਚਾ ਭਤੀਜਾ ਚਿਰ ਪਿੱਛੋਂ ਵਿਛੜੇ ਮਿਲੇ।

ਜਿੰਦਾਂ ਤੇ ਜੰਗ-ਬਹਾਦਰ

ਮਹਾਰਾਣੀ ਜਿੰਦ ਕੌਰ ਨੂੰ ਨੇਪਾਲ ਦਰਬਾਰ ਨੇ ਆਸਰਾ ਦਿੱਤਾ ਤੇ ੨੦ ਹਜ਼ਾਰ ਰੁਪਏ ਸਾਲਾਨਾ ਪੈਨਸ਼ਨ ਲਾ ਦਿੱਤੀ ਸੀ। ਅਮਲੀ ਤੌਰ 'ਤੇ ਜਿੰਦਾਂ ਇਥੇ ਕੈਦਣ ਸੀ। ਹੁਣ ਨੇਪਾਲ ਦੇ ਰਾਣਾ ਜੰਗ ਬਹਾਦਰ ਨੂੰ ਜਿੰਦ ਕੌਰ ਦਾ ਏਥੇ ਰਹਿਣਾ ਭਾਰ ਪ੍ਰਤੀਤ ਹੋ ਰਿਹਾ ਸੀ। ਉਹ ਕਿਸੇ ਨਾ ਕਿਸੇ ਬਹਾਨੇ ਮਹਾਰਾਣੀ ਤੋਂ ਖਲਾਸੀ ਪਾਉਣੀ ਚਾਹੁੰਦਾ ਸੀ, ਤਾਂ ਕਿ ਉਸ ਨੂੰ ੨੦ ਹਜ਼ਾਰ ਸਾਲਾਨਾ ਦੇਣਾ ਨਾ ਪਵੇ। ਸੋ ਉਸ ਨੇ ਮਹਾਰਾਣੀ ਨੂੰ ਹੁਕਮ ਦਿੱਤਾ ਕਿ ਜੇ ਉਹ ਇਕ ਵਾਰ ਨੇਪਾਲ ਤੋਂ ਬਾਹਰ ਗਈ, ਤਾਂ ਮੁੜ ਕੇ ਏਥੇ ਆਸਰਾ ਨਹੀਂ ਦਿੱਤਾ ਜਾਵੇਗਾ।

ਦਲੀਪ ਸਿੰਘ ਨੇ ਕਲਕੱਤੇ ਆਉਂਦਿਆਂ ਹੀ ਆਪਣੀ ਮਾਤਾ ਨੂੰ ਲੈਣ ਵਾਸਤੇ ਆਦਮੀ ਭੇਜ ਦਿੱਤੇ। ਜਿਸ ਪੁੱਤਰ ਦੀ ਯਾਦ ਵਿਚ ਜਿੰਦ ਕੌਰ ਨੇ ਰੋ-ਰੋ ਕੇ ਅੱਖਾਂ ਦੀ ਜੋਤ ਵੀ ਗੁਆ ਲਈ ਸੀ (ਇਸ ਵੇਲੇ ਉਹ ਬਿਲਕੁਲ ਅੰਨ੍ਹੀ ਹੋ ਚੁੱਕੀ ਸੀ), ਉਸ ਦਾ ਨਾਂ ਸੁਣਿਆ ਤਾਂ ਸਭ ਕੁਛ ਭੁਲਾ ਕੇ ਉਸ ਨੂੰ ਮਿਲਣ ਵਾਸਤੇ ਤਿਆਰ ਹੋ ਪਈ। ਜੰਗ ਬਹਾਦਰ ਵੱਲੋਂ ਫਿਰ ਤਾੜਨਾ ਕੀਤੀ ਗਈ ਕਿ ਜੇ ਮਹਾਰਾਣੀ ਨੇ ਇਕ ਵਾਰ ਨੇਪਾਲ ਦੀ ਹੱਦੋਂ ਬਾਹਰ ਪੈਰ ਧਰਿਆ, ਤਾਂ ਫਿਰ ਵਾਪਿਸ ਏਥੇ ਨਹੀਂ ਆ ਸਕੇਗੀ ਤੇ ਨਾ ਹੀ ਨੇਪਾਲ ਦਰਬਾਰ ਵੱਲੋਂ ਉਸ ਨੂੰ ਕੋਈ ਗੁਜ਼ਾਰਾ ਦਿੱਤਾ ਜਾਵੇਗਾ। ਏਧਰੋਂ ਮਹਾਰਾਣੀ ਨੂੰ ਜੁਆਬ ਮਿਲ ਗਿਆ ਤੇ ਅੰਗਰੇਜ਼ ਸਰਕਾਰ ਵੱਲੋਂ ਕਿਸੇ ਸਹਾਇਤਾ ਦੀ ਆਸ ਨਹੀਂ ਸੀ। ਫਿਰ ਵੀ ਉਹ ਕਲਕੱਤੇ ਨੂੰ ਤਿਆਰ ਹੋ ਪਈ। ਆਪਣੇ ਪੁੱਤਰ ਨੂੰ ਮਿਲਣ ਵਾਸਤੇ ਉਹ ਐਨੀ ਬਿਹਬਲ ਹੋ ਚੁੱਕੀ ਸੀ ਕਿ ਜੇ ਇਸ ਬਦਲੇ ਉਹਨੂੰ ਕਈ ਜਨਮ ਦਾ ਦੋਜ਼ਖ ਵੀ ਸਾਹਮਣੇ ਨਜ਼ਰ ਆਉਂਦਾ, ਤਾਂ ਵੀ ਉਹ ਪਿੱਛੇ ਨਾ ਹਟਦੀ।

ਜਿੰਦਾਂ ਕਲਕੱਤੇ ਨੂੰ

ਦੁਖੀ ਮਹਾਰਾਣੀ ਕਲਕੱਤੇ ਨੂੰ ਤੁਰੀ ਜਾ ਰਹੀ ਸੀ। ਉਹਦੇ ਮਨ ਵਿਚ ਕਈ ਆਉਂਦੀਆਂ ਸਨ। ਉਹ ਦਿਲ ਹੀ ਦਿਲ ਵਿਚ ਸੋਚਦੀ—

'ਦਲੀਪ! ਤੂੰ ਨਵਾਂ ਕੁ ਮਹੀਨਿਆਂ ਦਾ ਸੈਂ, ਜਦ ਤੇਰੇ ਪਿਤਾ ਜੀ ਪਰਲੋਕ ਸਿਧਾਰ ਗਏ। ਤੇਰੇ ਚੰਨ-ਮੁਖੜੇ ਦੀ ਪਲ ਭਰ ਦੀ ਮੁਸਕੁਰਾਹਟ ਵੇਖਣ ਬਦਲੇ ਮੈਂ ਉਮਰ ਭਰ ਦਾ ਰੰਡੇਪਾ ਪਰਵਾਨ ਕਰ ਲਿਆ। ਤੂੰ ਪੰਜਾਂ ਵਰ੍ਹਿਆਂ ਦਾ ਸੈਂ, ਜਦ ਨਸੀਬ ਨੇ ਤੈਨੂੰ ਮਹਾਰਾਜਾ ਬਣਾ ਦਿੱਤਾ। ਮੈਂ ਹੱਥੀਂ ਕਲਗੀ ਲਾ ਕੇ ਤੈਨੂੰ ਖਾਲਸਾ ਰਾਜ ਦੇ ਤਖ਼ਤ 'ਤੇ ਬੈਠਣ ਵਾਸਤੇ ਘੱਲਿਆ ਕਰਦੀ ਸਾਂ। ਓਦੋਂ ਮੈਂ ਹੀ ਪੰਜਾਬ ਦੀ ਮਹਾਰਾਣੀ ਸਾਂ। ਓਦੋਂ ਸੁਫਨੇ ਜਿੰਨੇ ਸੁਖ ਨੂੰ ਪਾ ਕੇ ਮੈਂ ਸਾਰੀਆਂ ਚਿੰਤਾਵਾਂ ਨੂੰ ਪੈਰਾਂ ਥੱਲੇ ਲਿਤਾੜ ਛੱਡਿਆ ਸੀ। ਨਹੀਂ ਜਾਣਦੀ ਸਾਂ ਕਿ ਇਨ੍ਹਾਂ ਥੋੜ੍ਹੇ ਜਿਹੇ ਸੁਖਾਂ ਉਹਲੇ ਉਮਰ ਭਰ ਦੇ ਦੁੱਖ ਲੁਕੇ ਹੋਏ ਨੇ। ਕਿਸਮਤ ਨੇ ਪਲਟਾ ਖਾਧਾ, ਮੈਨੂੰ ਤਖ਼ਤੋਂ ਲਾਹ ਕੇ ਜੇਲ੍ਹਾਂ ਵਿਚ ਸੁੱਟ ਦਿੱਤਾ। ਜਦ ਤੈਨੂੰ ਮੈਥੋਂ ਵਿਛੋੜ ਲਿਆ, ਮੇਰਾ ਸਭ ਕੁਛ ਬਰਬਾਦ ਹੋ ਗਿਆ...।' ਨਾ ਜਾਣੇ ਉਹ ਕਿੰਨਾ ਚਿਰ ਇਸ ਵਹਿਣ ਵਿਚ ਪਈ ਰਹੀ! ਕਦੇ ਫਿਰ ਵਿਚ ਆਉਂਦੀ— 'ਅੱਜ ਸਾਢੇ ਤੇਰਾਂ ਵਰ੍ਹੇ ਹੋ ਗਏ ਨੇ, ਮੈਨੂੰ ਪੁੱਤਰ ਤੋਂ ਵਿਛੜਿਆਂ। ਓਦੋਂ ਉਹ ਨਵਾਂ ਵਰ੍ਹਿਆਂ ਦਾ ਸੀ ਤੇ ਹੁਣ ਬਾਈਆਂ ਵਰ੍ਹਿਆਂ ਤੋਂ ਵੀ ਵੱਡਾ! ਛੋਟਾ ਹੁੰਦਾ ਉਹ ਬੜਾ ਸੁਹਣਾ ਤੇ ਭੋਲਾ ਜਿਹਾ ਲੱਗਦਾ ਸੀ। ਪਤਾ ਨਹੀਂ, ਹੁਣ ਕਿਸ ਤਰ੍ਹਾਂ ਦਾ ਲੱਗਦਾ ਹੋਵੇਗਾ! ਮੈਂ ਉਸ ਨੂੰ ਛਾਤੀ ਨਾਲ ਲਾਵਾਂਗੀ, ਪਰ ਉਸ ਦਾ ਚੰਨ ਮੁਖ ਨਹੀਂ ਵੇਖ ਸਕਾਂਗੀ! ਹੇ ਤਕਦੀਰ! ਤੂੰ ਮੇਰਾ ਸਭ ਕੁਛ ਖੋਹ ਲੈਂਦੀਓਂ, ਪਰ ਅੱਖਾਂ ਨਾ ਖੋਂਹਦੀਓਂ। ਮੈਂ ਆਪਣੇ ਪੁੱਤਰ ਨੂੰ ਰੱਜ ਕੇ

ਵੇਖ ਤਾਂ ਲੈਂਦੀ! ਅਜੇ ਵੀ ਰੱਬ ਦੇ ਘਰ ਕਿਸ ਗੱਲ ਦਾ ਘਾਟਾ ਹੈ? ਖ਼ਬਰੇ, ਮੇਰਾ ਗੁਆਚਿਆ ਪੂਰਨ ਮਿਲ ਪਵੇ, ਤਾਂ ਮੇਰਿਆਂ ਨੇਤਰਾਂ ਵਿਚ ਵੀ ਇੱਛਰਾਂ ਮਾਂ ਵਾਂਗ ਫਿਰ ਜੋਤ ਆ ਜਾਵੇ! ਬਹੁਤਾ ਨਹੀਂ ਤਾਂ ਮੈਨੂੰ ਦੋ ਦਿਨ ਵਾਸਤੇ ਹੀ ਅੱਖਾਂ ਮੰਗਵੀਆਂ ਮਿਲ ਜਾਣ, ਤਾਂ ਮੈਂ ਲਾਲ ਨੂੰ ਵੇਖਣ ਦੀ ਰੀਝ ਲਾਹ ਲਵਾਂ!

ਮਾਂ-ਪੁੱਤ ਦਾ ਮਿਲਾਪ

ਏਹੋ ਜਿਹੀਆਂ ਕਈ ਗਿਣਤੀਆਂ ਗਿਣਦੀ ਮਹਾਰਾਣੀ ਫਰਵਰੀ ੧੮੬੧ ਵਿਚ ਕਲਕੱਤੇ ਪੁੱਜੀ। ਚਿਰੀਂ ਵਿਛੁੰਨੇ ਮਾਂ-ਪੁੱਤ ਮਿਲੇ। ਦੋਹਾਂ ਦਿਆਂ ਨੇਤਰਾਂ ਵਿੱਚੋਂ ਪਾਣੀ ਵਹਿ ਰਿਹਾ ਸੀ। ਜਿੰਦਾਂ ਘੁੱਟ-ਘੁੱਟ ਕੇ ਕਲੇਜੇ ਦੀ ਅੱਗ ਨੂੰ ਛਾਤੀ ਨਾਲ ਲਾਉਂਦੀ ਸੀ। ਸਹਿਜ-ਸਹਿਜ ਬਾਹੀਂ ਢਿੱਲੀਆਂ ਹੋਈਆਂ। ਹੁਣ ਦਲੀਪ ਸਿੰਘ ਮਾਤਾ ਦੇ ਮੋਢੇ ਨਾਲ ਬੱਚਿਆਂ ਵਾਂਗ ਲੱਗਾ ਹੋਇਆ ਸੀ, ਤੇ ਜਿੰਦਾਂ ਪੁੱਤਰ ਦੀ ਕੰਡ 'ਤੇ ਹੌਲੀ-ਹੌਲੀ ਹੱਥ ਫੇਰ ਰਹੀ ਸੀ। ਸਹਿਜ-ਸਹਿਜ ਹੱਥ ਪੁੱਤਰ ਦੇ ਮੋਢੇ ਤਕ ਅੱਪੜਿਆ। ਇਸ ਤੋਂ ਅੱਗੇ ਉਹ ਉਹਦੇ ਸਿਰ 'ਤੇ ਹੱਥ ਫੇਰ ਕੇ ਕੁਛ ਵੇਖਣਾ ਚਾਹੁੰਦੀ ਸੀ। ਪਰ ਇਸ ਵੇਲੇ ਉਹਦੀ ਹਿੱਕ ਏਨੀ ਧੜਕ ਰਹੀ ਸੀ ਕਿ ਸ਼ਾਇਦ ਸਿਰ 'ਤੇ ਹੱਥ ਪਹੁੰਚਣ ਤੋਂ ਪਹਿਲਾਂ ਹੀ ਉਹਦੇ ਦਿਲ ਦੀ ਧੜਕਣ ਬੰਦ ਹੋ ਜਾਵੇਗੀ! ਉਹਨੇ ਕਈ ਵਾਰ ਉਤਾਂਹ ਹੱਥ ਚੁੱਕਿਆ, ਤੇ ਫਿਰ ਨੀਵਾਂ ਕਰ ਲਿਆ। ਅੰਤ ਬੜਾ ਕਰੜਾ ਜੇਰਾ ਕਰ ਕੇ ਮਾਂ ਨੇ ਬੱਚੇ ਦੇ ਸਿਰ 'ਤੇ ਹੱਥ ਜਾ ਫੇਰਿਆ। ਜਦੋਂ ਰੀਝਾਂ ਤੇ ਮੱਖਣਾਂ ਨਾਲ ਪਾਲੇ ਹੋਏ ਲੰਮੇ-ਲੰਮੇ ਕੇਸਾਂ ਦਾ ਜੂੜਾ ਨਾ ਲੱਭਾ, ਤਾਂ ਦੁਖੀ ਮਾਂ ਦੀਆਂ ਧਾਹੀਂ ਨਿਕਲ ਗਈਆਂ। ਉਹ ਹਟਕੋਰੇ ਲੈਂਦੀ ਬੋਲੀ, "ਹੇ ਮੇਰੀ ਬੁਰੀ ਤਕਦੀਰ! ਤੂੰ ਮੇਰਾ ਸਿਰਤਾਜ ਖੋਹਿਆ, ਮੇਰਾ ਰਾਜ-ਭਾਗ ਖੋਹਿਆ, ਪਵਿੱਤਰ ਭੂਮੀ ਮੇਰਾ ਪੰਜਾਬ ਖੋਹ ਲਿਆ, ਅੰਤ ਪ੍ਰਾਣਾਂ ਤੋਂ ਪਿਆਰੀ ਸਿੱਖੀ ਵੀ ਮੇਰੀ ਜੱਦ ਵਿੱਚੋਂ ਖੋਹ ਲਈ? ਤੂੰ ਇਹ ਵੀ ਨਾ ਵੇਖ ਸੁਖਾਈਓਂ? ਅੱਜ ਮੇਰੇ ਬੰਸ ਦੀਆਂ ਰਗਾਂ ਵਿੱਚੋਂ ਕਲਗੀਧਰ ਦੇ ਸ਼ਹੀਦ ਬੱਚਿਆਂ ਦਾ ਲਹੂ ਹੀ ਮੁੱਕ ਗਿਆ?"

ਇਹ ਵਾਕ ਉਹਦਾ ਸੀਨਾ ਪਾੜ ਕੇ ਨਿਕਲ ਰਹੇ ਸਨ। ਉਹਦਾ ਸਾਰਾ ਸਰੀਰ ਥਰਥਰਾ ਰਿਹਾ ਸੀ ਤੇ ਰੋਂਦੀ-ਰੋਂਦੀ ਦੀ ਹਿਚਕੀ ਬੱਝ ਗਈ ਸੀ। ਦਲੀਪ ਸਿੰਘ ਤੋਂ ਵੇਖ ਕੇ ਸਹਾਰਿਆ ਨਾ ਗਿਆ। ਉਹ ਮਾਂ ਦੇ ਚਰਨਾਂ 'ਤੇ ਡਿੱਗਾ ਭੁੱਬੀਂ ਰੋ ਰਿਹਾ ਸੀ। ਮਾਂ ਨੇ ਚੁੱਕ ਕੇ ਫੇਰ ਬੱਚੇ ਨੂੰ ਗਲ ਨਾਲ ਲਾ ਲਿਆ। ਭਰੜਾਂਦੀ ਅਵਾਜ਼ ਵਿਚ ਦਲੀਪ ਸਿੰਘ ਬੋਲਿਆ, "ਮਾਂ! ਮੈਂ ਤੇਰੀ ਉਜੜੀ ਦੁਨੀਆਂ ਫਿਰ ਨਹੀਂ ਵਸਾ ਸਕਦਾ। ਤੇਰਾ ਗੁਆਚਿਆ ਰਾਜ-ਭਾਗ ਫਿਰ ਕਾਇਮ ਨਹੀਂ ਕਰ ਸਕਦਾ, ਪਰ ਤੇਰੀ ਕੁਲ ਵਿੱਚੋਂ ਗਈ ਸਿੱਖੀ ਫੇਰ ਪਰਤਾ ਲਿਆਵਾਂਗਾ। ਅਰਦਾਸ ਕਰਦਾ ਹਾਂ ਕਿ ਗੁਰੂ-ਮਹਾਰਾਜ ਮੇਰੇ ਇਸ ਪ੍ਰਣ ਨੂੰ ਤੋੜ ਨਿਭਾਉਣ!" ('ਦੁਖੀਏ ਮਾਂ-ਪੁੱਤ' ਵਿੱਚੋਂ)

ਲਾਸਾਨੀ ਸ਼ਹੀਦੀ

-ਗਿ. ਸੋਹਣ ਸਿੰਘ ਸੀਤਲ

ਕਸ਼ਮੀਰ ਦੇ ਸੂਬੇਦਾਰ ਦਾ ਮੁਰਾਸਲਾ ਪੜ੍ਹ ਕੇ ਬਾਦਸ਼ਾਹ ਔਰੰਗਜ਼ੇਬ ਨੇ ਉਸ ਦੀ ਮਨਜ਼ੂਰੀ ਦੇ ਦਿੱਤੀ। ਔਰੰਗਜ਼ੇਬ ਨੇ ਸੋਚਿਆ, 'ਇਕ ਆਦਮੀ ਨੂੰ, ਭਾਵੇਂ ਉਹ ਕਿਤਨੀ ਵੀ ਮਹਾਨ ਸ਼ਖ਼ਸੀਅਤ ਦਾ ਮਾਲਕ ਹੋਵੇ, ਡਰਾ-ਧਮਕਾ ਤੇ ਲਾਲਚ ਦੇ ਕੇ ਮਨਾ ਲੈਣਾ ਮੁਸ਼ਕਲ ਨਹੀਂ। ਗੁਰੂ ਤੇਗ਼ ਬਹਾਦਰ ਨੂੰ ਹਰ ਕੀਮਤ ਉੱਤੇ ਮੁਸਲਮਾਨ ਬਣਾ ਲਿਆ ਜਾਵੇਗਾ, ਭਾਵੇਂ ਉਸ ਦਾ ਕਿੰਨਾ ਵੀ ਮੁੱਲ ਤਾਰਨਾ ਪਵੇ, ਜਾਂ ਕਿੰਨਾ ਵੀ ਜ਼ੁਲਮ ਕਰਨਾ ਪਵੇ। ਇਕ ਤਾਂ ਸਾਰੇ ਹਿੰਦੂ ਆਪਣੇ ਆਪ ਮੁਸਲਮਾਨ ਬਣ ਜਾਣਗੇ ਤੇ ਦੂਸਰੇ ਸਾਰੇ ਦੇਸ਼ ਵਿਚ ਇੱਕੋ ਇਕ ਜਥੇਬੰਦ ਲਹਿਰ ਸਦਾ ਵਾਸਤੇ ਖ਼ਤਮ ਹੋ ਜਾਵੇਗੀ।'

ਬਾਦਸ਼ਾਹ ਨੇ ਸ਼ੇਰ ਅਰਫ਼ਾਨ ਨੂੰ ਹੁਕਮ ਲਿਖਵਾ ਦਿੱਤਾ, "ਬਾਦਸ਼ਾਹ ਸਲਾਮਤ ਤੇਰੇ ਮੁਰਾਸਲੇ ਦੀ ਮਨਜ਼ੂਰੀ ਦੇਂਦੇ ਹਨ। ਹਿੰਦੂਆਂ ਉੱਤੇ ਫਿਲਹਾਲ ਸਖ਼ਤੀ ਬੰਦ ਕਰ ਦਿੱਤੀ ਜਾਵੇ। ਉਨ੍ਹਾਂ ਨੂੰ ਪ੍ਰੇਰਿਆ ਜਾਵੇ ਕਿ ਉਹ ਆਪਣਾ ਅਸਰ ਪਾ ਕੇ ਗੁਰੂ ਨੂੰ ਮੁਸਲਮਾਨ ਹੋਣ ਵਾਸਤੇ ਬੇਨਤੀ ਕਰਨ। ਗੁਰੂ ਨੂੰ ਹਰ ਕੀਮਤ ਉੱਤੇ ਮੁਸਲਮਾਨ ਕਰ ਲਿਆ ਜਾਵੇਗਾ।"

ਦੂਸਰੇ ਪਾਸੇ ਬਾਦਸ਼ਾਹ ਨੇ ਗੁਰੂ ਜੀ ਨੂੰ ਲਿਆਉਣ ਵਾਸਤੇ ਅਹਿਦੀਏ' ਭੇਜਣ ਦਾ ਹੁਕਮ ਦੇ ਦਿੱਤਾ ਤੇ ਨਾਲ ਹੀ ਹਦਾਇਤ ਕੀਤੀ ਕਿ ਗੁਰੂ ਨੂੰ ਬੜੇ ਆਦਰ ਸਤਿਕਾਰ ਨਾਲ ਲਿਆਂਦਾ ਜਾਵੇ।

ਗੁਰੂ ਮਹਾਰਾਜ ਵੀ ਸਰਕਾਰੀ ਸੱਦੇ ਦੀ ਉਡੀਕ ਵਿਚ ਤਿਆਰੀ ਕਰ ਰਹੇ ਸਨ। ਸੰਗਤਾਂ ਵਿਚ ਰੋਜ਼ ਪ੍ਰਚਾਰ ਹੁੰਦਾ। ਮਾਤਾ ਨਾਨਕੀ ਜੀ ਬਹੁਤ ਉਦਾਸ ਰਹਿੰਦੇ। ਹੋਰ ਪਰਵਾਰ ਤੇ ਸੰਗਤਾਂ ਵੀ ਚਿੰਤਾ ਵਿਚ ਸਨ। ਗੁਰੂ ਮਹਾਰਾਜ ਨੇ ਜੋ ਜ਼ਿੰਮੇਵਾਰੀ ਚੁੱਕੀ ਸੀ, ਉਸ ਦਾ ਸਾਫ਼ ਅਰਥ ਸੀ ਕੁਰਬਾਨੀ, ਸ਼ਹੀਦੀ। ਇਸ ਵਰਤਣ ਵਾਲੇ ਭਾਣੇ ਦਾ ਸਭ ਨੂੰ ਯਕੀਨ ਸੀ। ਮਹਾਰਾਜ ਸਭ ਨੂੰ ਉਪਦੇਸ਼ ਦਿੰਦੇ, 'ਇਨਸਾਨ ਦਾ ਸਭ ਤੋਂ ਉੱਤਮ ਧਰਮ ਹੈ ਆਪਣਾ ਫ਼ਰਜ਼ ਨਿਭਾਉਣਾ। ਫ਼ਰਜ਼ ਦੀ ਪਾਲਣਾ ਕਰਦਿਆਂ ਸੀਸ ਜਾਵੇ, ਤਾਂ ਚਿੰਤਾ ਨਹੀਂ ਕਰਨੀ ਚਾਹੀਦੀ। ਭਾਣੇ ਵਿਚ ਰਾਜ਼ੀ ਰਹਿਣਾ ਹੀ ਧਰਮ ਹੈ।'

ਅਹਿਦੀਏ ਅਨੰਦਪੁਰ ਆਏ

ਸ਼ਾਹੀ ਹੁਕਮ ਲੈ ਕੇ 'ਅਹਿਦੀਏ' ਦਿੱਲੀ ਤੋਂ ਤੁਰ ਪਏ। 'ਅਹਿਦੀਏ' ਪਲੰਘਾਂ ਉੱਤੇ ਬਹਿ ਕੇ ਸਫ਼ਰ ਕਰਿਆ ਕਰਦੇ ਸਨ। ਜਿਸ ਪਿੰਡ ਉਹ ਜਾਂਦੇ, ਓਥੋਂ ਦੇ ਲੰਬਰਦਾਰ ਜਾਂ ਚੌਧਰੀ ਦਾ ਫ਼ਰਜ਼ ਹੁੰਦਾ ਕਿ ਉਹ ਅਹਿਦੀਏ ਦਾ ਪਲੰਘ ਚੁਕਵਾ ਕੇ ਅਗਲੇ ਪਿੰਡ ਪੁਚਾ ਦੇਵੇ। ਇਸ ਤਰ੍ਹਾਂ ਵੰਗਾਰਿਆਂ ਦੇ ਮੋਢਿਆਂ ਉੱਤੇ ਚੜ੍ਹ ਕੇ ਅਹਿਦੀਏ ਅਨੰਦਪੁਰ ਆ ਪਹੁੰਚੇ।

ਅਨੰਦਪੁਰ ਦੀ ਸ਼ਾਨ ਤੇ ਰਹਿਤ ਮਰਯਾਦਾ ਵੇਖ ਕੇ ਅਹਿਦੀਆਂ ਦੇ ਦਿਲਾਂ 'ਤੇ ਚੰਗਾ ਅਸਰ ਪਿਆ। ਉਹ ਬੜੇ ਸਤਿਕਾਰ ਨਾਲ ਮਹਾਰਾਜ ਦੇ ਪੇਸ਼ ਆਏ। ਬਾਦਸ਼ਾਹ ਵੱਲੋਂ ਹੁਕਮ ਵੀ ਐਸਾ ਹੀ ਸੀ।

ਸ਼ਾਹੀ ਹੁਕਮ ਸੁਣ ਕੇ ਗੁਰੂ ਮਹਾਰਾਜ ਨੇ ਫ਼ਰਮਾਇਆ, "ਪੁਰਸ਼ੋ! ਬਾਦਸ਼ਾਹ ਦਾ ਹੁਕਮ ਤੁਸਾਂ ਸੁਣਾ ਦਿੱਤਾ ਹੈ। ਅਸੀਂ ਅੱਗੇ ਹੀ ਉਡੀਕ ਵਿਚ ਬੈਠੇ ਸਾਂ। ਕਸ਼ਮੀਰ ਦੇ ਪੰਡਤਾਂ ਦਾ ਜੋ ਮੇਜਰਨਾਵਾਂ ਬਾਦਸ਼ਾਹ ਪਾਸ ਪੁੱਜਾ ਹੈ, ਅਸਾਂ ਉਸ ਦੀ ਹਾਮੀ ਭਰੀ ਹੈ। ਸਾਡੇ ਵੱਲੋਂ ਬਾਦਸ਼ਾਹ ਨੂੰ ਸੁਨੇਹਾ ਪੁਚਾ ਦੇਣਾ। ਅਸੀਂ ਸੰਗਤਾਂ ਦੇ ਦਰਸ਼ਨ ਕਰਦੇ ਆ ਰਹੇ ਹਾਂ। ਅਸੀਂ ਆਪ ਬਾਦਸ਼ਾਹ ਨੂੰ ਮਿਲ ਕੇ ਇਸ ਮਸਲੇ ਨੂੰ ਸੁਲਝਾਉਣਾ ਚਾਹੁੰਦੇ ਹਾਂ। ਫ਼ਿਕਰ ਨਾ ਕਰਨਾ, ਅਸੀਂ ਛੇਤੀ ਤੋਂ ਛੇਤੀ ਬਾਦਸ਼ਾਹ ਕੋਲ ਪੁੱਜਣ ਦਾ ਜਤਨ ਕਰਾਂਗੇ।"

ਨੌਵੇਂ ਪਾਤਸ਼ਾਹ ਅਨੰਦਪੁਰ ਤੋਂ ਤੁਰੇ

ਅਹਿਦੀਏ ਸਿਰ ਝੁਕਾ ਕੇ ਗਏ। ਗੁਰੂ ਮਹਾਰਾਜ ਵੀ ਤਿਆਰੀ ਕਰਨ ਲੱਗੇ, ਪਰ ਸੰਗਤਾਂ ਤੇ ਪਰਵਾਰ ਤੋਂ ਵਿਦਿਆ ਹੁੰਦਿਆਂ ਕਾਫੀ ਸਮਾਂ ਲੱਗ ਗਿਆ। ਅੰਤ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਹਾੜ (੧੭੩੨ ਬਿ.) ਦੇ ਮਹੀਨੇ ਅਨੰਦਪੁਰੋਂ ਤੁਰ ਗਏ। ਚੋਖੀ ਦੂਰ ਤਕ ਸੰਗਤਾਂ ਨਾਲ ਗਈਆਂ। ਇਹ ਸਾਰੇ ਹੀ ਸਮਝ ਰਹੇ ਸਨ ਕਿ ਇਹ ਦਰਸ਼ਨ ਆਖ਼ਰੀ ਹਨ। ਜਿਸ ਔਰੰਗਜ਼ੇਬ ਨੇ ਪਿਤਾ ਤੇ ਭਰਾਵਾਂ ਨਾਲ ਇਹ ਸਲੂਕ ਕੀਤਾ ਹੈ; ਸਰਮਦ ਵਰਗੇ ਫ਼ਕੀਰ ਤੇ ਅਘੋਰ ਨਾਥ ਵਰਗੇ ਸੰਤ ਕਤਲ ਕਰਵਾ ਦਿੱਤੇ ਹਨ, ਉਹ ਗੁਰੂ ਸਾਹਿਬ ਨਾਲ ਵੀ ਚੰਗਾ ਵਰਤਾਉ ਨਹੀਂ ਕਰੇਗਾ। ਗੁਰੂ ਸਾਹਿਬ ਸ਼ਹੀਦ ਹੋਣ ਵਾਸਤੇ ਜਾ ਰਹੇ ਹਨ, ਸ਼ਹੀਦ ਹੋ ਜਾਣਗੇ। ਇਸ ਵਿਚਾਰ ਅਧੀਨ ਸਭ ਸ਼ਰਧਾਲੂਆਂ ਦੇ ਨੇਤਰ ਹੰਝੂ ਵਹਾ ਰਹੇ ਸਨ। ਉਨ੍ਹਾਂ ਦਾ ਵੈਰਾਗ ਠੱਲ੍ਹਿਆ ਨਹੀਂ ਸੀ ਜਾਂਦਾ।

ਗੁਰੂ ਮਹਾਰਾਜ ਨੇ ਸਭ ਨੂੰ ਧੀਰਜ ਦਿੰਦਿਆਂ ਕਿਹਾ, "ਵੇਖੋ, ਸੱਤ ਪੁਰਸ਼ੋ! ਭਲਾ ਚਿੰਤਾ ਕਿਸ ਗੱਲ ਦੀ ਕਰ ਰਹੇ ਹੋ?

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥ *(ਪੰਨਾ ੧੪੨੯)*

"ਜਦ ਥਿਰ ਰਹਿਣ ਵਾਲੀ ਵਸਤੂ ਹੀ ਕੋਈ ਨਹੀਂ, ਬਣੇ ਹੋਏ ਸਰੀਰ ਨੇ ਬਿਨਸਣਾ ਹੀ ਹੈ, ਤਾਂ ਫਿਰ ਚਿੰਤਾ ਕਿਸ ਗੱਲ ਦੀ? ਅਕਾਲ ਪੁਰਖ ਦਾ ਭਾਣਾ ਮੰਨਣ ਵਿਚ ਹੀ ਕਲਿਆਣ ਹੈ। ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਸਿੱਖੋ।"

ਸਭ ਨੂੰ ਧੀਰਜ ਦੇ ਕੇ ਮਹਾਰਾਜ ਨੇ ਬੜੀ ਮੁਸ਼ਕਲ ਨਾਲ ਵਾਪਸ ਮੋੜਿਆ। ਪਹਿਲਾ ਪੜਾਅ ਗੁਰਦੇਵ ਨੇ ਕੀਰਤਪੁਰ ਕੀਤਾ। ਸੂਰਜ ਮੱਲ ਦੇ ਪਰਵਾਰ ਨੇ ਮਹਾਰਾਜ ਦੀ ਬੜੀ ਸੇਵਾ ਕੀਤੀ। ਦੋ ਦਿਨ ਓਥੇ ਗੁਜ਼ਾਰ ਕੇ ਹਜ਼ੂਰ ਅੱਗੇ ਤੁਰ ਪਏ। ਭਰਤਗੜ੍ਹ, ਰੋਪੜ, ਮਕਾਰਾਂਪੁਰ, ਕਬੂਲਪੁਰ, ਨਨਹੇੜੀ ਆਦਿ ਥਾਵਾਂ 'ਤੇ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਮਹਾਰਾਜ ਸੈਫ਼ਾਬਾਦ, ਇਕ ਮੁਸਲਮਾਨ ਸ਼ਰਧਾਲੂ ਸੈਫ਼ ਅਲੀ ਖ਼ਾਂ ਦੇ ਘਰ ਜਾ ਟਿਕੇ। ਇਥੇ ਮਹਾਰਾਜ ਕਈ ਦਿਨ ਰਹੇ। ਸੋ ਸੁਣ ਕੇ ਇਥੇ ਹੀ ਸੰਗਤਾਂ ਇਕੱਠੀਆਂ ਹੋਣ ਲੱਗ ਪਈਆਂ। ਸੈਫ਼ ਅਲੀ ਖ਼ਾਂ ਗੁਰਦੇਵ ਦੀ ਤੇ ਸੰਗਤਾਂ ਦੀ ਸੇਵਾ ਬੜੀ ਸ਼ਰਧਾ ਭਾਵਨਾ ਨਾਲ ਕਰਦਾ।

ਓਥੋਂ ਵਿਦਿਆ ਹੋ ਕੇ ਗੁਰਦੇਵ ਪਟਿਆਲਾ, ਕਾਇਮਪੁਰ ਆਦਿ ਥਾਵਾਂ 'ਤੇ ਇਕ-ਇਕ, ਦੋ-ਦੋ ਦਿਨ ਬਿਸਰਾਮ ਕਰਦੇ ਹੋਏ ਸਮਾਣੇ ਜਾ ਉਤਰੇ। ਓਥੋਂ ਦਾ ਨਾਮਵਰ ਚੌਧਰੀ ਮੁਹੰਮਦ ਬਖ਼ਸ਼ ਗੁਰੂ ਜੀ ਦਾ ਸ਼ਰਧਾਲੂ ਸੀ। ਅਸਲ ਵਿਚ ਓਸੇ ਦੇ ਪ੍ਰੇਮ ਕਰ ਕੇ ਮਹਾਰਾਜ ਸਮਾਣੇ ਗਏ ਸਨ।

ਸਿਰਫ਼ ਸਿੱਖ ਜਾਂ ਹਿੰਦੂ ਹੀ ਨਹੀਂ, ਕਈ ਖੁੱਲ੍ਹੇ ਦਿਲ ਵਾਲੇ ਮੁਸਲਮਾਨ ਵੀ ਗੁਰੂ ਜੀ ਦੇ ਸ਼ਰਧਾਲੂ ਸਨ ਤੇ ਮੁਸਲਮਾਨਾਂ ਵਿਚ ਗੁਰੂ ਜੀ ਦਾ ਅਸਰ-ਰਸੂਖ਼ ਔਰੰਗਜ਼ੇਬ ਨੂੰ ਵਧੇਰੇ ਰੜਕਦਾ ਸੀ। ਔਰੰਗਜ਼ੇਬ ਅਜਿਹੀ ਤੁਅੱਸਬ ਵਾਲੀ ਨੀਤੀ ਅਖ਼ਤਿਆਰ ਨਾ ਕਰਦਾ, ਤਾਂ ਸਿੱਖ ਧਰਮ, ਮੁਸਲਮਾਨਾਂ ਤੇ ਹਿੰਦੂਆਂ ਵਿਚ ਮਿਲਾਪ ਪੈਦਾ ਕਰਨ ਦਾ ਸਭ ਤੋਂ ਵੱਡਾ ਵਸੀਲਾ ਸਾਬਤ ਹੁੰਦਾ!

ਗੁਰਦੇਵ ਸਮਾਣੇ ਤੋਂ ਤੁਰੇ, ਤਾਂ ਬਹੁਤ ਸਾਰੀਆਂ ਸੰਗਤਾਂ ਨਾਲ ਹੋ ਤੁਰੀਆਂ। ਗੁਰੂ ਜੀ ਨੇ ਸਖ਼ਤ ਹੁਕਮ ਦਿੱਤਾ, "ਵੇਖੋ, ਭਲੇ ਪੁਰਸ਼ੋ! ਗੁਰੂ ਨੂੰ ਮੰਨਣ ਦਾ ਅਰਥ ਹੈ, ਗੁਰੂ ਦਾ ਹੁਕਮ ਮੰਨਣਾ। ਅਸੀਂ ਹੁਕਮ ਦੇਂਦੇ ਹਾਂ ਕਿ ਅਨੰਦਪੁਰੋਂ ਨਾਲ ਤੁਰਨ ਵਾਲੇ ਪੰਜਾਂ ਸਿੱਖਾਂ ਤੋਂ ਬਿਨਾਂ ਹੋਰ ਕੋਈ ਸ਼ਰਧਾਲੂ ਸਾਡੇ ਨਾਲ ਅੱਗੇ ਨਾ ਆਵੇ।"

ਹੁਣ ਹੁਕਮ ਅੱਗੇ ਕੋਈ ਵਿਹਰ ਨਹੀਂ ਸੀ। ਸਭ ਸੰਗਤਾਂ ਅੱਥਰੂ ਵਹਾਉਂਦੀਆਂ ਪਿੱਛੇ ਮੁੜ ਗਈਆਂ। ਦੀਵਾਨ ਮਤੀ ਦਾਸ, ਭਾਈ ਗੁਰਦਿੱਤਾ (ਬਾਬੇ ਬੁੱਢੇ ਕਾ), ਭਾਈ ਦਿਆਲਾ (ਭਾਈ ਮਨੀ ਸਿੰਘ ਦਾ ਚਾਚਾ[2]) ਭਾਈ ਊਦਾ ਰਠੌੜ ਤੇ ਭਾਈ ਜੈਤਾ (ਪਿੱਛੋਂ ਅੰਮ੍ਰਿਤ ਛਕ ਕੇ ਜੀਵਨ ਸਿੰਘ) ਮਜ਼ਹਬੀ, ਇਹ ਪੰਜ ਸਿੱਖ ਮਹਾਰਾਜ ਦੇ ਨਾਲ ਗਏ।

ਸਮਾਣੇ ਤੋਂ ਚੱਲ ਕੇ ਕਰਹਾਲੀ, ਚੀਕੇ, ਕੀਰ੍ਹੇ, ਪਹੇਵੇ, ਰਹੇੜੇ, ਲਾਖਣ ਮਾਜਰੇ, ਰੋਹਤਕ ਤੇ ਕਨੌੜ ਆਦਿ ਥਾਵਾਂ ਦੇ ਸ਼ਰਧਾਲੂਆਂ ਨੂੰ ਦਰਸ਼ਨ ਦੇਂਦੇ ਹੋਏ ਮਹਾਰਾਜ ਆਗਰੇ ਜਾ ਪਹੁੰਚੇ।

ਰਸਤੇ ਵਿਚ ਪ੍ਰਚਾਰ

ਅਨੰਦਪੁਰ ਤੋਂ ਚੱਲ ਕੇ ਸਿੱਧੇ ਦਿੱਲੀ ਪਹੁੰਚਣ ਦੀ ਥਾਂ ਏਨਾ ਲੰਮਾ ਚੱਕਰ ਕੱਟਣ ਦਾ ਇਕ ਖ਼ਾਸ ਮੰਤਵ ਸੀ। ਇਹ ਗੱਲ ਸਾਫ਼ ਸੀ ਕਿ ਗੁਰੂ ਮਹਾਰਾਜ ਧਰਮ ਦੀ ਰੱਖਿਆ ਵਾਸਤੇ ਸ਼ਹੀਦ ਹੋਣ ਚੱਲੇ ਹਨ। ਸੰਗਤਾਂ ਵੀ ਇਸ ਮਨੋਰਥ ਨੂੰ ਸਮਝਦੀਆਂ ਸਨ। ਮਹਾਰਾਜ ਵੱਧ ਤੋਂ ਵੱਧ ਇਲਾਕੇ ਵਿਚ ਇਸ ਗੱਲ ਦਾ ਪ੍ਰਚਾਰ ਕਰ ਕੇ ਲੋਕ-ਰਾਏ ਆਪਣੇ ਹੱਕ ਵਿਚ ਕਰਨਾ ਚਾਹੁੰਦੇ ਸਨ। ਹਜ਼ੂਰ ਥਾਂ-ਥਾਂ ਇੱਕੋ ਸਿਧਾਂਤ ਦਾ ਪ੍ਰਚਾਰ ਕਰਦੇ ਜਾਂਦੇ, 'ਬਾਦਸ਼ਾਹ ਦਾ ਧਰਮ ਹੈ, ਪਰਜਾ ਦੀ ਰੱਖਿਆ ਕਰਨਾ, ਦੋਸ਼ੀਆਂ ਨੂੰ ਸਜ਼ਾ ਦੇਣਾ, ਮਾੜਿਆਂ ਨਾਲ ਇਨਸਾਫ਼ ਕਰਨਾ। ਰੱਖਿਆ ਦਾ ਅਰਥ ਹੈ, ਹਰ ਪੱਖ ਤੋਂ ਰੱਖਿਆ ਕਰਨਾ। ਜਿੱਥੇ ਪਰਜਾ ਦੇ ਮਾਲ-ਧਨ, ਇੱਜ਼ਤ, ਅਮਨ ਦੀ ਰੱਖਿਆ ਜ਼ਰੂਰੀ ਹੈ, ਓਥੇ ਲੋਕਾਂ ਦੇ ਧਰਮ ਦੀ ਰੱਖਿਆ ਕਰਨਾ ਵੀ ਬਾਦਸ਼ਾਹ ਦਾ ਫ਼ਰਜ਼ ਹੈ। ਸਰਕਾਰ ਨੂੰ ਸਦਾ ਧਰਮ-ਨਿਰਪੱਖ ਹੋਣਾ ਚਾਹੀਦਾ ਹੈ। ਕਿਸੇ ਇਕ ਮਜ਼ਹਬ, ਇਕ ਫ਼ਿਰਕੇ, ਇਕ ਜਾਤੀ ਜਾਂ ਬਿਰਾਦਰੀ ਨਾਲ ਰਿਆਇਤ ਜਾਂ ਵਿਤਕਰਾ ਕਰਨ ਦੀ ਨੀਤੀ ਬਾਦਸ਼ਾਹ ਨੂੰ ਬੇਇਨਸਾਫ਼ ਬਣਾ ਦਿੰਦੀ ਹੈ। ਬੇਇਨਸਾਫ਼ ਹੁਕਮਰਾਨ ਨਾ ਲੋਕਾਂ ਦਾ ਪਿਆਰ ਪ੍ਰਾਪਤ ਕਰ ਸਕਦਾ ਹੈ, ਨਾ ਖ਼ੁਦਾ ਦਾ।

'ਸ਼ੁਭ ਕਰਮਾਂ ਦੁਆਰਾ ਖ਼ੁਦਾ ਦੀ ਪ੍ਰਾਪਤੀ ਦਾ ਨਾਮ ਹੀ ਧਰਮ ਹੈ। ਹਿੰਦੂ ਧਰਮ, ਮੁਸਲਮਾਨ ਮਜ਼ਹਬ, ਬੁੱਧ ਮੱਤ, ਸਿੱਖ ਧਰਮ, ਇਹ ਤਾਂ ਵੱਖ-ਵੱਖ ਰਸਤੇ ਹਨ ਪਰਮਾਤਮਾ ਤਕ ਪਹੁੰਚਣ ਦੇ। ਹਰ ਕੋਈ ਆਪਣੇ ਰਸਤੇ ਜਾਂ ਧਰਮ ਨੂੰ ਸ੍ਰੇਸ਼ਟ ਮੰਨਦਾ ਹੈ। ਸਾਡੀ ਰਾਏ ਅਨੁਸਾਰ ਹਰ ਇਕ ਨੂੰ ਐਸਾ ਸਮਝਣ ਦਾ ਹੱਕ ਹੈ। ਧਰਮ ਇਕ ਨਿੱਜੀ ਮਸਲਾ ਹੈ। ਕਿਸੇ ਨੂੰ ਦੂਸਰੇ ਦੇ ਧਰਮ ਵਿਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ। ਬਾਦਸ਼ਾਹ ਕੋਲ ਵੀ ਅਸੀਂ ਇਹ ਨਿਸ਼ਾਨਾ ਲੈ ਕੇ ਜਾ ਰਹੇ ਹਾਂ। ਉਹ ਸਾਰੇ ਲੋਕਾਂ ਦਾ ਸਾਂਝਾ ਹੈ। ਕਿਸੇ ਦੇ ਧਰਮ ਵਿਚ ਦਖ਼ਲ ਦੇਣ ਦਾ ਨਾ ਉਹਨੂੰ ਹੱਕ ਹੈ ਤੇ ਨਾ ਹੀ ਐਸਾ ਕਰਨਾ ਉਸ ਨੂੰ ਸ਼ੋਭਾ ਦੇਂਦਾ ਹੈ।

'ਸਾਡੇ ਵਾਸਤੇ ਹਿੰਦੂ, ਮੁਸਲਮਾਨ, ਸਾਰੇ ਇੱਕੋ ਜਿਹੇ ਹਨ। ਅਸੀਂ ਚਾਹੁੰਦੇ ਹਾਂ, ਨਾ ਹਿੰਦੂ ਮੁਸਲਮਾਨਾਂ ਦੇ ਮਜ਼ਹਬ ਵਿਚ ਦਖ਼ਲ ਦੇਣ, ਨਾ ਮੁਸਲਮਾਨ ਹਿੰਦੂਆਂ ਦੇ ਧਰਮ ਵਿਚ। ਸਾਰੇ ਆਪੋ-ਆਪਣੇ ਅਕੀਦੇ ਮੁਤਾਬਕ ਉਸ ਸਰਬ ਸ਼ਕਤੀਮਾਨ ਦੀ ਉਪਾਸਨਾ ਕਰਨ।'

ਇਨ੍ਹਾਂ ਵਿਚਾਰਾਂ ਦਾ ਸਾਫ਼-ਦਿਲ ਲੋਕਾਂ ਉੱਤੇ ਅਸਰ ਵੀ ਕਾਫ਼ੀ ਪੈਂਦਾ ਸੀ। ਇਸ ਕਰ ਕੇ ਜਿਥੇ ਹੀ ਮਹਾਰਾਜ ਗਏ, ਹਿੰਦੂ ਮੁਸਲਮਾਨ, ਸਭ ਨੇ ਮਹਾਰਾਜ ਦਾ ਸਤਿਕਾਰ ਕੀਤਾ। ਆਪਣੇ ਸਰਬ-ਸਾਂਝੇ ਸਿਧਾਂਤਾਂ ਦਾ ਪ੍ਰਚਾਰ ਕਰਨਾ ਹੀ ਗੁਰਦੇਵ ਦਾ ਮਨੋਰਥ ਸੀ। ਸੋ, ਮਹਾਰਾਜ ਨੇ ਰਾਹ ਵਿਚ ਵੱਧ ਤੋਂ ਵੱਧ ਸਮਾਂ ਲਾਇਆ।

ਆਗਰੇ ਪਹੁੰਚਣ ਦਾ ਇਕ ਖ਼ਾਸ ਕਾਰਨ ਵੀ ਸੀ। ਰਸਤੇ ਵਿਚ ਮਹਾਰਾਜ ਨੂੰ ਖ਼ਬਰ ਮਿਲੀ ਕਿ ਬਾਦਸ਼ਾਹ ਆਗਰੇ ਹੈ। ਗੁਰਦੇਵ ਦਿੱਲੀ ਤੋਂ ਪਾਸੇ-ਪਾਸੇ ਆਗਰੇ ਜਾ ਪਹੁੰਚੇ। ਉਸ ਸਮੇਂ ਦਿੱਲੀ ਤੇ ਆਗਰਾ ਦੋਹਾਂ ਸ਼ਹਿਰਾਂ ਵਿਚ ਰਾਜਧਾਨੀ ਸੀ। ਕਦੇ ਬਾਦਸ਼ਾਹ ਦਿੱਲੀ ਰਹਿੰਦਾ ਸੀ, ਕਦੇ ਆਗਰੇ।

ਧੀਰਮੱਲ ਤੇ ਰਾਮ ਰਾਏ

ਗੁਰਦੇਵ ਦੀ ਸ਼ਹੀਦੀ ਵਿਚ ਉਨ੍ਹਾਂ ਦੇ 'ਆਪਣਿਆਂ' (ਧੀਰਮੱਲ, ਹਰਿਜੀ ਤੇ ਰਾਮ ਰਾਏ) ਦਾ ਵੀ ਹੱਥ ਸੀ। ਰਾਮ ਰਾਏ ਦਾ ਔਰੰਗਜ਼ੇਬ ਨਾਲ ਕਾਫ਼ੀ ਨੇੜ ਸੀ। ਬਾਦਸ਼ਾਹ ਵੱਲੋਂ ਰਾਮ ਰਾਏ ਨੂੰ ਡੇਹਰਾਦੂਨ ਵਿਚ ਜਾਗੀਰ ਵੀ ਮਿਲੀ ਹੋਈ ਸੀ। ਸ੍ਰੀ ਗੁਰੂ ਹਰਿ ਰਾਇ ਸਾਹਿਬ ਦਾ ਵੱਡਾ ਪੁੱਤਰ ਹੋਣ ਦੇ ਨਾਤੇ ਰਾਮ ਰਾਏ ਗੁਰਗੱਦੀ ਉੱਤੇ ਆਪਣਾ ਹੱਕ ਸਮਝਦਾ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਵਿਰੁੱਧ ਉਸ ਨੇ ਬਾਦਸ਼ਾਹ ਪਾਸ ਦਾਅਵਾ ਵੀ ਕੀਤਾ ਸੀ। ਹੁਣ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਵਿਰੁੱਧ ਵੀ ਉਸ ਨੇ ਬਾਦਸ਼ਾਹ ਪਾਸ ਅਪੀਲ ਕੀਤੀ। ਕਸ਼ਮੀਰੀ ਪੰਡਤਾਂ ਦੇ ਮੇਜਰਨਾਵੇਂ ਦੀ ਖ਼ਬਰ ਸੁਣ ਕੇ ਵੀ ਉਹਨੇ ਗੁਰੂ ਮਹਾਰਾਜ ਦੇ ਵਿਰੁੱਧ ਜ਼ਹਿਰ ਉਗਲਿਆ।

ਰਾਮ ਰਾਏ ਕਹਿੰਦਾ, "ਇਹ ਸਭ ਕੁਝ ਗੁਰੂ ਤੇਗ਼ ਬਹਾਦਰ ਹਿੰਦੂਆਂ ਦਾ ਲੀਡਰ ਬਣ ਕੇ ਰਾਜਸੀ ਤਾਕਤ ਹਾਸਲ ਕਰਨ ਵਾਸਤੇ ਕਰ ਰਿਹਾ ਹੈ। ਨਹੀਂ ਤਾਂ ਗੁਰੂ ਨਾਨਕ ਦੇ ਮੱਤ ਅਨੁਸਾਰ ਸਾਡੇ ਵਾਸਤੇ ਹਿੰਦੂ ਮੁਸਲਮਾਨ ਬਰਾਬਰ ਹਨ। ਸਾਨੂੰ ਦੋਹਾਂ ਦੇ ਆਪਸੀ ਝਗੜੇ ਨਾਲ ਕੋਈ ਵਾਸਤਾ ਨਹੀਂ।"

ਅਹਿਦੀਏ ਅਨੰਦਪੁਰ ਗਏ ਤੇ ਖ਼ਾਲੀ ਵਾਪਸ ਆ ਗਏ। ਰਾਮ ਰਾਏ ਨੂੰ ਫਿਰ ਮੌਕਾ ਮਿਲ ਗਿਆ ਬਾਦਸ਼ਾਹ ਨੂੰ ਭੜਕਾਉਣ ਦਾ। ਰਾਮ ਰਾਏ ਕਹਿੰਦਾ, "ਜੋ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' ਅਖਵਾਉਂਦਾ ਹੈ, ਉਹ ਬਾਦਸ਼ਾਹ ਦੇ ਸੱਦੇ 'ਤੇ ਕਦੋਂ ਹਾਜ਼ਰ ਹੋਣ ਲੱਗਾ ਹੈ? ਉਹਨੇ ਆਉਣਾ ਹੁੰਦਾ, ਤਾਂ ਉਹ ਅਹਿਦੀਆਂ ਦੇ ਨਾਲ ਆ ਜਾਂਦਾ।"

ਦੁਬਾਰਾ ਅਹਿਦੀਏ ਭੇਜੇ

ਕੁਝ ਸਮਾਂ ਉਡੀਕ ਕੇ ਬਾਦਸ਼ਾਹ ਨੇ ਦੁਬਾਰਾ ਅਹਿਦੀਏ ਭੇਜੇ, ਪਰ ਕੁਝ ਸਖ਼ਤ ਹੁਕਮ ਦੇ ਕੇ। ਅਹਿਦੀਏ ਅਨੰਦਪੁਰ ਤੇ ਅੰਮ੍ਰਿਤਸਰ ਭਾਲ ਕੇ ਮੁੜ ਗਏ। ਹੁਣ ਵਿਰੋਧੀਆਂ ਦੀ ਵਧੇਰੇ ਚੜ੍ਹ ਮੱਚੀ। ਰਾਮ ਰਾਏ ਤੇ ਸਭ ਦਰਬਾਰੀ ਮੌਲਵੀਆਂ ਨੇ ਇਕ ਆਵਾਜ਼ ਕਿਹਾ, "ਗੁਰੂ ਭਗੌੜਾ ਹੋ ਗਿਆ ਹੈ। ਪੰਜਾਬ ਦੇ ਜੱਟਾਂ ਤੇ ਰਾਜਪੂਤਾਨੇ ਦੇ ਰਾਜਪੂਤਾਂ ਉੱਤੇ ਗੁਰੂ ਮਹਾਰਾਜ ਦਾ ਬਹੁਤ ਅਸਰ ਹੈ। ਇਥੇ ਹੀ ਬਸ ਨਹੀਂ, ਸਾਰੇ ਉੱਤਰੀ ਹਿੰਦੁਸਤਾਨ ਦੇ ਹਿੰਦੂ ਗੁਰੂ ਮਹਾਰਾਜ ਦੇ ਹੁਕਮ

ਉੱਤੇ ਜਾਨ ਦੇਂਦੇ ਹਨ। ਫਿਰ ਹੁਣ ਜਦ ਉਹਨੇ ਹਿੰਦੂਆਂ ਦੇ ਧਰਮ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ, ਤਾਂ ਹਿੰਦੂ ਵਧੇਰੇ ਉਸ ਦੇ ਹੁਕਮ ਵਿਚ ਚੱਲਣ ਲਈ ਤਿਆਰ ਹੋ ਜਾਣਗੇ। ਗੁਰੂ ਇਸ ਵਾਸਤੇ ਲੁਕ ਗਿਆ ਹੈ ਕਿ ਉਹ ਤਾਕਤ ਇਕੱਠੀ ਕਰ ਕੇ ਬਾਦਸ਼ਾਹ ਦੇ ਵਿਰੁੱਧ ਬਗ਼ਾਵਤ ਕਰਾ ਸਕੇ। ਐਸਾ ਨਾ ਹੁੰਦਾ, ਤਾਂ ਗੁਰੂ ਕੀਤੇ ਹੋਏ ਵਾਅਦੇ ਅਨੁਸਾਰ ਹੁਣ ਤਕ ਹਾਜ਼ਰ ਹੋ ਜਾਂਦਾ।"

ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ

ਔਰੰਗਜ਼ੇਬ ਦੇ ਮਨ ਵਿਚ ਕੁਝ ਹੋਰ ਹੀ ਸੀ। ਉਹ ਇਸਲਾਮੀ ਦੁਨੀਆਂ ਵਿਚ ਵੱਡਾ ਬਣਨ ਵਾਸਤੇ, ਹਰ ਗ਼ੈਰ-ਮੁਸਲਮਾਨ ਉੱਤੇ ਹਰ ਕਿਸਮ ਦਾ ਜ਼ੁਲਮ ਕਰਨ ਲਈ ਤਿਆਰ ਸੀ। ਉਹ ਸਖ਼ਤ ਕਿਸਮ ਦਾ ਕੱਟੜਪੰਥੀ (ਤੁਅੱਸਬੀ) ਸੀ। ਕਿਸੇ ਨੇਕ ਤੋਂ ਨੇਕ ਇਨਸਾਨ ਵਾਸਤੇ ਵੀ ਉਹਦੇ ਦਿਲ ਵਿਚ ਸਤਿਕਾਰ ਜਾਂ ਰਹਿਮ ਨਹੀਂ ਸੀ। ਦਰਬਾਰੀਆਂ ਦੀ ਸਲਾਹ ਉਹਦੇ ਹੱਕ ਵਿਚ ਸੀ। ਉਹਨੇ ਗੁਰੂ ਮਹਾਰਾਜ ਨੂੰ ਸ਼ਾਹੀ ਭਗੌੜਾ ਕਰਾਰ ਦੇ ਕੇ ਗ੍ਰਿਫ਼ਤਾਰੀ ਦਾ ਐਲਾਨ ਕਰ ਦਿੱਤਾ। ਇਹ ਹੁਕਮ ਸਾਰੇ ਦੇਸ਼ ਵਿਚ ਆਹਲਾ ਅਫ਼ਸਰਾਂ ਨੂੰ ਭੇਜ ਦਿੱਤਾ ਗਿਆ। ਉਨ੍ਹਾਂ ਅੱਗੇ ਆਪਣੇ-ਆਪਣੇ ਹਲਕੇ ਵਿਚ ਢੰਢੋਰਾ ਕਰ ਦਿੱਤਾ।

ਗੁਰੂ ਜੀ ਆਗਰੇ ਵਿਚ ਗ੍ਰਿਫ਼ਤਾਰ

ਗੁਰੂ ਮਹਾਰਾਜ ਪਾਸ ਇਹ ਸਾਰੀਆਂ ਖ਼ਬਰਾਂ ਆਗਰੇ ਪਹੁੰਚੀਆਂ। ਗੁਰਦੇਵ ਨੇ ਸਾਥੀ ਸਿੱਖਾਂ ਨਾਲ ਸਲਾਹ ਕਰ ਕੇ ਆਪਣੇ-ਆਪ ਨੂੰ ਸਰਕਾਰ ਦੇ ਹਵਾਲੇ ਕਰਨ ਦਾ ਫੈਸਲਾ ਕਰ ਲਿਆ। ਹਜ਼ੂਰ ਨੂੰ ਪਸੰਦ ਨਹੀਂ ਸੀ ਕਿ ਉਨ੍ਹਾਂ ਦੇ ਵਿਰੋਧੀਆਂ ਦੇ ਦਿਲ ਵਿਚ ਵੀ ਅਜਿਹਾ ਖਿਆਲ ਪੈਦਾ ਹੋਵੇ ਕਿ ਗੁਰੂ ਮਹਾਰਾਜ ਕਿਸੇ ਭੈਅ ਕਾਰਨ ਲੁਕੇ ਫਿਰਦੇ ਹਨ। ਗੁਰਦੇਵ ਇਕ ਬਾਗ਼ ਵਿਚ ਬੈਠੇ ਸਨ। ਮਹਾਰਾਜ ਨੇ ਇਕ ਅਯਾਲੀ ਨੂੰ ਹੀਰੇ-ਜੜੀ ਮੁੰਦਰੀ ਤੇ ਪਸ਼ਮੀਨੇ ਦਾ ਦੁਸ਼ਾਲਾ ਦੇ ਕੇ ਹਲਵਾਈ ਦੀ ਦੁਕਾਨ ਤੋਂ ਮਠਿਆਈ ਲੈਣ ਵਾਸਤੇ ਭੇਜਿਆ। ਇਹ ਇਕ ਬਹਾਨਾ ਸੀ ਸਰਕਾਰੀ ਕਰਮਚਾਰੀਆਂ ਤਕ ਖ਼ਬਰ ਪਹੁੰਚਾਉਣ ਦਾ।

ਹਜ਼ੂਰ ਦੀ ਤਜਵੀਜ਼ ਠੀਕ ਬੈਠੀ। ਹਲਵਾਈ ਨੇ ਕੇਵਲ ਦੋ ਰੁਪਏ ਦੀ ਮਠਿਆਈ ਬਦਲੇ ਹੀਰੇ ਦੀ ਮੁੰਦਰੀ ਦੇਣ ਵਾਲੇ ਉੱਤੇ ਸ਼ੱਕ ਕਰ ਕੇ, ਉਸ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ। ਅਯਾਲੀ ਨੇ ਸਾਰੀ ਕਹਾਣੀ ਪੁਲੀਸ ਕਰਮਚਾਰੀਆਂ ਨੂੰ ਕਹਿ ਸੁਣਾਈ। ਕਿਲ੍ਹੇ ਦਾ ਦਰੋਗਾ ਦੱਸੀ ਥਾਂ 'ਤੇ ਸਿਪਾਹੀ ਲੈ ਕੇ ਜਾ ਪੁੱਜਾ। ਪੰਜਾਂ ਸਿੱਖਾਂ ਸਮੇਤ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਕੇ ਉਹਨੇ ਕਿਲ੍ਹੇ ਵਿਚ ਜਾ ਨਜ਼ਰਬੰਦ ਕੀਤਾ।

ਆਗਰੇ ਤੋਂ ਦਿੱਲੀ

ਗੁਰੂ ਜੀ ਦੀ ਗ੍ਰਿਫਤਾਰੀ ਦੀ ਖ਼ਬਰ ਦਿੱਲੀ ਪੁੱਜੀ, ਤਾਂ ਬਾਦਸ਼ਾਹ ਨੇ ਫੌਜਦਾਰ ਸਦਰਦੀਨ ਨੂੰ ਬਾਰਾਂ ਸੌ ਅਸਵਾਰ ਦੇ ਕੇ ਭੇਜਿਆ। ਨਾਲ ਹੀ ਉਸ ਨੂੰ ਹੁਕਮ ਦਿੱਤਾ ਗਿਆ ਕਿ ਉਹ ਗੁਰੂ ਜੀ ਨੂੰ ਲਿਆਉਣ ਲੱਗਾ ਜ਼ਰਾ ਖ਼ਬਰਦਾਰ ਰਹੇ। ਬਾਦਸ਼ਾਹ ਨੂੰ ਖਤਰਾ ਸੀ ਕਿ ਗੁਰੂ ਜੀ ਨੱਸ ਨਾ ਜਾਣ[3]।

ਗੁਰੂ ਜੀ ਦਾ ਜਾਟਾਂ ਤੇ ਰਾਜਪੂਤਾਂ ਵਿਚ ਬੜਾ ਅਸਰ-ਰਸੂਖ਼ ਸੀ। ਇਸ ਗੱਲ ਦਾ ਵੀ ਭੈਅ ਸੀ ਕਿ ਉਹ ਲੋਕ ਬਲਵਾ ਕਰ ਕੇ ਗੁਰੂ ਜੀ ਨੂੰ ਛੁਡਾ ਨਾ ਲੈਣ।

ਦਿੱਲੀ ਲਿਆ ਕੇ ਗੁਰੂ ਜੀ ਨੂੰ ਇਕ ਸੁੰਞੀ ਹਵੇਲੀ ਵਿਚ ਭੁੱਖੇ-ਤਿਹਾਏ ਕੈਦ ਰੱਖਿਆ

ਗਿਆ। ਮੁਸਲਮਾਨਾਂ ਦਾ ਵਹਿਮ ਸੀ ਕਿ ਉਸ ਹਵੇਲੀ ਵਿਚ ਭੂਤ-ਪ੍ਰੇਤ ਰਹਿੰਦੇ ਹਨ। ਔਰੰਗਜ਼ੇਬ ਆਪਣੇ ਨਾਲ ਮੁਲਾਕਾਤ ਦਾ ਸਮਾਂ ਦੇਣ ਤੋਂ ਪਹਿਲਾਂ ਚਾਹੁੰਦਾ ਸੀ ਕਿ ਗੁਰੂ ਜੀ ਨਾਲ ਕੁਝ ਸਖ਼ਤ ਵਰਤਾਉ ਕੀਤਾ ਜਾਏ, ਤਾਂਕਿ ਗੁਰੂ ਜੀ ਸਮਝ ਲੈਣ ਕਿ ਉਨ੍ਹਾਂ ਨਾਲ ਸਖ਼ਤੀ ਵੀ ਹੋ ਸਕਦੀ ਹੈ।

ਔਰੰਗਜ਼ੇਬ ਨਾਲ ਮੁਲਾਂਕਾਤ

ਦੋ ਦਿਨ ਪਿੱਛੋਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਰਬਾਰ ਵਿਚ ਬੁਲਾਇਆ।[੪] ਨੀਤੀਵਾਨ ਬਾਦਸ਼ਾਹ ਗੁਰੂ ਜੀ ਦੇ ਸਾਹਮਣੇ ਬੜੀ ਨਰਮੀ ਨਾਲ ਪੇਸ਼ ਆਇਆ। ਇਹ ਉਸ ਦੀ ਚਲਾਕੀ ਸੀ। ਉਹਨੇ ਬੜੇ ਆਦਰ-ਸਤਿਕਾਰ ਨਾਲ ਗੁਰੂ ਜੀ ਨੂੰ ਆਪਣੇ ਮੁਰਸ਼ਦ ਵਾਲੀ ਚੰਦਨ ਦੀ ਚੌਂਕੀ ਉੱਤੇ ਬਿਠਾਇਆ। ਪਹਿਲਾਂ ਤਾਂ ਬਾਦਸ਼ਾਹ ਨੇ ਆਪਣੇ ਕਰਮਚਾਰੀਆਂ ਵੱਲੋਂ ਭੁੱਲ ਵਿਚ ਹੋਏ ਨਾਵਾਜਬ ਸਲੂਕ ਲਈ ਮੁਆਫ਼ੀ ਮੰਗੀ ਤੇ ਫਿਰ ਆਪਣੀ ਸ਼ਰਧਾ ਪ੍ਰਗਟ ਕਰਨ ਲੱਗ ਪਿਆ, 'ਹੇ ਵੱਲੀ ਅੱਲਾਹ! ਆਪ ਠੀਕ ਹੀ ਇਕ ਮਹਾਨ ਪੁਰਸ਼ ਹੋ। ਦੇਸ਼ ਦੇ ਸਾਰੇ ਹਿੰਦੂ ਆਪ ਜੀ ਨੂੰ ਗੁਰੂ ਮੰਨਦੇ ਹਨ। ਆਪ ਬਾਬਾ ਨਾਨਕ ਦੇ ਗੱਦੀ-ਨਸ਼ੀਨ ਹੋ। ਮੈਂ, ਬਾਬੇ ਨਾਨਕ ਦੇ ਸੇਵਕ ਬਾਬਰ ਦੀ ਔਲਾਦ ਹਾਂ। ਇਹ ਮੇਰੀ ਹਜ਼ੂਰ ਵਾਸਤੇ ਅਕੀਦਤ ਹੈ ਕਿ ਮੈਂ ਆਪ ਜੀ ਨੂੰ ਆਪਣੇ ਮੁਰਸ਼ਦ ਦੀ ਗੱਦੀ ਉੱਤੇ ਬਿਠਾਇਆ ਹੈ। ਮੇਰੀ ਖ਼ਾਹਸ਼ ਹੈ ਕਿ ਆਪ ਹਿੰਦੂਆਂ ਦੇ ਨਾਲ-ਨਾਲ ਮੁਸਲਮਾਨਾਂ ਦੇ ਵੀ ਪੀਰ ਬਣ ਜਾਉ। ਏਸ ਤਰ੍ਹਾਂ ਆਪਣਾ ਸਾਰਿਆਂ ਦਾ ਭਲਾ ਹੈ। ਸਗੋਂ ਸਾਰੇ ਦੇਸ਼ ਦਾ ਭਲਾ ਹੈ। ਮੇਰਾ ਮਤਲਬ ਆਪ ਸਮਝ ਗਏ ਹੋ। ਮੇਰੀ ਖ਼ਾਹਿਸ਼ ਹੈ ਕਿ ਆਪ ਸੱਚਾ ਦੀਨ ਇਸਲਾਮ ਪਰਵਾਨ ਕਰ ਲਵੋ, ਤਾਂ ਸਾਰੇ ਹਿੰਦੂ ਮੁਸਲਮਾਨ ਹੋ ਜਾਣਗੇ। ਫਿਰ ਸਾਰੇ ਦੇਸ਼ ਦਾ ਇੱਕੋ ਮਜ਼ਹਬ ਹੋਵੇਗਾ ਤੇ ਆਪ ਹੋਵੋਗੇ ਸਾਰੇ ਦੇਸ਼, ਸਗੋਂ ਸਾਰੀ ਇਸਲਾਮੀ ਦੁਨੀਆਂ ਦੇ ਪੀਰ। ਮੈਂ ਆਸ ਕਰਦਾ ਹਾਂ ਕਿ ਆਪ ਮੇਰਾ ਹੰਮਾਂ ਨਹੀਂ ਤੋੜੋਗੇ।"

"ਐ ਬਾਦਸ਼ਾਹ!" ਗੁਰਦੇਵ ਨੇ ਬੜੇ ਠਰ੍ਹੰਮੇ ਨਾਲ ਉੱਤਰ ਦਿੱਤਾ, "ਆਪ ਜੋ ਚਾਹੁੰਦੇ ਹੋ, ਅਸਾਂ ਸਮਝ ਲਿਆ ਹੈ। ਹਰ ਇਨਸਾਨ ਆਪਣੀ ਮਰਜ਼ੀ ਦਾ ਬਹੁਤ ਕੁਝ ਚਾਹੁੰਦਾ ਹੈ। ਪਰ ਹੁੰਦਾ ਓਹ ਹੈ, ਜੋ ਅਕਾਲ ਪੁਰਖ ਨੂੰ ਮਨਜ਼ੂਰ ਹੋਵੇ। ਉਹ ਸਾਥੋਂ-ਤੁਹਾਥੋਂ ਬਹੁਤ ਵੱਡਾ ਹੈ। ਆਪਣੀਆਂ ਖ਼ਾਹਿਸ਼ਾਂ 'ਤੇ ਕਾਬੂ ਪਾ ਕੇ ਇਨਸਾਨ ਨੂੰ ਰਜ਼ਾ ਵਿਚ ਚੱਲਣ ਦਾ ਯਤਨ ਕਰਨਾ ਚਾਹੀਦਾ ਹੈ। ਹਿੰਦੂ, ਮੁਸਲਮਾਨ, ਸਿੱਖ, ਬੋਧੀ ਸਭ ਓਸੇ ਦੇ ਕੀਤੇ ਹਨ। ਉਸ ਨੂੰ ਨਾ ਭਾਵੇ, ਤਾਂ ਕੋਈ ਇਕ ਪਲ ਨਾ ਰਹਿ ਸਕੇ। ਜੇ ਉਸ ਨੂੰ ਇਹ ਮਨਜ਼ੂਰ ਹੁੰਦਾ ਕਿ ਸਭ ਲੋਕ ਇੱਕੋ ਮਜ਼ਹਬ ਨੂੰ ਮੰਨਣ ਵਾਲੇ ਹੋਣ, ਤਾਂ ਸ਼ੁਰੂ ਤੋਂ ਹੀ ਇੱਕੋ ਮਜ਼ਹਬ ਹੁੰਦਾ! ਦੂਸਰਾ ਕੋਈ ਧਰਮ ਵਜੂਦ ਵਿਚ ਹੀ ਨਾ ਆਉਂਦਾ! ਅਸਲ ਵਿਚ ਮਜ਼ਹਬ ਤਾਂ ਇਕ ਰਸਤਾ ਹੈ, ਪੱਥ ਹੈ, ਉਸ ਸਰਬ ਸ਼ਕਤੀਮਾਨ ਦੇ ਦਰਬਾਰ ਤਕ ਪਹੁੰਚਣ ਦਾ। ਤੇ ਹਰ ਇਕ ਨੂੰ ਆਪਣਾ-ਆਪਣਾ ਰਸਤਾ ਭਾਵ ਪੰਥ ਪਿਆਰਾ ਲੱਗਦਾ ਹੈ। ਰੱਬ ਦੂਸਰੇ ਦੇ ਰਾਹ ਵਿਚ ਰੁਕਾਵਟ ਪਾਉਣ ਨਾਲ ਖ਼ੁਸ਼ ਨਹੀਂ ਹੁੰਦਾ, ਸਗੋਂ ਦੂਸਰੇ ਦੇ ਖਿਆਲਾਂ ਨੂੰ ਬਰਦਾਸ਼ਤ ਕਰਨ ਵਿਚ ਰਾਜ਼ੀ ਹੈ। ਸਾਡੇ ਵਿਚਾਰ ਅਨੁਸਾਰ ਹਰ ਇਕ ਨੂੰ ਆਪਣੇ-ਆਪਣੇ ਨਿਸ਼ਚੇ ਮੁਤਾਬਕ ਉਸ ਦੀ ਅਰਾਧਨਾ ਕਰਨ ਦਾ ਹੱਕ ਹੈ। ਬਾਦਸ਼ਾਹ ਪਰਜਾ ਦਾ ਪਿਤਾ ਹੁੰਦਾ ਹੈ। ਉਸ ਨੂੰ ਆਪਣੇ ਸਾਰੇ ਬੱਚਿਆਂ ਨੂੰ ਇੱਕੋ ਜਿਹਾ ਸਮਝਣਾ ਚਾਹੀਦਾ ਹੈ, ਸਭ ਨੂੰ ਇੱਕੋ ਤਰ੍ਹਾਂ ਪਿਆਰ ਕਰਨਾ ਚਾਹੀਦਾ ਹੈ। ਅਸੀਂ ਤੁਹਾਡੇ ਪਾਸ ਵੀ ਇਹੋ ਆਸ ਲੈ ਕੇ ਆਏ ਹਾਂ। ਆਪ ਦੇਸ਼ ਦੇ ਬਾਦਸ਼ਾਹ ਹੋ। ਹਿੰਦੂ,

ਮੁਸਲਮਾਨ, ਸਭ ਤੁਹਾਡੀ ਪਰਜਾ ਹਨ। ਆਪ ਨੂੰ ਚਾਹੀਦਾ ਹੈ, ਸਭ ਨੂੰ ਇੱਕੋ ਜਿਹਾ ਸਮਝੇ। ਕਿਸੇ ਨਾਲ ਵੀ ਧੱਕਾ ਜਾਂ ਵਿਤਕਰਾ ਸ਼ੋਭਾ ਨਹੀਂ ਦਿੰਦਾ। ਜਿਵੇਂ ਮੁਸਲਮਾਨ ਨੂੰ ਆਪਣੇ ਅਸੂਲਾਂ ਮੁਤਾਬਕ ਖ਼ੁਦਾ ਦੀ ਪ੍ਰਸਤਸ਼ ਕਰਨ ਦਾ ਹੱਕ ਹੈ, ਉਸੇ ਤਰ੍ਹਾਂ ਹਿੰਦੂ ਨੂੰ ਵੀ ਆਪਣੀ ਸ਼ਰਧਾ ਅਨੁਸਾਰ ਭਗਵਾਨ ਦੀ ਪੂਜਾ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ।"

"ਮਹਾਰਾਜ!" ਬਾਦਸ਼ਾਹ ਨੇ ਰਾਹੋਂ ਗੱਲ ਟੋਕ ਕੇ ਕਿਹਾ, "ਆਪ ਹਿੰਦੂ ਨਹੀਂ ਹੋ। ਨਾ ਆਪ ਤਿਲਕ ਲਗਾਉਂਦੇ ਹੋ, ਨਾ ਜਨੇਊ ਪਹਿਨਦੇ ਹੋ। ਨਾ ਹੀ ਆਪ ਉਨ੍ਹਾਂ ਵਾਂਗ ਵਰਣ ਆਸ਼ਰਮ, ਜਾਤ-ਪਾਤ ਮੰਨਦੇ ਹੋ, ਨਾ ਬੁੱਤ ਪੂਜਦੇ ਹੋ। ਆਪ ਤਾਂ ਇਕ ਨਿਰੰਕਾਰ ਦੇ ਪੁਜਾਰੀ ਹੋ, ਤੌਹੀਦਪ੍ਰਸਤ। ਫਿਰ ਆਪ ਪੱਥਰ-ਪੂਜ ਹਿੰਦੂਆਂ ਦੀ ਸਿਫ਼ਾਰਿਸ਼ ਕਿਉਂ ਕਰਦੇ ਹੋ?"

"ਠੀਕ ਹੈ। ਨਾ ਅਸੀਂ ਬੁੱਤ ਪੂਜਦੇ ਹਾਂ, ਨਾ ਤਿਲਕ-ਜੰਞੂ ਦੇ ਧਾਰਨੀ ਹਾਂ। ਪਰ ਅਸੀਂ ਕਹਿੰਦੇ ਹਾਂ ਕਿ ਜਿਵੇਂ ਮੋਮਨ ਨੂੰ ਸੰਗਿ-ਅਸਵਦ ਨਾਲ ਅਕੀਦਤ ਹੈ, ਓਸੇ ਤਰ੍ਹਾਂ ਹਿੰਦੂ ਨੂੰ ਆਪਣੇ ਠਾਕਰਾਂ ਵਿਚ ਸ਼ਰਧਾ ਹੈ। ਦੂਸਰਾ, ਦੂਸਰੇ ਦੀ ਸ਼ਰਧਾ ਵਿਚ ਕਿਉਂ ਦਖ਼ਲ ਦੇਵੇ? ਸਾਡੀ ਰਾਏ ਅਨੁਸਾਰ ਧਰਮ ਦੇ ਮਸਲੇ ਵਿਚ ਹਰ ਇਕ ਨੂੰ ਅਜ਼ਾਦੀ ਹੋਣੀ ਚਾਹੀਦੀ ਹੈ। ਧਰਮ ਇਨਸਾਨ ਦੀ ਨਿੱਜੀ ਵਸਤੂ ਹੈ। ਇਸ ਦਾ ਸੰਬੰਧ ਸਰੀਰ ਨਾਲੋਂ ਵਧੇਰੇ ਆਤਮਾ ਨਾਲ ਹੈ। ਧੱਕੇ ਨਾਲ ਕਿਸੇ ਦਾ ਧਰਮ ਖੋਹਣਾ ਇਨਸਾਫ਼ ਨਹੀਂ। ਪ੍ਰਚਾਰ ਤੇ ਪਿਆਰ ਨਾਲ ਕਿਸੇ ਨੂੰ ਆਪਣੇ ਮਜ਼ਹਬ ਵਿਚ ਲੈ ਆਉਣਾ ਮਾੜਾ ਨਹੀਂ, ਪਰ ਤਲਵਾਰ ਦੇ ਜ਼ੋਰ ਕਿਸੇ ਦਾ ਧਰਮ ਖੋਹਣਾ ਪਾਪ ਹੈ। ਪਾਪ ਕਦੇ ਵੀ ਰੱਬ ਨੂੰ ਨਹੀਂ ਭਾਉਂਦਾ।"

"ਮਹਾਰਾਜ!" ਔਰੰਗਜ਼ੇਬ ਜ਼ਰਾ ਤਲਖ਼ੀ ਨਾਲ ਬੋਲਿਆ। "ਆਪ ਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਆਪ ਔਰੰਗਜ਼ੇਬ ਆਲਮਗੀਰ ਨਾਲ ਗੱਲ ਕਰ ਰਹੇ ਹੋ। ਖ਼ੁਦਾ ਦੇ ਸੱਚੇ ਮਜ਼ਹਬ ਵਾਸਤੇ ਮੈਂ ਸਭ ਕੁਝ ਕਰਨ ਲਈ ਤਿਆਰ ਹਾਂ। ਆਪ ਝੂਠੇ ਬੁੱਤ-ਪੂਜਾਂ ਦੀ ਤਰਫ਼ਦਾਰੀ ਕਰ ਕੇ ਆਪਣੇ ਵਾਸਤੇ ਮੁਸ਼ਕਲਾਂ ਪੈਦਾ ਕਰ ਰਹੇ ਹੋ। ਆਪ ਵਾਸਤੇ ਹਿੰਦੂ ਮੁਸਲਮਾਨ ਬਰਾਬਰ ਹਨ। ਫਿਰ ਆਪ ਇਕ ਫ਼ਿਰਕੇ ਦੀ ਮਦਦ 'ਤੇ ਕਿਉਂ ਖੜ੍ਹੇ ਹੋ?"

"ਅਸੀਂ ਹਿੰਦੂਆਂ ਦੀ ਮਦਦ ਇਸ ਵਾਸਤੇ ਕਰ ਰਹੇ ਹਾਂ, ਕਿਉਂਕਿ ਉਹ ਕਮਜ਼ੋਰ ਹਨ, ਮਜ਼ਲੂਮ ਹਨ। ਕਦੇ ਮੁਸਲਮਾਨ ਨਿਰਬਲ ਹੁੰਦੇ ਤੇ ਕੋਈ ਜਰਵਾਣਾ ਹਿੰਦੂ ਉਨ੍ਹਾਂ ਉੱਤੇ ਧੱਕਾ ਕਰਦਾ, ਤਾਂ ਅਸੀਂ ਮੁਸਲਮਾਨਾਂ ਦੀ ਵੀ ਇਸੇ ਤਰ੍ਹਾਂ ਮਦਦ ਕਰਦੇ। ਅਸੀਂ ਤਾਂ ਸਿਰਫ਼ ਇਸ ਗੱਲ ਦੀ ਮੰਗ ਕਰਦੇ ਹਾਂ ਕਿ ਹਰ ਇਕ ਨੂੰ ਆਪਣੀ ਮਰਜ਼ੀ ਮੁਤਾਬਕ ਰੱਬ ਦੀ ਪੂਜਾ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਸਰਕਾਰ ਨੂੰ ਕਿਸੇ ਦੇ ਧਰਮ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ।"

"ਐ ਹਿੰਦ ਦੇ ਪੀਰ!" ਬਾਦਸ਼ਾਹ ਜ਼ਰਾ ਗੁੱਸੇ ਨਾਲ ਬੋਲਿਆ, "ਸ਼ਹਿਨਸ਼ਾਹ ਸਲਾਮਤ ਕੋਲ ਬੇਫ਼ਾਇਦਾ ਬਹਿਸ ਵਿਚ ਗੁਆਉਣ ਜੋਗਾ ਵਕਤ ਨਹੀਂ। ਸਾਨੂੰ ਮਤਲਬ ਦੀਆਂ ਗੱਲਾਂ ਦਾ ਫ਼ੈਸਲਾ ਕਰਨਾ ਚਾਹੀਦਾ ਹੈ। ਕਸ਼ਮੀਰ ਦੇ ਪੰਡਤਾਂ ਦਾ ਮੇਜਰਨਾਵਾਂ ਸਾਡੇ ਸਾਹਮਣੇ ਹੈ। ਕੀ ਆਪ ਨੇ ਉਨ੍ਹਾਂ ਨੂੰ ਕੋਈ ਭਰੋਸਾ ਦੁਆਇਆ ਸੀ?"

"ਹਾਂ। ਗੁਰੂ ਨਾਨਕ ਦੇ ਦਰ 'ਤੇ ਆਏ ਕਿਸੇ ਨੂੰ ਵੀ ਨਿਰਾਸ ਨਹੀਂ ਮੋੜਿਆ ਜਾ ਸਕਦਾ। ਬੇ-ਸਹਾਰੇ ਦੀ ਸਹਾਇਤਾ ਕਰਨਾ ਸਾਡਾ ਧਰਮ ਹੈ।"

"ਪਰ ਤੁਸਾਂ ਕਿਸ ਮਾਣ ਉੱਤੇ ਇਹ ਜ਼ਿੰਮੇਵਾਰੀ ਚੁੱਕੀ?"

"ਮਾਣ ਤਾਂ ਸਭ ਨੂੰ ਉਸ ਅਕਾਲ ਪੁਰਖ ਦਾ ਹੈ। ਸਾਡਾ ਵਿਚਾਰ ਸੀ ਕਿ ਆਪ ਇਕ

ਇਨਸਾਫ਼ ਵਾਲੀ ਮੰਗ ਪ੍ਰਵਾਨ ਕਰ ਲਵੋਗੇ।"

"ਪਰ ਹੁਣ ਤਾਂ ਤੁਹਾਨੂੰ ਯਕੀਨ ਹੋ ਗਿਆ ਹੋਵੇਗਾ ਕਿ ਤੁਹਾਡੀ ਮੰਗ ਠੁਕਰਾਈ ਗਈ ਹੈ, ਕਿਉਂਕਿ ਉਹ ਇਨਸਾਫ਼ ਵਾਲੀ ਨਹੀਂ।"

"ਠੁਕਰਾਈ ਗਈ ਹੈ, ਪਰ ਇਸ ਨੂੰ ਬੇਇਨਸਾਫ਼ੀ ਵਾਲੀ ਨਹੀਂ ਕਿਹਾ ਜਾ ਸਕਦਾ।"

"ਮਹਾਰਾਜ! ਆਪ ਵਿਦਵਾਨ ਹੋ, ਤੇ ਆਪਣਾ ਨਫ਼ਾ ਨੁਕਸਾਨ ਸੋਚ ਸਕਦੇ ਹੋ। ਹੁਣ ਬਾਦਸ਼ਾਹ ਦਾ ਹੁਕਮ ਸੁਣ ਲਵੋ। ਮੇਜਰਨਾਵੇਂ ਵਿਚ ਲਿਖਿਆ ਹੈ ਕਿ ਹਿੰਦ ਦਾ ਪੀਰ ਮੁਸਲਮਾਨ ਹੋ ਜਾਵੇ, ਤਾਂ ਸਾਰੇ ਹਿੰਦੂ ਮੁਸਲਮਾਨ ਹੋ ਜਾਣਗੇ। ਇਸ ਦਾ ਮਤਲਬ ਕਿ ਇਹ ਸਵਾਲ ਹੁਣ ਸਾਰੇ ਦੇਸ਼ ਦਾ ਬਣ ਗਿਆ ਹੈ। ਸੋ, ਮੇਰੀਆਂ ਤਿੰਨ ਸ਼ਰਤਾਂ ਹਨ: ਆਪ ਇਸਲਾਮ ਪ੍ਰਵਾਨ ਕਰ ਲਵੋ, ਤਾਂ ਕਿ ਸਾਰੇ ਹਿੰਦੂ ਮੁਸਲਮਾਨ ਹੋ ਜਾਣ। ਮੈਂ ਤੁਹਾਨੂੰ ਮੂੰਹ-ਮੰਗੀ ਜਾਗੀਰ ਦੇ ਕੇ ਸਾਰੇ ਇਸਲਾਮ ਦਾ ਪੀਰ ਬਣਾ ਦਿਆਂਗਾ। ਦੂਸਰੀ ਸ਼ਰਤ : ਆਪ ਕਰਾਮਾਤ ਵਿਖਾਓ, ਜਿਸ ਤੋਂ ਪਤਾ ਲੱਗ ਸਕੇ ਕਿ ਆਪ ਖ਼ੁਦਾ ਦੇ ਭੇਜੇ ਹੋਏ ਪੈਗ਼ੰਬਰ ਹੋ। ਇਹ ਦੋਵੇਂ ਸ਼ਰਤਾਂ ਮਨਜ਼ੂਰ ਨਹੀਂ, ਤਾਂ ਆਪਣੀ ਜਾਨ ਦੇਣ ਵਾਸਤੇ ਤਿਆਰ ਹੋ ਜਾਓ।"

"ਬਾਦਸ਼ਾਹ! ਪਹਿਲੀਆਂ ਦੋਵੇਂ ਸ਼ਰਤਾਂ ਪ੍ਰਵਾਨ ਨਹੀਂ। ਅਸੀਂ ਕਿਸੇ ਦੇ ਧਰਮ ਨੂੰ ਬੁਰਾ ਨਹੀਂ ਕਹਿੰਦੇ, ਪਰ ਆਪਣਾ ਧਰਮ ਛੱਡਣ ਵਾਸਤੇ ਕਿਸੇ ਕੀਮਤ 'ਤੇ ਵੀ ਤਿਆਰ ਨਹੀਂ ਤੇ ਕਰਾਮਾਤ ਵਿਖਾਉਣੀ? ਇਹ ਤਾਂ ਖ਼ੁਦਾ ਦੇ ਹੁਕਮ ਨੂੰ ਅਦੂਲਣ ਦੇ ਬਰਾਬਰ ਹੈ। ਖ਼ੁਦਾ ਦੇ ਬੰਦੇ ਕਰਾਮਾਤਾਂ ਦੇ ਝਮੇਲੇ ਵਿਚ ਨਹੀਂ ਪੈਂਦੇ। ਆਖ਼ਰੀ ਗੱਲ ਰਹੀ ਜਾਨ ਦੇਣ ਦੀ। ਭਲਾ ਇਸ ਗੱਲ ਦੀ ਕੀ ਚਿੰਤਾ? ਸਾਡਾ ਨਿਸ਼ਚਾ ਹੈ:

– ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥ (ਪੰਨਾ ੧੪੨੯)

– ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥ (ਪੰਨਾ ੧੪੨੯)

ਸੋ, ਅਸੀਂ ਹਰ ਪ੍ਰੀਖਿਆ ਵਾਸਤੇ ਤਿਆਰ ਹਾਂ।"

"ਐ ਹਿੰਦ ਦੇ ਪੀਰ! ਜ਼ਬਾਨੀ ਐਸਾ ਕਹਿ ਲੈਣਾ ਸੌਖਾ ਹੈ, ਪਰ ਪਤਾ ਲੱਗਦਾ ਹੈ, ਇਮਤਿਹਾਨ ਵਿਚ ਪਿਆਂ। ਜਾਣਦੇ ਹੋ, ਤੁਹਾਡੇ ਨਾਲ ਕਿੰਨੀ-ਕੁ ਸਖ਼ਤੀ ਹੋ ਸਕਦੀ ਹੈ?" ਬਾਦਸ਼ਾਹ ਨੇ ਧਮਕੀ ਭਰੇ ਲਹਿਜ਼ੇ ਵਿਚ ਕਿਹਾ।

"ਹਾਂ, ਚੰਗੀ ਤਰ੍ਹਾਂ ਜਾਣਦੇ ਹਾਂ।" ਗੁਰਦੇਵ ਨੇ ਓਸੇ ਤਰ੍ਹਾਂ ਠਰ੍ਹੰਮੇ ਨਾਲ ਕਿਹਾ। "ਅਨੰਦਪੁਰੋਂ ਤੁਰਨ ਤੋਂ ਪਹਿਲਾਂ ਹੀ ਸਭ ਕੁਝ ਸੋਚ ਲਿਆ ਸੀ। ਸਗੋਂ ਹਰ ਸਖ਼ਤੀ ਸਹਿਣ ਵਾਸਤੇ ਆਪਣੇ-ਆਪ ਨੂੰ ਤਿਆਰ ਕਰ ਲਿਆ ਸੀ। ਅਸੀਂ ਤਿਆਰ ਹਾਂ। ਪਰ ਇਕ ਸ਼ਰਤ ਸਾਡੀ ਵੀ ਹੈ।"

"ਕਹੋ।"

"ਜੇ ਆਪ ਮਨ-ਚਾਹਿਆ ਜ਼ੁਲਮ ਕਰ ਕੇ ਵੀ ਸਾਡਾ ਧਰਮ ਨਾ ਖੋਹ ਸਕੋ, ਤਾਂ ਨਿਰਬਲ ਹਿੰਦੂਆਂ ਉੱਤੇ ਜ਼ੁਲਮ ਛੱਡ ਦਿਉਗੇ। ਅਸੀਂ ਸਾਰੇ ਮਜ਼ਲੂਮਾਂ ਵੱਲੋਂ ਆਪਣੇ ਆਪ ਨੂੰ ਪੇਸ਼ ਕਰਦੇ ਹਾਂ। ਆਪ ਸਾਰੀ ਤਾਕਤ ਲਾ ਕੇ ਅਜ਼ਮਾ ਲਵੋ।"

ਇਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸਭ ਤੋਂ ਵੱਡੀ ਬਹਾਦਰੀ ਸੀ। ਜਾਂ ਸਮਝੋ, ਧਰਮ ਵੱਲੋਂ ਜ਼ੁਲਮ ਨੂੰ ਇਕ ਵੰਗਾਰ ਸੀ। ਜ਼ੁਲਮ ਤੇ ਸੱਚਾਈ ਦਾ ਘੋਲ, ਭਰਪੂਰ ਟੱਕਰ ਤੇ ਇਸ

ਤਜਰਬੇ ਵਾਸਤੇ ਗੁਰੂ ਮਹਾਰਾਜ ਨੇ ਖ਼ੁਸ਼ੀ ਨਾਲ ਆਪਣੇ ਆਪ ਨੂੰ ਪੇਸ਼ ਕੀਤਾ ਸੀ।

ਗੁਰੂ ਜੀ ਜੇਲ੍ਹ ਵਿਚ ਬੰਦ

ਔਰੰਗਜ਼ੇਬ ਵੱਲੋਂ ਗੁਰਦੇਵ 'ਤੇ ਸਖ਼ਤੀ ਸ਼ੁਰੂ ਹੋ ਗਈ। ਹਜ਼ੂਰ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ। ਕੁਝ ਸਖ਼ਤ ਸੁਭਾਉ ਦੇ ਕਾਜ਼ੀਆਂ ਨੂੰ ਗੁਰੂ ਜੀ ਦੀ ਨਿਗਰਾਨੀ ਰੱਖਣ ਦਾ ਹੁਕਮ ਦੇ ਦਿੱਤਾ ਗਿਆ। ਦਿੱਲੀ ਦੇ ਸਿੱਖਾਂ ਦਾ ਮਿਲਣਾ ਬੰਦ ਕਰ ਦਿੱਤਾ ਗਿਆ।

ਗੁਰਦੇਵ ਇਸ ਸਖ਼ਤੀ ਨੂੰ ਬੜੇ ਧੀਰਜ ਨਾਲ ਸਹਿ ਰਹੇ ਸਨ। ਨਾ ਉਨ੍ਹਾਂ ਦੀ ਜ਼ਬਾਨ 'ਤੇ ਕਿਸੇ ਦੇ ਵਿਰੁੱਧ ਗਿਲਾ ਸੀ, ਨਾ ਅਫ਼ਸੋਸ। ਮਹਾਰਾਜ ਸ਼ਾਂਤ ਸਨ। ਹਰ ਵੇਲੇ ਆਪ ਬਾਣੀ ਪੜ੍ਹਦੇ ਰਹਿੰਦੇ। ਇਸ ਉੱਚੀ ਅਵਸਥਾ ਦਾ ਅਸਰ ਜੇਲ੍ਹ ਦੇ ਦਰੋਗਾ ਖ਼੍ਵਾਜਾ ਅਬਦੁੱਲਾ ਤੇ ਉਸ ਦੇ ਮਾਤਹਿਤ ਮੈਮੂੰ ਖਾਂ ਉੱਤੇ ਬਹੁਤ ਪਿਆ। ਦਿਲੋਂ ਉਹ ਗੁਰਦੇਵ ਦੇ ਸ਼ਰਧਾਲੂ ਹੋ ਗਏ। ਜਿੰਨਾ ਹੋ ਸਕਦਾ, ਉਹ ਗੁਰਦੇਵ ਦੀ ਸੇਵਾ ਕਰਦੇ। ਪਰ ਬਾਦਸ਼ਾਹ ਤੇ ਉਹਦੇ ਸੂਹੀਆਂ ਤੋਂ ਡਰਦੇ ਉਹ ਵਧੇਰੇ ਕੁਝ ਨਹੀਂ ਸਨ ਕਰ ਸਕਦੇ।

ਅਨੰਦਪੁਰ ਤੋਂ ਦਿੱਲੀ ਤੇ ਦਿੱਲੀ ਤੋਂ ਅਨੰਦਪੁਰ ਰੋਜ਼ ਖਬਰ ਪਹੁੰਚਦੀ ਸੀ। ਹੁਣ ਚਿੱਠੀਆਂ ਲਿਆਉਣ ਵਾਲੇ ਸਿੱਖਾਂ ਦਾ ਖੁੱਲ੍ਹ-ਮ-ਖੁੱਲ੍ਹਾ ਮਿਲਣਾ ਬੰਦ ਕਰ ਦਿੱਤਾ ਗਿਆ, ਪਰ ਦਰੋਗਾ ਅਬਦੁੱਲਾ ਰਾਹੀਂ ਖ਼ਬਰ ਸਭ ਪਹੁੰਚਦੀ ਰਹਿੰਦੀ ਸੀ।

ਭਾਈ ਮਤੀਦਾਸ ਦੀ ਸ਼ਹੀਦੀ*

ਇਕ ਦਿਨ ਭਾਈ ਮਤੀ ਦਾਸ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਆਪ ਕਰਨ-ਕਾਰਨ ਸਮਰੱਥ ਹੋ। ਜ਼ਾਲਮ ਬਾਦਸ਼ਾਹ ਕਰਾਮਾਤ ਹੀ ਵੇਖਣਾ ਚਾਹੁੰਦਾ ਹੈ, ਤਾਂ ਆਪ ਅਜਿਹੀ ਕਰਾਮਾਤ ਵਿਖਾਉ ਕਿ ਜ਼ਾਲਮ ਦਾ ਕੁਲ ਨਾਸ਼ ਕਰ ਦਿਓ। ਹਜ਼ਾਰਾਂ ਦੁਖੀ, ਸੁਖ ਦਾ ਸਾਹ ਲੈਣਗੇ।"

"ਮਤੀ ਦਾਸ ਜੀ!" ਮਹਾਰਾਜ ਓਵੇਂ ਧੀਰਜ ਨਾਲ ਬੋਲੇ, "ਤੁਹਾਡੇ ਅੰਦਰ ਬਦਲੇ ਦੀ ਭਾਵਨਾ ਪੈਦਾ ਹੋ ਗਈ ਹੈ। ਸ਼ਾਂਤ ਹੋਵੋ। ਕਿਸੇ ਦਾ ਕੁਲ-ਨਾਸ਼ ਕਰਨਾ ਜਾਂ ਰੱਖਣਾ ਅਕਾਲ ਪੁਰਖ ਦੇ ਵੱਸ ਹੈ। ਆਪਾਂ ਉਹਦੇ ਕੰਮਾਂ ਵਿਚ ਕਿਉਂ ਦਖ਼ਲ ਦੇਈਏ? ਸਾਡਾ ਧਰਮ ਹੈ, 'ਹੁਕਮਿ ਰਜਾਈ ਚਲਣਾ।' ਜੋ ਕੁਝ ਹੋ ਰਿਹਾ ਹੈ, ਸਭ ਉਸ ਦੇ ਰੰਗ ਹਨ।"

ਸੂਹੀਏ ਕਾਜ਼ੀ ਨੇ ਇਹ ਖ਼ਬਰ ਬਾਦਸ਼ਾਹ ਤਕ ਜਾ ਪਹੁੰਚਾਈ। ਬਾਦਸ਼ਾਹ ਨੂੰ ਦਿਲ ਦਾ ਕਹਿਰ ਕੱਢਣ ਦਾ ਮੌਕਾ ਮਿਲ ਗਿਆ। ਅਗਲੇ ਦਿਨ ਉਹਨੇ ਭਾਈ ਮਤੀ ਦਾਸ ਹੋਰਾਂ ਨੂੰ ਦਰਬਾਰ ਵਿਚ ਬੁਲਾ ਲਿਆ। ਭਾਈ ਮਤੀ ਦਾਸ ਕਹੇ ਸ਼ਬਦਾਂ ਤੋਂ ਮੁੱਕਰਿਆ ਨਹੀਂ। ਉਹਨੇ ਬਹਾਦਰਾਂ ਵਾਂਗ ਉੱਤਰ ਦਿੱਤਾ, "ਐ ਔਰੰਗਜ਼ੇਬ! ਮੇਰੇ ਗੁਰਦੇਵ ਸਮਰੱਥ ਹਨ। ਉਹ ਜੋ ਚਾਹੁਣ, ਕਰ ਸਕਦੇ ਹਨ। ਪਰ ਉਹ ਧਰਤੀ ਵਰਗੇ ਧੀਰਜ ਦੇ ਵੀ ਮਾਲਕ ਹਨ। ਉਹ ਸ਼ਾਂਤ ਰਹਿੰਦੇ ਹੋਏ ਸਭ ਕੁਝ ਸਹਾਰਨ ਦੀ ਸ਼ਕਤੀ ਰੱਖਦੇ ਹਨ। ਉਹ ਤੇਰੇ ਹਰ ਤਰ੍ਹਾਂ ਦੇ ਜ਼ੁਲਮ ਸਹਾਰ ਲੈਣਗੇ, ਪਰ ਜ਼ੁਲਮ ਕਰਨ ਵਾਲੇ ਦਾ ਤਾਂ ਨਾਸ਼ ਹੋਵੇਗਾ ਹੀ। ਅਸੀਂ ਆਪਣੇ-ਆਪ ਦੀ ਕੁਰਬਾਨੀ ਦੇਣ ਵਾਸਤੇ ਆਏ ਹਾਂ। ਸੋ ਹਾਜ਼ਰ ਹਾਂ।"

ਸੁਣ ਕੇ ਬਾਦਸ਼ਾਹ ਨੂੰ ਅੱਗ ਲੱਗ ਉੱਠੀ। ਉਹਨੇ ਮੌਤ ਦਾ ਹੁਕਮ ਦੇਂਦਿਆਂ ਮੁਫ਼ਤੀ ਦੀ ਰਾਏ ਪੁੱਛੀ ਕਿ ਅਜਿਹੇ ਬਾਗ਼ੀ ਨੂੰ ਕਿਸ ਮੌਤੇ ਮਾਰਨਾ ਚਾਹੀਦਾ ਹੈ। ਮੁਫ਼ਤੀ ਨੇ ਆਰੇ ਨਾਲ ਚੀਰਨ ਦੀ ਸਲਾਹ ਦਿੱਤੀ। ਇਹ ਸਾਕਾ ਆਮ ਲੋਕਾਂ ਦੇ ਸਾਹਮਣੇ ਕੀਤਾ ਗਿਆ।

ਮੌਤ ਦੇ ਸਬਰ ਦੇ ਦੰਗਲ ਵਾਸਤੇ ਬੰਦੀਖ਼ਾਨੇ ਦੇ ਸਾਹਮਣੇ ਚਾਂਦਨੀ ਚੌਂਕ ਵਿਚ ਖੁੱਲ੍ਹਾ ਥਾਂ ਚੁਣਿਆ ਗਿਆ। ਹਜ਼ਾਰਾਂ ਲੋਕ ਵੇਖਣ ਵਾਸਤੇ ਇਕੱਠੇ ਹੋ ਗਏ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਬਾਕੀ ਸਿੱਖ ਕੈਦੀ ਵੀ ਸਾਹਮਣੇ ਲਿਆਂਦੇ ਗਏ। ਉਦਾਲੇ ਫੌਜ ਦਾ ਸਖ਼ਤ ਪਹਿਰਾ ਸੀ। ਅਜਿਹੇ ਕਾਰੇ ਖੁੱਲ੍ਹੇ-ਆਮ ਇਸ ਵਾਸਤੇ ਕੀਤੇ ਜਾਂਦੇ ਸਨ, ਤਾਂ ਕਿ ਵੇਖਣ ਵਾਲਿਆਂ ਦੇ ਦਿਲਾਂ 'ਤੇ ਸਰਕਾਰ ਦਾ ਭੈਅ ਬਣਿਆ ਰਹੇ। ਸ਼ਖ਼ਸੀ ਹਕੂਮਤਾਂ ਦੇ ਜ਼ਮਾਨੇ ਦੁਨੀਆਂ ਦੇ ਹਰ ਹਿੱਸੇ ਵਿਚ ਅਜਿਹਾ ਕਹਿਰ ਰਿਹਾ ਹੈ।

ਭਾਈ ਮਤੀ ਦਾਸ ਨੂੰ ਲੱਕੜੀ ਦੇ ਦੋ ਫੱਟਿਆਂ ਵਿਚ ਕੱਸ ਕੇ ਬੰਨ੍ਹ ਦਿੱਤਾ ਗਿਆ। ਆਖ਼ਰੀ ਵਾਰ ਉਸ ਨੂੰ ਇਸਲਾਮ ਜਾਂ ਮੌਤ ਵਿੱਚੋਂ ਚੋਣ ਕਰਨ ਵਾਸਤੇ ਕਿਹਾ ਗਿਆ। ਭਾਈ ਮਤੀ ਦਾਸ ਨੇ ਉੱਤਰ ਦਿੱਤਾ, "ਧਰਮ ਵਾਸਤੇ ਸ਼ਹੀਦ ਹੋਣ ਵਾਲੇ ਕਦੇ ਡੋਲੇ ਨਹੀਂ। ਤੁਸੀਂ ਛੇਤੀ ਆਪਣਾ ਕਾਰਜ ਕਰੋ। ਅਜਿਹੀ ਮੌਤ ਕਿਸੇ ਭਾਗਾਂ ਵਾਲੇ ਨੂੰ ਨਸੀਬ ਹੁੰਦੀ ਹੈ। ਭਲਾ ਮੈਂ ਇਸ ਤੋਂ ਕਿਉਂ ਮੂੰਹ ਮੋੜਾਂ? ਮੈਂ ਤਿਆਰ ਹਾਂ।"

ਦਿਲ ਹਿਲਾ ਦੇਣ ਵਾਲਾ ਸਾਕਾ ਹੋਇਆ। ਜਲਾਦਾਂ ਨੇ ਆਰਾ ਖਿੱਚਣਾ ਸ਼ੁਰੂ ਕੀਤਾ ਤੇ ਸਿੱਖ ਨੇ 'ਜਪੁਜੀ' ਸਾਹਿਬ ਦਾ ਪਾਠ। ਖ਼ੂਨ ਦੀਆਂ ਧਾਰਾਂ ਵਹਿ ਤੁਰੀਆਂ। ਗੁਰਦੇਵ ਤੇ ਸਿੱਖ ਅਡੋਲ ਸਨ, ਪਰ ਉਦਾਲੇ ਵੇਖਣ ਵਾਲੇ ਕਈ ਆਹੀਂ ਭਰ ਰਹੇ ਸਨ। ਅੱਖਾਂ ਦੇ ਹੰਝੂ ਵਿੱਚੇ-ਵਿੱਚ ਪੀ ਰਹੇ ਸਨ। ਸਰਕਾਰ ਤੋਂ ਡਰਦੇ ਉਹ ਉੱਚੀ ਰੋ ਵੀ ਨਹੀਂ ਸਨ ਸਕਦੇ। ਲੱਕੜ ਦੀ ਗੇਲੀ ਵਾਂਗ ਮਤੀ ਦਾਸ ਨੂੰ ਦੋ-ਫਾੜ ਚੀਰ ਦਿੱਤਾ ਗਿਆ।

ਭਾਈ ਦਿਆਲਾ ਜੀ ਦੀ ਸ਼ਹੀਦੀ

ਇਹ ਕਹਿਰ ਵੇਖ ਕੇ ਭਾਈ ਦਿਆਲਾ ਜੀ ਤੋਂ ਸਹਾਰਿਆ ਨਾ ਗਿਆ। ਉਹ ਰੋਹ ਵਿਚ ਬੋਲ ਉਠੇ, "ਤੁਸਾਂ ਇਕ ਸਿਦਕੀ ਸਿੱਖ ਨੂੰ ਨਹੀਂ ਚੀਰਿਆ, ਮੁਗ਼ਲ ਰਾਜ ਦੀਆਂ ਜੜ੍ਹਾਂ ਚੀਰ ਦਿੱਤੀਆਂ ਹਨ। ਹੁਣ ਇਹ ਰਾਜ ਬਹੁਤਾ ਚਿਰ ਨਹੀਂ ਟਿਕੇਗਾ।"

ਮੁਫ਼ਤੀ ਵੱਲੋਂ ਭਾਈ ਦਿਆਲਾ ਜੀ ਵਾਸਤੇ ਵੀ ਫ਼ਤਵਾ ਸੁਣਾ ਦਿੱਤਾ ਗਿਆ ਜਿਊਂਦੇ-ਜੀਅ ਦੇਗ ਵਿਚ ਉਬਾਲ ਕੇ ਸ਼ਹੀਦ ਕਰਨ ਦਾ। ਅਮਾਨਸਿਕ ਨਿਰਦੈਤਾ। ਸੰਤ ਸਰੂਪ ਭਾਈ ਦਿਆਲਾ ਜੀ ਨੂੰ ਦੇਗ ਵਿਚ ਬਿਠਾ ਕੇ ਉਬਾਲ ਦਿੱਤਾ ਗਿਆ। ਰਿੱਝ-ਰਿੱਝ ਕੇ ਹੱਡੀਆਂ ਨਾਲੋਂ ਮਾਸ ਅਲੱਗ ਹੋ ਗਿਆ। ਪਰ ਸੂਰਮੇ ਸਿੱਖ ਨੇ ਮੂੰਹੋਂ 'ਸੀਅ' ਨਹੀਂ ਕੀਤੀ। ਇਹ ਜ਼ੁਲਮ ਵੇਖ ਕੇ ਸਾਰਾ ਸ਼ਹਿਰ ਕੰਬ ਉਠਿਆ।

ਗੁਰੂ ਜੀ ਨੂੰ ਧਮਕੀ

ਮੁਫ਼ਤੀ ਨੇ ਮੱਥੇ 'ਤੇ ਤਿਊੜੀ ਪਾ ਕੇ ਗੁਰਦੇਵ ਨੂੰ ਬੜੀ ਧਮਕੀ ਭਰੀ ਸੁਰ ਵਿਚ ਕਿਹਾ, "ਮਹਾਰਾਜ! ਜੋ ਤੁਹਾਡੇ ਸਿੱਖਾਂ ਦਾ ਹਾਲ ਹੋਇਆ ਹੈ, ਤੁਸਾਂ ਵੇਖ ਲਿਆ ਹੈ। ਬਾਦਸ਼ਾਹ ਸਲਾਮਤ ਆਪ ਜੀ ਨੂੰ ਸੋਚਣ ਵਾਸਤੇ ਕੁਝ ਹੋਰ ਸਮਾਂ ਦੇਣਾ ਚਾਹੁੰਦੇ ਹਨ। ਯਾਦ ਰੱਖੋ, ਜਾਂ ਇਸਲਾਮ, ਜਾਂ ਫਿਰ ਇਸ ਤੋਂ ਵੱਧ ਕਸ਼ਟ।"

"ਹੇ ਭਲੇ ਪੁਰਸ਼! ਇਹ ਸਭ ਉਸ ਮਾਲਕ ਦੇ ਹੱਥ ਹੈ। ਸਾਡਾ ਫ਼ਰਜ਼ ਤਾਂ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੈ।" ਮਹਾਰਾਜ ਓਵੇਂ ਸ਼ਾਂਤ ਸਨ।

ਭਾਈ ਮਤੀ ਦਾਸ ਦੇ ਨਾਲ ਹੀ ਉਨ੍ਹਾਂ ਦੇ ਭਰਾ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਲਾ ਕੇ ਸ਼ਹੀਦ ਕੀਤਾ ਗਿਆ ਸੀ। -ਸੰਪਾਦਕ

ਗੁਰੂ ਜੀ ਨੂੰ ਨੱਸ ਜਾਣ ਦੀ ਸਲਾਹ

ਸਾਰੇ ਸਮਝ ਗਏ ਕਿ ਹੁਣ ਵਾਰੀ ਸ੍ਰੀ ਗੁਰੂ ਤੇਗ਼ ਬਹਦਰ ਜੀ ਦੀ ਹੈ। ਮਹਾਰਾਜ ਨੂੰ ਫਿਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਅੱਧੀ ਰਾਤ ਦੇ ਕਰੀਬ ਦਰੋਗਾ ਅਬਦੁੱਲਾ ਗੁਰੂ ਜੀ ਦੇ ਹਾਜ਼ਰ ਹੋਇਆ। ਉਹਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ। ਉਹਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ, "ਐ ਵਾਲੀ ਦੋ-ਜਹਾਨ! ਏਨਾ ਕਹਿਰ ਹੁਣ ਸਹਾਰਿਆ ਨਹੀਂ ਜਾਂਦਾ। ਜੋ ਅੱਜ ਸਿੱਖਾਂ ਨਾਲ ਹੋਇਆ ਹੈ, ਕੱਲ੍ਹ ਨੂੰ ਆਪ ਜੀ ਦੇ ਨਾਲ ਵੀ ਹੋਵੇਗਾ। ਬੇਨਤੀ ਮੰਨੋ। ਰਾਤੋ-ਰਾਤ ਆਪ ਜੇਲ੍ਹ ਵਿੱਚੋਂ ਨਿਕਲ ਚੱਲੋ। ਮੇਰੇ ਬੰਦੇ ਨਾਲ ਹੋਣਗੇ। ਮੈਂ ਆਪ ਸੇਵਾ ਵਿਚ ਹਾਜ਼ਰ ਹੋਵਾਂਗਾ। ਹੋਰ ਕੋਈ ਚਾਰਾ ਨਹੀਂ। ਆਗਿਆ ਬਖਸ਼ੋ। ਥੋੜ੍ਹੇ ਸਮੇਂ ਵਿਚ ਸਭ ਪ੍ਰਬੰਧ ਹੋ ਜਾਵੇਗਾ।

"ਭਾਈ ਅਬਦੁੱਲਾ!" ਦਇਆ ਦੇ ਪੁੰਜ ਗੁਰਦੇਵ ਓਸੇ ਧੀਰਜ ਨਾਲ ਬੋਲੇ, "ਅਸਾਂ ਜਾਣਾ ਹੁੰਦਾ, ਤਾਂ ਪਹਿਲਾਂ ਆਉਂਦੇ ਹੀ ਕਿਉਂ? ਸਾਡੇ ਸਾਹਮਣੇ ਕੋਈ ਮਜਬੂਰੀ ਨਹੀਂ ਸੀ। ਜੋ ਦੂਸਰਿਆਂ ਦਾ ਦੁੱਖ ਆਪਣੇ ਸਿਰ ਲੈਂਦੇ ਹਨ, ਉਹ ਕਸ਼ਟਾਂ ਤੋਂ ਨਹੀਂ ਘਬਰਾਇਆ ਕਰਦੇ। ਜਿਸ ਕਾਰਜ ਵਾਸਤੇ ਅਸੀਂ ਆਏ ਹਾਂ, ਉਹ ਕੁਰਬਾਨੀ ਦਿੱਤੇ ਬਿਨਾਂ ਨੇਪਰੇ ਨਹੀਂ ਚੜ੍ਹਨਾ। ਮੁਰਦਾ ਹੋ ਚੁੱਕੀ ਕੌਮ ਨੂੰ ਨਵਾਂ ਜੀਵਨ ਦੇਣ ਵਾਸਤੇ ਕੁਰਬਾਨੀ ਦੀ ਅਤੀ ਲੋੜ ਹੈ। ਅਕਾਲ ਪੁਰਖ ਦੇ ਹੁਕਮ ਨਾਲ ਇਹ ਲੋੜ ਪੂਰੀ ਕਰਨ ਵਾਸਤੇ ਅਸਾਂ ਆਪਣੇ ਆਪ ਨੂੰ ਖ਼ੁਸ਼ੀ ਨਾਲ ਪੇਸ਼ ਕੀਤਾ ਹੈ। ਕਰਤਾਰ ਦੇ ਰੰਗ ਵੇਖੋ।"

ਤਿੰਨ ਸਿੱਖ ਜੇਲ੍ਹ ਵਿੱਚੋਂ ਨਿਕਲ ਗਏ

"ਮਹਾਰਾਜ! ਸਾਡੇ ਵਾਸਤੇ ਕੀ ਹੁਕਮ ਹੈ?" ਨਾਲ ਦੇ ਸਿੱਖਾਂ ਵਿੱਚੋਂ ਇਕ ਨੇ ਪੁੱਛਿਆ।

"ਤੁਸੀਂ ਜਾ ਸਕਦੇ ਹੋ। ਪਰ ਯਾਦ ਰੱਖਣਾ, ਆਪਣਾ ਉਦੇਸ਼ ਨਹੀਂ ਭੁੱਲਣਾ! ਜਿਸ ਸ਼ੁਭ ਕਾਰਜ ਵਾਸਤੇ ਇਥੇ ਸ਼ਹੀਦ ਹੋਣਾ ਹੈ, ਓਸੇ ਕਾਰਜ ਵਾਸਤੇ ਜਿਊਣ ਦਾ ਜਤਨ ਕਰਨਾ। ਹਾਂ, ਦਸਵੇਂ ਗੁਰੂ ਗੋਬਿੰਦ (ਸਿੰਘ) ਵਾਸਤੇ ਗੁਰਿਆਈ ਦੀ ਭੇਟਾ ਲੈਂਦੇ ਜਾਓ।"

ਭਾਵੇਂ ਅਨੰਦਪੁਰ ਤੋਂ ਚੱਲਣ ਲੱਗੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਅਮਲੀ ਤੌਰ ਉੱਤੇ ਸਾਹਿਬਜ਼ਾਦੇ (ਗੁਰੂ ਗੋਬਿੰਦ ਸਿੰਘ) ਨੂੰ ਗੱਦੀ ਸੌਂਪ ਆਏ ਸਨ[੬], ਪਰ ਰਸਮ ਪੂਰੀ ਕਰਨ ਵਾਸਤੇ ਹਜ਼ੂਰ ਨੇ ਦਿੱਲੀ ਤੋਂ ਸਿੱਖਾਂ ਹੱਥ ਪੰਜ ਪੈਸੇ ਦੇ ਕੇ ਹੁਕਮ ਕੀਤਾ, "ਅੱਜ ਤੋਂ ਗੁਰੂ ਨਾਨਕ ਦੀ ਗੱਦੀ ਦੇ ਮਾਲਕ ਗੁਰੂ ਗੋਬਿੰਦ ਰਾਏ ਜੀ ਹਨ।" ਨਾਲ ਹੀ ਮਹਾਰਾਜ ਨੇ ਅਨੰਦਪੁਰ ਵੱਲ ਮੁਖ ਕਰ ਕੇ ਸੀਸ ਝੁਕਾ ਦਿੱਤਾ।

ਗੁਰੂ ਜੀ ਲੋਹੇ ਦੇ ਪਿੰਜਰੇ ਵਿਚ

ਖ਼੍ਵਾਜਾ ਅਬਦੁੱਲਾ[੭] ਦੀ ਸਹਾਇਤਾ ਨਾਲ ਬਾਕੀ ਤਿੰਨੇ ਸਿੱਖ ਜੇਲ੍ਹ ਵਿੱਚੋਂ ਨਿਕਲ ਗਏ। ਉਨ੍ਹੀਂ ਦਿਨੀਂ ਅਜਿਹਾ ਆਮ ਹੋਇਆ ਕਰਦਾ ਸੀ। ਔਰੰਗਜ਼ੇਬ ਨੂੰ ਖ਼ਬਰ ਪਹੁੰਚੀ ਤਾਂ ਉਹ ਬਹੁਤ ਖ਼ਫਾ ਹੋਇਆ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ। ਲੋਹੇ ਦਾ ਪਿੰਜਰਾ, ਜਿਸ ਦੇ ਅੰਦਰ ਨੂੰ ਸੂਲਾਂ ਵਰਗੇ ਤਿੱਖੇ ਕਿੱਲ ਮੁੜੇ ਹੋਏ ਸਨ। ਨਾ ਉਸ ਵਿਚ ਆਦਮੀ ਆਰਾਮ ਨਾਲ ਬੈਠ ਸਕਦਾ ਸੀ, ਨਾ ਸਿੱਧਾ ਖੜ੍ਹਾ ਹੋ ਸਕਦਾ ਸੀ। ਹਜ਼ੂਰ ਨੂੰ ਉਸ ਵਿਚ ਕੁੱਬੇ ਹੋ ਕੇ ਖਲੋਣਾ ਪਿਆ। ਇਹ ਸਜ਼ਾ ਏਨੀ ਸਖ਼ਤ ਸੀ, ਜਿਸ ਨੂੰ ਕੋਈ ਸਾਧਾਰਨ ਆਦਮੀ ਨਹੀਂ ਸਹਾਰ ਸਕਦਾ। ਕੁਝ ਦਿਨ ਮਹਾਰਾਜ ਨੂੰ ਉਸ ਪਿੰਜਰੇ ਵਿਚ

ਕੁੱਬੇ ਲੱਕ ਖਲੋ ਕੇ ਭੁੱਖਿਆਂ-ਤਿਹਾਇਆਂ ਕੱਟਣੇ ਪਏ।

ਬਾਦਸ਼ਾਹ ਨਾਲ ਦੂਸਰੀ ਮੁਲਾਕਾਤ

ਕੁਝ ਦਿਨਾਂ ਪਿੱਛੋਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਫਿਰ ਸਾਹਮਣੇ ਬੁਲਾਇਆ। ਪਹਿਲੀ ਪੇਸ਼ੀ ਵਾਲੇ ਸਵਾਲ-ਜਵਾਬ ਫਿਰ ਦੁਹਰਾਏ ਗਏ।

"ਜਿਸ ਢੰਗ ਨਾਲ ਤੁਹਾਡੇ ਸਿੱਖ ਸ਼ਹੀਦ ਕੀਤੇ ਗਏ ਹਨ, ਆਸ ਹੈ, ਉਹ ਤੁਹਾਨੂੰ ਭੁੱਲੇ ਨਹੀਂ ਹੋਣਗੇ।" ਔਰੰਗਜ਼ੇਬ ਨੇ ਧਮਕੀ ਭਰੀ ਸੁਰ ਵਿਚ ਕਿਹਾ।

"ਸਾਡੇ ਵਿਚਾਰ ਅਨੁਸਾਰ, ਉਹ ਕਈ ਸਦੀਆਂ ਤਕ ਸਾਰੇ ਦੇਸ਼ ਨੂੰ ਯਾਦ ਰਹਿਣਗੇ!" ਗੁਰਦੇਵ ਨੇ ਬੜੇ ਧੀਰਜ ਨਾਲ ਉੱਤਰ ਦਿੱਤਾ।

"ਕੀ ਤੁਸੀਂ ਸਮਝਦੇ ਹੋ, ਤੁਹਾਡੇ ਨਾਲ ਉਸ ਤੋਂ ਘੱਟ ਹੋਵੇਗੀ?"

"ਜੋ ਵੀ ਹੋਵੇ, ਅਸੀਂ ਉਸ ਵਾਸਤੇ ਤਿਆਰ ਹੋ ਕੇ ਆਏ ਹਾਂ।"

"ਕੀ ਤੁਹਾਡੇ ਮਨ ਵਿਚ ਭੈਅ ਨਹੀਂ?"

"ਗੁਰੂ ਨਾਨਕ ਦੀ ਕਿਰਪਾ ਨਾਲ ਸਾਨੂੰ ਕੁਝ ਗਿਆਨ ਹੋ ਗਿਆ ਹੈ ਤੇ ਗਿਆਨਵਾਨ ਪੁਰਸ਼ ਨਾ ਕਿਸੇ ਤੋਂ ਡਰਦਾ ਹੈ, ਨਾ ਕਿਸੇ ਨੂੰ ਡਰਾਉਂਦਾ ਹੈ।" ਗੁਰੂ ਜੀ ਨੇ ਕਿਹਾ:

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥"

ਦੋ ਮਿੰਟ ਚੁੱਪ ਰਹਿਣ ਪਿੱਛੋਂ ਔਰੰਗਜ਼ੇਬ ਨੇ ਫਿਰ ਕਿਹਾ, "ਮਹਾਰਾਜ! ਜ਼ਰਾ ਠੰਢੇ ਦਿਲ ਨਾਲ ਸੋਚ ਲਵੋ। ਇਸਲਾਮ ਪ੍ਰਵਾਨ ਕਰ ਲੈਣ ਬਦਲੇ ਸਾਰੀ ਇਸਲਾਮੀ ਦੁਨੀਆਂ ਦੇ ਪੀਰ ਬਣਾ ਦਿੱਤੇ ਜਾਉਗੇ, ਤੇ ਇਨਕਾਰ ਕਰਨ ਬਦਲੇ ਅਣਿਆਈਂ ਮੌਤ।"

"ਐ ਬਾਦਸ਼ਾਹ! ਜੋ ਆਇਆ ਹੀ ਸ਼ਹੀਦ ਹੋਣ ਵਾਸਤੇ ਹੈ, ਉਸ ਨੂੰ ਵਾਰ-ਵਾਰ ਇਹ ਸਵਾਲ ਪੁੱਛਣ ਦਾ ਕੀ ਫ਼ਾਇਦਾ? ਅਸੀਂ ਤਿਆਰ ਹਾਂ।"

"ਫਿਰ ਕਰਾਮਾਤ ਵਿਖਾ ਦਿਓ। ਜਾਨ ਬਖ਼ਸ਼ੀ ਜਾਏਗੀ।"

"ਇਨਸਾਨੀ ਜੀਵਨ ਦੀ ਸਭ ਤੋਂ ਵੱਡੀ ਕਰਾਮਾਤ ਇਹ ਹੈ ਕਿ ਆਪਣੇ ਧਰਮ ਬਦਲੇ ਜਾਨ ਦੇ ਦਿੱਤੀ ਜਾਵੇ।"

"ਇਕ ਸਵਾਲ ਹੋਰ ਪੁੱਛਣਾ ਚਾਹੁੰਦਾ ਹਾਂ। ਆਪ ਜੀ ਦਾ ਨਾਮ 'ਤੇਗ਼ ਬਹਾਦਰ' ਹੈ। ਇਸ ਦਾ ਅਰਥ?"

"ਅਰਥ ਇਹ ਹੈ ਕਿ ਤੇਰੇ ਜ਼ੁਲਮ ਦੀ ਤੇਗ਼ ਸਾਹਮਣੇ ਅਸੀਂ ਬਹਾਦਰਾਂ ਵਾਂਗ ਛਾਤੀ ਤਾਣ ਕੇ ਖੜ੍ਹੇ ਹਾਂ।"

"ਮੈਂ ਨਹੀਂ ਸਾਂ ਚਾਹੁੰਦਾ ਕਿ ਤੁਹਾਡੇ ਵਰਗੀ ਨੇਕ ਹਸਤੀ ਨੂੰ ਮਿਟਾ ਦਿੱਤਾ ਜਾਵੇ। ਮੈਂ ਆਪ ਜੀ ਨੂੰ ਆਪਣੇ ਮੁਰਸ਼ਦ ਦੀ ਗੱਦੀ 'ਤੇ ਬਿਠਾਇਆ ਸੀ। ਇਹ ਮੇਰੀ ਦਿਲੀ ਅਕੀਦਤ ਸੀ। ਪਰ ਮੈਂ ਇਹ ਵੀ ਬਰਦਾਸ਼ਤ ਨਹੀਂ ਕਰ ਸਕਦਾ ਕਿ ਆਪ ਜੈਸਾ ਨੇਕ ਇਨਸਾਨ ਇਸਲਾਮ ਦੇ ਦਾਇਰੇ ਤੋਂ ਬਾਹਰ ਰਹੇ। ਪਰ ਆਪ ਨੇ ਹਠ ਕਰ ਕੇ ਨਫ਼ਾ ਨੁਕਸਾਨ ਨਹੀਂ ਸੋਚਿਆ। ਚਾਰ ਪਹਿਰ ਹੋਰ ਮੁਹਲਤ ਹੈ ਸੋਚਣ ਵਾਸਤੇ। ਕੱਲ੍ਹ ਦਸ ਵਜੇ ਆਪ ਜੀ ਦੇ ਜੀਵਨ ਦਾ ਫੈਸਲਾ ਕਰ ਦਿੱਤਾ ਜਾਵੇਗਾ।" ਬਾਦਸ਼ਾਹ ਨੇ ਆਖ਼ਰੀ ਹੁਕਮ ਸੁਣਾ ਦਿੱਤਾ।

ਅਗਲੇ ਦਿਨ ਦਸ ਵਜੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਚਾਂਦਨੀ ਚੌਂਕ ਵਿਚ (ਜਿੱਥੇ

ਅੱਜਕਲ੍ਹ ਗੁਰਦੁਆਰਾ ਸੀਸ ਗੰਜ ਹੈ) ਸ਼ਹੀਦ ਹੋਣ ਵਾਸਤੇ ਲਿਆਂਦਾ ਗਿਆ। ਉਸ ਦਿਨ ਵੀਰਵਾਰ ਸੀ, ਮਿਤੀ ਗਿਆਰਾਂ ਮੱਘਰ, ਮੱਘਰ ਸੁਦੀ ਪੰਜ, ਸੰਮਤ ੧੭੩੨ ਬਿ. (੧੧ ਨਵੰਬਰ, ੧੬੭੫ ਈ.)। ਮਹਾਰਾਜ ਸਵੇਰ ਤੋਂ ਹੀ ਇਸ਼ਨਾਨ ਤੇ ਪਾਠ ਕਰ ਕੇ ਤਿਆਰ ਸਨ। ਔਰੰਗਜ਼ੇਬ ਆਪ ਉਸ ਵੇਲੇ ਮੌਜੂਦ.ਸੀ। ਉਦਾਲੇ ਪੁਲਿਸ ਦਾ ਸਖ਼ਤ ਪਹਿਰਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਵੇਖਣ ਵਾਲੇ ਲੋਕ ਉਦਾਲੇ ਸਹਿਮੇ ਖੜ੍ਹੇ ਸਨ। ਰਿਵਾਜ ਪੂਰਾ ਕਰਨ ਵਾਸਤੇ ਮੁਫ਼ਤੀ ਨੇ ਇਕ ਵਾਰ ਫਿਰ ਉਹ ਸ਼ਰਤਾਂ ਦੁਹਰਾਈਆਂ 'ਜਾਂ ਇਸਲਾਮ ਧਾਰਨ ਕਰੋ, ਜਾਂ ਕਰਾਮਾਤ ਵਿਖਾਓ, ਜਾਂ ਸ਼ਹੀਦ ਹੋਵੋ।'

ਗੁਰਦੇਵ ਆਖ਼ਰੀ ਵਾਰ ਬੋਲੇ, "ਐ ਔਰੰਗਜ਼ੇਬ! ਤੁਸਾਂ ਆਪਣੀ ਸਾਰੀ ਤਾਕਤ ਲਾ ਕੇ ਵੇਖ ਲਈ ਹੈ। ਧੱਕੇ ਤੇ ਜ਼ੁਲਮ ਨਾਲ ਕਿਸੇ ਦਾ ਧਰਮ ਨਹੀਂ ਖੋਹਿਆ ਜਾ ਸਕਦਾ। ਕੀ ਹੁਣ ਸਾਡੀ ਸ਼ਰਤ ਅਨੁਸਾਰ ਨਿਤਾਣਿਆਂ ਉੱਤੇ ਜ਼ੁਲਮ ਕਰਨਾ ਛੱਡ ਦਿਓਗੇ? ਨਹੀਂ ਛੱਡੋਗੇ, ਤਾਂ ਕੁਦਰਤ ਆਪ ਐਸੇ ਹਾਲਾਤ ਪੈਦਾ ਕਰ ਦੇਵੇਗੀ। ਯਾਦ ਰੱਖੋ, ਰੱਬ ਨੂੰ ਜ਼ੁਲਮ ਨਹੀਂ ਭਾਉਂਦਾ। ਅਸੀਂ ਤਿਆਰ ਹਾਂ।"

ਗੁਰੂ ਜੀ ਸ਼ਹੀਦ

ਔਰੰਗਜ਼ੇਬ ਦਾ ਇਸ਼ਾਰਾ ਪਾ ਕੇ ਸਮਾਣੇ ਦਾ ਰਹਿਣ ਵਾਲਾ ਸੱਯਦ ਜਲਾਲ ਦੀਨ ਅੱਗੇ ਵਧਿਆ। ਉਸ ਨੇ ਇਕ ਭਰਪੂਰ ਵਾਰ ਨਾਲ ਮਹਾਰਾਜ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ। ਹਜ਼ਾਰਾਂ ਲੋਕਾਂ ਦੇ ਸਹਿਮ ਨਾਲ ਦਿਲ ਧੜਕੇ, ਮਨ ਉਛਲੇ, ਪਰ ਔਰੰਗਜ਼ੇਬ ਤੋਂ ਡਰਦਾ ਕੋਈ ਉੱਚੀ ਉਭਾਸਰ ਨਾ ਸਕਿਆ।

ਮੁਹੰਮਦ ਲਤੀਫ਼ ਲਿਖਦਾ ਹੈ: "ਉਸ ਦੀ (ਗੁਰੂ ਤੇਗ਼ ਬਹਾਦਰ ਜੀ ਦੀ) ਜ਼ਿੰਦਗੀ ਖ਼ਤਮ ਕਰ ਦਿੱਤੀ ਗਈ, ਪਰ ਉਸ ਦੇ ਗੁਰੂਆਂ ਵਾਲੇ ਗੁਣਾਂ ਦੀ ਯਾਦ ਦੁਨੀਆਂ ਵਿਚ ਸਦਾ ਜ਼ਿੰਦਾ ਰਹੇਗੀ।"[੮]

ਔਰੰਗਜ਼ੇਬ ਦੇ ਰਾਜ ਵਿਚ ਹਿੰਦੂਆਂ ਨੂੰ ਮਾਰਨਾ ਸਵਾਬ (ਪੁੰਨ) ਸਮਝਿਆ ਜਾਂਦਾ ਸੀ। ਇਸ ਵਾਸਤੇ ਜਲਾਦ ਦਾ ਕੰਮ ਵਧੇਰੇ ਸੱਯਦ ਜਾਂ ਹੋਰ ਉੱਚ-ਜਾਤੀਏ ਕਰਿਆ ਕਰਦੇ ਸਨ।

ਔਰੰਗਜ਼ੇਬ ਨੇ ਸਹਿਮੇ ਖੜ੍ਹੇ ਲੋਕਾਂ ਵੱਲ ਤੱਕਿਆ। ਮੁਸਲਮਾਨਾਂ ਦੇ ਨਾਲ ਬਹੁਤ ਸਾਰੇ ਹਿੰਦੂ ਵੀ ਖੜ੍ਹੇ ਸਨ। ਔਰੰਗਜ਼ੇਬ ਨੇ ਗੁੱਸੇ ਨਾਲ ਗਰਜ ਕੇ ਕਿਹਾ, "ਕੋਈ ਗੁਰ ਕਾ ਸਿੱਖ ਹੈ, ਤਾਂ ਗੁਰੂ ਦਾ ਸਰੀਰ ਚੁੱਕਣ ਵਾਸਤੇ ਅੱਗੇ ਆਵੇ।"

ਲੋਕ ਇਸ ਵੰਗਾਰ ਦਾ ਅਰਥ ਸਮਝਦੇ ਸਨ। ਬਾਦਸ਼ਾਹ ਦੇ ਕਹਿਰ ਤੋਂ ਡਰਦਾ ਕੋਈ ਵੀ ਅੱਗੇ ਨਾ ਆਇਆ। ਸ਼ਾਮ ਤਕ ਧੜ ਤੇ ਸੀਸ ਓਸੇ ਥਾਂ ਓਵੇਂ ਪਏ ਰਹੇ।

ਕਹਿੰਦੇ ਹਨ, ਇਸ ਘਟਨਾ ਤੋਂ ਥੋੜ੍ਹਾ ਚਿਰ ਪਿੱਛੋਂ ਸਖ਼ਤ ਹਨੇਰੀ ਸ਼ੁਰੂ ਹੋ ਗਈ। ਭੈਭੀਤ ਲੋਕ ਚੁੱਪ-ਚਾਪ ਘਰਾਂ ਨੂੰ ਚਲੇ ਗਏ। ਹੋਰ ਲੋਕ ਆਉਂਦੇ ਤੇ ਵੇਖ ਕੇ ਚਲੇ ਜਾਂਦੇ। ਸ਼ਹੀਦ ਦਾ ਸਰੀਰ ਚੁੱਕਣ ਦਾ ਕਿਸੇ ਚਾਰਾ ਨਾ ਕੀਤਾ। ਇੱਥੋਂ ਤਕ ਕਿ ਉੱਚੀ ਸਾਹ ਵੀ ਕਿਸੇ ਨਾ ਲਿਆ। ਪਹਿਰੇਦਾਰ ਸਿਪਾਹੀ ਵੀ ਕੁਝ ਅਵੇਸਲੇ ਹੋ ਗਏ।

ਸੀਸ ਭਾਈ ਜੈਤਾ ਲੈ ਗਿਆ

ਭਾਈ ਜੈਤਾ ਜੇਲ੍ਹ ਵਿੱਚੋਂ ਨਿਕਲ ਕੇ ਦੂਰ ਨਹੀਂ ਸੀ ਗਿਆ। ਉਹ ਅਜੇ ਦਿੱਲੀ ਵਿਚ ਹੀ ਸੀ। ਪਿਛਲੇ ਪਹਿਰ ਸਮਾਂ ਪਾ ਕੇ ਉਹਨੇ ਗੁਰਦੇਵ ਦਾ ਸੀਸ ਚਾਦਰ ਵਿਚ ਲੁਕਾਇਆ ਤੇ

ਪਹਿਰੇਦਾਰਾਂ ਦੀ ਅੱਖ ਬਚਾ ਕੇ ਨਿਕਲ ਗਿਆ। ਦਿਨ-ਰਾਤ ਮੰਜ਼ਲਾਂ ਮਾਰਦਾ ਉਹ ਅਨੰਦਪੁਰ ਜਾ ਪਹੁੰਚਾ। ਉਥੇ ਦਸਵੇਂ ਗੁਰੂ ਜੀ ਨੇ ਆਪਣੇ ਹੱਥੀਂ ਮਹਾਰਾਜ ਦੇ ਸੀਸ ਦਾ ਸਸਕਾਰ ਕੀਤਾ।

ਧੜ ਲੱਖੀ ਸ਼ਾਹ ਲੈ ਗਿਆ

ਓਧਰੋਂ ਦਿਨ ਛਿਪਦੇ ਨਾਲ ਇਕ ਵਣਜਾਰਾ ਲੱਖੀ ਸ਼ਾਹ ਚੂਨੇ ਦੇ ਖ਼ਾਲੀ ਗੱਡੇ ਭਜਾ ਕੇ ਚਾਂਦਨੀ ਚੌਂਕ ਵਿਚ ਦੀ ਲੰਘਿਆ। ਇਕ ਤਾਂ ਪਹਿਲਾਂ ਹੀ ਹਨ੍ਹੇਰੀ ਨਾਲ ਘੱਟਾ ਉੱਡ ਰਿਹਾ ਸੀ, ਦੂਸਰੇ ਭੱਜੇ ਜਾ ਰਹੇ ਗੱਡਿਆਂ ਤੋਂ ਉਡਦੇ ਚੂਨੇ ਨੇ ਉਸ ਗਰਦ ਗੁਬਾਰ ਵਿਚ ਹੋਰ ਵਾਧਾ ਕਰ ਦਿੱਤਾ। ਉਡਦੀ ਧੂੜ ਤੋਂ ਡਰਦੇ ਪਹਿਰੇਦਾਰ ਇਕ ਪਾਸੇ ਹੋ ਗਏ। ਲੱਖੀ ਸ਼ਾਹ ਨੇ ਗੁਰੂ ਜੀ ਦਾ ਸਰੀਰ ਉਠਾ ਕੇ ਇਕ ਗੱਡੇ 'ਤੇ ਰੱਖ ਲਿਆ। ਨਵੀਂ ਦਿੱਲੀ, ਜਿੱਥੇ ਇਸ ਵੇਲੇ ਗੁਰਦੁਆਰਾ ਰਕਾਬ ਗੰਜ ਹੈ ਆਪਣੇ ਘਰ ਵਿਚ ਚਿਖਾ ਬਣਾ ਕੇ, ਲੱਖੀ ਸ਼ਾਹ ਨੇ ਘਰ ਨੂੰ ਅੱਗ ਲਾ ਦਿੱਤੀ। ਇਸ ਤਰ੍ਹਾਂ ਸ਼ਰਧਾਲੂ ਸਿੱਖਾਂ ਨੇ ਗੁਰੂ ਜੀ ਦੇ ਸਰੀਰ ਦਾ ਸਸਕਾਰ ਕੀਤਾ। ਅਗਲੇ ਦਿਨ ਗੁਰੂ ਜੀ ਦੇ ਫੁੱਲ (ਅਸਥੀਆਂ) ਇਕ ਤਾਂਬੇ ਦੀ ਗਾਗਰ ਵਿਚ ਪਾ ਕੇ ਉਹਨੇ ਓਸੇ ਥਾਂ ਧਰਤੀ ਵਿਚ ਦੱਬ ਦਿੱਤੇ।

ਫੁੱਟ ਨੋਟ :

੧. ਗਿਆਨੀ ਗਿਆਨ ਸਿੰਘ ੧੧ ਹਾੜ ਤੇ ਮੈਕਾਲਿਫ ਪਹਿਲੀ ਹਾੜ ਲਿਖਦਾ ਹੈ।

੨. ਤਵਾਰੀਖ਼ ਗੁਰੂ ਖ਼ਾਲਸਾ, ਸਫ਼ਾ ੨੦੫। ਪ੍ਰੰਤੂ 'ਸ਼ਹੀਦ ਬਿਲਾਸ' ਕ੍ਰਿਤ ਸੇਵਾ ਸਿੰਘ ਵਿਚ ਦਿਆਲਾ ਤੇ ਮਨੀ ਸਿੰਘ ਸਕੇ ਭਾਈ ਲਿਖੇ ਸਨ। ਸਫ਼ਾ ੧੦੫।

੩. ਮੈਕਾਲਿਫ, ਜਿਲਦ ਚੌਥੀ, ਸਫ਼ਾ ੩੭੮.

੪. History of the Punjab, by Muhammad Latif, printed in 1964 A.D. Latif, P. 259.

੫. ਸੂਰਜ ਪ੍ਰਕਾਸ਼, ਰਾਸਿ ੧੨।

੬. Evolution of the Khalsa, Vol. II, by Indubhusan Banerjee, Second Edition. P. 64.

੭. ਤਵਾਰੀਖ਼ ਗੁਰੂ ਖ਼ਾਲਸਾ ਵਿਚ ਗਿ. ਗਿਆਨ ਸਿੰਘ ਲਿਖਦੇ ਹਨ ਕਿ ਗੁਰੂ ਜੀ ਦੀ ਸ਼ਹੀਦੀ ਪਿੱਛੋਂ ਦਰੋਗਾ ਅਬਦੁੱਲਾ ਗੁਰੂ ਜੀ ਦੇ ਬਸਤਰ ਲੈ ਕੇ ਅਨੰਦਪੁਰ ਚਲਾ ਗਿਆ ਸੀ। (ਉਸ ਨੇ ਸੋਚਿਆ ਹੋਵੇਗਾ ਕਿ ਕਦੇ ਨਾ ਕਦੇ ਤਿੰਨ ਸਿੱਖਾਂ ਦੇ ਜੇਲ੍ਹ ਵਿੱਚੋਂ ਨਿਕਲ ਜਾਣ ਵਿਚ ਸਹਾਇਤਾ ਕਰਨ ਦਾ ਦੋਸ਼ ਉਸ ਦੇ ਸਿਰ ਲਾਇਆ ਜਾਵੇਗਾ, ਤੇ ਉਸ ਨੂੰ ਬਾਦਸ਼ਾਹ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਵੇਗਾ। ਏਸ ਗੱਲੋਂ ਡਰਦਾ ਉਹ ਦਿੱਲੀ ਛੱਡ ਕੇ ਨੱਸ ਗਿਆ।)

੮. ਮੁਹੰਮਦ ਲਤੀਫ, ਸਫ਼ਾ ੨੬੦।

ਛੋਟੇ ਸਾਹਿਬਜ਼ਾਦੇ ਸ਼ਹੀਦ

-ਗਿ. ਸੋਹਣ ਸਿੰਘ ਸੀਤਲ

ਪਰਵਾਰ ਨਾਲ ਵਿਛੋੜਾ

ਉਹ ਕਹਿਰ ਦੀ ਰਾਤ ਸੀ, ਜਦ ਸਿੱਖਾਂ ਨੇ ਸਰਸਾ ਨਦੀ ਪਾਰ ਕੀਤੀ। ਗੁਰਦੇਵ ਦਾ ਸਾਰਾ ਪਰਵਾਰ ਖੇਰੂੰ-ਖੇਰੂੰ ਹੋ ਗਿਆ। ਮਹਾਰਾਜ ਦੇ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਨੂੰ ਚਲੇ ਗਏ। ਮਾਤਾ ਗੁਜਰੀ ਜੀ ਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਕੀ ਸਾਰੇ ਸਾਥ ਨਾਲੋਂ ਵਿੱਛੜ ਗਏ। ਉਨ੍ਹਾਂ ਨਾਲ ਇੱਕੋ ਗੰਗਾ ਰਾਮ ਰਹਿ ਗਿਆ। ਸਿੱਖ ਘਿਰਣਾ ਨਾਲ ਉਸ ਨੂੰ ਗੰਗੂ* ਕਹਿ ਕੇ ਬੁਲਾਉਂਦੇ ਹਨ।

ਗੰਗੂ ਦੇ ਘਰ ਪੁੱਜੇ :

ਮਾਤਾ ਜੀ ਘੋੜੇ 'ਤੇ ਅਸਵਾਰ ਸਨ। ਛੋਟਾ ਪੋਤਰਾ ਉਨ੍ਹਾਂ ਦੇ ਅੱਗੇ ਤੇ ਵੱਡਾ ਪਿੱਛੇ ਬੈਠਾ ਸੀ। ਸਾਥ ਤੋਂ ਵਿੱਛੜ ਕੇ ਉਹ ਬੜੇ ਉਦਾਸ ਸਨ। ਮਾਤਾ ਜੀ ਦੇ ਪਾਸ ਮੋਹਰਾਂ ਦੀ ਭਰੀ ਖੁਰਜੀ ਵੇਖ ਕੇ ਗੰਗੂ ਦਾ ਦਿਲ ਲਲਚਾ ਗਿਆ। ਉਹ ਮਾਤਾ ਜੀ ਨੂੰ ਆਪਣੇ ਘਰ ਪਿੰਡ 'ਖੇੜੀ' ਲੈ ਗਿਆ। ਉਸ ਸਮੇਂ ਤਕ ਸੱਤ ਪੋਹ ਦਾ ਸੂਰਜ ਛਿਪ ਚੁੱਕਾ ਸੀ। ਗੰਗੂ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਭੋਜਨ ਛਕਾਇਆ ਤੇ ਘਰ ਦੇ ਪਿਛਲੇ ਕਮਰੇ ਵਿਚ ਆਰਾਮ ਕਰਨ ਵਾਸਤੇ ਥਾਂ ਦਿੱਤੀ। ਮਾਤਾ ਜੀ ਅੱਧੀ ਰਾਤ ਤਕ ਗਿਣਤੀਆਂ ਵਿਚ ਪਏ ਜਾਗਦੇ ਰਹੇ। ਕਹਿੰਦੇ ਹਨ, ਨੀਂਦ ਸੂਲੀ 'ਤੇ ਵੀ ਆ ਜਾਂਦੀ ਹੈ। ਢਲੀ ਰਾਤ ਪਲ ਕੁ ਮਾਤਾ ਜੀ ਦੀ ਅੱਖ ਲੱਗ ਗਈ। ਏਨੇ ਸਮੇਂ ਤੋਂ ਲਾਭ ਉਠਾ ਕੇ ਗੰਗੂ ਨੇ ਮਾਤਾ ਜੀ ਦੇ ਸਰ੍ਹਾਣਿਓਂ ਮੋਹਰਾਂ ਵਾਲੀ ਖੁਰਜੀ ਚੁੱਕ ਲਈ। ਦਿਨ ਚੜ੍ਹੇ ਮੰਜੇ ਹੇਠਾਂ ਖੁਰਜੀ ਨਾ ਪਈ ਵੇਖ ਕੇ ਮਾਤਾ ਜੀ ਨੇ ਬੜੀ ਨਰਮ ਬੋਲੀ ਵਿਚ ਪੁੱਛਿਆ, "ਬੇਟਾ ਗੰਗਾ ਰਾਮ! ਸਗੋਂ ਖੁਰਜੀ ਚੁੱਕ ਕੇ ਕਿਸੇ ਹੋਰ ਥਾਂ ਸੰਭਾਲ ਦਿੱਤੀ ਉ?"

ਏਨੀ ਸਾਧਾਰਨ ਪੁੱਛ ਉੱਤੇ ਹੀ ਗੰਗੂ ਭੜਕ ਉਠਿਆ। ਉਹਨੇ ਕ੍ਰੋਧ ਨਾਲ ਅੱਖਾਂ ਲਾਲ ਕਰ ਕੇ ਕਿਹਾ, "ਵਾਹ ਮਾਤਾ ਜੀ! ਚੰਗਾ ਦਿੱਤਾ ਜੇ ਨੇਕੀ ਦਾ ਫਲ! ਮੈਂ ਸਰਕਾਰ ਦੇ ਬਾਗੀਆਂ ਨੂੰ ਘਰ ਆਸਰਾ ਦਿੱਤਾ, ਤੇ ਉਲਟਾ ਮੈਨੂੰ ਚੋਰ ਕਹਿੰਦੇ ਹੋ? ਪਿੰਡ ਦੇ ਚੌਧਰੀ ਨੂੰ ਪਤਾ ਲੱਗ ਜਾਵੇ ਤਾਂ ਮੈਂ ਕਿਤੇ ਭਾਲਿਆਂ ਨਾ ਲੱਭਾਂ। ਮੈਂ ਜਾਨ ਦਾ ਖਤਰਾ ਸਹੇੜ ਕੇ ਤੁਹਾਡੀ ਰੱਖਿਆ ਕੀਤੀ ਤੇ ਤੁਸਾਂ ਮੈਨੂੰ ਹੀ ਚੋਰ ਬਣਾਇਆ। ਏਸ ਨਾਲੋਂ ਤਾਂ ਚੰਗਾ ਹੈ ਕਿ ਮੈਂ ਸਾਰੀ ਗੱਲ ਚੌਧਰੀ ਨੂੰ ਜਾ ਦੱਸਾਂ।"

ਗੰਗੂ ਦੀ ਇਹ ਧਮਕੀ ਸੁਣ ਕੇ ਮਾਤਾ ਜੀ ਨੇ ਪਹਿਲਾਂ ਨਾਲੋਂ ਵੀ ਨਰਮ ਸੁਰ ਵਿਚ ਕਿਹਾ, "ਪੁੱਤ! ਤੈਨੂੰ! ਕਿਉਂ ਚੋਰ ਬਣਾਉਣਾ ਸੀ ਮੈਂ? ਮੈਂ ਤੈਨੂੰ ਪੁੱਤਰਾਂ ਵਾਂਗ ਪਾਲਿਆ ਏ। ਮੈਂ ਤਾਂ ਕਿਹਾ ਏ, ਸਗੋਂ ਚੰਗਾ ਕੀਤਾ ਈ, ਚਾਰ ਪੈਸੇ ਕਿਤੇ ਚੰਗੇ ਥਾਂ ਸੰਭਾਲ ਲਏ ਈ। ਭਲਾ

**ਆਮ ਪ੍ਰਸਿੱਧ ਹੈ ਕਿ ਗੰਗੂ, ਗੁਰੂ ਜੀ ਦਾ ਰਸੋਈਆ ਸੀ। ਬੈਨਰਜੀ (ਸਫ਼ਾ ੧੩੭) ਲਿਖਦਾ ਹੈ ਕਿ ਗੰਗੂ ਰਸੋਈਆ ਹੁੰਦਾ ਸੀ, ਪਰ ਉਸ ਵੇਲੇ ਨੌਕਰੀ ਤੋਂ ਕੱਢਿਆ ਹੋਇਆ ਸੀ। 'ਗੁਰ ਬਿਲਾਸ' (ਸਫ਼ਾ ੨੨੩) ਵਿਚ ਗੰਗੂ ਨੂੰ 'ਮਸੰਦ' ਲਿਖਿਆ ਹੈ।*

ਤੇਰਾ ਸਾਡਾ ਕੁਝ ਵੰਡਿਆ ਹੋਇਆ ਏ?"

"ਬੱਸ ਰਹਿਣ ਦਿਓ ਮਾਤਾ ਜੀ! ਮੈਂ ਇਨ੍ਹਾਂ ਗੱਲਾਂ ਵਿਚ ਆਉਣ ਵਾਲਾ ਨਹੀਂ। ਤੁਸਾਂ ਪਹਿਲਾਂ ਮੈਨੂੰ ਚੋਰ ਬਣਾਇਆ ਤੇ ਹੁਣ ਏਸ ਤਰ੍ਹਾਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕਰ ਕੇ ਮੈਥੋਂ ਚੋਰੀ ਦਾ ਇਕਬਾਲ ਕਰਾਉਣਾ ਚਾਹੁੰਦੇ ਓ! ਤੁਹਾਡੇ ਵੱਲੋਂ ਜੋ ਇਨਾਮ ਮਿਲਣਾ ਸੀ, ਮਿਲ ਗਿਆ। ਹੁਣ ਮੈਂ ਆਪਣੀ ਜਾਨ ਕਿਉਂ ਖ਼ਤਰੇ ਵਿਚ ਪਾਵਾਂ? ਮੈਂ ਹੁਣੇ ਜਾ ਕੇ ਚੌਧਰੀ ਨੂੰ ਦੱਸ ਦੇਂਦਾ ਹਾਂ।" ਬੁੜ-ਬੁੜ ਕਰਦਾ ਗੰਗੂ ਘਰੋਂ ਬਾਹਰ ਨਿਕਲ ਤੁਰਿਆ।

ਗੰਗੂ ਨੇ ਸਾਹਿਬਜ਼ਾਦੇ ਫੜਾ ਦਿੱਤੇ

ਮਾਤਾ ਜੀ ਬਥੇਰਾ ਰੋਕ ਰਹੇ, ਪਰ ਮਾਰੀ-ਮੱਤ ਵਾਲਾ ਗੰਗੂ ਮੁੜਿਆ ਨਾ। ਉਸ ਨੇ ਪਿੰਡ ਦੇ ਚੌਧਰੀ ਨੂੰ ਮਾਤਾ ਜੀ ਦੀ ਖ਼ਬਰ ਜਾ ਦਿੱਤੀ। ਚੌਧਰੀ ਉਸੇ ਵੇਲੇ ਆਪਣੇ ਆਦਮੀ ਲੈ ਕੇ ਆ ਗਿਆ। ਮਾਤਾ ਜੀ ਨੂੰ ਵੇਖ ਕੇ ਚੌਧਰੀ ਨੇ ਆਪਣੇ ਆਦਮੀ ਪਹਿਰੇ 'ਤੇ ਬਿਠਾ ਦਿੱਤੇ। ਚੌਧਰੀ ਤੇ ਗੰਗੂ ਦੋਵੇਂ ਮੁਰਿੰਡੇ ਜਾ ਪਹੁੰਚੇ, ਜੋ ਕਿ ਖੇੜੀ* ਤੋਂ ਦੋ ਕੁ ਮੀਲ ਹੈ। ਮੁਰਿੰਡੇ ਦੇ ਹਾਕਮ (ਜਾਨੀ ਖਾਂ ਤੇ ਮਾਨੀ ਖਾਂ) ਉਸੇ ਵੇਲੇ ਸਿਪਾਹੀ ਲੈ ਕੇ ਖੇੜੀ ਜਾ ਪਹੁੰਚੇ। ਮਾਤਾ ਜੀ ਨੇ ਵੇਖ ਕੇ ਗੁੱਸੇ ਨਾਲ ਕਿਹਾ, "ਗੰਗਿਆ! ਜਿਸ ਧਨ ਦੇ ਲੋਭ ਪਿੱਛੇ ਇਹ ਪਾਪ ਕੀਤਾ ਈ, ਕੀ ਉਹ ਤੈਨੂੰ ਪਾਰ ਲਾ ਦੇਵੇਗਾ? ਤੇਰੀ ਮਰਜ਼ੀ!" ਜਾਨੀ ਖਾਂ ਤੇ ਮਾਨੀ ਖਾਂ ਨੇ ਸ਼ੱਕੀ ਨਜ਼ਰ ਨਾਲ ਗੰਗੂ ਵੱਲ ਵੇਖਿਆ। ਡਰ ਦਾ ਮਾਰਿਆ ਗੰਗੂ ਪੈਰਾਂ ਤਕ ਕੰਬ ਉੱਠਿਆ। ਆਪਣੇ ਪਾਪ ਨੂੰ ਲੁਕਾਉਣ ਦਾ ਜਤਨ ਕਰਦਿਆਂ ਉਹਨੇ ਕੁਝ ਭੜਕ ਕੇ ਕਿਹਾ, "ਮਾਤਾ ਜੀ! ਤੁਹਾਡੇ ਦੋਸ਼ ਲਾਇਆਂ ਮੈਂ ਚੋਰ ਨਹੀਂ ਬਣ ਚੱਲਿਆ। ਮੈਂ ਸਰਕਾਰ ਦਾ ਵਫਾਦਾਰ ਹਾਂ, ਸੋ ਤੁਸਾਂ ਤਾਂ ਮੈਨੂੰ ਬੁਰਾ ਕਹਿਣਾ ਹੀ ਹੋਇਆ।" ਧਨ ਵਾਲੀ ਗੱਲ ਇਥੇ ਹੀ ਦੱਬੀ ਗਈ। ਜਾਨੀ ਖਾਂ, ਮਾਨੀ ਖਾਂ ਖੁਸ਼ ਸਨ ਕਿ ਗੁਰੂ ਦੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਨ ਬਦਲੇ ਸਰਕਾਰ ਵੱਲੋਂ ਉਨ੍ਹਾਂ ਨੂੰ ਚੋਖੀ ਨੇਕਨਾਮੀ ਮਿਲੇਗੀ। ਉਨ੍ਹਾਂ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਮੁਰਿੰਡੇ ਜਾ ਨਜ਼ਰਬੰਦ ਕੀਤਾ।

ਸਾਹਿਬਜ਼ਾਦੇ ਸਰਹਿੰਦ ਵਿਚ ਕੈਦ

ਦਸ ਪੋਹ ਨੂੰ ਨਵਾਬ ਵਜ਼ੀਰ ਖਾਂ ਵਾਪਸ ਸਰਹਿੰਦ ਪੁੱਜਾ, ਤਾਂ ਮੁਰਿੰਡੇ ਵਾਲਿਆਂ ਮਾਤਾ ਜੀ ਤੇ ਸਾਹਿਬਜ਼ਾਦੇ ਉਥੇ ਜਾ ਪੇਸ਼ ਕੀਤੇ। ਚਮਕੌਰ ਵਿੱਚੋਂ ਗੁਰੂ ਜੀ ਦੇ ਬਚ ਨਿਕਲ ਜਾਣ ਕਰਕੇ ਸੂਬੇਦਾਰ ਵਜ਼ੀਰ ਖਾਂ ਬੜਾ ਖਿਝਿਆ ਹੋਇਆ ਸੀ। ਉਸ ਵੇਲੇ ਆਪਣੀ ਬੜੀ ਵੱਡੀ ਹਾਰ ਤੇ ਨਮੋਸ਼ੀ ਸਮਝਦਾ ਸੀ। ਛੋਟੇ ਸਾਹਿਬਜ਼ਾਦਿਆਂ ਦੇ ਹੱਥ ਆ ਜਾਣ ਕਰਕੇ ਵਜ਼ੀਰ ਖਾਂ ਦੇ ਮਨ ਨੂੰ ਕੁਝ ਢਾਰਸ ਹੋਈ। ਉਹਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਕਿਲ੍ਹੇ ਦੇ ਬੁਰਜ ਵਿਚ ਕੈਦ ਕਰ ਦਿੱਤਾ। ਲੱਗਭਗ ਅੱਠ ਪਹਿਰ ਦਾਦੀ ਪੋਤਰੇ ਭੁੱਖੇ-ਤਿਹਾਏ ਰਹੇ। ਸਾਰੀ ਰਾਤ ਦਾਦੀ, ਪੋਤਰਿਆਂ ਨੂੰ ਗੋਦ ਵਿਚ ਲੈ ਕੇ ਬਜ਼ੁਰਗਾਂ ਦੀ ਦ੍ਰਿੜ੍ਹਤਾ ਦੀਆਂ ਸਾਖੀਆਂ ਸੁਣਾਉਂਦੀ ਰਹੀ। ਬਿਸਤਰੇ ਤੋਂ ਬਿਨਾਂ ਠੰਡਾ ਬੁਰਜ, ਪੋਹ ਦੀ ਕਕਰੀਲੀ ਰਾਤ ਤੇ ਢਿੱਡੋਂ ਭੁੱਖੇ, ਨੀਂਦ ਅੱਖਾਂ ਦੇ ਨੇੜੇ ਨਾ ਫੜਕੀ। ਅਗਲੇ ਦਿਨ ਕਚਹਿਰੀ ਲੱਗੀ ਤਾਂ ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ।

ਕਚਹਿਰੀ ਵਿਚ ਪੇਸ਼ੀ

ਕੁਝ ਇਤਿਹਾਸਕਾਰਾਂ ਨੇ ਇਕ ਸੁੰਦਰ ਸਾਖੀ ਲਿਖੀ ਹੈ। ਨਵਾਬ ਦੇ ਅਹਿਲਕਾਰਾਂ ਨੇ

*ਪਿੰਡ ਦਾ ਨਾਮ ਸਹੇੜੀ ਪੈ ਗਿਆ, ਕਿਉਂਕਿ ਖੇੜੀ ਦਾ ਨਾਮ ਲੈਣਾ ਲੋਕ ਪਸੰਦ ਨਹੀਂ ਕਰਦੇ।

ਇਕ ਗੋਂਦ ਅਨੁਸਾਰ ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ ਤੇ ਸਾਹਿਬਜ਼ਾਦਿਆਂ ਦੇ ਲੰਘਣ ਵਾਸਤੇ ਛੋਟੀ ਜਿਹੀ ਬਾਰੀ ਖੁੱਲ੍ਹੀ ਰੱਖੀ। ਗੋਂਦ ਇਹ ਸੀ ਕਿ ਅੰਦਰ ਦਾਖ਼ਲ ਹੋਣ ਲੱਗੇ ਸਾਹਿਬਜ਼ਾਦੇ ਸਿਰ ਝੁਕਾ ਕੇ ਲੰਘਣਗੇ, ਤਾਂ ਸਾਰੇ ਦਰਬਾਰੀ ਰੌਲਾ ਪਾ ਦੇਣਗੇ, ਕਿ ਸਾਹਿਬਜ਼ਾਦੇ ਨਵਾਬ ਨੂੰ ਸਲਾਮ ਕਰ ਰਹੇ ਹਨ।

ਦੋ ਸਿਪਾਹੀ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਗਏ। ਪੋਤਰਿਆਂ ਨੂੰ ਵਿਦਿਆ ਕਰਦਿਆਂ ਮਾਤਾ ਗੁਜਰੀ ਜੀ ਨੇ ਏਨਾ ਕਿਹਾ, "ਮੇਰੇ ਲਾਲ! ਏਨੀ ਗੱਲ ਯਾਦ ਰੱਖਣੀ ਕਿ ਤੁਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੋਤਰੇ ਹੋ। ਮਰਦਾਂ ਵਾਂਗ ਅਡੋਲ ਰਹਿਣਾ। ਜ਼ਾਲਮ ਅੱਗੇ ਝੁਕਣਾ ਨਹੀਂ, ਗੱਜ ਕੇ ਫ਼ਤਹ ਬੁਲਾਉਣੀ।"

ਸਾਰੇ ਰਾਹ ਸਿਪਾਹੀ ਧਮਕੀਆਂ ਦਿੰਦੇ ਗਏ ਕਿ ਨਵਾਬ ਸਾਹਿਬ ਨੂੰ ਝੁਕ ਕੇ ਸਲਾਮ ਕਰਨਾ ਨਹੀਂ ਤਾਂ ਅਣਿਆਈ ਮੌਤੇ ਮਾਰੇ ਜਾਉਗੇ। ਇਸ ਸਿੱਖਿਆ ਦਾ ਅਸਰ ਸਾਹਿਬਜ਼ਾਦਿਆਂ ਦੇ ਮਨ 'ਤੇ ਉਲਟਾ ਹੀ ਹੋਇਆ। ਅੱਗੇ ਜਾਂਦਿਆਂ ਨੂੰ ਸਿਰਫ਼ ਛੋਟੀ ਬਾਰੀ ਖੁੱਲ੍ਹੀ ਵੇਖ ਕੇ ਸਾਹਿਬਜ਼ਾਦੇ ਵੈਰੀ ਦੀ ਚਾਲ ਨੂੰ ਕੁਛ-ਕੁਛ ਸਮਝ ਗਏ। ਉਨ੍ਹਾਂ ਨੂੰ ਮਾਤਾ ਗੁਜਰੀ ਜੀ ਦੀ ਸੁਣਾਈ ਹੋਈ ਸਾਖੀ ਯਾਦ ਆ ਗਈ। "ਇਕ ਵਾਰ ਪਟਨੇ ਵਿਚ ਵੱਡੇ ਨਵਾਬ ਦੀ ਅਸਵਾਰੀ ਜਾ ਰਹੀ ਸੀ। ਤੁਹਾਡੇ ਪਿਤਾ ਜੀ ਹਾਣੀਆਂ ਨਾਲ ਖੇਡ ਰਹੇ ਸਨ। ਨਵਾਬ ਦੇ ਸਿਪਾਹੀਆਂ ਨੇ ਧਮਕੀ ਦਿੰਦਿਆਂ ਕਿਹਾ, "ਐ ਬਾਲਕੋ! ਨਵਾਬ ਸਾਹਿਬ ਨੂੰ ਝੁਕ ਕੇ ਸਲਾਮ ਕਰੋ।" ਤੁਹਾਡੇ ਪਿਤਾ ਜੀ ਨੇ ਸਲਾਮ ਕਰਨ ਦੀ ਥਾਂ, ਨਵਾਬ ਦਾ ਮੂੰਹ ਚਿੜਾਉਣਾ ਸ਼ੁਰੂ ਕਰ ਦਿੱਤਾ। ਛੋਟੇ ਹੁੰਦੇ ਤੋਂ ਹੀ ਉਹ ਕਿਸੇ ਆਕੜਖੋਰ ਦਾ ਰੁਹਬ ਤਾਂ ਮੰਨਦੇ ਹੀ ਨਹੀਂ ਸਨ।"

ਵੱਡੇ ਭਰਾ (ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ) ਨੇ ਛੋਟੇ (ਸਾਹਿਬਜ਼ਾਦਾ ਫ਼ਤਿਹ ਸਿੰਘ ਜੀ) ਦੇ ਕੰਨ ਵਿਚ ਕੁਝ ਸਮਝਾਇਆ। ਸਿਪਾਹੀ ਨੇ ਕੜਕ ਕੇ ਕਿਹਾ, "ਔਧਰ ਵੇਖੋ! ਜਿਸ ਤਰ੍ਹਾਂ ਅਗਲਾ ਸਿਪਾਹੀ ਸਲਾਮ ਕਰਦਾ ਹੋਇਆ ਕਚਹਿਰੀ ਵਿਚ ਦਾਖ਼ਲ ਹੁੰਦਾ ਹੈ, ਓਸੇ ਤਰ੍ਹਾਂ ਸਲਾਮ ਕਰਨਾ ਹੋਵੇਗਾ।"

ਢੰਗ ਨਾਲ ਸਾਹਿਬਜ਼ਾਦਿਆਂ ਨੂੰ ਪ੍ਰੇਰਨਾ ਦੇਣ ਵਾਸਤੇ ਇਕ ਸਿਪਾਹੀ ਉਨ੍ਹਾਂ ਦੇ ਅੱਗੇ-ਅੱਗੇ ਬਾਰੀ ਵਿਚ ਦੀ ਸਿਰ ਝੁਕਾ ਕੇ ਸਲਾਮ ਕਰਦਾ ਹੋਇਆ ਲੰਘਿਆ। ਉਨ੍ਹਾਂ ਦਾ ਖਿਆਲ ਸੀ ਕਿ ਵੇਖੋ-ਵੇਖੀ ਸਾਹਿਬਜ਼ਾਦੇ ਵੀ ਉਸੇ ਤਰ੍ਹਾਂ ਕਰਨਗੇ। ਪਰ ਸਾਹਿਬਜ਼ਾਦਿਆਂ ਨੂੰ 'ਨਿਰਭੈਤਾ' ਦਾ ਗੁਣ ਆਪਣੇ ਪਿਤਾ ਵੱਲੋਂ ਵਿਰਸੇ ਵਿਚ ਮਿਲਿਆ ਹੋਇਆ ਸੀ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਛੋਟੇ ਭਰਾ ਦੇ ਅੱਗੇ ਲੱਗ ਤੁਰੇ। ਉਨ੍ਹਾਂ ਪਹਿਲਾਂ ਬਾਰੀ ਵਿੱਚੋਂ ਪੈਰ ਅੱਗੇ ਲੰਘਾਏ ਫਿਰ ਸਿਰ। ਵੱਡੇ ਵੱਲ ਵੇਖ ਕੇ ਛੋਟੇ ਨੇ ਵੀ ਓਵੇਂ ਹੀ ਕੀਤਾ। ਦੁਸ਼ਮਣ ਦਾ ਇਹ ਮੱਕਾਰੀ ਭਰਿਆ ਵਾਰ ਖਾਲੀ ਗਿਆ। ਨਵਾਬ ਦੇ ਸਾਹਮਣੇ ਨਿਧੜਕ ਖਲੋ ਕੇ ਦੋਹਾਂ ਸਾਹਿਬਜ਼ਾਦਿਆਂ ਨੇ ਫ਼ਤਹ ਬੁਲਾਈ। ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ। ਗੁੱਸੇ ਨਾਲ ਬਹੁਤਿਆਂ ਦੇ ਮੱਥੇ ਉੱਤੇ ਵੱਟ ਪੈ ਗਏ।

"ਤੁਹਾਨੂੰ ਸਮਝ ਨਹੀਂ ਕਿ ਮੁਲਜ਼ਮ ਨੂੰ ਕਿਵੇਂ ਪੇਸ਼ ਕੀਤਾ ਜਾਂਦਾ ਹੈ?" ਵਜ਼ੀਰ ਖਾਂ ਨੇ ਮੱਥੇ 'ਤੇ ਤਿਊੜੀ ਪਾ ਕੇ, ਲਿਆਉਣ ਵਾਲੇ ਸਿਪਾਹੀਆਂ ਨੂੰ ਕਿਹਾ।

"ਜਨਾਬ! ਅਸੀਂ ਤਾਂ ਸਾਰੇ ਰਾਹ ਸਮਝਾਉਂਦੇ ਆਏ ਆਂ, ਪਰ ਇਹ....।" ਸਿਪਾਹੀਆਂ ਨੇ ਆਪਣਾ ਪੱਖ ਪੇਸ਼ ਕੀਤਾ।

ਵਜ਼ੀਰ ਖ਼ਾਂ ਦਾ ਪੇਸ਼ਕਾਰ ਇਕ ਹਿੰਦੂ ਸੁੱਚਾ ਨੰਦ ਸੀ। ਉਸ ਨੇ ਸਾਹਿਬਜ਼ਾਦਿਆਂ ਨੂੰ ਪਲੋਸਦਿਆਂ ਬੜੀ ਮਿੱਠੀ ਸੁਰ ਵਿਚ ਕਿਹਾ, "ਬਾਲਕੋ! ਮੈਂ ਹਿੰਦੂ ਹਾਂ। ਤੁਹਾਡੇ ਨਾਲ ਮੈਨੂੰ ਹਮਦਰਦੀ ਹੈ। ਜਾਣਦੇ ਓ, ਤੁਹਾਡੇ ਪਿਤਾ ਜੀ ਤੇ ਦੋਵੇਂ ਵੱਡੇ ਭਾਈ ਚਮਕੌਰ ਵਿਚ ਸਾਰੇ ਸਿੱਖਾਂ ਸਮੇਤ ਮਾਰੇ ਗਏ ਹਨ? ਗੁਸਤਾਖ਼ੀ ਕਰੋਗੇ, ਤਾਂ ਤੁਸੀਂ ਵੀ ਮਾਰੇ ਜਾਓਗੇ। ਨਵਾਬ ਸਾਹਿਬ ਬੜੇ ਰਹਿਮ ਦਿਲ ਹਨ। ਸਲਾਮ ਕਰ ਕੇ ਹਜ਼ੂਰ ਤੋਂ ਮਾਫ਼ੀ ਮੰਗ ਲਓ, ਬਖਸ਼ੇ ਜਾਓਗੇ। ਨਹੀਂ ਤਾਂ ਬੜੇ ਤਸੀਹੇ ਦੇ ਕੇ ਮਾਰੇ ਜਾਓਗੇ।"

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਬੜੀ ਨਿਰਭੈਤਾ ਨਾਲ ਸੁੱਚਾ ਨੰਦ ਵੱਲ ਵੇਖਦਿਆਂ ਕਿਹਾ, "ਸਾਡੇ ਪਿਤਾ ਜੀ ਨੂੰ ਕੋਈ ਮਾਰ ਨਹੀਂ ਸਕਦਾ। ਨਾ ਹੀ ਅਸੀਂ ਕਿਸੇ ਤੋਂ ਡਰਦੇ ਹਾਂ। ਅਸਾਂ ਫ਼ਤਹ ਬੁਲਾਈ ਹੈ, ਤੇ ਫ਼ਤਹ ਬੁਲਾਉਂਦੇ ਰਹਾਂਗੇ। ਦੁੱਖਾਂ-ਤਸੀਹਿਆਂ ਤੋਂ ਡਰਨ ਵਾਲੇ ਅਸੀਂ ਨਹੀਂ। ਜੋ ਤੁਹਾਡਾ ਦਿਲ ਆਵੇ, ਕਰ ਲਵੋ।" ਇਸ ਦਲੇਰੀ ਭਰੇ ਉੱਤਰ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਇਕ ਪਾਸੇ ਸਾਹਿਬਜ਼ਾਦਿਆਂ ਨੂੰ ਰੱਜ ਕੇ ਧਮਕਾਇਆ ਗਿਆ ਤੇ ਦੂਸਰੇ ਪਾਸੇ ਹਰ ਤਰ੍ਹਾਂ ਦੇ ਲਾਲਚ ਵਿਖਾਏ ਗਏ। ਜਾਗੀਰਾਂ, ਨਵਾਬੀਆਂ, ਨਵਾਬਜ਼ਾਦੀਆਂ ਦੇ ਡੋਲੇ ਤੇ ਅਣਡਿੱਠੇ ਬਹਿਸ਼ਤਾਂ ਦੇ ਲਾਰੇ ਲਾਏ ਗਏ, ਪਰ ਉਹ ਬੀਰ-ਬਾਲਕ ਕਿਸੇ ਝਾਂਸੇ ਵਿਚ ਨਾ ਆਏ। ਅੰਤ ਖਿਝ ਕੇ ਵਜ਼ੀਰ ਖ਼ਾਂ ਨੇ ਕਿਹਾ, "ਬੇਸਮਝ ਬਾਲਕੋ! ਮੇਰੀ ਆਖ਼ਰੀ ਸ਼ਰਤ ਸੁਣ ਲਵੋ। ਜਾਂ ਇਸਲਾਮ ਪਰਵਾਨ ਕਰ ਲਵੋ, ਨਹੀਂ ਤਾਂ ਸਖ਼ਤ ਤਸੀਹੇ ਦੇ ਕੇ ਮਾਰੇ ਜਾਓਗੇ।"

"ਅਸੀਂ ਮੌਤ ਜਾਂ ਦੁੱਖਾਂ-ਤਸੀਹਿਆਂ ਤੋਂ ਡਰਨ ਵਾਲੇ ਨਹੀਂ। ਆਪਣੇ ਦਾਦੇ ਵਾਂਗ ਸ਼ਹੀਦ ਹੋ ਜਾਵਾਂਗੇ, ਪਰ ਤੇਰਾ ਦੀਨ ਨਹੀਂ ਮੰਨਾਂਗੇ।" ਸਾਹਿਬਜ਼ਾਦਿਆਂ ਨੇ ਓਵੇਂ ਹੀ ਦਲੇਰੀ ਨਾਲ ਉੱਤਰ ਦਿੱਤਾ।

ਸ਼ੇਰ ਮੁਹੰਮਦ ਖ਼ਾਂ ਮਲੇਰਕੋਟਲਾ

ਉਸ ਵੇਲੇ ਕਚਹਿਰੀ ਵਿਚ ਸ਼ੇਰ ਮੁਹੰਮਦ ਖ਼ਾਂ ਮਲੇਰਕੋਟਲੇ ਵਾਲਾ ਵੀ ਬੈਠਾ ਸੀ। ਵਜ਼ੀਰ ਖ਼ਾਂ ਨੇ ਉਹਨੂੰ ਸੰਬੋਧਨ ਕਰ ਕੇ ਕਿਹਾ, "ਖ਼ਾਨ ਸਾਹਿਬ! ਚਮਕੌਰ ਵਿਚ ਗੁਰੂ ਨੇ ਤੁਹਾਡੇ ਭਾਈ ਨਾਹਰ ਖਾਂ ਨੂੰ ਕਤਲ ਕੀਤਾ ਸੀ। ਤੁਸੀਂ ਇਨ੍ਹਾਂ ਦੋਹਾਂ ਨੂੰ ਕਤਲ ਕਰ ਕੇ ਭਰਾ ਦਾ ਬਦਲਾ ਲੈ ਲਵੋ।"

"ਨਵਾਬ ਸਾਹਿਬ! ਮੇਰੇ ਭਰਾ-ਭਤੀਜੇ ਮੈਦਾਨ ਵਿਚ ਲੜਦੇ ਹੋਏ ਮਾਰੇ ਗਏ ਹਨ। ਅੱਜ ਵੀ ਗੁਰੂ ਮੇਰੇ ਸਾਹਮਣੇ ਆ ਜਾਏ, ਤਾਂ ਮੈਂ ਮਰਦਾਂ ਵਾਂਗ ਮੈਦਾਨ ਵਿਚ ਉਸ ਤੋਂ ਬਦਲਾ ਲਵਾਂਗਾ। ਪਰ ਇਨ੍ਹਾਂ ਮਾਸੂਮ ਬੱਚਿਆਂ ਨੂੰ ਇਨ੍ਹਾਂ ਦੇ ਪਿਤਾ ਦੀ ਕੀਤੀ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਇਹ ਬੇਗੁਨਾਹ ਹਨ। ਇਸਲਾਮੀ ਸ਼ਰ੍ਹਾ ਵਿਚ ਮਾਸੂਮ ਤੇ ਬੇਗੁਨਾਹ ਬੱਚਿਆਂ ਨੂੰ ਮਾਰਨਾ ਪਾਪ ਹੈ। ਮੇਰੀ ਰਾਇ ਹੈ ਕਿ ਇਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ।" ਸ਼ੇਰ ਮੁਹੰਮਦ ਖ਼ਾਂ ਨੇ ਦਲੇਰ ਬੰਦਿਆਂ ਵਾਂਗ ਉੱਤਰ ਦਿੱਤਾ।

ਸੁੱਚਾ ਨੰਦ ਦੀ ਕਮੀਨਗੀ

ਸ਼ੇਰ ਮੁਹੰਮਦ ਖ਼ਾਂ ਦੀ ਰਾਏ ਸੁਣ ਕੇ ਕੋਲੋਂ ਸੁੱਚਾ ਨੰਦ ਉਠ ਖਲੋਤਾ। ਉਹਨੇ ਪਹਿਲਾਂ ਵਾਂਗ ਸਾਹਿਬਜ਼ਾਦਿਆਂ ਨਾਲ ਪਿਆਰ ਜਤਾਉਂਦਿਆਂ ਕਿਹਾ, "ਸੁਣਿਆ ਬਾਲਕੋ? ਨਵਾਬ ਸ਼ੇਰ ਮੁਹੰਮਦ ਸਾਹਿਬ ਤੁਹਾਡੇ ਉੱਤੇ ਰਹਿਮ ਕਰਨ ਦੇ ਹੱਕ ਵਿਚ ਹਨ। ਭਲਾ ਸਰਕਾਰ ਤੁਹਾਨੂੰ

ਛੱਡ ਦੇਵੇ ਤਾਂ ਤੁਸੀਂ ਕੀ ਕਰੋਗੇ?"

"ਅਸੀਂ?" ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਨੇ ਉੱਤਰ ਦਿੱਤਾ, "ਅਸੀਂ ਜੰਗਲਾਂ ਤੇ ਪਿੰਡਾਂ ਵਿਚ ਜਾ ਕੇ ਆਪਣੇ ਸਿੱਖ ਇਕੱਠੇ ਕਰਾਂਗੇ, ਤੇ ਫੌਜਾਂ ਬਣਾ ਕੇ ਜ਼ਾਲਮ ਸਰਕਾਰ ਨਾਲ ਲੜਾਂਗੇ।"

"ਤੁਸੀਂ ਹਾਰ ਜਾਉਗੇ ਤੇ ਫੇਰ ਫੜੇ ਜਾਉਗੇ। ਭਲਾ ਜੇ ਫੇਰ ਵੀ ਤੁਹਾਨੂੰ ਛੱਡ ਦਿੱਤਾ ਜਾਵੇ, ਤਾਂ ਤੁਸੀਂ ਕੀ ਕਰੋਗੇ?" ਸੁੱਚਾ ਨੰਦ ਨੇ ਫੇਰ ਪੁੱਛਿਆ।

"ਅਸੀਂ ਫੇਰ ਆਪਣੀਆਂ ਫੌਜਾਂ ਇਕੱਠੀਆਂ ਕਰ ਕੇ ਸਰਕਾਰ ਨਾਲ ਲੜਾਂਗੇ, ਤੇ ਓਦੋਂ ਤਕ ਲੜਦੇ ਰਹਾਂਗੇ, ਜਿੰਨਾ ਚਿਰ ਇਹ ਜ਼ਾਲਮ ਸਰਕਾਰ ਖ਼ਤਮ ਨਹੀਂ ਹੋ ਜਾਂਦੀ।" ਦੋਹਾਂ ਸਾਹਿਬਜ਼ਾਦਿਆਂ ਦਾ ਲੱਗਭਗ ਇੱਕੋ ਜਵਾਬ ਸੀ।

"ਸੁਣਿਆ ਜਨਾਬ?" ਸੁੱਚਾ ਨੰਦ ਨੇ ਵਜ਼ੀਰ ਖਾਂ ਵੱਲ ਸੰਬੋਧਤ ਹੋ ਕੇ ਕਿਹਾ, "ਇਹ ਹਨ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦੇ! ਸੱਪਾਂ ਦੇ ਪੁੱਤ ਸੱਪ ਹੀ ਹੁੰਦੇ ਹਨ। ਇਨ੍ਹਾਂ ਨੂੰ ਛੱਡ ਦੇਣਾ, ਆਪਣੇ ਆਪ ਨਾਲ ਵੈਰ ਕਰਨ ਦੇ ਬਰਾਬਰ ਹੈ। ਇਹ ਵੱਡੇ ਹੋ ਕੇ ਆਪਣੇ ਪਿਤਾ ਨਾਲੋਂ ਵੀ ਵੱਧ ਹੋਣਗੇ। ਮੇਰੀ ਰਾਏ ਵਿਚ ਇਨ੍ਹਾਂ ਨੂੰ ਮੌਤ ਦੀ ਸਜ਼ਾ ਦੇਣੀ ਚਾਹੀਦੀ ਹੈ।"

ਮੁਫਤੀ ਦਾ ਫਤਵਾ

ਸੁੱਚਾ ਨੰਦ ਦੀ ਰਾਏ ਸੁਣ ਕੇ ਮੁਫਤੀ-ਮੌਲਵੀ ਵੀ ਤੇਜ਼ ਹੋ ਗਏ। ਉਨ੍ਹਾਂ ਵੀ ਸਾਹਿਬਜ਼ਾਦਿਆਂ ਨੂੰ ਮਾਰ ਦੇਣ ਦੀ ਸਲਾਹ ਦਿੱਤੀ। ਵੱਡੇ ਮੁਫ਼ਤੀ ਨੇ ਫਤਵਾ ਦਿੱਤਾ ਕਿ ਏਹੋ ਜਿਹੇ ਜ਼ਿੱਦੀ ਬਾਲਕਾਂ ਨੂੰ ਜਿਉਂਦਿਆਂ ਕੰਧ ਵਿਚ ਚਿਣ ਦੇਣਾ ਚਾਹੀਦਾ ਹੈ।

ਸ਼ੇਰ ਮੁਹੰਮਦ ਵੱਲੋਂ ਹਾਅ ਦਾ ਨਾਹਰਾ

"ਇਹ ਜ਼ੁਲਮ ਹੈ, ਹੱਦੋਂ ਵੱਧ ਜ਼ੁਲਮ। ਇਹ ਸ਼ਰ੍ਹਾ ਦੇ ਉਲਟ ਹੈ। ਮਾਸੂਮ ਤੇ ਬੇਗੁਨਾਹ ਬੱਚਿਆਂ ਨੂੰ ਮਾਰਨ ਦੀ ਸ਼ਰ੍ਹਾ ਕਦੇ ਇਜਾਜ਼ਤ ਨਹੀਂ ਦਿੰਦੀ। ਮੈਂ ਇਹ ਜ਼ੁਲਮ ਨਹੀਂ ਵੇਖ ਸਕਦਾ।" ਹਾਅ ਦਾ ਨਾਹਰਾ ਮਾਰ ਕੇ ਸ਼ੇਰ ਮੁਹੰਮਦ ਖਾਂ ਕਚਹਿਰੀ ਵਿੱਚੋਂ ਉੱਠ ਕੇ ਚਲਿਆ ਗਿਆ।

ਕੰਧ ਵਿਚ ਚਿਣਨਾ

ਸ਼ੇਰ ਮੁਹੰਮਦ ਖਾਂ ਦੀ ਗੱਲ ਦੀ ਕਿਸੇ ਪਰਵਾਹ ਨਾ ਕੀਤੀ। ਸਾਹਿਬਜ਼ਾਦਿਆਂ ਨੂੰ ਸਜ਼ਾ ਦੇਣ ਵਾਸਤੇ ਕਚਹਿਰੀ ਦੇ ਹਾਤੇ ਵਿਚ ਹੀ ਕੰਧ ਉਸਾਰਨ ਦਾ ਪ੍ਰਬੰਧ ਕੀਤਾ ਗਿਆ। ਕੰਧ ਦੇ ਹਰ ਵਾਰ ਦੇ ਨਾਲ ਸਾਹਿਬਜ਼ਾਦਿਆਂ ਨੂੰ ਪੁੱਛਿਆ ਜਾਂਦਾ ਕਿ ਇਸਲਾਮ ਮੰਨ ਲਵੋ, ਤਾਂ ਜਾਨ ਬਖ਼ਸ਼ੀ ਜਾ ਸਕਦੀ ਹੈ। ਹਰ ਵਾਰ ਸਾਹਿਬਜ਼ਾਦੇ ਇੱਕੋ ਉੱਤਰ ਦੇਂਦੇ, "ਅਸੀਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਪੋਤਰੇ ਹਾਂ। ਸਿਰ ਦੇ ਦਿਆਂਗੇ, ਪਰ ਅਸੀਂ ਧਰਮ ਨਹੀਂ ਹਾਰਾਂਗੇ।"

ਕੰਧ ਗੋਡਿਆਂ ਤਕ ਆ ਗਈ। ਦੋਵੇਂ ਸੋਹਲ ਬਾਲਕ ਬੇਹੋਸ਼ ਹੋ ਕੇ ਇਕ ਪਾਸੇ ਉਲਰ ਪਏ। ਉਨ੍ਹਾਂ ਦੇ ਭਾਰ ਨਾਲ ਉਸ ਪਾਸਿਓਂ ਕੰਧ ਵੀ ਡਿੱਗ ਪਈ। ਸ਼ਾਇਦ ਕੰਧ ਉਸਾਰਨ ਦਾ ਮਤਲਬ ਵੀ ਵਧੇਰੇ ਕਰ ਕੇ ਸਾਹਿਬਜ਼ਾਦਿਆਂ ਨੂੰ ਡਰਾਉਣਾ ਹੀ ਸੀ। ਬੇਹੋਸ਼ੀ ਦੀ ਹਾਲਤ ਵਿਚ ਹੀ ਸਾਹਿਬਜ਼ਾਦੇ ਦਾਦੀ ਜੀ ਕੋਲ ਪਹੁੰਚਾ ਦਿੱਤੇ ਗਏ। ਨਿਸ਼ਾਨਾ ਇਹ ਸੀ ਕਿ ਬੱਚਿਆਂ ਦੀ ਅਜਿਹੀ ਹਾਲਤ ਵੇਖ ਕੇ ਮਾਤਾ ਗੁਜਰੀ ਜੀ ਵੀ ਸਹਿਮ ਜਾਣ। ਬੱਚਿਆਂ ਨੂੰ ਜਦ ਹੋਸ਼ ਆਈ ਤਾਂ ਉਨ੍ਹਾਂ ਨੇ ਕਚਹਿਰੀ ਵਿਚ ਹੋਈ-ਬੀਤੀ ਸਾਰੀ ਵੇਰਵੇ ਨਾਲ ਕਹਿ ਸੁਣਾਈ।

ਅਗਲੇ ਦਿਨ ਏਨਾ ਸੁਨੇਹਾ ਆਇਆ, "ਮਾਤਾ ਜੀ! ਨਵਾਬ ਸਾਹਿਬ ਵੱਲੋਂ ਆਪ ਜੀ ਨੂੰ ਸੋਚਣ ਵਾਸਤੇ ਇਕ ਦਿਨ ਦੀ ਹੋਰ ਮੁਹਲਤ ਦਿੱਤੀ ਜਾਂਦੀ ਹੈ। ਆਪ ਇਸਲਾਮ ਕਬੂਲ ਕਰ ਕੇ ਆਪਣੀ ਤੇ ਬੱਚਿਆਂ ਦੀ ਜਾਨ ਬਚਾ ਸਕਦੇ ਹੋ। ਨਹੀਂ ਤਾਂ ਭਲਕੇ ਦੋਵੇਂ ਸਾਹਿਬਜ਼ਾਦੇ ਕਤਲ ਕਰ ਦਿੱਤੇ ਜਾਣਗੇ।"

ਸ਼ਹੀਦੀ

ਅੱਠ ਪਹਿਰ, ਜ਼ਿੰਦਗੀ ਦੇ ਆਖ਼ਰੀ ਅੱਠ ਪਹਿਰ ਬੀਤ ਗਏ। ਕਿਵੇਂ ਬੀਤੇ ਹੋਣਗੇ ? ਅੰਦਾਜ਼ਾ ਲਾਉਣਾ ਔਖਾ ਹੈ। ਅਗਲੇ ਦਿਨ ਤੇਰ੍ਹਾਂ ਪੋਹ, ਸੰਮਤ ੧੭੬੧ ਬਿ: ਨੂੰ ਦੋਵੇਂ ਸਾਹਿਬਜ਼ਾਦੇ ਸ਼ਹੀਦ ਕਰਨ ਵਾਸਤੇ ਕਚਹਿਰੀ ਵਿਚ ਪੇਸ਼ ਕੀਤੇ ਗਏ। ਉਸ ਵੇਲੇ ਵੱਡੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਜੀ ਦੀ ਉਮਰ ਸੱਤ ਸਾਲ, ਗਿਆਰਾਂ ਮਹੀਨੇ ਤੇ ਅੱਠ ਦਿਨ ਦੀ ਸੀ। ਛੋਟੇ ਫ਼ਤਿਹ ਸਿੰਘ ਜੀ ਦੀ ਉਮਰ ਪੰਜ ਸਾਲ, ਦਸ ਮਹੀਨੇ ਤੇ ਦਸ ਦਿਨ ਦੀ ਸੀ। ਉਨ੍ਹਾਂ ਦੇ ਭੋਲੇ-ਭਾਲੇ ਚਿਹਰਿਆਂ ਵੱਲ ਵੇਖ ਕੇ ਵੀ ਜ਼ਾਲਮਾਂ ਨੂੰ ਤਰਸ ਨਾ ਆਇਆ। ਰਸਮੀ ਤੌਰ 'ਤੇ ਇਕ ਵਾਰ ਫੇਰ ਪੁੱਛਿਆ ਗਿਆ, ਜੇ ਉਹ ਇਸਲਾਮ ਕਬੂਲ ਕੇ ਜਾਨ ਬਚਾਉਣਾ ਚਾਹੁੰਦੇ ਹੋਣ ਤਾਂ। ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਖ਼ੂਨ ਮੌਤ ਤੋਂ ਕਿਵੇਂ ਡਰ ਜਾਂਦਾ! ਦੋਹਾਂ ਦੇ ਕਤਲ ਦਾ ਆਖ਼ਰੀ ਫ਼ੈਸਲਾ ਹੋ ਗਿਆ।

ਪਰ ਇਹ ਕੰਮ ਭੁਗਤਾਵੇ ਕੌਣ? ਕੋਈ ਵੀ ਜਲਾਦ ਇਸ ਅੱਤ ਦੇ ਜ਼ੁਲਮ ਵਾਸਤੇ ਤਿਆਰ ਨਹੀਂ ਸੀ। ਦੋ ਜਲਾਦ ਸਾਸ਼ਲ ਬੇਗ ਤੇ ਬਾਸ਼ਲ ਬੇਗ ਕਿਸੇ ਮੁਕੱਦਮੇ ਵਿਚ ਫਸੇ ਹੋਏ ਸਨ। ਉਨ੍ਹਾਂ ਉੱਠ ਕੇ ਅਰਜ਼ ਕੀਤੀ, "ਸਰਕਾਰ! ਸਾਡਾ ਜ਼ੁਰਮ ਮਾਫ਼ ਕਰ ਦਿੱਤਾ ਜਾਵੇ ਤਾਂ ਅਸੀਂ ਇਹ ਕੰਮ ਕਰਨ ਵਾਸਤੇ ਤਿਆਰ ਹਾਂ।" ਉਨ੍ਹਾਂ ਦੀ ਇਹ ਬੇਨਤੀ ਮੰਨ ਲਈ ਗਈ।

ਅੱਗੇ ਲਿਖਦਿਆਂ ਛਾਤੀ ਪਾਟਦੀ ਹੈ। ਜਲਾਦਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਧਰਤੀ ਉੱਤੇ ਸਿੱਧੇ ਲਿਟਾ ਕੇ ਉਨ੍ਹਾਂ ਦੀਆਂ ਛਾਤੀਆਂ 'ਤੇ ਗੋਡੇ ਰੱਖ ਕੇ ਛੁਰੀ ਨਾਲ ਬੱਕਰੇ ਵਾਂਗ ਹਲਾਲ ਕੀਤਾ। ਇਹ ਅਮਾਨਵੀ ਅੱਤਿਆਚਾਰ ਨੂੰ ਵੇਖ ਕੇ ਜ਼ਮੀਨ ਅਸਮਾਨ ਕੰਬ ਉੱਠੇ।

ਇਸ ਸ਼ਹੀਦੀ ਨੇ ਸਾਰੇ ਪੰਜਾਬ ਵਿਚ ਅਜਿਹੀ ਅੱਗ ਭੜਕਾ ਦਿੱਤੀ, ਜੋ ਮੁਗ਼ਲ ਰਾਜ ਨੂੰ ਖ਼ਤਮ ਕਰ ਕੇ ਹੀ ਸ਼ਾਂਤ ਹੋਈ। ਲੋਕ ਆਹ ਭਰ ਕੇ ਕਹਿੰਦੇ, 'ਏਸ ਜੀਉਣ ਨਾਲੋਂ ਤਾਂ ਸਰਕਾਰ ਦੇ ਗਲ ਪੈ ਕੇ ਮਰ ਜਾਣਾ ਚੰਗਾ ਹੈ।'

ਟੋਡਰ ਮੱਲ ਨੇ ਸਸਕਾਰ ਕੀਤਾ

ਸਰਹਿੰਦ ਦੇ ਜੌਹਰੀ ਟੋਡਰ ਮੱਲ ਨੇ ਨਵਾਬ ਵਜ਼ੀਰ ਖਾਂ ਪਾਸੋਂ ਸਾਹਿਬਜ਼ਾਦਿਆਂ ਦੇ ਅੰਤਮ-ਸਸਕਾਰ ਦੀ ਆਗਿਆ ਮੰਗੀ। ਨਵਾਬ ਨੇ ਕਿਹਾ, 'ਜ਼ਮੀਨ ਮੁੱਲ ਲੈ ਕੇ ਸਸਕਾਰ ਕਰ ਸਕਦੇ ਹੋ, ਤੇ ਜ਼ਮੀਨ ਮੁੱਲ ਮਿਲੇਗੀ ਮੋਹਰਾਂ ਵਿਛਾ ਕੇ।' ਟੋਡਰ ਮੱਲ ਨੇ ਇਹ ਸ਼ਰਤ ਪੂਰੀ ਕਰ ਦਿੱਤੀ। ਉਹਨੇ ਮੋਹਰਾਂ ਵਿਛਾ ਕੇ ਅੰਗੀਠੇ ਜੋਗੀ ਥਾਂ ਪ੍ਰਾਪਤ ਕੀਤੀ, ਤੇ ਅਗਲੇ ਦਿਨ ਮਾਤਾ ਗੁਜਰੀ ਜੀ ਤੇ ਦੋਹਾਂ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ। ਉਸ ਥਾਂ 'ਤੇ ਗੁਰਦੁਆਰਾ 'ਜੋਤੀ ਸਰੂਪ' ਕਾਇਮ ਹੈ।

ਗੰਗੂ ਕਿਵੇਂ ਮਰਿਆ?

ਹੁਣ ਵਾਰੀ ਆ ਗਈ ਵਿਸ਼ਵਾਸਘਾਤੀ ਗੰਗੂ ਦੀ। ਜਿਸ ਧਨ ਦੇ ਲਾਲਚ ਵਿਚ ਉਹਨੇ ਐਡਾ ਵੱਡਾ ਪਾਪ ਕੀਤਾ ਸੀ, ਉਹੀ ਧਨ ਉਸ ਦੀ ਮੌਤ ਦਾ ਕਾਰਨ ਬਣਿਆ। ਮਾਤਾ ਗੁਜਰੀ

ਜੀ ਤੋਂ ਸੁਣੇ ਹੋਏ ਸ਼ਬਦਾਂ ਦੇ ਆਧਾਰ 'ਤੇ ਜਾਨੀ ਖ਼ਾਂ ਅਤੇ ਮਾਨੀ ਖ਼ਾਂ ਨੇ ਨਵਾਬ ਵਜ਼ੀਰ ਖ਼ਾਂ ਨੂੰ ਦੱਸਿਆ ਕਿ ਮਾਤਾ ਗੁਜਰੀ ਜੀ, ਜੋ ਮੋਹਰਾਂ ਦੀ ਖੁਰਜੀ ਨਾਲ ਲੈ ਕੇ ਆਏ ਸਨ, ਉਹ ਗੰਗੂ ਕੋਲ ਹੈ। ਵਜ਼ੀਰ ਖ਼ਾਂ ਨੇ ਉਹ ਰਕਮ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾਉਣ ਵਾਸਤੇ ਕਿਹਾ। ਗੰਗੂ ਨੇ ਮੰਨਣ ਤੋਂ ਇਨਕਾਰ ਕੀਤਾ ਤਾਂ ਹਾਕਮਾਂ ਵੱਲੋਂ ਮਾਰ-ਕੁਟਾਈ ਸ਼ੁਰੂ ਹੋ ਗਈ। ਅੰਤ ਕੁੱਟ ਦਾ ਮਾਰਿਆ ਗੰਗੂ ਮੰਨ ਗਿਆ। ਉਹਨੇ ਕਈ ਥਾਂ ਵਿਖਾਏ, ਜਿੱਥੇ ਧਨ ਦੱਬਿਆ ਸੀ, ਪਰ ਧਨ ਕਿਤੋਂ ਨਾ ਨਿਕਲਿਆ। ਮਾਸੂਮ ਬੱਚਿਆਂ ਦੀ ਸ਼ਹੀਦੀ ਨੇ ਉਸ ਦੇ ਮਨ 'ਤੇ ਵੀ ਅਸਰ ਕੀਤਾ ਸੀ ਤੇ ਉਹ ਭੁੱਲ ਗਿਆ ਸੀ ਕਿ ਧਨ ਕਿਸ ਥਾਂ ਦੱਬ ਬੈਠਾ ਹੈ। ਹਾਕਮਾਂ ਸਮਝਿਆ ਕਿ ਗੰਗੂ ਉਨ੍ਹਾਂ ਨੂੰ ਧੋਖਾ ਦੇ ਰਿਹਾ ਹੈ। ਸਿਪਾਹੀਆਂ ਨੇ ਫਿਰ ਗੰਗੂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਸਿੱਟਾ ਇਹ ਨਿਕਲਿਆ, ਕਿ ਗੰਗੂ ਸਰਕਾਰੀ ਬੰਦਿਆਂ ਹੱਥੋਂ ਕੁੱਟੀ ਦਾ-ਕੁੱਟੀ ਦਾ ਹੀ ਮਰ ਗਿਆ।*

ਸ਼ਹੀਦੀ ਦਾ ਅਸਰ

ਠੀਕ ਕਹਿੰਦੇ ਹਨ, ਸ਼ਹੀਦ ਦੀ ਮੌਤ ਕੌਮ ਨੂੰ ਨਵਾਂ ਜੀਵਨ ਬਖ਼ਸ਼ਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨਾਲ ਲੋਕਾਂ ਦੇ ਅੰਦਰ ਗੁੱਸੇ ਦੀ ਅੱਗ ਸੁਲਗਣ ਲੱਗ ਪਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਚਾਰ ਤੇ ਦਲੇਰੀ ਭਰੇ ਕਾਰਨਾਮਿਆਂ ਨੇ ਉਸ ਨੂੰ ਲੋੜੀਂਦੀ ਹਵਾ ਦਿੱਤੀ। ਪਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਉਸ ਨੂੰ ਭਾਂਬੜ ਵਿਚ ਬਦਲ ਦਿੱਤਾ ਜਿਸ ਦੇ ਬਾਰੇ 'ਗੁਰਬਿਲਾਸ' ਵਿਚ ਇੰਞ ਦਰਜ ਹੈ:

ਜਬ ਸੁਨਿਓ ਭੇਦ ਤੁਰਕਾਨ ਕਾਨ। ਇਹ ਚਾਰ ਖਚਰ ਮੂਹਰੈ ਅਮਾਨ।
ਗਹ ਲਯੋ ਤਾਸ ਬਾਂਧੇ ਮੰਗਾਇ। ਲੈ ਮਾਰਿ ਕੂਟ ਦੀਨੋ ਖਪਾਇ।

ਸਿੱਖ ਜਨਤਾ ਦੇ ਦਿਲਾਂ ਵਿਚ ਅਜਿਹੀ ਜਵਾਲਾ ਭੜਕੀ, ਜਿਸ ਨੇ ਮੁਗ਼ਲ ਰਾਜ ਨੂੰ ਸਾੜ ਕੇ ਸੁਆਹ ਕਰ ਦਿੱਤਾ। ਹੁੰਦੇ ਤਾਣ ਸਮੇਂ ਦੀ ਸਰਕਾਰ ਨੇ ਸਿੱਖਾਂ ਉੱਤੇ ਅਸਹਿ ਤੇ ਅਕਹਿ ਜ਼ੁਲਮ ਕੀਤੇ ਜੋ ਉਨ੍ਹਾਂ ਨੇ ਮਰਦਾਂ ਵਾਂਗ ਸਹਾਰੇ, ਪਰ ਮੂੰਹੋਂ 'ਸੀਅ' ਤਕ ਨਾ ਕੀਤੀ ਕਿਉਂਕਿ ਉਨ੍ਹਾਂ ਦੇ ਸਾਹਮਣੇ (ਖਾਸ ਕਰ ਛੋਟੇ) ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਮਿਸਾਲ ਵਜੋਂ ਰੋਸ਼ਨ ਸੀ। ਜਿੱਥੇ ਵੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿਕਰ ਚੱਲਦਾ, ਲੋਕ ਅਵੱਸੋਂ ਪੁਕਾਰ ਉੱਠਦੇ, 'ਉਇ ਏਸ ਜਿਉਣ ਨਾਲੋਂ ਤਾਂ ਮਰ ਜਾਣਾ ਚੰਗਾ ਏ! ਐਹੋ ਜਿਹੀ ਸਰਕਾਰ ਨੂੰ ਖ਼ਤਮ ਕਰ ਕੇ ਹੀ ਦਮ ਲੈਣਾ ਚਾਹੀਦਾ ਹੈ।' ਤੇ ਅੰਤ ਉਨ੍ਹਾਂ ਮੁਗ਼ਲਾਂ ਦੀ ਸਰਕਾਰ ਦਾ ਖ਼ਾਤਮਾ ਕਰ ਕੇ ਹੀ ਦਮ ਲਿਆ।

■

* *ਮੈਕਾਲਫ, ਜਿਲਦ ਪੰਜਵੀਂ, ਸਫ਼ਾ ੧੯੯.*

ਅਨੰਦਪੁਰ ਦੀਆਂ ਪਹਿਲੀਆਂ ਲੜਾਈਆਂ

-ਗਿ. ਸੋਹਣ ਸਿੰਘ ਸੀਤਲ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ ਨਵੇਂ ਪੰਥ ਦਾ ਬਹੁਤ ਚਰਚਾ ਸੀ। ਦੂਰ-ਦੂਰ ਤੋਂ ਸੰਗਤਾਂ ਸੁਣ ਕੇ ਆਉਂਦੀਆਂ ਤੇ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦੀਆਂ। ਪੰਜਾਬ ਦੀ ਵੱਸੋਂ ਵਧੇਰੇ ਸ਼ਸਤਰਧਾਰੀ ਹੀ ਹੁੰਦੀ ਸੀ। ਕੇਸ ਕਟਾਉਣ ਦਾ ਵੀ ਪੰਜਾਬ ਵਿਚ ਰਿਵਾਜ ਨਹੀਂ ਸੀ। ਪਿੰਡਾਂ ਦੇ ਵੱਸਣ ਵਾਲੇ—ਖ਼ਾਸ ਕਰ ਵਾਹੀਵਾਨ ਜੱਟ ਲੜਾਕੇ ਸੁਭਾਉ ਦੇ ਸਨ। ਉਨ੍ਹਾਂ ਨੂੰ ਇਹ ਨਵਾਂ ਧਰਮ ਬਹੁਤ ਪਸੰਦ ਆਇਆ। ਸੱਚੀ ਗੱਲ ਤਾਂ ਇਹ ਹੈ ਕਿ ਪੰਜਾਬ ਦੇ ਜੱਟਾਂ ਨੂੰ ਇਸ ਤੋਂ ਪਹਿਲਾਂ ਕੋਈ ਧਰਮ ਜਚਿਆ ਹੀ ਨਹੀਂ ਸੀ। ਸੋ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨੂੰ ਉਨ੍ਹਾਂ ਤਨੋਂ-ਮਨੋਂ ਧਾਰਨ ਕਰ ਲਿਆ। ਇਹ ਸ਼ਸਤਰਧਾਰੀ ਸਿੱਖੀ ਉਨ੍ਹਾਂ ਦੇ ਲਹੂ ਵਿਚ ਇੱਥੋਂ ਤਕ ਰਚ ਗਈ, ਕਿ ਅੱਜ 'ਜੱਟ' ਤੇ 'ਸਿੱਖ' ਦੋਵੇਂ ਸ਼ਬਦ ਵੱਖ-ਵੱਖ ਕਰਨੇ ਔਖੇ ਹੋ ਗਏ ਹਨ। ਰਹਿਤ ਮਰਯਾਦਾ ਦੀਆਂ ਕਈ ਕਮਜ਼ੋਰੀਆਂ ਦੇ ਬਾਵਜੂਦ ਪੰਜਾਬ ਦਾ ਜੱਟ, ਸਿੱਖ ਤੋਂ ਬਿਨਾਂ ਹੋਰ ਕੁਛ ਨਹੀਂ।[੧] ਸਿੱਖੀ ਵਿਚ ਬਹੁ-ਗਿਣਤੀ ਵੀ ਜੱਟਾਂ ਦੀ ਹੀ ਹੈ। ਵੈਸੇ ਹਰ ਜਾਤ-ਬਰਾਦਰੀ ਵਿੱਚੋਂ ਸਿੰਘ ਸਜੇ ਪਰ ਉਹ ਗਿਣਤੀ ਦੇ ਸ਼ਰਧਾਲੂ, ਜੋ ਬਾਕੀਆਂ ਨਾਲੋਂ ਦਲੇਰ ਸੁਭਾਉ ਦੇ ਮਾਲਕ ਸਨ।

ਹਾਂ, ਜਾਤ-ਅਭਿਮਾਨੀ ਪੰਡਤ, ਸਿੰਘ ਸਜਣ ਤੋਂ ਝਿਜਕਦੇ ਰਹੇ। ਉਹ ਅੰਮ੍ਰਿਤ ਛਕਣਾ ਚਾਹੁੰਦੇ ਸਨ, ਪਰ ਨੀਂਵੀਆਂ ਜਾਤਾਂ ਦੇ ਨਾਲ ਰਲ ਕੇ ਇੱਕੋ ਬਾਟੇ ਵਿਚ ਨਹੀਂ। ਪੀੜ੍ਹੀਆਂ ਦੇ ਬਣੇ ਸੰਸਕਾਰਾਂ ਦੇ ਕਾਰਨ ਛੂਤ-ਛਾਤ ਦੇ ਬੰਧਨ ਤੋੜਨ ਦੀ ਉਨ੍ਹਾਂ ਵਿਚ ਹਿੰਮਤ ਨਹੀਂ ਸੀ। ਸੋ, ਪੰਡਤਾਂ ਵਿਚ ਬਹੁਤ ਘੱਟ ਲੋਕਾਂ ਨੇ ਅੰਮ੍ਰਿਤ ਛਕਿਆ।

ਪਹਾੜੀ ਰਾਜੇ ਅਨੰਦਪੁਰ ਆਏ

ਪਹਾੜੀ ਰਾਜਿਆਂ ਦੇ ਕੰਨਾਂ ਤਕ ਵੀ ਇਸ ਨਵੇਂ ਸਾਜੇ ਪੰਥ ਬਾਰੇ ਖ਼ਬਰਾਂ ਪਹੁੰਚੀਆਂ। ਗੁਰੂ ਮਹਾਰਾਜ ਨੇ ਥਾਂ-ਥਾਂ ਹੁਕਮਨਾਮੇ ਭੇਜੇ ਤੇ ਹਰ ਸਿੱਖ ਨੂੰ ਅੰਮ੍ਰਿਤ ਛਕ ਕੇ ਸਿੰਘ ਸਜਣ ਦਾ ਹੁਕਮ ਦਿੱਤਾ। ਗੁਰਦੇਵ ਨੇ ਰਾਜਾ ਅਜਮੇਰ ਚੰਦ ਤੇ ਹੋਰ ਰਾਜਿਆਂ ਨੂੰ ਵੀ ਲਿਖਿਆ। ਬਿਲਾਸਪੁਰ ਦਾ ਰਾਜਾ ਉਸ ਵੇਲੇ ਭੀਮ ਚੰਦ ਦਾ ਪੁੱਤਰ ਅਜਮੇਰ ਚੰਦ ਸੀ। ਭੀਮ ਚੰਦ ਗੁਜ਼ਰ ਚੁੱਕਾ ਸੀ। ਕਹਿਲੂਰ ਦੀ ਰਿਆਸਤ ਬਾਕੀਆਂ ਨਾਲੋਂ ਵਡੇਰੀ ਸੀ, ਇਸ ਵਾਸਤੇ ਬਾਈਧਾਰ ਦੇ ਰਾਜਿਆਂ ਦਾ ਆਗੂ ਕਹਿਲੂਰ ਦਾ ਹੁਕਮਰਾਨ ਹੀ ਮੰਨਿਆ ਜਾਂਦਾ ਸੀ। ਸੋ, ਅਜਮੇਰ ਚੰਦ ਦੀ ਅਗਵਾਈ ਵਿਚ ਕੁਝ ਰਾਜੇ ਅਨੰਦਪੁਰ ਸਾਹਿਬ ਆਏ। ਮਹਾਰਾਜ ਨੇ ਉਨ੍ਹਾਂ ਦਾ ਬੜਾ ਆਦਰ-ਸਤਿਕਾਰ ਕੀਤਾ, ਜਿਵੇਂ ਹਜ਼ੂਰ ਹਰ ਸਿੱਖ ਦਾ ਕਰਿਆ ਕਰਦੇ ਸਨ। ਰਾਜੇ ਕਈ ਦਿਨ ਅਨੰਦਪੁਰ ਸਾਹਿਬ ਰਹੇ। ਉਨ੍ਹਾਂ ਨੇ ਗੁਰਦੇਵ ਦੇ ਸ਼ੁਭ ਵਿਚਾਰ ਵੀ ਸੁਣੇ। ਪਰ ਅਫਸੋਸ ਰਾਜੇ ਜਾਤ-ਪਾਤ ਤੇ ਛੂਤ-ਛਾਤ ਦੇ ਬੰਧਨਾਂ ਤੋਂ ਮੁਕਤ ਨਾ ਹੋ ਸਕੇ। ਗੁਰਦੇਵ ਨੇ ਉਨ੍ਹਾਂ ਨੂੰ ਸਿੰਘ ਸਜਣ ਵਾਸਤੇ ਬੜਾ ਪ੍ਰੇਰਿਆ। ਪਰ ਅੱਧੇ-ਦਿਲੋਂ ਚਾਹੁੰਦੇ ਹੋਏ ਵੀ ਅੰਮ੍ਰਿਤ-ਛਕਣ ਵਾਸਤੇ ਤਿਆਰ ਨਾ ਹੋਏ। ਰਾਜੇ ਸਿਰਫ਼ ਦੋ ਸ਼ਰਤਾਂ ਉੱਤੇ ਅੰਮ੍ਰਿਤ-ਛਕਣ ਵਾਸਤੇ ਤਿਆਰ ਸਨ,

ਇਕ ਤਾਂ ਉਨ੍ਹਾਂ ਨੂੰ ਹੋਰ ਸਿੱਖਾਂ ਨਾਲੋਂ ਵੱਖਰਾ ਅੰਮ੍ਰਿਤ ਛਕਾਇਆ ਜਾਏ, ਤਾਂ ਕਿ ਉਨ੍ਹਾਂ ਦਾ ਉੱਚੀ ਜਾਤ ਦਾ ਘੁਮੰਡ ਫਿਰ ਵੀ ਬਣਿਆ ਰਹੇ ਤੇ ਦੂਸਰਾ, ਉਨ੍ਹਾਂ ਨੂੰ ਸਿੰਘ ਸਜ ਕੇ ਵੀ ਦੇਵੀ-ਦੇਵਤਿਆਂ ਦੀ ਪੂਜਾ ਕਰਨ ਦੀ ਆਗਿਆ ਹੋਵੇ। ਇਹ ਦੋਵੇਂ ਸ਼ਰਤਾਂ ਸਿੱਖੀ ਦੇ ਮੁੱਢਲੇ ਅਸੂਲਾਂ ਦੇ ਉਲਟ ਸਨ। ਸੋ, ਗੁਰਦੇਵ ਨੇ ਰਾਜਿਆਂ ਦੀਆਂ ਸ਼ਰਤਾਂ ਨਾ ਮੰਨੀਆਂ। ਰਾਜੇ ਕੁਝ ਉਦਾਸ ਤੇ ਕੁਝ-ਕੁਝ ਦਿਲੋਂ ਨਾਰਾਜ਼ ਹੋ ਕੇ ਵਾਪਸ ਚਲੇ ਗਏ।

ਬਜਰੂੜ ਦੇ ਰੰਘੜਾਂ ਨੂੰ ਸਜ਼ਾ

ਇਨ੍ਹਾਂ ਹੀ ਦਿਨਾਂ ਵਿਚ ਇਕ ਹੋਰ ਘਟਨਾ ਹੋ ਗਈ। ਸਤਲੁਜ ਤੋਂ ਪਾਰ ਬਜਰੂੜ ਵਿਚ ਰੰਘੜਾਂ ਤੇ ਗੁੱਜਰਾਂ ਦਾ ਬੜਾ ਜ਼ੋਰ ਸੀ। ਗੁਰੂ-ਦਰਸ਼ਨਾਂ ਵਾਸਤੇ ਆਉਂਦੀਆਂ ਸੰਗਤਾਂ ਨੂੰ ਉਹ ਲੁੱਟ ਲਿਆ ਕਰਦੇ ਸਨ। ਮਹਾਰਾਜ ਪਾਸ ਉਨ੍ਹਾਂ ਦੀ ਕਈ ਵਾਰ ਸ਼ਿਕਾਇਤ ਆ ਚੁੱਕੀ ਸੀ। ਇਕ ਦਿਨ ਗੁਰਦੇਵ ਓਸ ਪਾਸੇ ਸ਼ਿਕਾਰ ਚੜ੍ਹੇ। ਰੰਘੜ ਤੇ ਗੁੱਜਰ ਗੁਰੂ ਜੀ ਨੂੰ ਵੀ ਲੁੱਟਣ ਵਾਸਤੇ ਆ ਪਏ। ਹਜ਼ੂਰ ਨੇ ਸਿੰਘਾਂ ਨੂੰ ਧਾਵੇ ਦਾ ਹੁਕਮ ਦੇ ਦਿੱਤਾ। ਨਵੇਂ ਜੋਸ਼ ਵਿਚ ਭਰਪੂਰ ਸਿੰਘਾਂ ਅੱਗੇ ਰੰਗੜਾਂ ਗੁੱਜਰਾਂ ਕੀ ਠਹਿਰਨਾ ਸੀ! ਆਏ ਦਿਨ ਸੰਗਤਾਂ ਨੂੰ ਲੁੱਟਣ ਵਾਲਿਆਂ ਨੂੰ ਸਿੰਘਾਂ ਨੇ ਚੰਗੀ ਤਰ੍ਹਾਂ ਸੋਧਿਆ ਤੇ ਰੰਘੜਾਂ ਗੁੱਜਰਾਂ ਨੂੰ ਉਹ ਸਜ਼ਾ ਦਿੱਤੀ ਜੋ ਉਹ ਦੇਰ ਤਕ ਯਾਦ ਰੱਖਣ।

ਰਾਜਿਆਂ ਦੀ ਘਬਰਾਹਟ

ਆਏ ਦਿਨ ਗੁਰੂ ਮਹਾਰਾਜ ਦੀ ਵਧ ਰਹੀ ਤਾਕਤ ਵੇਖ ਕੇ ਪਹਾੜੀ ਰਾਜੇ ਘਬਰਾ ਗਏ। ਪਹਿਲਾਂ ਉਨ੍ਹਾਂ ਇਕ ਆਦਮੀ ਅਨੰਦਪੁਰ ਸਾਹਿਬ ਰਹਿਣ ਵਾਸਤੇ ਭੇਜਿਆ, ਜੋ ਉਨ੍ਹਾਂ ਨੂੰ ਖ਼ੁਫੀਆ ਰਿਪੋਰਟਾਂ ਭੇਜਦਾ ਰਹੇ। ਉਹਨੇ ਹਰ ਗੱਲ ਨੂੰ ਵਧਾ-ਚੜ੍ਹਾ ਕੇ ਦੱਸਣਾ ਸ਼ੁਰੂ ਕਰ ਦਿੱਤਾ। ਉਸ ਦੀ ਇਸ ਬੇਸਮਝੀ ਦੇ ਕਾਰਨ ਰਾਜਿਆਂ ਦਾ ਭੈਅ ਹੋਰ ਵੀ ਵਧ ਗਿਆ।

ਬਲੀਆ ਚੰਦ ਤੇ ਆਲਮ ਚੰਦ ਦੀ ਲੜਾਈ

ਬਲੀਆ ਚੰਦ ਤੇ ਆਲਮ ਚੰਦ ਦੋ ਪਹਾੜੀ ਰਾਜਪੂਤ ਸਨ। ਇਕ ਦਿਨ ਗੁਰਦੇਵ ਸ਼ਿਕਾਰ ਖੇਡਦੇ-ਖੇਡਦੇ ਉਨ੍ਹਾਂ ਦੀ ਨਜ਼ਰ ਪੈ ਗਏ। ਗੁਰਦੇਵ ਨਾਲ, ਮਸਾਂ ਗਿਣਤੀ ਦੇ ਸਿੰਘ ਸਨ। ਬਲੀਆ ਚੰਦ ਤੇ ਆਲਮ ਚੰਦ ਨਾਲ, ਸਿੰਘਾਂ ਨਾਲੋਂ ਕਈ ਗੁਣਾ ਵਧੇਰੇ ਆਦਮੀ ਸਨ। ਰਾਜਪੂਤਾਂ ਸੋਚਿਆ, ਹੁਣ ਗੁਰੂ ਨੂੰ ਫੜ ਲੈਣ ਦਾ ਬੜਾ ਚੰਗਾ ਮੌਕਾ ਹੱਥ ਲੱਗਾ ਹੈ। ਉਨ੍ਹਾਂ ਬਹੁ-ਗਿਣਤੀ ਦੇ ਮਾਣ ਉੱਤੇ ਅਚਨਚੇਤ ਹਮਲਾ ਕਰ ਦਿੱਤਾ। ਯੁੱਧ ਨੀਤੀ ਨੂੰ ਮੁੱਖ ਰੱਖ ਕੇ, ਏਨੀ ਘੱਟ ਗਿਣਤੀ ਦਾ ਭੱਜ ਜਾਣ ਵਿਚ ਹੀ ਭਲਾ ਸਮਝਿਆ ਜਾਂਦਾ ਹੈ। ਪਰ ਸਿੰਘਾਂ ਦੇ ਨਵੇਂ ਜੋਸ਼ ਤੇ ਗੁਰਦੇਵ ਦੀ ਮੌਜੂਦਗੀ ਨੇ ਉਨ੍ਹਾਂ ਨੂੰ ਟਾਕਰਾ ਕਰਨ ਦੀ ਪ੍ਰੇਰਨਾ ਦਿੱਤੀ। ਦਰਖ਼ਤਾਂ ਦਾ ਆਸਰਾ ਲੈ ਕੇ ਸਿੰਘ ਡਟ ਗਏ। ਉਹ ਨਿਸ਼ਾਨੇ 'ਤੇ ਕੱਸ-ਕੱਸ ਤੀਰ ਮਾਰਦੇ, ਜੋ ਇਕ ਵੀ ਖਾਲੀ ਨਾ ਜਾਂਦਾ। ਫਿਰ ਗੁਰੂ ਮਹਾਰਾਜ ਦੀ ਕਮਾਨ 'ਚੋਂ ਚੱਲੇ ਹੋਏ ਤੀਰ ਤਾਂ ਦੁਸ਼ਮਣ ਦੀ ਛਾਤੀ ਵਿਚ ਦੀ ਨਿਕਲ ਜਾਂਦੇ। ਪਹਾੜੀਆਂ ਨੇ ਆਪਣੇ ਆਦਮੀ ਡਿੱਗਦੇ ਵੇਖ ਕੇ ਇਕ ਕਹਿਰੀ ਹੱਲਾ ਬੋਲਿਆ। ਤੀਰ ਕਮਾਨਾਂ ਛੱਡ ਕੇ ਯੋਧੇ ਤਲਵਾਰੀਂ ਉਤਰ ਆਏ। ਗਿਣਤੀ ਵਿਚ ਬਹੁਤ ਥੋੜ੍ਹੇ ਹੋਣ ਕਰਕੇ ਸਿੰਘ ਲੜਾਈ ਨੂੰ ਛੇਤੀ ਖ਼ਤਮ ਕਰ ਦੇਣਾ ਚਾਹੁੰਦੇ ਸਨ। 'ਲੜਾਈ ਦੇ ਢਾਈ ਫੱਟ' ਵਾਲੇ ਸਿਧਾਂਤ ਉੱਤੇ ਅਮਲ ਕਰਦਿਆਂ ਗੁਰੂ ਕੇ ਯੋਧੇ ਭਾਈ ਆਲਮ ਸਿੰਘ ਨੇ, ਆਲਮ ਚੰਦ ਉੱਤੇ ਹਮਲਾ ਕਰ ਦਿੱਤਾ। ਬਲੀਆ ਚੰਦ ਨਾਲ, ਭਾਈ ਉਦੈ ਸਿੰਘ ਟਕਰਾ ਗਿਆ। ਇੱਕੋ ਨਾਮ ਦੇ ਦੋਵੇਂ ਯੋਧੇ ਤਲਵਾਰਾਂ ਸੰਭਾਲ ਕੇ ਆਹਮਣੇ-ਸਾਹਮਣੇ ਖਲੋ ਗਏ।

ਪਹਿਲਾ ਵਾਰ ਆਲਮ ਚੰਦ ਨੇ ਕੀਤਾ, ਜੋ ਭਾਈ ਆਲਮ ਸਿੰਘ ਨੇ ਢਾਲ ਉੱਤੇ ਰੋਕ ਲਿਆ। ਮੋੜਵਾਂ ਵਾਰ ਭਾਈ ਆਲਮ ਸਿੰਘ ਨੇ ਕੀਤਾ, ਜਿਸ ਤੋਂ ਆਲਮ ਚੰਦ ਬਚ ਨਾ ਸਕਿਆ। ਰਾਜਪੂਤ ਸਰਦਾਰ ਦੀ ਸੱਜੀ ਬਾਂਹ ਕੱਟੀ ਗਈ ਤੇ ਉਹ ਪਿੜ ਛੱਡ ਕੇ ਨੱਸ ਗਿਆ। ਦੂਸਰੇ ਪਾਸੇ ਭਾਈ ਉਦੈ ਸਿੰਘ ਦੇ ਹੱਥੋਂ ਬਲੀਆ ਚੰਦ ਮਾਰਿਆ ਗਿਆ। ਪਿੱਛੋਂ ਨਖਸਮੀ ਫੌਜ ਨੇ ਪਿੜ ਵਿਚ ਕਿੱਥੇ ਠਹਿਰਨਾ ਸੀ? ਪਹਾੜੀਏ ਮੈਦਾਨ ਛੱਡ ਕੇ ਨੱਸ ਗਏ। ਗੁਰੂ ਮਹਾਰਾਜ ਫ਼ਤਹ ਦੇ ਜੈਕਾਰੇ ਛੱਡਦੇ ਵਾਪਸ ਅਨੰਦਪੁਰ ਸਾਹਿਬ ਆ ਗਏ। ਇਹ ਘਟਨਾ ੧੭੫੭ ਬਿ. ਦੀ ਹੈ। ਇਸ ਝਪਟ ਨੂੰ ਆਉਣ ਵਾਲੀਆਂ ਵੱਡੀਆਂ ਲੜਾਈਆਂ ਦਾ ਮੁੱਢ ਸਮਝਣਾ ਚਾਹੀਦਾ ਹੈ।

ਰਾਜਿਆਂ ਨੇ ਦਿੱਲੀ ਤੋਂ ਮਦਦ ਮੰਗੀ

ਇਸ ਘਟਨਾ ਦਾ ਬਾਕੀ ਰਾਜਿਆਂ ਦੇ ਦਿਲ 'ਤੇ ਬਹੁਤ ਅਸਰ ਹੋਇਆ, ਉਨ੍ਹਾਂ ਨੂੰ ਪੱਕਾ ਹੋ ਗਿਆ ਕਿ ਉਹ ਇਕੱਲੇ ਕਦੇ ਵੀ ਗੁਰੂ ਜੀ ਨੂੰ ਜਿੱਤ ਨਹੀਂ ਸਕਣਗੇ। ਸੋ ਉਨ੍ਹਾਂ ਮੁਗ਼ਲ ਸਰਕਾਰ ਪਾਸੋਂ ਮਦਦ ਲੈਣ ਦੀ ਠਾਣੀ। ਰਾਜਿਆਂ ਨੇ ਆਪਣੇ ਨੁਮਾਇੰਦੇ ਦਿੱਲੀ ਭੇਜੇ। ਬਾਦਸ਼ਾਹ ਔਰੰਗਜ਼ੇਬ ਦੱਖਣ ਵਿਚ ਉਲਝਿਆ ਹੋਇਆ ਸੀ। ਰਾਜਿਆਂ ਦੀ ਅਰਜ਼ੀ ਦਿੱਲੀ ਦੇ ਸੂਬੇਦਾਰ ਦੇ ਸਾਹਮਣੇ ਪੇਸ਼ ਹੋਈ। ਰਾਜਿਆਂ ਨੇ ਦੋ ਗੱਲਾਂ 'ਤੇ ਜ਼ੋਰ ਦਿੱਤਾ ਸੀ। ਇਕ ਤਾਂ ਗੁਰੂ ਨੇ ਚਾਰ ਵਰਨ ਮਿਲਾ ਕੇ, ਇਕ ਨਵਾਂ ਪੰਥ ਸਾਜ ਲਿਆ ਹੈ, ਜੋ ਹਿੰਦੂ-ਮੁਸਲਮਾਨ ਦੋਹਾਂ ਤੋਂ ਨਿਆਰਾ ਹੈ ਤੇ ਦੂਜਾ, ਗੁਰੂ ਆਪਣੇ ਪਿਤਾ ਦੀ ਸ਼ਹਾਦਤ ਦਾ ਬਦਲਾ ਲੈਣ ਵਾਸਤੇ ਮੁਗ਼ਲ ਰਾਜ ਨੂੰ ਤਬਾਹ ਕਰਨ ਦੀ ਤਿਆਰੀ ਕਰ ਰਿਹਾ ਹੈ। ਦਿਨੋ-ਦਿਨ ਉਹ ਆਪਣੀ ਫੌਜੀ ਤਾਕਤ ਵਧਾ ਰਿਹਾ ਹੈ। ਦਿੱਲੀ ਦੇ ਸੂਬੇਦਾਰ ਨੇ ਉਸ ਅਰਜ਼ੀ ਦੇ ਨਾਲ ਆਪਣੀ ਰਿਪੋਰਟ ਲਾ ਕੇ ਬਾਦਸ਼ਾਹ ਵੱਲ ਭੇਜ ਦਿੱਤੀ। ਬਾਦਸ਼ਾਹ ਵੱਲੋਂ ਛੇਤੀ ਹੀ ਹੁਕਮ ਆ ਗਿਆ ਕਿ ਗੁਰੂ ਜੀ ਦੇ ਵਿਰੁੱਧ ਪਹਾੜੀ ਰਾਜਿਆਂ ਦੀ ਮਦਦ ਕੀਤੀ ਜਾਵੇ।

ਪੈਂਦੇ ਖਾਂ ਤੇ ਦੀਨ ਬੇਗ ਦਾ ਜੰਗ

ਦਿੱਲੀ ਦੇ ਗਵਰਨਰ ਨੇ ਬਾਦਸ਼ਾਹ ਦੇ ਹੁਕਮ ਉੱਤੇ ਅਮਲ ਕਰਦਿਆਂ ਦੋ ਜਰਨੈਲ—ਪੈਂਦੇ ਖਾਂ (ਉਹ ਪੈਂਦੇ ਖਾਂ ਹੋਰ ਸੀ, ਜੋ ਛੇਵੇਂ ਗੁਰੂ ਜੀ ਦੇ ਹੱਥੋਂ ਕਰਤਾਰਪੁਰ ਦੀ ਲੜਾਈ ਵਿਚ ਮਾਰਿਆ ਗਿਆ ਸੀ) ਤੇ ਦੀਨ ਬੇਗ ਦਸ ਹਜ਼ਾਰ ਮੁਗ਼ਲ ਫੌਜ ਦੇ ਕੇ ਰਾਜਿਆਂ ਦੀ ਮਦਦ ਵਾਸਤੇ ਭੇਜੇ। ਸੂਬੇਦਾਰ ਸਰਹਿੰਦ ਨੂੰ ਵੀ ਰਾਜਿਆਂ ਦੀ ਮਦਦ ਕਰਨ ਦਾ ਹੁਕਮ ਹੋਇਆ। ਸਰਕਾਰੀ ਫੌਜ ਦਾ ਸਾਰਾ ਖਰਚਾ ਰਾਜਿਆਂ ਨੇ ਭਰਨਾ ਮੰਨ ਲਿਆ। ਇਹ ਪਹਿਲੀ ਵਾਰ ਸੀ ਜਦ ਹਿੰਦੂ ਰਾਜਿਆਂ ਨੇ ਉਸ ਦੇ ਵਿਰੁੱਧ ਮੁਸਲਿਮ ਸਰਕਾਰ ਤੋਂ ਮਦਦ ਹਾਸਲ ਕੀਤੀ, ਜਿਸ ਨੇ ਹਿੰਦੂ ਧਰਮ ਦੀ ਰੱਖਿਆ ਵਾਸਤੇ ਆਪਣੇ ਪਿਤਾ ਦੀ ਕੁਰਬਾਨੀ ਦਿੱਤੀ ਸੀ। ਬਹੁਤ ਸਾਰੇ ਪਹਾੜੀ ਹਿੰਦੂ ਰਾਜੇ ਆਪੋ-ਆਪਣੀਆਂ ਫੌਜਾਂ ਲੈ ਕੇ ਮੁਸਲਿਮ ਜਰਨੈਲਾਂ ਨਾਲ ਰੋਪੜ ਕੋਲ ਆ ਮਿਲੇ। ਦਿੱਲੀ, ਸਰਹਿੰਦ ਤੇ ਰਾਜਿਆਂ ਦੀ ਮਿਲੀ-ਜੁਲੀ ਫੌਜ ਦੀ ਗਿਣਤੀ ਤੀਹ ਹਜ਼ਾਰ ਦੇ ਕਰੀਬ ਹੋ ਗਈ। ਟਾਕਰੇ 'ਤੇ ਗੁਰੂ ਜੀ ਦੀ ਫੌਜ ਮਸਾਂ ਸੱਤ-ਅੱਠ ਹਜ਼ਾਰ ਸੀ। ਪਰ ਉਹ ਸਾਰੇ ਹੀ ਗੁਰੂ ਜੀ ਦੇ ਬਦਲੇ ਮਰਨ ਵਿਚ ਮਾਣ ਸਮਝਦੇ ਸਨ। ਅਨੰਦਪੁਰ ਸਾਹਿਬ ਦੇ ਬਾਹਰ ਮੋਰਚੇ ਮੱਲ ਕੇ ਸਿੱਖ ਲੱਗੇ ਦੁਸ਼ਮਣ ਦੀ ਉਡੀਕ ਕਰਨ।

ਦੁਸ਼ਮਣ-ਦਲ ਦੀ ਸਾਂਝੀ ਕਮਾਨ ਪੈਂਦੇ ਖਾਂ ਦੇ ਹੱਥ ਸੀ। ਗੁਰੂ ਜੀ ਨੇ ਆਪਣੀ ਫੌਜ ਨੂੰ

ਪੰਜਾਂ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਪੰਜੇ ਪਿਆਰੇ ਹਜ਼ੂਰ ਦੇ ਵੱਡੇ ਜਰਨੈਲ ਸਨ। ਉਨ੍ਹਾਂ ਦੇ ਮਾਤਹਿਤ ਅੱਗੇ ਭਾਈ ਉਦੈ ਸਿੰਘ, ਭਾਈ ਆਲਮ ਸਿੰਘ, ਸਾਹਿਬਜ਼ਾਦਾ ਅਜੀਤ ਸਿੰਘ ਆਦਿ ਜਰਨੈਲ ਆਪੋ-ਆਪਣੇ ਜਥੇ ਲਈ ਖੜ੍ਹੇ ਸਨ। ਇਹ ਪਹਿਲੀ ਲੜਾਈ ਸੀ, ਜਿਸ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਆਪਣੇ ਜਥੇ ਦੀ ਕਮਾਨ ਕਰਦੇ ਹੋਏ ਲੜੇ। ਉਸ ਵੇਲੇ ਸਾਹਿਬਜ਼ਾਦੇ ਦੀ ਉਮਰ ਚੌਦਾਂ ਸਾਲ ਸੀ।

ਬਹੁਗਿਣਤੀ ਦੇ ਮਾਣ ਉੱਤੇ ਦੁਸ਼ਮਣ ਨੇ ਬੜਾ ਕਹਿਰੀ ਧਾਵਾ ਬੋਲਿਆ। ਮੁਗ਼ਲ ਫੌਜ ਦਾ ਖਿਆਲ ਸੀ ਕਿ ਸਿੱਖਾਂ ਦਾ ਪਹਾੜੀਆਂ ਉੱਤੇ ਐਵੇਂ ਫੋਕਾ ਧਮ੍ਹਾਂ ਬੈਠਾ ਹੋਇਆ ਹੈ। ਉਹ ਬਾਕਾਇਦਾ ਸ਼ਾਹੀ ਫੌਜ ਦਾ ਟਾਕਰਾ ਨਹੀਂ ਕਰ ਸਕਣਗੇ। ਪਰ ਲੜਾਈ ਸ਼ੁਰੂ ਹੁੰਦਿਆਂ ਹੀ ਸ਼ਾਹੀ ਜਰਨੈਲਾਂ ਦਾ ਇਹ ਭੁਲੇਖਾ ਦੂਰ ਹੋ ਗਿਆ। ਹਰ ਮੋਰਚੇ ਉੱਤੇ ਸਿੰਘਾਂ ਨੇ ਵਧ ਰਹੀ ਦੁਸ਼ਮਣ-ਫੌਜ ਦਾ ਮੂੰਹ ਭੁਆ ਦਿੱਤਾ। ਮੁਗ਼ਲ ਫੌਜ ਦਾ ਬੁਰਾ ਹਾਲ ਹੁੰਦਾ ਵੇਖ ਕੇ ਪਹਾੜੀਏ ਪਹਿਲਾਂ ਹੀ ਖਿਸਕ ਚੱਲੇ। ਜੰਗ ਦਾ ਪਾਸਾ ਪਲਟਣ ਵਾਸਤੇ ਪੈਂਦੇ ਖਾਂ ਆਪ ਮੈਦਾਨ ਵਿਚ ਆ ਗਿਆ। ਉਸ ਦਾ ਰਾਹ ਰੋਕਣ ਵਾਸਤੇ ਗੁਰਦੇਵ ਨੇ ਆਪਣਾ ਘੋੜਾ ਅੱਗੇ ਵਧਾਇਆ। ਦੋਵੇਂ ਆਹਮੋ-ਸਾਹਮਣੇ ਆ ਡਟੇ। ਪੈਂਦੇ ਖ਼ਾਂ ਮੰਨਿਆ ਹੋਇਆ ਤੀਰਅੰਦਾਜ਼ ਸੀ। ਪਹਿਲਾ ਵਾਰ ਉਹਨੇ ਕੀਤਾ। ਉਹਦਾ ਤੀਰ ਗੁਰਦੇਵ ਦੇ ਕੰਨ ਕੋਲੋਂ ਦੀ ਸ਼ੂਕਦਾ ਨਿਕਲ ਗਿਆ। ਹਜ਼ੂਰ ਨੇ ਲਲਕਾਰ ਕੇ ਕਿਹਾ, "ਪੈਂਦੇ ਖਾਂ! ਇਕ ਵਾਰ ਹੋਰ ਕਰ ਲੈ। ਮਤਾਂ ਕੋਈ ਅਰਮਾਨ ਰਹਿ ਜਾਏ!"

ਕਹਿਰ ਭਰੇ ਪੈਂਦੇ ਖਾਂ ਨੇ ਦੂਸਰਾ ਤੀਰ ਚਲਾਇਆ। ਗੁਰਦੇਵ ਦੇ ਪਵਿੱਤਰ ਸਰੀਰ ਨੂੰ ਉਹ ਵੀ ਨਾ ਛੁਹ ਸਕਿਆ। ਪੈਂਦੇ ਖਾਂ ਦਾ ਦਿਲ ਡੋਲ ਗਿਆ। ਤੀਸਰਾ ਵਾਰ ਕਰਨ ਦੀ ਥਾਂ ਉਹਨੇ ਨੱਸਣ ਵਾਸਤੇ ਆਪਣੇ ਘੋੜੇ ਦੀ ਵਾਗ ਪਿਛਾਂਹ ਨੂੰ ਮੋੜੀ। ਗੁਰਦੇਵ ਨੇ ਗਰਜ ਕੇ ਕਿਹਾ, "ਪੈਂਦੇ ਖਾਂ! ਇਹ ਸੂਰਮਿਆਂ ਦਾ ਕੰਮ ਨਹੀਂ। ਦੋ ਵਾਰ ਤੂੰ ਕੀਤੇ ਨੇ, ਤਾਂ ਇਕ ਸਾਡਾ ਵੀ ਲੈਂਦਾ ਜਾਹ।"

ਪੈਂਦੇ ਖ਼ਾਂ ਦਾ ਸਾਰਾ ਸਰੀਰ ਲੋਹੇ ਵਿਚ ਮੜ੍ਹਿਆ ਹੋਇਆ ਸੀ। ਸਾਹਮਣਿਓਂ ਮੂੰਹ ਤੇ ਪਾਸੇ ਤੋਂ ਕੰਨ ਨੰਗੇ ਸਨ। ਪੈਂਦੇ ਖਾਂ ਪਾਸਾ ਮੋੜ ਰਿਹਾ ਸੀ, ਜਦੋਂ ਕਾਲ ਆ ਪਹੁੰਚਾ। ਗੁਰਦੇਵ ਦਾ ਤੀਰ ਪੈਂਦੇ ਖਾਂ ਦੇ ਇਕ ਕੰਨ ਵਿੱਚੋਂ ਵੱਜ ਕੇ ਦੂਸਰੇ ਵਿੱਚੋਂ ਨਿਕਲ ਗਿਆ। ਘੋੜੇ ਤੋਂ ਥੱਲੇ ਡਿੱਗਦਾ ਪੈਂਦੇ ਖਾਂ ਪ੍ਰਾਣ ਤਿਆਗ ਗਿਆ। ਇਸੇ ਸਮੇਂ ਦੀਨ ਬੇਗ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਫੇਰ ਕੀ ਸੀ? ਪਹਾੜੀ ਰਾਜੇ ਤੇ ਉਨ੍ਹਾਂ ਦੇ ਯੋਧੇ ਸਿਰ 'ਤੇ ਪੈਰ ਰੱਖ ਕੇ ਨੱਸ ਉੱਠੇ। ਮੁਗ਼ਲ ਫੌਜਾਂ ਨੇ ਵੀ ਸਰਹਿੰਦ ਵੱਲ ਮੂੰਹ ਕਰ ਲਿਆ। ਸਿੱਖਾਂ ਨੇ ਰੋਪੜ ਤਕ ਦੁਸ਼ਮਣ ਦਾ ਪਿੱਛਾ ਕੀਤਾ। ਅਖ਼ੀਰ ਗੁਰਦੇਵ ਨੇ ਖਾਲਸਾ ਫੌਜਾਂ ਨੂੰ ਰੁਕ ਜਾਣ ਦਾ ਹੁਕਮ ਦੇ ਦਿੱਤਾ ਤੇ ਉਹ ਫ਼ਤਹ ਦੇ ਨਗਾਰੇ ਵਜਾਉਂਦੇ ਵਾਪਸ ਅਨੰਦਪੁਰ ਸਾਹਿਬ ਪਰਤੇ। ਦੁਸ਼ਮਣ ਦੇ ਡੇਰੇ ਵਿੱਚੋਂ ਬਹੁਤ ਸਾਰਾ ਸਾਮਾਨ ਸਿੱਖਾਂ ਦੇ ਹੱਥ ਆਇਆ। ਇਹ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸੀ।

ਰਾਜਿਆਂ ਦੀ ਫਿਰ ਚੜ੍ਹਾਈ

ਰਾਜਿਆਂ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਇਹ ਬੜੀ ਕਰਾਰੀ ਹਾਰ ਸੀ। ਪਰ ਉਨ੍ਹਾਂ ਦਿਲ ਨਾ ਹਾਰਿਆ। ਹੰਡੂਰ ਦਾ ਰਾਜਾ ਉਸ ਵੇਲੇ ਭੂਪ ਚੰਦ ਸੀ। ਉਹਦੇ ਅੰਦਰ ਬਦਲੇ ਦੀ

ਅੱਗ ਭੜਕ ਰਹੀ ਸੀ। ਰਾਜਾ ਹਰੀ ਚੰਦ ਹੰਡੂਰੀਆ ਭੰਗਾਣੀ ਦੀ ਲੜਾਈ ਵਿਚ ਗੁਰੂ ਜੀ ਦੇ ਹੱਥੋਂ ਮਾਰਿਆ ਗਿਆ ਸੀ। ਰਾਜਾ ਭੂਪ ਚੰਦ ਉਸ ਦਾ ਬਦਲਾ ਲੈਣਾ ਚਾਹੁੰਦਾ ਸੀ। ਉਸ ਨੇ ਰਾਜਾ ਅਜਮੇਰ ਚੰਦ ਨੂੰ ਕਿਹਾ, "ਵੇਖੋ ਰਾਜਾ ਸਾਹਿਬ! ਮੈਂ ਦੁਬਾਰਾ ਸਰਕਾਰ ਪਾਸੋਂ ਮਦਦ ਮੰਗਣ ਦੇ ਹੱਕ ਵਿਚ ਨਹੀਂ। ਗਾਂਢਵੀਆਂ ਧਾੜਾਂ ਕਦੇ ਕੁਝ ਨਹੀਂ ਸੁਆਰਿਆ। ਅੱਗੇ ਵੇਖ ਹੀ ਲਿਆ ਜੇ ਨਾ! ਲੜਦੇ ਨੇ ਉਹ, ਜਿਨ੍ਹਾਂ ਨੂੰ ਦੁੱਖ ਹੋਵੇ। ਗੁਰੂ ਦੀ ਔਖਿਆਈ ਏ ਸਾਨੂੰ, ਜਿਨ੍ਹਾਂ ਦੀ ਹਿੱਕ ਉੱਤੇ ਉਹ ਫੋੜੇ ਵਾਂਗ ਬਣੇ ਬੈਠੇ ਨੇ। ਮੁਗ਼ਲ ਬਾਦਸ਼ਾਹ ਨੂੰ ਕੀ? ਗੁਰੂ ਸਾਡਾ ਇਲਾਕਾ ਖੋਹ ਲਵੇਗਾ, ਤਾਂ ਬਾਦਸ਼ਾਹ ਗੁਰੂ ਕੋਲੋਂ ਖ਼ਰਾਜ ਲਈ ਜਾਵੇਗਾ। ਏਨੀ ਤਾਕਤ ਦਾ ਮਾਲਕ ਤਾਂ ਗੁਰੂ ਬਣ ਨਹੀਂ ਚੱਲਿਆ ਜਿਸ ਤੋਂ ਬਾਦਸ਼ਾਹ ਨੂੰ ਖ਼ਤਰਾ ਪੈਦਾ ਹੋ ਜਾਵੇ। ਸੋ, ਸਾਨੂੰ ਦੁੱਖ ਹੈ, ਤੇ ਸਾਨੂੰ ਹੀ ਟਾਕਰਾ ਕਰਨਾ ਪੈਣਾ ਹੈ। ਅਸੀਂ ਸਾਰੇ ਤਾਕਤ ਲਾਈਏ, ਤਾਂ ਗੁਰੂ ਨੂੰ ਸਦਾ ਵਾਸਤੇ ਅਨੰਦਪੁਰ ਤੋਂ ਕੱਢ ਸਕਦੇ ਹਾਂ।"

ਸਾਰੇ ਰਾਜਿਆਂ ਦੀ ਇਕ ਸਭਾ ਬੁਲਾਈ ਗਈ, ਜਿਸ ਵਿਚ ਰਾਜਾ ਭੂਪ ਚੰਦ ਦੀ ਤਜਵੀਜ਼ ਮਨਜ਼ੂਰ ਹੋ ਗਈ। ਬਹੁਤ ਸਾਰੇ ਪਹਾੜੀ ਰਾਜੇ— ਜਿਨ੍ਹਾਂ ਵਿਚ ਅਜਮੇਰ ਚੰਦ ਕਹਿਲੂਰ, ਭੂਪ ਚੰਦ ਹੰਡੂਰ, ਜੰਮੂ, ਨੂਰਪੁਰ, ਮੰਡੀ, ਕੁੱਲੂ, ਚੰਬਾ, ਗੁਲੇਰ, ਸ੍ਰੀ ਨਗਰ, ਡਢਵਾਲ ਆਦਿ ਦੇ ਨਾਮਵਰ ਰਾਜੇ ਸਨ— ਸਾਰੀਆਂ ਫ਼ੌਜਾਂ ਲੈ ਕੇ ਅਨੰਦਪੁਰ ਸਾਹਿਬ ਵੱਲ ਤੁਰ ਪਏ। ਨੇੜੇ ਪਹੁੰਚ ਕੇ ਉਨ੍ਹਾਂ ਗੁਰੂ ਮਹਾਰਾਜ ਵੱਲ ਚਿੱਠੀ ਲਿਖੀ, ਜਿਸ ਦਾ ਭਾਵ ਸੀ, "ਤੁਹਾਨੂੰ ਮਹਾਨ ਗੁਰੂ ਨਾਨਕ ਦੇਵ ਜੀ ਦੇ ਗੱਦੀ-ਨਸ਼ੀਨ ਸਮਝ ਕੇ ਅੱਜ ਤਕ ਅਸਾਂ ਲਿਹਾਜ਼ ਕੀਤਾ ਹੈ। ਪਰ ਹੁਣ ਦੋਹਾਂ ਵਿੱਚੋਂ ਇਕ ਗੱਲ 'ਤੇ ਹੀ ਫੈਸਲਾ ਹੋ ਸਕਦਾ ਹੈ। ਤੁਸੀਂ ਸਾਡੇ ਇਲਾਕੇ ਵਿਚ ਵੱਸਦੇ ਹੋ। ਜਾਂ ਤਾਂ ਪਿਛਲਾ ਹੁਣ ਤਕ ਦਾ ਸਾਰਾ ਖ਼ਰਾਜ ਅਦਾ ਕਰੋ ਤੇ ਅੱਗੋਂ ਵਾਸਤੇ ਹਰ ਸਾਲ ਸਮੇਂ ਸਿਰ ਅਦਾ ਕਰਨਾ ਮੰਨੋ, ਤੇ ਜਾਂ ਸਾਡਾ ਇਲਾਕਾ ਖ਼ਾਲੀ ਕਰ ਕੇ ਚਲੇ ਜਾਓ। ਜੇ ਦੋਵੇਂ ਗੱਲਾਂ ਮਨਜ਼ੂਰ ਨਹੀਂ, ਤਾਂ ਲੜਾਈ ਵਾਸਤੇ ਤਿਆਰ ਹੋ ਜਾਓ।"

ਗੁਰੂ ਜੀ ਦਾ ਉੱਤਰ

ਇਸ ਧਮਕੀਆਂ ਭਰੀ ਚਿੱਠੀ ਦੇ ਉੱਤਰ ਵਿਚ ਗੁਰੂ ਜੀ ਨੇ ਲਿਖਿਆ, "ਤੁਹਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਾਰੀ ਧਰਤੀ, ਸਾਡੇ ਪਿਤਾ ਜੀ ਨੇ ਉਸ ਸਮੇਂ ਦੇ ਰਾਜਾ ਕਹਿਲੂਰ ਕੋਲੋਂ ਮੁੱਲ ਖਰੀਦੀ ਸੀ। ਨੀਯਤ ਹੋਈ ਸਾਰੀ ਰਕਮ ਤਾਰ ਦਿੱਤੀ ਗਈ ਸੀ। ਸੋ, ਅਸੀਂ ਆਪਣੀ ਧਰਤੀ 'ਤੇ ਵੱਸਦੇ ਹਾਂ, ਕਿਸੇ ਦੇ ਇਲਾਕੇ ਵਿਚ ਨਹੀਂ। ਨਾ ਹੀ ਅਸੀਂ ਤੁਹਾਡੀ ਪਰਜਾ ਹਾਂ। ਨਾ ਤੁਹਾਨੂੰ ਖਰਾਜ ਮੰਗਣ ਦਾ ਹੱਕ ਹੈ, ਨਾ ਅਸੀਂ ਦੇਣ ਵਾਸਤੇ ਤਿਆਰ ਹਾਂ, ਨਾ ਹੀ ਅਸਾਂ ਆਪਣਾ ਘਰ ਛੱਡ ਕੇ ਕਿਤੇ ਜਾਣਾ ਹੈ। ਬਾਕੀ ਰਹੀ ਗੱਲ ਲੜਾਈ ਦੀ। ਉਸ ਵਾਸਤੇ ਅਸੀਂ ਹਰ ਵੇਲੇ ਤਿਆਰ ਹਾਂ। ਯਾਦ ਰੱਖੋ! ਸਾਡਾ ਨਿਸ਼ਾਨਾ ਅਮਨ ਨਾਲ ਵੱਸਣ ਦਾ ਹੈ। ਅਸੀਂ ਨਾ ਅੱਜ ਤਕ ਕਿਸੇ 'ਤੇ ਪਹਿਲਾਂ ਹਮਲਾ ਕੀਤਾ ਹੈ, ਨਾ ਅਗਾਂਹ ਕਰਾਂਗੇ। ਪਰ ਕੋਈ ਸਾਡੇ ਉੱਤੇ ਹਮਲਾ ਕਰੇ, ਤਾਂ ਅਸੀਂ ਸਵੈ-ਰੱਖਿਆ ਵਾਸਤੇ ਪੂਰੀ ਸ਼ਕਤੀ ਨਾਲ ਟਾਕਰਾ ਕਰਾਂਗੇ। ਰਾਜਿਆਂ ਨੂੰ ਚਾਹੀਦਾ ਹੈ ਕਿ ਉਹ ਬਿਨਾਂ ਕਾਰਨ ਇਨਸਾਨੀ ਲਹੂ ਵਹਾਉਣ ਦਾ ਕਾਰਨ ਨਾ ਬਣਨ। ਉਹ ਅਮਨ ਨਾਲ ਵੱਸਣ ਤੇ ਸਾਨੂੰ ਅਮਨ ਨਾਲ ਵੱਸਣ ਦੇਣ। ਆਸ ਹੈ, ਉਹ ਸਾਡੀ ਨੇਕ ਸਲਾਹ ਮੰਨ ਕੇ ਵਾਪਸ ਚਲੇ ਜਾਣਗੇ।"

ਇਸ ਸਿੱਧੇ ਤੇ ਸਹੀ ਉੱਤਰ ਨੂੰ ਰਾਜਿਆਂ ਨੇ ਆਪਣੀ ਹੇਠੀ ਸਮਝਿਆ। ਉਨ੍ਹਾਂ ਕੁਝ

ਹੋਰ ਮਦਦੀ ਵੀ ਸੱਦ ਲਏ। ਜਗਤੁੱਲਾ ਦੀ ਸਰਦਾਰੀ ਹੇਠ ਬਹੁਤ ਸਾਰੇ ਰੰਘੜ ਤੇ ਗੁੱਜਰ ਵੀ ਰਾਜਿਆਂ ਨਾਲ ਆ ਮਿਲੇ। ਰਾਜਿਆਂ ਨੂੰ ਇਸ ਮਦਦ ਨਾਲ ਵਧੇਰੇ ਹੌਸਲਾ ਹੋ ਗਿਆ। ਉਨ੍ਹਾਂ ਅਨੰਦਪੁਰ ਸਾਹਿਬ ਨੂੰ ਚੁਫੇਰਿਓਂ ਘੇਰਾ ਪਾ ਕੇ ਹਮਲਾ ਸ਼ੁਰੂ ਕਰ ਦਿੱਤਾ।

ਗੁਰੂ ਜੀ ਅਮਨ ਦੇ ਹਾਮੀ ਸਨ

ਉਮਰ ਦਾ ਬਹੁਤਾ ਹਿੱਸਾ ਗੁਰੂ ਮਹਾਰਾਜ ਨੂੰ ਜੰਗਾਂ, ਯੁੱਧਾਂ ਵਿਚ ਗੁਜ਼ਾਰਨਾ ਪਿਆ। ਮਗਰ ਸਹੀ ਅਰਥਾਂ ਵਿਚ ਮਹਾਰਾਜ ਅਮਨ ਦੇ ਹਾਮੀ ਸਨ। ਉਨ੍ਹਾਂ ਕਦੇ ਵੀ ਕਿਸੇ 'ਤੇ ਬਿਨਾਂ ਕਾਰਨ ਪਹਿਲਾਂ ਹਮਲਾ ਨਹੀਂ ਸੀ ਕੀਤਾ। ਹਰ ਵਾਰ ਉਹ ਆਪਣੀ ਰੱਖਿਆ ਵਾਸਤੇ ਹਮਲਾ ਕਰਨ ਵਾਲੇ ਦਾ ਟਾਕਰਾ ਕਰਦੇ ਰਹੇ ਹਨ। ਜਾਂ ਕਦੇ ਲੋੜ ਪਈ ਤੇ ਕਿਸੇ ਮਾੜੇ ਦੀ ਮਦਦ ਕਰਨ ਵਾਸਤੇ ਮੈਦਾਨ ਵਿਚ ਗਏ ਹਨ। ਸੋ, ਅਸੀਂ ਗੁਰਦੇਵ ਨੂੰ ਅਮਨ ਦੇ ਚਾਹਵਾਨ ਹੀ ਕਹਾਂਗੇ, ਲੜਾਈ-ਪਸੰਦ ਨਹੀਂ।

ਲੜਾਈ ਸ਼ੁਰੂ

ਰਾਜਿਆਂ ਹਮਲਾ ਕਰ ਦਿੱਤਾ, ਤਾਂ ਅੱਗੋਂ ਸਿੰਘ ਵੀ ਮੈਦਾਨ ਵਿਚ ਆ ਗਏ। ਇਸੇ ਸਮੇਂ ਮਾਝੇ ਦਾ ਮਸੰਦ ਭਾਈ ਦੁਨੀ ਚੰਦ (ਭਾਈ ਸਾਲ੍ਹੋ ਦਾ ਪੋਤਰਾ) ਪੰਜ ਸੌ ਸਿੰਘਾਂ ਦਾ ਜਥਾ ਲੈ ਕੇ ਆ ਗਿਆ। ਨਵੀਂ ਸਹਾਇਤਾ ਆ ਜਾਣ 'ਤੇ ਸਿੰਘਾਂ ਦੇ ਹੌਸਲੇ ਹੋਰ ਵਧ ਗਏ। ਲਹੂ-ਡੋਲ੍ਹਵੀਂ ਲੜਾਈ ਸ਼ੁਰੂ ਹੋ ਗਈ। ਉਸ ਵੇਲੇ ਸਿੱਖਾਂ ਦੇ ਮਜ਼ਬੂਤ ਕਿਲ੍ਹੇ ਫਤਹਿਗੜ੍ਹ ਤੇ ਲੋਹਗੜ੍ਹ ਸਨ। ਲੋਹਗੜ੍ਹ ਦੀ ਰਾਖੀ ਸਿੱਖ ਜਰਨੈਲ ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਕਰ ਰਹੇ ਸਨ। ਦੋਹਾਂ ਦੇ ਮਾਤਹਿਤ ਪੰਜ-ਪੰਜ ਸੋ ਜਵਾਨ ਸਨ। ਫਤਹਿਗੜ੍ਹ ਦੀ ਰਾਖੀ ਜਰਨੈਲ ਭਾਈ ਉਦੈ ਸਿੰਘ ਦੇ ਹਵਾਲੇ ਸੀ। ਭਾਈ ਦੁਨੀ ਚੰਦ ਦੇ ਪੰਜ ਸੌ ਜਵਾਨ ਭਾਈ ਉਦੈ ਸਿੰਘ ਦੀ ਫੌਜ ਵਿਚ ਮਿਲਾ ਦਿੱਤੇ ਗਏ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਉਮਰ ਉਸ ਵੇਲੇ ਪੰਦਰ੍ਹਾਂ ਸਾਲ ਦੀ ਸੀ। ਉਹ ਕੱਦ ਦੇ ਲੰਮੇਰੇ ਹੋਣ ਕਰਕੇ ਪੂਰੇ ਜਵਾਨ ਜਾਪਦੇ ਸਨ। ਉਹ ਇਕ ਸੌ ਜਵਾਨਾਂ ਦੇ ਜਥੇਦਾਰ ਸਨ। ਉਨ੍ਹਾਂ ਗੁਰਦੇਵ ਦੇ ਪਾਸ ਹਾਜ਼ਰ ਹੋ ਕੇ ਜੰਗ ਵਿਚ ਹਿੱਸਾ ਲੈਣ ਦੀ ਆਗਿਆ ਮੰਗੀ। ਹਜ਼ੂਰ ਨੇ ਬੜੀ ਖੁਸ਼ੀ ਪ੍ਰਗਟ ਕਰਦਿਆਂ ਹੁਕਮ ਦਿੱਤਾ, "ਲਾਲ ਜੀਉ! ਹਰ ਸਿੱਖ ਦਾ ਫਰਜ਼ ਹੈ ਧਰਮ ਯੁੱਧ ਵਿਚ ਹਿੱਸਾ ਲੈਣਾ। ਤੁਸੀਂ ਵੀ ਜਾਓ, ਤੇ ਆਪਣੀ ਸਿੱਖੀ ਦਾ ਸਬੂਤ ਦਿਓ!"

ਸਾਹਿਬਜ਼ਾਦਾ ਅਜੀਤ ਸਿੰਘ ਨੂੰ ਜਰਨੈਲ ਭਾਈ ਉਦੈ ਸਿੰਘ ਦੇ ਮਾਤਹਿਤ ਹੋ ਕੇ ਕੰਮ ਕਰਨ ਦਾ ਹੁਕਮ ਮਿਲਿਆ। ਸਿੱਖ ਜਰਨੈਲਾਂ ਨੇ ਕਿਲ੍ਹਿਆਂ ਦੇ ਵਿਚ ਬਹਿ ਕੇ ਟਾਕਰਾ ਕਰਨ ਦੀ ਥਾਂ, ਮੈਦਾਨ ਵਿਚ ਅੱਗੇ ਵਧ ਕੇ ਵੈਰੀ ਦਾ ਮੁਕਾਬਲਾ ਕਰਨ ਦੀ ਠਾਣੀ। ਰਾਜਾ ਅਜਮੇਰ ਚੰਦ, ਕੇਸਰੀ ਚੰਦ ਤੇ ਜਗਤੁੱਲਾ ਨੇ ਭਾਈ ਉਦੈ ਸਿੰਘ ਦੀ ਫੌਜ ਉੱਤੇ ਹਮਲਾ ਕੀਤਾ। ਅੱਗੋਂ ਭਾਈ ਉਦੈ ਸਿੰਘ, ਭਾਈ ਸਾਹਿਬ ਸਿੰਘ, ਭਾਈ ਮਾਨ ਸਿੰਘ ਤੇ ਸਾਹਿਬਾਜ਼ਾਦਾ ਅਜੀਤ ਸਿੰਘ ਹਥਿਆਰ ਸੰਭਾਲ ਕੇ ਆ ਗਏ। ਬੜੀ ਲਹੂ-ਡੋਲ੍ਹਵੀਂ ਲੜਾਈ ਹੋਈ। ਛੋਟੀ ਉਮਰ, ਪਰ ਵੱਡੇ ਹੌਸਲੇ ਦੇ ਮਾਲਕ ਸਾਹਿਬਜ਼ਾਦਾ ਅਜੀਤ ਸਿੰਘ ਜੀ ਬੜੀ ਬਹਾਦਰੀ ਨਾਲ ਲੜੇ। ਵੈਰੀ ਵੀ ਦੇਖ ਦੇ ਦੰਗ ਰਹਿ ਗਏ।

ਸਾਹਿਬਜ਼ਾਦੇ ਵੱਲ ਵੇਖ ਕੇ ਜਗਤੁੱਲਾ ਨੇ ਆਪਣੇ ਸਾਥੀ ਰੰਘੜਾਂ ਤੇ ਗੁੱਜਰਾਂ ਨੂੰ ਲਲਕਾਰਿਆ। "ਵੇਖੋ ਜਵਾਨੋ! ਗੁਰੂ ਨੇ ਸਾਡੇ ਪਿੰਡ 'ਨੂਹ' ਤੇ 'ਬਜਰੂੜ' ਉਜਾੜੇ ਸਨ। ਅਹੁ

ਸਾਹਮਣੇ ਗੁਰੂ ਦਾ ਸਾਹਿਬਜ਼ਾਦਾ ਲੜ ਰਿਹਾ ਹੈ। ਅੱਜ ਸਾਹਿਬਜ਼ਾਦੇ ਨੂੰ ਮਾਰ ਕੇ ਗੁਰੂ ਕੋਲੋਂ ਬਦਲਾ ਲੈ ਲਵੋ।" ਰੰਘੜ ਤੇ ਗੁੱਜਰ ਭੁੱਖੇ ਬਾਘਾਂ ਵਾਂਗ ਸਾਹਿਬਜ਼ਾਦੇ ਦੇ ਜਥੇ ਉੱਤੇ ਟੁੱਟ ਪਏ।

ਜਗਤੁੱਲਾ ਮਾਰਿਆ ਗਿਆ

ਸਾਹਿਬਜ਼ਾਦੇ ਦੀ ਮਦਦ ਵਾਸਤੇ ਜਰਨੈਲ ਭਾਈ ਉਦੈ ਸਿੰਘ ਤੇ ਭਾਈ ਸਾਹਿਬ ਸਿੰਘ ਆ ਗਏ। ਦੋਵੇਂ ਧਿਰਾਂ ਮਰਨ ਮਾਰਨ ਦੀ ਧਾਰ ਕੇ ਲੋਥਾਂ ਲਤਾੜਦੇ ਹੋਏ ਅੱਗੇ ਵਧ ਰਹੀਆਂ ਸਨ। ਜਗਤੁੱਲਾ ਕੰਨਾਂ ਤਕ ਖਿੱਚ-ਖਿੱਚ ਤੀਰ ਚਲਾ ਰਿਹਾ ਸੀ। ਉਸ 'ਤੇ ਭਾਈ ਸਾਹਿਬ ਸਿੰਘ ਦੀ ਨਿਗ੍ਹਾ ਪੈ ਗਈ। ਵੈਰੀ ਮਾਰ ਹੇਠ ਆਇਆ ਵੇਖ ਕੇ ਭਾਈ ਸਾਹਿਬ ਸਿੰਘ ਰੋਹ ਵਿਚ ਆ ਗਿਆ। ਉਹ ਗ਼ਜ਼ਬ ਦਾ ਨਿਸ਼ਾਨਚੀ ਸੀ। ਜਗਤੁੱਲੇ ਵੱਲ ਸੇਧ ਕੇ ਉਹਨੇ ਤੋੜਾ ਦਾਗ਼ ਦਿੱਤਾ। ਗੋਲੀ ਜਗਤੁੱਲੇ ਦੀ ਹਿੱਕ ਵਿਚ ਲੱਗੀ ਤੇ ਉਹ ਧਰਤੀ 'ਤੇ ਢਹਿ ਕੇ ਸਦਾ ਦੀ ਨੀਂਦੇ ਸੌਂ ਗਿਆ।

ਗੁਰੂ ਕੇ ਯੋਧੇ ਭਾਈ ਮਾਨ ਸਿੰਘ ਨੇ ਅੱਗੇ ਵਧ ਕੇ ਜਗਤੁੱਲੇ ਦੀ ਲੋਥ ਉੱਤੇ ਕਬਜ਼ਾ ਕਰ ਲਿਆ। ਹੁਣ ਜਗਤੁੱਲੇ ਦੀ ਲੋਥ ਲੈਣ ਵਾਸਤੇ ਲੜਾਈ ਸ਼ੁਰੂ ਹੋ ਗਈ। ਕਿਸੇ ਜਰਨੈਲ ਦੀ ਲੋਥ ਦਾ ਦੂਸਰੇ ਦੇ ਕਬਜ਼ੇ ਵਿਚ ਰਹਿਣਾ ਕੌਮੀ-ਹੱਤਕ ਸਮਝਿਆ ਜਾਂਦਾ ਹੈ। ਰੰਘੜਾਂ ਤੇ ਗੁੱਜਰਾਂ ਦੀ ਮਦਦ ਵਾਸਤੇ ਕਾਂਗੜੇ ਦਾ ਰਾਜਾ ਘੁਮੰਡ ਚੰਦ ਆ ਗਿਆ। ਇਸ ਪਾਸੇ ਭਾਈ ਸਾਹਿਬ ਸਿੰਘ, ਭਾਈ ਮਾਨ ਸਿੰਘ, ਸਾਹਿਬਜ਼ਾਦਾ ਅਜੀਤ ਸਿੰਘ ਛਾਤੀਆਂ ਤਾਣ ਖਲੋ। ਰਾਤ ਦਾ ਹਨ੍ਹੇਰਾ ਹੁੰਦਿਆਂ ਤਕ ਸਖ਼ਤ ਲੜਾਈ ਹੁੰਦੀ ਰਹੀ, ਪਰ ਸਿੱਖਾਂ ਨੇ ਵੈਰੀ ਨੂੰ ਜਗਤੁੱਲੇ ਦੀ ਲੋਥ ਚੁੱਕਣ ਨਾ ਦਿੱਤੀ। ਸੰਘਣੇ ਹਨ੍ਹੇਰੇ ਹੋਏ ਲੜਾਈ ਬੰਦ ਹੋਈ। ਦੋਹਾਂ ਧਿਰਾਂ ਦੇ ਯੋਧੇ ਆਪੋ-ਆਪਣੇ ਮੋਰਚਿਆਂ ਵਿਚ ਆਰਾਮ ਕਰਨ ਵਾਸਤੇ ਆ ਗਏ। ਗੁਰੂ ਸਾਹਿਬ ਨੇ ਬਹਾਦਰੀ ਦਿਖਾਉਣ ਵਾਲੇ ਯੋਧਿਆਂ ਨੂੰ ਇਨਾਮ ਬਖ਼ਸ਼ੇ। ਭਾਈ ਸਾਹਿਬ ਸਿੰਘ ਤੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਉਚੇਚੇ ਸਿਰੋਪਾਉ ਬਖਸ਼ੇ ਗਏ।

ਪਹਿਲੇ ਦਿਨ ਦੀ ਲੜਾਈ ਵਿਚ ਹੀ ਰਾਜਿਆਂ ਦਾ ਬੜਾ ਭਾਰੀ ਨੁਕਸਾਨ ਹੋਇਆ ਸੀ। ਰਾਤ ਨੂੰ ਉਹ ਵਿਚਾਰਾਂ ਕਰਨ ਵਾਸਤੇ ਇਕ ਥਾਂ ਇਕੱਠੇ ਹੋਏ। ਜਗਤੁੱਲੇ ਦੀ ਮੌਤ ਨੇ ਉਨ੍ਹਾਂ ਦੇ ਹੌਸਲੇ ਤੋੜ ਦਿੱਤੇ ਸਨ। ਸਭ ਤੋਂ ਘਮਸਾਣ ਦੀ ਲੜਾਈ ਹੋਈ ਸੀ ਜਗਤੁੱਲੇ ਦੀ ਲੋਥ ਉੱਤੇ। ਜਿਸ ਬਹਾਦਰੀ ਨਾਲ ਸਿੱਖਾਂ ਨੇ ਉਥੇ ਟਾਕਰਾ ਕੀਤਾ ਸੀ, ਰਾਜਿਆਂ ਦੇ ਮਨਾਂ 'ਤੇ ਉਸ ਦਾ ਬਹੁਤ ਪ੍ਰਭਾਵ ਪਿਆ ਸੀ। ਰਾਜਾ ਅਜਮੇਰ ਚੰਦ ਨੇ ਕਿਹਾ, "ਵੇਖੋ ਭਰਾਵੋ! ਅੱਜ ਅਸਾਂ ਬਹੁਤ ਨੁਕਸਾਨ ਉਠਾਇਆ ਹੈ। ਭਲਕੇ ਵੀ ਏਹਾ ਹਾਲ ਹੋਇਆ, ਤਾਂ ਸਾਡੇ ਪੱਲੇ ਕੁਝ ਵੀ ਨਹੀਂ ਰਹੇਗਾ। ਚੰਗਾ ਹੋਵੇ, ਅਸੀਂ ਕਿਸੇ ਬਹਾਨੇ ਗੁਰੂ ਨਾਲ ਸੁਲ੍ਹਾ ਕਰ ਲਈਏ।"

ਕਾਂਗੜੇ ਤੇ ਮੰਡੀ ਦੇ ਰਾਜੇ ਨੇ ਵੀ ਅਜਮੇਰ ਚੰਦ ਦੀ ਹਾਂ ਨਾਲ ਹਾਂ ਮਿਲਾਈ। ਉਨ੍ਹਾਂ ਕਿਹਾ, "ਗੁਰੂ, ਗੁਰੂ ਨਾਨਕ ਦੀ ਗੱਦੀ ਦਾ ਮਾਲਕ ਹੈ। ਇਸ ਵਾਸਤੇ ਗੁਰੂ ਅੱਗੇ ਨਿਉਂ ਜਾਣ ਵਿਚ ਸਾਡੀ ਕੋਈ ਹੇਠੀ ਨਹੀਂ। ਸਾਨੂੰ ਸੁਲ੍ਹਾ ਕਰ ਲੈਣੀ ਚਾਹੀਦੀ ਹੈ।"

ਪਰ ਰਾਜਾ ਭੂਪ ਚੰਦ ਹੰਡੂਰੀਆ ਤੇ ਕੇਸਰੀ ਚੰਦ ਜੱਸਵਾਂ ਨਾ ਮੰਨੇ। ਉਹ ਅਗਲੇ ਦਿਨ ਲੜਾਈ ਜਾਰੀ ਰੱਖਣ ਦੇ ਹੱਕ ਵਿਚ ਸਨ। ਉਹ ਸੁਲ੍ਹਾ ਵਾਸਤੇ ਨਾ ਮੰਨੇ। ਅਗਲੇ ਦਿਨ ਫਿਰ ਪੂਰੇ ਜ਼ੋਰ ਨਾਲ ਲੜਾਈ ਹੋਈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦੂਸਰੇ ਦਿਨ ਵੀ ਬੜੀ ਬਹਾਦਰੀ ਨਾਲ ਲੜੇ। ਇੱਥੋਂ ਤਕ ਕਿ ਦੁਸ਼ਮਣ ਦੇ ਤੀਰਾਂ, ਗੋਲੀਆਂ ਨਾਲ ਉਨ੍ਹਾਂ ਦਾ ਘੋੜਾ

ਮਾਰਿਆ ਗਿਆ। ਪਰ ਉਨ੍ਹਾਂ ਨੇ ਹੌਸਲਾ ਨਾ ਹਾਰਿਆ। ਉਹ ਮਰਦਾਂ ਵਾਂਗ ਆਪਣੇ ਮੋਰਚੇ 'ਤੇ ਡਟੇ ਰਹੇ। ਉਨ੍ਹਾਂ ਵੱਲ ਵੇਖ ਕੇ ਸਿੱਖ ਦੂਣੇ ਜੋਸ਼ ਨਾਲ ਲੜੇ। ਇਸ ਦਿਨ ਦੀ ਲੜਾਈ ਵਿਚ ਵੀ ਦੁਸ਼ਮਣ ਦਾ ਹੀ ਵਧੇਰੇ ਨੁਕਸਾਨ ਹੋਇਆ।

ਰੁੱਤ ਬਰਸਾਤ ਦੀ ਸੀ। ਰੁਕ-ਰੁਕ ਕੇ ਬਾਰਸ਼ ਹੋ ਰਹੀ ਸੀ। ਰਾਜੇ ਅੱਗੇ ਵਧ ਕੇ ਹਮਲਾ ਕਰਨ ਦੀ ਥਾਂ ਉਦਾਲੇ ਘੇਰਾ ਪੱਕਾ ਕਰਕੇ ਬਹਿ ਗਏ। ਘੇਰਾ ਲੱਗਭਗ ਦੋ ਮਹੀਨੇ ਰਿਹਾ।[2] ਸਿੰਘ ਇਸ ਘੇਰੇ ਤੋਂ ਤੰਗ ਪੈ ਗਏ। ਇਕ ਰਾਤ ਉਨ੍ਹਾਂ ਦੁਸ਼ਮਣ ਦਿਆਂ ਮੋਰਚਿਆਂ 'ਤੇ ਹਮਲਾ ਕਰ ਕੇ ਵੈਰੀ ਦਾ ਬਹੁਤ ਨੁਕਸਾਨ ਕੀਤਾ। ਇਸ ਅਚਨਚੇਤ ਹਮਲੇ ਤੋਂ ਰਾਜੇ ਬਹੁਤ ਘਬਰਾ ਗਏ। ਅਜਮੇਰ ਚੰਦ ਤੇ ਮੰਡੀ ਦੇ ਰਾਜੇ ਨੇ ਫੇਰ ਸੁਲ੍ਹਾ ਕਰ ਲੈਣ ਦੀ ਸਲਾਹ ਦਿੱਤੀ, ਪਰ ਭੂਪ ਚੰਦ ਤੇ ਕੇਸਰੀ ਚੰਦ ਨਾ ਮੰਨੇ। ਕੇਸਰੀ ਚੰਦ ਨੇ ਹੰਕਾਰ ਵਿਚ ਆ ਕੇ ਕਿਹਾ, "ਮੈਂ ਤਾਂ ਚਾਹੁੰਦਾ ਸਾਂ, ਕਿ ਭੱਲ ਸਾਰਿਆਂ ਦੇ ਹਿੱਸੇ ਇੱਕੋ ਜਿਹੀ ਆਵੇ, ਪਰ ਜੇ ਤੁਸੀਂ ਹਾਰ ਗਏ ਹੋ, ਤਾਂ ਮੈਂ ਭਲਕੇ ਹੀ ਖ਼ੂਨੀ ਹਾਥੀ ਕਿਲ੍ਹੇ ਉੱਤੇ ਛੱਡ ਕੇ ਲੜਾਈ ਮੁਕਾ ਦਿੰਦਾ ਹਾਂ।"

ਇਹ ਖ਼ਬਰ ਮਹਾਰਾਜ ਨੂੰ ਵੀ ਪਹੁੰਚ ਗਈ। ਕੁਝ ਨਰਮ ਖਿਆਲੀਏ ਸਿੱਖਾਂ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ, "ਸੱਚੇ ਪਾਤਸ਼ਾਹ! ਭਲਕੇ ਰਾਜਾ ਕੇਸਰੀ ਚੰਦ ਆਪਣਾ ਮਸਤ-ਹਾਥੀ ਕਿਲ੍ਹੇ ਦੇ ਬੂਹੇ ਉੱਤੇ ਹਮਲਾ ਕਰਨ ਵਾਸਤੇ ਭੇਜੇਗਾ।"

"ਖ਼ਾਲਸਾ ਜੀ!" ਗੁਰੂ ਮਹਾਰਾਜ ਨੇ ਥੋੜ੍ਹਾ-ਥੋੜ੍ਹਾ ਮੁਸਕਰਾਉਂਦਿਆਂ ਕਿਹਾ, "ਘਬਰਾਉਣ ਦੀ ਲੋੜ ਨਹੀਂ। ਰਾਜਿਆਂ ਦਾ ਮਸਤ ਹਾਥੀ ਆਵੇਗਾ, ਤਾਂ ਏਧਰ ਵੇਖ੍ਹਾਂ ਗੁਰੂ ਕਾ ਹਾਥੀ ਭਾਈ ਦੁਨੀ ਚੰਦ! ਇਹ ਉਸ ਦਾ ਮੁਕਾਬਲਾ ਕਰੇਗਾ।"

ਸੁਣ ਕੇ ਬਹੁਤ ਸਾਰੇ ਸ਼ਰਧਾਲੂ ਸਿੱਖ 'ਵਾਹ ਵਾਹ' ਪੁਕਾਰ ਉਠੇ। ਗੁਰਦੇਵ ਕਿਸੇ ਨੂੰ ਉਚੇਚੀ ਸੇਵਾ ਬਖਸ਼ਣ, ਤਾਂ ਸਿੱਖ ਉਸ ਨੂੰ ਗੁਰੂ-ਮਹਾਰਾਜ ਦੀ ਅਪਾਰ ਕਿਰਪਾ ਸਮਝਦੇ ਸਨ। ਕਈ ਸਿੱਖਾਂ ਨੇ ਭਾਈ ਦੁਨੀ ਚੰਦ ਨੂੰ ਵਧਾਈਆਂ ਦਿੱਤੀਆਂ।

ਦੁਨੀ ਚੰਦ ਬੇਮੁਖ ਹੋ ਕੇ ਨੱਸ ਗਿਆ

ਪਰ ਦੁਨੀ ਚੰਦ ਇਹ ਸੁਣ ਕੇ ਘਬਰਾ ਗਿਆ। ਉਸ ਨੂੰ ਗੁਰੂ ਮਹਾਰਾਜ ਦੇ ਅਸ਼ੀਰਵਾਦ ਅਤੇ ਆਪਣੇ-ਆਪ ਉੱਤੇ ਭਰੋਸਾ ਨਹੀਂ ਸੀ। ਉਸ ਨੇ ਸੋਚਿਆ "ਭਲਾ ਹਾਥੀ ਤੇ ਆਦਮੀ ਦਾ ਕੀ ਮੁਕਾਬਲਾ? ਅਸਲ ਵਿਚ ਇਹ ਹੁਕਮ ਗੁਰੂ ਜੀ ਨੇ ਮੈਨੂੰ ਸਜ਼ਾ ਦੇਣ ਵਾਸਤੇ ਦਿੱਤਾ ਹੈ। ਪਿੱਛੇ ਹਜ਼ੂਰ ਨੇ ਕਈ ਮਸੰਦਾਂ ਨੂੰ ਸਜ਼ਾਵਾਂ ਦਿੱਤੀਆਂ ਸਨ। ਮੈਂ ਓਦੋਂ ਕਰਮਾਂ ਨਾਲ ਬਚ ਗਿਆ ਸਾਂ। ਹੁਣ ਗੁਰੂ ਜੀ ਮੈਨੂੰ ਏਸ ਬਹਾਨੇ ਹਾਥੀ ਨਾਲ ਟਕਰਾ ਕੇ ਮਰਵਾ ਦੇਣਾ ਚਾਹੁੰਦੇ ਹਨ। ਕਿਸਮਤ ਦੀ ਮਾਰ! ਮੈਂ ਕਿੱਥੇ ਆ ਫਸਿਆ? ਚੰਗਾ ਆਇਆ ਮੈਂ ਗੁਰੂ ਜੀ ਦੀ ਮਦਦ ਕਰਨ ਤੇ ਇਸ ਸੇਵਾ ਦਾ ਇਹ ਫਲ ਮਿਲਣ ਲੱਗਾ ਏ? ਮੈਂ ਪੰਜ ਸੌ ਆਦਮੀ ਲੈ ਕੇ ਨਾ ਆਉਂਦਾ, ਤਾਂ ਹੁਣ ਨੂੰ ਦੁਸ਼ਮਣ ਅਨੰਦਪੁਰ ਸਾਹਿਬ ਦੀ ਇੱਟ ਨਾਲ ਇੱਟ ਖੜਕਾ ਦਿੰਦੇ। ਹੁਣ ਵੀ ਮੈਂ ਚਾਹਵਾਂ, ਤਾਂ ਪਾਸਾ ਉਲਟਾ ਸਕਦਾ ਹਾਂ। ਗੁਰੂ ਜੀ ਮੇਰੇ ਨਾਲ ਵੈਰ ਕਮਾਉਣਾ ਚਾਹੁੰਦੇ ਹਨ। ਪਰ ਇਹ ਚਾਲ ਗੁਰੂ ਜੀ ਨੂੰ ਮਹਿੰਗੀ ਪਵੇਗੀ। ਮੈਂ ਹੁਣੇ ਹੀ ਸਾਰੇ ਸਿੱਖਾਂ ਨੂੰ ਗੁਰੂ ਜੀ ਦੇ ਵਿਰੁੱਧ ਕਰ ਦਿੰਦਾ ਹਾਂ।" ਇਹ ਧਾਰ ਕੇ ਦੁਨੀ ਚੰਦ ਸਿੱਖਾਂ ਨੂੰ ਗੁਰੂ ਜੀ ਦੇ ਉਲਟ ਕਰਨ ਦਾ ਯਤਨ ਕਰਨ ਲੱਗ ਪਿਆ।

ਰਾਤ ਚਾਰ ਘੜੀਆਂ ਬੀਤ ਗਈ ਸੀ। ਗੁਰਦੇਵ ਆਰਾਮ ਕਰਨ ਵਾਸਤੇ ਜਾ ਬਿਰਾਜੇ।

ਪਿੱਛੋਂ ਦੁਨੀ ਚੰਦ ਪੰਜਾਂ ਪਿਆਰਿਆਂ ਤੇ ਹੋਰ ਨਾਮਵਰ ਸਿੱਖਾਂ ਕੋਲ ਵਾਰੀ-ਵਾਰੀ ਪਹੁੰਚਿਆ। ਹਰ ਇਕ ਕੋਲ ਜਾ ਕੇ ਉਹ ਇੱਕੋ ਗੱਲ 'ਤੇ ਜ਼ੋਰ ਦਿੰਦਾ, "ਜ਼ਰਾ ਸੋਚੋ ਆਪ! ਅਜਿਹੇ ਗੁਰੂ ਨਾਲ ਅਸੀਂ ਕਿੰਨਾ ਕੁ ਚਿਰ ਨਿਭਾ ਸਕਾਂਗੇ? ਨੌਵੇਂ ਗੁਰੂ ਜੀ ਨੇ ਸਿਰ ਦੇ ਦਿੱਤਾ ਸੀ, ਪਰ ਲੜਾਈ ਨਹੀਂ ਸੀ ਸਹੇੜੀ। ਉਨ੍ਹਾਂ ਦੇ ਦਿਲ ਵਿਚ ਸੰਗਤਾਂ ਦਾ ਦਰਦ ਸੀ। ਪਰ ਇਨ੍ਹਾਂ ਤਾਂ ਗੱਦੀ 'ਤੇ ਬਹਿੰਦਿਆਂ ਹੀ ਪਿਛਲੀ ਰਹੁ-ਰੀਤ ਬਦਲ ਦਿੱਤੀ ਹੈ। ਨਿੱਤ ਲੜਾਈ, ਨਿੱਤ ਲੜਾਈ। ਹਜ਼ਾਰਾਂ ਸਿੱਖ ਸ਼ਹੀਦ ਹੋ ਚੁੱਕੇ ਹਨ। ਸੰਗਤਾਂ ਦੀ ਦਸਾਂ ਨਹੁੰਆਂ ਦੀ ਕਿਰਤ-ਕਮਾਈ ਦੇ ਲੱਖਾਂ ਰੁਪਏ ਖ਼ਰਚ ਹੋ ਗਏ ਹਨ। ਅਜੇ ਪਤਾ ਨਹੀਂ, ਇਹ ਲੜਾਈ ਮੁੱਕਦੀ ਕਦੋਂ ਹੈ! ਇਕ ਪਾਸੇ ਮੁਗ਼ਲ ਸਰਕਾਰ ਤੇ ਇਕ ਪਾਸੇ ਹਿੰਦੂ ਰਾਜਿਆਂ ਨੂੰ ਗੁਰੂ ਜੀ ਨੇ ਸਿੱਖਾਂ ਦੇ ਵੈਰੀ ਬਣਾ ਦਿੱਤਾ ਹੈ। ਹਿੰਦੂ ਤੇ ਮੁਸਲਮਾਨ— ਦੋਵੇਂ ਸਾਡੇ ਦੁਸ਼ਮਣ ਬਣ ਗਏ ਹਨ। ਅਸਾਂ ਇਹ ਰਾਹ ਨਾ ਬਦਲਿਆ ਤਾਂ ਗੁਰੂ ਨਾਨਕ ਦੀ ਸਿੱਖੀ ਖ਼ਤਮ ਸਮਝੋ। ਆਓ, ਸਿੱਖੀ ਨੂੰ ਬਚਾਉਣ ਵਾਸਤੇ ਮੇਰੇ ਮਗਰ ਲੱਗੋ। ਤੀਸਰੇ ਪਾਤਸ਼ਾਹ ਦੇ ਵਰ ਮੁਤਾਬਿਕ ਬੀਬੀ ਭਾਨੀ ਦੀ ਬੰਸ ਵਿੱਚੋਂ ਹੀ ਕਿਸੇ ਨੇ ਗੁਰੂ ਬਣਨਾ ਹੈ। ਆਪਾਂ ਸਾਰੇ ਰਲ ਕੇ ਕਰਤਾਰਪੁਰ ਚਲੇ ਚੱਲੀਏ ਤੇ ਧੀਰ ਮੱਲ ਨੂੰ ਆਪਣਾ ਗੁਰੂ ਬਣਾ ਲਈਏ। ਧੀਰ ਮੱਲ ਦੀ ਗੁਰਿਆਈ ਵਿਚ ਸਿੱਖ ਵਧੇਰੇ ਸੁਖੀ ਰਹਿ ਸਕਣਗੇ। ਤੁਸੀਂ ਨਾ ਵੀ ਮੇਰਾ ਸਾਥ ਦਿਓਗੇ, ਤਾਂ ਮੈਂ ਆਪਣੇ ਆਦਮੀ ਲੈ ਕੇ ਗੁਰੂ ਨੂੰ ਛੱਡ ਕੇ ਚਲਿਆ ਜਾਵਾਂਗਾ। ਸਮਝ ਲਵੋ, ਮੇਰਾ ਅੱਜ ਤੋਂ ਗੁਰੂ ਨਾਲ ਕੋਈ ਵਾਸਤਾ ਨਹੀਂ।"

ਭਾਈ ਦਇਆ ਸਿੰਘ, ਭਾਈ ਉਦੈ ਸਿੰਘ ਆਦਿ ਸਾਰੇ ਨਾਮਵਰ ਸਿੱਖ ਦੁਨੀ ਚੰਦ ਨੂੰ ਸਮਝਾ ਰਹੇ ਪਰ ਦੁਨੀ ਚੰਦ ਨੇ ਕਿਸੇ ਦੀ ਨਾ ਮੰਨੀ। ਇਕ ਵਾਰ ਮਨ ਡੋਲ ਜਾਏ ਤਾਂ ਆਦਮੀ ਕਦੋਂ ਖਲੋਂਦਾ ਹੈ! ਫਿਰ ਉਹ ਆਪਣੇ ਨਾਲ ਆਏ ਆਦਮੀਆਂ ਵੱਲ ਹੋਇਆ।

ਦੁਨੀ ਚੰਦ, ਮਜੀਠੇ ਦੇ ਰਹਿਣ ਵਾਲੇ ਭਾਈ ਸਾਲ੍ਹੋ ਦਾ ਪੋਤਰਾ ਸੀ। ਭਾਈ ਸਾਲ੍ਹੋ ਬੜਾ ਭਜਨੀਕ ਤੇ ਸ਼ਰਧਾਲੂ ਸਿੱਖ ਸੀ। ਉਸ ਦਾ ਸੰਗਤਾਂ ਉੱਤੇ ਬਹੁਤ ਪ੍ਰਭਾਵ ਸੀ। ਉਸ ਦੇ ਸਦਕਾ ਦੁਨੀ ਚੰਦ ਦੀ ਵੀ ਆਪਣੇ ਇਲਾਕੇ ਵਿਚ ਬੜੀ ਮਾਨਤਾ ਸੀ। ਅਸਲ ਵਿਚ ਵਧੇਰੇ ਸਿੱਖ ਮਸੰਦਾਂ ਰਾਹੀਂ ਹੀ ਗੁਰੂ ਜੀ ਨਾਲ ਗੰਢੇ ਹੋਏ ਸਨ। ਮਸੰਦਾਂ ਨੂੰ ਸਜ਼ਾਵਾਂ ਮਿਲੀਆਂ। ਦੁਨੀ ਚੰਦ ਨੂੰ ਓਦੋਂ ਵੀ ਨਿਰਦੋਸ਼ ਸਮਝ ਕੇ ਕੁਝ ਨਾ ਕਿਹਾ ਗਿਆ। ਏਸ ਵਾਸਤੇ ਉਸ ਦਾ ਅਸਰ ਸਿੱਖਾਂ ਵਿਚ ਪਹਿਲਾਂ ਨਾਲੋਂ ਵੀ ਵਧੇਰੇ ਹੋ ਗਿਆ। ਏਸੇ ਅਸਰ ਦਾ ਸਦਕਾ ਕੁਝ ਸਿੱਖ ਗੁਰੂ ਜੀ ਨੂੰ ਛੱਡ ਕੇ ਦੁਨੀ ਚੰਦ ਨਾਲ ਜਾਣ ਵਾਸਤੇ ਤਿਆਰ ਹੋ ਪਏ। ਮੇਰੀ ਰਾਏ ਵਿਚ ਅਸਲ 'ਬੇਦਾਵੀਏ' ਏਹੀ ਹਨ, ਭਾਵੇਂ ਇਨ੍ਹਾਂ ਵਾਸਤੇ ਇਤਿਹਾਸ ਵਿਚ ਸ਼ਬਦ 'ਬੇਦਾਵਾ' ਦੀ ਥਾਂ 'ਬੇਮੁਖ' ਵਰਤਿਆ ਗਿਆ ਹੈ।

ਅੱਧੀ ਰਾਤ ਦੇ ਵੇਲੇ ਦੁਨੀ ਚੰਦ ਆਪਣੇ ਕੁਝ ਸਾਥੀਆਂ ਸਣੇ ਗੁਰੂ ਜੀ ਨੂੰ ਛੱਡ ਕੇ ਤੁਰ ਪਿਆ। ਕਿਲ੍ਹੇ ਦੇ ਪਿਛਲੇ ਪਾਸਿਓਂ ਉਹ ਰੱਸਿਆਂ ਰਾਹੀਂ ਕੰਧ ਤੋਂ ਹੇਠਾਂ ਉਤਰਨ ਲੱਗ ਪਏ। ਕੁਝ ਸਾਥੀ ਸਹੀ ਸਲਾਮਤ ਉਤਰ ਗਏ। ਦੁਨੀ ਚੰਦ ਦਾ ਸਰੀਰ ਬਹੁਤ ਭਾਰਾ ਸੀ। ਉਹ ਉਤਰਨ ਲੱਗਾ, ਤਾਂ ਅੱਧ ਵਿੱਚੋਂ ਰੱਸਾ ਟੁੱਟ ਗਿਆ। ਦੁਨੀ ਚੰਦ ਧਰਤੀ 'ਤੇ ਆ ਡਿੱਗਾ। ਆਪਣੇ ਹੀ ਭਾਰ ਨਾਲ ਉਹਦੀ ਲੱਤ ਟੁੱਟ ਗਈ। ਸਾਥੀਆਂ ਨੇ ਉਹਨੂੰ ਮੰਜੇ 'ਤੇ ਪਾ ਲਿਆ ਤੇ ਰਾਤ ਦੇ ਹਨ੍ਹੇਰੇ ਦੀ ਓਟ ਲੈ ਕੇ ਦੁਸ਼ਮਣ ਦੇ ਘੇਰੇ ਵਿੱਚੋਂ ਨਿਕਲ ਗਏ।

ਦੁਨੀ ਚੰਦ ਦਾ ਅਸਲੀ ਪਿੰਡ ਮਜੀਠਾ ਸੀ, ਪਰ ਉਹ ਰਹਿੰਦਾ ਅੰਮ੍ਰਿਤਸਰ ਸੀ। ਓਥੇ

ਉਹਨੇ ਆਪਣਾ ਮਕਾਨ ਬਣਾ ਲਿਆ ਹੋਇਆ ਸੀ। ਉਸਦੇ ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਹੀ ਖ਼ਬਰਾਂ ਪਹੁੰਚ ਗਈਆਂ, ਕਿ ਇਹ ਲੋਕ ਗੁਰੂ ਵੱਲੋਂ ਬੇਮੁਖ ਹੋ ਕੇ ਨੱਸ ਆਏ ਹਨ। ਲੋਕਾਂ ਨੇ ਉਨ੍ਹਾਂ ਨੂੰ ਵੇਖ ਕੇ ਨੱਕ ਮੂੰਹ ਲੱਗਣਾ ਛੱਡ ਦਿੱਤਾ। ਅੱਠੇ ਪਹਿਰ ਉਹ ਪਿਛਲੇ ਅੰਦਰ ਲੁੱਕ ਕੇ ਪਿਆ ਰਹਿੰਦਾ। ਸੰਗਤਾਂ ਉਹਨੂੰ 'ਗੁਰੂ ਕਾ ਬੇਮੁਖ ਤੇ ਬੇਦਾਵੀਆ' ਕਹਿੰਦੀਆਂ। ਉਸਦੇ ਨਾਲ ਆਉਣ ਵਾਲੇ ਵੀ ਲੋਕਾਂ ਦੇ ਤਾਹਨੇ ਮਿਹਣੇ ਸੁਣ ਕੇ ਸੋਚਦੇ, ਕਿ ਉਨ੍ਹਾਂ ਦੂਨੀ ਚੰਦ ਦੇ ਮਗਰ ਲੱਗ ਕੇ ਗ਼ਲਤੀ ਕੀਤੀ ਹੈ।

ਦੂਨੀ ਚੰਦ ਦੇ ਨੱਸ ਜਾਣ ਦੀ ਖ਼ਬਰ ਸੁਣ ਕੇ ਸਵੇਰੇ ਗੁਰਦੇਵ ਨੇ ਫ਼ਰਮਾਇਆ ਸੀ:

ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ
ਤੋ ਕਿਹ ਕੁੰਟ ਕਹੋ ਭਜਿ ਜਈਐ। *(ਬਚਿਤ੍ਰ ਨਾਟਕ)*

ਦੂਨੀ ਚੰਦ ਦੀ ਮੌਤ ਤੇ ਉਹਦੇ ਪੋਤਰੇ ਗੁਰੂ ਕੀ ਸ਼ਰਨ

ਦੂਨੀ ਚੰਦ ਮੌਤ ਤੋਂ ਡਰਦਾ ਨੱਸ ਆਇਆ ਸੀ, ਪਰ ਮੌਤ ਨੇ ਪਿੱਛਾ ਨਾ ਛੱਡਿਆ। ਇਕ ਰਾਤ ਉਹ ਮੰਜੇ ਤੋਂ ਹੇਠਾਂ ਉਤਰਨ ਲੱਗਾ ਤਾਂ ਪੈਰ 'ਤੇ ਸੱਪ ਲੜ ਕੇ ਮਰ ਗਿਆ। ਅਗਲੇਰੇ ਦਿਨ ਉਸਦਾ ਸਸਕਾਰ ਕਰ ਦਿੱਤਾ ਗਿਆ। ਕਿਸੇ ਦੇ ਸਿਵੇ ਉੱਤੇ ਜੋ ਆਮ ਲੋਕਾਂ ਵੱਲੋਂ ਅਲੋਚਨਾ ਹੁੰਦੀ ਹੈ, ਬਹੁਤ ਹੱਦ ਤਕ ਉਹ ਬੜੀ ਸਹੀ ਹੁੰਦੀ ਹੈ। ਦੂਨੀ ਚੰਦ ਬਾਰੇ ਸਿੱਖ ਜਗਤ ਦੀ ਰਾਏ ਸੁਣ ਕੇ ਉਹਦੇ ਪੋਤਰਿਆਂ ਨੂੰ ਬਹੁਤ ਦੁੱਖ ਹੋਇਆ। ਅੰਤ ਕੁਝ ਸਮਾਂ ਪਾ ਕੇ ਦੂਨੀ ਚੰਦ ਦੇ ਦੋਵੇਂ ਪੋਤਰੇ ਅਨੂਪ ਸਿੰਘ ਤੇ ਸਰੂਪ ਸਿੰਘ ਮਾਝੇ ਦੇ ਤੁਰਦੇ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਦੇ ਚਰਨਾਂ 'ਤੇ ਆ ਡਿੱਗੇ। ਉਨ੍ਹਾਂ ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਸਾਡੇ ਦਾਦੇ ਨੇ ਬੜਾ ਅਪਰਾਧ ਕੀਤਾ ਹੈ। ਉਹਦੀ ਕੀਤੀ ਦੀ ਸਜ਼ਾ ਅਸੀਂ ਭੁਗਤ ਰਹੇ ਹਾਂ। ਬੇਮੁਖ ਦੀ ਔਲਾਦ ਸਮਝ ਕੇ ਸੰਗਤਾਂ ਨੇ ਸਾਨੂੰ ਛੇਕ ਦਿੱਤਾ ਹੈ। ਆਪ ਬਖ਼ਸ਼ਣਹਾਰ ਹੋ। ਭਾਈ ਸਾਲ੍ਹੋ ਦੇ ਨਾਮ ਸਦਕਾ ਸਾਡੇ ਦਾਦੇ ਦੀ ਭੁੱਲ ਬਖ਼ਸ਼ ਦਿਉ। ਟੁੱਟੀ ਗੰਢੋ ਤੇ ਭੁੱਲਾਂ ਖਿਮਾਂ ਕਰਕੇ ਚਰਨੀਂ ਲਾ ਲਵੋ।"

ਗੁਰਦੇਵ ਮਿਲਾਉਣ ਦੇ ਹਾਮੀ ਸਨ, ਵਿਛੋੜਨ ਦੇ ਨਹੀਂ। ਖੁੱਲ੍ਹੇ ਦਿਲ ਨਾਲ ਹਜ਼ੂਰ ਨੇ ਸਾਰੀਆਂ ਭੁੱਲਾਂ ਮਾਫ਼ ਕਰਕੇ, ਦੂਨੀ ਚੰਦ ਦੇ ਪੋਤਰਿਆਂ ਤੇ ਉਨ੍ਹਾਂ ਨਾਲ ਆਏ ਮਾਝੇ ਦੇ ਸਿੱਖਾਂ ਨੂੰ ਚਰਨੀਂ ਲਾ ਲਿਆ।

ਹਾਥੀ ਨਾਲ ਭਾਈ ਬਚਿੱਤਰ ਸਿੰਘ ਦਾ ਜੰਗ

ਅਗਲੇ ਦਿਨ ਲੋਹਗੜ੍ਹ 'ਤੇ ਹਮਲਾ ਕਰਨ ਵਾਸਤੇ ਕੇਸਰੀ ਚੰਦ ਨੇ ਆਪਣਾ ਹਾਥੀ ਤਿਆਰ ਕੀਤਾ। ਹਾਥੀ ਬੜਾ ਮਸਤਿਆ ਹੋਇਆ ਸੀ। ਉੱਤੋਂ ਉਸਨੂੰ ਰੱਜਵੀਂ ਸ਼ਰਾਬ ਪਿਆਈ ਗਈ। ਦੁਸ਼ਮਣ ਦਾ ਵਾਰ ਰੋਕਣ ਵਾਸਤੇ ਉਹਦੇ ਮੱਥੇ ਉੱਤੇ ਲੋਹੇ ਦਾ ਤਵਾ ਬੀੜ ਦਿੱਤਾ ਗਿਆ। ਉਸਦੀ ਸੁੰਡ ਨਾਲ ਤਲਵਾਰ ਬੰਨ੍ਹ ਦਿੱਤੀ ਗਈ। ਮਹਾਵਤ ਨੂੰ ਇਨਾਮ ਦਿੱਤਾ ਗਿਆ ਤੇ ਹੋਰ ਵਧੇਰੇ ਦੇਣ ਦਾ ਲਾਰਾ ਲਾਇਆ। ਫੈਸਲਾ ਇਹ ਹੋਇਆ ਕਿ ਹਾਥੀ ਸਿੱਧਾ ਦਰਵਾਜ਼ੇ ਉੱਤੇ ਟੱਕਰ ਮਾਰ ਕੇ ਬੂਹਾ ਤੋੜ ਦੇਵੇਗਾ। ਪਿੱਛੇ ਆਉਣ ਵਾਲੀਆਂ ਫੌਜਾਂ ਹਾਥੀ ਦੇ ਮਗਰੇ ਕਿਲ੍ਹੇ ਵਿਚ ਦਾਖਲ ਹੋ ਜਾਣਗੀਆਂ। ਇਸ ਤਰ੍ਹਾਂ ਨਿੱਤ ਦੀ ਲੜਾਈ ਇੱਕੋ ਵਾਰ ਖ਼ਤਮ ਹੋ ਜਾਵੇਗੀ। ਅੱਗੇ ਹਾਥੀ ਤੇ ਮਗਰ ਹਜ਼ਾਰਾਂ ਪਹਾੜੀਏ, ਨਗਾਰੇ ਵਜਾਉਂਦੇ ਕਿਲ੍ਹੇ ਵੱਲ ਵਧ ਤੁਰੇ।

ਸਿੱਖਾਂ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਦੂਨੀ ਚੰਦ ਤਾਂ ਰਾਤੀਂ ਹੀ ਨੱਸ ਗਿਆ। ਹੁਣ ਰਾਜਿਆਂ ਦੇ ਹਾਥੀ ਦਾ ਟਾਕਰਾ ਕੌਣ ਕਰੇਗਾ?"

ਕਿੰਨਾ ਵੀ ਔਖਾ ਸਮਾਂ ਹੋਵੇ, ਹਜ਼ੂਰ ਦੇ ਚਿਹਰੇ ਉੱਤੇ ਨਿੰਮੀ-ਨਿੰਮੀ ਮੁਸਕਰਾਹਟ ਰਿਹਾ ਕਰਦੀ ਸੀ। ਗੁਰਦੇਵ ਨੇ ਮੁਸਕਰਾਉਂਦਿਆਂ ਉੱਤਰ ਦਿੱਤਾ, "ਰਾਜਿਆਂ ਦਾ ਮਸਤ ਹਾਥੀ ਆ ਰਿਹਾ ਹੈ, ਤਾਂ ਉਹਦਾ ਟਾਕਰਾ ਸਾਡਾ ਬੱਬਰ ਸ਼ੇਰ 'ਭਾਈ ਬਚਿੱਤਰ ਸਿੰਘ' ਕਰੇਗਾ। ਸ਼ੇਰ ਦੇ ਸਾਹਮਣੇ ਹਾਥੀ ਕਿਵੇਂ ਠਹਿਰੇਗਾ।"

ਭਾਈ ਬਚਿੱਤਰ ਸਿੰਘ ਛਾਲ ਮਾਰ ਕੇ ਉੱਠ ਖਲੋਤਾ। ਉਹਨੇ ਹੱਥ ਜੋੜ ਕੇ ਕਿਹਾ, "ਸੱਚੇ ਪਾਤਸ਼ਾਹ! ਕਰਨ ਕਾਰਨ ਤਾਂ ਆਪ ਹੋ। ਇਹ ਤਾਂ ਮੇਰੇ ਚੰਗੇ ਭਾਗ ਹਨ, ਜੋ ਆਪ ਮੈਨੂੰ ਵਡਿਆਈ ਬਖ਼ਸ਼ਣਾ ਚਾਹੁੰਦੇ ਹੋ। ਖ਼ਾਲਸਾ ਤਿਆਰ ਬਰ ਤਿਆਰ ਹੈ।" ਅੱਗੇ ਵਧ ਕੇ ਭਾਈ ਬਚਿੱਤਰ ਸਿੰਘ ਨੇ ਗੁਰਦੇਵ ਦੇ ਪਵਿੱਤਰ ਚਰਨ ਆ ਛੋਹੇ।

ਗੁਰਦੇਵ ਨੇ ਭਾਈ ਬਚਿੱਤਰ ਸਿੰਘ ਦੀ ਕੰਡ 'ਤੇ ਥਾਪੜਾ ਦਿੱਤਾ ਤੇ ਹਾਥੀ ਦਾ ਟਾਕਰਾ ਕਰਨ ਵਾਸਤੇ ਨਾਗਣੀ ਨਾਮਕ ਬਰਛਾ ਬਖ਼ਸ਼ਿਆ। ਇਹ ਦਾਤ ਤੇ ਅਸ਼ੀਰਵਾਦ ਪਾ ਕੇ ਭਾਈ ਬਚਿੱਤਰ ਸਿੰਘ ਦਾ ਹੌਸਲਾ ਦਸ ਗੁਣਾ ਵਧ ਗਿਆ। ਗੁਰੂ ਦੀ ਕਿਰਪਾ ਨਾਲ ਉਸਨੂੰ ਆਪਣੀ ਜਿੱਤ ਉੱਤੇ ਪੂਰਨ ਭਰੋਸਾ ਹੋ ਗਿਆ।

ਕਿਸੇ ਸਿੱਖ ਨੇ ਫਿਰ ਬੇਨਤੀ ਕੀਤੀ, "ਮਹਾਰਾਜ! ਪੁਆੜੇ ਦੀ ਜੜ੍ਹ ਰਾਜਾ ਕੇਸਰੀ ਚੰਦ ਵੀ ਮਗਰ ਆ ਰਿਹਾ ਹੈ। ਅੱਜ ਉਹਦਾ ਹਿਸਾਬ ਵੀ ਸਾਫ਼ ਹੋ ਜਾਣਾ ਚਾਹੀਦਾ ਹੈ।"

ਹਜ਼ੂਰ ਨੇ ਫ਼ਰਮਾਇਆ, "ਹਾਂ, ਕੇਸਰੀ ਚੰਦ ਦੇ ਕਰਮਾਂ ਦਾ ਫਲ ਭੁਗਤਾਉਣ ਵਾਸਤੇ ਸਾਡਾ ਜਰਨੈਲ ਭਾਈ ਉਦੈ ਸਿੰਘ ਜਾਵੇਗਾ।" ਉਸ ਨੂੰ ਮਹਾਰਾਜ ਨੇ ਆਪਣੇ ਹੱਥੀਂ ਕ੍ਰਿਪਾਨ ਬਖ਼ਸ਼ੀ।

ਵਧੇ ਆ ਰਹੇ ਵੈਰੀ ਦਾ ਟਾਕਰਾ ਕਰਨ ਵਾਸਤੇ ਭਾਈ ਬਚਿੱਤਰ ਸਿੰਘ, ਭਾਈ ਉਦੈ ਸਿੰਘ, ਭਾਈ ਸਾਹਿਬ ਸਿੰਘ ਆਦਿ ਯੋਧੇ ਆਪੋ-ਆਪਣੇ ਜਥੇ ਲੈ ਕੇ ਕਿਲ੍ਹੇ 'ਚੋਂ ਬਾਹਰ ਨਿਕਲੇ। ਹਾਥੀ ਦੇ ਮਗਰ-ਮਗਰ ਪਹਾੜੀਏ ਏਸ ਹੌਸਲੇ ਵਿਚ ਆ ਰਹੇ ਸਨ ਕਿ ਇਸ ਖ਼ੂਨੀ ਜਾਨਵਰ ਦਾ ਰਾਹ ਰੋਕਣ ਵਾਲਾ ਕੋਈ ਨਹੀਂ। ਪਰ ਟਾਕਰੇ 'ਤੇ ਅੱਗੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ੇਰ ਆ ਰਿਹਾ ਸੀ। ਹਾਥੀ ਦੇ ਸੱਜੇ-ਖੱਬੇ ਆ ਰਹੇ ਪਹਾੜੀਆਂ ਦਾ ਸਵਾਗਤ ਸਿੰਘਾਂ ਨੇ ਤੀਰਾਂ ਤੇ ਗੋਲੀਆਂ ਨਾਲ ਕੀਤਾ। ਕਈ ਓਥੇ ਹੀ ਢੇਰ ਹੋ ਗਏ। ਏਨੇ ਤਕ ਹਾਥੀ ਨੇੜੇ ਆ ਪੁੱਜਾ। ਗੁਰੂ ਕੇ ਯੋਧੇ ਭਾਈ ਬਚਿੱਤਰ ਸਿੰਘ ਨੇ ਹਾਥੀ ਦੇ 'ਤੇ ਬਰਛੇ ਦਾ ਵਾਰ ਕੀਤਾ। ਲੋਹੇ ਦਾ ਤਵਾ ਚੀਰ ਕੇ ਵਲਦਾਰ ਬਰਛਾ (ਨਾਗਣੀ) ਹਾਥੀ ਦੇ ਮੱਥੇ ਵਿਚ ਧਸ ਗਿਆ। ਵਾਰ ਬੜਾ ਮਾਰੂ ਸੀ। ਪੀੜ ਦਾ ਮਾਰਿਆ ਹਾਥੀ ਚਾਂਗਰਾਂ ਮਾਰਦਾ ਪਿੱਛੇ ਪਰਤ ਪਿਆ। ਉਸਦੇ ਪੈਰ ਤੋਂ ਮੁੜਨ ਨਾਲ ਮਹਾਵਤ ਥੱਲੇ ਆ ਪਿਆ। ਹਾਥੀ ਬੇਕਾਬੂ ਹੋ ਗਿਆ। ਭਾਈ ਬਚਿੱਤਰ ਸਿੰਘ ਦੇ ਨਾਲ-ਨਾਲ ਭਾਈ ਮੁਹਕਮ ਸਿੰਘ ਆ ਰਿਹਾ ਸੀ। ਮੁੜ ਰਹੇ ਹਾਥੀ ਦੀ ਪੂਛਲ ਉਸ ਨੇ ਤਲਵਾਰ ਨਾਲ ਵੱਢ ਦਿੱਤੀ। ਹਾਥੀ ਸ਼ਰਾਬ ਨਾਲ ਰੱਜਿਆ ਹੋਇਆ ਸੀ। ਦੋ ਕਾਰੀ ਫੱਟ ਖਾ ਕੇ ਉਹ ਅਸਲੋਂ ਪਾਗਲ ਹੋ ਉੱਠਿਆ। ਉਹਨੇ ਪਿਛਾਂਹ ਨੂੰ ਮੂੰਹ ਕਰ ਲਿਆ ਤੇ ਲੱਗਾ ਪਹਾੜੀ ਸੈਨਾ ਨੂੰ ਪੈਰਾਂ ਹੇਠ ਦਲਨ। ਰਾਜਿਆਂ ਦੀ ਫੌਜ ਦਾ ਬਹੁਤ ਨੁਕਸਾਨ ਹੋਇਆ। ਕੁਝ ਉਹਦੀ ਸੁੰਡ ਨਾਲ ਬੱਧੀ ਹੋਈ ਤਲਵਾਰ ਦੀ ਭੇਟਾ ਹੋ ਗਏ ਤੇ ਕੁਝ ਪੈਰਾਂ ਥੱਲੇ ਦੱਬੇ ਗਏ।

ਕੇਸਰੀ ਚੰਦ ਮਾਰਿਆ ਗਿਆ

ਆਪਣੀ ਫੌਜ ਦਾ ਬੁਰਾ ਹਾਲ ਹੁੰਦਾ ਵੇਖ ਕੇ ਰਾਜਾ ਕੇਸਰੀ ਚੰਦ ਗੁੱਸੇ ਨਾਲ ਭਰਿਆ ਲਲਕਾਰੇ ਮਾਰਦਾ ਅੱਗੇ ਵਧਿਆ। ਭਾਈ ਉਦੈ ਸਿੰਘ ਨੇ ਕੇਸਰੀ ਚੰਦ ਦਾ ਰਾਹ ਆ ਰੋਕਿਆ। ਕੇਸਰੀ ਚੰਦ ਨੇ ਕਹਿਰ ਵਿਚ ਆ ਕੇ ਭਾਈ ਉਦੈ ਸਿੰਘ ਉੱਤੇ ਤੀਰਾਂ ਦੀ ਝੜੀ ਲਾ ਦਿੱਤੀ। ਇਕ ਤੀਰ ਭਾਈ ਉਦੈ ਸਿੰਘ ਦੇ ਘੋੜੇ ਦੀ ਕਾਠੀ ਵਿਚ ਆ ਲੱਗਾ। ਏਨੇ ਚਿਰ ਤਕ ਦੋਵੇਂ ਯੋਧੇ ਇਕ ਦੂਸਰੇ ਦੇ ਨੇੜੇ ਆ ਗਏ ਸਨ। ਗੁਰੂ ਜੀ ਦੀ ਬਖਸ਼ੀ ਤਲਵਾਰ ਧੂਹ ਕੇ ਭਾਈ ਉਦੈ ਸਿੰਘ ਸ਼ੇਰ ਵਾਂਗ ਝਪਟ ਕੇ ਦੁਸ਼ਮਣ ਉੱਤੇ ਜਾ ਪਿਆ। ਇਕ ਭਰਪੂਰ ਵਾਰ ਨਾਲ ਭਾਈ ਉਦੈ ਸਿੰਘ ਨੇ ਕੇਸਰੀ ਚੰਦ ਦਾ ਸਿਰ ਲਾਹ ਲਿਆ। ਦਸਾਂ ਮਿੰਟਾਂ ਵਿਚ ਉਹਨੇ ਨੇਜ਼ੇ ਉੱਤੇ ਟੰਗਿਆ ਹੋਇਆ ਕੇਸਰੀ ਚੰਦ ਦਾ ਸਿਰ ਗੁਰੂ ਮਹਾਰਾਜ ਦੇ ਚਰਨਾਂ ਵਿਚ ਆ ਧਰਿਆ।

ਏਸੇ ਸਮੇਂ ਹੰਡੂਰ ਦਾ ਰਾਜਾ, ਭਾਈ ਸਾਹਿਬ ਸਿੰਘ ਦੇ ਹੱਥੋਂ ਜ਼ਖ਼ਮੀ ਹੋ ਗਿਆ। ਫੇਰ ਕੀ ਸੀ? ਸਾਰੇ ਮੋਰਚਿਆਂ ਤੋਂ ਪਹਾੜੀਏ ਕੰਡ ਦੇ ਕੇ ਨੱਸ ਉੱਠੇ। ਸਿੰਘਾਂ ਦੀ ਤਲਵਾਰ ਨੇ ਪਿੱਛੇ ਹਟ ਰਹੇ ਦੁਸ਼ਮਣ ਦਲ ਦਾ ਬਹੁਤ ਨੁਕਸਾਨ ਕੀਤਾ।

ਅਗਲੇ ਦਿਨ ਕਾਂਗੜੇ ਦੇ ਰਾਜੇ ਘੁਮੰਡ ਚੰਦ ਨੇ ਹਮਲਾ ਕੀਤਾ। ਬੜੀ ਸਖ਼ਤ ਲੜਾਈ ਹੋਈ। ਅੰਤ ਭਾਈ ਆਲਮ ਸਿੰਘ ਜੀ ਦੇ ਹੱਥੋਂ ਰਾਜਾ ਘੁਮੰਡ ਚੰਦ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਪਿੜ ਛੱਡ ਗਿਆ। ਰਾਜਾ ਅਜਮੇਰ ਚੰਦ ਵੀ ਅਗਲੇ ਮੋਰਚੇ ਖਾਲੀ ਕਰ ਕੇ ਪਿੱਛੇ ਹਟ ਗਿਆ।

ਮੰਡੀ ਦੇ ਰਾਜੇ ਨੇ ਇਕ ਵਾਰ ਫਿਰ ਸਲਾਹ ਦਿੱਤੀ ਕਿ ਸਾਨੂੰ ਗੁਰੂ ਜੀ ਨਾਲ ਸੁਲ੍ਹਾ ਕਰ ਲੈਣੀ ਚਾਹੀਦੀ ਹੈ। ਪਰ ਦੂਸਰਿਆਂ ਨੇ ਉਸ ਦੀ ਰਾਇ ਮੰਨੀ ਨਾ।

ਪਹਾੜੀ ਰਾਜਿਆਂ ਨੇ ਇਕ ਹੋਰ ਖੋਟ ਭਰੀ ਚਾਲ ਚੱਲੀ। ਇਕ ਪਾਸੇ ਉਨ੍ਹਾਂ ਗੁਰੂ ਜੀ ਨਾਲ ਸੁਲ੍ਹਾ ਦੀ ਗੱਲ ਤੋਰੀ ਤੇ ਦੂਸਰੇ ਪਾਸੇ ਸਰਹਿੰਦ ਦੇ ਸੂਬੇਦਾਰ ਤੋਂ ਮਦਦ ਮੰਗ ਭੇਜੀ।

ਰਾਜਿਆਂ ਦੀ ਕਸਮਾਂ ਭਰੀ ਚਿੱਠੀ

ਪੰਮਾ ਪ੍ਰੋਹਤ ਰਾਜਿਆਂ ਦਾ ਦੂਤ ਬਣ ਕੇ ਮਹਾਰਾਜ ਦੇ ਹਾਜ਼ਰ ਹੋਇਆ। ਉਹਨੇ ਰਾਜਾ ਅਜਮੇਰ ਚੰਦ ਦੀ ਚਿੱਠੀ ਪੇਸ਼ ਕੀਤੀ। ਰਾਜਿਆਂ ਵੱਲੋਂ ਇਹ ਇਕ ਕਿਸਮ ਦਾ ਬੇਨਤੀ-ਪੱਤਰ ਸੀ। ਰਾਜਿਆਂ ਨੇ ਗਊ ਅਤੇ ਗੀਤਾ ਦੀ ਕਸਮ ਖਾ ਕੇ ਲਿਖਿਆ ਸੀ, "ਸੱਚੇ ਪਾਤਸ਼ਾਹ! ਅਸੀਂ ਭੁੱਲਣਹਾਰ ਹਾਂ, ਭੁੱਲ ਕਰ ਬੈਠੇ ਹਾਂ। ਹੁਣ ਸਾਡੀ ਇੱਜ਼ਤ ਤੁਹਾਡੇ ਹੱਥ ਵਿਚ ਹੈ। ਆਪ ਬੜੇ ਵੱਡੇ ਦਿਲ ਵਾਲੇ ਹੋ। ਸਾਡੀ ਛੋਟੀ ਜਿਹੀ ਬੇਨਤੀ ਮੰਨ ਲਵੋ ਤੇ ਅਸੀਂ ਸਦਾ ਵਾਸਤੇ ਆਪ ਜੀ ਦੇ ਹੋ ਜਾਵਾਂਗੇ। ਆਪ ਦੋ-ਚਾਰ ਦਿਨ ਵਾਸਤੇ ਅਨੰਦਪੁਰ ਛੱਡ ਕੇ ਬਾਹਰ ਚਲੇ ਜਾਓ। ਅਸੀਂ ਲੋਕਾਂ ਸਾਹਮਣੇ ਮੂੰਹ ਵਿਖਾਉਣ ਜੋਗੇ ਰਹਿ ਜਾਵਾਂਗੇ। ਅਸੀਂ ਘਰੋ-ਘਰੀ ਪਰਤ ਜਾਵਾਂਗੇ, ਤਾਂ ਆਪ ਜੀ ਨੇ ਫਿਰ ਅਨੰਦਪੁਰ ਆ ਜਾਣਾ।"

ਗੁਰੂ ਮਹਾਰਾਜ ਨੂੰ ਰਾਜਿਆਂ ਦੀ ਕਸਮਾਂ ਉੱਤੇ ਕੋਈ ਇਤਬਾਰ ਨਹੀਂ ਸੀ। ਪਰ ਬਹੁਤ ਸਾਰੇ ਸਿੱਖਾਂ ਨੇ ਇਕ ਕਸਮ ਨੂੰ ਅਜ਼ਮਾ ਵੇਖਣ 'ਤੇ ਜ਼ੋਰ ਦਿੱਤਾ। ਗੁਰਦੇਵ ਨੇ ਕਿਹਾ, "ਖਾਲਸਾ ਜੀ! ਅਸੀਂ ਤੁਹਾਡੀ ਸਲਾਹ ਮੋੜਦੇ ਨਹੀਂ। ਪਰ ਚੇਤੇ ਰੱਖੋ, ਪਹਾੜੀ ਰਾਜੇ ਇਨ੍ਹਾਂ ਕਸਮਾਂ 'ਤੇ ਪੱਕੇ ਨਹੀਂ ਰਹਿਣਗੇ। ਉਨ੍ਹਾਂ ਦੇ ਖਿਆਲ ਅੰਦਰ ਇਨ੍ਹਾਂ ਕਿਲ੍ਹਿਆਂ ਦੇ ਆਸਰੇ ਹੀ ਅਸੀਂ ਅਜਿੱਤ ਹਾਂ। ਉਹ ਖੁੱਲ੍ਹੇ ਮੈਦਾਨ ਵਿਚ ਸਾਡੇ ਨਾਲ ਦੋ ਹੱਥ ਕਰਕੇ ਵੇਖਣਾ ਚਾਹੁੰਦੇ ਹਨ। ਅਸੀਂ ਦੋ ਕਾਰਨਾਂ ਕਰਕੇ ਤੁਹਾਡਾ ਕਿਹਾ ਮੰਨ ਲੈਂਦੇ ਹਾਂ। ਇਕ ਤਾਂ ਤੁਸੀਂ ਰਾਜਿਆਂ ਦੀਆਂ ਕਸਮਾਂ

ਦੀ ਅਸਲੀਅਤ ਪਰਖ ਲਵੋਗੇ ਤੇ ਦੂਸਰਾ ਰਾਜਿਆਂ ਦਾ ਭੁਲੇਖਾ ਦੂਰ ਹੋ ਜਾਵੇਗਾ। ਉਹ ਖੁੱਲ੍ਹੇ ਮੈਦਾਨ ਵਿਚ ਵੀ ਸਿੱਖਾਂ ਦੇ ਹੱਥ ਵੇਖ ਲੈਣਗੇ।"

ਫੈਸਲਾ ਹੋ ਗਿਆ। ਗੁਰੂ ਜੀ ਨੇ ਕੁਝ ਫੌਜ ਅਨੰਦਪੁਰ ਸਾਹਿਬ ਦੀ ਰਾਖੀ ਵਾਸਤੇ ਕਿਲ੍ਹਿਆਂ ਵਿਚ ਰਹਿਣ ਦਿੱਤੀ ਤੇ ਕੁਝ ਚੋਣਵੇਂ ਯੋਧੇ ਨਾਲ ਲੈ ਕੇ ਹਜ਼ੂਰ ਪਿੰਡ ਨਿਰਮੋਹ (ਕੀਰਤਪੁਰ ਦੇ ਨੇੜੇ) ਦੇ ਬਾਹਰ ਇਕ ਉੱਚੇ ਟਿੱਬੇ ਉੱਤੇ ਜਾ ਬੈਠੇ।

ਨਿਰਮੋਹ ਦੀ ਲੜਾਈ

ਰਾਜੇ ਇਸੇ ਸਮੇਂ ਦੀ ਉਡੀਕ ਵਿਚ ਸਨ। ਉਧਰੋਂ ਉਨ੍ਹਾਂ ਦਾ ਬੁਲਾਇਆ ਵਜ਼ੀਰ ਖ਼ਾਂ ਸੂਬੇਦਾਰ ਸਰਹਿੰਦ ਵੀ ਆ ਪਹੁੰਚਾ। ਦੋਹਾਂ ਦਲਾਂ ਨੇ ਦੋਹਾਂ ਪਾਸਿਆਂ ਤੋਂ ਧਾਵਾ ਬੋਲ ਦਿੱਤਾ। ਰਾਜਿਆਂ ਦਾ ਇਹ ਭੁਲੇਖਾ ਛੇਤੀ ਹੀ ਦੂਰ ਹੋ ਗਿਆ ਕਿ ਉਹ ਖੁੱਲ੍ਹੇ ਮੈਦਾਨ ਵਿਚ ਸਿੱਖਾਂ ਨੂੰ ਜਿੱਤ ਲੈਣਗੇ। ਸਾਰਾ ਦਿਨ ਬੜੀ ਕਹਿਰ ਦੀ ਲੜਾਈ ਹੋਈ। ਸਿੱਖਾਂ ਨੇ ਮਾਰ-ਮਾਰ ਦੁਸ਼ਮਣਾਂ ਦੇ ਮੂੰਹ ਭੁਆ ਦਿੱਤੇ। ਵਜ਼ੀਰ ਖਾਂ ਵੀ ਸਿੱਖਾਂ ਦੀ ਬਹਾਦਰੀ ਵੇਖ ਕੇ ਹੈਰਾਨ ਰਹਿ ਗਿਆ। ਪਹਿਲੇ ਦਿਨ ਦੀ ਲੜਾਈ ਵਿਚ ਸਿੱਖ ਪੂਰੀ ਤਰ੍ਹਾਂ ਸਫਲ ਰਹੇ। ਦੁਸ਼ਮਣ ਨੇ ਹਰ ਮੋਰਚੇ ਉੱਤੇ ਮਾਰ ਖਾਧੀ। ਅਗਲੇ ਦਿਨ ਫਿਰ ਲੜਾਈ ਸ਼ੁਰੂ ਹੋਈ। ਪਰ ਦੁਸ਼ਮਣ ਦਾ ਪਹਿਲੇ ਦਿਨ ਵਾਲਾ ਜੋਸ਼ ਮੱਠਾ ਪੈ ਚੁੱਕਾ ਸੀ।

ਗੁਰੂ ਜੀ ਉੱਤੇ ਤੋਪ ਦਾ ਵਾਰ

ਇਸ ਲੜਾਈ ਵਿਚ ਇਕ ਹੋਰ ਘਟਨਾ ਹੋਈ। ਜਿਸ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਗੁਰੂ ਮਹਾਰਾਜ ਇਕ ਉੱਚੇ ਥਾਂ ਉੱਤੇ ਬੈਠੇ ਲੜਾਈ ਦਾ ਰੰਗ ਵੇਖ ਰਹੇ ਸਨ। ਦੁਸ਼ਮਣ ਦਲ ਵਿੱਚੋਂ ਦੋ ਮੁਸਲਮਾਨ ਭਰਾ ਬੜੇ ਮੰਨੇ ਹੋਏ ਤੋਪਚੀ ਸਨ। ਉਨ੍ਹਾਂ ਨੂੰ ਪੰਜ ਹਜ਼ਾਰ ਨਕਦ ਤੇ ਇਕ ਪਿੰਡ ਇਨਾਮ ਦੇਣਾ ਮੰਨਿਆ ਤਾਂ ਜੋ ਉਹ ਗੁਰੂ ਜੀ ਨੂੰ ਤੋਪ ਦੇ ਗੋਲੇ ਨਾਲ ਉਡਾ ਦੇਣ। ਇਕ ਮੁਸਲਮਾਨ ਤੋਪਚੀ ਨੇ ਸਿਸਤ ਬੰਨ੍ਹ ਕੇ ਗੋਲਾ ਦਾਗ ਦਿੱਤਾ। ਗੁਰਦੇਵ ਦੇ ਸੀਸ ਉੱਤੇ ਚੌਰ ਕਰ ਰਿਹਾ ਸੇਵਕ ਉਸ ਗੋਲੇ ਨਾਲ ਉੱਡ ਗਿਆ। ਇਸ ਤੋਂ ਪਹਿਲਾਂ ਕਿ ਵੈਰੀ ਦੂਸਰਾ ਵਾਰ ਕਰਦਾ, ਗੁਰਦੇਵ ਨੇ ਧਨੁੱਖ ਉਠਾਇਆ ਤੇ ਤੀਰ ਉਸ ਮੁਸਲਮਾਨ ਤੋਪਚੀ ਦੀ ਹਿੱਕ ਵਿਚ ਦੀ ਪਾਰ ਕਰ ਦਿੱਤਾ। ਉਸ ਨੂੰ ਮਰਿਆ ਵੇਖ ਕੇ ਉਸ ਦਾ ਦੂਸਰਾ ਭਰਾ ਤੋਪ ਵੱਲ ਵਧਿਆ। ਦੂਸਰੇ ਤੀਰ ਨਾਲ ਗੁਰੂ ਜੀ ਨੇ ਉਸ ਨੂੰ ਵੀ ਭਰਾ ਦੇ ਮਗਰੇ ਤੋਰ ਦਿੱਤਾ। ਇਸ ਤਰ੍ਹਾਂ ਵੈਰੀ ਦੀ ਇਹ ਘਾਤਕ ਚਾਲ ਨੇਪਰੇ ਨਾ ਚੜ੍ਹੀ।

ਬਿਸਾਲੀ ਦਾ ਰਾਜਾ

ਏਸੇ ਸਮੇਂ ਬਿਸਾਲੀ ਦਾ ਰਾਜਾ ਆ ਪਹੁੰਚਿਆ। ਉਹਨੇ ਵਜ਼ੀਰ ਖ਼ਾਂ ਨੂੰ ਕਿਹਾ, "ਆਪ ਲੜਾਈ ਬੰਦ ਕਰ ਦੇਣ ਦਾ ਵਾਅਦਾ ਕਰੋ, ਤਾਂ ਮੈਂ ਗੁਰੂ ਮਹਾਰਾਜ ਨੂੰ ਆਪਣੇ ਇਲਾਕੇ ਵਿਚ ਲੈ ਜਾਂਦਾ ਹਾਂ। ਇਸ ਤਰ੍ਹਾਂ ਇਹ ਬੇਲੋੜੀ ਲੜਾਈ ਮੁੱਕ ਜਾਵੇਗੀ ਤੇ ਕਈ ਜਾਨਾਂ ਮੌਤ ਦੇ ਮੂੰਹ ਵਿਚ ਜਾਣ ਤੋਂ ਬਚ ਜਾਣਗੀਆਂ ਅਤੇ ਨਾਲ ਹੀ ਤੁਹਾਡੀ ਰਹਿ ਜਾਵੇਗੀ, ਕਿ ਤੁਸਾਂ ਅਨੰਦਪੁਰ ਤੇ ਨਿਰਮੋਹ ਖਾਲੀ ਕਰਾ ਲਿਆ ਹੈ।"

ਗੁਰੂ ਜੀ ਬਿਸਾਲੀ ਗਏ

ਵਜ਼ੀਰ ਖਾਂ ਤੇ ਅਜਮੇਰ ਚੰਦ ਨੇ ਇਹ ਸਲਾਹ ਮੰਨ ਲਈ। ਗੁਰੂ ਜੀ ਵੀ ਬਿਸਾਲੀ ਦੇ ਰਾਜੇ ਦੀ ਬੇਨਤੀ ਮੰਨ ਕੇ ਉਹਦੇ ਨਾਲ ਜਾਣ ਵਾਸਤੇ ਤਿਆਰ ਹੋ ਗਏ। ਲੜਾਈ ਮੁੱਕ ਗਈ।

ਗੁਰੂ ਮਹਾਰਾਜ 'ਨਿਰਮੋਹ' ਦੇ ਮੋਰਚੇ ਛੱਡ ਕੇ ਬਿਸਾਲੀ ਨੂੰ ਤੁਰ ਪਏ। ਗੁਰਦੇਵ ਸਤਲੁਜ ਪਾਰ ਕਰ ਰਹੇ ਸਨ ਕਿ ਵੈਰੀ ਸਾਰੇ ਵਾਅਦੇ ਭੁਲਾ ਕੇ ਪਿੱਛੋਂ ਆ ਪਿਆ। ਕੁਝ ਘੜੀਆਂ ਬੜੀ ਲਹੂ-ਡੋਲ੍ਹਵੀਂ ਲੜਾਈ ਹੋਈ। ਇਸ ਘਮਸਾਣ ਵਿਚ ਗੁਰੂ ਜੀ ਦਾ ਮਹਾਨ ਯੋਧਾ ਭਾਈ ਸਾਹਿਬ ਸਿੰਘ ਸ਼ਹੀਦ ਹੋ ਗਿਆ। ਚੰਗੇ ਸੂਰਮਿਆਂ ਵਾਲੇ ਹੱਥ ਵਿਖਾ ਕੇ ਸਿੱਖ ਸਤਲੁਜੋਂ ਪਾਰ ਹੋ ਗਏ। ਗੁਰੂ ਮਹਾਰਾਜ ਬਿਸਾਲੀ ਜਾ ਪਹੁੰਚੇ। ਰਾਜਿਆਂ ਨੇ ਵਜ਼ੀਰ ਖਾਂ ਨੂੰ ਨਜ਼ਰਾਨਾ ਦੇ ਕੇ ਵਿਦਿਆ ਕੀਤਾ ਤੇ ਆਪ ਫੋਕੀ ਫ਼ਤਹ ਦੇ ਵਾਜੇ ਵਜਾਉਂਦੇ ਘਰੀਂ ਜਾ ਵੜੇ। ਇਹ ਘਟਨਾਵਾਂ ੧੭੫੭ ਬਿ. ਵਿਚ ਹੋਈਆਂ।

ਫੁੱਟ ਨੋਟ :

1. The fact remains that the Khalsa was a compound of the Sikh and the Jat, the Guru had united the religious fervour of the Sikh with the warlike temper of the Jat. Indusbhusan Banerjee, Vo. II, p. 125.

੨. ਮੈਕਾਲਿਫ, ਜਿਲਦ ਪੰਜਵੀਂ, ਸਫ਼ਾ ੧੩੨.

ਸਭਰਾਉਂ ਦੀ ਜੰਗ

-ਗਿ. ਸੋਹਣ ਸਿੰਘ ਸੀਤਲ*

ਜੰਗ ਅਲੀਵਾਲ ੨੮ ਜਨਵਰੀ-੧੮੪੬

ਬੱਦੋਵਾਲ ਦੀ ਲੜਾਈ ਵਿਚ ਅੰਗਰੇਜ਼ ਬੁਰੀ ਤਰ੍ਹਾਂ ਹਾਰੇ ਸਨ। ਇਸ ਕਰਕੇ ਹਰੀ ਸਮਿੱਥ ਦੀ ਬਹੁਤ ਬਦਨਾਮੀ ਹੋ ਰਹੀ ਸੀ। ਹੈਨਰੀ ਹੈਰੀ ਸਮਿੱਥ ਹਾਰਡਿੰਗ ਦਾ ਪੁਰਾਣਾ ਮਿੱਤਰ ਸੀ। ਉਹ ਕਿਸੇ ਬਹਾਨੇ ਆਪਣੇ ਦੋਸਤ ਦੀ ਬਦਨਾਮੀ ਧੋਣਾ ਚਾਹੁੰਦਾ ਸੀ। ਹੈਰੀ ਸਮਿੱਥ ੨੮ ਜਨਵਰੀ ੧੮੪੬ ਈ. ਨੂੰ ਸੱਜਰਸ਼ਾਹ ਫੌਜ ਲੈ ਕੇ ਲੁਧਿਆਣੇ ਵੱਲੋਂ ਵਾਪਸ ਮੁੜ ਰਿਹਾ ਸੀ। ਅਲੀਵਾਲ ਦੇ ਕੋਲ ਉਨ੍ਹਾਂ ਨੂੰ ਸਿੱਖਾਂ ਦਾ ਇਕ ਦਸਤਾ ਨਜ਼ਰੀਂ ਪਿਆ। ਸ਼ਾਇਦ ਇਹ ਸ. ਰਣਜੋਧ ਸਿੰਘ ਦੀ ਫੌਜ ਦਾ ਦਸਤਾ ਹੋਵੇ, ਜੋ ਸਭਰਾਵਾਂ ਵੱਲੇ ਹਟ ਰਿਹਾ ਸੀ। ਹੈਰੀ ਸਮਿੱਥ ਨੇ ਉਨ੍ਹਾਂ ਗਿਣਤੀ ਦੇ ਸਿੱਖਾਂ ਉੱਤੇ ਸਾਰੀ ਫੌਜ ਨਾਲ ਧਾਵਾ ਬੋਲ ਦਿੱਤਾ। ਸਿੱਖ ਗਿਣਤੀ ਵਿਚ ਬਹੁਤ ਥੋੜ੍ਹੇ ਸਨ। ਸੋ ਮਾਮੂਲੀ ਝੜਪ ਪਿੱਛੋਂ ਉਹ ਦਰਿਆ ਸਤਲੁਜ ਵੱਲ ਹਟ ਗਏ। ਏਨੀ ਕੁ ਘਟਨਾ ਨੂੰ ਸਰਕਾਰੀ ਰਿਪੋਰਟ ਲਿਖਣ ਵਾਲਿਆਂ ਨੇ 'ਅਲੀਵਾਲ ਦੀ ਘਮਸਾਣ ਦੀ ਜੰਗ' ਤੇ 'ਹੈਨਰੀ ਹੈਰੀ ਸਮਿੱਥ ਦੀ ਸ਼ਾਨਦਾਰ ਫ਼ਤਹਿ' ਲਿਖ ਧਰਿਆ। ਡਾਕਟਰ ਐਂਡਰੀਊ ਐਡਮਜ਼, ਆਪਣੀ ਪੁਸਤਕ[1] ਵਿਚ ਇਸ ਨੂੰ ਸਿਰਫ਼ 'ਚਿੱਠੀ ਪੱਤਰ ਦੀ ਲੜਾਈ' ਕਹਿੰਦਾ ਹੈ।

ਰਾਜਾ ਗੁਲਾਬ ਸਿੰਘ ਵਜ਼ੀਰ ਬਣਿਆ

ਇਨ੍ਹਾਂ ਹੀ ਦਿਨਾਂ ਵਿਚ ਸਿੱਖਾਂ ਨੇ ਇਕ ਹੋਰ ਭੁੱਲ ਕੀਤੀ। ਰਾਜਾ ਗੁਲਾਬ ਸਿੰਘ (ਡੋਗਰੇ ਧਿਆਨ ਸਿੰਘ ਦਾ ਵੱਡਾ ਭਰਾ) ਨੂੰ ਜੰਮੂ ਤੋਂ ਬੁਲਾ ਲਿਆ। ੨੭ ਜਨਵਰੀ ਨੂੰ ਉਹ ੩ ਹਜ਼ਾਰ ਡੋਗਰਾ ਫੌਜ ਸਣੇ ਲਾਹੌਰ ਆ ਗਿਆ। ਸਿੱਖ ਰਾਜ ਦੇ ਪੁਰਾਣੇ ਦੁਸ਼ਮਣ ਨੂੰ ਪੰਜਾਬ ਦਾ ਵਜ਼ੀਰ ਚੁੱਕ ਬਣਾਇਆ। ਉਹਦੀਆਂ ਵੀ ਚਿਰ ਦੀਆਂ ਆਸਾਂ ਨੂੰ ਫਲ ਲੱਗਣ ਦਾ ਸਮਾਂ ਆ ਗਿਆ। ਉਹ ਸ. ਜਵਾਹਰ ਸਿੰਘ ਦੇ ਸਮੇਂ ਤੋਂ ਹੀ ਅੰਗਰੇਜ਼ਾਂ ਨਾਲ ਚਿੱਠੀ ਪੱਤਰ ਕਰ ਰਿਹਾ ਸੀ, ਕਿ ਜੇ ਅੰਗਰੇਜ਼ ਉਸ ਨੂੰ ਪਹਾੜੀ ਇਲਾਕੇ ਦਾ ਸੁਤੰਤਰ ਮਹਾਰਾਜਾ ਮੰਨ ਲੈਣ, ਤਾਂ ਉਹ ਪੰਜਾਬ ਲੈਣ ਵਿਚ ਅੰਗਰੇਜ਼ਾਂ ਦੀ ਮਦਦ ਕਰਨ ਨੂੰ ਤਿਆਰ ਹੈ। ਫੇਰ ਸ਼ੁਰੂ ਨਵੰਬਰ, ੧੮੪੫ ਈ. ਵਿਚ ਉਸ ਨੇ ਅੰਗਰੇਜ਼ਾਂ ਵੱਲ ਆਦਮੀ ਭੇਜਿਆ, ਕਿ "ਸਿੱਖ ਲੜਾਈ ਉੱਤੇ ਤੁਲੇ ਹੋਏ ਹਨ। ਮੈਂ ਦਿਲੋਂ ਤੁਹਾਡੇ ਵੱਲ ਹਾਂ, ਤੇ ਲੋੜ ਪਈ 'ਤੇ ਤੁਹਾਡੀ ਮਦਦ ਕਰਾਂਗਾ।"[2] ਦੱਸੋ, ਇਹੋ ਜਿਹੇ ਆਦਮੀ ਕੋਲੋਂ ਨੇਕੀ ਦੀ ਕੀ ਆਸ ਹੋ ਸਕਦੀ ਹੈ? ਚਾਰਲਸ ਗਫ ਨੇ ਇਹਦੀ ਬੜੀ ਢੁੱਕਵੀਂ ਤਸਵੀਰ ਖਿੱਚੀ ਹੈ। ਉਹ ਲਿਖਦਾ ਹੈ:- "ਇਸ ਵਿਚ ਕੋਈ ਸ਼ੱਕ ਨਹੀਂ, ਕਿ ਗੁਲਾਬ ਸਿੰਘ ਬੜਾ ਲਾਇਕ ਆਦਮੀ ਸੀ, ਜਿਹੋ ਜਿਹਾ ਉਸਦਾ ਭਰਾ ਧਿਆਨ ਸਿੰਘ ਸਿਆਣਾ ਸੀ। ਇਹ ਵੀ ਬਿਲਕੁਲ ਪ੍ਰਗਟ ਹੈ ਕਿ ਗੁਲਾਬ ਸਿੰਘ ਪੱਥਰ-ਦਿਲ ਤੇ ਨਿੱਜੀ ਲਾਭ ਦਾ ਖਿਆਲ ਰੱਖਣ ਵਾਲਾ ਹਾਕਮ ਸੀ। ਉਹ ਇਹੋ ਜਿਹਾ ਬੰਦਾ ਸੀ ਕਿ ਜ਼ਿਮੀਂਦਾਰ ਦੀ ਆਖ਼ਰੀ ਕੌਡੀ ਵੀ ਆਪਣੀ ਜੇਬ ਵਿਚ ਪਾ ਲੈਂਦਾ ਤੇ ਵੈਰੀ ਨੂੰ ਰਾਹ ਵਿੱਚੋਂ ਕੰਡੇ ਵਾਂਗ ਕੱਢ ਦਿੰਦਾ, ਪਰ ਉਸ ਨੂੰ ਰਹਿਮ ਨਾ ਆਉਂਦਾ। ਜਦ ਤਕ ਉਹ ਕਿਸੇ ਨਾਲ ਵਫ਼ਾਦਾਰ ਰਹਿਣ ਵਿਚ ਆਪਣਾ ਲਾਭ ਸਮਝਦਾ, ਤਦ

ਤਕ ਉਹਦੀ ਵਫ਼ਾਦਾਰੀ ਭਰੋਸੇਯੋਗ ਸੀ। ਇਹ ਬੁਰੀਆਂ ਖਸਲਤਾਂ ਕਈ ਦੇਸੀ ਸਰਦਾਰਾਂ ਵਿਚ ਸਨ, ਪਰ ਉਹਦੀਆਂ ਇਹ ਆਦਤਾਂ ਅਕਲ ਨੇ ਢੱਕੀਆਂ ਹੋਈਆਂ ਸਨ। ਕਿਹਾ ਜਾਂਦਾ ਹੈ ਕਿ ਉਹ ਰਹਿਮ ਤੇ ਖੁਲ੍ਹ-ਦਿਲੀ ਵਾਸਤੇ ਤਿਆਰ ਹੋ ਜਾਂਦਾ, ਜੇ ਉਹ ਸੋਚਦਾ, ਕਿ ਤਰਸਵਾਨ ਤੇ ਉਦਾਰ ਹੋਣ ਵਿਚ ਉਸ ਦਾ ਜ਼ਾਤੀ ਫਾਇਦਾ ਹੈ। ਅੰਗਰੇਜ਼ਾਂ ਨਾਲ ਵਫ਼ਾਦਾਰੀ ਉੱਤੇ ਭਰੋਸਾ ਕੀਤਾ ਜਾ ਸਕਦਾ ਸੀ, ਕਿਉਂਕਿ ਉਹ ਜਾਣਦਾ ਸੀ, ਕਿ ਏਸ ਵਫ਼ਾਦਾਰੀ ਵਿਚ ਹੀ ਲਾਭ ਸੀ। ਵਧੇਰੇ ਦਬਾਅ ਪਾਉਣ ਨਾਲ ਉਹ ਬੇਵਫਾ ਵੀ ਹੋ ਸਕਦਾ ਸੀ। ਪੰਜਾਬ ਵਿਚ ਹੋਰ ਇਹੋ ਜਿਹਾ ਕੋਈ ਆਦਮੀ ਨਹੀਂ ਸੀ, ਜੋ ਏਡੀ ਛੇਤੀ ਬੇਵਫਾ ਹੋ ਸਕੇ। ਮੁੱਕਦੀ ਗੱਲ, ਕਿਹਾ ਜਾ ਸਕਦਾ ਹੈ ਕਿ ਉਹਦਾ ਕੰਮ ਕਰਨ ਦਾ ਢੰਗ ਦਾਨਾਵਾਂ ਵਰਗਾ ਸੀ, ਜਦੋਂ ਕਿ ਦੂਜਿਆਂ ਦਾ ਵਿਹਾਰ ਚਲਾਕੀ ਦਾ ਸੀ।"[3] ਏਸ ਕਰਨੀ ਦੇ ਮਾਲਕ ਗੁਲਾਬ ਸਿੰਘ ਨੂੰ ਪੰਜਾਬ ਦਾ ਵਜ਼ੀਰ ਬਣਾਇਆ ਗਿਆ।

ਅਲੀਵਾਲ ਦੀ ਲੜਾਈ ਤੋਂ ਕੁਝ ਦਿਨ ਪਿੱਛੋਂ ਲਾਲ ਸਿੰਘ ਤੇ ਤੇਜ ਸਿੰਘ, ਸਿੱਖ ਫੌਜ ਸਣੇ ਦਰਿਆਓਂ ਚੜ੍ਹਦੇ ਪਾਸੇ ਲੰਘ ਪਏ। ਉਸ ਵੇਲੇ ਅੰਗਰੇਜ਼ਾਂ ਦੀ ਹਾਲਤ ਬੜੀ ਖਰਾਬ ਸੀ। ਉਨ੍ਹਾਂ ਕੋਲ ਜੰਗੀ ਸਾਮਾਨ ਕੋਈ ਨਹੀਂ ਸੀ। ਫੌਜ ਇਧਰ-ਓਧਰ ਖਿੱਲਰੀ ਪਈ ਸੀ। ਜੇ ਸਿੱਖ ਜਰਨੈਲ ਦਿੱਲੀ ਤੋਂ ਆਉਂਦਾ ਸਾਮਾਨ ਲੁੱਟ ਲੈਂਦੇ ਤੇ ਖਿੱਲਰੀ-ਪੁੱਲਰੀ ਅੰਗਰੇਜ਼ਾਂ ਦੀ ਫੌਜ 'ਤੇ ਹਮਲਾ ਕਰ ਦਿੰਦੇ, ਤਾਂ ਅੰਗਰੇਜ਼ਾਂ ਦੀ ਜ਼ਰੂਰ ਹਾਰ ਹੁੰਦੀ। ਪਰ ਇਹ ਗੱਲ ਸੀ, ਜੋ ਸਿੱਖਾਂ ਦੇ ਦੇਸ-ਧਰੋਹੀ ਜਰਨੈਲ ਨਹੀਂ ਚਾਹੁੰਦੇ ਸਨ।

ਰਾਜਾ ਗੁਲਾਬ ਸਿੰਘ ਦੀ ਵਜ਼ਾਰਤ ਦੀ ਸਿੱਖਾਂ ਵਾਸਤੇ 'ਡੁੱਬਦੇ ਨੂੰ ਤਿਨਕੇ ਦਾ ਸਹਾਰਾ' ਵਾਲੀ ਗੱਲ ਸੀ। ਜੇ ਉਹ ਚਾਹੁੰਦਾ, ਤਾਂ ਇਸ ਲੜਾਈ ਨੂੰ ਲੰਮਾ ਕਰ ਸਕਦਾ ਸੀ, ਪਰ ਇਸ ਵਿਚ ਉਹਨੂੰ ਕੋਈ ਲਾਭ ਨਹੀਂ ਸੀ। ਅੰਤ ਉਹ ਸਭਰਾਵੀਂ ਪੁੱਜਾ। ਉਹਨੇ ਪਹਿਲਾਂ ਤਾਂ ਹਾਰੀ ਹੋਈ ਫੌਜ ਨੂੰ ਬੁਰਾ-ਭਲਾ ਕਿਹਾ ਕਿ ਉਨ੍ਹਾਂ ਬਲਵਾਨ ਗਵਾਂਢੀ ਨਾਲ ਕਿਉਂ ਲੜਾਈ ਛੇੜੀ ਹੈ ਤੇ ਫੇਰ ਅੰਗਰੇਜ਼ਾਂ ਨਾਲ ਸੌਦਾ-ਬਾਜ਼ੀ ਸ਼ੁਰੂ ਕਰ ਦਿੱਤੀ। ਗਵਰਨਰ ਜਨਰਲ ਇਹ ਵੇਖ ਕੇ ਬੜਾ ਖੁਸ਼ ਹੋਇਆ ਕਿ ਸਿੱਖ ਅਫਸਰ ਸੁਲ੍ਹਾ ਵਾਸਤੇ ਰਾਜ਼ੀ ਹਨ ਕਿਉਂਕਿ ਉਹ (ਗਵਰਨਰ ਜਨਰਲ) ਸਮਝਦਾ ਸੀ ਕਿ ਪੰਜਾਬ ਨੂੰ ਛੇਤੀ ਨਾਲ ਫ਼ਤਹਿ ਕਰ ਲੈਣਾ ਸੌਖਾ ਨਹੀਂ ਤੇ ਜੇ ਸਿੱਖਾਂ ਨੂੰ ਹੁਣ ਵੀ ਕੋਈ ਲੜਾਉਣ ਵਾਲਾ ਹੁੰਦਾ ਤੇ ਦਰਿਆਓਂ ਉਰਾਰ ਅੰਮ੍ਰਿਤਸਰ, ਲਾਹੌਰ, ਮੁਲਤਾਨ ਆਦਿ ਕਿਲ੍ਹਿਆਂ ਵਿਚ ਇਕ-ਇਕ ਥਾਂ ਸਿੱਖ ਜੰਮ ਕੇ ਲੜਦੇ, ਤਾਂ ਇਹ ਜੰਗ ਬੜੀ ਲੰਮੀ ਹੋ ਜਾਂਦੀ ਤੇ ਉਹਦੇ ਨਤੀਜੇ ਬਾਬਤ ਵੀ ਕੁਝ ਕਹਿਣਾ ਔਖਾ ਹੁੰਦਾ। ਬੱਦੋਵਾਲ ਦੀ ਅਧੂਰੀ ਜਿਹੀ ਫ਼ਤਹਿ ਨੇ ਹਿੰਦੁਸਤਾਨ ਦਿਆਂ[4] ਸ਼ਹਿਜ਼ਾਦਿਆਂ ਦੇ ਦਿਮਾਗ਼ ਵਿਚ ਹੋਰ ਹੀ ਖਿਆਲ ਪੈਦਾ ਕਰ ਦਿੱਤੇ ਸਨ ਤਾਂ ਇਸ ਲੰਮੀ ਜੰਗ ਦਾ ਅਸਰ ਹੋਣਾ ਵੀ ਜ਼ਰੂਰੀ ਸੀ।

ਸਿੱਖਾਂ ਤੇ ਅੰਗਰੇਜ਼ਾਂ ਦੋਹਾਂ ਦੇ ਲੀਡਰ ਇਸ ਜੰਗ ਨੂੰ ਛੇਤੀ ਖ਼ਤਮ ਕਰਨਾ ਚਾਹੁੰਦੇ ਸਨ। ਸੋ ਰਾਜਾ ਗੁਲਾਬ ਸਿੰਘ ਤੇ ਲਾਰਡ ਹਾਰਡਿੰਗ ਵਿਚ ਇਕ ਗੁਪਤ ਸਮਝੌਤਾ ਹੋ ਗਿਆ। "ਅੰਗੇਰਜ਼ਾਂ ਨੇ ਗੁਲਾਬ ਸਿੰਘ ਨੂੰ ਪਤਾ ਕਰ ਦਿੱਤਾ ਕਿ ਉਹ ਲਾਹੌਰ ਵਿਚ ਸਿੱਖਾਂ ਦੀ ਬਾਦਸ਼ਾਹੀ ਮੰਨਣ ਨੂੰ ਤਿਆਰ ਹਨ, ਪਰ ਸਿੱਖ ਲੀਡਰ ਪਹਿਲਾਂ ਆਪਣੀ ਫੌਜ ਨੂੰ ਬੇ-ਹਥਿਆਰ ਕਰ ਦੇਣ। ਮਗਰ ਰਾਜੇ ਨੇ ਫੌਜ ਨਾਲ ਐਸਾ ਵਰਤਾਉ ਕਰਨ ਤੋਂ ਆਪਣੇ ਆਪ ਨੂੰ ਅਸਮਰੱਥ ਪ੍ਰਗਟ ਕੀਤਾ, ਕਿਉਂਕਿ ਖ਼ਾਲਸਾ ਫੌਜ ਉਸ (ਗੁਲਾਬ ਸਿੰਘ) ਉੱਤੇ ਤੇ ਰਣਜੀਤ ਸਿੰਘ ਦੇ ਹੋਰ ਸ਼ੁਭਚਿੰਤਕਾਂ ਉੱਤੇ ਬੜਾ ਰੁਅਬ ਰੱਖਦੀ ਸੀ। ਇਸ ਮਜਬੂਰੀ ਨੂੰ ਉਸ ਨੇ ਜ਼ਾਤੀ-ਗਰਜ਼ ਵਾਸਤੇ

ਬੜਾ ਵਧਾ ਕੇ ਦੱਸਿਆ। ਮਗਰ ਬਦਲੇ ਹੋਏ ਹਾਲਾਤ ਵਿਚ ਬਰਤਾਨਵੀ ਸ਼ੁਹਰਤ ਨੂੰ ਕਾਇਮ ਰੱਖਣ ਵਾਸਤੇ ਲਾਹੌਰ ਨਾਲ ਅਹਿਦਨਾਮਾ ਕਰਨਾ ਜ਼ਰੂਰੀ ਸੀ। ਦੋਹਾਂ ਧਿਰਾਂ ਨੇ ਇਹ ਗੁਪਤ ਫੈਸਲਾ ਕੀਤਾ ਕਿ ਅੰਗਰੇਜ਼ ਸਿੱਖ ਫੌਜ 'ਤੇ ਹਮਲਾ ਕਰਨ, ਤੇ ਜਦ ਉਹ ਹਾਰ ਜਾਏ, ਤਾਂ ਲਾਹੌਰ ਦਰਬਾਰ ਐਲਾਨੀਆ ਹਾਰੀ ਹੋਈ ਫੌਜ ਨੂੰ ਕੱਢ ਦੇਵੇ। ਸਤਲੁਜ ਦੇ ਰਾਹ ਵਿਚ ਕੋਈ ਰੁਕਾਵਟ ਨਾ ਹੋਵੇ ਤੇ ਲਾਹੌਰ ਵਾਲੀ ਸੜਕ ਜੇਤੂ ਅੰਗਰੇਜ਼ਾਂ ਵਾਸਤੇ ਖੁੱਲ੍ਹੀ ਹੋਵੇ। ਇਸ ਤਰ੍ਹਾਂ ਕੂਟਨੀਤੀ ਤੇ ਬੇਸ਼ਰਮੀ ਦੇ ਜਾਲ ਵਿਚ ਫਸ ਕੇ ਸਭਰਾਵਾਂ ਦੀ ਲੜਾਈ ਲੜੀ ਗਈ।"[੫]

ਲੀਡਰਾਂ ਦੀ ਬਦਨੀਤੀ ਕਰਕੇ ਪਹਿਲੀਆਂ ਚਾਰ ਲੜਾਈਆਂ ਵਿਚ ਸਿੱਖ ਫੌਜ ਕੁਝ ਕੱਟ ਮਰੀ, ਕੁਝ ਸਿਪਾਹੀ ਫੱਟੜ ਹੋਏ ਤੇ ਕੁਝ ਨੱਸ ਕੇ ਅੰਮ੍ਰਿਤਸਰ ਜਾ ਵੜੇ। ਜੋ ਬਾਕੀ ਬਚੇ, ਉਹ ਮਿਲ-ਮਿਲਾ ਕੇ ੨੦ ਹਜ਼ਾਰ ਦੇ ਲੱਗਭਗ ਫਤਹਿਗੜ੍ਹ ਦੇ ਮੈਦਾਨ ਵਿਚ ਆ ਕੱਠੇ ਹੋਏ। ਇਥੇ ਦਰਿਆ ਦੇ ਖੱਬੇ ਕੰਢੇ ਉੱਤੇ ਸਿੱਖਾਂ ਨੇ ਕੱਚਾ ਕਿਲ੍ਹਾ ਬਣਾਇਆ। ਇਹ ਮੋਰਚਾ ਅੱਧੇ ਚੰਦ ਵਾਂਗ ਦਰਿਆ ਦੇ ਨਾਲ-ਨਾਲ ਲੰਮਾਣ ਵਿਚ ਸੀ, ਜਿਸ ਦਾ ਵਿਚਲਾ ਹਿੱਸਾ ਦੱਖਣ ਨੂੰ ਦੁਸ਼ਮਣ ਵੱਲੋਂ ਉਭਰਵਾਂ ਸੀ। ਪਹਿਲੀਆਂ ਲੜਾਈਆਂ ਵਾਂਗ ਸਿਪਾਹੀਆਂ ਸਭ ਕੁਝ ਕੀਤਾ, ਪਰ ਜਰਨੈਲਾਂ ਕੁਝ ਵੀ ਨਾ ਕੀਤਾ। ਸਿੱਖਾਂ ਕੋਲ ੨੦੦ ਜ਼ੰਬੂਰਕੇ ਤੇ ੬੭ ਤੋਪਾਂ ਬਾਕੀ ਬਚੀਆਂ ਸਨ। ਜ਼ੰਬੂਰਕੇ ਮੋਰਚੇ ਦੇ ਅਗਲੇ ਹਿੱਸੇ ਵਿਚ ਦੁਸ਼ਮਣ ਵੱਲੇ ਬੀੜੇ ਹੋਏ ਸਨ ਤੇ ਦੂਰ ਮਾਰੂ ਤੋਪਾਂ ਦਰਿਆ ਦੇ ਪਿਛਲੇ ਕੰਢੇ ਕੱਚਿਆਂ ਥੜ੍ਹਿਆਂ ਉੱਤੇ ਸਨ। ਵਿਚਕਾਰ ਬੇੜੀਆਂ ਦਾ ਪੁਲ ਬੱਧਾ ਹੋਇਆ ਸੀ, ਜਿਸ ਦੀ ਰਾਖੀ ਤੇਜ ਸਿੰਘ ਦੀ ਫੌਜ ਕਰ ਰਹੀ ਸੀ। ਇਸ ਤਰ੍ਹਾਂ ਮੋਰਚਾਬੰਦੀ ਕਰਕੇ ਸਿੱਖ ਮਰ-ਮਿੱਟਣ ਦੀ ਠਾਣ ਕੇ ਅੰਗਰੇਜ਼ਾਂ ਦੀ ਉਡੀਕ ਕਰ ਰਹੇ ਸਨ।

ਸ. ਸ਼ਾਮ ਸਿੰਘ ਅਟਾਰੀ ਵਾਲਾ ਜੰਗ ਦੀਆਂ ਖ਼ਬਰਾਂ ਰੋਜ਼ ਸੁਣਦਾ ਰਹਿੰਦਾ ਸੀ। ਮੁਦਕੀ ਤੇ ਫੇਰੂ ਸ਼ਹਿਰ ਦੀ ਹਾਰ ਉਹਦੇ ਸੀਨੇ ਵਿਚ ਕੰਡੇ ਵਾਂਗ ਰੜਕ ਰਹੀ ਸੀ। ਓਧਰੋਂ ਮਹਾਰਾਣੀ ਜਿੰਦ ਕੌਰ ਦੀ ਚਿੱਠੀ ਪਹੁੰਚੀ, ਜਿਸ ਨੇ ਬਿਨਾਂ ਅੱਗੋਂ ਭਾਂਬੜ ਮਚਾ ਦਿੱਤੇ। ਚਿੱਠੀ ਵਿਚ ਦੋਹਾਂ ਲੜਾਈਆਂ ਦਾ ਵੇਰਵਾ ਤੇ ਖਾਲਸਾ ਫੌਜ ਦੀ ਹਾਰ ਦੇ ਕਾਰਨ ਸਾਫ਼-ਸਾਫ਼ ਲਿਖੇ ਹੋਏ ਸਨ:

ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ,
"ਬੈਠ ਰਿਹੋਂ ਕੀ ਚਿੱਤ ਵਿਚ ਧਾਰ, ਸਿੰਘਾ!
ਦੋਵੇਂ ਜੰਗ 'ਮੁਦਕੀ' 'ਫੇਰੂ-ਸ਼ਹਿਰ' ਵਾਲੇ,
ਸਿੰਘ ਆਏ ਅੰਗਰੇਜ਼ਾਂ ਤੋਂ ਹਾਰ, ਸਿੰਘਾ!
ਕਾਹਨੂੰ ਹਾਰਦੇ, ਕਿਉਂ ਮਿਹਣੇ ਜੱਗ ਦੇਂਦਾ?
ਜਿਊਂਦੀ ਹੁੰਦੀ ਜੇ ਅੱਜ 'ਸਰਕਾਰ' ਸਿੰਘਾ!
ਤੇਗ ਸਿੰਘਾਂ ਦੀ ਤਾਂ ਖੁੰਢੀ ਨਹੀਂ ਹੋ ਗਈ,
ਐਪਰ ਆਪਣੇ ਹੋ ਗਏ ਗ਼ੱਦਾਰ ਸਿੰਘਾ!
"ਦੇਸ਼-ਧਰੋਹੀ ਵਜ਼ੀਰ, ਜਰਨੈਲ ਰਲ ਕੇ,
ਵੇਖ, ਕੌਮ ਦਾ ਮੁੱਲ ਕੀ ਪਾ ਰਹੇ ਨੇ।
ਚਾਈਂ ਚਾਈਂ ਗ਼ੁਲਾਮੀ ਦੀਆਂ ਬੇੜੀਆਂ ਪਾ,
ਉਹ ਪੰਜਾਬ ਦੀ ਅਣਖ ਮਿਟਾ ਰਹੇ ਨੇ।
"ਹੁਣ ਵੀ ਚਮਕੀ ਨਾ ਜੇ ਸਿੰਘਾ! ਤੇਗ ਤੇਰੀ

ਤਾਂ ਫਿਰ ਸਾਰੇ ਨਿਸ਼ਾਨ ਮਿਟਾਏ ਜਾਸਨ।
ਤੇਰੇ ਲਾਡਲੇ ਕੌਰ ਦੀ ਹਿੱਕ ਉੱਤੇ,
ਕੱਲ੍ਹ ਨੂੰ ਗ਼ੈਰਾਂ ਦੇ ਝੰਡੇ ਝੁਲਾਏ ਜਾਸਨ।
ਪੁੱਟ ਸ਼ੇਰੇ-ਪੰਜਾਬ ਦੀ ਮੜ੍ਹੀ ਤਾਈਂ,
ਉਹਦੇ ਪੈਰਾਂ ਵਿਚ ਫੁੱਲ ਰੁਲਾਏ ਜਾਸਨ।
ਬਦਲੀ ਜਿੰਨ੍ਹੇ ਤਕਦੀਰ ਪੰਜਾਬ ਦੀ ਸੀ,
ਉਹਦੀ ਆਤਮਾ ਨੂੰ ਤੀਰ ਲਾਏ ਜਾਸਨ।
"ਅਜੇ ਸਮਾਂ ਹਈ, ਵਕਤ ਸੰਭਾਲ ਸਿੰਘਾ,
ਰੁੜ੍ਹੀ ਜਾਂਦੀ ਪੰਜਾਬ ਦੀ ਸ਼ਾਨ ਰੱਖ ਲੈ।
ਲਹਿੰਦੀ ਦਿੱਸੇ 'ਰਣਜੀਤ' ਦੀ ਪੱਗ ਮੈਨੂੰ,
ਮੋਏ ਮਿੱਤਰ ਦੀ ਯੋਧਿਆ! ਆਨ ਰੱਖ ਲੈ।"
ਚਿੱਠੀ ਪੜ੍ਹੀ ਤਾਂ ਦਿਲ 'ਚ ਭੁਚਾਲ ਆਇਆ,
ਕਿਸੇ ਰੋਹ ਵਿਚ ਆਣ ਸਰਦਾਰ ਉਠਿਆ।
ਚੜ੍ਹਿਆ ਖ਼ੂਨ ਨੇਤਰ ਲਾਲੋ ਲਾਲ ਹੋਏ।'
ਲੈ ਕੇ ਹੱਥ ਵਿਚ ਨੰਗੀ ਤਲਵਾਰ ਉਠਿਆ।
ਸੌਂਦੇ ਜਾਂਦੇ ਪੰਜਾਬ ਦੇ ਭਾਗ ਤਾਈਂ,
ਟੁੰਬਣ ਵਾਸਤੇ ਸ਼ੇਰ ਲਲਕਾਰ ਉੱਠਿਆ।
ਕਾਂਟਾ ਬੁਰੀ ਤਕਦੀਰ ਦਾ ਬਦਲਣੇ ਨੂੰ,
ਕੌਮੀ ਅਣਖ ਦੇ ਤਾਈਂ ਵੰਗਾਰ ਉੱਠਿਆ।
ਕੋਲ ਸੱਦ ਕੇ ਕਿਹਾ ਸਰਦਾਰਨੀ ਨੂੰ,
"ਲੈ ਮਿਆਨ ਆਹ ਉਚੀ ਲਟਕਾ ਛੱਡੀ।
ਕਿਸੇ ਜ਼ਿੰਦਾ ਜਰਨੈਲ ਦੀ ਯਾਦ ਹੈ ਇਹ,
ਇਹਨੂੰ ਦਾਗ਼ ਨਾ ਲੱਗੇ, ਸਮਝਾ ਛੱਡੀਂ।
"ਮਰਦੀ ਕੌਮ ਵਿਚ ਜ਼ਿੰਦਗੀ ਭਰਨ ਖ਼ਾਤਰ,
ਮੈਂ ਹੁਣ ਦੇਸ ਤੋਂ ਹੋਣ ਕੁਰਬਾਨ ਚੱਲਿਆਂ।
ਜਿਹੜੇ ਕੌਮੀ-ਗਦਾਰਾਂ ਨੇ ਦਾਗ਼ ਲਾਏ,
ਧੋ ਕੇ ਖ਼ੂਨ ਦੇ ਨਾਲ, ਮਿਟਾਣ ਚੱਲਿਆਂ।
ਜਿਹੜੇ ਦੇਸ-ਧਰੋਹੀਆਂ ਨੇ ਲਾਏ ਲੰਬੂ,
ਛੱਟੇ ਰੱਤ ਦੇ ਮਾਰ ਬੁਝਾਣ ਚੱਲਿਆਂ।
ਪਿੱਛੋਂ ਹੋਊ, ਸੋ ਵੇਖੇਗਾ ਜੱਗ ਸਾਰਾ,
ਮੈਂ ਤਾਂ ਆਪਣੀ ਤੋੜ ਨਿਭਾਣ ਚੱਲਿਆਂ।
"ਨਾ ਮੈਂ ਹੋਵਾਂਗਾ, ਨਾ ਇਹ ਪੰਜਾਬ ਹੋਸੀ
ਐਪਰ ਦਿਲਾਂ ਵਿਚ ਦੋਹਾਂ ਦੀ ਯਾਦ ਰਹਿਸੀ।
'ਸੀਤਲ'ਸੂਰਜ ਕੁਰਬਾਨੀ ਦਾ ਚਮਕਦਾ ਰਹੂ,

ਜਦੋਂ ਤੀਕ ਇਹ ਦੇਸ ਆਬਾਦ ਰਹਿਸੀ।"

ਹੋਰ ਜਾਗੀਰਦਾਰ ਅਫ਼ਸਰਾਂ ਵਾਂਗ ਸ. ਸ਼ਾਮ ਸਿੰਘ ਕੋਲ ਵੀ ਆਪਣੀ ਨਿੱਜੀ ਫੌਜ ਸੀ। ਉਹ ਦੇਸ਼ ਦੀ ਆਜ਼ਾਦੀ ਨੂੰ ਬਚਾਉਣ ਵਾਸਤੇ ਆਖ਼ਰੀ ਯਤਨ ਕਰਨ ਲਈ, ਆਪਣੇ ਮੁੱਠੀ ਭਰ ਸੂਰਮਿਆਂ ਨੂੰ ਨਾਲ ਲੈ ਕੇ ਸਭਰਾਵਾਂ ਦੇ ਮੈਦਾਨ ਨੂੰ ਤੁਰ ਪਿਆ।

ਰਾਜਾ ਗੁਲਾਬ ਸਿੰਘ ਨਾਲ ਹੋਏ ਗੁਪਤ ਸਮਝੌਤੇ ਕਰਕੇ ਦੂਜੇ ਪਾਸੇ ਅੰਗਰੇਜ਼ਾਂ ਦੇ ਹੌਸਲੇ ਬਹੁਤ ਵਧ ਗਏ ਸਨ। ੭ ਫਰਵਰੀ ਨੂੰ ਦਿੱਲੀ ਤੋਂ ਨਵਾਂ ਜੰਗੀ ਸਾਮਾਨ, ਵੱਡੀਆਂ ਤੋਪਾਂ— ਜਿਨ੍ਹਾਂ ਨੂੰ ਹਾਥੀ ਖਿੱਚਦੇ ਸਨ ਤੇਂ ਕੁਝ ਸੱਜਰਸਾਹ ਫੌਜ ਆ ਗਈ। ੮ ਫਰਵਰੀ ਨੂੰ ਹਰੀ ਸਮਿੱਥ ਵੀ ਗਫ ਨੂੰ ਆ ਮਿਲਿਆ। ਸੋ ਉਨ੍ਹਾਂ ਨਵੇਂ ਹਮਲੇ ਦੀ ਤਿਆਰੀ ਕਰ ਦਿੱਤੀ। ੯ ਫਰਵਰੀ ਦਾ ਸਾਰਾ ਦਿਨ ਉਨ੍ਹਾਂ ਤਿਆਰੀ ਕਰਦਿਆਂ ਲੰਘਾ ਦਿੱਤਾ। ਸਾਰੀ ਫੌਜ ਨੂੰ ਇਸ ਤਰ੍ਹਾਂ ਤਿੰਨ ਹਿੱਸਿਆਂ ਵਿਚ ਵੰਡਿਆ: ਗਿਲਬਰਟ ਦੀ ਫੌਜ ਵਿਚਕਾਰ, ਸਰ ਰਾਬਰਟ ਡਿਕ (Robert Dick) ਖੱਬੇ ਹੱਥ ਤੇ ਹਰੀ ਸਮਿੱਥ ਸੱਜੇ ਹੱਥ। ਫੌਜ ਦੀ ਗਿਣਤੀ ਕਈਆਂ ਨੇ ਤਾਂ ਸਿਰਫ਼ ੧੫ ਹਜ਼ਾਰ ਲਿਖੀ ਹੈ ਤੇ ਕਈਆਂ ਨੇ ੧੫ ਹਜ਼ਾਰ ਪੈਦਲ, ੧੦ ਹੰਜ਼ਾਰ ਰਸਾਲਾ ਤੇ ੧੨੦ ਤੋਪਾਂ ਲਿਖਿਆ ਹੈ।

੭ ਫਰਵਰੀ ਨੂੰ ਲਾਲ ਸਿੰਘ ਦਾ ਨਿਕਲਸਨ ਤਕ ਗੁਪਤ ਚਿੱਠੀਆਂ ਪਹੁੰਚਾਉਣ ਵਾਲਾ ਨੌਕਰ ਨੂਰਦੀਨ ਪਠਾਣ ਕਸੂਰੀ, ਅੰਗਰੇਜ਼ਾਂ ਕੋਲ ਚਿੱਠੀ ਲੈ ਕੇ ਪੁੱਜਾ। ਇਸ ਚਿੱਠੀ ਵਿਚ ਲਾਲ ਸਿੰਘ ਨੇ ਸਿੱਖਾਂ ਦੇ ਕਿਲ੍ਹੇ (ਮੋਰਚੇ) ਦਾ ਨਕਸ਼ਾ ਦਿੱਤਾ ਸੀ, ਤੇ ਲਿਖਿਆ ਸੀ, "ਏਸ ਲੜਾਈ ਦਾ ਸੈਨਾਪਤੀ ਤੇਜ ਸਿੰਘ ਹੈ, ਪਰ ਇਸ ਵਿਚ ਕੋਈ ਹਰਜ਼ ਨਹੀਂ। ਉਹ ਆਪਣੇ ਬਚਨ 'ਤੇ ਪੱਕਾ ਹੈ ਤੇ ਵਿਤ ਅਨੁਸਾਰ ਅੰਗਰੇਜ਼ਾਂ ਦਾ ਭਲਾ ਕਰਨ ਦਾ ਯਤਨ ਕਰੇਗਾ। ਮੇਰੇ ਹੱਥ ਰਸਾਲਾ ਹੈ, ਤੇ ਮੈਂ ਉਹਨੂੰ ਇਧਰ-ਉਧਰ ਖਿਲਾਰ ਛੱਡਿਆ ਹੈ। ਨਾਲ ਹੀ ਸਿੱਖਾਂ ਦੇ ਮੋਰਚੇ ਦੀ ਦੱਖਣ ਦੀ ਬਾਹੀ ਬੜੀ ਕਮਜ਼ੋਰ ਹੈ। ਓਧਰ ਦੀ ਕੰਧ ਮਾੜੀ ਜਿਹੀ ਬਣੀ ਹੋਈ ਹੈ।"[੬]

ਹੋਰ ਸੁਣੋ: "ਕਲਕੱਤਾ ਰੀਵੀਊ, (ਜੂਨ, ੧੮੪੯ ਈ., ਸਫ਼ਾ ੫੪੯) ਭਾਵੇਂ ਲਾਲ ਸਿੰਘ ਤੇ ਤੇਜ ਸਿੰਘ ਦੀ ਗੱਦਾਰੀ 'ਤੇ ਸ਼ੱਕ ਕਰਦਾ ਹੈ, ਪਰ ਫੇਰ ਵੀ ਮੰਨਦਾ ਹੈ, ਕਿ ਲਾਲ ਸਿੰਘ ਨਾ ਸਿਰਫ ਨਿਕਲਸਨ ਨਾਲ ਚਿੱਠੀ ਪੱਤਰ ਹੀ ਕਰ ਰਿਹਾ ਸੀ, ਸਗੋਂ ੭ ਫਰਵਰੀ ੧੮੪੬ ਈ. ਨੂੰ- ਖਿਆਲ ਹੈ ਉਹਨੇ ਸਭਰਾਵਾਂ ਵਿਚ ਸਿੱਖਾਂ ਦੇ ਮੋਰਚੇ ਦਾ ਨਕਸ਼ਾ ਲਾਰੰਸ ਨੂੰ ਭੇਜਿਆ। ੧੯ ਦਸੰਬਰ, ੧੮੪੫ ਈ. ਨੂੰ ਮੁਦਕੀ ਦੀ ਲੜਾਈ ਤੋਂ ਅਗਲੇ ਦਿਨ, ਲਾਲ ਸਿੰਘ ਦਾ ਏਜੰਟ ਬਰਾਡਫੁਟ ਕੋਲ ਆਇਆ, ਜੋ ਝਾੜ ਪਾ ਕੇ ਕੱਢ ਦਿੱਤਾ ਗਿਆ। ਤੇਜ ਸਿੰਘ ਦੀ ਗ਼ਦਾਰੀ ਬਾਰੇ ਇਕ ਮੰਨਣ ਵਾਲੀ ਰਵਾਇਤ ਅਨੁਸਾਰ ਕਿਹਾ ਜਾ ਸਕਦਾ ਹੈ, ਕਿ ਉਨ੍ਹਾਂ ਦੀਆਂ ਤੋਪਾਂ ਦਾ ਬਾਰੂਦ ਛੇੜਿਆ ਗਿਆ ਤੇ ਬਹੁਤ ਸਾਰਾ ਨਕਾਰਾ ਕਰ ਦਿੱਤਾ ਗਿਆ ਹੈ।"[੭]

ਹੁਣ ਵੀ ਲਾਲ ਸਿੰਘ ਤੇ ਤੇਜ ਸਿੰਘ ਦੇ ਲੂਣ-ਹਰਾਮੀ ਹੋਣ 'ਤੇ ਕੋਈ ਸ਼ੱਕ ਹੈ? ਜਿੱਥੇ ਇਹੋ ਜਿਹੇ ਕੁਲ-ਘਾਤੀ ਲੀਡਰ ਹੋਣ, ਓਥੇ ਹੋਰ ਦੁਸ਼ਮਣਾਂ ਦੀ ਕੀ ਲੋੜ ਹੈ?

੧੦ ਫਰਵਰੀ, ੧੮੪੬ ਈ. ਦਾ ਸੂਰਜ ਅਜੇ ਨਿਕਲਣ ਵਾਲਾ ਸੀ, ਜਾਂ ਅੰਗਰੇਜ਼ਾਂ ਨੇ ਆਪਣੀਆਂ ਤੋਪਾਂ ਨੂੰ ਅੱਗ ਵਿਖਾਈ। ਅੱਗੋਂ ਉੱਤਰ ਵਿਚ ਸਿੱਖਾਂ ਨੇ ਵੀ ਤੋੜੇ ਦਾਗੇ। ਦੋਹਾਂ ਪਾਸਿਆਂ ਤੋਂ ਅੱਗ ਵਰ੍ਹਨ ਲੱਗੀ। ਤਿੰਨ ਘੰਟੇ ਲਗਾਤਾਰ ਗੋਲੇ ਵਰ੍ਹਦੇ ਰਹੇ, ਪਰ ਕੋਈ ਪਾਸਾ ਵੀ ਪੈਰਾਂ ਤੋਂ ਨਾ ਹਿੱਲਿਆ। ਪਿਛਲੀਆਂ ਚਾਰ ਲੜਾਈਆਂ ਵਿਚ, ਅੰਗਰੇਜ਼, ਸਿੱਖ ਸਿਪਾਹੀਆਂ

ਦੀ ਬਹਾਦਰੀ ਵੇਖ ਚੁੱਕੇ ਸਨ। ਸਿੱਖਾਂ ਦਾ ਰੁਅਬ ਗੋਰਾ ਫ਼ੌਜ 'ਤੇ ਦੇਸੀ ਫੌਜ ਦੋਹਾਂ ਦੇ ਦਿਲਾਂ 'ਤੇ ਬੈਠਾ ਹੋਇਆ ਸੀ। ਸੋ ਗਫ਼ ਨੇ ਚਾਰ ਪਲਟਨਾਂ (ਦਸਵੀਂ ਪੈਦਲ, ਮਲਕਾਂ ਦੀ ਤ੍ਰਿਵੰਜਵੀਂ ਪੈਦਲ, ਤਿਰਤਾਲਵੀਂ ਦੇਸੀ ਤੇ ਉਣੰਜਵੀਂ ਦੇਸੀ, ਸਣੇ ਤੋਪਖਾਨਾ)[੮] ਨਵੀਆਂ ਜੋ ਅੱਗੇ ਕਿਸੇ ਲੜਾਈ ਵਿਚ ਸਿੱਖਾਂ ਨਾਲ ਨਹੀਂ ਲੜੀਆਂ ਸਨ-ਸਿੱਖਾਂ 'ਤੇ ਹਮਲਾ ਕਰਨ ਵਾਸਤੇ ਤਜਵੀਜ਼ ਕੀਤੀਆਂ। ਸਰ ਰਾਬਰਟ ਡਿੱਕ ਨੇ ਇਹ ਚਾਰੇ ਪਲਟਨਾਂ ਲੈ ਕੇ ਲਾਲ ਸਿੰਘ ਦੇ ਦੱਸੇ ਮੁਤਾਬਿਕ ਦੱਖਣੀ ਹਿੱਸੇ 'ਤੇ ਹੱਲਾ ਕੀਤਾ। ਤੋਪਾਂ ਦੀ ਮਾਰ ਨੇ ਬਾਹੀ ਵਿਚ ਇਕ ਪਾੜ ਪਾ ਦਿੱਤਾ। ਗੁੱਸੇ ਵਿਚ ਸਿੱਖਾਂ ਨੇ ਉਹ ਅੱਗ ਵਰ੍ਹਾਈ, ਕਿ ਰਾਬਰਟ ਡਿੱਕ ਨੂੰ ਜ਼ਖਮੀ ਹੋ ਕੇ ਪਿੱਛੇ ਮੁੜਨਾ ਪਿਆ। ਸਿੱਖਾਂ ਨੇ ਉਹ ਮੋਰਚਾ ਫੇਰ ਪੱਕਾ ਕਰ ਲਿਆ। ਅੰਗਰੇਜ਼ ਵਾਰ ਵਾਰ ਹੱਲਾ ਕਰਦੇ ਤੇ ਖ਼ਾਲਸਾ ਫੌਜ ਦੀ ਫੌਲਾਦੀ ਕੰਧ ਨਾਲ ਟੱਕਰ ਖਾ ਕੇ ਵਾਪਸ ਮੁੜਦੇ। ਏਸ ਵੇਲੇ ਲਾਲ ਸਿੰਘ, ਸਣੇ ਆਪਣੀ ਫੌਜ ਦੇ, ਬਿਨਾਂ ਕਾਰਨ ਨੱਸ ਪਿਆ। ਥੋੜ੍ਹੀ ਦੇਰ ਪਿੱਛੋਂ ਤੇਜ ਸਿੰਘ ਵੀ-ਸਣੇ ਆਪਣੀ ਛੇ ਹਜ਼ਾਰ ਫ਼ੌਜ ਦੇ ਨੱਸ ਉੱਠਿਆ ਤੇ ਜਾਂਦਾ-ਜਾਂਦਾ ਬਾਰੂਦ ਭਰੀਆਂ ਬੇੜੀਆਂ ਦਰਿਆ ਵਿਚ ਡੋਬ ਗਿਆ। ਜੋ ਪੁਲ ਸਿੱਖਾਂ ਨੇ ਦਰਿਆ ਉੱਤੇ ਬੱਧਾ ਸੀ ਤੇ ਜੀਹਦੀ ਰਾਖੀ ਤੇਜ ਸਿੰਘ ਕਰ ਰਿਹਾ ਸੀ, ਉਹ ਉਸ ਵਿੱਚੋਂ ਦੋ ਬੇੜੀਆਂ ਡੋਬ ਕੇ ਪੁਲ ਵੀ ਤੋੜ ਗਿਆ।

ਜਰਨੈਲਾਂ ਤੋਂ ਸੱਖਣੀ ਫੌਜ ਘਬਰਾ ਉੱਠੀ। ਲੜਨ ਵਾਲੇ ਸਨ, ਪਰ ਲੜਾਉਣ ਵਾਲਾ ਕੋਈ ਨਹੀਂ ਸੀ। ਏਨੇ ਨੂੰ ਤੋਪਚੀਆਂ ਵੱਲੋਂ ਸਾਰੇ ਦੁਹਾਈ ਫਿਰ ਗਈ, ਕਿ ਨਵੀਆਂ ਪੇਟੀਆਂ ਖੋਲ੍ਹਣ 'ਤੇ ਉਨ੍ਹਾਂ ਵਿੱਚੋਂ ਬਾਰੂਦ ਦੀ ਥਾਂ ਰੇਤ ਤੇ ਸਰ੍ਹੋਂ ਨਿਕਲਦੀ ਹੈ।

ਹੁਣ ਕੀ ਕੀਤਾ ਜਾਵੇ? ਸਾਹਮਣੀ ਬਾਹੀ ਦੇ ਜ਼ੰਬੂਰਕੇ ਖਾਲੀ ਪਏ ਸਨ। ਬੰਦੂਕਚੀਆਂ ਨੂੰ ਬਾਰੂਦ ਮਿਲਣਾ ਬੰਦ ਹੋ ਗਿਆ ਸੀ। ਦਰਿਆ ਦੇ ਪਿਛਲੇ ਪਾਸੇ ਬੀੜੀਆਂ ਹੋਈਆਂ ਦੂਰ-ਮਾਰੂ ਤੋਪਾਂ ਦੇ ਗੋਲੇ ਅੰਗਰੇਜ਼ੀ ਫੌਜ ਦੇ ਉੱਪਰ ਦੀ ਅਗਲੇ ਪਾਸੇ ਜਾ ਕੇ ਪੈਂਦੇ ਸਨ, ਕਿਉਂਕਿ ਉਨ੍ਹਾਂ ਤੋਪਾਂ ਦੇ ਚਲਾਉਣ ਵਾਲੇ ਮੁਸਲਮਾਨ ਸਨ ਜੋ ਤੋਪਾਂ ਦੇ ਮੂੰਹ ਉੱਚੇ ਕਰਕੇ ਚਲਾਉਂਦੇ ਸਨ, ਤਾਂ ਕਿ ਦੁਸ਼ਮਣ ਦਾ ਕੋਈ ਨੁਕਸਾਨ ਨਾ ਹੋਵੇ। ਅੰਤ ਇਹ ਤੋਪਾਂ ਵੀ ਹੌਲੀ-ਹੌਲੀ ਚੱਲਣੋਂ ਬੰਦ ਹੋ ਗਈਆਂ।

ਏਨੇ ਤਕ ਵਿਰੋਧੀ ਫੌਜਾਂ ਦੋ-ਤਿੰਨ ਥਾਵਾਂ ਤੋਂ ਸਿੱਖਾਂ ਦੇ ਮੋਰਚੇ ਵਿਚ ਦਾਖਲ ਹੋ ਗਈਆਂ। ਸਿੱਖ ਵੀ ਲੱਗੇ ਖਿਲਰਨ। ਐਨ ਏਸ ਵੇਲੇ ਸ. ਸ਼ਾਮ ਸਿੰਘ ਅਟਾਰੀ ਵਾਲਾ ਮੈਦਾਨ ਵਿਚ ਪਹੁੰਚ ਗਿਆ। ਚਿੱਟਾ ਨੂਰਾਨੀ ਦਾੜ੍ਹਾ, ਚਿੱਟੀ ਪੁਸ਼ਾਕ ਵਿਚ ਸਜਿਆ ਹੋਇਆ ਉਹ ਸਫੈਦ ਘੋੜੇ ਉੱਤੇ ਸ਼ੋਭ ਰਿਹਾ ਸੀ। ਉਹ ਮੋਰਚੇ ਦੀ ਹਾਲਤ ਵੇਖ ਕੇ ਹੈਰਾਨ ਰਹਿ ਗਿਆ। ਸ਼ਹੀਦੀ ਤੋਂ ਬਿਨਾਂ ਹੋਰ ਸਭ ਦਰਵਾਜ਼ੇ ਬੰਦ ਹੋ ਚੁੱਕੇ ਸਨ, ਉਹ ਕੌਮੀ ਪਰਵਾਨਾ; ਅਣਖ ਦਾ ਪੁਤਲਾ, ਖਾਲਸਾ ਫੌਜ ਨੂੰ ਮਰ-ਮਿਟਣ ਵਾਸਤੇ ਇਉਂ ਲਲਕਾਰਨ ਲੱਗਾ:

ਸ਼ਾਮ ਸਿੰਘ ਤਲਵਾਰ ਲਿਸ਼ਕਾਵੰਦਾ
ਵਿਚ ਖਲਾ ਏ ਦਲਾਂ ਦੇ ਆ
ਕਹਿੰਦਾ, ਹੋਸ਼ ਸੰਭਾਲੋ ਖ਼ਾਲਸਾ
ਕਿਉਂ ਚੱਲੇ ਜੇ ਸਿੱਖੀ ਨੂੰ ਦਾਗ਼ ਲਾ?
ਕਿਹੜੇ ਸ਼ੌਕ ਨੂੰ ਸੀ ਤੇਗ਼ਾਂ ਚੁੱਕੀਆਂ
ਅੰਤ ਨੱਸਣਾ ਸੀ ਕੰਡ ਜੇ ਵਿਖਾ?

ਤਾਹਨੇ ਦੇਵੰਦੀ ਹੈ ਰੂਹ 'ਰਣਜੀਤ' ਦੀ
ਹਾਰ ਆਏ ਦੁਸ਼ਮਣਾਂ ਤੋਂ ਖਾ
ਹੱਥੀਂ ਪਾਇਕੇ ਗ਼ੁਲਾਮੀ ਦੀਆਂ ਬੇੜੀਆਂ
ਜਿਉਂਦੇ ਰਹੋਗੇ ਕੀ ਅਣਖ ਗੁਆ
ਤੁਸੀਂ ਪੁੱਤਰ ਗੁਰੂ ਗੋਬਿੰਦ ਸਿੰਘ ਦੇ
ਦੀਪ ਸਿੰਘ ਦੇ ਹੋ ਵੀਰ ਭਰਾ
ਜਿੰਨ੍ਹੇ ਕਟਕ ਦੁਰਾਨੀਆਂ ਦੇ ਮਾਰ ਕੇ
ਸ਼ਾਨ ਸਿੱਖੀ ਵਾਲੀ ਲਈ ਸੀ ਬਚਾ
ਉੱਠੋ ਸੂਤ ਲੌ ਭਗੌਤੀਆਂ ਸੂਰਿਓ
ਦਿਓ ਵੈਰੀਆਂ ਦੇ ਸੱਥਰ ਵਿਛਾ
ਸ਼ਾਨ ਖ਼ਾਲਸੇ ਦੀ ਨਾਲ ਪੰਜਾਬ ਦੇ
ਕਿਤੇ ਦੋਵੇਂ ਹੀ ਨਾ ਬਿਹੋ ਜੇ ਲੁਟਾ
ਮਰਨਾ ਦੇਸ ਲਈ ਭਲਾ ਹੈ 'ਸੀਤਲਾ'
ਲਵੋ ਮਰਤਬੇ ਸ਼ਹੀਦੀ ਪਾ

ਸ. ਸ਼ਾਮ ਸਿੰਘ ਨੂੰ ਵੇਖ ਕੇ ਸਿਪਾਹੀਆਂ ਵਿਚ ਨਵੀਂ ਜ਼ਿੰਦਗੀ ਆ ਗਈ। ਘਬਰਾਏ ਹੋਏ ਸਿਪਾਹੀ ਫੇਰ ਮਰ-ਮਿਟਣ ਵਾਸਤੇ ਤਿਆਰ ਹੋ ਗਏ। ਅਫ਼ਸੋਸ! ਇਨ੍ਹਾਂ ਦਾ ਇਹ ਜੋਸ਼ ਤੇ ਉੱਦਮ ਕਿਸੇ ਲੇਖੇ ਨਹੀਂ ਸੀ, ਕਿਉਂਕਿ ਬਾਰੂਦ ਬਿਲਕੁਲ ਮੁੱਕ ਚੁੱਕਾ ਸੀ ਤੇ ਨਵੀਆਂ ਪੇਟੀਆਂ ਵਿੱਚੋਂ ਬਾਰੂਦ ਦੀ ਥਾਂ ਤੇਜ ਸਿੰਘ ਦੀ ਗ਼ੱਦਾਰੀ, ਸਰ੍ਹੋਂ ਤੇ ਰੇਤ ਦੇ ਰੂਪ ਵਿਚ ਨਿਕਲ ਰਹੀ ਸੀ। ਹੁਣ ਸਿੱਖ ਫ਼ੌਜ ਵਾਸਤੇ ਦੋਵੇਂ ਰਾਹ ਰਹਿ ਗਏ ਸਨ, ਜਾਂ ਕਾਇਰਾਂ ਵਾਂਗ ਦੁਸ਼ਮਣ ਸਾਹਮਣੇ ਹਥਿਆਰ ਰੱਖ ਦੇਣ ਤੇ ਜਾਂ ਮੈਦਾਨ ਵਿਚ ਕੱਟ ਮਰਨ, ਜਿੱਤ ਦੀ ਆਸ ਜਾਂਦੀ ਰਹੀ ਸੀ। ਸ਼ਾਬਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਨਾਦੀ ਸਪੁੱਤਰਾਂ ਦੇ, ਚੁਫੇਰਿਓਂ ਦੁਸ਼ਮਣ ਦੀਆਂ ਸੰਗੀਨਾਂ ਤੇ ਬੰਦੂਕਾਂ ਨਾਲ ਘਿਰਿਆਂ ਹੋਇਆਂ ਵੀ ਕਿਸੇ ਸਿੱਖ ਨੇ ਹਥਿਆਰ ਰੱਖ ਕੇ ਪ੍ਰਾਣਾਂ ਦੀ ਭਿੱਛਿਆ ਨਹੀਂ ਮੰਗੀ, ਸਗੋਂ ਹਰ ਥਾਂ ਵੈਰੀਆਂ ਦਾ ਟਾਕਰਾ ਕਰਦੇ ਰਹੇ।[੯]

ਸ. ਸ਼ਾਮ ਸਿੰਘ ਨੇ ਲਲਕਾਰ ਕੇ ਕਿਹਾ: "ਖਾਲਸਾ ਜੀ! ਹੁਣ ਵੇਲਾ ਹੈ ਕਿ ਤੁਸੀਂ ਗੁਰੂ ਮਹਾਰਾਜ ਦੇ ਅੰਮ੍ਰਿਤ ਦੀ ਸ਼ਕਤੀ ਵਿਖਾਵੋ। ਮੌਤ ਤੁਹਾਡੇ ਸਾਹਮਣੇ ਮੂੰਹ ਅੱਡੀ ਖਲੀ ਹੈ। ਪਿਛਲੇ ਪਾਸੇ ਖ਼ੂਨੀ ਦਰਿਆ ਤੇ ਅਗਲੇ ਪਾਸੇ - ਕਾਲ ਦਾ ਰੂਪ- ਦੁਸ਼ਮਣ ਦੀਆਂ ਤੋਪਾਂ ਹਨ। ਤੋਪਾਂ ਤੇ ਬੰਦੂਕਾਂ ਬਾਰੂਦ ਖੁਣੋਂ ਬੇਕਾਰ ਪਈਆਂ ਹਨ। ਹੁਣ ਤਾਂ ਨਿੱਤ ਦੀ ਸੰਗਣ, ਕਲਗੀਧਰ ਦੀ ਬਖ਼ਸ਼ੀ ਹੋਈ ਤਲਵਾਰ ਹੀ ਬਾਕੀ ਹੈ। ਸ਼ੇਰੋ, ਸਾਵਧਾਨ ਹੋਵੋ ਤੇ ਦੁਸ਼ਮਣ ਦੇ ਗ਼ੁਲਾਮ ਬਣ ਕੇ ਜਿਊਣ ਨਾਲੋਂ ਮਰਦਾਂ ਦੀ ਮੌਤ ਮਰੋ ਤੇ ਦੇਸ ਦੀ ਖ਼ਾਤਰ ਸ਼ਹੀਦ ਹੋ ਕੇ ਸੱਚਖੰਡ ਜਾਓ।"

ਅੱਗੋਂ ਖਾਲਸਾ ਫ਼ੌਜ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਸਿੱਖ ਸਿਪਾਹੀ ਤਲਵਾਰਾਂ ਧੂਹ ਕੇ ਮਰ-ਮਿਟਣ ਵਾਸਤੇ ਤਿਆਰ ਹੋ ਖਲੇ। ਸ. ਸ਼ਾਮ ਸਿੰਘ ਨੇ ੫੦ ਨੰਬਰ ਪਲਟਣ ਉੱਤੇ ਹੱਲਾ ਬੋਲ ਦਿੱਤਾ।

ਸ਼ਾਮ ਸਿੰਘ ਸਰਦਾਰ ਆ ਰਣ ਅੰਦਰ ਵੜਿਆ
ਚਿਹਰਾ ਸੂਹਾ ਦਮਕਦਾ ਖ਼ੂਨ ਅੱਖੀਂ ਚੜ੍ਹਿਆ

ਫਰਕਣ ਡੌਲੇ ਸ਼ੇਰ ਦੇ ਹੱਥ ਖੰਡਾ ਫੜਿਆ
ਗੱਜਦਾ ਦੁਸ਼ਮਣ ਫੌਜ ਦੇ ਆ ਸਾਹਵੇਂ ਖੜ੍ਹਿਆ
ਹੱਥੋਂ ਹੱਥੀਂ ਚਾਹੁੰਦਾ ਵੈਰੀ ਨਾਲ ਲੜਿਆ
(ਉਸ) ਭੇਟ ਚੜ੍ਹਾਇਆ ਤੇਗ ਦੀ ਜੋ ਅੱਗੇ ਅੜਿਆ
ਸ਼ਾਮ ਸਿੰਘ ਸਰਦਾਰ ਨੇ ਹੱਥ ਫੜੀ ਭਵਾਨੀ
ਲਿਸ਼ਕ ਡਰਾਵੇ ਵੈਰੀਆਂ ਬਿਜਲੀ ਅਸਮਾਨੀ
ਫੇਰ ਦੁਰ੍ਹਾਈਂ ਚਾਹੁੰਦਾ ਜੱਗ ਵਿਚ ਕਹਾਨੀ
ਸੁੱਟੇ ਸੀ ਜਿਉਂ 'ਦੀਪ ਸਿੰਘ' ਕਰ ਘਾਇਲ ਦੁਰਾਨੀ
ਵਧ ਵਧ ਤੇਗਾਂ ਮਾਰਦਾ 'ਅਰਜਨ' ਦਾ ਸਾਨੀ
ਭਾਲੇ ਖੰਡੇ ਧਾਰ 'ਚੋਂ ਨਿਤ ਦੀ ਜ਼ਿੰਦਗਾਨੀ
ਉਸ ਬੁੱਢੇ ਜਰਨੈਲ 'ਤੇ ਮੁੜ ਚੜ੍ਹੀ ਜੁਆਨੀ
ਢਾਡੀ ਵਾਰਾਂ ਗਾਉਣਗੇ ਜੱਗ ਰਹੂ ਨਸ਼ਾਨੀ।

ਸਿੱਖ ਫੌਜ ਦੇ ਇਸ ਹੱਲੇ ਨੇ ਅੰਗਰੇਜ਼ੀ ਪਲਟਣਾਂ ਦੇ ਪੈਂਤੜੇ ਹਿਲਾ ਦਿੱਤੇ। ਉਨ੍ਹਾਂ ਦੀਆਂ ਪਾਲਾਂ ਤੋੜ ਦਿੱਤੀਆਂ, ਸਫ਼ਾਂ ਉਲਟ ਦਿੱਤੀਆਂ ਤੇ ਪੈਰ ਉਖੇੜ ਦਿੱਤੇ। ਪਿੱਛੋਂ ਅੰਗਰੇਜ਼ੀ ਤੋਪਾਂ ਨੇ ਹੋਰ ਜ਼ੋਰ ਨਾਲ ਅੱਗ ਵਰ੍ਹਾਈ। ਅੰਗਰੇਜ਼ੀ ਫੌਜ ਨੇ ਸੰਗੀਨਾਂ ਨਾਲ ਸਿੱਖਾਂ 'ਤੇ ਹੱਲਾ ਕੀਤਾ। ਇਸ ਸਮੇਂ ਸ. ਸ਼ਾਮ ਸਿੰਘ ੭ ਗੋਲੀਆਂ ਖਾ ਕੇ ਘੋੜੇ ਤੋਂ ਥੱਲੇ ਡਿੱਗਾ। ਉਹ ਅਜ਼ਾਦੀ ਦਾ ਪੁਜਾਰੀ ਤੇ ਕੁਰਬਾਨੀ ਦਾ ਦੇਵਤਾ ਸ਼ਹੀਦ ਹੋ ਕੇ ਸੱਚਖੰਡ ਜਾ ਵੱਸਿਆ। ਉਸ ਦੇ ਨਾਲ ਹੀ ਸ. ਮੇਵਾ ਸਿੰਘ ਤੇ ਸ. ਜੈਮਲ ਸਿੰਘ 'ਨਿਹੰਗ' ਸ਼ਹੀਦ ਹੋਏ।

ਸ. ਸ਼ਾਮ ਸਿੰਘ ਦੇ ਸ਼ਹੀਦ ਹੋ ਜਾਣ ਨਾਲ ਖਾਲਸਾ ਫੌਜ ਦੇ ਹੌਸਲੇ ਟੁੱਟ ਗਏ। ਤੋਪਾਂ ਤੇ ਬੰਦੂਕਾਂ ਸਾਹਮਣੇ ਤਲਵਾਰਾਂ ਕਿੰਨਾ ਕੁ ਚਿਰ ਟਿਕ ਸਕਦੀਆਂ? ਸਿੱਖ ਫੌਜ ਵਿਚ ਭਾਜੜ ਪੈ ਗਈ। ਜਿਸ ਪਾਸੇ ਕਿਸੇ ਦਾ ਮੂੰਹ ਹੋਇਆ, ਉੱਠ ਨੱਠਾ। ਪਰ ਨੱਸਦੇ ਸਿੱਖ ਦੀ ਤਲਵਾਰ ਵੀ ਵੈਰੀ ਦੇ ਲਹੂ ਵਿਚ ਡੁੱਬੇ ਬਿਨਾਂ ਨਹੀਂ ਰਹਿੰਦੀ ਸੀ।

ਇਸ ਵੇਲੇ ਇਥੋਂ ਦਾ ਨਜ਼ਾਰਾ ਵੇਖ ਕੇ ਦਿਲ ਦਹਿਲ ਜਾਂਦਾ ਸੀ। ਤਿੰਨ-ਚਾਰ ਮੀਲ ਲਮਾਣ 'ਤੇ ਮੀਲ-ਡੇਢ-ਮੀਲ ਚੁੜਾਨ ਵਿਚ ਲੋਥ 'ਤੇ ਲੋਥ ਚੜ੍ਹੀ ਪਈ ਸੀ। ਸਾਰੀ ਧਰਤੀ ਲਹੂ ਨਾਲ ਰੌਣੀ ਹੋਈ ਪਈ ਸੀ। ਕਿਤੇ ਕਿਸੇ ਸਿੱਖ ਦੇ ਕੇਸ ਖਿੱਲਰੇ ਪਏ ਤੇ ਕਿਤੇ ਕਿਸੇ ਗੋਰੇ ਦੀ ਝੰਡ ਪਈ ਉੱਡਦੀ ਸੀ। ਸਤਲੁਜ ਦਾ ਪਾਣੀ ਲਹੂ-ਰੰਗਾ ਹੋ ਕੇ ਵਗ ਰਿਹਾ ਸੀ ਤੇ ਵਿਚ ਮੱਛੀਆਂ ਵਾਂਗ ਸਿੱਖਾਂ ਦੀਆਂ ਲੋਥਾਂ ਤਰਦੀਆਂ ਜਾ ਰਹੀਆਂ ਸਨ। ਅੰਗਰੇਜ਼ੀ ਫੌਜ ਦੇ ਹੰਕਾਰੀ ਸਿਪਾਹੀ, ਰੁੜ੍ਹੇ ਜਾਂਦੇ ਜ਼ਖਮੀ ਸਿੱਖਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਰਹੇ ਸਨ। ਕੁਝ ਸਿੱਖ ਮੈਦਾਨ ਵਿਚ ਵੈਰੀ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਗਏ, ਕੁਝ ਦਰਿਆ ਵਿਚ ਰੁੜ੍ਹ ਗਏ, ਜਿਹੜੇ ਬਚੇ, ਉਹ ਅੰਮ੍ਰਿਤਸਰ ਜਾ ਇਕੱਠੇ ਹੋਏ। ਅਫਸੋਸ, ਜੇ ਕਿਤੇ ਲਾਲ ਸਿੰਘ, ਤੇਜ ਸਿੰਘ ਤੇ ਗੁਲਾਬ ਸਿੰਘ ਡੋਗਰਾ ਸਿੱਖਾਂ ਨਾਲ ਗੱਦਾਰੀ ਨਾ ਕਰਦੇ, ਤਾਂ....

੧੦ ਫਰਵਰੀ ਦੁਪਹਿਰ ਤਕ ਅੰਗਰੇਜ਼ਾਂ ਨੇ ਪੂਰੀ ਜਿੱਤ ਹਾਸਲ ਕਰ ਲਈ। ਸਿੱਖਾਂ ਦੀਆਂ ੬੦ ਤੋਪਾਂ ਤੇ ੨੦੦ ਜ਼ੰਬੂਰਕੇ ਜੇਤੂਆਂ ਦੇ ਹੱਥ ਆਏ। ਇਸ ਲੜਾਈ ਵਿਚ ਅੰਗਰੇਜ਼ਾਂ ਦੇ ਵੱਡੇ ਅਫਸਰ ੧੩ ਮਰੇ ਤੇ ੧੦੧ ਅਫਸਰ ਜ਼ਖਮੀ[10] ਹੋਏ। ਕੁੱਲ ਨੁਕਸਾਨ ੩੨੦ ਆਦਮੀ

ਮਰੇ ਤੇ ੨੦੬੩ ਜ਼ਖਮੀ[੧੧] ਹੋਏ। ਸਿੱਖਾਂ ਦੇ ਨੁਕਸਾਨ ਦਾ ਠੀਕ ਅੰਦਾਜ਼ਾ ਕੌਣ ਲਾਉਂਦਾ? ਕੀ ਉਨ੍ਹਾਂ ਜਰਨੈਲਾਂ ਨੇ ਪੜਤਾਲ ਕਰਨੀ ਸੀ, ਜਿਹੜੇ ਫੌਜ ਨੂੰ ਮੌਤ ਦੇ ਮੂੰਹ ਵਿਚ ਧੱਕਾ ਦੇ ਕੇ ਆਪ ਘਰ ਜਾ ਵੜੇ ਸਨ? ਸੋ ਸਿੱਖਾਂ ਦੇ ਨੁਕਸਾਨ ਦਾ ਅੰਦਾਜ਼ਾ ਅੱਡੋ-ਅੱਡ ਲਿਖਾਰੀਆਂ ਨੇ ੫ ਤੇ ੮ ਹਜ਼ਾਰ ਵਿਚ ਕੀਤਾ ਹੈ।

ਸਤਲੁਜ ਦੀਆਂ ਲੜਾਈਆਂ ਵਿਚ ਸਿੱਖ ਹਾਰ ਗਏ। ਪਰ ਹਾਰੇ ਕਿਉਂ? ਇਸ ਦਾ ਉੱਤਰ ਬਹੁਤ ਸਾਰਾ ਆਪ ਪੜ੍ਹ ਚੁੱਕੇ ਹੋ ਤੇ ਕੁਝ ਦਲੀਲਾਂ ਮੈਂ ਹੇਠ ਲਿਖਦਾ ਹਾਂ। ਸਿੱਖ ਸਿਪਾਹੀਆਂ ਦੇ ਚਲਨ ਤੇ ਸੈਨਾਪਤੀਆਂ ਦੀ ਕਰਤੂਤ ਬਾਰੇ ਵੱਖ-ਵੱਖ ਲਿਖਾਰੀਆਂ ਨੇ ਇਉਂ ਲਿਖਿਆ ਹੈ:

ਮੈਕਗ੍ਰੇਗਰ ਆਪਣੀ ਕਿਤਾਬ ਵਿਚ ਥਾਂ-ਥਾਂ ਇਉਂ ਲਿਖਦਾ ਹੈ (ਸਫ਼ਾ ੫੧) "ਇਹ ਕਦੇ ਨਹੀਂ ਭੁੱਲਣਾ ਚਾਹੀਦਾ, ਕਿ ਸਿੱਖ ਕੁਦਰਤੀ ਤੌਰ 'ਤੇ 'ਸਿਪਾਹੀ' ਹੈ। ਉਹ ਹੋਰ ਕਿਸੇ ਨੌਕਰੀ ਦੀ ਪਰਵਾਹ ਨਹੀਂ ਕਰਦਾ, ਜੋ ਉਸ ਦੇ ਧਾਰਮਿਕ ਅਸੂਲ ਦੇ ਉਲਟ ਹੋਵੇ। ਉਸ ਦੀ ਜ਼ਿੰਦਗੀ ਦਾ ਨਿਸ਼ਾਨਾ ਲੜਨਾ ਹੈ।... (ਸਫ਼ਾ ੮੮) ਸਿੱਖ ਕੌਮ ਨੂੰ ਜੰਗੀ ਫਿਰਕਾ ਬਣਾਉਣ ਦਾ ਸਿਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿਰ ਹੈ। ਅਸੂਲ ਅਨੁਸਾਰ ਹਰ ਇਕ ਸਿੱਖ ਵਾਸਤੇ ਤਲਵਾਰ ਰੱਖਣੀ ਜ਼ਰੂਰੀ ਹੈ ਤੇ ਉਸ ਦੀ ਜ਼ਿੰਦਗੀ ਦਾ ਪਰਮ ਧਰਮ ਯੁੱਧ ਹੈ... (ਸਫ਼ਾ ੮੯)। ਧਾਰਮਿਕ ਵਿਸ਼ਵਾਸ ਅਨੁਸਾਰ ਉਹ ਤਲਵਾਰ ਨੂੰ ਮਿਆਨ ਵਿਚ ਨਹੀਂ ਕਰ ਸਕਦੇ, ਜਦ ਤਕ ਪ੍ਰਾਣ ਨਾ ਨਿਕਲ ਜਾਣ। ਤਲਵਾਰ ਨੀਂਵੀਂ ਹੋਵੇ, ਤਾਂ ਜ਼ਿੰਦਗੀ ਦੀ ਸਮਾਪਤੀ ਨਾਲ। ਸਭਰਾਵਾਂ ਦੇ ਜੰਗ ਵਿਚ ਬੇਅੰਤ ਸਿੱਖ ਕਤਲ ਹੋਣ ਤੇ ਦਰਿਆ ਵਿਚ ਡੁੱਬਣ ਪਿੱਛੋਂ ਜਿਹੜੇ ਬਚੇ, ਉਹ ਲੜਾਈ ਵਾਸਤੇ ਇਸ ਦਲੇਰੀ ਨਾਲ ਤਿਆਰ ਸਨ, ਜਿਵੇਂ ਪਹਿਲੀਆਂ ਲੜਾਈਆਂ ਵਿਚ ਜਿੱਤੇ ਹੁੰਦੇ ਹਨ। (ਸਫ਼ਾ ੩੦੭) ਸਿੱਖਾਂ ਦੇ ਲੀਡਰ ਆਪਣੀ ਸਿੱਖ ਫੌਜ ਨੂੰ ਤਬਾਹ ਕਰਾਉਣਾ ਚਾਹੁੰਦੇ ਸਨ, (ਦੁਸ਼ਮਣ ਦੇ) ਇਲਾਕੇ ਉੱਤੇ ਕਬਜ਼ਾ ਨਹੀਂ ਕਰਨਾ ਚਾਹੁੰਦੇ ਸਨ।"

ਸਮਿਥ ਲਿਖਦਾ ਹੈ : "ਆਮ ਤੌਰ 'ਤੇ ਸਿੱਖਾਂ ਨੂੰ ਗੱਪੀ ਤੇ ਕਮਦਿਲੇ ਸਮਝਿਆ ਜਾਂਦਾ ਹੈ, ਪਰ ਅੰਤ ਸਾਨੂੰ ਪਤਾ ਲੱਗ ਗਿਆ, ਕਿ ਸਿੱਖ ਬਹਾਦਰ ਤੇ ਚੰਗੇ ਸਿਪਾਹੀ ਹਨ: ਪਰ ਅਫਸੋਸ, ਉਨ੍ਹਾਂ ਦੇ ਸੈਨਾਪਤੀ ਚੰਗੇ ਨਹੀਂ ਸਨ।"[੧੨]

ਗਫ ਲਿਖਦਾ ਹੈ : "ਇਹ ਸਾਡੀ ਖੁਸ਼ਕਿਸਮਤੀ ਹੈ ਕਿ ਸਿੱਖ ਫੌਜ ਦੇ ਲੀਡਰ ਨਿਕੰਮੇ ਸਨ।"[੧੩]

ਕਨਿੰਘਮ ਖਾਲਸਾ ਫੌਜ ਦੇ ਲੀਡਰਾਂ ਦੇ ਇਰਾਦੇ ਬਾਬਤ ਲਿਖਦਾ ਹੈ: "ਉਹ ਸਾਰੀ ਫੌਜ, ਜੋ ਉਨ੍ਹਾਂ (ਲੀਡਰਾਂ) ਦੀ ਨਿੱਜੀ ਤਾਕਤ ਨੂੰ ਘਿਰਣਾ ਕਰਦੀ ਸੀ, ਸਮੁੱਚੇ ਤੌਰ 'ਤੇ ਮਰਵਾਉਣਾ ਚਾਹੁੰਦੇ ਸਨ।"[੧੪]

ਲਾਲ ਸਿੰਘ ਦੀ ਕਰਤੂਤ ਬਾਰੇ, ਕਨਿੰਘਮ ਇਉਂ ਕਹਿੰਦਾ ਹੈ, "ਉਹ ਇਸ ਗੱਦਾਰੀ ਨਾਲ ਸਿੱਖ ਰਾਜ ਨੂੰ ਖਤਰੇ ਵਿਚ ਪਾ ਕੇ ਆਪਣੇ ਰੁਤਬੇ ਵਧਾਉਣਾ ਚਾਹੁੰਦਾ ਸੀ।"[੧੫]

ਸਰ ਚਾਰਲਸ ਜੇਮਜ਼ ਨੇਪੀਅਰ ਲਿਖਦਾ ਹੈ: "ਜੇ ਗੁਲਾਬ ਸਿੰਘ ਸਿੱਖਾਂ ਨਾਲ ਧ੍ਰੋਹ ਨਾ ਕਰਦਾ, ਏਧਰ ਓਧਰ ਪਈ ਹੋਈ ਅੰਗਰੇਜ਼ੀ ਫੌਜ ਸਿੱਖਾਂ ਦੀ ਤਲਵਾਰ ਦੀ ਭੇਟ ਹੋ ਜਾਂਦੀ।"[੧੬]

ਇਸ ਲੜਾਈ ਬਾਬਤ ਕੁਝ ਝੂਠੀਆਂ ਰਵਾਇਤਾਂ ਚਲੀਆਂ ਆਉਂਦੀਆਂ ਹਨ, ਜਿਨ੍ਹਾਂ 'ਤੇ ਚਾਨਣਾ ਪਾਉਣਾ ਜ਼ਰੂਰੀ ਹੈ। ਇਕ ਗੱਲ ਪਾਠਕਾਂ ਨੂੰ ਇਹ ਸਮਝ ਲੈਣੀ ਚਾਹੀਦੀ ਹੈ ਕਿ

ਦੇਸ਼-ਧਰੋਹੀ ਧੜਾ ਜਿਹੜੀ ਕਾਲੀ ਕਰਤੂਤ ਆਪ ਕਰਦਾ ਸੀ, ਉਹ ਦੂਜਿਆਂ ਦੇ ਸਿਰ ਮੜ੍ਹ ਛੱਡਦਾ ਸੀ। (ਇਸ ਨੀਤੀ ਦਾ ਸ਼ਿਕਾਰ ਮਹਾਰਾਜਾ ਖੜਕ ਸਿੰਘ ਤੇ ਸੰਧਾਵਾਲੀਏ ਆਦਿ, ਕਈ ਹੋਏ।) ਓਹੀ ਚਾਲ ਇਥੇ ਚੱਲੀ ਗਈ। ਇਹ ਗੱਲ ਉਡਾ ਦਿੱਤੀ (ਜੋ ਅਜੇ ਤਕ ਅਨਪੜ੍ਹ ਤੇ ਇਤਿਹਾਸ ਤੋਂ ਅਣਜਾਣ ਬੰਦਿਆਂ ਵਿਚ ਚਲੀ ਆਉਂਦੀ ਹੈ), ਕਿ ਮਹਾਰਾਣੀ ਜਿੰਦ ਕੌਰ ਨੇ ਸਿੱਖ ਫੌਜ ਨੂੰ ਭੜਕਾ ਕੇ ਅੰਗਰੇਜ਼ਾਂ ਨਾਲ ਲੜਾਈ ਕਰਾਈ। ਉਹਨੇ ਅੰਗਰੇਜ਼ਾਂ ਨੂੰ ਚਿੱਠੀਆਂ ਲਿਖੀਆਂ ਤੇ ਸਭਰਾਵਾਂ ਦੇ ਮੈਦਾਨ ਵਿਚ ਬਾਰੂਦ ਦੀ ਥਾਂ ਸਰ੍ਹੋਂ ਘੱਲ ਦਿੱਤੀ, ਜਿਸ ਵਾਸਤੇ ਸਿੱਖ ਫੌਜ ਹਾਰ ਗਈ। ਉਸ ਨੇ ਇਹ ਸਭ ਕੁਝ ਆਪਣੇ ਭਰਾ ਜਵਾਹਰ ਸਿੰਘ ਦਾ ਬਦਲਾ ਲੈਣ ਵਾਸਤੇ ਕੀਤਾ।

ਆਓ ਹੁਣ ਇਸ 'ਤੇ ਵਿਚਾਰ ਕਰੀਏ। ਆਪ ਨੂੰ ਪਤਾ ਲੱਗੇਗਾ ਕਿ ਲੜਾਈ ਦੇ ਕਾਰਨ ਪੈਦਾ ਕਰਨ ਵਾਲੇ ਅੰਗਰੇਜ਼ ਸਨ ਤੇ ਓਧਰੋਂ ਖਾਲਸਾ ਫੌਜ ਨੂੰ ਭੜਕਾਉਣ ਵਾਲੇ ਲਾਲ ਸਿੰਘ, ਤੇਜ ਸਿੰਘ ਆਦਿ, ਜੋ ਅੰਦਰੋਂ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ।

ਮਹਾਰਾਣੀ ਜਿੰਦ ਕੌਰ ਇਹ ਲੜਾਈ ਛੇੜਨ ਦੇ ਵਿਰੁੱਧ ਸੀ।[੧੭] ਬਾਕੀ ਗੱਲ ਰਹੀ ਚਿੱਠੀਆਂ ਦੀ। ਗੌਰਮਿੰਟ ਦੇ ਸਾਰੇ ਕਾਗਜ਼ ਤੇ ਸਮਕਾਲੀ ਇਤਿਹਾਸ ਫੋਲ ਵੇਖੋ, ਇਸ ਮਤਲਬ ਦੀ ਰਾਣੀ ਜਿੰਦ ਕੌਰ ਦੀ ਕੋਈ ਚਿੱਠੀ ਨਹੀਂ ਮਿਲੇਗੀ। ਹਾਂ, ਲਾਲ ਸਿੰਘ, ਤੇਜ ਸਿੰਘ ਤੇ ਗੁਲਾਬ ਸਿੰਘ ਦੀਆਂ ਚਿੱਠੀਆਂ ਜ਼ਰੂਰ ਮਿਲਣਗੀਆਂ। ਲਾਲ ਸਿੰਘ ਵਾਰ-ਵਾਰ ਅੰਗਰੇਜ਼ਾਂ ਨੂੰ ਲਿਖਦਾ ਹੈ ਕਿ ਮੈਂ ਤੁਹਾਡਾ ਮਿੱਤਰ ਹਾਂ। ਗੁਲਾਬ ਸਿੰਘ ਵਜ਼ੀਰ ਬਣ ਕੇ ਹਾਰਡਿੰਗ ਨਾਲ ਫੈਸਲਾ ਕਰਦਾ ਹੈ ਕਿ ਖਾਲਸਾ ਫੌਜ ਨੂੰ ਤਬਾਹ ਕਰ ਦਿੱਤਾ ਜਾਵੇ, ਤਦ ਹੀ ਲਾਹੌਰ ਦਰਬਾਰ ਸੁਲ੍ਹਾ 'ਤੇ ਪੱਕਾ ਰਹਿ ਸਕੇਗਾ।

ਬਾਰੂਦ ਤੇ ਸਰ੍ਹੋਂ ਦੀ ਬਾਬਤ ਵੀ ਆਪ ਪੜ੍ਹ ਚੁੱਕੇ ਹੋ, ਕਿ ਇਹ ਤੇਜ ਸਿੰਘ ਦੀ ਕਰਤੂਤ ਸੀ, ਜਿਹਨੇ ਬੇੜੀਆਂ ਦਾ ਪੁੱਲ ਤੋੜ ਦਿੱਤਾ; ਬਾਰੂਦ ਨਾਲ ਭਰੀਆਂ ਬਹੁਤ ਸਾਰੀਆਂ ਬੇੜੀਆਂ ਦਰਿਆ ਵਿਚ ਡੋਬ ਦਿੱਤੀਆਂ ਤੇ ਬਾਕੀ ਪੇਟੀਆਂ ਵਿਚ ਬਾਰੂਦ ਦੀ ਥਾਂ ਸਰ੍ਹੋਂ ਭਰ ਦਿੱਤੀ।

ਪਰ ਇਹ ਦੂਸ਼ਣ ਮਹਾਰਾਣੀ ਜਿੰਦ ਕੌਰ ਸਿਰ ਕਿਉਂ ਮੜ੍ਹਿਆ ਗਿਆ? ਸਿਰਫ਼ ਇਸ ਵਾਸਤੇ, ਕਿ ਆਮ ਜਨਤਾ, ਲਾਲ ਸਿੰਘ, ਤੇਜ ਸਿੰਘ, ਗੁਲਾਬ ਸਿੰਘ ਆਦਿ ਦੀਆਂ ਖੋਟੀਆਂ ਚਾਲਾਂ ਨੂੰ ਨਾ ਸਮਝ ਸਕੇ। ਸੋ ਯਾਦ ਰਹੇ ਕਿ ਮਹਾਰਾਣੀ ਜਿੰਦ ਕੌਰ ਇਸ ਦੂਸ਼ਣ ਤੋਂ ਬਿਲਕੁਲ ਬਰੀ ਤੇ ਨਿਰਦੋਸ਼ ਹੈ। ਉਸ ਨੂੰ ਅੰਤ ਤਕ ਇਸ ਧੋਖੇ ਦਾ ਪਤਾ ਨਹੀਂ ਚੱਲਿਆ। ਲੜਾਈ ਉਸ ਤੋਂ ਬਵਾਹਰੀ ਹੋਈ ਫੌਜ ਨੇ ਛੇੜੀ ਸੀ। ਉਹ ਮੋਏ ਭਰਾ ਦਾ ਬਦਲਾ ਲੈਣ ਬਦਲੇ ਆਪਣੇ ਮਾਸੂਮ ਬੱਚੇ ਦਲੀਪ ਸਿੰਘ ਦੀ ਧੌਣ ਉੱਤੇ ਕਦੇ ਛੁਰੀ ਨਹੀਂ ਸੀ ਫੇਰ ਸਕਦੀ। ਉਹ ਜਾਣਦੀ ਸੀ ਕਿ ਸਿੱਖ ਫੌਜ ਦੀ 'ਹਾਰ' ਦਾ ਅਰਥ 'ਦਲੀਪ ਸਿੰਘ' ਦੇ ਰਾਜ ਦੀ ਬਰਬਾਦੀ ਹੋਵੇਗਾ।

ਹੁਣ ਆਖ਼ਰੀ ਸੁਆਲ ਉੱਠਦਾ ਹੈ ਕਿ ਇਸ ਲੜਾਈ ਵਿਚ ਸਿੱਖ ਹਾਰੇ ਕਿਉਂ? ਕਿਉਂ ਲਾਲ ਸਿੰਘ, ਤੇਜ ਸਿੰਘ ਆਦਿ ਦੇਸ ਨਾਲ ਵਿਸਾਹਘਾਤ ਕਰਨ ਵਾਸਤੇ ਤਿਆਰ ਹੋ ਗਏ? ਕਿਉਂ ਮਰ-ਮਿਟਣ ਵਾਲੇ ਸਿਪਾਹੀਆਂ, ਮਜ਼ਬੂਤ ਤੋਪਾਂ ਤੇ ਪੱਕੇ ਨਿਸ਼ਾਨੇਬਾਜ਼ਾਂ ਗੋਲੰਦਾਜ਼ਾਂ ਦੇ ਹੁੰਦਿਆਂ ਖਾਲਸਾ ਫੌਜ ਹਾਰ ਗਈ? ਇਸ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਫੌਜ ਤੇ ਅਫਸਰਾਂ ਵਿਚ ਅਜੋੜ ਸੀ। ਦੋਵੇਂ ਧਿਰਾਂ ਆਪਸ ਵਿਚ ਬੜੀਆਂ ਦੂਰ ਹੋ ਗਈਆਂ ਸਨ ਤੇ ਆਪਣੇ ਵੱਖੋ-ਵੱਖਰੇ ਲਾਭ ਸੋਚਦੀਆਂ ਸਨ। ਸਿਪਾਹੀਆਂ ਦਾ ਅਭਿਮਾਨੀ ਸੁਭਾਅ ਤੇ ਅਫ਼ਸਰਾਂ

ਦੀ ਖ਼ੁਦਗਰਜ਼ੀ ਲੈ ਲੱਥੇ। ਫ਼ੌਜ ਵੱਡੀਆਂ ਤਨਖਾਹੀਂ ਤੇ ਰਾਜ ਪ੍ਰਬੰਧ ਵਿਚ ਆਪਣਾ ਅਟੱਲ ਹੁਕਮ ਕਾਇਮ ਰੱਖਣ ਦੇ ਹੱਕ ਵਿਚ ਸੀ ਤੇ ਅਫਸਰ ਆਪ-ਹੁਦਰੀ ਫ਼ੌਜ ਨੂੰ ਤਬਾਹ ਕਰ ਕੇ ਅੰਗਰੇਜ਼ਾਂ ਦੀ ਮਦਦ ਨਾਲ ਆਪਣੀ ਤਾਕਤ ਵਧਾਉਣਾ ਚਾਹੁੰਦੇ ਸਨ। ਦੋਹਾਂ ਧਿਰਾਂ ਦਾ ਨਿਸ਼ਾਨਾ ਵੱਖੋ-ਵੱਖ ਸੀ। ਲਾਰਡ ਹਾਰਡਿੰਗ ਦੇ ਇਸ ਵਾਕ ਤੋਂ (ਲਾਹੌਰ ਦਰਬਾਰ ਨਾਲ ਸੁਲ੍ਹਾ ਕਰ ਲੈਣੀ ਔਖੀ ਨਹੀਂ, ਪਰ ਖਾਲਸਾ ਫ਼ੌਜ ਦਾ ਕੌਣ ਜ਼ਿੰਮੇਵਾਰ ਬਣੇ?) ਸਾਫ਼ ਪ੍ਰਗਟ ਹੈ, ਕਿ 'ਫ਼ੌਜ' ਤੇ 'ਅਫ਼ਸਰਾਂ' ਦੋ ਵੱਖ-ਵੱਖ ਚੀਜ਼ਾਂ ਸਨ।

ਸ. ਜਵਾਹਰ ਸਿੰਘ ਦੇ ਕਤਲ ਹੋਣ 'ਤੇ ਫ਼ੌਜਾਂ ਤੋਂ ਡਰਦਾ ਪੰਜਾਬ ਦਾ ਵਜ਼ੀਰ ਕੋਈ ਨਹੀਂ ਸੀ ਬਣਦਾ, ਕਿਉਂਕਿ ਫ਼ੌਜੀ ਪੰਚਾਂ ਦੇ ਇਸ਼ਾਰੇ ਨਾਲ ਸਿਪਾਹੀਆਂ ਦੇ ਹੱਥੋਂ ਕਈ ਲਾਇਕ ਮਹਾਰਾਜੇ, ਨਾਮਵਰ ਸਰਦਾਰ, ਵਜ਼ੀਰ ਤੇ ਸ਼ਹਿਜ਼ਾਦੇ ਮਾਰੇ ਗਏ ਸਨ। ਅੰਤ, ਜੇ ਲਾਲ ਸਿੰਘ ਤੇ ਤੇਜ ਸਿੰਘ ਕ੍ਰਮਵਾਰ, ਵਜ਼ੀਰ ਤੇ ਸੈਨਾਪਤੀ ਬਣੇ ਵੀ ਤਾਂ ਉੱਪਰਲੇ ਰੋਗ ਦਾ ਇਲਾਜ ਸੋਚ ਕੇ। ਤੇ ਉਹ ਇਲਾਜ— ਉਨ੍ਹਾਂ ਦੇ ਖਿਆਲ ਵਿਚ— ਇੱਕੋ ਹੀ ਸੀ: ਸਿੱਖ ਫ਼ੌਜ ਨੂੰ ਅੰਗਰੇਜ਼ਾਂ ਨਾਲ ਭਿੜਾ ਕੇ ਤਬਾਹ ਕਰਾਉਣਾ।

ਇਸ ਤੋਂ ਇਲਾਵਾ ਛੋਟੇ-ਛੋਟੇ ਹੋਰ ਵੀ ਕਾਰਨ ਹਨ: ਜਿਵੇਂ ਯੂਰਪੀਨ ਅਫ਼ਸਰ ਨੌਕਰ ਰੱਖਣੇ ਕਿਉਂਕਿ ਉਹ ਸਿੱਖ ਹਕੂਮਤ ਦੇ ਭੇਤ ਅੰਗਰੇਜ਼ਾਂ ਪਾਸ ਪ੍ਰਗਟ ਕਰਦੇ ਰਹਿੰਦੇ ਸਨ। ਲੜਾਈ ਵਿਚ ਵੀ ਉਹ ਓਹਾ ਕੁਝ ਕਰਦੇ ਰਹੇ, ਜਿਸ ਤੋਂ ਅੰਗਰੇਜ਼ਾਂ ਨੂੰ ਲਾਭ ਤੇ ਸਿੱਖਾਂ ਨੂੰ ਨੁਕਸਨ ਪੁੱਜੇ।

ਕੁਝ ਮੁਸਲਮਾਨ ਅਫ਼ਸਰ ਤੇ ਫ਼ੌਜ ਵੀ ਸੀ, ਜਿਨ੍ਹਾਂ ਮੈਦਾਨ ਵਿਚ (ਖ਼ਾਸ ਕਰ ਸਭਰਾਵੀਂ) ਐਸੇ ਢੰਗ ਵਰਤੇ (ਜਿਵੇਂ ਤੋਪਾਂ ਦੇ ਮੂੰਹ ਉਤਾਂਹ ਕਰਕੇ ਚਲਾਈਆਂ, ਕਿ ਗੋਲੇ ਅੰਗਰੇਜ਼ੀ ਫ਼ੌਜ ਤੋਂ ਪਾਰ ਲੰਘ ਜਾਣ ਤੇ ਨੁਕਸਾਨ ਕੋਈ ਨਾ ਕਰਨ) ਜਿਨ੍ਹਾਂ ਤੋਂ ਦੁਸ਼ਮਣ ਨੂੰ ਲਾਭ ਪੁੱਜੇ। ਪਰ ਇਹ ਕੰਮ ਉਨ੍ਹਾਂ ਓਦੋਂ ਕੀਤਾ, ਜਦੋਂ ਉਨ੍ਹਾਂ ਨੂੰ ਸਿੱਖਾਂ ਦੀ ਹਾਰ ਦਾ ਯਕੀਨ ਹੋ ਗਿਆ। ਮੈਕਗ੍ਰੇਗਰ ਇਸ ਦਾ ਹਵਾਲਾ ਇਉਂ ਦਿੰਦਾ ਹੈ, "ਪੰਜਾਬ ਦੇ ਮੁਸਲਮਾਨ ਸਿੱਖਾਂ ਦਾ ਨਿਵੇਕਲਾ ਰਾਜ ਪਸੰਦ ਨਹੀਂ ਕਰਦੇ ਸਨ। ਉਹ ਭੁੱਲੇ ਨਹੀਂ ਸਨ ਕਿ ਥੋੜ੍ਹਾ ਚਿਰ ਪਹਿਲਾਂ ਉਹ ਆਪ ਲਾਹੌਰ ਦੇ ਬਾਦਸ਼ਾਹ ਸਨ। ਤੋਪਖਾਨੇ ਦਾ ਹਾਕਮ ਇਕ ਮੁਸਲਮਾਨ ਸੀ ਤੇ ਉਹਦੇ ਚੰਗੇ ਤੋਪਚੀ ਵੀ ਮੁਸਲਮਾਨ ਸਨ।... ਉਹ ਸਿੱਖਾਂ ਵਾਂਗ, ਮੁਲਕ ਬਦਲੇ ਨਹੀਂ ਲੜ ਰਹੇ ਸਨ। ਉਹ ਸਿਰਫ਼ ਤਨਖਾਹਦਾਰ ਨੌਕਰ ਸਨ। ਭਾਵੇਂ ਉਹ ਸੱਚੇ ਤੇ ਵਫ਼ਾਦਾਰ ਨੌਕਰ ਸਮਝੇ ਜਾਂਦੇ ਸਨ, ਪਰ ਜਿਸ ਕੌਮ (ਅੰਗਰੇਜ਼) ਦੀ ਫ਼ਤਹਿ ਵਾਸਤੇ ਉਹ ਦੁਆਵਾਂ ਮੰਗਦੇ ਸਨ, ਉਸ ਬਦਲੇ ਉਹ ਥੋੜ੍ਹਾ-ਬਹੁਤ ਹੱਥ ਢਿੱਲਾ ਵੀ ਕਰ ਸਕਦੇ ਸਨ। ਭਾਵੇਂ ਉਹ ਉਨ੍ਹਾਂ ਲੋਕਾਂ (ਸਿੱਖਾਂ) ਦੇ ਮਦਦੀ ਬਣੇ ਹੋਏ ਸਨ, ਜਿਨ੍ਹਾਂ ਨੂੰ ਉਹ ਧਾਰਮਿਕ ਵਜਹ ਅਨੁਸਾਰ- ਆਪਣੀਆਂ ਅੱਖ਼ਾਂ ਨਾਲ ਗੁਲਾਮ ਵੇਖਣਾ ਚਾਹੁੰਦੇ ਸਨ।"[੧੮] ਹਾਂ, ਕੁਝ ਮੁਸਲਮਾਨ ਬੜੇ ਨੇਕ ਤੇ ਵਫ਼ਾਦਾਰ ਰਹੇ, ਜੋ ਸਭਰਾਵਾਂ ਦੇ ਮੈਦਾਨ ਵਿਚ ਬਹਾਦਰਾਂ ਵਾਂਗ ਲੜ ਕੇ ਮਰਦਾਂ ਦੀ ਮੌਤ ਮਰੇ।

ਏਸ ਸਾਰੀ ਲੜਾਈ ਵਿਚ ੧੨-੧੫ ਹਜ਼ਾਰ ਸਿੱਖ ਫ਼ੌਜ ਤਬਾਹ ਹੋਈ। ੧੦-੧੧ ਫਰਵਰੀ ਦੀ ਵਿਚਲੀ ਰਾਤ ਫਿਰੋਜ਼ਪੁਰ ਕੋਲੋਂ ਅੰਗਰੇਜ਼ ਸਤਲੁਜ ਪਾਰ ਹੋਏ ਤੇ ੧੨ ਫਰਵਰੀ ਨੂੰ ਬਿਨਾਂ ਰੁਕਾਵਟ ਦੇ ਕਸੂਰ ਆ ਮੱਲਿਆ। ਇੱਥੋਂ ਹੀ ਅੰਗਰੇਜ਼ਾਂ ਨੂੰ ਖ਼ਬਰ ਮਿਲੀ, ਕਿ ੨੦ ਹਜ਼ਾਰ ਖਾਲਸਾ ਫ਼ੌਜ ਅੰਮ੍ਰਿਤਸਰ ਵਿਚ 'ਕੱਠੀ ਹੋ ਗਈ ਹੈ। ਓਥੇ ਗੋਬਿੰਦਗੜ੍ਹ ਦੇ ਕਿਲ੍ਹੇ ਵਿਚ

ਉਨ੍ਹਾਂ ਕੋਲ ਤੋਪਾਂ ਤੇ ਬਾਰੂਦ-ਸਿੱਕਾ ਵੀ ਹੈ। ਪਰੰਤੂ ਫੌਜ ਕੋਲ ਲੀਡਰ ਕੋਈ ਨਹੀਂ।

੧੪ ਫਰਵਰੀ, ੧੮੪੬ ਈ. ਨੂੰ ਹਿੰਦੁਸਤਾਨ ਦੇ ਗਵਰਨਰ-ਜਨਰਲ ਲਾਰਡ ਹਾਰਡਿੰਗ ਨੇ ਕਸੂਰ ਤੋਂ ਹੇਠ ਲਿਖਿਆ ਐਲਾਨ ਕੱਢਿਆ:- "ਸਤਲੁਜ ਤੇ ਖੱਬੇ ਪਾਸਿਓਂ ਫੌਜ ਭਜਾ ਦਿੱਤੀ ਗਈ ਹੈ। ਉਹ ਹਰ ਗੱਲ ਵਿਚ ਹਾਰ ਗਈ ਹੈ। ਉਸ ਦੀਆਂ ੨੨੦ ਤੋਂ ਵਧੇਰੇ ਜੰਗੀ ਤੋਪਾਂ ਖੋਹ ਲਈਆਂ ਗਈਆਂ ਹਨ। ਅੰਗਰੇਜ਼ੀ ਫੌਜ ਸਤਲੁਜ ਪਾਰ ਕਰ ਕੇ ਪੰਜਾਬ ਵਿਚ ਦਾਖ਼ਲ ਹੋ ਚੁੱਕੀ ਹੈ। ਇਸ ਐਲਾਨ ਰਾਹੀਂ ਗਵਰਨਰ-ਜਨਰਲ ਪ੍ਰਗਟ ਕਰਦਾ ਹੈ ਕਿ ਅੰਗਰੇਜ਼ ਸਰਕਾਰ ਨੂੰ ਪਿਛਲੇ ੧੩ ਦਸੰਬਰ ਦੇ ਐਲਾਨ ਅਨੁਸਾਰ, ਇਹ ਕਦਮ ਉਠਾਉਣਾ ਪਿਆ ਹੈ ਕਿਉਂਕਿ ਗਵਰਨਰ ਜਨਰਲ ਨੂੰ ਅੰਗਰੇਜ਼ੀ ਇਲਾਕੇ ਦੀ ਰਾਖੀ ਕਰਨ ਉੱਤੇ ਮਜਬੂਰ ਕੀਤਾ ਗਿਆ ਹੈ ਤੇ ਅੰਗਰੇਜ਼ੀ ਵਕਾਰ ਨੂੰ ਕਾਇਮ ਰੱਖਣਾ, ਸੁਲ੍ਹਾ ਤੋੜਨ ਵਾਲਿਆਂ ਨੂੰ ਸਜ਼ਾ ਦੇਣੀ ਤੇ ਜਨਤਾ ਵਿਚ ਅਮਨ ਰੱਖਣਾ ਜ਼ਰੂਰੀ ਹੈ।


ਫੁੱਟ ਨੋਟ:

1. "Aliwal was the battle of despatch" Wanderings of a Naturalist in India, P. 60-61.
੨. The Sikh Wars, ਸਫ਼ਾ ੬੧.
੩. ਉਹੀ, ਸਫ਼ੇ ੧੪੭-੧੪੮.
੪. ਲਾਡਵਾ ਦਾ ਰਾਜਾ ਅਜੀਤ ਸਿੰਘ ਅੰਗਰੇਜ਼ਾਂ ਵੱਲੋਂ ਬਾਗ਼ੀ ਹੋ ਕੇ ਰਣਜੋਧ ਸਿੰਘ ਨਾਲ ਜਾ ਮਿਲਿਆ ਸੀ।
੫. ਕਨਿੰਘਮ (੧੮੪੯), ਸਫ਼ਾ ੩੨੧.
੬. ਪੰਜਾਬ ਹਰਣ ਔਰ ਦਲੀਪ ਸਿੰਹ, ਸਫ਼ਾ ੪੯.
੭. ਕਨਿੰਘਮ (੧੯੧੮), ਸਫ਼ਾ ੨੯੨ ਦਾ ਫੁਟ ਨੋਟ।
੮. (M. Gregor, as in Lord Gough's despatch) ਮੈਕਗ੍ਰੇਗਰ, ਸਫ਼ਾ ੧੬੧.
੯. ਕਨਿੰਘਮ (੧੮੪੯) ਸਫ਼ਾ ੩੨੮.
੧੦. ਮੈਕਗ੍ਰੇਗਰ, ਸਫ਼ਾ ੧੯੩.
੧੧. The Sikh Wars, ਸਫ਼ਾ ੧੨੮.
੧੨. (Smyth, Introduction-PXXIV) ਸਮਿੱਥ, ਮੁੱਖ-ਬੰਦ।
੧੩. The Sikh Wars, ਸਫ਼ਾ ੧੩੮.
੧੪. ਕਨਿੰਘਮ, ਸਫ਼ਾ ੩੨੮.
੧੫. ਕਨਿੰਘਮ, ਸਫ਼ਾ ੩੩੧.
੧੬. Defects of Civil & Military of the Indian Govt. P. 375.
੧੭. ਮੈਕਗ੍ਰੇਗਰ, ਸਫ਼ਾ ੩੯.
੧੮. ਮੈਕਗ੍ਰੇਗਰ, ਸਫ਼ੇ ੮੩-੮੪.

ਲੇਖਕਾਂ ਦੇ ਪਤੇ

-ਪ੍ਰੋ: ਕਿਰਪਾਲ ਸਿੰਘ ਬਡੂੰਗਰ	ਚੇਅਰਮੈਨ, ਪੱਛੜੀਆਂ ਸ਼੍ਰੇਣੀਆਂ ਕਮਿਸ਼ਨ, ਪੰਜਾਬ ਅਤੇ ਸਾਬਕਾ ਪ੍ਰਧਾਨ, ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। ਪਿੰਡ ਤੇ ਡਾਕ: ਬਡੂੰਗਰ (ਪਟਿਆਲਾ)
-ਗਿਆਨੀ ਬਲਵੰਤ ਸਿੰਘ ਕੋਠਾ ਗੁਰੂ	ਪਿੰਡ ਤੇ ਡਾਕ: ਕੋਠਾ ਗੁਰੂ, ਜ਼ਿਲ੍ਹਾ ਬਠਿੰਡਾ-141206.
-ਸ. ਰੂਪ ਸਿੰਘ	ਐਡੀ: ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
-ਗਿ. ਸੁਰਿੰਦਰ ਸਿੰਘ ਨਿਮਾਣਾ	ਸਹਾਇਕ ਸੰਪਾਦਕ, ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ।
-ਮਾਸਟਰ ਜਸਵੰਤ ਸਿੰਘ ਘਰਿੰਡਾ	ਜਨਰਲ ਸ਼ਾਮ ਸਿੰਘ ਅਟਾਰੀ ਮੈਮੋਰੀਅਲ ਪਬਲਿਕ ਸਕੂਲ, ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ।
-ਡਾ. ਗੁਰਮੁਖ ਸਿੰਘ	# 8, ਦਸਮੇਸ਼ ਨਗਰ, ਪੁਲਿਸ ਲਾਈਨ ਰੋਡ, ਪਟਿਆਲਾ।
-ਡਾ. ਧਰਮ ਸਿੰਘ	ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
-ਗਿ. ਧਰਮ ਸਿੰਘ ਭੰਖਰਪੁਰ	ਰੂਬੀ ਬੁੱਕ ਸਟੋਰ, ਪਿੰਡ ਤੇ ਡਾਕ: ਭੰਖਰਪੁਰ, ਤਹਿ: ਡੇਰਾਬੱਸੀ, ਐੱਸ.ਏ.ਐੱਸ. ਨਗਰ, ਮੋਹਾਲੀ।
-ਇੰਜਿ. ਜੋਗਿੰਦਰ ਸਿੰਘ	ਸੰਪਾਦਕ 'ਗੁਰਮਤਿ ਗਿਆਨ', ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ।
-ਡਾ. ਸਰਬਜੋਤ ਕੌਰ	# ਗੌਰਮਿੰਟ ਕਾਲਜ ਫ਼ਾਰ ਵਿਮੈਨ, ਲੁਧਿਆਣਾ
-ਡਾ. ਜਤਿੰਦਰ ਕੌਰ	ਲੈਕਚਰਾਰ ਸੰਗੀਤ, ਖਾਲਸਾ ਕਾਲਜ ਫਾਰ ਵੂਮੈਨ, ਅੰਮ੍ਰਿਤਸਰ।
-ਡਾ. ਬਲਜਿੰਦਰ ਕੌਰ	ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ, ਭਾਸ਼ਾ ਭਵਨ, ਪਟਿਆਲਾ। ਮੋ: 98729-10166
-ਬੀਬੀ ਪ੍ਰਭਜੀਤ ਕੌਰ	ਅਧਿਆਪਕਾ ਪੰਜਾਬੀ, ਸੰਤ ਸਿੰਘ ਸੁੱਖਾ ਸਿੰਘ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ।
-ਬੀਬੀ ਪਰਮਜੀਤ ਕੌਰ	ਖੋਜ ਵਿਦਿਆਰਥਣ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
-ਡਾ. ਅਨੂਪ ਸਿੰਘ	# 142, ਅਰਬਨ ਅਸਟੇਟ, ਬਟਾਲਾ (ਗੁਰਦਾਸਪੁਰ) ਮੋ: 98768-01268
-ਡਾ. ਜਸਬੀਰ ਸਿੰਘ ਸਾਬਰ	ਡਾਇਰੈਕਟਰ, ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।
-ਡਾ. ਗੁਲਜ਼ਾਰ ਸਿੰਘ ਝਹੂਰਾ	ਓਸਟੀ ਕਲੋਨੀ, ਨਜ਼ਦੀਕ ਐਮ.ਪੀ. ਦੀ ਕੋਠੀ, ਡਾਕਘਰ ਪ੍ਰਤਾਪ ਨਗਰ, ਨੰਗਲ ਡੈਮ, ਜ਼ਿਲ੍ਹਾ ਰੋਪੜ-140125,

-ਭਾਈ ਜੋਗਾ ਸਿੰਘ ਕਵੀਸ਼ਰ	ਪਿੰਡ ਤੇ ਡਾਕ: ਭਾਗੋਵਾਲ, ਤਹਿ : ਬਟਾਲਾ (ਗੁਰਦਾਸਪੁਰ)-143511
-ਸ. ਬਲਵਿੰਦਰ ਸਿੰਘ 'ਜੌੜਾਸਿੰਘਾ'	ਮੀਤ ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। # 1227, ਗਲੀ ਨੰ: 3, ਗੁਰੂ ਨਾਨਕ ਪੁਰਾ, ਅੰਮ੍ਰਿਤਸਰ।
-ਢਾਡੀ ਗੁਰਦਿਆਲ ਸਿੰਘ ਲੱਖਪੁਰ	ਪਿੰਡ ਤੇ ਡਾਕ: ਲੱਖਪੁਰ, ਤਹਿ: ਫਗਵਾੜਾ, ਜ਼ਿਲ੍ਹਾ ਕਪੂਰਥਲਾ।
-ਡਾ. ਜਤਿੰਦਰਪਾਲ ਸਿੰਘ ਜੌਲੀ	ਐਸੋਸੀਏਟ ਪ੍ਰੋਫ਼ੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। ਵਿਜ਼ਿਟਿੰਗ ਪ੍ਰੋਫ਼ੈਸਰ, ਟੋਕੀਓ ਯੂਨੀਵਰਸਿਟੀ ਆਫ਼ ਫੌਰੇਨ ਸਟੱਡੀਜ਼, ਜਾਪਾਨ।
-ਡਾ. ਭੁਪਿੰਦਰ ਸਿੰਘ	ਲੈਕਚਰਾਰ, ਪੰਜਾਬੀ ਵਿਭਾਗ, ਖਾਲਸਾ ਕਾਲਜ ਅੰਮ੍ਰਿਤਸਰ
-ਗਿਆਨੀ ਕੁਲਵੰਤ ਸਿੰਘ ਬੀ.ਏ.	LANGLY. B.C. CANADA.
-ਡਾ. ਇੰਦਰਜੀਤ ਸਿੰਘ ਗੋਗੋਆਣੀ	# 160, ਪ੍ਰਤਾਪ ਐਵੀਨਿਊ, ਜੀ.ਟੀ.ਰੋਡ, ਅੰਮ੍ਰਿਤਸਰ।
-ਸ. ਦਾਨ ਸਿੰਘ ਕੋਮਲ	455-ਜੀ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ-141001



ਧਰਮ ਪ੍ਰਚਾਰ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ੍ਰੀ ਅੰਮ੍ਰਿਤਸਰ-143001